R. Bx.

173

173

Original with:
Punjabi ... a
Digitized by:
Panjab Digital Library

Original with:
Punjab Vidhan Sabha
Digitized by:
Panjab Digital Library

Original with;
Punjab Vidhan Sabha
Digitized by;
Panjab Digital Library

173.

ਸਿ...
ਪੰਜਾ... ਸਭਾ
ਚੰਡੀਗੜ੍ਹ।

1
173

# PUNJAB VIDHAN SABHA

## DEBATES

*Wednesday, the 5th October, 2005*

**Vol. X – No. 1**

OFFICIAL REPORT

CONTENTS

| | Page No. |
|---|---|
| Obituary References | 1 |

**Punjab Vidhan Sabha Secretariat, Chandigarh**

Price : Rs._________.

Original with:
Punjab Vidhan Sabha
Digitized by:
Panjab Digital Library

*Original with;*
Punjab Vidhan Sabha
*Digitized by;*
Panjab Digital Library

## PUNJAB VIDHAN SABHA

*Wednesday, the 5th October, 2005*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 2.00 P.M. Mr. Speaker (Doctor Kewal Krishan) in the Chair.*

---

## OBITUARY REFERENCES

**ਮਾਨਯੋਗ ਸਪੀਕਰ** : ਓਬਿਚਰੀ ਰੈਫਰੈਂਸਿਜ਼

**ਉਪ ਮੁੱਖ ਮੰਤਰੀ (ਸ਼੍ਰੀਮਤੀ ਰਾਜਿੰਦਰ ਕੌਰ ਭੱਠਲ)** : ਸਪੀਕਰ ਸਾਹਿਬ, ਪਿਛਲੇ ਸੈਸ਼ਨ ਤੋਂ ਬਾਅਦ ਸਾਡੇ ਕੋਲੋਂ ਕੁਝ ਮਹਾਨ ਹਸਤੀਆਂ ਅਤੇ ਪ੍ਰਭਾਵਸ਼ਾਲੀ ਰਾਜਸੀ ਸ਼ਖਸੀਅਤਾਂ ਵਿਛੜ ਗਈਆਂ ਹਨ, ਉਨ੍ਹਾਂ ਦਾ ਬੜਾ ਦੁਖ ਹੋਇਆ ਹੈ ਅਤੇ ਅੱਜ ਉਨ੍ਹਾਂ ਸਾਰਿਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਅਸੀਂ ਸਾਰੇ ਇੱਥੇ ਇਕੱਠੇ ਹੋਏ ਹਾਂ। ਮੈਂ ਸਭ ਤੋਂ ਪਹਿਲਾਂ ਸ਼੍ਰੀ ਸੁਨੀਲ ਦੱਤ, ਕੇਂਦਰੀ ਮੰਤਰੀ ਜੀ ਦੇ ਦਿਹਾਂਤ ਤੇ ਅਫਸੋਸ ਜ਼ਾਹਰ ਕਰਦੀ ਹਾਂ। ਉਹ ਸਾਡੇ ਤੋਂ ਮਿਤੀ 25.5.2005 ਨੂੰ ਵਿਛੜ ਗਏ ਸਨ। ਉਨ੍ਹਾਂ ਦਾ ਜਨਮ 6 ਜੂਨ, 1929 ਨੂੰ ਹੋਇਆ। ਉਨ੍ਹਾਂ ਨੇ ਤਕਰੀਬਨ 50 ਫਿਲਮਾਂ ਵਿਚ ਕੰਮ ਕੀਤਾ। ਉਹ ਇੱਕ ਕਲਾਕਾਰ, ਨਿਰਮਾਤਾ ਅਤੇ ਨਿਰਦੇਸ਼ਕ ਸਨ। ਉਨ੍ਹਾਂ ਨੇ ਦੇਸ਼ ਦੀ ਉਨਤੀ ਅਤੇ ਤਰੱਕੀ ਲਈ ਬੜਾ ਸ਼ਲਾਘਾਯੋਗ ਕੰਮ ਕੀਤਾ ਅਤੇ ਲੋਕਾਂ ਦੀ ਵਾਹ ਵਾਹ ਖੱਟੀ। ਉਨ੍ਹਾਂ ਨੇ ਖਾਸ ਤੌਰ ਤੇ ਪੰਜਾਬ ਦੇ ਲੋਕਾਂ ਲਈ ਉਸ ਵਕਤ ਕੰਮ ਕੀਤਾ, ਜਦੋਂ ਪੰਜਾਬ ਵਿਚ ਅੱਤਵਾਦ ਦਾ ਬੋਲਬਾਲਾ ਸੀ ਜਿਸ ਨੂੰ ਪੰਜਾਬ ਦੇ ਲੋਕ ਨਹੀਂ ਭੁਲਾ ਸਕਦੇ। ਉਨ੍ਹਾਂ ਨੇ ਪੰਜਾਬ ਦੇ ਅੱਤਵਾਦ ਦੇ ਦੌਰਾਨ ਪੰਜਾਬ ਦੇ ਲੋਕਾਂ ਨਾਲ ਮਿਲ ਕੇ ਕੰਮ ਕੀਤਾ ਅਤੇ ਉਸ ਵਕਤ ਜਦੋਂ ਪੰਜਾਬ ਦੇ ਲੋਕ ਦਹਿਸ਼ਤਵਾਦ ਕਾਰਨ ਪੰਜਾਬ ਨੂੰ ਛੱਡ ਕੇ ਜਾ ਰਹੇ ਸਨ। ਉਨ੍ਹਾਂ ਦੁਆਰਾ ਨਿਭਾਈ ਭੂਮਿਕਾ ਨੂੰ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨਾਲ ਦੁਖ ਵੰਡਾਇਆ ਅਤੇ ਅੱਤਵਾਦ ਨੂੰ ਚੈਲੰਜ ਕੀਤਾ। ਇਹ ਬਹੁਤ ਵੱਡੀ ਦੇਣ ਪੰਜਾਬ ਵਾਸਤੇ ਸੀ। ਪੰਜਾਬ ਦੇ ਲੋਕ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਨਹੀਂ ਭੁਲਾ ਸਕਦੇ। ਰਾਜਸੀ ਤੌਰ ਤੇ ਉਹ ਪੰਜ ਵਾਰ ਮੁੰਬਈ ਤੋਂ ਲਗਾਤਾਰ ਚੁਣੇ ਗਏ। ਉਹ 1984, 1989, 1991, 1999 ਅਤੇ 2004 ਵਿਚ ਐਮ.ਪੀ. ਚੁਣੇ ਗਏ। ਉਨ੍ਹਾਂ ਨੇ ਭਾਰਤ ਦੇ ਲੋਕਾਂ ਲਈ ਵੱਖ ਵੱਖ ਸਮਿਆਂ ਤੇ ਵੱਖ ਵੱਖ ਅਹੁਦਿਆਂ ਲਈ ਕੰਮ ਕੀਤਾ। ਉਨ੍ਹਾਂ ਨੇ ਭਾਰਤ ਲਈ ਅਤੇ ਖਾਸ ਕਰਕੇ ਮੁੰਬਈ ਦੇ ਲੋਕਾਂ ਲਈ ਯਾਦਗਾਰੀ ਕਾਰਜ ਕੀਤੇ। ਉਹ 1968 ਵਿਚ ਪਦਮਸ਼੍ਰੀ ਦੇ ਐਵਾਰਡ ਨਾਲ ਸਨਮਾਨਿਤ ਕੀਤੇ ਗਏ। ਉਨ੍ਹਾਂ ਦੇ ਸਦੀਵੀ ਵਿਛੋੜੇ ਕਾਰਨ ਰਾਸ਼ਟਰ ਅਤੇ ਖਾਸ ਕਰਕੇ ਪੰਜਾਬ ਇੱਕ ਉਘੇ ਕਲਾਕਾਰ, ਨਿਰਮਾਤਾ, ਨਿਰਦੇਸ਼ਕ ਅਤੇ ਰਾਜਨੀਤਿਕ ਨੇਤਾ ਤੋਂ ਵਾਂਝਾ ਹੋ ਗਿਆ ਹੈ। ਉਨ੍ਹਾਂ ਦੇ ਜਾਣ ਦਾ ਬਹੁਤ ਭਾਰੀ ਦੁੱਖ ਹੈ।

ਸਪੀਕਰ ਸਾਹਿਬ, ਇਸੇ ਤਰ੍ਹਾਂ ਸਾਡੇ ਬੜੇ ਮਾਨਯੋਗ ਅਤੇ ਮਹਾਨ ਸਿਆਸਤਦਾਨ ਸਰਦਾਰ ਨੱਥਾ ਸਿੰਘ ਦਾਲਮ, ਸਾਬਕਾ ਮੰਤਰੀ ਸਾਡੇ ਤੋਂ ਵਿਛੜ ਗਏ ਹਨ। ਉਹ ਮਿਤੀ

Original with;
Punjab Vidhan Sabha
Digitized by;
Panjab Digital Library

[ ਸ਼੍ਰੀਮਤੀ ਰਾਜਿੰਦਰ ਕੌਰ ਭੱਠਲ ]

12.5.2005 ਨੂੰ ਅਕਾਲ ਚਲਾਣਾ ਕਰ ਗਏ, ਜਿਨ੍ਹਾਂ ਦੇ ਅਕਾਲ ਚਲਾਣੇ ਦਾ ਬਹੁਤ ਦੁੱਖ ਹੈ। ਉਨ੍ਹਾਂ ਦਾ ਜਨਮ ਮਿਤੀ 5.9.1926 ਵਿੱਚ ਹੋਇਆ। ਉਹ ਚਾਰ ਵਾਰੀ ਅਕਾਲੀ ਦਲ ਪਾਰਟੀ ਦੇ ਐਮ.ਐਲ.ਏ. ਦੇ ਤੌਰ ਤੇ ਚੁਣੇ ਗਏ। ਉਹ 1967 ਵਿਚ ਫਤਹਿਗੜ੍ਹ ਸਾਹਿਬ ਤੋਂ ਅਤੇ 1980 ਵਿਚ ਸ਼੍ਰੀ ਹਰਗੋਬਿੰਦਪੁਰ ਅਤੇ ਆਖਰੀ ਵਾਰ 1997 ਵਿਚ ਕਾਦੀਆਂ ਤੋਂ ਚੁਣੇ ਗਏ। ਉਹ ਸਰਕਾਰ ਵਿਚ ਸਿੰਜਾਈ ਅਤੇ ਬਿਜਲੀ ਮੰਤਰੀ ਰਹੇ। ਇਸ ਤੋਂ ਇਲਾਵਾ ਉਨ੍ਹਾਂ ਨੇ ਇਨਫਰਮੇਸ਼ਨ ਤੇ ਪਬਲਿਕ ਰਿਲੇਸ਼ਨਜ਼ ਮੰਤਰੀ ਦੇ ਤੌਰ ਤੇ ਵੀ ਕੰਮ ਕੀਤਾ। ਉਨ੍ਹਾਂ ਦੇ ਸਦੀਵੀ ਵਿਛੋੜੇ ਨਾਲ ਪੰਜਾਬ ਇੱਕ ਉਘੇ ਸਿਆਸਤਦਾਨ ਦੀ ਸੇਵਾ ਤੋਂ ਵਾਂਝਾ ਹੋ ਗਿਆ ਹੈ। ਮੈਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੀ ਹਾਂ।

ਸਪੀਕਰ ਸਾਹਿਬ, ਸ਼੍ਰੀ ਸੁਰਿੰਦਰ ਕਪੂਰ, ਸਾਬਕਾ ਮੰਤਰੀ ਵੀ ਸਾਡੇ ਤੋਂ ਮਿਤੀ 20.9.2005 ਤੋਂ ਵਿਛੜ ਗਏ ਹਨ। ਉਹ ਕਾਂਗਰਸ ਪਾਰਟੀ ਵੱਲੋਂ ਦੋ ਵਾਰ ਐਮ.ਐਲ.ਏ. ਚੁਣੇ ਗਏ। ਉਹ ਸਾਲ 1980 ਅਤੇ 1992 ਵਿੱਚ, ਦੋ ਵਾਰ ਬਠਿੰਡਾ ਹਲਕੇ ਤੋਂ ਕਾਂਗਰਸ ਪਾਰਟੀ ਦੀ ਟਿਕਟ ਤੇ ਚੁਣੇ ਗਏ। ਉਨ੍ਹਾਂ ਨੂੰ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦੀ ਹਾਂ। ਉਨ੍ਹਾਂ ਦਾ ਪਰਿਵਾਰ ਇੱਕ ਸੁਤੰਤਰਤਾ ਸੰਗਰਾਮੀ ਪਰਿਵਾਰ ਨਾਲ ਸਬੰਧਤ ਸੀ ਅਤੇ ਉਹ "ਪੱਗੜੀ ਸੰਭਾਲ ਜੱਟਾ" ਲਹਿਰ ਜੋ ਚਲੀ ਸੀ ਉਸ ਦੇ ਨਾਂ ਨਾਲ ਜਾਣੇ ਜਾਂਦੇ ਸਨ। ਉਹ ਕੇਵਲ ਐਮ.ਐਲ.ਏ. ਹੀ ਨਹੀਂ ਸਨ ਬਲਕਿ ਸਮਾਜਿਕ ਤੌਰ ਤੇ ਇੱਕ ਸੁਲਝੇ ਹੋਏ ਇਨਸਾਨ ਸਨ। ਉਨ੍ਹਾਂ ਦਾ ਪਰਿਵਾਰ ਦੇਸ਼ ਭਗਤੀ ਮੂਵਮੈਂਟ ਵਿਚ ਕੰਮ ਕਰਦਾ ਰਿਹਾ ਹੈ। ਉਨ੍ਹਾਂ ਨੇ 1992-95 ਦੌਰਾਨ ਰਾਜ ਮੰਤਰੀ, ਜਨ ਸਿਹਤ, ਲੋਕ ਸੰਪਰਕ, ਸਿੰਜਾਈ ਅਤੇ ਬਿਜਲੀ ਮੰਤਰੀ ਅਤੇ ਸਾਲ 1996 ਵਿਚ ਤਕਨੀਕੀ ਸਿੱਖਿਆ ਅਤੇ ਸੈਰ-ਸਪਾਟੇ ਵਿਭਾਗਾਂ ਦੀ ਸੇਵਾ ਕੀਤੀ। ਉਨ੍ਹਾਂ ਦੇ ਵਡੇਰੇ ਵੀ ਪੰਜਾਬ ਦੇ ਕਿਸਾਨਾਂ ਅਤੇ ਇਨਸਾਨਾਂ ਨਾਲ ਜੁੜੇ ਹੋਏ ਸਨ ਅਤੇ ਅਚਾਨਕ ਜੋ ਉਨ੍ਹਾਂ ਦੀ ਮੌਤ ਹੋਈ ਹੈ ਉਸਦਾ ਬਹੁਤ ਹੀ ਭਾਰੀ ਦੁਖ ਹੈ ਕਿ ਲੰਬੀ ਬੀਮਾਰੀ ਤੋਂ ਬਾਅਦ ਉਹ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਮਰ ਨਹੀਂ ਸੀ ਉਨ੍ਹਾਂ ਦੀ ਅਜੇ ਚਲੇ ਜਾਣ ਦੀ ਕਿਉਂਕਿ ਉਹ ਸਵੱਛਤਾ ਨਾਲ ਲੋਕਾਂ ਦੀ ਸੇਵਾ ਵਿਚ ਰੁਚੀ ਰਖਦੇ ਸਨ, ਔਰ ਸਾਫ ਸੁਥਰੇ ਤਰੀਕੇ ਨਾਲ ਗਰੀਬਾਂ ਦੀ ਤੇ ਹਲਕੇ ਵਿਚ ਲੋਕਾਂ ਦੀ ਸੇਵਾ ਲਈ ਨਿਧੜਕ ਅਵਾਜ਼ ਉਠਾਉਂਦੇ ਸਨ। ਪਰ ਲੋਕਾਂ ਦੀ ਸੇਵਾ ਕਰਦੇ ਹੋਏ ਉਹ ਸਾਡੇ ਕੋਲੋਂ ਬੀਮਾਰੀ ਹੱਥੋਂ ਖੋਹੇ ਗਏ, ਚਲੇ ਗਏ। ਉਨ੍ਹਾਂ ਦੇ ਚਲੇ ਜਾਣ ਦਾ ਮੈਨੂੰ ਜ਼ਾਤੀ ਤੌਰ ਤੇ ਅਤੇ ਸਾਨੂੰ ਸਿਆਸੀ ਤੌਰ ਤੇ ਬਹੁਤ ਭਾਰੀ ਦੁਖ ਹੈ। ਅੱਜ ਪੰਜਾਬ ਦੇ ਸੀ.ਐਮ. ਸਾਹਿਬ ਵਲੋਂ, ਲੀਡਰ ਆਫ ਦਿ ਹਾਊਸ ਵਲੋਂ, ਮੈਂ ਸ਼ਰਧਾਂਜਲੀ ਭੇਂਟ ਕਰ ਰਹੀ ਹਾਂ, ਸਾਨੂੰ ਸਾਰਿਆਂ ਨੂੰ ਉਨ੍ਹਾਂ ਦੇ ਸਦੀਵੀ ਵਿਛੋੜੇ ਦਾ ਬਹੁਤ ਦੁਖ ਹੈ। ਥੋੜ੍ਹੇ ਦਿਨ ਪਹਿਲਾਂ ਹੀ ਅਸੀਂ ਉਨ੍ਹਾਂ ਦੇ ਭੋਗ ਵਿਚ ਜਾ ਕੇ ਆਏ ਹਾਂ ਅਤੇ ਜਿਸ ਤਰੀਕੇ ਨਾਲ ਉਸ ਪਰਿਵਾਰ ਨਾਲ ਪੰਜਾਬ ਦੀ ਸਰਕਾਰ ਵਲੋਂ, ਸਾਰਿਆਂ ਵਲੋਂ ਅਫਸੋਸ ਦਾ ਪ੍ਰਗਟਾਵਾ ਕੀਤਾ ਗਿਆ, ਉਸ ਤੋਂ ਪੂਰਨ ਤੌਰ ਤੇ ਅਹਿਸਾਸ ਹੁੰਦਾ ਹੈ ਕਿ ਇਸ ਤਰ੍ਹਾਂ ਦੇ ਇਨਸਾਨ ਜਦੋਂ ਚਲੇ ਜਾਂਦੇ ਹਨ ਤਾਂ ਸਾਡਾ ਜੋ ਫਰਜ਼ ਬਣਦਾ ਹੈ ਉਹ ਅਸੀਂ ਕਿਸ ਤਰ੍ਹਾਂ ਪੂਰਾ ਕਰੀਏ।

ਸਪੀਕਰ ਸਾਹਿਬ, ਸਾਡੇ ਸਾਬਕਾ ਮੰਤਰੀ ਸ਼੍ਰੀ ਸ਼ਿਵ ਚੰਦ ਮਲੋਟ ਬਹੁਤ ਪੁਰਾਣੇ ਕਾਂਗਰਸੀ ਸਨ। ਉਹ ਐਮ.ਐਲ.ਏ. ਵੀ ਰਹੇ। ਉਹ ਗਿੱਦੜਬਾਹਾ, ਜ਼ਿਲ੍ਹਾ ਮੁਕਤਸਰ ਦੇ ਰਹਿਣ ਵਾਲੇ ਅਤੇ ਜੰਮ-ਪਲ ਸਨ। ਉਹ 1967 ਵਿਚ ਹਲਕਾ ਲੰਬੀ ਤੋਂ ਅਤੇ 1985

Original with;
Punjab Vidhan Sabha
Digitized by;
Panjab Digital Library

ਵਿਚ ਹਲਕਾ ਮਲੋਟ ਤੋਂ ਚੁਣੇ ਗਏ। ਉਹ ਮਾਲ ਵਿਭਾਗ ਦੇ ਅਤੇ ਭਲਾਈ ਵਿਭਾਗ ਦੇ ਉਪ-ਮੰਤਰੀ ਰਹੇ। ਉਹ ਆਪਣੀਆਂ ਜ਼ਿੰਮੇਵਾਰੀਆਂ ਦੇ ਪ੍ਰਤੀ ਪੂਰਾ ਐਕਟਿਵ ਰੋਲ ਅਦਾ ਕਰਦੇ ਰਹੇ। ਹੁਣ ਭਾਵੇਂ ਐਕਟਿਵ ਸਿਆਸਤ ਤੋਂ ਉਹ ਕੁਝ ਸਮੇਂ ਤੋਂ ਦੂਰ ਸਨ ਪਰ ਪਾਰਟੀਆਂ ਦੀਆਂ ਸੇਵਾਵਾਂ ਲਈ ਪਹਿਲੀਆਂ ਸਫਾਂ ਵਿਚ ਉਨ੍ਹਾਂ ਦਾ ਨਾਂ ਆਉਂਦਾ ਰਿਹਾ ਹੈ। ਉਨ੍ਹਾਂ ਦੇ ਸਦੀਵੀ ਵਿਛੋੜੇ ਨਾਲ ਰਾਜ ਇੱਕ ਉਘੇ ਸਿਆਸਤਦਾਨ ਦੀਆਂ ਸੇਵਾਵਾਂ ਤੋਂ ਵਾਂਝਾ ਹੋ ਗਿਆ ਹੈ ਜਿਸ ਦਾ ਸਾਨੂੰ ਬਹੁਤ ਭਾਰੀ ਤੇ ਗਹਿਰਾ ਦੁੱਖ ਹੈ।

ਏਸੇ ਤਰ੍ਹਾਂ, ਸਪੀਕਰ ਸਾਹਿਬ, ਸਾਡੇ ਇਕ ਹੋਰ ਮਾਨਯੋਗ ਸਾਬਕਾ ਐਮ.ਐਲ.ਏ. ਸਰਦਾਰ ਫੁੰਮਣ ਸਿੰਘ ਜੀ ਮਿਤੀ 6-9-2005 ਨੂੰ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦਾ ਜਨਮ ਜ਼ਿਲ੍ਹਾ ਲਾਹੌਰ, ਪਾਕਿਸਤਾਨ ਦੇ ਪਿੰਡ ਸ਼ਾਮ ਸਿੰਘ ਵਾਲਾ ਝੁਗੀਆਂ ਵਿਖੇ ਸੰਨ 1942 ਵਿਚ ਹੋਇਆ। ਉਹ 1963 ਵਿਚ ਸੀ.ਪੀ.ਆਈ. ਪਾਰਟੀ ਵਿਚ ਸ਼ਾਮਲ ਹੋਏ ਤੇ ਸੰਨ 1967 ਵਿਚ ਹਲਕਾ ਜਲਾਲਾਬਾਦ ਤੋਂ ਐਮ.ਐਲ.ਏ. ਚੁਣੇ ਗਏ। ਉਹ ਸੀ.ਪੀ.ਆਈ. ਦੇ ਬੜੇ ਉੱਘੇ ਤੇ ਐਕਟਿਵ ਲੀਡਰ ਸਨ ਤੇ ਉਨ੍ਹਾਂ ਦਾ ਲੋਕਾਂ ਵਿਚ ਬੜਾ ਨਾਂ ਸੀ। ਅਸੀਂ ਸਾਰੇ ਮਹਿਸੂਸ ਕਰਦੇ ਹਾਂ ਕਿ ਇਸ ਤਰ੍ਹਾਂ ਦੇ ਨੇਤਾ ਜਦੋਂ ਚਲੇ ਜਾਂਦੇ ਹਨ, ਉਹ ਘਾਟਾ ਪੂਰਾ ਹੋਣਾ ਬੜਾ ਮੁਸ਼ਕਲ ਹੈ ਤੇ ਕਦੇ ਪੂਰਾ ਨਹੀਂ ਹੋ ਸਕਦਾ। ਮੈਂ ਬੜੇ ਦੁਖ ਅਤੇ ਅਫਸੋਸ ਨਾਲ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦੀ ਹਾਂ।

ਸਪੀਕਰ ਸਾਹਿਬ, ਸਾਡੇ ਸਾਬਕਾ ਐਮ.ਐਲ.ਏ., ਸ਼੍ਰੀ ਗੁਰਬਖਸ਼ ਸਿੰਘ ਧਾਲੀਵਾਲ ਮਿਤੀ 16-8-2005 ਨੂੰ ਅਕਾਲ ਚਲਾਣਾ ਕਰ ਗਏ ਹਨ। ਇਸ ਲਈ ਅਸੀਂ ਬਹੁਤ ਭਾਰੀ ਦੁਖ ਮਹਿਸੂਸ ਕਰਦੇ ਹਾਂ। ਉਨ੍ਹਾਂ ਦਾ ਜਨਮ ਮਿਤੀ 7.11.1928 ਨੂੰ ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਵਿਖੇ ਹੋਇਆ। ਉਹ 1962 ਵਿਚ ਨਿਹਾਲ ਸਿੰਘ ਵਾਲਾ ਤੋਂ ਐਮ.ਐਲ.ਏ. ਚੁਣੇ ਗਏ। ਉਨ੍ਹਾਂ ਨੇ 1973 ਵਿਚ ਬਤੌਰ ਡਾਇਰੈਕਟਰ, ਸੈਂਟਰਲ ਕੋਆਪਰੇਟਿਵ ਬੈਂਕ ਵਿਚ ਕੰਮ ਕੀਤਾ ਅਤੇ ਉਹ ਸਹਿਕਾਰੀ ਸੰਸਥਾ ਇਫਕੋ ਦੇ ਡਾਇਰੈਕਟਰ ਵੀ ਬਣੇ। 1989 ਵਿਚ ਉਹ ਅਮਰੀਕਾ ਚਲੇ ਗਏ ਅਤੇ ਉਨ੍ਹਾਂ ਨੇ ਇੰਡੋ-ਅਮਰੀਕਨ ਹੈਰੀਟੇਜ ਫੋਰਮ ਨਾਂ ਦੀ ਜੱਥੇਬੰਦੀ ਬਣਾਈ ਤੇ ਉਸ ਵਿਚ ਪੂਰੇ ਐਕਟਿਵ ਤੌਰ ਤੇ ਕੰਮ ਕੀਤਾ। ਉਹ ਜਿਥੇ ਵੀ ਰਹੇ, ਸਮਾਜਿਕ ਕੰਮਾਂ ਲਈ ਐਕਟਿਵ ਜ਼ਿੰਦਗੀ ਬਤੀਤ ਕਰਦੇ ਰਹੇ। ਉਨ੍ਹਾਂ ਦੇ ਸਦੀਵੀ ਵਿਛੋੜੇ ਦਾ ਸਾਨੂੰ ਬੜਾ ਅਫਸੋਸ ਹੈ, ਬੜਾ ਭਾਰੀ ਦੁਖ ਹੈ ਤੇ ਅਸੀਂ ਸਚਮੁੱਚ ਸਮਝਦੇ ਹਾਂ ਕਿ ਇਸ ਤਰ੍ਹਾਂ ਦੇ ਸਿਆਸਤਦਾਨ ਜਦੋਂ ਚਲੇ ਜਾਂਦੇ ਹਨ ਤਾਂ ਖਾਸ ਤੌਰ ਤੇ ਸੂਬਾ ਅਤੇ ਸਾਰਾ ਦੇਸ਼ ਇਕ ਬੜੀ ਘਾਟ ਮਹਿਸੂਸ ਕਰਦਾ ਹੈ।

ਸਪੀਕਰ ਸਾਹਿਬ, ਸਾਡੇ ਇਕ ਹੋਰ ਸਾਬਕਾ ਐਮ.ਐਲ.ਏ. ਸ਼੍ਰੀ ਧੰਨਰਾਜ ਸਿੰਘ ਗਿੱਲ ਵੀ ਪਿਛੇ 8-8-2005 ਨੂੰ ਅਕਾਲ ਚਲਾਣਾ ਕਰ ਗਏ ਹਨ। ਉਹ 1977 ਵਿਚ ਲੁਧਿਆਣਾ ਤੋਂ ਐਮ.ਐਲ.ਏ ਚੁਣੇ ਗਏ ਸਨ। ਅਸੀਂ ਸਮਝਦੇ ਹਾਂ ਕਿ ਉਨ੍ਹਾਂ ਦੇ ਸਦੀਵੀ ਵਿਛੋੜੇ ਦਾ ਸਾਨੂੰ ਬਹੁਤ ਭਾਰੀ ਦੁਖ ਹੈ ਕਿ ਇਸ ਤਰ੍ਹਾਂ ਦੇ ਇਕ ਬਹੁਤ ਹੀ ਉਘੇ ਇਨਸਾਨ ਤੋਂ ਸਾਡਾ ਪੰਜਾਬ ਅੱਜ ਵਾਂਝਾ ਹੋਇਆ ਹੈ। ਇਸੇ ਤਰ੍ਹਾਂ , ਸਪੀਕਰ ਸਾਹਿਬ, ਮਾਸਟਰ ਮਿਲਖੀ ਰਾਮ ਰਤਨ, ਸਾਬਕਾ ਐਮ.ਐਲ.ਸੀ. ਮਿਤੀ 4-6-2005 ਨੂੰ ਅਕਾਲ ਚਲਾਣਾ ਕਰ ਗਏ। ਉਹ 1954 ਤੋਂ 1958 ਤੱਕ ਪੈਪਸੂ ਪ੍ਰਦੇਸ਼ ਕਾਂਗਰਸ ਪਾਰਟੀ ਦੀ ਕਾਰਜਕਾਰਨੀ ਦੇ ਜਨਰਲ ਸਕੱਤਰ ਅਤੇ ਚੇਅਰਮੈਨ ਦੇ ਅਹੁਦੇ ਤੇ ਰਹੇ। 1956 ਤੋਂ 1965 ਤੱਕ ਦੇ

Original with;
Punjab Vidhan Sabha
Digitized by;
Panjab Digital Library

[ ਸ਼੍ਰੀਮਤੀ ਰਾਜਿੰਦਰ ਕੌਰ ਭੱਠਲ ]

ਸਮੇਂ ਵਿਚ ਦੋ ਵਾਰ ਐਮ.ਐਲ.ਸੀ. ਅਤੇ 1994 ਤੋਂ 1998 ਤੱਕ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਰਹੇ। ਇਹ ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਸਾਨੂੰ ਸਾਰਿਆਂ ਨੂੰ ਉਨ੍ਹਾਂ ਦੇ ਜਾਣ ਦਾ ਬੜਾ ਭਾਰੀ ਦੁਖ ਹੈ।

ਸਪੀਕਰ ਸਾਹਿਬ, ਜਿਥੇ ਸਾਡੇ ਕੋਲੋਂ ਐਨੇ ਸਾਰੇ ਰਾਜਨੀਤਕ ਲੋਕ ਚਲੇ ਗਏ, ਉਥੇ ਸਾਡੇ ਇਕ ਬੜੇ ਹੀ ਅੱਛੇ ਸੁਤੰਤਰਤਾ ਸੈਨਾਨੀ ਗਿਆਨੀ ਸੰਤ ਸਿੰਘ ਜੀ ਵੀ ਮਿਤੀ 8.8.2005 ਨੂੰ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਜਨਮ 1926 ਵਿਚ ਗੰਗੂਵਾਲ, ਜ਼ਿਲ੍ਹਾ ਰਾਵਲਪਿੰਡੀ (ਪਾਕਿਸਤਾਨ) ਵਿਚ ਹੋਇਆ ਸੀ। ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਬਹੁਤ ਭਾਰੀ ਹਿੱਸਾ ਪਾਇਆ ਅਤੇ ਇਸ ਦੇ ਵਾਸਤੇ ਉਨ੍ਹਾਂ ਨੂੰ ਕਈ ਵਾਰੀ ਜੇਲ੍ਹ ਵੀ ਜਾਣਾ ਪਿਆ। ਸੈਂਟਰਲ ਜੇਲ੍ਹ, ਲਾਹੌਰ, ਵਿਚ ਉਨ੍ਹਾਂ ਨੇ ਕੈਦਾਂ ਕੱਟੀਆਂ। ਆਜ਼ਾਦੀ ਦੀ ਲਹਿਰ ਤੋਂ ਇਲਾਵਾ ਉਨ੍ਹਾਂ ਨੇ ਰਾਜਨੀਤਕ ਅਤੇ ਸਮਾਜਿਕ ਖੇਤਰ ਵਿਚ ਵੀ ਉਘਾ ਯੋਗਦਾਨ ਪਾਇਆ ਅਤੇ ਇਨ੍ਹਾਂ ਖੇਤਰਾਂ ਵਿਚ ਉਨ੍ਹਾਂ ਨੇ ਆਪਣਾ ਇਕ ਖਾਸ ਨਾਂ ਬਣਾਇਆ। ਉਨ੍ਹਾਂ ਦੇ ਪਾਏ ਯੋਗਦਾਨ ਨੂੰ ਸਾਰਿਆਂ ਨੇ ਸਲਾਹਿਆ ਹੈ। ਉਹ ਇਕ ਅਜਿਹੇ ਸੁਤੰਤਰਤਾ ਸੰਗਰਾਮੀ ਸਨ ਜੋ ਦੇਸ਼ ਲਈ ਸਭ ਕੁਝ ਕੁਰਬਾਨ ਕਰਨ ਦਾ ਮਾਦਾ ਰੱਖਦੇ ਸਨ। ਉਨ੍ਹਾਂ ਦੇ ਚਲੇ ਜਾਣ ਨਾਲ ਅੱਜ ਅਸੀਂ ਅਜਿਹੇ ਕੁਰਬਾਨੀ ਕਰਨ ਵਾਲੇ ਇਨਸਾਨ ਦੀ ਘਾਟ ਮਹਿਸੂਸ ਕਰਦੇ ਹਾਂ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਇਕ ਹੋਰ ਦੇਸ਼ ਭਗਤ ਸ਼੍ਰੀ ਰਾਮ ਸਿੰਘ ਟੰਡਨ ਵੀ ਮਿਤੀ 8.9.2005 ਨੂੰ ਅਕਾਲ ਚਲਾਣਾ ਕਰ ਗਏ ਹਨ। ਉਹ ਬਹੁਤ ਚੰਗੇ ਤਰੀਕੇ ਨਾਲ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਲੈਂਦੇ ਰਹੇ। ਅਸੀਂ ਅਜਿਹੇ ਬਹਾਦਰ ਦੇਸ਼ ਭਗਤ ਤੋਂ ਸਦੀਵੀ ਤੌਰ ਤੇ ਵਾਂਝੇ ਹੋ ਗਏ ਹਾਂ। ਮੈਨੂੰ ਉਨ੍ਹਾਂ ਦੇ ਜਾਣ ਦਾ ਬੜਾ ਦੁਖ ਅਤੇ ਅਫਸੋਸ ਹੈ ਅਤੇ ਉਨ੍ਹਾਂ ਦੀ ਯਾਦ ਵਿਚ ਮੈਂ ਉਨ੍ਹਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੀ ਹਾਂ।

ਇਸੇ ਤਰ੍ਹਾਂ ਸ਼੍ਰੀ ਅਵਤਾਰ ਸਿੰਘ ਮਲਹੋਤਰਾ ਜੋ ਕਮਿਊਨਿਸਟ ਪਾਰਟੀ ਦੇ ਬੜੇ ਉਘੇ ਲੀਡਰ ਸਨ, ਮਿਤੀ 25.5.2005 ਨੂੰ ਅਕਾਲ ਚਲਾਣਾ ਕਰ ਗਏ। ਮੌਤ ਉਨ੍ਹਾਂ ਨੂੰ ਸਾਡੇ ਕੋਲੋਂ ਖੋਹ ਕੇ ਲੈ ਗਈ। ਉਨ੍ਹਾਂ ਦਾ ਜਨਮ ਪਾਕਿਸਤਾਨ ਦੇ ਰਾਵਲਪਿੰਡੀ ਜ਼ਿਲ੍ਹੇ ਵਿਚ ਪਿੰਡ ਸੁਖਗੜ੍ਹ ਵਿਚ ਹੋਇਆ। ਰਾਵਲਪਿੰਡੀ ਵਿਚ ਹੀ ਉਹ ਪ੍ਰੋਫੈਸਰ ਵੀ ਲੱਗੇ ਰਹੇ। ਨੌਕਰੀ ਦੌਰਾਨ ਹੀ ਉਹ ਭਾਰਤੀ ਕਮਿਊਨਿਸਟ ਪਾਰਟੀ ਦੇ ਸੰਪਰਕ ਵਿਚ ਆਏ। 1948 ਵਿਚ ਉਹ ਕਮਿਊਨਿਸਟ ਪਾਰਟੀ ਦੀ ਪੰਜਾਬ ਇਕਾਈ ਦੇ ਸਕੱਤਰ ਬਣੇ ਔਰ 1995 ਤੱਕ ਉਹ ਇਸ ਪਾਰਟੀ ਦੀ ਵੱਖ ਵੱਖ ਪੁਜ਼ੀਸ਼ਨਾਂ ਵਿਚ ਸੇਵਾ ਕਰਦੇ ਰਹੇ। ਉਹ ਕਲਮ ਦੇ ਵੀ ਧਨੀ ਵਿਅਕਤੀ ਸਨ। ਉਹ ਇਕ ਅੱਛੇ ਯੋਜਨਾਕਾਰ ਸਨ। ਪਾਰਟੀ ਨੂੰ ਅੱਛੇ ਤਰੀਕੇ ਨਾਲ ਆਰਗੇਨਾਈਜ਼ ਕਰਨ ਵਾਸਤੇ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ ਜਾਂਦੀ ਸੀ। ਉਹ ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਇਕ ਉੱਘੇ ਸਿਆਸਤਦਾਨ ਅਤੇ ਇਕ ਅੱਛੀ ਸੋਚ ਰੱਖਣ ਵਾਲੇ ਵਿਅਕਤੀ ਤੋਂ ਅਸੀਂ ਵਾਂਝੇ ਹੋ ਗਏ ਹਾਂ। ਉਨ੍ਹਾਂ ਦੇ ਜਾਣ ਦਾ ਸਾਨੂੰ ਸਾਰਿਆਂ ਨੂੰ ਬਹੁਤ ਦੁਖ ਹੈ ਅਤੇ ਉਨ੍ਹਾਂ ਦੀ ਯਾਦ ਵਿਚ ਮੈਂ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੀ ਹਾਂ।

ਜਿਥੇ ਇਸ ਤਰ੍ਹਾਂ ਦੇ ਬਹੁਤ ਸਾਰੇ ਰਾਜਨੀਤਕ ਅਤੇ ਦੇਸ਼ ਭਗਤ ਪਿਛਲੇ ਸੈਸ਼ਨ ਤੋਂ ਬਾਅਦ ਸਾਡੇ ਤੋਂ ਵਿਛੜ ਗਏ ਹਨ, ਉਥੇ ਇਕ ਬੜੇ ਮਹੱਤਵਪੂਰਣ, ਬੜੇ ਫੇਮਸ ਚੀਫ਼

Original with;
Punjab Vidhan Sabha
Digitized by;
Panjab Digital Library

ਜਸਟਿਸ ਵੀ ਸਾਡੇ ਤੋਂ ਵਿਛੜ ਗਏ ਹਨ। ਉਹ ਸਨ ਸਾਬਕਾ ਚੀਫ ਜਸਟਿਸ ਸ਼੍ਰੀ ਆਰ.ਐਸ. ਨਰੂਲਾ। ਉਹ ਮਿਤੀ 1.6.2005 ਨੂੰ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੇ ਜਾਣ ਨਾਲ ਸਾਨੂੰ ਬੜਾ ਗਹਿਰਾ ਸਦਮਾ ਪਹੁੰਚਿਆ ਹੈ। ਉਨ੍ਹਾਂ ਦਾ ਅਕਾਲ ਚਲਾਣਾ 90 ਸਾਲ ਦੀ ਉਮਰ ਵਿਚ ਹੋਇਆ। ਕੁਦਰਤ ਦੇ ਬਣਾਏ ਹੋਏ ਦਸਤੂਰ ਮੁਤਾਬਿਕ ਭਾਵੇਂ ਹਰ ਇਨਸਾਨ ਨੇ ਇਸ ਦੁਨੀਆਂ ਵਿਚੋਂ ਚਲੇ ਜਾਣਾ ਹੈ ਲੇਕਿਨ ਜ਼ਿੰਦਗੀ ਦੇ ਤਜਰਬਿਆਂ ਵਿਚੋਂ ਨਿਕਲਦੇ ਹੋਏ ਅੱਛੀ ਸੋਚ ਰੱਖਣ ਵਾਲੇ ਸਿਆਸਤਦਾਨ ਹੋਣ, ਕਾਨੂੰਨਦਾਨ ਹੋਣ ਜਾਂ ਵਿਦਵਾਨ ਹੋਣ, ਉਨ੍ਹਾਂ ਦੀਆਂ ਸੇਵਾਵਾਂ ਹਮੇਸ਼ਾ ਯਾਦ ਰਹਿੰਦੀਆਂ ਹਨ ਅਤੇ ਉਨ੍ਹਾਂ ਦੀ ਕਮੀ ਹਮੇਸ਼ਾ ਮਹਿਸੂਸ ਹੁੰਦੀ ਰਹਿੰਦੀ ਹੈ। ਉਨ੍ਹਾਂ ਦੀ ਨਿਰਪੱਖ ਸੋਚ ਦੇ ਕਾਰਨ ਉਨ੍ਹਾਂ ਨੂੰ ਕਈ ਵਾਰ ਕਈ ਇਨਕੁਆਇਰੀਆਂ ਵਿਚ ਕਮਿਸ਼ਨ ਦਾ ਚੇਅਰਮੈਨ ਵੀ ਬਣਾਇਆ ਗਿਆ ਸੀ। ਉਹ 1974 ਤੋਂ ਲੈ ਕੇ 1977 ਤੱਕ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਰਹੇ ਸਨ ਅਤੇ ਉਹ ਇਕ ਬਹੁਤ ਹੀ ਦੂਰਅੰਦੇਸ਼ੀ ਵਾਲੇ ਇਨਸਾਨ ਸਨ। ਉਨ੍ਹਾਂ ਨੇ ਸਿੱਖ ਗੁਰਦੁਆਰਾ ਐਕਟ, 1925 ਨੂੰ ਸੋਧਣ ਦੀ ਤਜ਼ਵੀਜ 1972 ਵਿਚ ਬਤੌਰ ਮੈਂਬਰ ਨੈਸ਼ਨਲ ਕਮਿਸ਼ਨ ਜਿਹੜਾ ਸਟੱਡੀ ਗਰੁੱਪ ਬਣਾਇਆ ਸੀ ਉਹਦੇ ਮੁਤਾਬਿਕ ਦਿੱਤੀ। ਉਹ ਬਹੁਤ ਵੱਡੇ ਸਮਾਜ ਸੁਧਾਰਕ ਵੀ ਸਨ ਅਤੇ ਅੱਛੀ ਸੋਚ ਰਖਦੇ ਸਨ। ਉਹ ਵੱਖ ਵੱਖ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਤੋਂ ਇਲਾਵਾ ਕਈ ਵਾਰ ਸਭਿਆਚਾਰਕ ਸੰਸਥਾਵਾਂ ਦੇ ਚੇਅਰਮੈਨ ਰਹੇ ਹਨ। ਚੀਫ ਜਸਟਿਸ, ਰਣਜੀਤ ਸਿੰਘ ਨਰੂਲਾ ਦੇ ਵਿਛੋੜੇ ਨਾਲ ਇਕ ਕਾਨੂੰਨੀ ਮਾਹਿਰ ਅਤੇ ਅੱਛੇ ਸਮਾਜ ਸੇਵਕ, ਸਮਾਜ ਸੁਧਾਰਕ ਅਤੇ ਸਿਖਿਅਕ ਵਿਅਕਤੀ ਦੀਆਂ ਸੇਵਾਵਾਂ ਤੋਂ ਸਾਡਾ ਸੂਬਾ, ਸਾਡਾ ਦੇਸ਼ ਵਾਂਝਾ ਹੋ ਗਿਆ ਹੈ। ਮੈਂ ਉਨ੍ਹਾਂ ਨੂੰ ਬਹੁਤ ਹੀ ਦੁਖ ਦੇ ਨਾਲ ਸ਼ਰਧਾ ਦੇ ਫੁੱਲ ਭੇਂਟ ਕਰਦੀ ਹਾਂ।

ਸਪੀਕਰ ਸਾਹਿਬ, ਪਤਾ ਨਹੀਂ ਇਕ ਰਹਿ ਗਿਆ ਹੈ ਜਾਂ ਨਹੀਂ। ਸ਼੍ਰੀ ਸੰਤ ਰਾਮ ਸਿੰਗਲਾ ਜੀ ਉਹ ਵੀ ਸਾਡੇ ਸਾਥੀ ਸਨ। ਉਹ ਵੀ ਲਗਾਤਾਰ ਐਮ.ਐਲ.ਏ. ਰਹੇ ਔਰ ਹੁਣੇ ਪਿੱਛੇ ਜਿਹੇ ਉਨ੍ਹਾਂ ਨੂੰ ਮੰਡੀ ਬੋਰਡ ਦਾ ਚੇਅਰਮੈਨ ਬਣਾਇਆ ਗਿਆ ਸੀ। ਉਹ ਐਮ.ਪੀ. ਵੀ ਰਹੇ ਹਨ। ਮੈਨੂੰ ਦੱਸਿਆ ਗਿਆ ਹੈ ਕਿ ਪਿਛਲੀ ਵਾਰ ਉਨ੍ਹਾਂ ਦਾ ਸ਼ੋਕ ਮਤਾ ਨਹੀਂ ਹੋਇਆ। ਜੇ ਨਹੀਂ ਹੋਇਆ ਤਾਂ ਹੁਣ ਇਸ ਵਿਚ ਸ਼ਾਮਲ ਕਰ ਲਿਆ ਜਾਵੇ। ਉਹ ਲਗਾਤਾਰ ਕਾਂਗਰਸ ਪਾਰਟੀ ਦੀ ਸੇਵਾ ਕਰਦੇ ਰਹੇ ਹਨ ਅਤੇ ਸਾਡੇ ਹਲਕੇ ਤੋਂ ਪਾਰਲੀਮੈਂਟ ਦੇ ਮੈਂਬਰ ਵੀ ਚੁਣੇ ਗਏ ਸਨ, ਉਹ ਐਮ.ਐਲ.ਏ. ਵੀ ਰਹੇ ਹਨ। ਉਨ੍ਹਾਂ ਦੇ ਚਲੇ ਜਾਣ ਦਾ ਵੀ ਸਾਨੂੰ ਬੜਾ ਭਾਰੀ ਦੁੱਖ ਹੈ। ਉਹ ਵੀ ਅਚਾਨਕ ਹੀ ਸਾਡੇ ਕੋਲੋਂ ਚਲੇ ਗਏ ਹਨ। ਸੋ, ਇਨ੍ਹਾਂ ਸਾਰਿਆਂ ਨੂੰ ਮੈਂ ਆਪਣੀ ਪਾਰਟੀ ਵਲੋਂ, ਇਸ ਹਾਊਸ ਵੱਲੋਂ ਸ਼ਰਧਾ ਦੇ ਫੁੱਲ ਭੇਟ ਕਰਦੀ ਹਾਂ ਔਰ ਬੇਨਤੀ ਕਰਦੀ ਹਾਂ ਕਿ ਇਨ੍ਹਾਂ ਦੇ ਪਰਿਵਾਰਾਂ ਨਾਲ ਹਮਦਰਦੀ ਜ਼ਾਹਿਰ ਕਰਦੇ ਹੋਏ ਇਕ ਮਤਾ ਰੱਖਿਆ ਹੈ, ਉਹ ਮਤਾ ਇਨ੍ਹਾਂ ਸਾਰਿਆਂ ਦੇ ਪਰਿਵਾਰਾਂ ਨੂੰ ਪਾਸ ਕਰਕੇ ਭੇਜੀਏ। ਮੈਂ ਇਨ੍ਹਾਂ ਲਫ਼ਜ਼ਾਂ ਦੇ ਨਾਲ ਇਨ੍ਹਾਂ ਸਾਰੀਆਂ ਸਖਸ਼ੀਅਤਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੀ ਹਾਂ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ (ਲੰਬੀ) :** ਸਪੀਕਰ ਸਾਹਿਬ, ਪਿਛਲੇ ਸੈਸ਼ਨ ਤੋਂ ਬਾਅਦ ਸਾਡੇ ਦੇਸ਼ ਅਤੇ ਸੂਬੇ ਦੀਆਂ ਬਹੁਤ ਸਾਰੀਆਂ ਏਮੀਨੈਂਟ ਪਰਸਨੈਲਟੀਜ਼ ਸਾਨੂੰ ਸਦੀਵੀਂ ਵਿਛੋੜਾ ਦੇ ਗਈਆਂ ਹਨ। ਉਨ੍ਹਾਂ ਦੇ ਚਲੇ ਜਾਣ ਦਾ ਸਾਨੂੰ ਗਹਿਰਾ ਦੁੱਖ ਹੈ,

Original with;
Punjab Vidhan Sabha
Digitized by;
Panjab Digital Library

[ ਸਰਦਾਰ ਪ੍ਰਕਾਸ਼ ਸਿੰਘ ਬਾਦਲ ]

ਬੇਹੱਦ ਅਫਸੋਸ ਹੈ ਔਰ ਨਾ ਪੂਰਾ ਹੋਣ ਵਾਲਾ ਘਾਟਾ ਹੈ। ਸਭ ਤੋਂ ਪਹਿਲਾਂ ਮੈਂ ਜ਼ਿਕਰ ਕਰਾਂਗਾ ਸ਼੍ਰੀ ਸੁਨੀਲ ਦੱਤ ਜੀ ਦਾ, ਜੋ ਕਿ ਇਕ ਇਨਸਾਨ ਨਹੀਂ ਬਲਕਿ ਇਕ ਇੰਸਟੀਚਿਊਸ਼ਨ ਸਨ ਔਰ ਸਾਰੇ ਦੇਸ਼ ਵਿਚ ਉਨ੍ਹਾਂ ਦਾ ਬਹੁਤ ਵੱਡਾ ਮਾਣ ਅਤੇ ਸਤਿਕਾਰ ਸੀ। ਉਹ ਬਹੁਤ ਵੱਡੇ ਐਕਟਰ ਵੀ ਰਹੇ, ਪ੍ਰੋਡਿਊਸਰ ਵੀ ਰਹੇ, ਡਾਇਰੈਕਟਰ ਵੀ ਰਹੇ ਅਤੇ 50 ਫਿਲਮਾਂ ਦੇ ਵਿਚ ਉਨ੍ਹਾਂ ਨੇ ਕੰਮ ਵੀ ਕੀਤਾ। ਇਸ ਤੋਂ ਇਲਾਵਾ ਸਿਆਸਤ ਵਿਚ ਵੀ ਉਨ੍ਹਾਂ ਦੀ ਗਹਿਰੀ ਦਿਲਚਸਪੀ ਰਹੀ। ਉਹ ਪੰਜ ਵਾਰ ਮੁੰਬਈ ਤੋਂ ਪਾਰਲੀਮੈਂਟ ਦੇ ਮੈਂਬਰ ਚੁਣੇ ਗਏ ਅਤੇ ਉਹ ਸੈਂਟਰਲ ਕੈਬਿਨਟ ਦੇ ਮਨਿਸਟਰ ਵੀ ਰਹੇ। ਉਨ੍ਹਾਂ ਦੀਆਂ ਸੇਵਾਵਾਂ ਦੇ ਕਾਰਨ ਉਨ੍ਹਾਂ ਨੂੰ ਪਦਮਸ਼੍ਰੀ ਦਾ ਖਿਤਾਬ ਵੀ ਦਿੱਤਾ ਗਿਆ ਔਰ ਜਿਸ ਤਰ੍ਹਾਂ ਡਿਪਟੀ ਲੀਡਰ ਸਾਹਿਬਾ ਨੇ ਕਿਹਾ ਹੈ ਕਿ ਉਹ ਹਿੰਦੁਸਤਾਨ ਦੀ ਇਕ ਐਸੀ ਸਖਸ਼ੀਅਤ ਸਨ ਜੋ ਅੱਤਵਾਦ ਦੇ ਸਮੇਂ ਵਿਚ ਪੰਜਾਬ ਦੇ ਹਰ ਜ਼ਿਲ੍ਹੇ ਵਿਚ, ਹਰ ਥਾਂ ਤੇ ਪਹੁੰਚੇ। ਮੈਂ ਕਹਿ ਸਕਦਾ ਹਾਂ ਕਿ ਉਨ੍ਹਾਂ ਨੇ ਦੇਸ਼ ਦੀ ਯੂਨਿਟੀ ਅਤੇ ਇਨਟੈਗਰਿਟੀ ਦੇ ਵਾਸਤੇ ਬਹੁਤ ਹੀ ਯੋਗਦਾਨ ਪਾਇਆ। ਉਨ੍ਹਾਂ ਦੇ ਚਲੇ ਜਾਣ ਨਾਲ ਹਿੰਦੁਸਤਾਨ ਨੇ ਇਕ ਬਹੁਤ ਵੱਡਾ ਪਾਲੀਟੀਸ਼ੀਅਨ, ਇਕ ਸਿਆਸੀ ਵਰਕਰ ਅਤੇ ਇਕ ਬਹੁਤ ਹੀ ਫਾਈਨ ਐਕਟਰ ਨੂੰ ਖੋ ਲਿਆ ਹੈ। ਇਸ ਦਾ ਸਾਨੂੰ ਸਾਰਿਆਂ ਨੂੰ ਬਹੁਤ ਦੁਖ ਅਤੇ ਅਫਸੋਸ ਹੈ। ਮੈਂ ਆਪਣੀ ਪਾਰਟੀ ਵੱਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਰਦਾਰ ਨੱਥਾ ਸਿੰਘ ਦਾਲਮ ਨੂੰ ਤਕਰੀਬਨ ਜਿੰਨੇ ਆਪਾਂ ਸਾਰੇ ਇਥੇ ਬੈਠੇ ਹਾਂ, ਸਭ ਨੇ ਉਨ੍ਹਾਂ ਦੇ ਦਰਸ਼ਨ ਕੀਤੇ ਹੋਏ ਹਨ ਅਤੇ ਸਾਰੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਉਹ ਮਿਤੀ 12.5.2005 ਨੂੰ ਅਕਾਲ ਚਲਾਣਾ ਕਰ ਗਏ ਹਨ। ਉਹ ਸ਼੍ਰੋਮਣੀ ਅਕਾਲੀ ਦਲ ਦੇ ਇਕ ਬਹੁਤ ਹੀ ਪੁਰਾਣੇ ਵਰਕਰ ਤੇ ਲੀਡਰ ਹੋਏ ਹਨ ਅਤੇ ਉਹ ਚਾਰ ਵਾਰੀ ਜ਼ਿਲ੍ਹਾ ਗੁਰਦਾਸਪੁਰ ਦੀਆਂ ਵੱਖ ਵੱਖ ਕੰਸਟੀਚਿਊਐਂਸੀਜ਼ ਵਿਚੋਂ ਐਮ.ਐਲ.ਏ. ਬਣੇ ਅਤੇ ਵੱਖ ਵੱਖ ਸਮੇਂ ਤੇ ਉਹ ਮਨਿਸਟਰ ਵੀ ਰਹੇ। ਇਰੀਗੇਸ਼ਨ ਤੇ ਪਾਵਰ ਮਨਿਸਟਰ ਵੀ ਰਹੇ, ਸਟੇਟ ਮਨਿਸਟਰ ਫਾਰ ਫਾਈਨਾਂਸ ਵੀ ਰਹੇ, ਇਨਫਰਮੇਸ਼ਨ ਤੇ ਪਬਲਿਕ ਰਿਲੇਸ਼ਨਜ਼ ਮਨਿਸਟਰ ਵੀ ਰਹੇ। ਉਨ੍ਹਾਂ ਦੇ ਜਾਣ ਦਾ ਸਾਨੂੰ ਬਹੁਤ ਵੱਡਾ ਦੁਖ ਹੈ ਅਤੇ ਪੰਜਾਬ ਨੂੰ ਵੱਡਾ ਘਾਟਾ ਪਿਆ ਹੈ।

ਸਪੀਕਰ ਸਾਹਿਬ, ਸ਼੍ਰੀ ਸੁਰਿੰਦਰ ਕਪੂਰ ਜੀ ਵੀ 62 ਸਾਲ ਦੀ ਉਮਰ ਵਿਚ ਸਾਡੇ ਕੋਲੋਂ ਜੁਦਾ ਹੋ ਗਏ ਹਨ। ਉਨ੍ਹਾਂ ਦੀ ਬੇਵਕਤ ਜੁਦਾਈ ਦਾ ਬੜਾ ਗਹਿਰਾ ਸਦਮਾ ਪਹੁੰਚਿਆ ਹੈ। ਉਹ ਇਕ ਫਰੀਡਮ-ਫਾਈਟਰ ਪਰਿਵਾਰ ਨੂੰ ਬਿਲਾਂਗ ਕਰਦੇ ਸਨ। ਜਿਸ ਦਿਨ ਉਨ੍ਹਾਂ ਦਾ ਦਿਹਾਂਤ ਹੋਇਆ, ਮੈਂ ਉਸ ਦਿਨ ਉਨ੍ਹਾਂ ਦੇ ਘਰ ਜਾ ਕੇ ਉਨ੍ਹਾਂ ਨੂੰ ਅੰਤਿਮ ਪਰਿਣਾਮ ਕਰਨ ਵਾਸਤੇ ਵੀ ਗਿਆ ਸੀ। ਮੈਂ ਇਕ ਗੱਲ ਜ਼ਰੂਰ ਕਹਾਂਗਾ ਕਿ ਜਿੰਨੀ ਇਮਾਨਦਾਰੀ ਨਾਲ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਬਤੀਤ ਕੀਤਾ, ਉਹ ਸਾਡੇ ਲਈ ਇਕ ਚਾਨਣ ਮੁਨਾਰਾ ਸਨ। ਪਾਕਿਸਤਾਨ ਬਣਨ ਤੋਂ ਬਾਅਦ ਜਿਹੜਾ ਘਰ ਉਨ੍ਹਾਂ ਨੂੰ ਬਠਿੰਡੇ ਅਲਾਟ ਹੋਇਆ ਸੀ, ਉਹ ਉਥੇ ਹੀ ਰਹਿੰਦੇ ਸਨ। ਕਿਉਂਕਿ ਉਹ ਸਾਡੇ ਗੁਆਂਢੀ ਸਨ। ਜਦੋਂ ਉਹ ਮਨਿਸਟਰ ਵੀ ਸਨ ਤਾਂ ਉਨ੍ਹਾਂ ਦੇ ਪਿਤਾ ਜੀ ਸ਼ਹਿਰ ਵਿਚ ਕੈਲੰਡਰ ਵੇਚਦੇ ਸਨ। ਲੋਕਾਂ ਨੇ ਕਿਹਾ ਕਿ ਹੁਣ ਤਾਂ ਤੇਰਾ ਪੁੱਤਰ ਮਨਿਸਟਰ ਬਣ ਗਿਆ ਹੈ, ਕੈਲੰਡਰ ਵੇਚਣੇ ਬੰਦ ਕਰ ਦੇਵੋ। ਉਨ੍ਹਾਂ ਦਾ ਜਵਾਬ ਸੀ ਕਿ ਇਹ ਮੇਰਾ ਕੰਮ ਹੈ ਅਤੇ ਮਨਿਸਟਰੀ ਦਾ

Original with;
Punjab Vidhan Sabha
Digitized by;
Panjab Digital Library

ਉਸ ਦਾ ਕੰਮ ਹੈ, ਮੈਂ ਤਾਂ ਆਪਣਾ ਕੰਮ ਕਰਨਾ ਹੈ। ਇਹ ਗੱਲ ਸਾਡੇ ਸਾਰਿਆਂ ਵਾਸਤੇ ਨਸੀਹਤ ਹੈ। ਉਹ ਪਬਲਿਕ ਹੈਲਥ ਦੇ ਮਨਿਸਟਰ ਵੀ ਰਹੇ, ਇਨਫਰਮੇਸ਼ਨ ਤੇ ਪਬਲਿਕ ਰਿਲੇਸ਼ਨਜ਼ ਦੇ ਮਨਿਸਟਰ ਵੀ ਰਹੇ ਅਤੇ ਹੋਰ ਬਹੁਤ ਸਾਰੇ ਮਹਿਕਮਿਆਂ ਦੇ ਮਨਿਸਟਰ ਵੀ ਰਹੇ, ਉਨ੍ਹਾਂ ਦੇ ਚਲੇ ਜਾਣ ਦਾ ਸਾਨੂੰ ਸਾਰਿਆਂ ਨੂੰ ਬੜਾ ਦੁਖ ਹੈ। ਮੈਂ ਇਹ ਵੀ ਗੱਲ ਕਹਾਂਗਾ ਕਿ ਆਪਾਂ ਸਾਰਿਆਂ ਨੂੰ ਇਥੇ ਸ਼ਰਧਾਂਜਲੀਆਂ ਤਾਂ ਭੇਂਟ ਕਰ ਦਿੰਦੇ ਹਾਂ ਪਰ ਜਦੋਂ ਉਹ ਅਖੀਰਲੇ ਸਮੇਂ ਵਿਚ ਪੁੱਜਦੇ ਹਨ ਤਾਂ ਉਨ੍ਹਾਂ ਦੀ ਕੋਈ ਪੁੱਛ-ਪੜਤਾਲ ਨਹੀਂ ਹੁੰਦੀ। ਉਨ੍ਹਾਂ ਦੇ ਪਰਿਵਾਰ ਨੇ ਗਿਲਾ ਵੀ ਕੀਤਾ ਸੀ ਕਿ ਅਸੀਂ ਬੜੀ ਤੰਗੀ ਵਿਚ ਰਹੇ ਹਾਂ ਅਤੇ ਕੋਈ ਖਾਸ ਇਲਾਜ ਵੀ ਨਹੀਂ ਹੋ ਸਕਿਆ। ਇਸ ਤਰ੍ਹਾਂ ਸਾਡੀ ਜ਼ਿੰਦਗੀ ਟੱਪੀ ਹੈ। ਉਸ ਦਿਨ, ਮੇਰੀ ਇਸ ਗੱਲ ਨੂੰ ਕਿਸੇ ਹੋਰ ਤਰੀਕੇ ਨਾਲ ਨਾ ਸਮਝ ਲੈਣਾ, ਸਰਕਾਰੀ ਤੌਰ ਤੇ ਕੋਈ ਮਨਿਸਟਰ ਜਾਂ ਜ਼ਿੰਮੇਵਾਰ ਸੱਜਣ ਉਨ੍ਹਾਂ ਦੇ ਅੰਤਿਮ ਸੰਸਕਾਰ ਤੇ ਨਹੀਂ ਪੁੱਜਿਆ।

ਸ਼੍ਰੀ ਸ਼ਿਵ ਚੰਦ ਜੀ ਮਲੋਟ ਵੀ ਸਾਡੇ ਗੁਆਂਢੀ ਸਨ। ਉਨ੍ਹਾਂ ਦਾ ਜਨਮ ਗਿੱਦੜਬਾਹੇ ਵਿਚ ਹੋਇਆ ਸੀ ਅਤੇ ਉਹ ਲੰਬੀ ਜਦੋਂ ਰਿਜ਼ਰਵ ਸੀਟ ਸੀ, ਉਥੋਂ ਜਿੱਤ ਕੇ ਐਮ.ਐਲ.ਏ. ਬਣੇ। ਇਸੇ ਤਰ੍ਹਾਂ ਉਹ ਮਲੋਟ ਹਲਕੇ ਤੋਂ ਵੀ ਐਮ.ਐਲ.ਏ. ਬਣੇ। ਉਹ ਡਿਪਟੀ ਮਨਿਸਟਰ ਵੀ ਰਹੇ। ਉਨ੍ਹਾਂ ਨੇ ਆਪਣੇ ਸਮੇਂ ਵਿਚ ਦਲਿਤ ਭਾਈਚਾਰੇ ਦੀ ਬੜੀ ਸੇਵਾ ਕੀਤੀ। ਉਨ੍ਹਾਂ ਦੇ ਚਲੇ ਜਾਣ ਦਾ ਗਹਿਰਾ ਅਫਸੋਸ ਹੈ ਅਤੇ ਦੁਖ ਹੈ।

ਸਰਦਾਰ ਫੁੰਮਣ ਸਿੰਘ, ਸਾਬਕਾ ਐਮ.ਐਲ.ਏ. ਦਾ ਜਨਮ ਵੀ ਪਾਕਿਸਤਾਨ ਵਿਚ ਹੋਇਆ ਅਤੇ ਇਥੋਂ ਜਲਾਲਾਬਾਦ ਦੇ ਹਲਕੇ ਤੋਂ ਐਮ.ਐਲ.ਏ. ਬਣੇ। ਉਹ ਸੀ.ਪੀ.ਆਈ. ਦੇ ਬੜੇ ਹੀ ਉੱਘੇ ਲੀਡਰ ਸਨ ਅਤੇ ਉਨ੍ਹਾਂ ਨੇ ਸਾਰੀ ਉਮਰ ਹੀ ਸੀ.ਪੀ.ਆਈ. ਵਿਚ ਰਹਿ ਕੇ ਪੰਜਾਬ ਦੀ ਬੜੀ ਸੇਵਾ ਕੀਤੀ।

ਸਪੀਕਰ ਸਾਹਿਬ, ਸ਼੍ਰੀ ਗੁਰਬਖਸ਼ ਸਿੰਘ ਧਾਲੀਵਾਲ, ਸਾਬਕਾ ਐਮ.ਐਲ.ਏ. ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਭਾਵੇਂ ਉਨ੍ਹਾਂ ਦਾ ਜਨਮ ਬੜੀ ਦੂਰ ਅੰਡੇਮਾਨ-ਨਿਕੋਬਾਰ ਵਿਚ ਹੋਇਆ। ਪਰ ਉਹ ਇਥੇ ਆ ਕੇ ਨਿਹਾਲ ਸਿੰਘ ਵਾਲਾ ਹਲਕੇ ਤੋਂ ਐਮ.ਐਲ.ਏ. ਬਣੇ। ਉਨ੍ਹਾਂ ਦਾ ਕੋ-ਆਪਰੇਟਿਵ ਮੂਵਮੈਂਟ ਨਾਲ ਬੜਾ ਲਗਾਉ ਸੀ। ਉਹ ਇਫਕੋ ਦੇ ਡਾਇਰੈਕਟਰ ਵੀ ਰਹੇ ਅਤੇ ਸੈਂਟਰਲ ਕੋ-ਆਪਰੇਟਿਵ ਬੈਂਕ ਦੇ ਵੀ ਡਾਇਰੈਕਟਰ ਰਹੇ ਅਤੇ ਫਿਰ ਉਹ ਅਮਰੀਕਾ ਚਲੇ ਗਏ। ਉਥੇ ਵੀ ਉਨ੍ਹਾਂ ਨੇ ਆਪਣੀਆਂ ਸਮਾਜਿਕ ਗਤੀਵਿਧੀਆਂ, ਜੋ ਉਨ੍ਹਾਂ ਦਾ ਫਰਜ਼ ਬਣਦਾ ਸੀ, ਨਿਭਾਈਆਂ। ਉਦੋਂ ਇਕ ਇੰਡੋ ਅਮਰੀਕਨ ਹੈਰੀਟੇਜ ਫੋਰਮ ਬਣਿਆ ਸੀ, ਉਸਦੇ ਵਿਚ ਵੀ ਉਹ ਕੰਮ ਕਰਦੇ ਰਹੇ। ਉਨ੍ਹਾਂ ਦੇ ਵਿਛੜ ਜਾਣ ਦਾ ਵੀ ਸਾਨੂੰ ਦੁਖ ਹੈ।

ਸਰਦਾਰ ਧੰਨਰਾਜ ਸਿੰਘ ਗਿੱਲ ਵੀ ਸ਼੍ਰੋਮਣੀ ਅਕਾਲੀ ਦਲ ਦੇ ਬੜੇ ਉੱਘੇ ਲੀਡਰ ਰਹੇ ਹਨ। ਉਹ ਇਸ ਸਦਨ ਵਿਚ ਬਤੌਰ ਐਮ.ਐਲ.ਏ. ਵੀ ਰਹੇ ਹਨ। ਲੁਧਿਆਣੇ ਤੋਂ ਉਹ ਜਿੱਤਦੇ ਰਹੇ ਹਨ। ਉਹ ਬੜੇ ਹੀ ਉਘੇ ਸੀਜ਼ਨਡ ਪਾਲੀਟੀਸ਼ਨ ਸਨ। ਉਹ ਵੀ ਸਾਨੂੰ ਸਦੀਵੀਂ ਵਿਛੋੜਾ ਦੇ ਗਏ ਹਨ। ਉਨ੍ਹਾਂ ਦੇ ਚਲੇ ਜਾਣ ਨਾਲ ਵੀ ਸਾਨੂੰ ਬੜਾ ਭਾਰੀ ਨੁਕਸਾਨ ਹੋਇਆ ਹੈ।

ਮਾਸਟਰ ਮਿਲਖੀ ਰਾਮ ਰਤਨ ਜੀ ਵੀ ਬੜੇ ਉੱਘੇ ਫਰੀਡਮ ਫਾਈਟਰ ਹੋਏ ਹਨ।

Original with;
Punjab Vidhan Sabha
Digitized by;
Panjab Digital Library

[ ਸਰਦਾਰ ਪ੍ਰਕਾਸ਼ ਸਿੰਘ ਬਾਦਲ ]

ਕਾਂਗਰਸ ਦੇ ਵੱਡੇ ਵੱਡੇ ਅਹੁਦਿਆਂ ਤੇ ਉਨ੍ਹਾਂ ਨੇ ਕੰਮ ਕੀਤਾ। ਉਹ ਐਮ.ਐਲ.ਸੀ. ਵੀ ਰਹੇ ਅਤੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਵੀ ਰਹੇ। ਉਹ ਵੀ ਬੜੇ ਸੀਜ਼ਨਡ ਪਾਲੀਟੀਸ਼ਨ ਅਤੇ ਫਰੀਡਮ ਫਾਈਟਰ ਸਨ। ਉਨ੍ਹਾਂ ਨੇ ਵੀ ਦੇਸ਼ ਦੀ ਆਜ਼ਾਦੀ ਲਈ ਬੜਾ ਯੋਗਦਾਨ ਪਾਇਆ। ਉਹ ਕਈ ਵਾਰ ਜੇਲ੍ਹਾਂ ਵਿਚ ਵੀ ਗਏ। ਉਨ੍ਹਾਂ ਦੇ ਵੀ ਵਿਛੜ ਜਾਣ ਦਾ ਸਾਨੂੰ ਬਹੁਤ ਦੁਖ ਹੈ।

ਇਸੇ ਤਰ੍ਹਾਂ ਇਕ ਹੋਰ ਫਰੀਡਮ ਫਾਈਟਰ, ਗਿਆਨੀ ਸੰਤ ਸਿੰਘ ਜੀ ਵੀ ਸਾਨੂੰ ਮਿਤੀ 8.8.2005 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਵੀ ਜਨਮ ਪਾਕਿਸਤਾਨ ਵਿਚ ਹੋਇਆ ਸੀ। ਉਨ੍ਹਾਂ ਨੂੰ ਵੀ ਆਜ਼ਾਦੀ ਲਈ ਸੈਂਟਰਲ ਜੇਲ੍ਹ ਲੁਧਿਆਣਾ ਵਿਖੇ ਜਾਣਾ ਪਿਆ। ਉਹ ਵੀ ਬਹੁਤ ਵੱਡੇ ਸ਼ੋਸ਼ਲ ਵਰਕਰ ਸਨ। ਉਨ੍ਹਾਂ ਦੇ ਵੀ ਵਿਛੜ ਜਾਣ ਦਾ ਸਾਨੂੰ ਬਹੁਤ ਦੁਖ ਅਤੇ ਅਫਸੋਸ ਹੈ।

ਸ਼੍ਰੀ ਰਾਮ ਸਿੰਘ ਟੰਡਨ ਜੀ ਵੀ ਇਕ ਉਘੇ ਸੁਤੰਤਰਤਾ ਸੈਨਾਨੀ ਸਨ। ਉਹ ਵੀ ਸਾਨੂੰ ਸਦੀਵੀਂ ਵਿਛੋੜਾ ਦੇ ਗਏ ਹਨ। ਉਨ੍ਹਾਂ ਨੇ ਵੀ ਫਰੀਡਮ ਮੂਵਮੈਂਟ ਵਿਚ ਬਹੁਤ ਯੋਗਦਾਂਨ ਪਾਇਆ। ਉਨ੍ਹਾਂ ਦੇ ਚਲੇ ਜਾਣ ਨਾਲ ਵੀ ਪੰਜਾਬ ਇਕ ਬਹੁਤ ਹੀ ਵਡੇ ਫਰੀਡਮ ਫਾਈਟਰ ਤੋਂ ਵਾਂਝਾ ਹੋ ਗਿਆ ਹੈ।

ਸ਼੍ਰੀ ਅਵਤਾਰ ਸਿੰਘ ਮਲਹੋਤਰਾ ਜੀ ਇਕ ਬਹੁਤ ਵਡੇ ਕਮਿਊਨਿਸਟ ਪਾਰਟੀ ਦੇ ਲੀਡਰ ਹੋਏ ਹਨ। ਉਹ ਬਹੁਤ ਲੰਮਾ ਸਮਾਂ ਪਾਰਟੀ ਦੀ ਸੇਵਾ ਕਰਦੇ ਰਹੇ ਹਨ ਅਤੇ ਉਨ੍ਹਾਂ ਨੇ ਆਪਣੀ ਪਾਰਟੀ ਨੂੰ ਬਹੁਤ ਮਜ਼ਬੂਤ ਵੀ ਕੀਤਾ ਅਤੇ ਉਹ ਵੀ ਰਾਵਲਪਿੰਡੀ ਵਿਖੇ ਰਹਿੰਦੇ ਰਹੇ ਹਨ। ਉਹ ਬਹੁਤ ਵੱਡੇ ਰਾਈਟਰ ਵੀ ਸਨ ਅਤੇ ਸਪੀਕਰ ਵੀ ਸਨ। ਉਹ ਬਹੁਤ ਹੀ ਅੱਛੇ ਪਲੈਨਰ ਅਤੇ ਆਰਗੇਨਾਈਜ਼ਰ ਵੀ ਸਨ। ਉਨ੍ਹਾਂ ਦੇ ਵਿਛੜ ਜਾਣ ਨਾਲ ਵੀ ਪੰਜਾਬ ਨੂੰ ਬਹੁਤ ਘਾਟਾ ਪਿਆ ਹੈ।

ਸਪੀਕਰ ਸਾਹਿਬ, ਸਾਡੇ ਸਾਬਕਾ, ਚੀਫ਼ ਜਸਟਿਸ, ਰਣਜੀਤ ਸਿੰਘ ਨਰੂਲਾ ਜੀ ਦੇ ਵਿਛੜ ਜਾਣ ਦਾ ਸਾਨੂੰ ਬਹੁਤ ਦੁਖ ਹੈ। ਉਹ ਤਿੰਨ ਸਾਲ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਵਿਚ ਬਤੌਰ ਚੀਫ਼ ਜਸਟਿਸ ਰਹੇ ਅਤੇ ਉਸ ਤੋਂ ਬਾਅਦ ਉਨ੍ਹਾਂ ਨੂੰ ਇਕ ਕਮਿਸ਼ਨ ਜਿਹੜਾ ਕਿ ਦਿੱਲੀ ਵਿਖੇ ਸਰਕਾਰ ਨੇ ਬਣਾਇਆ ਸੀ, ਜੋ ਕਿ 1984 ਵਿਚ ਹੋਏ ਸਿੱਖਾਂ ਦੇ ਕਤਲੇਆਮ ਦੀ ਇਨਕੁਆਇਰੀ ਲਈ ਬਣਾਇਆ ਗਿਆ ਸੀ, ਉਸ ਦਾ ਚੇਅਰਮੈਨ ਉਨ੍ਹਾਂ ਨੂੰ ਬਣਾਇਆ ਗਿਆ। ਗੁਰਦੁਆਰਾ ਐਕਟ ਬਣਾਉਣ ਵਿਚ, ਜਿਵੇਂ ਕਿ ਸਾਡੇ ਡਿਪਟੀ ਲੀਡਰ ਸਾਹਿਬਾ ਨੇ ਕਿਹਾ, ਉਨ੍ਹਾਂ ਨੇ ਬਹੁਤ ਯੋਗਦਾਨ ਪਾਇਆ ਸੀ। ਉਹ ਬਹੁਤ ਵੱਡੇ ਸਮਾਜ ਸੁਧਾਰਕ ਸਨ ਅਤੇ ਬਹੁਤ ਸਾਰੀਆਂ ਰਿਲੀਜੀਅਸ ਅਤੇ ਐਜੂਕੇਸ਼ਨਲ ਸੁਸਾਇਟੀਜ਼ ਦੇ ਉਹ ਚੇਅਰਮੈਨ ਵੀ ਰਹੇ। ਉਨ੍ਹਾਂ ਦੇ ਚਲੇ ਜਾਣ ਨਾਲ ਪੰਜਾਬ ਇਕ ਉਘੇ ਕਾਨੂੰਨਦਾਨ, ਸਮਾਜ ਸੁਧਾਰਕ ਅਤੇ ਸਿੱਖਿਆ ਦੇ ਖੇਤਰ ਦੀਆਂ ਸੇਵਾਵਾਂ ਤੋਂ ਵਾਂਝਾ ਹੋ ਗਿਆ ਹੈ।

ਇਸ ਤੋਂ ਅੱਗੇ ਸ਼੍ਰੀ ਸੰਤ ਰਾਮ ਜੀ ਸਿੰਗਲਾ.....

**ਮਾਨਯੋਗ ਸਪੀਕਰ :** ਸ਼੍ਰੀ ਸੰਤ ਰਾਮ ਸਿੰਗਲਾ ਜੀ ਦਾ ਮਿਤੀ 8 ਅਪ੍ਰੈਲ, 2005 ਨੂੰ ਪ੍ਰਸਤਾਵ ਪਾਸ ਹੋ ਚੁੱਕਿਆ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ, ਇਕ ਨਾਮ ਸਰਦਾਰ ਗੁਰਦੇਵ ਸਿੰਘ ਦਾ ਹੋਰ ਐਡ ਕਰਨਾ ਚਾਹੁੰਦਾ ਹੈ। ਉਹ ਕਪੂਰਥਲੇ ਦਾ ਇਕ ਕਿਸਾਨ ਸੀ। ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਦੇਸ਼ ਵਿਚ ਇਹ ਪਹਿਲਾ ਕੇਸ ਹੋਇਆ ਹੈ, ਜਿਸ ਨੇ ਕਿ ਮੰਡੀ ਵਿਚ ਖੁਦਕਸ਼ੀ ਕੀਤੀ। ਮੈਂ ਇਸ ਨੂੰ ਸਿਆਸੀ ਰੰਗਤ ਨਹੀਂ ਦੇਣਾ ਚਾਹੁੰਦਾ, ਬਲਕਿ ਕਹਿਣਾ ਚਾਹੁੰਦਾ ਹਾਂ ਕਿ ਜਿਸ ਕਰਕੇ ਉਸਨੇ ਖੁਦਕਸ਼ੀ ਕੀਤੀ ਹੈ, ਉਹ ਜਿਹੜਾ ਸਾਡੇ ਦੇਸ਼ ਦੇ ਮੱਥੇ ਤੇ ਇਕ ਕਲੰਕ ਹੈ, ਸਾਨੂੰ ਸਾਰਿਆਂ ਨੂੰ ਉਸਦੇ ਕਾਰਨਾਂ ਦਾ ਤਾਂ ਪਤਾ ਹੀ ਹੈ, ਪਰ ਸਾਨੂੰ ਸਾਰਿਆਂ ਨੂੰ ਇਸ ਤੇ ਗੰਭੀਰਤਾ ਨਾਲ ਸੋਚ-ਵਿਚਾਰ ਕਰਨੀ ਚਾਹੀਦੀ ਹੈ ਅਤੇ ਅੱਗੇ ਤੋਂ ਅਜਿਹੇ ਕਾਰਨਾਂ ਨੂੰ ਦੂਰ ਕਰਨ ਦਾ ਯਤਨ ਕਰਨਾ ਚਾਹੀਦਾ ਹੈ ਤਾਂ ਕਿ ਅੱਗੇ ਤੋਂ ਇਹੋ ਜਿਹੀ ਘਟਨਾ ਨਾ ਵਾਪਰੇ। ਮੈਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਔਰ ਜੋ ਮਤਾ ਬੀਬੀ ਜੀ ਨੇ, ਡਿਪਟੀ ਚੀਫ ਮਨਿਸਟਰ ਜੀ ਨੇ ਲਿਆਂਦਾ ਹੈ, ਉਸ ਦੀ ਬਿਲਕੁਲ ਤਾਈਦ ਕਰਦਾ ਹਾਂ ਔਰ ਆਪਾਂ ਸਾਰਿਆਂ ਨੂੰ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਲਿਖ ਕੇ ਭੇਜਣਾ ਚਾਹੀਦਾ ਹੈ।

**ਸ਼੍ਰੀ ਤਿਕਸ਼ਨ ਸੂਦ (ਹੁਸ਼ਿਆਰਪੁਰ)** : ਸਪੀਕਰ ਸਾਹਿਬ, ਹਰ ਸੈਸ਼ਨ ਦੀ ਪਹਿਲੇ ਦਿਨ ਦੀ ਬੈਠਕ ਉਨ੍ਹਾਂ ਮਹਾਨ ਸ਼ਖਸੀਅਤਾਂ ਦੇ ਨਾਂ ਸਮਰਪਿਤ ਹੁੰਦੀ ਹੈ ਜਿਹੜੇ ਪਿਛਲੇ ਸੈਸ਼ਨ ਤੋਂ ਬਾਅਦ ਸਾਡੇ ਤੋਂ, ਇਸ ਸੰਸਾਰ ਤੋਂ ਵਿਦਾ ਹੋ ਚੁੱਕੇ ਹੁੰਦੇ ਹਨ ਅਤੇ ਇਸ ਸੰਸਾਰ ਵਿਚ ਨਹੀਂ ਰਹੇ। ਇਸੇ ਤਰ੍ਹਾਂ ਅੱਜ ਦੀ ਲਿਸਟ ਵਿਚ 12 ਨਾਂ ਉਨ੍ਹਾਂ ਮਹਾਨ ਲੋਕਾਂ ਦੇ ਸ਼ਾਮਲ ਹਨ ਜਿਨ੍ਹਾਂ ਨੇ ਸਮਾਜ ਲਈ, ਦੇਸ਼ ਲਈ ਅਤੇ ਕੌਮ ਲਈ ਬਹੁਤ ਕੁਝ ਕੀਤਾ। ਸਪੀਕਰ ਸਾਹਿਬ, ਮੌਤ ਕਿਸੇ ਦੇ ਵੱਸ ਨਹੀਂ। ਹਰ ਉਹ ਇਨਸਾਨ ਜਿਹੜੇ ਪੈਦਾ ਹੁੰਦੇ ਹਨ, ਉਨ੍ਹਾਂ ਨੂੰ ਜਾਣਾ ਹੀ ਪੈਂਦਾ ਹੈ ਪਰ ਜਿਹੜੇ ਇਨਸਾਨ ਸਿਰਫ ਆਪਣੇ ਲਈ ਜਾਂ ਆਪਣੇ ਪਰਿਵਾਰ ਲਈ ਕੁਝ ਕਰਦੇ ਹਨ, ਉਨ੍ਹਾਂ ਦੀ ਯਾਦ, ਉਨ੍ਹਾਂ ਦੀ ਤਸਵੀਰ ਸਿਰਫ ਸੀਮਿਤ ਦਾਇਰੇ ਤੱਕ ਹੀ ਰਹਿੰਦੀ ਹੈ ਪਰ ਜਿਹੜੇ ਇਨਸਾਨ ਇਸ ਤੋਂ ਬਾਹਰ ਨਿਕਲ ਕੇ, ਸਮਾਜ ਲਈ, ਕੌਮ ਲਈ ਕੁਝ ਕਰਦੇ ਹਨ ਤਾਂ ਉਨ੍ਹਾਂ ਨੂੰ ਲੋਕ ਯਾਦ ਵੀ ਕਰਦੇ ਹਨ ਅਤੇ ਉਨ੍ਹਾਂ ਦੀ ਯਾਦ ਵੀ ਸਦੀਵੀ ਬਣੀ ਰਹਿੰਦੀ ਹੈ।

ਕੁਝ ਇਸੀ ਤਰ੍ਹਾਂ ਦੀ ਸ਼ਖਸੀਅਤ ਸਨ, ਸ਼੍ਰੀ ਸੁਨੀਲ ਦੱਤ ਜੀ ਜਿਨ੍ਹਾਂ ਨੂੰ ਅਸੀਂ ਆਪਣੇ ਬਚਪਨ ਤੋਂ, ਜਵਾਨੀ ਤੋਂ ਜਾਣਦੇ ਹਾਂ। ਉਨ੍ਹਾਂ ਨੂੰ ਇੱਕ ਬਹੁਤ ਕਾਮਯਾਬ ਹੀਰੋ, ਡਾਇਰੈਕਟਰ, ਪ੍ਰੋਡਿਊਸਰ, ਅੱਛੇ ਅਦਾਕਾਰ-ਕਲਾਕਾਰ ਵਜੋਂ ਜਾਣਦੇ ਹਾਂ। ਉਨ੍ਹਾਂ ਦੀਆਂ ਫਿਲਮਾਂ ਵਿਚ ਸਮਾਜ ਲਈ ਬੜਾ ਦਰਦ ਹੈ ਅਤੇ ਸਮਾਜਿਕ ਸਮੱਸਿਆਵਾਂ ਨੂੰ ਦੂਰ ਕਰਨ ਦੇ ਉਪਾਅ ਦਰਸਾਏ ਗਏ ਹਨ। ਸਮਾਜ ਦੀ ਸੇਵਾ ਕਰਨ ਦੇ ਬਦਲੇ ਹੀ ਉਨ੍ਹਾਂ ਨੂੰ ਸਾਲ 1968 ਵਿਚ ਪਦਮਸ਼੍ਰੀ ਦੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਉਹ ਪੰਜ ਵਾਰ ਮੁੰਬਈ ਤੋਂ ਬਤੌਰ ਐਮ.ਪੀ. ਚੁਣੇ ਗਏ। ਇਹ ਕੋਈ ਛੋਟੀ ਗੱਲ ਨਹੀਂ। ਵਾਰ ਵਾਰ ਇਸ ਤਰ੍ਹਾਂ ਪਬਲਿਕ ਵਿਚੋਂ ਚੁਣੇ ਜਾਣਾ ਇੱਕ ਬਹੁਤ ਵੱਡੀ ਗੱਲ ਹੈ ਔਰ ਉਨ੍ਹਾਂ ਨੇ ਮੁੰਬਈ ਵਿਚ ਕਈ ਸ਼ਲਾਘਾਯੋਗ ਕੰਮ ਕੀਤੇ ਜਿਸ ਕਾਰਨ ਉਨ੍ਹਾਂ ਨੂੰ ਸਨਮਾਨਿਤ ਤਰੀਕੇ ਨਾਲ ਜਾਣਿਆ ਜਾਂਦਾ ਹੈ। ਪੰਜਾਬ ਦੀ ਬੈਕਗਰਾਊਂਡ ਕੁਝ ਇਸ ਤਰ੍ਹਾਂ ਦੀ ਸੀ ਕਿ ਇੱਥੇ ਅੱਤਵਾਦ ਦਾ ਰਾਜ ਸੀ ਔਰ ਉਨ੍ਹਾਂ ਨੇ ਇੱਕ ਮਿਸਾਲ ਪੇਸ਼ ਕੀਤੀ। ਉਨ੍ਹਾਂ ਨੇ ਦੇਸ਼ ਦੇ ਏਕੇ ਲਈ, ਭਾਈਚਾਰੇ ਲਈ ਇੱਕ ਪੈਦਲ ਯਾਤਰਾ ਕੀਤੀ ਔਰ ਪੰਜਾਬ ਵਿਚ ਉਨ੍ਹਾਂ ਨੇ ਅੱਤਵਾਦ ਖਤਮ ਕਰਕੇ

Original with;
Punjab Vidhan Sabha
Digitized by;
Panjab Digital Library

[ ਸ਼੍ਰੀ ਤਿਕਸ਼ਨ ਸੂਦ ]

ਇੱਕ ਭਾਈਚਾਰਾ ਪੈਦਾ ਕਰਨ ਲਈ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ। ਸਪੀਕਰ ਸਾਹਿਬ, ਉਨ੍ਹਾਂ ਦੀ ਇਸ ਦੇਣ ਨੂੰ ਪੰਜਾਬ ਵਾਸੀ ਕਦੀ ਵੀ ਨਹੀਂ ਭੁੱਲਣਗੇ। ਸਾਰਾ ਦੇਸ਼ ਉਨ੍ਹਾਂ ਦੀਆਂ ਸੇਵਾਵਾਂ ਸਦਕਾ ਰਿਣੀ ਹੈ।

ਸਰਦਾਰ ਨੱਥਾ ਸਿੰਘ ਜੀ ਦਾਲਮ ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਪਿਛਲੇ ਹਾਊਸ ਵਿਚ ਸਾਡੇ ਸਾਥੀ ਸੀ। ਉਹ ਬਹੁਤ ਹੀ ਨਿਮਰ ਸੁਭਾਅ ਦੇ ਸੁਲਝੇ ਹੋਏ ਪਾਲੇਟੀਸ਼ੀਅਨ ਸਨ। ਉਨ੍ਹਾਂ ਦੀ ਪਾਪੂਲੈਰਿਟੀ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਹ ਚਾਰ ਵਾਰ ਜਿੱਤੇ ਅਤੇ ਤਿੰਨ ਵਾਰ ਉਹ ਅਲੱਗ ਅਲੱਗ ਥਾਵਾਂ ਤੋਂ ਜਿੱਤੇ। ਪਹਿਲੀ ਵਾਰ ਉਹ ਫਤਹਿਗੜ੍ਹ ਸਾਹਿਬ ਤੋਂ, ਫਿਰ ਸ਼੍ਰੀ ਹਰਗੋਬਿੰਦਪੁਰ ਤੋਂ ਅਤੇ ਪਿਛਲੀ ਵਾਰ ਕਾਦੀਆਂ ਤੋਂ ਜਿੱਤੇ। ਉਨ੍ਹਾਂ ਨੂੰ ਮਨਿਸਟਰੀਅਲ ਤਜਰਬਾ ਵੀ ਬਹੁਤ ਸੀ। ਉਹ ਇਰੀਗੇਸ਼ਨ ਤੇ ਪਾਵਰ ਮਨਿਸਟਰ ਰਹੇ, ਫਾਇਨਾਂਸ ਵਿਚ ਵੀ ਕੰਮ ਕੀਤਾ ਅਤੇ ਇਨਫਰਮੇਸ਼ਨ ਤੇ ਪਬਲਿਕ ਰਿਲੇਸ਼ਨ ਮਹਿਕਮੇ ਵਿਚ ਵੀ ਬਾਖੂਬੀ ਭੂਮਿਕਾ ਨਿਭਾਈ। ਮੇਰੇ ਨਾਲ ਉਨ੍ਹਾਂ ਦੀ ਜਾਤੀ ਤੌਰ ਤੇ ਨੇੜਤਾ ਸੀ। ਸਾਡਾ ਕਮਰਾ ਨਾਲ ਨਾਲ ਸੀ ਅਤੇ ਇਸ ਕਰਕੇ ਕਈ ਵਾਰ ਮਿਲਦੇ ਰਹਿੰਦੇ ਸੀ। ਉਹ ਸੱਚਮੁੱਚ ਦੇ ਇਨਸਾਨ ਸਨ ਅਤੇ ਰਾਜਨੀਤਿਕ ਪੈਂਤੜੇਬਾਜ਼ੀ ਵਿਚ ਯਕੀਨ ਨਹੀਂ ਰੱਖਦੇ ਸਨ। ਉਨਾਂ ਦੇ ਜਾਣ ਦਾ ਸਾਨੂੰ ਬਹੁਤ ਦੁਖ ਹੈ।

ਸਪੀਕਰ ਸਾਹਿਬ, ਸਾਡੇ ਸਦਨ ਦੇ ਬਹੁਤ ਮਹਾਨ ਨੇਤਾ ਸ਼੍ਰੀ ਸੁਰਿੰਦਰ ਕਪੂਰ ਜੀ ਸਾਡੇ ਤੋਂ ਵਿਛੜ ਗਏ ਹਨ। ਉਹ ਬਠਿੰਡੇ ਤੋਂ ਦੋ ਵਾਰ ਐਮ.ਐਲ.ਏ. ਬਣੇ। ਔਰ ਉਨ੍ਹਾਂ ਨੇ ਵੀ ਪਬਲਿਕ ਹੈਲਥ ਮਨਿਸਟਰ ਦੇ ਤੌਰ ਤੇ, ਟੈਕਨੀਕਲ ਐਜੂਕੇਸ਼ਨ ਮਨਿਸਟਰ ਦੇ ਤੌਰ ਤੇ, ਇਨਫਰਮੇਸ਼ਨ ਤੇ ਪਬਲਿਕ ਰਿਲੇਸ਼ਨ ਦੇ ਨਾਲ ਨਾਲ ਟੂਰਿਜ਼ਮ ਤੇ ਜੇਲ੍ਹ ਮੰਤਰੀ ਦੇ ਪਦ ਨੂੰ ਬਾਖੂਬੀ ਅੰਜ਼ਾਮ ਦਿੱਤਾ ਅਤੇ ਅੱਜ ਵੀ ਪੰਜਾਬ ਵਾਸਤੇ ਉਨ੍ਹਾਂ ਦੀਆਂ ਜੋ ਸੇਵਾਵਾਂ ਸਨ, ਉਹ ਭੁਲਾਈਆਂ ਨਹੀਂ ਜਾ ਸਕਦੀਆਂ। ਉਨ੍ਹਾਂ ਦੇ ਜਾਣ ਨਾਲ ਪੰਜਾਬ ਨੂੰ ਅਤੇ ਪੰਜਾਬ ਦੀ ਕਾਂਗਰਸ ਪਾਰਟੀ ਨੂੰ ਬਹੁਤ ਘਾਟਾ ਪਿਆ ਹੈ।

ਇਸੇ ਤਰ੍ਹਾਂ ਸਾਬਕਾ ਮੰਤਰੀ ਸ਼੍ਰੀ ਸ਼ਿਵ ਚੰਦ ਮਲੋਟ ਲੰਬੀ ਅਤੇ ਮਲੋਟ ਤੋਂ ਦੋ ਵਾਰ ਐਮ.ਐਲ.ਏ. ਚੁਣੇ ਗਏ ਸਨ। ਉਨ੍ਹਾਂ ਨੇ ਰੈਵੇਨਿਊ ਅਤੇ ਵੈਲਫੇਅਰ ਮਨਿਸਟਰ ਦੇ ਤੌਰ ਤੇ ਪੰਜਾਬ ਦੀ ਸੇਵਾ ਕੀਤੀ। ਉਹ ਅੱਜ ਸਾਡੇ ਵਿਚ ਨਹੀਂ ਹਨ। ਉਨ੍ਹਾਂ ਦੀ ਮੌਤ ਨਾਲ ਵੀ ਪੰਜਾਬ ਨੂੰ ਬਹੁਤ ਘਾਟਾ ਮਹਿਸੂਸ ਹੋ ਰਿਹਾ ਹੈ।

ਸ਼੍ਰੀ ਛੁੰਮਣ ਸਿੰਘ, ਸਾਬਕਾ ਐਮ.ਐਲ.ਏ. ਸੀ.ਪੀ.ਆਈ. ਦੇ ਉਘੇ ਲੀਡਰ ਸਨ। ਉਹ 1967 ਵਿਚ ਜਲਾਲਾਬਾਦ ਤੋਂ ਐਮ.ਐਲ.ਏ. ਬਣੇ। ਉਨ੍ਹਾਂ ਦਾ ਆਪਣੇ ਜ਼ਿਲ੍ਹੇ ਦੇ ਵਿਚ ਬਹੁਤ ਅਹਿਮ ਰੋਲ ਰਿਹਾ। ਉਸ ਇਲਾਕੇ ਦੇ ਲੋਕ ਉਨ੍ਹਾਂ ਨੂੰ ਮਸੀਹਾ ਦੇ ਤੌਰ ਤੇ ਜਾਣਦੇ ਸਨ।

ਇਸੇ ਤਰ੍ਹਾਂ ਗੁਰਬਖਸ਼ ਸਿੰਘ ਧਾਲੀਵਾਲ, ਸਾਬਕਾ ਐਮ.ਐਲ.ਏ. ਨਿਹਾਲ ਸਿੰਘ ਵਾਲਾ ਤੋਂ 1962 ਵਿਚ ਚੁਣੇ ਗਏ ਸਨ ਅਤੇ ਉਹ ਸੈਂਟਰਲ ਕੋਆਪ੍ਰੇਟਿਵ ਬੈਂਕ ਦੇ ਡਾਇਰੈਕਟਰ ਵੀ ਰਹੇ ਉਹ ਜਦੋਂ ਬਾਹਰ ਵੀ ਚਲੇ ਗਏ ਤਾਂ ਵੀ ਹਿੰਦੁਸਤਾਨ ਦੀ ਯਾਦਾਸ਼ਤ ਨਹੀਂ ਭੁੱਲੀ। ਹਿੰਦੁਸਤਾਨ ਦੇ ਭਲੇ ਲਈ ਹਿੰਦ-ਅਮਰੀਕਨ ਹੈਰੀਟੇਜ ਫੋਰਮ ਬਣਾ ਕੇ ਉਥੇ ਲੋਕਾਂ ਨੂੰ ਜੋੜਿਆ। ਅਮਰੀਕਾ ਵਿਚ ਹਿੰਦੁਸਤਾਨ ਦੇ ਕਲਚਰ ਨੂੰ ਉਨ੍ਹਾਂ ਨੇ ਪ੍ਰਫੁੱਲਤ ਕਰਵਾਇਆ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਧੰਨਰਾਜ ਸਿੰਘ ਗਿੱਲ, ਸਾਬਕਾ ਐਮ.ਐਲ.ਏ., 1977 ਵਿਚ ਲੁਧਿਆਣਾ ਤੋਂ ਚੁਣੇ ਗਏ। ਉਨ੍ਹਾਂ ਦਾ ਇਸ ਹਾਊਸ ਵਿਚ ਬੜਾ ਵੱਡਾ ਯੋਗਦਾਨ ਰਿਹਾ ਹੈ।

ਇਸੇ ਤਰ੍ਹਾਂ ਇਸ ਹਾਊਸ ਦੇ ਵਿਚ ਐਮ.ਐਲ.ਸੀ. ਦੇ ਤੌਰ ਤੇ ਮਾਸਟਰ ਮਿਲਖੀ ਰਾਮ ਰਤਨ ਰਹੇ ਹਨ। ਉਨ੍ਹਾਂ ਦੀ ਸੇਵਾਵਾਂ ਪੰਜਾਬ ਵਾਸੀਆਂ ਨੇ ਨਹੀਂ ਭੁਲਾਈਆਂ।

ਸਪੀਕਰ ਸਾਹਿਬ, ਸਾਡੇ ਇਸ ਪੰਜਾਬ ਦੀ ਇੱਕ ਹੋਰ ਕੈਟੇਗਰੀ ਜ਼ਿਆਦਾਤਰ ਉਨ੍ਹਾਂ ਲੋਕਾਂ ਦੀ ਸੀ, ਜਿਹੜੀ ਹੁਣ ਹੌਲੀ ਹੌਲੀ ਘਟ ਰਹੀ ਹੈ। ਸਾਡੇ ਆਜ਼ਾਦੀ ਘੁਲਾਟੀਏ ਗਿਆਨੀ ਸੰਤ ਸਿੰਘ ਜੀ, ਰਾਮ ਸਿੰਘ ਜੀ ਟੰਡਨ ਵੀ ਸਦੀਵੀ ਵਿਛੋੜਾ ਦੇ ਗਏ ਹਨ। ਸਪੀਕਰ ਸਾਹਿਬ, ਸਾਡੇ ਦੇਸ਼ ਨੂੰ ਆਜ਼ਾਦ ਕਰਵਾਉਣ ਵਿਚ ਇਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਹੈ। ਇਨ੍ਹਾਂ ਲੋਕਾਂ ਨੇ ਜਿਥੇ ਸਮਾਜ ਦੀ ਸੇਵਾ ਕੀਤੀ, ਉਥੇ ਇੱਕ ਜਨੂਨ ਲੈ ਕੇ ਦੇਸ਼ ਨੂੰ ਆਜ਼ਾਦ ਕਰਵਾਉਣ ਵਿਚ ਉਨ੍ਹਾਂ ਨੇ ਪਰਵਾਹ ਨਹੀਂ ਕੀਤੀ। ਉਹ ਕਿੰਨੀ ਕਿੰਨੀ ਵਾਰ ਜੇਲ੍ਹਾਂ ਵਿਚ ਗਏ, ਜਾਨਾਂ ਵਾਰੀਆਂ, ਫਾਂਸੀਆਂ ਦੇ ਫੰਦਿਆਂ ਤੇ ਵੀ ਚਲੇ ਗਏ। ਸਾਡੇ ਸੁਤੰਤਰਤਾ ਸੰਗਰਾਮੀ ਐਸੇ ਮਹਾਨ ਲੋਕ ਸਨ, ਜਿਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਵਿਚ ਆਪਣਾ ਬਹੁਤ ਵੱਡਾ ਯੋਗਦਾਨ ਪਾਇਆ ਹੈ।

ਸਪੀਕਰ ਸਾਹਿਬ, ਇੱਕ ਤੀਜੀ ਕੈਟੇਗਰੀ ਰਾਜ ਨੇਤਾਵਾਂ ਦੀ ਹੁੰਦੀ ਹੈ, ਜਿਹੜੇ ਕਈ ਵਾਰ ਸਿੱਧੇ ਤੌਰ ਤੇ ਪਬਲਿਕ ਦੇ ਨੁਮਾਇੰਦੇ ਨਹੀਂ ਬਣਦੇ ਪਰ ਉਹ ਐਸੀਆਂ ਨੀਤੀਆਂ ਲੈ ਕੇ ਆਉਂਦੇ ਹਨ ਕਿ ਪਾਰਟੀ ਵਿਚ ਅਤੇ ਸਮਾਜ ਦੇ ਵਿਚ ਉਨ੍ਹਾਂ ਦਾ ਨਾਮ ਆਉਂਦਾ ਹੈ। ਐਸੇ ਹੀ ਸਰਦਾਰ ਅਵਤਾਰ ਸਿੰਘ ਮਲਹੋਤਰਾ ਇੱਕ ਕਮਿਊਨਿਸਟ ਲੀਡਰ ਸਨ। ਕਮਿਊਨਿਸਟ ਪਾਰਟੀ ਦੀ ਸਰਕਾਰ ਵਿਚ ਅਤੇ ਹੋਰ ਬਹੁਤ ਅਹੁਦਿਆਂ ਤੇ ਉਨ੍ਹਾਂ ਨੇ ਆਪਣੀ ਯੋਗਤਾ ਦਿਖਾਈ। ਉਹ ਇੱਕ ਚੰਗੇ ਐਜੂਕੇਸ਼ਨਿਸਟ ਸਨ। ਉਹ ਬਹੁਤ ਅੱਛੇ ਗਠਨਕਾਰ ਸਨ, ਪਲੈਨਰ ਸਨ ਅਤੇ ਇੱਕ ਬਹੁਤ ਚੰਗੇ ਵਿਚਾਰਕ ਸਨ। ਉਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਕਮਿਊਨਿਸਟ ਪਾਰਟੀ ਨੂੰ ਰਿਹਾ ਅਤੇ ਨਾਲ ਨਾਲ ਸਾਡੇ ਸਮਾਜ ਨੂੰ ਵੀ ਰਿਹਾ।

ਸਪੀਕਰ ਸਾਹਿਬ, ਅਸੀਂ ਅੱਜ ਇਥੇ ਜੋ ਆਖਰੀ ਸ਼ਰਧਾਂਜਲੀ ਦੇ ਰਹੇ ਹਾਂ, ਉਹ ਚੀਫ ਜਸਟਿਸ ਰਣਜੀਤ ਸਿੰਘ ਨਰੂਲਾ ਜੀ ਨੂੰ ਹੈ, ਜਿਹੜੇ 1974 ਤੋਂ 1977 ਤੱਕ ਬਤੌਰ ਚੀਫ ਜਸਟਿਸ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਰਹੇ। ਮੈਂ ਉਨ੍ਹਾਂ ਦੀਆਂ ਜੱਜਮੈਂਟਸ ਕਈ ਵਾਰ ਅਦਾਲਤਾਂ ਵਿਚ ਪੇਸ਼ ਕੀਤੀਆਂ ਹਨ ਅਤੇ ਪੜ੍ਹੀਆਂ ਵੀ ਹਨ। ਉਨ੍ਹਾਂ ਨੇ ਐਸੀਆਂ ਕੰਪੈਕਟ ਜੱਜਮੈਂਟਸ ਬਣਾਈਆਂ ਸਨ ਕਿ ਉਸ ਦੇ ਵਿਚ ਕੋਈ ਘਾਟ ਨਹੀਂ ਲਗਦੀ ਸੀ ਅਤੇ ਉਨ੍ਹਾਂ ਦੀ ਡਬਲ ਇੰਟਰਪਟੇਸ਼ਨ ਨਹੀਂ ਹੁੰਦੀ ਸੀ। ਉਹ ਇੱਕ ਬੜੇ ਸਫਲ ਜੁਡੀਸ਼ੀਅਲ ਵਿਚਾਰਾਂ ਦੇ ਅਤੇ ਜੁਡੀਸ਼ੀਅਲ ਮਾਈਂਡ ਦੇ ਹਾਈ ਕੋਰਟ ਦੇ ਜੱਜ ਰਹੇ ਹਨ। ਸਪੀਕਰ ਸਾਹਿਬ, ਉਨ੍ਹਾਂ ਦੀ ਨਿਰਪੱਖਤਾ, ਉਨ੍ਹਾਂ ਦੀ ਮਿਹਨਤ, ਉਨ੍ਹਾਂ ਦੀ ਲਿਆਕਤ ਨੂੰ ਧਿਆਨ ਵਿਚ ਰਖਦੇ ਹੋਏ ਉਨ੍ਹਾਂ ਨੂੰ ਹਮੇਸ਼ਾ ਕਿਸੇ ਚੰਗੇ ਕਮਿਸ਼ਨ, ਜਿਥੇ ਬਹੁਤ ਲਾਇਕ ਅਤੇ ਯੋਗ ਵਿਅੱਕਤੀਆਂ ਦੀ ਲੋੜ ਹੋਵੇ, ਉਥੇ ਉਨ੍ਹਾਂ ਨੂੰ ਸੇਵਾਵਾਂ ਦਿੱਤੀਆਂ ਗਈਆਂ। ਜੋ 1984 ਦੇ ਐਂਟੀ ਸਿੱਖ ਰਾਈਟਸ ਸਬੰਧੀ ਕਮਿਸ਼ਨ ਬਣਾਇਆ ਗਿਆ ਸੀ ਉਸ ਦੀ ਉਨ੍ਹਾਂ ਨੂੰ ਬਤੌਰ ਚੇਅਰਮੈਨ ਦੇ ਇਨਕੁਆਰੀ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ। ਉਹ ਬੜੇ ਵੱਡੇ ਐਜੂਕੇਸ਼ਨਿਸਟ ਸਨ ਔਰ ਬਹੁਤ ਧਾਰਮਿਕ ਵਿਚਾਰਾਂ ਦੇ ਸਨ। ਉਹ ਕਲਚਰਲ ਅਤੇ

Original with;
Punjab Vidhan Sabha
Digitized by;
Panjab Digital Library

[ ਸ਼੍ਰੀ ਤਿਕਸ਼ਨ ਸੂਦ ]

ਐਜੂਕੇਸ਼ਨਲ ਸੁਸਾਇਟੀਆਂ ਦੇ ਮੈਂਬਰ ਵੀ ਸਨ ਅਤੇ ਉਨ੍ਹਾਂ ਨੇ ਇਥੋਂ ਤੱਕ ਕਿ ਜਿਹੜੀਆਂ ਸਿੱਖ ਗੁਰਦੁਆਰਾ ਐਕਟ ਦੀਆਂ ਸੋਧਾਂ ਸਨ ਉਨ੍ਹਾਂ ਬਾਰੇ ਵੀ ਉਨ੍ਹਾਂ ਨੇ ਨੈਸ਼ਨਲ ਕਮਿਸ਼ਨ ਮਿਜਾਰਿਟੀ ਸਟੱਡੀਜ਼ ਗੁਰੱਪ ਵਜੋਂ ਪਰਪੋਜ਼ਲਾਂ ਦਿੱਤੀਆਂ। ਸਪੀਕਰ ਸਾਹਿਬ, ਉਨ੍ਹਾਂ ਦੇ ਚਲੇ ਜਾਣ ਨਾਲ ਜਿਹੜੀ ਸਾਡੀ ਪੰਜਾਬ ਦੀ ਜੁਡੀਸ਼ਰੀ ਹੈ, ਉਸ ਨੂੰ ਬਹੁਤ ਵੱਡਾ ਘਾਟਾ ਪਿਆ ਹੈ ਔਰ ਉਨ੍ਹਾਂ ਦੇ ਲਈ ਬਹੁਤ ਵੱਡਾ ਵੈਕਿਊਮ ਕਰੀਏਟ ਹੋਇਆ ਹੈ। ਉਹ ਬਹੁਤ ਵਧੀਆ ਇਨਸਾਨ ਸਨ। ਇਸ ਦੇ ਨਾਲ ਨਾਲ ਉਹ ਇਨਸਾਫ਼ ਦੇਣ ਵਾਲੇ ਇਨਸਾਨ ਸਨ। ਅੱਜ ਅਸੀਂ ਉਸ ਇਨਸਾਫ ਦੇਣ ਦੇ ਲਾਇਕ ਪੁਤਲੇ ਨੂੰ ਗਵਾ ਬੈਠੇ ਹਾਂ। ਸਪੀਕਰ ਸਾਹਿਬ, ਇਸ ਦੇ ਨਾਲ ਹੀ ਮੈਂ, ਜੋ ਬਾਦਲ ਸਾਹਿਬ ਨੇ ਵੀ ਫ਼ੁਰਮਾਇਆ ਹੈ ਕਿ ਕੁਝ ਅਜਿਹੇ ਮਹਾਨ ਲੋਕ ਹੁੰਦੇ ਹਨ ਜਿਨ੍ਹਾਂ ਨੂੰ ਅਸੀਂ ਸ਼ਰਧਾਂਜਲੀਆਂ ਦੇ ਦਿੰਦੇ ਹਾਂ ਪਰੰਤੂ ਜਦੋਂ ਉਹ ਆਪਣੀ ਆਖਰੀ ਜ਼ਿੰਦਗੀ ਬਤੀਤ ਕਰਦੇ ਹਨ ਉਨ੍ਹਾਂ ਵੱਲ ਨਾ ਹੀ ਸਰਕਾਰ ਵਲੋਂ ਅਤੇ ਨਾ ਹੀ ਸਾਡਾ ਸਮਾਜ ਧਿਆਨ ਦਿੰਦਾ ਹੈ ਅਤੇ ਉਹ ਆਪਣੀ ਆਖਰੀ ਜ਼ਿੰਦਗੀ ਬਹੁਤ ਮਾੜੀ ਹਾਲਤ ਵਿਚ ਗੁਜ਼ਾਰ ਰਹੇ ਹੁੰਦੇ ਹਨ ਉਸ ਵੇਲੇ ਉਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੁੰਦੀ ਹੈ। ਜੋ ਬਾਦਲ ਸਾਹਿਬ ਨੇ ਫ਼ੁਰਮਾਇਆ ਹੈ ਕਿ ਉਨ੍ਹਾਂ ਦੇ ਅਜਿਹੇ ਸਮੇਂ ਵੇਲੇ ਸਰਕਾਰ ਵਲੋਂ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਮੈਂ ਵੀ ਇਸ ਦੇ ਨਾਲ ਸਹਿਮਤ ਹਾਂ ਕਿ ਇਸ ਤਰ੍ਹਾਂ ਦੀਆਂ ਜਿਹੜੀਆਂ ਸ਼ਖਸੀਅਤਾਂ ਹੁੰਦੀਆਂ ਹਨ ਉਨ੍ਹਾਂ ਦੇ ਆਖਰੀ ਸਮੇਂ ਵੇਲੇ ਸਰਕਾਰ ਨੂੰ ਜ਼ਰੂਰ ਧਿਆਨ ਦੇਣ ਲਈ ਕਦਮ ਚੁੱਕੇ ਜਾਣੇ ਚਾਹੀਦੇ ਹਨ ਤਾਂਕਿ ਸਾਨੂੰ ਬਾਅਦ ਦੇ ਵਿਚ ਕੋਈ ਐਸਾ ਪਛਤਾਵਾ ਨਾ ਹੋਵੇ। ਮੈਂ, ਸਪੀਕਰ ਸਾਹਿਬ, ਇਸ ਦੇ ਨਾਲ ਨਾਲ ਇਕ ਹੋਰ ਵੀ ਬੇਨਤੀ ਕਰਨੀ ਚਾਹਾਂਗਾ ਕਿ ਜਿਹੜੀਆਂ ਅਜਿਹੀਆਂ ਸ਼ਖਸੀਅਤਾਂ ਹੁੰਦੀਆਂ ਹਨ, ਸਾਡੀ ਕਮਿਊਨਿਟੀ ਦੀ ਪੂੰਜੀ ਹੁੰਦੀਆਂ ਹਨ ਉਨ੍ਹਾਂ ਲੋਕਾਂ ਦੀਆਂ ਜੀਵਨੀਆਂ ਬਾਰੇ ਜ਼ਿਕਰ ਹੁੰਦਾ ਹੈ, ਉਨ੍ਹਾਂ ਵਲੋਂ ਜਿਹੜੇ ਕੰਮ ਕਾਰ ਕੀਤੇ ਹੁੰਦੇ ਹਨ ਔਰ ਅਸੀਂ ਉਨ੍ਹਾਂ ਦੇ ਕੀਤੇ ਹੋਏ ਕੰਮਾਂ ਤੋਂ ਸੇਧ ਲੈ ਕੇ, ਉਨ੍ਹਾਂ ਦੇ ਤਜਰਬੇ ਤੋਂ ਫਾਇਦਾ ਹਾਸਲ ਕਰਕੇ ਅਸੀਂ ਇੱਥੋਂ ਤੱਕ ਪਹੁੰਚੇ ਹਾਂ। ਜਿਸ ਤਰ੍ਹਾਂ ਸਾਡੇ ਇੱਥੇ ਹੂ-ਇਜ਼-ਹੂ ਬਾਰੇ ਕੰਪੈਂਡੀਅਮ ਬਣਾ ਦਿੰਦੇ ਹਾਂ ਤਾਂ ਮੈਂ ਸਮਝਦਾ ਹਾਂ ਕਿ ਸਾਨੂੰ ਅਜਿਹੀਆਂ ਮਹਾਨ ਸਖਸ਼ੀਅਤਾਂ ਜਿਹੜੀਆਂ ਹੋਣ, ਉਨ੍ਹਾਂ ਦੀਆਂ ਜੀਵਨੀਆਂ, ਕੰਮਾਂ-ਕਾਰਾਂ ਬਾਰੇ ਕੰਪਾਈਲ ਕਰਕੇ ਰੱਖਣਾ ਚਾਹੀਦਾ ਹੈ ਤਾਂ ਕਿ ਆਉਣ ਵਾਲੇ ਸਮੇਂ ਦੇ ਵਿਚ ਜੇਕਰ ਕੋਈ ਰੈਫਰੈਂਸ ਲੈਣਾ ਹੋਵੇ ਜਾਂ ਕੋਈ ਵੀ ਗਾਈਡੈਂਸ ਲੈਣੀ ਹੋਵੇ ਤਾਂ ਸਾਨੂੰ ਉਸ ਤੋਂ ਸੇਧ ਮਿਲ ਸਕੇ। ਮੈਂ, ਸਪੀਕਰ ਸਾਹਿਬ, ਇਤਨਾ ਕਹਿੰਦਾ ਹੋਇਆ, ਇਨ੍ਹਾਂ ਸਾਰੀਆਂ ਮਹਾਨ ਆਤਮਾਵਾਂ ਦੇ ਚਰਨਾਂ ਵਿਚ ਆਪਣੇ ਵਲੋਂ, ਆਪਣੀ ਪਾਰਟੀ ਵਲੋਂ ਸ਼ਰਧਾਂਜਲੀ ਦੇ ਫੁੱਲ ਭੇਂਟ ਕਰਦਾ ਹਾਂ ਔਰ ਜੋ ਸ਼ੋਕ ਦੇ ਮਤੇ ਹਨ ਇਹ ਉਨ੍ਹਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣ। ਮੈਂ, ਜੋ ਡਿਪਟੀ ਚੀਫ਼ ਮਨਿਸਟਰ ਸਾਹਿਬਾ ਵਲੋਂ ਪ੍ਰਸਤਾਵ ਪੇਸ਼ ਕੀਤਾ ਗਿਆ ਹੈ ਅਤੇ ਬਾਦਲ ਸਾਹਿਬ ਨੇ ਉਸ ਦੀ ਪ੍ਰੋੜਤਾ ਕੀਤੀ ਹੈ, ਮੈਂ ਵੀ ਉਸ ਦੀ ਪ੍ਰੋੜਤਾ ਕਰਦਾ ਹੋਇਆ ਆਪਣੀ ਜਗ੍ਹਾ ਲੈਂਦਾ ਹਾਂ। ਧੰਨਵਾਦ।

**ਸਰਦਾਰ ਸੁੱਚਾ ਸਿੰਘ ਛੋਟੇਪੁਰ (ਧਾਰੀਵਾਲ)** : ਸਪੀਕਰ ਸਾਹਿਬ, ਪਿਛਲੇ ਸੈਸ਼ਨ ਤੋਂ ਬਾਅਦ ਦੇਸ਼ ਵਿਚੋਂ ਅਤੇ ਸੂਬੇ ਵਿਚੋਂ ਬਹੁਤ ਸਾਰੀਆਂ ਨਾਮਵਰ ਸ਼ਖਸੀਅਤਾਂ, ਸਿਆਸਤਦਾਨ ਸਾਡੇ ਕੋਲੋਂ ਖੁਸ ਗਏ ਹਨ, ਕੁਝ ਸੁਤੰਤਰਤਾ ਸੰਗਰਾਮੀ ਵੀ ਅਕਾਲ ਚਲਾਣਾ ਕਰ ਗਏ ਹਨ ਅਤੇ ਕੁਝ ਉੱਘੇ ਕਾਨੂੰਨਦਾਨ ਵੀ ਸਾਡੇ ਕੋਲੋਂ ਖੁਸ ਗਏ ਹਨ,

Original with;
Punjab Vidhan Sabha
Digitized by;
Panjab Digital Library

ਜਿਨ੍ਹਾਂ ਨੇ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ, ਵੱਖ ਵੱਖ ਫੀਲਡਾਂ ਵਿਚ, ਆਪਣੇ ਆਪਣੇ ਸਮੇਂ ਵਿਚ ਮਹਾਨ ਸੇਵਾ ਕੀਤੀ ਹੈ ਉਨ੍ਹਾਂ ਸਾਰਿਆਂ ਨੂੰ ਅੱਜ ਹਾਊਸ ਵਿਚ ਸਾਰੀਆਂ ਪਾਰਟੀਆਂ ਸ਼ਰਧਾਂਜਲੀ ਭੇਂਟ ਕਰ ਰਹੀਆਂ ਹਨ। ਸਭ ਤੋਂ ਪਹਿਲਾਂ ਸ਼੍ਰੀ ਸੁਨੀਲ ਦੱਤ ਜੀ ਦਾ ਜ਼ਿਕਰ ਆਇਆ ਹੈ ਜਿਹੜੇ ਕਿ 5 ਵਾਰੀ ਮੁੰਬਈ ਤੋਂ ਐਮ.ਪੀ. ਰਹੇ ਹਨ, ਸੈਂਟਰ ਦੇ ਵਿਚ ਮਨਿਸਟਰ ਰਹੇ। ਬਹੁਤ ਵੱਡੇ ਕਲਾਕਾਰ ਸਨ, ਐਕਟਰ ਸਨ, ਪ੍ਰੋਡਿਊਸਰ ਅਤੇ ਡਾਇਰੈਕਟਰ ਸਨ। ਫਿਲਮ ਜਗਤ ਦੀ ਜਾਣੀ ਮਾਣੀ ਸ਼ਖਸੀਅਤ ਸਨ ਉਨ੍ਹਾਂ ਦੇ ਚਲੇ ਜਾਣ ਨਾਲ ਜਿਥੇ ਫਿਲਮ ਜਗਤ ਨੂੰ ਘਾਟਾ ਪਿਆ ਹੈ ਉਥੇ ਇੱਕ ਚੰਗਾ ਸਿਆਸਤਦਾਨ ਹੋਣ ਦੇ ਨਾਤੇ, ਰਾਜਸੀ ਖੇਤਰ ਵਿਚ ਵੀ ਘਾਟਾ ਪਿਆ ਹੈ। ਉਸ ਸਿਆਸਤਦਾਨ ਨੇ ਪੰਜਾਬ ਦੇ ਵਿਚ ਔਖੇ ਸਮੇਂ ਦੇ ਵਿਚ ਪਦ-ਯਾਤਰਾਵਾਂ, ਅਮਨ-ਮਾਰਚਾਂ ਕੀਤੀਆਂ। ਉਹ ਪੰਜਾਬ ਪ੍ਰਤੀ ਦਿਲੋਂ ਹਮਦਰਦੀ ਵਾਲੇ ਇਨਸਾਨ ਸਨ, ਉਨ੍ਹਾਂ ਦੇ ਚਲੇ ਜਾਣ ਦਾ ਬਹੁਤ ਦੁਖ ਹੈ। ਸਪੀਕਰ ਸਾਹਿਬ, ਉਨ੍ਹਾਂ ਨੇ ਆਪਣੇ ਜੀਵਨ ਵਿਚ ਕਈ ਨਵੀਆਂ ਗੱਲਾਂ ਕੀਤੀਆਂ ਅਤੇ ਫਿਲਮੀ ਖੇਤਰ ਵਿਚ ਉਨ੍ਹਾਂ ਦੀਆਂ ਕਈ ਫਿਲਮਾਂ ਪਾਪੂਲਰ ਹੋਈਆਂ ਜਿਨ੍ਹਾਂ ਕਰਕੇ ਉਨ੍ਹਾਂ ਨੂੰ ਇਸ ਦੇਸ਼ ਦੇ ਲੋਕ ਲੰਮੇ ਸਮੇਂ ਤੱਕ ਯਾਦ ਕਰਨਗੇ। ਉਨ੍ਹਾਂ ਨੇ ਸਿਆਸਤ ਦੇ ਪਿੜ ਵਿਚ ਆ ਕੇ ਸਾਡੀ ਅਗਵਾਈ ਕੀਤੀ, ਚੰਗੀਆਂ ਗੱਲਾਂ ਪਾਲੀਟੀਸ਼ਨਾਂ ਨੂੰ ਦੱਸੀਆਂ। ਸਪੀਕਰ ਸਾਹਿਬ, ਉਨ੍ਹਾਂ ਦੇ ਬੇਟੇ ਸ਼੍ਰੀ ਸੰਜੇ ਦੱਤ ਕੋਲੋਂ ਅਸਾਲਟ ਫੜ੍ਹੀ ਗਈ। ਉਹ ਐਮ.ਪੀ. ਸਨ ਪਰ ਉਨ੍ਹਾਂ ਨੇ ਕੋਈ ਵਾਵੇਲਾ ਨਹੀਂ ਕੀਤਾ। ਅਸੀਂ ਪਾਲੀਟੀਸ਼ਨ ਆਪਣਾ ਬੱਚਾ ਸੱਚਾ ਫਸੇ, ਚਾਹੇ ਝੂਠਾ ਫਸੇ, ਉਸ ਵਾਸਤੇ ਉਪਰਾਲੇ ਕਰਦੇ ਹਾਂ। ਪਰ ਉਸ ਨੇ ਮਿਸਾਲ ਪੈਦਾ ਕੀਤੀ, ਇਕ ਵਾਰ ਇਲੈਕਸ਼ਨ ਡਰਾਪ ਕੀਤੀ। ਉਨ੍ਹਾਂ ਨੇ ਉਦੋਂ ਤੱਕ ਇਲੈਕਸ਼ਨ ਨਹੀਂ ਲੜੀ ਜਦ ਤੱਕ ਉਨ੍ਹਾਂ ਦਾ ਬੇਟਾ ਇਸ ਕੇਸ ਵਿਚੋਂ ਬਰੀ ਨਹੀਂ ਹੋ ਗਿਆ। ਇਹ ਬਹੁਤ ਵੱਡੀ ਮਿਸਾਲ ਹੈ। ਦੇਸ਼ ਦੇ ਪਾਲੀਟੀਸ਼ਨਾਂ ਵਾਸਤੇ, ਐਸਾ ਨੇਕ ਇਨਸਾਨ ਜਿਨ੍ਹਾਂ ਦੇ ਜਾਣ ਨਾਲ ਸਾਰੀ ਸੁਸਾਇਟੀ, ਸਾਰੇ ਦੇਸ਼ ਨੂੰ ਬਹੁਤ ਵੱਡਾ ਘਾਟਾ ਪਿਆ ਹੈ।

ਸਪੀਕਰ ਸਾਹਿਬ, ਦੂਸਰਾ ਜ਼ਿਕਰ ਆਇਆ ਹੈ ਸਰਦਾਰ ਨੱਥਾ ਸਿੰਘ ਦਾਲਮ ਦਾ, ਉਹ ਮੇਰੇ ਜ਼ਿਲ੍ਹੇ ਨਾਲ ਸਬੰਧਤ ਸਨ। ਉਨ੍ਹਾਂ ਨੇ ਸਭ ਤੋਂ ਪਹਿਲਾਂ ਸੁਤੰਤਰ ਪਾਰਟੀ ਵਿਚ ਕੰਮ ਕੀਤਾ। ਉਸ ਤੋਂ ਬਾਅਦ ਸਰਦਾਰ ਲਛਮਣ ਸਿੰਘ ਗਿੱਲ ਦੀ ਵਜ਼ਾਰਤ ਵਿਚ ਮੰਤਰੀ ਰਹੇ ਅਤੇ ਪੰਜਾਬ ਨੂੰ ਡਿਵੈਲਪਮੈਂਟ ਦੇ ਰਸਤੇ ਤੇ ਤੋਰਨ ਵਿਚ ਉਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਸੀ। ਸੜਕਾਂ ਬਣਨੀਆਂ ਸ਼ੁਰੂ ਹੋਈਆਂ, ਬਿਜਲੀ ਪਿੰਡਾਂ ਨੂੰ ਮਿਲੀ ਅਤੇ ਪੰਜਾਬੀ ਲਾਗੂ ਕੀਤੀ ਗਈ। ਉਸ ਸਮੇਂ ਵਿਚ ਇਹ ਇਤਿਹਾਸਕ ਰੋਲ ਇਨ੍ਹਾਂ ਲੋਕਾਂ ਦਾ ਹੈ। ਸਪੀਕਰ ਸਾਹਿਬ, ਉਨ੍ਹਾਂ ਨੇ ਨੇਵੀ ਵਿਚ ਵੀ ਸਰਵਿਸ ਕੀਤੀ, ਪਿੰਡ ਦੇ ਸਰਪੰਚ ਰਹੇ, ਕਈ ਵਿਦਿਅਕ ਅਦਾਰਿਆਂ ਦੇ ਮੁਖੀ ਰਹੇ। ਐਸੇ ਸੱਜਣ ਦੇ ਜਾਣ ਦਾ ਸਾਨੂੰ ਸਭ ਨੂੰ ਬਹੁਤ ਦੁਖ ਹੈ।

ਸ਼੍ਰੀ ਸੁਰਿੰਦਰ ਕਪੂਰ ਜੀ ਦਾ ਜ਼ਿਕਰ ਆਇਆ ਹੈ। ਉਹ ਐਮ.ਐਲ.ਏ. ਅਤੇ ਮਨਿਸਟਰ ਰਹੇ। ਅਸੀਂ ਕਿੰਨੇ ਐਮ.ਐਲ.ਏ., ਮਨਿਸਟਰਾਂ ਨੂੰ ਜਾਣਦੇ ਹਾਂ ਪਰ ਮੇਰੇ ਮਨ ਵਿਚ ਉਨ੍ਹਾਂ ਵਾਸਤੇ ਸਤਿਕਾਰ ਹੋਰ ਵੀ ਵਧ ਗਿਆ ਹੈ ਜਦੋਂ ਬੀਬੀ ਜੀ, ਡਿਪਟੀ ਚੀਫ਼ ਮਨਿਸਟਰ ਸਾਹਿਬਾ ਨੇ ਦੱਸਿਆ ਕਿ ਉਨ੍ਹਾਂ ਦੇ ਪਰਿਵਾਰ ਦੀ ਦੇਸ਼ ਵਾਸਤੇ ਬੜੀ ਵੱਡੀ ਘਾਲਣਾ ਸੀ, ਸਮਾਜ ਵਾਸਤੇ ਵੱਡੀ ਘਾਲਣਾ ਸੀ। ਬਾਦਲ ਸਾਹਿਬ ਨੇ ਜ਼ਿਕਰ ਕੀਤਾ ਹੈ ਕਿ ਜਦੋਂ ਉਹ ਵਜ਼ੀਰ ਸਨ ਉਨ੍ਹਾਂ ਦੇ ਪਿਤਾ ਜੀ ਅਖਬਾਰਾਂ ਵੇਚਦੇ ਸੀ, ਆਪਣਾ ਕਾਰੋਬਾਰ ਕਰਦੇ ਸੀ

Original with;
Punjab Vidhan Sabha
Digitized by;
Panjab Digital Library

[ ਸਰਦਾਰ ਸੁੱਚਾ ਸਿੰਘ ਛੋਟੇਪੁਰ ]

ਅਤੇ ਆਖਰ ਤੱਕ ਉਸੇ ਘਰ ਵਿਚ ਰਹਿੰਦੇ ਰਹੇ। ਮੇਰਾ ਖਿਆਲ ਹੈ ਕਿ ਇਸ ਤੋਂ ਸਾਨੂੰ ਸਾਰਿਆਂ ਨੂੰ ਸਬਕ ਸਿੱਖਣਾ ਚਾਹੀਦਾ ਹੈ, ਇਹ ਬਹੁਤ ਵੱਡੀ ਗੱਲ ਹੈ। ਇਸ ਪੱਧਰ ਦਾ ਪਾਲੀਟੀਸ਼ਨ ਸਾਡੇ ਤੋਂ ਖੁੱਸਿਆ ਹੈ ਤਾਂ ਵਾਕਿਆ ਹੀ ਸੂਬੇ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਬੇਵਕਤ ਮੌਤ ਤੋਂ ਤਾਂ ਘਾਟਾ ਪਿਆ ਹੀ ਹੈ ਕਿਉਂਕਿ ਜ਼ਿੰਦਗੀ ਮੌਤ ਤਾਂ ਰੱਬ ਦੇ ਹੱਥ ਹੈ। ਜਿਹੜਾ ਪਾਲੀਟੀਸ਼ਨ ਪਾਲੀਟਿਕਸ ਵਿਚ ਆਉਣ ਤੋਂ ਬਾਅਦ ਉਸੇ ਘਰ ਵਿਚ ਰਹੇ ਅਤੇ ਉਸ ਦੇ ਪਿਤਾ ਜੀ ਉਹੀ ਧੰਦਾ ਕਰਦੇ ਰਹੇ, ਵਾਕਿਆ ਹੀ ਉਹ ਬੰਦਾ ਸ਼ਰਧਾਂਜ਼ਲੀ ਦੇ ਕਾਬਲ ਹੈ।

ਸ਼੍ਰੀ ਸ਼ਿਵ ਚੰਦ ਜੀ, ਮਲੋਟ ਤੋਂ ਜਿਹੜੇ ਸਾਡੇ ਨਾਲ 1985 ਵਿਚ ਐਮ.ਐਲ.ਏ. ਸਨ, ਉਹ ਦਲਿਤ ਪਰਿਵਾਰ ਨਾਲ ਸਬੰਧਤ ਸਨ। ਸਪੀਕਰ ਸਾਹਿਬ, ਉਹ ਸਿਆਣੇ ਬੰਦੇ ਸਨ, ਪੜ੍ਹੇ ਲਿਖੇ ਸਨ, ਦਲਿਤ ਪਰਿਵਾਰ ਵਿਚ ਪੜ੍ਹਿਆ ਲਿਖਿਆ ਬੰਦਾ ਹੋਣਾ ਉਸ ਵੇਲੇ ਬਹੁਤ ਵੱਡੀ ਗੱਲ ਸੀ। ਉਹ ਬੜੇ ਨੇਕ ਇਨਸਾਨ ਸਨ, ਮਿਲਣਸਾਰ ਸਨ, ਡਿਵੈਲਪਮੈਂਟ ਵਿਚ ਉਨ੍ਹਾਂ ਦੀ ਰੁਚੀ ਸੀ। ਐਸੇ ਸੱਜਣ ਦੇ ਜਾਣ ਦਾ ਸਾਡੇ ਸੂਬੇ ਨੂੰ ਬਹੁਤ ਵੱਡਾ ਘਾਟਾ ਪਿਆ ਹੈ, ਪਰਿਵਾਰ ਨੂੰ ਤਾਂ ਘਾਟਾ ਪੈਂਦਾ ਹੀ ਹੈ। ਚੰਗਾ ਬੰਦਾ ਜਦੋਂ ਸੁਸਾਇਟੀ ਵਿਚੋਂ ਜਾਂਦਾ ਹੈ ਉਸ ਦਾ ਸਾਰੀ ਸੁਸਾਇਟੀ ਨੂੰ ਘਾਟਾ ਪੈਂਦਾ ਹੈ।

ਸ਼੍ਰੀ ਫੁੰਮਣ ਸਿੰਘ, ਸ਼੍ਰੀ ਗੁਰਬਖਸ਼ ਸਿੰਘ ਜਿਨ੍ਹਾਂ ਦਾ ਜ਼ਿਕਰ ਕੀਤਾ ਗਿਆ ਹੈ ਇਨ੍ਹਾਂ ਦੋਹਾਂ ਦਾ ਜਨਮ ਪਾਕਿਸਤਾਨ ਵਿਚ ਹੋਇਆ ਸੀ। ਮੈਂ ਸਮਝਦਾ ਹਾਂ ਕਿ ਪੁਰਾਣੇ ਪਾਲੀਟੀਸ਼ਨ, ਜਿਨ੍ਹਾਂ ਨੂੰ ਅਸੀਂ ਨਹੀਂ ਜਾਣਦੇ ਪਰ ਉਨ੍ਹਾਂ ਬਾਰੇ ਅੱਖਾਂ ਮੀਟ ਕੇ ਕਹਿ ਸਕਦੇ ਹਾਂ ਕਿ ਉਹ ਬਹੁਤ ਦਿਆਨਤਦਾਰ ਹੋਣਗੇ, ਚੰਗੇ ਬੰਦੇ ਹੋਣਗੇ, ਸਿਆਸਤ ਵਿਚ ਸੇਵਾ ਵਾਸਤੇ ਆਏ ਹੋਣਗੇ। ਐਸੇ ਸੱਜਣਾ ਦੇ ਜਾਣ ਦਾ ਸਾਨੂੰ ਬਹੁਤ ਦੁੱਖ ਹੈ। ਜਿਨ੍ਹਾਂ ਕੋਲ ਜ਼ਿੰਦਗੀ ਦਾ ਭਰਪੂਰ ਤਜਰਬਾ ਸੀ, ਜਿਨ੍ਹਾਂ ਤੋਂ ਸਮਾਜ ਨੂੰ ਗਾਈਡ ਲਾਈਨ ਮਿਲਦੀ ਸੀ, ਐਸੇ ਸੱਜਣਾਂ ਦੇ ਜਾਣ ਦਾ ਸਾਨੂੰ ਬਹੁਤ ਦੁਖ ਹੈ।

ਸਪੀਕਰ ਸਾਹਿਬ, ਸਰਦਾਰ ਧੰਨਰਾਜ ਸਿੰਘ ਗਿੱਲ, ਜੋ ਲੁਧਿਆਣਾ ਦਿਹਾਤੀ ਤੋਂ ਐਮ.ਐਲ.ਏ. ਬਣੇ ਸਨ, ਉਹ ਸਿੱਖ ਨੈਸ਼ਨਲ ਕਾਲਜ ਲਾਹੌਰ ਤੋਂ ਪੜ੍ਹੇ ਹੋਏ ਸਨ ਅਤੇ ਗੌਰਮਿੰਟ ਕਾਲਜ, ਲੁਧਿਆਣਾ ਤੋਂ ਵੀ ਪੜ੍ਹੇ ਸਨ। ਸਪੀਕਰ ਸਾਹਿਬ, ਬਹੁਤ ਲੰਬਾ ਸਮਾਂ ਉਹ ਪਿੰਡ ਦੇ ਸਰਪੰਚ ਰਹੇ ਅਤੇ ਪੰਚਾਇਤ ਸੰਮਤੀ, ਲੁਧਿਆਣਾ ਦੇ ਮੈਂਬਰ ਵੀ ਰਹੇ। ਉਹ ਸਾਹਨੇਵਾਲ ਮਾਰਕੀਟ ਕਮੇਟੀ ਦੇ ਚੇਅਰਮੈਨ ਵੀ ਰਹੇ। ਉਨ੍ਹਾਂ ਨੇ ਆਪਣੇ ਹਲਕੇ ਵਿਚ ਬਹੁਤ ਡਿਵੈਲਪਮੈਂਟ ਕਰਵਾਈ। ਉਨ੍ਹਾਂ ਨੇ ਕਈ ਸਕੂਲ ਆਪਣੇ ਹਲਕੇ ਵਿਚ ਬੱਚਿਆਂ ਨੂੰ ਚੰਗੀ ਤਾਲੀਮ ਦੇਣ ਵਾਸਤੇ ਖੋਲ੍ਹੇ, ਜਿਨ੍ਹਾਂ ਦੇ ਉਹ ਆਖਰੀ ਦਮ ਤੱਕ ਮੁੱਖੀ ਰਹੇ। ਸਪੀਕਰ ਸਾਹਿਬ, ਬਹੁਤ ਘੱਟ ਪਾਲੇਟੀਸ਼ੀਅਨ ਹੁੰਦੇ ਹਨ ਜਿਹੜੇ ਕਿ ਕਿਸੇ ਸਟੇਜ ਤੇ ਜਾ ਕੇ ਸਬਰ ਕਰਦੇ ਹਨ। ਉਹ ਬੜੇ ਹੀ ਖੁਦਦਾਰ ਵਿਅਕਤੀ ਹੋਏ ਹਨ। ਉਹ ਜਦੋਂ ਥੋੜ੍ਹੇ ਜਿਹੇ ਵੀ ਲੋਕ ਸੇਵਾ ਤੋਂ ਪਿਛੇ ਹਟੇ ਤਾਂ ਉਨ੍ਹਾਂ ਨੇ ਕਦੇ ਵੀ ਕਿਸੇ ਤੱਕ ਜਾ ਕੇ ਟਿਕਟ ਵਾਸਤੇ ਤਰਲਾ ਨਹੀਂ ਮਾਰਿਆ। ਉਹ ਬਹੁਤ ਹੀ ਅੱਛੇ ਇਨਸਾਨ ਸਨ। ਐਸੇ ਇਨਸਾਨ ਦਾ ਵਿਛੜ ਜਾਣ ਦਾ ਸਾਨੂੰ ਸਭ ਨੂੰ ਬਹੁਤ ਦੁਖ ਹੈ।

ਮਾਸਟਰ ਮਿਲਖੀ ਰਾਮ ਰਤਨ ਜੀ, ਜਿਹੜੇ ਕਿ ਐਮ.ਐਲ.ਸੀ. ਰਹੇ, ਉਹ ਪੁਰਾਣੇ ਬੰਦੇ ਸਨ। ਬਾਦਲ ਸਾਹਿਬ ਅਤੇ ਬੀਬੀ ਜੀ ਨੇ ਜਿਹੜੇ ਕਿ ਉਨ੍ਹਾਂ ਨੂੰ ਜਾਣਦੇ ਸਨ, ਉਨ੍ਹਾਂ

Original with;
Punjab Vidhan Sabha
Digitized by;
Panjab Digital Library

ਨੇ ਉਨ੍ਹਾਂ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਨੇ ਵੀ ਆਪਣਾ ਸਮਾਂ ਬੜੀ ਦਿਆਨਤਦਾਰੀ ਨਾਲ ਸੇਵਾ ਕਰਦਿਆਂ ਨਿਭਾਇਆ। ਕੋਈ ਸਮਾਂ ਆਵੇਗਾ ਜਦੋਂ ਸਾਡੇ ਕੋਲ ਇਹ ਲਫਜ਼ ਕਹਿਣ ਲਈ ਬੜਾ ਘੱਟ ਹੋਵੇਗਾ। ਉਹ ਪੁਰਾਣੇ ਪਾਲੇਟੀਸ਼ੀਅਨ ਸਨ, ਜਿਨ੍ਹਾਂ ਨੂੰ ਅਸੀਂ ਦਿਆਨਤਦਾਰ ਕਹਿ ਸਕਦੇ ਹਾਂ। ਉਹ ਐਸੇ ਮਹਾਨ ਬੰਦੇ ਸਨ ਜਿਨ੍ਹਾਂ ਦੇ ਜਾਣ ਦਾ ਸਾਨੂੰ ਬਹੁਤ ਦੁਖ ਹੋਇਆ ਹੈ। ਗਿਆਨੀ ਸੰਤ ਸਿੰਘ ਜੀ, ਸੁਤੰਤਰਤਾ ਸੰਗਰਾਮੀ ਸਨ ਅਤੇ ਸ਼੍ਰੀ ਰਾਮ ਸਿੰਘ ਟੰਡਨ ਵੀ ਸੁਤੰਤਰਤਾ ਸੰਗਰਾਮੀ ਸਨ। ਇਹੋ ਜਿਹੇ ਲੋਕ ਮਹਾਨ ਹੁੰਦੇ ਹਨ, ਜਿਨ੍ਹਾਂ ਦੇ ਮਨਾਂ ਵਿਚ ਦੇਸ਼ ਵਾਸਤੇ ਅਟੁੱਟ ਪਿਆਰ ਹੋਵੇ ਅਤੇ ਜਿਨ੍ਹਾਂ ਦੇ ਮਨ ਵਿਚ ਸਮਾਜ ਦੀ ਸੇਵਾ ਕਰਨ ਦਾ ਚਾਅ ਹੋਵੇ। ਉਨ੍ਹਾਂ ਲੋਕਾਂ ਨੇ ਆਪਣੀਆਂ ਜ਼ਿੰਦਗੀਆਂ ਅੰਗਰੇਜ਼ਾਂ ਦੀਆਂ ਜੇਲ੍ਹਾਂ ਵਿਚ ਕੱਢੀਆਂ ਹਨ। ਉਨ੍ਹਾਂ ਨੂੰ ਪਤਾ ਸੀ ਕਿ ਇਸ ਨਾਲ ਕੋਈ ਵੀ ਪਦਵੀ ਨਹੀਂ ਮਿਲਣੀ ਅਤੇ ਸਾਨੂੰ ਜੇਲ੍ਹਾਂ ਹੀ ਮਿਲਣੀਆਂ ਹਨ। ਸਾਡਾ ਸਾਰਾ ਸਮਾਜ ਸੁਤੰਤਰਤਾ ਸੰਗਰਾਮੀਆਂ ਦਾ ਰਿਣੀ ਹੈ। ਸਾਰਾ ਦੇਸ਼ ਉਨ੍ਹਾਂ ਦਾ ਰਿਣੀ ਹੈ। ਅੱਜ ਅਸੀਂ ਜੋ ਕੁਝ ਵੀ ਹਾਂ, ਉਨ੍ਹਾਂ ਦੀ ਬਦੌਲਤ ਹੀ ਹਾਂ। ਸਾਨੂੰ ਐਸੇ ਮਹਾਨ ਵਿਅਕਤੀਆਂ ਦੇ ਜਾਣ ਦਾ ਬੜਾ ਦੁਖ ਹੈ।

ਸਰਦਾਰ ਅਵਤਾਰ ਸਿੰਘ ਮਲਹੋਤਰਾ ਜਿਹੜੇ ਕਿ ਸੀ.ਪੀ.ਆਈ. ਦੇ ਬੜਾ ਲੰਬਾ ਸਮਾਂ ਸੈਕਟਰੀ ਰਹੇ ਹਨ। ਉਹ ਬੜੇ ਤਜਰਬੇਕਾਰ ਸਨ, ਪੜ੍ਹੇ ਲਿਖੇ ਵਿਅਕਤੀ ਸਨ ਅਤੇ ਉਹ ਬੜੇ ਅੱਛੇ ਬੁਲਾਰੇ ਵੀ ਸਨ। ਉਹ ਆਪਣੀ ਗੱਲ ਆਪਣੇ ਹੀ ਤਰੀਕੇ ਨਾਲ ਕਹਿਣ ਦੀ ਜੁਰੱਅਤ ਰੱਖਦੇ ਸਨ। ਐਸੇ ਸੱਜਣ ਦੇ ਜਾਣ ਦਾ ਸਾਨੂੰ ਬਹੁਤ ਦੁਖ ਹੈ।

ਸਪੀਕਰ ਸਾਹਿਬ, ਸਾਬਕਾ ਚੀਫ਼ ਜਸਟਿਸ ਸਰਦਾਰ ਰਣਜੀਤ ਸਿੰਘ ਜੀ ਨਰੂਲਾ ਜਿਹੜੇ ਕਿ ਉੱਘੇ ਕਾਨੂੰਨਦਾਨ ਸਨ, ਉਹ ਬਹੁਤ ਅੱਛੇ ਇਨਸਾਨ ਸਨ। ਉਨ੍ਹਾਂ ਨੂੰ ਮਿਲਣ ਦਾ ਮੌਕਾ ਕਈ ਵਾਰ ਮਿਲਿਆ। ਉਹ ਬਹੁਤ ਧਾਰਮਿਕ ਖਿਆਲਾਂ ਦੇ ਵਿਅਕਤੀ ਸਨ ਇਹ ਜਿਹੜੇ ਸਹੀ ਮਾਅਨਿਆਂ ਦੇ ਵਿਚ ਧਾਰਮਿਕ ਬੰਦੇ ਹੁੰਦੇ ਹਨ, ਉਨ੍ਹਾਂ ਦਾ ਸਾਰੇ ਸਮਾਜ ਨੂੰ ਫਾਇਦਾ ਹੁੰਦਾ ਹੈ। ਕੁਝ ਲੋਕ ਤਾਂ ਅਖੌਤੀ ਧਾਰਮਿਕ ਹੁੰਦੇ ਹਨ ਪਰ ਜੋ ਅਸਲੀ ਮਨ ਕਰਕੇ ਧਾਰਮਿਕ ਲੋਕ ਹੁੰਦੇ ਹਨ, ਉਨ੍ਹਾਂ ਦਾ ਸਾਰੇ ਸਮਾਜ ਨੂੰ ਫਾਇਦਾ ਹੁੰਦਾ ਹੈ। ਐਸੇ ਤਜਰਬੇਕਾਰ ਕਾਨੂੰਨਦਾਨ ਅਤੇ ਵਧੀਆ ਸਮਾਜਿਕ ਸ਼ਖਸੀਅਤ ਦੇ ਚਲੇ ਜਾਣ ਦਾ ਸਾਨੂੰ ਬੜਾ ਦੁਖ ਹੈ।

ਸਪੀਕਰ ਸਾਹਿਬ, ਐਸੀਆਂ ਮਹਾਨ ਹਸਤੀਆਂ ਜਿਨ੍ਹਾਂ ਨੇ ਆਪਣੇ ਆਪਣੇ ਸਮੇਂ ਵਿਚ ਆਪਣੇ ਆਪਣੇ ਖੇਤਰਾਂ ਵਿਚ ਨਾਮ ਕਮਾਇਆ ਅਤੇ ਮੁਲਕ ਦੀ ਦਿਆਨਤਦਾਰੀ ਨਾਲ ਸੇਵਾ ਕੀਤੀ, ਉਨ੍ਹਾਂ ਮਹਾਨ ਹਸਤੀਆਂ ਨੂੰ ਮੈਂ ਆਪਣੇ ਦਿਲ ਦੀਆਂ ਗਹਿਰਾਈਆਂ ਵਿਚੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ। ਇਸ ਹਾਊਸ ਵਲੋਂ ਸ਼ੋਕ ਮਤਾ ਉਨ੍ਹਾਂ ਦੇ ਪਰਿਵਾਰਾਂ ਤੱਕ ਵੀ ਭੇਜਿਆ ਜਾਵੇ। ਇੱਥੇ ਇਹ ਵੀ ਜ਼ਿਕਰ ਆਇਆ ਹੈ ਕਿ ਜਦੋਂ ਨਾਮਵਰ ਸ਼ਖਸੀਅਤਾਂ ਸਾਡੇ ਵਿਚੋਂ ਚਲੀਆਂ ਜਾਂਦੀਆਂ ਹਨ ਤਾਂ ਕਈ ਵਾਰ ਉਨ੍ਹਾਂ ਦੇ ਪਰਿਵਾਰ ਨੂੰ ਮਾੜੀ ਮਾਲੀ ਹਾਲਤ ਕਾਰਨ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ, ਪਿਛੋਂ ਉਨ੍ਹਾਂ ਦੀ ਕੋਈ ਲੁੱਕ-ਆਫ਼ਟਰ ਨਹੀਂ ਕਰਦਾ। ਪਿਛੋਂ ਉਨ੍ਹਾਂ ਦੇ ਪਰਿਵਾਰ ਨੂੰ ਮਾੜੇ ਦਿਨ ਵੀ ਵੇਖਣੇ ਪੈਂਦੇ ਹਨ, ਸਾਨੂੰ ਇਸ ਤਰ੍ਹਾਂ ਦੇ ਦੁਖ ਦੇ ਸਮੇਂ ਵਿਚ ਸਾਰਿਆਂ ਨੂੰ ਰਲ ਮਿਲ ਕੇ ਇੱਕ ਉਪਰਾਲਾ ਕਰਨਾ ਚਾਹੀਦਾ ਹੈ ਕਿ ਜਿਹੜੇ ਹਾਊਸ ਦੇ ਮੈਂਬਰ ਰਹੇ ਹੋਣ, ਨਾਮਵਰ ਸ਼ਖਸੀਅਤਾਂ ਹੋਣ, ਉਨ੍ਹਾਂ ਦੇ ਪਰਿਵ੍ਹਾਰਾਂ ਨੂੰ ਅਜਿਹੇ ਮਾੜੇ ਦਿਨ ਨਾ ਦੇਖਣੇ ਪੈਣ। ਪਹਿਲੇ ਸਮਿਆਂ ਵਿਚ ਤਾਂ 100/-, 200/-, 250/- ਜਾਂ 1000/- ਰੁਪਏ ਹੀ ਤਨਖਾਹਾਂ ਜਾਂ

Original with;
Punjab Vidhan Sabha
Digitized by;
Panjab Digital Library

[ ਸਰਦਾਰ ਸੁੱਚਾ ਸਿੰਘ ਛੋਟੇਪੁਰ ]

ਪੈਨਸ਼ਨਾਂ ਮਿਲਦੀਆਂ ਸਨ। ਪਰ ਹੁਣ ਤਾਂ ਗੁਰੂ ਦੀ ਕਿਰਪਾ ਹੀ ਇਹੋ ਜਿਹੀ ਹੈ ਕਿ ਸ਼ਾਇਦ ਹੀ ਕਿਸੇ ਨੂੰ ਇਹੋ ਜਿਹਾ ਵਕਤ ਦੇਖਣ ਨੂੰ ਮਿਲੇ। ਪ੍ਰਮਾਤਮਾ ਕਰੇ ਕਿ ਕਿਸੇ ਨੂੰ ਵੀ ਇਹੋ ਜਿਹੇ ਦਿਨ ਦੇਖਣੇ ਨਸੀਬ ਨਾ ਹੋਣ। ਮੈਂ, ਫਿਰ ਕਹਿੰਦਾ ਹਾਂ ਕਿ ਜੋ ਵਿਅਕਤੀ ਸਾਡੇ ਇਸ ਹਾਊਸ ਦੇ ਮੈਂਬਰ ਰਹੇ ਹਨ, ਸਾਡੇ ਵਾਸਤੇ ਜਿਨ੍ਹਾਂ ਨੇ ਕੁਝ ਕੀਤਾ ਹੈ, ਉਨ੍ਹਾਂ ਦੇ ਪਰਿਵਾਰਾਂ ਦੇ ਹਿੱਤਾਂ ਨੂੰ ਵੀ ਧਿਆਨ ਵਿਚ ਰੱਖਿਆ ਜਾਵੇ। ਉਨ੍ਹਾਂ ਦੇ ਪਿਛੋਂ ਉਨ੍ਹਾਂ ਦੇ ਪਰਿਵਾਰਾਂ ਦੀ ਲੁੱਕ-ਆਫ਼ਟਰ ਵੀ ਕਰਨੀ ਚਾਹੀਦੀ ਹੈ।

ਅੰਤ ਵਿਚ, ਮੈਂ ਉਨ੍ਹਾਂ ਸਾਰੀਆਂ ਮਹਾਨ ਸ਼ਖਸੀਅਤਾਂ ਨੂੰ ਜਿਹੜੀਆਂ ਕਿ ਸਾਡੇ ਕੋਲੋਂ ਵਿਛੜ ਗਈਆਂ ਹਨ, ਆਪਣੇ ਵਲੋਂ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ।

ਉਪ ਮੁੱਖ ਮੰਤਰੀ (**ਸ਼੍ਰੀਮਤੀ ਰਜਿੰਦਰ ਕੌਰ ਭੱਠਲ**) : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਇਸ ਹਾਊਸ ਵਿਚ ਮਹਾਨ ਸ਼ਖਸੀਅਤਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ ਹਨ ਅਤੇ ਇਸ ਹਾਊਸ ਦੀ ਰਵਾਇਤ ਰਹੀ ਹੈ ਕਿ ਸ਼ਰਧਾਂਜਲੀਆਂ ਭੇਂਟ ਕਰਨ ਤੋਂ ਬਾਅਦ ਸਦਨ ਨੂੰ ਐਡਜਰਨ ਕਰ ਦਿੱਤਾ ਜਾਂਦਾ ਹੈ, ਇਸ ਲਈ ਮੈਂ ਬੇਨਤੀ ਕਰਦੀ ਹਾਂ ਕਿ ਅੱਜ ਸ਼ਰਧਾਂਜਲੀ ਭੇਂਟ ਕਰਨ ਤੋਂ ਬਾਅਦ ਹਾਊਸ ਐਡਜਰਨ ਕਰ ਦਿੱਤਾ ਜਾਵੇ।

**ਮਾਨਯੋਗ ਸਪੀਕਰ** : ਮੈਂ, ਡਿਪਟੀ ਲੀਡਰ ਸਾਹਿਬਾ ਨੇ ਜੋ ਵਿਚਾਰ ਰੱਖੇ ਹਨ, ਉਨ੍ਹਾਂ ਨਾਲ ਸਹਿਮਤ ਹਾਂ ਅਤੇ ਜਿਹੜੀਆਂ ਮਹਾਨ ਸ਼ਖਸੀਅਤਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ ਹਨ ਅਤੇ ਲੀਡਰ ਆਫ ਦੀ ਆਪੋਜ਼ੀਸ਼ਨ ਵੱਲੋਂ ਅਤੇ ਬਾਕੀ ਰਾਜਨੀਤਿਕ ਪਾਰਟੀਆਂ ਦੇ ਮੈਂਬਰ ਸਾਹਿਬਾਨ ਵੱਲੋਂ ਸ਼ਰਧਾਂਜਲੀ ਭੇਂਟ ਕਰਦੇ ਹੋਏ ਆਪਣੇ ਜਜ਼ਬਾਤਾਂ ਦਾ ਇਜ਼ਹਾਰ ਕੀਤਾ ਗਿਆ ਹੈ, ਇਨ੍ਹਾਂ ਸ਼ਖਸੀਅਤਾਂ ਵਿਚ ਫਰੀਡਮ ਫਾਈਟਰ, ਸਾਬਕਾ ਮੰਤਰੀ, ਸਾਬਕਾ ਐਮ.ਐਲ.ਏ. ਅਤੇ ਹਿੰਦੁਸਤਾਨ ਦੇ ਚਮਕਦੇ ਹੋਏ ਸਿਤਾਰੇ ਸ਼੍ਰੀ ਸੁਨੀਲ ਦੱਤ ਅਤੇ ਐਕਸ ਚੀਫ ਜਸਟਿਸ ਸ਼ਾਮਿਲ ਹਨ, ਮੈਂ ਵੀ ਇਨ੍ਹਾਂ ਦੇ ਨਾਲ ਸ਼ਾਮਿਲ ਹੁੰਦਾ ਹਾਂ। ਇਨ੍ਹਾਂ ਦੁੱਖੀ ਪਰਿਵਾਰਾਂ ਨੂੰ ਸ਼ੋਕ ਪ੍ਰਸਤਾਵ ਭੇਜ ਦਿੱਤਾ ਜਾਵੇਗਾ। ਮੈਂ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਸ਼ਖਸੀਅਤਾਂ ਦੀ ਆਤਮਿਕ ਸ਼ਾਂਤੀ ਲਈ ਸਾਰੇ ਮੈਂਬਰ ਸਾਹਿਬਾਨ ਦੋ ਮਿੰਟ ਲਈ ਖੜ੍ਹੇ ਹੋ ਕੇ ਮੋਨ ਧਾਰਨ ਕਰਨ।

(ਇਸ ਸਮੇਂ ਹਾਊਸ ਵਿਚ ਹਾਜ਼ਰ ਸਾਰੇ ਮੈਂਬਰ ਸਾਹਿਬਾਨ ਨੇ ਖੜ੍ਹੇ ਹੋ ਕੇ ਦੋ ਮਿੰਟ ਲਈ ਮੋਨ ਧਾਰਨ ਕੀਤਾ।)

**MR. SPEAKER :** The House stands adjourned till 2.00 P.M. on Thursday, the 13th October, 2005.

*2.58 P.M.

(The Sabha then *adjourned till 2.00 P.M. on thursday, the 13th October, 2005)

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

©2005

Published under the authority of the Punjab Vidhan Sabha and printed by the Controller, Printing & Stationery, Punjab at the Govt. Press, S.A.S. Nagar.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*Thursday, the 13th October, 2005*

**Vol. X - No. 2**

OFFICIAL REPORT

CONTENTS


| | | Page |
|---|---|---|
| Starred Questions and Answers | .. | (2)1 |
| Written Answers to Starred Questions laid on the Table of the House under Rule 38 | .. | (2)30 |
| First Report of the Business Advisory Committee | .. | (2)34 |
| Ruling by the Speaker *reg.* Non-official Resolution on the Report of the Nanawati Commission | .. | (2)37 |
| Matters raised during zero hour | .. | (2)38 |
| Walk Out | .. | (2)42 |
| Announcement by the Speaker *reg.* the Panel of Chairmen | .. | (2)43 |
| Announcement by the Secretary | .. | (2)43 |
| Call Attention Notices under Rule 66 | .. | (2)44 |
| Papers laid on the Table | .. | (2)49 |
| Discussion on the Report of Justice Nehra Commission of Enquiry alongwith Action Taken Report thereon | .. | (2)53 |
| Non-official Resolutions | .. | (2)81 |
| Resolution reg. Recommendation to the State Government to take immediate effective steps to check the contamination of water running in the canals/rivulets/rivers due to the discharge of urban filth and industrial waste in the State. | .. | (2)81 |


---

**Punjab Vidhan Sabha Secretariat, Chandigarh.**

Price : Rs. ........158-00

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Thursday, the 13th October, 2005*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 2.00 P.M. Mr. Speaker (Doctor Kewal Krishan) in the Chair.*

---

## STARRED QUESTIONS AND ANSWERS

**Mr. Speaker :** Questions. Captain Balbir Singh Bath.

### Number of Police Personnel on Check Points

***1346. Captain Balbir Singh Bath :** Will the Chief Minister be pleased to state whether the Punjab Police regularly mans check points on the roads in the state; if so, the district-wise number of Police Personnel involved for the purpose togetherwith the communication systems and modes of transport provided thereto ?

**Captain Amarinder Singh :** A statement as per annexure, is placed on the Table of the House.

### STATEMENT

There is one main static naka/check post at Madhopur, District Gurdaspur in Punjab State. This check post was established for effective checking of anti-national/anti-social elements trying to enter Punjab State and other parts of the country from Jammu & Kashmir. There is no other regular check point on the roads in the State. Temporary Police Check points are established on the road in the state keeping in view the law and order requirements or as the situation demands. 1 sub Inspector, 2 Assistant Sub-Inspectors, 9 Head Constables, 34 Constables (including two lady constables) and 7 Punjab Home Guards are deployed at Madhopur for performing duties round the clock shift-wise. A wireless set has also been provided for communication purpose. One Allwyn Nishan Vehicle with anti-sabotage team too has been stationed/deployed there.

**ਮਾਨਯੋਗ ਸਪੀਕਰ** : ਹਾਂ ਜੀ ਬਾਠ ਸਾਹਿਬ।

Original with;
Punjab Vidhan Sabha
Digitized by;
Panjab Digital Library

**ਕੈਪਟਨ ਬਲਬੀਰ ਸਿੰਘ ਬਾਠ** :ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਜਾਣਨਾ ਵੀ ਚਾਹਵਾਂਗਾ ਤੇ ਉਨ੍ਹਾਂ ਦੇ ਧਿਆਨ ਵਿਚ ਵੀ ਲਿਆਉਣਾ ਚਾਹਵਾਂਗਾ ਕਿ ਜਿਹੜਾ ਜਵਾਬ ਇਨ੍ਹਾਂ ਦੇ ਮਹਿਕਮੇ ਨੇ ਦਿੱਤਾ ਹੈ, ਉਹ ਤਸੱਲੀ ਬਖਸ਼ ਨਹੀਂ। ਇਨ੍ਹਾਂ ਦੇ ਜਵਾਬ ਵਿੱਚ ਇੱਕੋ ਹੀ ਨਾਕਾ ਮਾਧੋਪੁਰ ਦਾ ਹੋਣ ਬਾਰੇ ਦੱਸਿਆ ਗਿਆ ਹੈ ਜਦ ਕਿ ਪੰਜਾਬ ਦੇ ਸਾਰੇ ਸ਼ਹਿਰਾਂ, ਤਹਿਸੀਲਾਂ, ਜ਼ਿਲ੍ਹਾ ਹੈਡਕੁਆਰਟਰਾਂ ਦੇ ਲੈਵਲ ਤੇ ਪਿਛਲੇ 15—20 ਸਾਲਾਂ ਤੋਂ ਪਰਮਾਨੈਂਟ ਨਾਕੇ ਚਲੇ ਆਉਂਦੇ ਹਨ। ਮੇਰਾ ਭਾਵ ਉਨ੍ਹਾਂ ਨਾਕਿਆਂ ਬਾਰੇ ਪੁੱਛਣ ਤੋਂ ਵੀ ਹੈ।

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ।

**ਕੈਪਟਨ ਬਲਬੀਰ ਸਿੰਘ ਬਾਠ** : ਇਹ ਨਾਕੇ ਗੱਡੀਆਂ, ਟਰੱਕਾਂ ਵਾਲਿਆਂ ਦੀ ਜੇਬ ਤਲਾਸ਼ੀ ਲਈ ਹੀ ਲੱਗੇ ਹੋਏ ਹਨ। ਇਨ੍ਹਾਂ ਨੇ ਵਾਸਤਵ ਵਿਚ ਪੰਜਾਬ ਦੀ ਟਰੇਡ ਦਾ ਭੱਠਾ ਬਿਠਾ ਦਿੱਤਾ ਹੈ..........।

**ਮਾਨਯੋਗ ਸਪੀਕਰ** : ਤੁਸੀਂ ਸਵਾਲ ਪੁੱਛੋ।

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਮੈਂ ਸਵਾਲ ਹੀ ਪੁੱਛ ਰਿਹਾ ਹਾਂ ਕਿ ਕੀ ਇਨ੍ਹਾਂ ਨਾਕਿਆਂ ਦੀ ਥਾਂ ਸੜਕਾਂ ਤੇ ਕੈਮਰੇ ਲਗਾ ਦਿੱਤੇ ਜਾਣਗੇ ਅਤੇ ਪੈਟਰੋਲਿੰਗ ਬੇਹਤਰ ਬਣਾ ਦਿੱਤੀ ਜਾਵੇਗੀ ਤਾਂ ਕਿ ਇਸ ਸਮੱਸਿਆ ਤੋਂ ਛੁਟਕਾਰਾ ਪਾਇਆ ਜਾ ਸਕੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਦਾ ਸਵਾਲ ਸੀ ਕਿ ਕੀ ਪਰਮਾਨੈਂਟ ਨਾਕੇ ਲਗਦੇ ਹਨ। ਮੈਂ ਜਵਾਬ ਦੇ ਦਿੱਤਾ ਹੈ ਕਿ ਹਾਲਾਤ ਦੇ ਮੁਤਾਬਿਕ ਪਰਮਾਨੈਂਟ ਨਾਕਾ ਮਾਧੋਪੁਰ ਵਿਚ ਲਾਇਆ ਹੋਇਆ ਹੈ ਕਿਉਂਕਿ ਉਥੋਂ ਐਂਟੀ ਨੈਸ਼ਨਲ ਐਲੀਮੈਂਟਸ ਤੇ ਚੈਕ ਰੱਖਣਾ ਜ਼ਰੂਰੀ ਹੈ ਤੇ ਉਥੋਂ 20,000 ਦੇ ਕਰੀਬ ਵਹੀਕਲਜ਼ ਰੋਜ਼ਾਨਾ ਪਾਸ ਕਰਦੇ ਹਨ। ਬਾਕੀ ਪੰਜਾਬ ਵਿਚ ਨਾਕੇ ਹਾਲਾਤ ਦੇ ਮੁਤਾਬਿਕ ਲਗਦੇ ਹਨ ਤੇ ਸ਼ਿਫਟ ਹੋ ਜਾਂਦੇ ਹਨ। ਉਨ੍ਹਾਂ ਵਿਚੋਂ ਪਰਮਾਨੈਂਟ ਬੇਸ਼ਿਜ਼ ਤੇ ਕੋਈ ਨਹੀਂ ਹੈ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪਲੀਮੈਂਟਰੀ, ਸਪੀਕਰ ਸਾਹਿਬ.........

**ਮਾਨਯੋਗ ਸਪੀਕਰ** : ਹਾਂ ਜੀ, ਮਨਪ੍ਰੀਤ ਸਿੰਘ ਜੀ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਜਿਹੜੇ ਮੰਡੀਆਂ ਤੇ ਸ਼ਹਿਰਾਂ ਦੇ ਆਲੇ ਦੁਆਲੇ ਨਾਕੇ ਲਗਦੇ ਹਨ, ਇਹ ਟ੍ਰੈਫਿਕ ਲਈ ਕਾਫੀ ਹਿੰਡਰੈਂਸ ਕ੍ਰੀਏਟ ਕਰਦੇ ਹਨ। ਇਹ ਟਰੱਕਾਂ ਨੂੰ ਰੋਕਦੇ ਹਨ ਜਿਸਦਾ ਸਿੱਧਾ ਅਸਰ ਪੰਜਾਬ ਦੇ ਟਰੇਡ ਤੇ ਪੈਂਦਾ ਹੈ। ਇਸ ਗੱਲ ਦੀ ਲੋਕਾਂ ਵਿਚ ਕਾਫੀ ਰਿਜ਼ੈਂਟਮੈਂਟ ਹੈ ਕਿਉਂਕਿ ਇਹ ਕਿਸੇ ਨਾ ਕਿਸੇ ਬਹਾਨੇ ਲੋਕਾਂ ਤੋਂ ਰਿਸ਼ਵਤ ਤਲਬ ਕਰਦੇ ਹਨ। ਸਪੀਕਰ ਸਾਹਿਬ, ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਨੂੰ ਰੈਗੂਲੇਟ ਕਰਨ ਦੀ ਡਿਸਟ੍ਰਿਕਟ ਲੈਵਲ ਤੇ ਇਨ੍ਹਾਂ ਦੀ ਕੋਈ ਤਜਵੀਜ਼ ਹੈ ?

Original with;
Punjab Vidhan Sabha
Digitized by;
Panjab Digital Library

**Chief Minister :** It is not possible for me to say ਕਿ ਗਿੱਦੜਬਾਹਾ ਵਿਚ ਨਾਕਾ ਲਗੇਗਾ ਕਿ ਨਹੀਂ। ਜਿਥੇ ਵੀ ਕੋਈ ਹਾਲਾਤ ਵਿਗੜਨ ਜਾਂ ਲਾਅ ਐਂਡ ਆਰਡਰ ਨੂੰ ਮੇਨਟੇਨ ਕਰਨ ਵਾਲੀ ਏਜੰਸੀ ਪਰਸੀਵ ਕਰੇ, ਉਥੇ ਨਾਕੇ ਲਗਾਏ ਜਾਂਦੇ ਹਨ। That will depend on situation. I cannot say today.

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਸਪੀਕਰ ਸਾਹਿਬ, ਇਹ ਨਾਕੇ ਹਾਲਾਤ ਵਿਗੜਨ ਤੇ ਨਹੀਂ, ਰੋਜਾਨਾ ਲਗਦੇ ਹਨ। ਇਸ ਗੱਲ ਤੇ ਲੋਕਾਂ ਦੀ ਰਿਜ਼ੈਂਟਮੈਂਟ ਹੈ। ਇਹ ਬਕਾਇਦਗੀ ਨਾਲ ਹਰ ਕਸਬੇ, ਹਰ ਸ਼ਹਿਰ ਵਿਚ ਲਗਦੇ ਹਨ। ਇਹ ਹਰ ਰੋਜ਼ ਸ਼ਾਮ ਨੂੰ ਆ ਜਾਂਦੇ ਹਨ ਤੇ ਟਰੱਕ ਵਾਲਿਆਂ ਨੂੰ ਘੇਰਦੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਜਨਤਾ ਨੂੰ ਇਸ ਤੋਂ ਛੁਟਕਾਰਾ ਦਿਵਾਉਣ ਦੀ ਇਨ੍ਹਾਂ ਦੀ ਕੋਈ ਤਜਵੀਜ਼ ਹੈ ਜਾਂ ਨਹੀਂ?

**ਮਾਨਯੋਗ ਸਪੀਕਰ :** ਨਾਕਿਆਂ ਤੋਂ ਜਨਤਾ ਨੂੰ ਛੁਡਾਉਣ ਵਾਸਤੇ ਦੱਸੋ।

**ਮੁੱਖ ਮੰਤਰੀ :** ਪਹਿਲੀ ਗੱਲ, ਜਦੋਂ ਕੋਈ ਹਾਲਾਤ ਵਿਗੜਦੇ ਹਨ ਤਾਂ ਪਰੀਵੈਨਟਿਵ ਮਈਯਰਜ਼ ਤੇ ਨਾਕੇ ਲਾਉਣੇ ਪੈਂਦੇ ਹਨ। ਬਾਕੀ ਕਿੱਥੇ ਲੱਗੇਗਾ, ਕਿੱਥੇ ਨਹੀਂ, ਇਹ ਮੈਂ ਨਹੀਂ ਕਹਿ ਸਕਦਾ। ਇਕ ਤਾਂ ਜਿਥੇ ਲਾਅ ਐਂਡ ਆਰਡਰ ਪਰਾਬਲਮ ਪਰਸਿਸਟ ਕਰਦੀ ਹੈ, ਉਥੇ ਲਾਉਂਦੇ ਹਨ ਤੇ ਦੂਜੇ ਜਿਥੇ ਪਰਸੀਵ ਕੀਤਾ ਜਾਂਦਾ ਹੈ, ਲੋੜ ਪੈਂਦੀ ਹੈ, ਉਥੇ ਲਾਉਂਦੇ ਹਨ। They are not doing it for fun.

**ਕੈਪਟਨ ਬਲਬੀਰ ਸਿੰਘ ਬਾਠ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਨਾਕੇ ਪਰਮਾਨੈਂਟ ਹਨ, ਹਟਾਏ ਨਹੀਂ ਜਾਂਦੇ। ਇਹ 24 ਘੰਟੇ ਲੱਗੇ ਰਹਿੰਦੇ ਹਨ। ਇਹ ਗੱਲ ਸ਼ਾਇਦ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿਚ ਨਹੀਂ ਲਿਆਂਦੀ ਗਈ। ਇਸ ਗੱਲ ਤੇ ਪਾਲਿਸੀ ਬਦਲਣ ਬਾਰੇ ਇਹ ਵਿਚਾਰ ਕਰਨ ਤੇ ਜੇ ਕੋਈ ਪੜਤਾਲ ਕਮੇਟੀ ਬਣਾਉਣ ਦੀ ਜ਼ਰੂਰਤ ਹੈ ਤਾਂ ਮੈਂ ਉਸ ਲਈ ਰਿਕੁਐਸਟ ਕਰਾਂਗਾ।

**ਮਾਨਯੋਗ ਸਪੀਕਰ :** ਨਾਕਿਆਂ ਦੀ ਪਾਲਿਸੀ ਬਦਲਣ ਵਾਸਤੇ ਕੋਈ ਵਿਚਾਰ ?

**Chief Minister :** How can I say about the policy ? The policy is dictated by the law and order situation. ਜਦੋਂ ਲਾਅ ਐਂਡ ਆਰਡਰ ਏਜੰਸੀਆਂ ਪਰਸੀਵ ਕਰਦੀਆਂ ਹਨ ਜਾਂ ਹਾਲਾਤ ਆਲਰੇਡੀ ਵਿਗੜੇ ਹੋਏ ਹਨ, ਉਦੋਂ ਨਾਕੇ ਲਗਾਏ ਜਾਂਦੇ ਹਨ। I can not announce the policy. ਮੈਂ ਕਿਸ ਤਰ੍ਹਾਂ ਕਹਿ ਸਕਦਾ ਹਾਂ ਕਿ ਅੱਜ ਤੋਂ ਬਾਅਦ ਪੰਜਾਬ ਵਿਚ ਕੋਈ ਨਾਕਾ ਹੀ ਨਹੀਂ ਲਗੇਗਾ। I can not say that ਜਿਥੇ ਸਾਡਾ ਡਿਪਾਰਟਮੈਂਟ ਪਰਸੀਵ ਕਰਦਾ ਹੈ, ਇਹ ਉਸ ਤੇ ਡਿਪੈਂਡ ਕਰਦਾ ਹੈ।

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਇਹ ਨਾਕਿਆਂ ਦਾ ਮਾਮਲਾ ਹੈ। ਮੁੱਖ ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਅਸੀਂ ਇਸ ਦੇ ਬਾਰੇ ਕੋਈ ਕਲੀਅਰਲੀ ਜਵਾਬ ਨਹੀਂ ਦੇ ਸਕਦੇ। ਮੇਰਾ ਸਵਾਲ ਹੈ ਕਿ ਇਨ੍ਹਾਂ ਨਾਕਿਆਂ ਤੇ ਦਿਨ-ਰਾਤ ਟਰੱਕ ਤੇ ਗੱਡੀਆਂ ਵਾਲਿਆਂ ਦੀ ਲੁੱਟ ਹੁੰਦੀ ਹੈ। ਉਥੇ ਪੈਸੇ ਮੰਗੇ ਜਾਂਦੇ ਹਨ। ਲੋਕਾਂ ਦੀ .............

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ। Repeatedly the same question is being asked. ਸਪੀਚ ਕਰਨ ਵਾਲੀ ਇਸ ਵਿੱਚ ਕੋਈ ਗੱਲ ਨਹੀਂ। ਸਿਰਫ ਸਵਾਲ ਕਰੋ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੇਰਾ ਮੁੱਖ ਮੰਤਰੀ ਜੀ ਨੂੰ ਸਵਾਲ ਇਹ ਹੈ ਕਿ ਇਨ੍ਹਾਂ ਨਾਕਿਆਂ ਉਪਰ ਟਰੱਕਾਂ ਅਤੇ ਗੱਡੀਆਂ ਵਾਲਿਆਂ ਦੀ ਅਧਿਕਾਰੀਆਂ ਵੱਲੋਂ ਦਿਨ-ਰਾਤ ਜਿਹੜੀ ਲੁੱਟ-ਖਸੁੱਟ ਹੁੰਦੀ ਹੈ, ਉਸ ਨੂੰ ਬੰਦ ਕਰਨ ਵਾਸਤੇ ਸਰਕਾਰ ਕੀ ਕੋਈ ਕਦਮ ਚੁੱਕੇਗੀ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਆਦਤ ਤਾਂ ਇਨ੍ਹਾਂ ਦੀ ਹੀ ਪਾਈ ਹੋਈ ਹੈ। ਇਹ ਜਿਹੜੀ ਭੁੱਕੀ ਇੱਥੇ ਵਿਕਾਉਂਦੇ ਸੀ, ਜਿਹੜੀ ਭੁੱਕੀ ਨੂੰ ਕਰਾਸ ਕਰਾਉਂਦੇ ਸਨ। ਇਨ੍ਹਾਂ ਆਦਤਾਂ ਨੂੰ ਅਸੀਂ ਛੁਡਾਉਣਾ ਚਾਹੁੰਦੇ ਹਾਂ। We will take whatever steps are necessary. We will check. (ਟਰੇਜਰੀ ਬੈਂਚਿਜ਼ ਵੱਲੋਂ ਥੰਪਿੰਗ) ਇਹ ਤਾਂ ਸਾਰਿਆਂ ਤੋਂ ਭੁੱਕੀ ਵਿਕਵਾਉਂਦੇ ਸਨ ਅਤੇ ਇਹ ਮਾੜੀਆਂ ਆਦਤਾਂ ਇਨ੍ਹਾਂ ਨੇ ਹੀ ਪਾਈਆਂ ਸਨ। ਜਦੋਂ ਸਾਨੂੰ ਇਸ ਬਾਰੇ ਪਤਾ ਲੱਗਿਆ ਤਾਂ ਅਸੀਂ ਇਸ ਨੂੰ ਬੰਦ ਕਰਨ ਦੀ ਕੋਸ਼ਿਸ਼ ਕੀਤੀ।

(ਇਸ ਵੇਲੇ ਆਪੋਜ਼ੀਸ਼ਨ ਦੇ ਬਹੁਤ ਸਾਰੇ ਮਾਨਯੋਗ ਮੈਂਬਰ ਆਪੋ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਕਾਫੀ ਸ਼ੋਰ ਹੋਣ ਕਰਕੇ ਕੁਝ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ** : ਅਗਲਾ ਸਵਾਲ । (ਵਿਘਨ) I think it's not a proper answer but next question now. He can't change any policy. Shri Jugal Kishore Sharma.

---

## ਅਵਾਰਾ ਪਸ਼ੂਆਂ ਕਾਰਣ ਹੋ ਰਹੀਆਂ ਦੁਰਘਟਨਾਵਾਂ

*1350. **ਸ਼੍ਰੀ ਜੁਗਲ ਕਿਸ਼ੋਰ ਸ਼ਰਮਾ** : ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਰਾਜ ਵਿਚ ਅਵਾਰਾ ਪਸ਼ੂਆਂ ਦੇ ਕਾਰਨ ਹਾਈਵੇਜ਼ ਤੇ ਸੜਕ ਦੁਰਘਟਨਾਵਾਂ ਵੱਡੀ ਗਿਣਤੀ ਵਿਚ ਹੁੰਦੀਆਂ ਹਨ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਇਨ੍ਹਾਂ ਨੂੰ ਰੋਕਣ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਜਾ ਰਹੀ ਹੈ ?

(ਇਸ ਵੇਲੇ ਆਪੋਜੀਸ਼ਨ ਦੇ ਬਹੁਤ ਸਾਰੇ ਮਾਨਯੋਗ ਮੈਂਬਰ ਆਪੋ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਜਿਸ ਕਰਕੇ ਸਦਨ ਵਿਚ ਬਹੁਤ ਸ਼ੋਰ ਸੀ।)

Original with;
Punjab Vidhan Sabha
Digitized by;
Punjab Digital Library

**ਮਾਨਯੋਗ ਸਪੀਕਰ** : ਹਾਂ ਜੀ, ਸੀ.ਐਮ. ਸਾਹਿਬ............(ਵਿਘਨ.....ਸ਼ੋਰ) ਸੀ.ਐਮ. ਸਾਹਿਬ ਜਵਾਬ ਦੇਣ ਲੱਗੇ ਹਨ, ਸਟਰੇਅ ਐਨੀਮਲਜ਼ ਕਰਕੇ ਜਿਹੜੇ ਐਕਸੀਡੈਂਟਸ ਹੁੰਦੇ ਹਨ........(ਵਿਘਨ)

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਪਹਿਲੇ ਸਵਾਲ ਤੇ ਬੋਲਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ** : ਬਾਦਲ ਸਾਹਿਬ, ਇਹ ਕੁਐਸਚਨ ਆਵਰ ਹੈ। No more discussion. I won't allow. ਇਨ੍ਹਾਂ ਨੇ ਜਵਾਬ ਦੇ ਦਿੱਤਾ ਹੈ ਕਿ ਕੋਈ ਹੋਰ ਪਾਲਿਸੀ ਨਹੀਂ ਬਣ ਸਕਦੀ, that is sufficient. ਬਾਕੀ ਜੋ ਕੁਝ ਕਿਹਾ ਗਿਆ ਹੈ, I feel that is unpleasant.

**ਸ਼੍ਰੀ ਜੁਗਲ ਕਿਸ਼ੋਰ ਸ਼ਰਮਾ** : ਬਾਦਲ ਸਾਹਿਬ, ਸਵਾਲ ਤਾਂ ਪੁੱਛ ਲੈਣ ਦਿਓ। ਘੰਟਾ ਕੁ ਸਮਾਂ ਹੀ ਕੁਐਸਚਨਜ਼ ਦਾ ਹੁੰਦਾ ਹੈ। ਇਹ ਇਸੇ ਤਰ੍ਹਾਂ ਨਿਕਲ ਜਾਣਾ ਹੈ ਤੇ ਕੁਐਸਚਨ ਰਹਿ ਜਾਣੇ ਹਨ। ਕਮ-ਅਜ਼-ਕਮ ਕੁਐਸਚਨ ਆਵਰ ਵਿਚ ਤਾਂ ਕੁਐਸਚਨ ਕਰ ਲਈਏ।

**Mr. Speaker :** It is a Question Hour please, Kang Sahib is not here. Next question. Jathedar Tota Singh Ji.

(ਸਦਨ ਵਿਚ ਸਬੰਧਤ ਮੰਤਰੀ ਦੇ ਹਾਜ਼ਰ ਨਾ ਹੋਣ ਕਾਰਣ ਇਸ ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ।)

---

## ਮੋਗਾ ਸ਼ਹਿਰ ਵਿਚ ਸੀਵਰੇਜ਼ ਦੀ ਸਹੂਲਤ

*1333. **ਸਰਦਾਰ ਤੋਤਾ ਸਿੰਘ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਮੋਗਾ ਸ਼ਹਿਰ ਵਿਚ ਸੀਵਰੇਜ਼ ਦੀ ਸਹੂਲਤ ਮੁਹੱਈਆ ਕਰਨ ਲਈ ਪ੍ਰਾਜੈਕਟ ਸਬੰਧੀ ਸਮਝੌਤਾ ਕਿਸ ਮਿਤੀ ਨੂੰ ਕੀਤਾ ਗਿਆ ਸੀ ਅਤੇ ਉਕਤ ਪ੍ਰੋਜੈਕਟ ਨੂੰ ਮੁਕੰਮਲ ਕਰਨ ਦੀ ਕਿਹੜੀ ਮਿਤੀ ਨਿਸ਼ਚਿਤ ਕੀਤੀ ਗਈ ਹੈ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਪ੍ਰਾਜੈਕਟ ਨੂੰ ਨਿਸ਼ਚਿਤ ਸਮੇਂ ਦੇ ਅੰਦਰ-ਅੰਦਰ ਮੁਕੰਮਲ ਕਰ ਲਿਆ ਗਿਆ ਹੈ ; ਜੇਕਰ ਨਹੀਂ, ਤਾਂ ਇਸ ਦੇ ਕਾਰਣ ਕੀ ਹਨ ?

**ਚੌਧਰੀ ਜਗਜੀਤ ਸਿੰਘ** : (ੳ) ਐਗਰੀਮੈਂਟ 2 ਮਾਰਚ, 2000 ਨੂੰ ਕੀਤਾ ਗਿਆ ਸੀ ਅਤੇ ਪ੍ਰੋਜੈਕਟ ਪੂਰਾ ਹੋਣ ਦਾ ਸਮਾਂ ਤਿੰਨ ਸਾਲ ਸੀ।

(ਅ) ਨਹੀਂ ਜੀ। ਫੰਡ ਸਮੇਂ ਸਿਰ ਜਾਰੀ ਨਾ ਹੋਣ ਕਾਰਨ ਪ੍ਰੋਜੈਕਟ ਦੀ ਪ੍ਰਗਤੀ ਧੀਮੀ ਰਹੀ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਤੋਤਾ ਸਿੰਘ** : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਮਿਤੀ 2 ਮਾਰਚ, 2000 ਨੂੰ ਇਹ ਐਗਰੀਮੈਂਟ ਹੋਇਆ ਸੀ ਅਤੇ 3 ਸਾਲਾਂ ਵਿਚ ਇਹ ਸੀਵਰੇਜ਼ ਕੰਪਲੀਟ ਹੋਣਾ ਸੀ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਤੱਕ ਕਿੰਨੇ ਫੰਡ ਦਿੱਤੇ ਗਏ, ਕਿੰਨੇ ਖਰਚ ਹੋਏ ਅਤੇ ਇਹ ਪ੍ਰਾਜੈਕਟ ਕਦੋਂ ਤੋਂ ਬੰਦ ਪਿਆ ਹੈ ?

**ਮੰਤਰੀ** : ਸਪੀਕਰ ਸਾਹਿਬ, ਇਸ ਦੇ ਵਿਚ ਹੁੱਡਕੋ, ਪੰਜਾਬ ਗੌਰਮਿੰਟ ਅਤੇ ਮਿਊਂਸਿਪਲ ਕੌਂਸਲ ਦਾ ਸ਼ੇਅਰ ਹੈ ਜਿਸ ਅਨੁਸਾਰ 50% ਹੁੱਡਕੋ ਨੇ, 30% ਪੰਜਾਬ ਗੌਰਮਿੰਟ ਨੇ ਅਤੇ ਬਾਕੀ 20% ਮਿਊਂਸਿਪਲ ਕੌਂਸਲ ਨੇ ਦੇਣਾ ਹੈ। 1573.70 ਲੱਖ ਰੁਪਏ ਦਾ ਇਹ ਪ੍ਰਾਜੈਕਟ ਸੀ ਜਿਸ ਵਿਚੋਂ 655.64 ਲੱਖ ਰੁਪਿਆ ਖਰਚ ਹੋ ਚੁੱਕਾ ਹੈ। ਹੁਣ ਤੱਕ ਇਸ ਪ੍ਰਾਜੈਕਟ ਦੀ ਪ੍ਰਾਗਰੈਸ ਬੜੀ ਢਿੱਲੀ ਰਹੀ ਹੈ। ਲੇਕਿਨ ਮਿਊਂਸਿਪਲ ਕੌਂਸਲ ਡਿਵੈਲਪਮੈਂਟ ਫੰਡ ਪ੍ਰਾਜੈਕਟ ਜੋ ਕਿ ਪੀ.ਆਈ.ਡੀ.ਬੀ. ਦਾ ਹੈ, ਰਾਹੀਂ ਹੁਣ ਅਸੀਂ ਇਸ ਨੂੰ 1741.54 ਲੱਖ ਰੁਪਏ ਖਰਚ ਕਰਕੇ ਕੰਪਲੀਟ ਕਰਨ ਦਾ ਫੈਸਲਾ ਕੀਤਾ ਹੈ। ਟੈਂਡਰ ਹੋ ਚੁੱਕਾ ਹੈ ਅਤੇ ਜਲਦੀ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।

**ਸਰਦਾਰ ਤੋਤਾ ਸਿੰਘ** : ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਕਿ ਇਸ ਪ੍ਰਾਜੈਕਟ ਤੇ 6 ਕਰੋੜ 55 ਲੱਖ ਰੁਪਿਆ ਖਰਚਿਆ ਜਾ ਚੁੱਕਾ ਹੈ। ਇਹ ਦੱਸ ਦੇਣ ਕਿ ਜਿਸ ਦਿਨ ਤੋਂ ਇਹ ਮੰਤਰੀ ਬਣੇ ਹਨ ਕੀ ਉਸ ਦਿਨ ਤੋਂ ਅੱਜ ਤੱਕ ਇਨ੍ਹਾਂ ਨੇ ਇਸ ਦੇ ਵਾਸਤੇ ਇਕ ਵੀ ਪੈਸਾ ਦਿੱਤਾ ਹੈ ? ਪਿਛਲੇ 4 ਸਾਲਾਂ ਵਿਚ ਕੋਈ ਇਕ ਵੀ ਪੈਸਾ ਦਿੱਤਾ ਹੈ ?

**ਮੰਤਰੀ** : ਸਪੀਕਰ ਸਾਹਿਬ, ਇਹ ਤਾਂ ਇਸ ਨੂੰ ਵਿਚੇ ਹੀ ਛੱਡ ਗਏ ਸੀ। ਅਸੀਂ ਤਾਂ ਫਿਰ ਵੀ ਇਸ ਨੂੰ ਕੰਪਲੀਟ ਕਰਨ ਦਾ ਫੈਸਲਾ ਕੀਤਾ ਹੋਇਆ ਹੈ। ਮੈਂ ਇਨ੍ਹਾਂ ਨੂੰ ਦੱਸਿਆ ਹੈ ਕਿ 1741.54 ਲੱਖ ਰੁਪਏ ਦਾ ਖਰਚਾ ਹੋਣ ਵਾਲਾ ਇਹ ਪ੍ਰਾਜੈਕਟ ਅਸੀਂ ਆਪਣੇ ਹੱਥਾਂ ਵਿਚ ਲੈ ਲਿਆ ਹੈ। ਇਸ ਦਾ ਟੈਂਡਰ ਹੋ ਚੁੱਕਾ ਹੈ। ਅਸੀਂ ਹੁਣ ਇਸ ਨੂੰ ਕੰਪਲੀਟ ਕਰਾਂਗੇ, ਤੁਸੀਂ ਤਾਂ ਕਰ ਨਹੀਂ ਸਕੇ।

**ਸਰਦਾਰ ਤੋਤਾ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਇਥੇ ਵਿਧਾਨ ਸਭਾ ਦੇ ਵਿੱਚ ਝੂਠ ਬੋਲਿਆ ਜਾ ਰਿਹਾ ਹੈ, ਕਿ ਇਕ ਸਾਲ ਦੇ ਵਿੱਚ............(ਵਿਘਨ)........

**ਮੰਤਰੀ** : ਸਪੀਕਰ ਸਾਹਿਬ, ਝੂਠ ਬੋਲਣ ਦੀ ਇਨ੍ਹਾਂ ਦੀ ਆਦਤ ਹੈ। ਅਸੀਂ ਕੋਈ ਝੂਠ ਨਹੀਂ ਬੋਲਦੇ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਤੁਹਾਡਾ ਸਵਾਲ ਕੀ ਹੈ ? ਤੁਸੀਂ ਆਪਣਾ ਸਵਾਲ ਪੁੱਛੋ।

**ਸਰਦਾਰ ਤੋਤਾ ਸਿੰਘ :** ਸਪੀਕਰ ਸਾਹਿਬ, ਇਥੇ ਝੂਠ ਬੋਲਿਆ ਜਾ ਰਿਹਾ ਹੈ। ਇਹ ਕਹਿੰਦੇ ਹਨ ਕਿ ਅਸੀਂ ਵਿਚੇ ਹੀ ਛੱਡ ਗਏ ਸਾਂ। ਸਪੀਕਰ ਸਾਹਿਬ, ਮੇਰੀ ਰਿਕੁਐਸਟ ਹੈ ਕਿ 6.55 ਕਰੋੜ ਰੁਪਏ ਸਾਲ 2002 ਤੋਂ ਪਹਿਲਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਮੰਤਰੀ ਹੁੰਦੇ ਹੋਏ ਇਸ ਵਿੱਚ ਲੱਗੇ ਸਨ ਪਰੰਤੂ ਬਾਅਦ ਵਿੱਚ ਚਾਰ ਸਾਲਾਂ ਵਿੱਚ ਇਨ੍ਹਾਂ ਨੇ ਇਕ ਪੈਸਾ ਨਹੀਂ ਦਿੱਤਾ। ਕੁਲ 1741 ਲੱਖ ਰੁਪਿਆ ਲਗਣਾ ਹੈ। 6.55 ਕਰੋੜ ਰੁਪਿਆ ਪਹਿਲਾਂ ਲਗ ਗਿਆ ਹੈ। ਇਹ ਕਹਿੰਦੇ ਹਨ ਕਿ ਟੈਂਡਰ ਹੁਣ ਹੋਏ ਹਨ। ਟੈਂਡਰ ਤਾਂ ਪਹਿਲਾਂ ਹੋਏ ਸਨ। ਮੈਂ ਇਨ੍ਹਾਂ ਨੂੰ ਪੁੱਛਦਾ ਹਾਂ ਕਿ ਕੀ ਇਨ੍ਹਾਂ ਚਾਰ ਸਾਲਾਂ ਵਿੱਚ ਕੋਈ ਪੈਸਾ ਦਿੱਤਾ ਹੈ ? ਇਹ ਜਵਾਬ ਦੇਣ।

**ਮਾਨਯੋਗ ਸਪੀਕਰ :** ਤੁਸੀਂ ਉਨ੍ਹਾਂ ਨੂੰ ਜਵਾਬ ਦੇਣ ਦਿਓ।

**ਮੰਤਰੀ :** ਸਪੀਕਰ ਸਾਹਿਬ, ਸਿਰਫ 6.55 ਕਰੋੜ ਰੁਪਏ ਦੀ ਗੱਲ ਕਰਦੇ ਹਨ। ਮੈਂ 17.54 ਕਰੋੜ ਰੁਪਏ ਦੀ ਗੱਲ ਕਰ ਰਿਹਾ ਹਾਂ। ਮੋਗੇ ਸ਼ਹਿਰ ਦਾ ਸੀਵਰੇਜ਼ ਪਾਵਾਂਗੇ ਔਰ ਉਸ ਦਾ ਟੈਂਡਰ ਹੋ ਗਿਆ ਹੈ। ਸਪੀਕਰ ਸਾਹਿਬ, 6 ਕਰੋੜ ਰੁਪਿਆ ਕੀ ਹੁੰਦਾ ਹੈ। 17.54 ਕਰੋੜ ਰੁਪਿਆ ਇਸ ਤੇ ਲੱਗਣਾ ਹੈ। ਜਿਹੜਾ ਪੈਸਾ ਲੱਗਣਾ ਹੈ, ਜਿਸ ਨਾਲ ਪੂਰਾ ਕੰਮ ਕੰਪਲੀਟ ਹੋਣਾ ਹੈ, ਉਹ ਅਸੀਂ ਕੰਪਲੀਟ ਕਰਵਾਵਾਂਗੇ।

**ਸਰਦਾਰ ਤੋਤਾ ਸਿੰਘ :** ਸਪੀਕਰ ਸਾਹਿਬ, ਇਨ੍ਹਾਂ ਚਾਰ ਸਾਲਾਂ ਵਿੱਚ ਇਕ ਵੀ ਪੈਸਾ ਇਸ਼ੂ ਨਹੀਂ ਹੋਇਆ।

**Mr. Speaker :** Next Question.

---

## ਸਰਬ-ਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾਂ ਲਈ ਵਿਸ਼ੇਸ ਗ੍ਰਾਂਟਾਂ

*1337. **ਸਰਦਾਰ ਗੁਲਜ਼ਾਰ ਸਿੰਘ ਰਣੀਕੇ :** ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ 2003 ਵਿਚ ਹੋਈਆਂ ਪੰਚਾਇਤੀ ਚੋਣਾਂ ਦੇ ਦੌਰਾਨ ਸਰਬ-ਸੰਮਤੀ ਨਾਲ ਚੁਣੀਆਂ ਗਈਆਂ ਅਜਿਹੀਆਂ ਪੰਚਾਇਤਾਂ ਦੀ ਜਿਲ੍ਹਾ-ਵਾਰ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ 2 ਲੱਖ ਰੁਪਏ ਦੀ ਗ੍ਰਾਂਟ ਦੇ ਦਿੱਤੀ ਗਈ ਹੈ ?

**ਸਰਦਾਰ ਲਾਲ ਸਿੰਘ :** ਰਾਜ ਵਿੱਚ 2003 ਵਿੱਚ ਹੋਈਆਂ ਪੰਚਾਇਤਾਂ ਦੀਆਂ ਚੋਣਾਂ ਦੌਰਾਨ ਜਿਹੜੀਆਂ ਗਰਾਮ ਪੰਚਾਇਤਾਂ ਦੀ ਚੋਣ ਸਰਬ-ਸੰਮਤੀ ਨਾਲ ਹੋਈ ਸੀ ਅਤੇ ਜਿਨ੍ਹਾਂ ਨੂੰ 2 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾ ਚੁੱਕੀ ਹੈ, ਦੀ ਜ਼ਿਲ੍ਹਾ-ਵਾਰ ਗਿਣਤੀ 'ਅਨੈਕਸਚਰ—ਏ' ਤੇ ਰੱਖੀ ਜਾਂਦੀ ਹੈ।

Original with;
Punjab Vidhan Sabha
Digitized by;
Panjab Digital Library

[ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ]

## ANNEXURE–A

| Sr. No. | Name of District | Number of Panchayats where elections were held unanimously and grant @ Rs. 2.00 lakh has been given |
|---|---|---|
| 1 | Amritsar | 32 |
| 2 | Bathinda | 16 |
| 3 | Fatehgarh Sahib | 10 |
| 4 | Faridkot | 4 |
| 5 | Ferozepur | 20 |
| 6 | Gurdaspur | 30 |
| 7 | Hoshiarpur | 20 |
| 8 | Jalandhar | 20 |
| 9 | Kapurthala | 10 |
| 10 | Ludhiana | 24 |
| 11 | Mansa | 10 |
| 12 | Moga | 10 |
| 13 | Muktsar | 8 |
| 14 | Nawanshahr | 10 |
| 15 | Patiala | 18 |
| 16 | Ropar | 14 |
| 17 | Sangrur | 22 |
| | Total | 278 |

**Note :**—Out of grants released to Sangrur District, the grants for Andana Block were deposited in the receipt Head by the District Development and Panchayats Officer, Sangrur as no Panchayat was elected unanimously in the said Block.

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੇ 278 ਪਿੰਡਾਂ ਦੀ ਡਿਟੇਲ ਦਿੱਤੀ ਹੈ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੁੱਲ ਪਿੰਡ ਕਿੰਨੇ ਹਨ ਜਿਨ੍ਹਾਂ ਨੂੰ ਇਹ ਦੇਣੇ ਹਨ ਅਤੇ ਜਿਹੜੇ ਬਾਕੀ ਰਹਿੰਦੇ ਹਨ, ਉਨ੍ਹਾਂ ਨੂੰ ਕਦੋਂ ਤੱਕ ਇਹ ਦੇ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਕੁੱਲ ਪਿੰਡ 12,443 ਹਨ। ਇਨ੍ਹਾਂ ਵਿੱਚੋਂ ਸਰਬ-ਸੰਮਤੀ ਨਾਲ 2177 ਪੰਚਾਇਤਾਂ ਹੋਈਆਂ ਸਨ। ਇਨ੍ਹਾਂ ਵਿੱਚੋਂ 278 ਪੰਚਾਇਤਾਂ ਨੂੰ ਇਹ ਦੇ ਦਿੱਤੇ ਹਨ ਅਤੇ ਬਾਕੀ 1899 ਨੂੰ ਦੇਣੇ ਰਹਿੰਦੇ ਹਨ। (ਵਿਰੋਧੀ ਧਿਰਾਂ ਵੱਲੋਂ ਹਾਸਾ)

**ਮਾਨਯੋਗ ਸਪੀਕਰ** : ਤੁਸੀਂ ਪਹਿਲਾਂ ਉਨ੍ਹਾਂ ਦਾ ਜਵਾਬ ਤਾਂ ਸੁਣ ਲਓ।

**ਮੰਤਰੀ** : ਸਪੀਕਰ ਸਾਹਿਬ, ਇਹ ਜਿੰਨੇ ਪੈਸੇ ਦੇਣੇ ਬਣਦੇ ਹਨ, ਸਾਡੀ ਕੁਮਿਟਮੈਂਟ ਹੈ ਕਿ ਜਲਦੀ ਹੀ ਇਨ੍ਹਾਂ ਸਾਰਿਆਂ ਨੂੰ ਦੇ ਦਿੱਤੇ ਜਾਣਗੇ।

**ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਮਾਨਯੋਗ ਸਪੀਕਰ ਸਾਹਿਬ, ਕੀ ਮੰਤਰੀ ਸਾਹਿਬ ਕ੍ਰਿਪਾ ਕਰਕੇ ਇਸ ਬਾਰੇ ਟਾਈਮ ਨੀਯਤ ਕਰਨਗੇ ਕਿ ਕਿੰਨੇ ਸਮੇਂ ਵਿੱਚ ਇਹ ਦੇ ਦੇਣਗੇ ? ਪਹਿਲਾਂ ਹੀ ਤਿੰਨ-ਚਾਰ ਸਾਲ ਲੰਘ ਗਏ ਹਨ। ਕੀ ਹੁਣ ਇਹ ਕੋਈ ਟਾਈਮ ਨੀਯਤ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਵਿੱਤ ਕਮਿਸ਼ਨ ਦੀ ਜਿਹੜੀ ਸਿਫਾਰਸ਼ ਹੈ ਉਸ ਮੁਤਾਬਿਕ ਸਾਲ 2005-06 ਵਿੱਚ 24.75 ਲੱਖ ਰੁਪਏ ਦੇਣ ਵਾਸਤੇ ਹੁਕਮ ਜਾਰੀ ਕਰ ਦਿੱਤੇ ਹਨ ਅਤੇ ਜਲਦੀ ਹੀ ਉਹ ਦੇ ਦਿਆਂਗੇ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਪੰਚਾਇਤਾਂ ਦੇ ਚੈੱਕ ਦਿੱਤੇ ਗਏ ਹਨ, ਉਹ ਚੈੱਕ ਕੌਣ ਵੰਡ ਕੇ ਆਉਂਦਾ ਹੈ ? ਇਸ ਦੇ ਬਾਰੇ ਕੀ ਕੋਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਇਹ ਚੈੱਕ ਕਿਸ ਤਰ੍ਹਾਂ ਦਿੱਤੇ ਜਾਣਗੇ ?

**ਮੰਤਰੀ** : ਸਪੀਕਰ ਸਾਹਿਬ, ਇਹ ਚੈੱਕ ਅਸੀਂ ਦੇ ਕੇ ਆਉਂਦੇ ਹਾਂ। ਪਤਾ ਨਹੀਂ ਇਹ ਕਿਹੜੇ ਚੈੱਕਾਂ ਦੀ ਗੱਲ ਕਰਦੇ ਹਨ ?

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਵੀ ਇਨ੍ਹਾਂ ਪੰਚਾਇਤਾਂ ਦੇ ਚੈੱਕਾਂ ਦੀ ਗੱਲ ਹੀ ਕਰ ਰਿਹਾ ਹਾਂ, ਜਿਹੜਾ ਸਵਾਲ ਹੈ, ਜਿਸ ਬਾਰੇ ਇਨ੍ਹਾਂ ਨੇ ਦੱਸਿਆ ਹੈ ਕਿ 278 ਪਿੰਡਾਂ ਨੂੰ ਚੈੱਕ ਦੇ ਦਿੱਤੇ ਹਨ।

**ਮੰਤਰੀ** : ਸਪੀਕਰ ਸਾਹਿਬ, ਇਹ ਚੈੱਕ ਉਹ ਵੰਡੇ ਗਏ ਹਨ ਜਿਹੜੇ ਪਿੰਡਾਂ ਦੀਆਂ ਪੰਚਾਇਤਾਂ ਸਰਬ-ਸੰਮਤੀ ਨਾਲ ਚੁਣੀਆਂ ਗਈਆਂ ਹਨ। ਇਹ ਕਿਹੜੇ ਚੈੱਕਾਂ ਦੀ ਗੱਲ ਕਰਦੇ ਹਨ ?

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਵੀ ਸਰਬ-ਸੰਮਤੀ ਵਾਲੀਆਂ ਪੰਚਾਇਤਾਂ ਦੇ ਚੈੱਕਾਂ ਦੀ ਗੱਲ ਕਰ ਰਿਹਾ ਹਾਂ। ਮੈਂ ਪੁੱਛ ਰਿਹਾ ਹਾਂ ਕਿ ਜਿਹੜੇ 278 ਚੈੱਕ ਇਹ ਵੰਡ ਕੇ ਆਏ ਹਨ, ਉਹ ਚੈੱਕ ਕੌਣ ਵੰਡ ਕੇ ਆਉਂਦਾ ਹੈ ? ਕੀ ਇਸ ਬਾਰੇ ਕੋਈ ਤਹਿ ਕੀਤਾ ਗਿਆ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਇਹ ਜਿਹੜੇ ਚੈੱਕ ਵੰਡੇ ਗਏ ਹਨ, ਇਨ੍ਹਾਂ ਬਾਰੇ ਮੁੱਖ ਮੰਤਰੀ ਜੀ ਨੇ ਫੈਸਲਾ ਕੀਤਾ ਸੀ ਅਤੇ ਇਹ ਹਰ ਬਲਾਕ ਵਿਚੋਂ ਦੋ-ਦੋ ਪੰਚਾਇਤਾਂ ਨੂੰ ਟੋਕਨ ਦੇ ਤੌਰ ਤੇ 26 ਜਨਵਰੀ ਨੂੰ ਗਣਤੰਤਰ ਦਿਵਸ ਤੇ, ਸਟੇਜਾਂ ਤੇ ਵੰਡੇ ਸਨ। ਹਰ ਮੰਤਰੀ ਹਰ ਜ਼ਿਲ੍ਹੇ ਵਿੱਚ ਇੰਚਾਰਜ ਸੀ। 140 ਬਲਾਕ ਹਨ। ਹਰ ਬਲਾਕ ਵਿੱਚ ਦੋ-ਦੋ ਪੰਚਾਇਤਾਂ ਦੀ ਲਿਸਟ ਚਲੀ ਗਈ ਸੀ। 26 ਜਨਵਰੀ ਵਾਲੇ ਫੰਕਸ਼ਨ ਤੇ ਮੰਤਰੀ ਸਾਹਿਬਾਨ ਨੇ ਡੀ.ਸੀ. ਦੀ ਮੌਜੂਦਗੀ ਵਿੱਚ ਆਪ ਦਿੱਤੇ ਸਨ।

**ਸਰਦਾਰ ਬੀਰ ਦਵਿੰਦਰ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਪਹਿਲਾਂ ਗਰਾਂਟ ਦੀ ਅਦਾਇਗੀ ਕੀਤੀ ਸੀ, ਉਹ ਕਿਹੜੇ ਫੰਡਜ਼ ਵਿਚੋਂ ਕੀਤੀ ਸੀ ਔਰ ਹੁਣ ਜਿਹੜੀ ਅਦਾਇਗੀ ਕਰਨਾ ਚਾਹੁੰਦੇ ਹਨ ਉਹ ਕਿਹੜੇ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਿਕ ਕਰਨਾ ਚਾਹੁੰਦੇ ਹਨ ਔਰ ਚਾਲੂ ਵਿੱਤੀ ਸਾਲ ਵਿੱਚ ਕਿੰਨੇ ਪੈਸੇ ਇਸ ਲਈ ਰਾਖਵੇਂ ਰੱਖੇ ਗਏ ਹਨ ?

**ਮੰਤਰੀ** : ਸਪੀਕਰ ਸਾਹਿਬ, ਜਿਹੜੇ ਪਹਿਲਾਂ ਪੈਸੇ ਦਿੱਤੇ ਗਏ ਹਨ, ਉਹ ਸੀ.ਡੀ. 2.25 ਹੈਡ ਵਿਚੋਂ ਦੂਜੇ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਦਿੱਤੇ ਗਏ ਹਨ। ਉਸੇ ਮੱਦ ਵਿਚੋਂ ਹੀ ਦੁਬਾਰਾ ਦੇਵਾਂਗੇ। 24.75 ਕਰੋੜ ਰੁਪਏ ਦੇ ਹੁਕਮ ਮੁੱਖ ਮੰਤਰੀ ਜੀ ਨੇ ਕਰ ਦਿੱਤੇ ਹਨ। ਉਨ੍ਹਾਂ ਕੋਲ ਸਿਫਾਰਸ਼ਾਂ ਚਲੀਆਂ ਗਈਆਂ ਹਨ। ਇਹ ਪੈਸਾ ਜਲਦੀ ਹੀ ਆ ਜਾਵੇਗਾ ਅਤੇ ਅਸੀਂ ਦੇ ਦੇਵਾਂਗੇ।

**ਜਥੇਦਾਰ ਤੋਤਾ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਪਿੱਛੇ ਜਿਹੇ ਇਨ੍ਹਾਂ ਨੇ ਹਾਊਸ ਵਿਚ ਕਿਹਾ ਸੀ ਕਿ ਸਰਬ-ਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾਂ ਵਿਚੋਂ ਜਿਹੜੇ ਐਸ.ਸੀ. ਦੇ ਸਰਪੰਚ ਹੋਣਗੇ, ਉਨ੍ਹਾਂ ਨੂੰ ਪੈਸੇ ਪਹਿਲਾਂ ਦਿੱਤੇ ਜਾਣਗੇ। ਮੇਰੇ ਆਪਣੇ ਪਿੰਡ ਵਿਚ ਸਰਬ-ਸੰਮਤੀ ਨਾਲ ਐਸ.ਸੀ. ਸਰਪੰਚ ਚੁਣਿਆ ਗਿਆ ਹੈ, ਉਥੇ ਹਾਲੇ ਤੱਕ ਪੈਸੇ ਨਹੀਂ ਦਿੱਤੇ ਗਏ।

**ਮੰਤਰੀ** : ਸਪੀਕਰ ਸਾਹਿਬ, ਜਿਹੜੀ ਸਾਡੀ ਕਮਿਟਮੈਂਟ ਹੈ, ਉਸ ਨੂੰ ਪੂਰਾ ਕੀਤਾ ਜਾਵੇਗਾ। ਅਸੀਂ ਐਸ.ਸੀ. ਸਰਪੰਚਾਂ ਨੂੰ ਪਰੀਓਰਟੀ ਦੇਵਾਂਗੇ।

---

## ਪੰਚਾਇਤੀ ਜ਼ਮੀਨ ਤੇ ਨਜਾਇਜ਼ ਕਬਜ਼ੇ

***1359. ਸਰਦਾਰ ਵੀਰ ਸਿੰਘ ਲੋਪੋਕੇ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 1 ਜਨਵਰੀ, 2004 ਤੋਂ ਲੈ ਕੇ ਹੁਣ ਤੱਕ ਦੇ ਸਮੇਂ ਦੌਰਾਨ ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਪੰਚਾਇਤੀ ਜ਼ਮੀਨਾਂ ਤੇ ਕੀਤੇ ਗਏ ਨਜਾਇਜ਼ ਕਬਜ਼ੇ ਅਤੇ ਗੰਦੇ ਪਾਣੀ ਦੇ ਨਿਕਾਸ ਵਿਚ ਰੁਕਾਵਟ ਪਾਉਣ ਦੇ ਸਬੰਧ ਵਿਚ ਸਰਕਾਰ ਦੇ ਧਿਆਨ ਵਿਚ ਲਿਆਂਦੇ ਗਏ ਕੇਸਾਂ ਦੀ ਗਿਣਤੀ ਕਿੰਨੀ ਹੈ;

Original with;
Punjab Vidhan Sabha
Digitized by;
Panjab Digital Library

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸਮੇਂ ਦੌਰਾਨ ਪੰਚਾਇਤਾਂ ਦੀ ਜ਼ਮੀਨ ਤੇ ਕੀਤੇ ਗਏ ਨਜਾਇਜ਼ ਕਬਜ਼ੇ ਦੇ ਸਬੰਧ ਵਿਚ ਅਤੇ ਗੰਦੇ ਪਾਣੀ ਦੇ ਨਿਕਾਸ ਵਿਚ ਰੁਕਾਵਟ ਪਾਉਣ ਦੇ ਨਾਲ ਸਬੰਧਿਤ ਵੱਖ-ਵੱਖ ਪੰਚਾਇਤਾਂ ਦੁਆਰਾ ਮਤੇ ਦੇ ਰੂਪ ਵਿਚ ਭੇਜੀਆਂ ਗਈਆਂ ਸ਼ਿਕਾਇਤਾਂ ਸਬੰਧੀ ਸਬੰਧਿਤ ਬਲਾਕ ਵਿਕਾਸ ਅਤੇ ਪੰਚਾਇਤ ਅਫਸਰਾਂ ਦੁਆਰਾ ਪੰਚਾਇਤਾਂ ਨੂੰ ਸਹਿਯੋਗ ਨਾ ਦੇਣ ਸਬੰਧੀ ਸਰਕਾਰ ਦੇ ਧਿਆਨ ਵਿਚ ਲਿਆਂਦੇ ਗਏ ਕੇਸਾਂ ਦੀ ਗਿਣਤੀ ਕਿੰਨੀ ਹੈ ਅਤੇ ਸਰਕਾਰ ਦੁਆਰਾ ਇਨ੍ਹਾਂ ਕੇਸਾਂ ਦਾ ਨਿਪਟਾਰਾ ਕਰਨ ਲਈ ਕੀ ਕਦਮ ਚੁੱਕੇ ਗਏ ?

**ਸਰਦਾਰ ਲਾਲ ਸਿੰਘ :** (ੳ) ਜਨਵਰੀ, 2004 ਤੋਂ ਤਹਿਸੀਲ ਅਜਨਾਲਾ ਵਿੱਚ 25 ਗਰਾਮ ਪੰਚਾਇਤਾਂ ਦੇ ਨਜਾਇਜ਼ ਕਬਜ਼ੇ ਦੇ ਕੇਸ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਅੰਮ੍ਰਿਤਸਰ ਦੇ ਧਿਆਨ ਵਿਚ ਆਏ ਹਨ। ਇਨ੍ਹਾਂ ਵਿਚੋਂ ਗਰਾਮ ਪੰਚਾਇਤ, ਕੋਟਲਾ ਕਾਜ਼ੀਆਂ ਬਲਾਕ ਅਜਨਾਲਾ ਅਤੇ ਗਰਾਮ ਪੰਚਾਇਤ, ਲੋਪੋਕੇ, ਬਲਾਕ ਚੁਗਾਵਾਂ ਦੀ ਜ਼ਮੀਨ ਉਪਰ ਨਜਾਇਜ਼ ਕਬਜ਼ੇ ਕਾਰਨ ਪਿੰਡ ਦੇ ਗੰਦੇ ਪਾਣੀ ਦੇ ਨਿਕਾਸ ਵਿਚ ਮੁਸ਼ਕਲ ਆਈ ਸੀ।

(ਅ) ਗਰਾਮ ਪੰਚਾਇਤ ਕੋਟਲਾ ਕਾਜ਼ੀਆਂ ਬਲਾਕ ਅਜਨਾਲਾ ਵਿਖੇ ਗਰਾਮ ਪੰਚਾਇਤ ਦੀ ਜ਼ਮੀਨ ਤੋਂ ਨਜਾਇਜ਼ ਕਬਜ਼ਾ ਦੂਰ ਕਰਵਾ ਕੇ ਗੰਦੇ ਪਾਣੀ ਦਾ ਨਿਕਾਸ ਕਰਵਾ ਦਿੱਤਾ ਗਿਆ ਹੈ। ਗਰਾਮ ਪੰਚਾਇਤ ਲੋਪੋਕੇ ਬਲਾਕ ਚੁਗਾਵਾਂ ਦੀ ਜ਼ਮੀਨ ਤੋਂ ਨਜਾਇਜ਼ ਕਬਜ਼ਾ ਦੂਰ ਕਰਨ ਉਪਰੰਤ ਗੰਦੇ ਨਾਲੇ ਦੀ ਸਫਾਈ ਕਰਵਾ ਕੇ ਅਤੇ ਪੁਲੀ ਬਣਵਾ ਕੇ ਪਾਣੀ ਦਾ ਨਿਕਾਸ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਚੁਗਾਵਾਂ ਵੱਲੋਂ ਕਰਵਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਕਿਸੇ ਵੀ ਗਰਾਮ ਪੰਚਾਇਤ ਵੱਲੋਂ ਮਤੇ ਰਾਹੀ ਗੰਦੇ ਪਾਣੀ ਦੇ ਨਿਕਾਸ ਦੀ ਮੁਸ਼ਕਲ ਬਾਰੇ ਸਬੰਧਿਤ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਦੇ ਧਿਆਨ ਵਿਚ ਨਹੀਂ ਲਿਆਂਦਾ ਗਿਆ। ਅਜਿਹਾ ਤਹਿਸੀਲ ਅਜਨਾਲਾ ਵਿੱਚੋਂ ਕੋਈ ਵੀ ਕੇਸ ਸਾਹਮਣੇ ਨਹੀਂ ਆਇਆ ਜਿਥੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਵੱਲੋਂ ਪਾਣੀ ਦੇ ਨਿਕਾਸ ਸਬੰਧੀ ਕੋਈ ਕਾਰਵਾਈ ਨਾ ਕੀਤੀ ਗਈ ਹੋਵੇ।

**ਸਰਦਾਰ ਵੀਰ ਸਿੰਘ ਲੋਪੋਕੇ :** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ..........

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ, ਦੱਸੋ ਨਾ।

**ਸਰਦਾਰ ਵੀਰ ਸਿੰਘ ਲੋਪੋਕੇ :** ਸਪੀਕਰ ਸਾਹਿਬ, ਸ਼ਾਇਦ ਤੁਸੀਂ ਸੁਣਿਆ ਨਹੀਂ। ਮੈਂ ਸਵਾਲ ਹੀ ਪੁੱਛ ਰਿਹਾ ਹਾਂ। ਮੈਨੂੰ ਸਵਾਲ ਕਰ ਲੈਣ ਦਿਓ। ਜਿਹੜੀ ਮੰਤਰੀ ਜੀ ਨੇ ਲੋਪੋਕੇ ਦੀ ਗੱਲ ਕੀਤੀ ਹੈ। ਛੇ ਮਹੀਨੇ ਪਹਿਲਾਂ ਮੈਂ ਹਾਊਸ ਵਿਚ ਇਕ ਧਿਆਨ ਦਿਵਾਊ ਮਤਾ ਲਿਆਂਦਾ ਸੀ ਕਿ ਨਾਲਾ ਬੰਦ ਪਿਆ ਹੈ ਅਤੇ ਬਿਮਾਰੀਆਂ ਦਾ ਖਤਰਾ ਹੈ। ਜੇਕਰ ਨਾਲਾ ਚਾਲੂ ਹੋ ਗਿਆ ਹੈ ਤਾ ਮੈਂ ਮੁਆਫੀ ਮੰਗ ਲਵਾਂਗਾ, ਨਹੀਂ ਤਾਂ ਇਹ ਪਵਿੱਤਰ ਹਾਊਸ ਵਿਚ ਝੂਠ ਬੋਲਣ ਦੀ ਰੂਟੀਨ ਬੰਦ ਕਰ ਦੇਣ। ਨਾਲਾ ਅਜੇ ਤੱਕ ਬੰਦ ਪਿਆ ਹੈ। ਕੀ ਇਹ ਮਿਹਰਬਾਨੀ ਕਰਕੇ ਦੱਸਣਗੇ ਕਿ ਜਿਹੜੇ ਅਫਸਰ ਨੇ ਇਨ੍ਹਾਂ ਨੂੰ ਰਿਪੋਰਟ ਭੇਜੀ ਹੈ, ਉਹ ਗਲਤ ਹੈ ਜਾਂ ਸਹੀ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਜਿਹੜੀ ਰਿਪੋਰਟ ਪਿੰਡ ਲੋਪੋਕੇ, ਬਲਾਕ ਚੁਗਾਵਾਂ, ਬੀ.ਡੀ.ਪੀ.ਓ. ਨੇ ਭੇਜੀ ਹੈ ਉਸ ਅਨੁਸਾਰ ਇਹ ਨਾਲਾ ਲਗਭਗ 600 ਮੀਟਰ ਲੰਬਾ ਹੈ ਜਿਸ ਵਿਚੋਂ ਲਗਭਗ 200 ਮੀਟਰ ਨਾਲਾ ਪੂਰਿਆ ਗਿਆ ਸੀ, ਉਹ ਸਾਫ ਕਰਵਾ ਦਿੱਤਾ ਗਿਆ ਸੀ ਅਤੇ ਬਲਕਾਰ ਸਿੰਘ ਪੁੱਤਰ ਬਾਜ਼ ਸਿੰਘ ਦੇ ਘਰ ਨਾਲੋਂ ਇਹ ਨਾਲਾ ਹੋ ਕੇ ਮੇਨ ਸੜਕ ਤੋਂ ਆਉਂਦਾ ਸੀ। ਉਸ ਜਗ੍ਹਾ ਤੇ ਵਿਅਕਤੀਆਂ ਨੇ ਨਾਲੇ ਤੇ ਪੁਲ ਦੀ ਉਸਾਰੀ ਨਹੀਂ ਕਰਨ ਦਿੱਤੀ ਸੀ ਜਿਸ ਕਾਰਨ ਨਾਲੇ ਦਾ ਨਿਕਾਸ ਨਹੀਂ ਚਲ ਸਕਿਆ। ਸਮੇਂ ਦੇ ਬੀਤਣ ਨਾਲ ਨੇੜਲੇ ਲੋਕਾਂ ਵੱਲੋਂ ਇਸ ਨੂੰ ਮਿੱਟੀ ਪਾ ਕੇ ਪੂਰ ਦਿੱਤਾ ਗਿਆ ਸੀ। ਬੀ.ਡੀ.ਪੀ.ਓ. ਨੇ ਦੱਸਿਆ ਹੈ ਕਿ ਸ਼੍ਰੀ ਬਲਕਾਰ ਸਿੰਘ ਪੁੱਤਰ ਸ਼੍ਰੀ ਬਾਜ਼ ਸਿੰਘ ਦੇ ਘਰ ਦੇ ਨਾਲ ਲਗਦੇ ਰਸਤੇ ਉਤੇ ਪੁਲੀ ਦੀ ਤਾਮੀਰ ਕਰ ਦਿੱਤੀ ਗਈ ਸੀ। ਜੇਕਰ ਇਨ੍ਹਾਂ ਦੇ ਮੁਤਾਬਿਕ ਇਹ ਇਨਫਰਮੇਸ਼ਨ ਗਲਤ ਹੈ ਤਾਂ ਇਸ ਦੀ ਪੜਤਾਲ ਕਰਵਾ ਕੇ ਜਿਸ ਵੀ ਅਫਸਰ ਨੇ ਅਣਗਹਿਲੀ ਕੀਤੀ ਹੋਵੇਗੀ, ਉਸ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ।

**ਸਰਦਾਰ ਵੀਰ ਸਿੰਘ ਲੋਪੋਕੇ** : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਹ ਆਪਣਾ ਕੋਈ ਵੀ ਬੰਦਾ ਭੇਜ ਕੇ ਰਿਪੋਰਟ ਮੰਗਵਾ ਲੈਣ। ਨਾਲਾ ਅਜੇ ਤੱਕ ਉਸੇ ਤਰ੍ਹਾਂ ਹੀ ਬੰਦ ਪਿਆ ਹੈ ਅਤੇ ਉਸ ਦੀ ਕੋਈ ਵੀ ਸਫਾਈ ਨਹੀਂ ਕੀਤੀ ਗਈ। ਉਹ ਮੇਰਾ ਆਪਣਾ ਪਿੰਡ ਹੈ। ਜੇ ਇਹ ਗੱਲ ਗਲਤ ਹੋਵੇਗੀ ਤਾਂ ਮੈਂ ਆਪਣਾ ਅਸਤੀਫਾ ਦੇ ਦੇਵਾਂਗਾ ਨਹੀਂ ਤਾਂ ਸਬੰਧਿਤ ਰਿਪੋਰਟ ਭੇਜਣ ਵਾਲਿਆਂ ਤੋਂ ਅਸਤੀਫਾ ਦਿਵਾਇਆ ਜਾਵੇ।

**ਮੰਤਰੀ** : ਸਪੀਕਰ ਸਾਹਿਬ, ਮੈਂ ਹੈੱਡ ਕੁਆਟਰ ਤੋਂ ਕਿਸੇ ਡਿਪਟੀ ਡਾਇਰੈਕਟਰ ਦੀ ਡਿਊਟੀ ਲਗਾ ਕੇ ਇਕ ਹਫਤੇ ਦੇ ਅੰਦਰ-ਅੰਦਰ ਸਾਰੀ ਪੜਤਾਲ ਕਰਵਾ ਕੇ ਤੁਹਾਡੇ ਕੋਲ ਰਿਪੋਰਟ ਭੇਜਾਗਾਂ। ਜੇ ਇਸ ਵਿੱਚ ਕਿਸੇ ਅਫਸਰ ਦੀ ਅਣਗਿਹਲੀ ਹੋਈ ਤਾਂ ਉਸ ਦੇ ਖਿਲਾਫ ਕਾਰਵਾਈ ਕਰਾਂਗਾ।

**ਸਰਦਾਰ ਵੀਰ ਸਿੰਘ ਲੋਪੋਕੇ** : ਮਾਨਯੋਗ ਸਪੀਕਰ ਸਾਹਿਬ...........

**ਮਾਨਯੋਗ ਸਪੀਕਰ** : ਤੁਹਾਡੇ ਸਵਾਲ ਦਾ ਜਵਾਬ ਆ ਗਿਆ ਹੈ। ਅਗਲਾ ਸਵਾਲ, ਸ਼੍ਰੀ ਜੁਗਲ ਕਿਸ਼ੋਰ ਜੀ।

---

## ਮਹਿਤਾ-ਅੰਮ੍ਰਿਤਸਰ ਅਤੇ ਬਟਾਲਾ-ਅੰਮ੍ਰਿਤਸਰ ਸੜਕਾਂ ਦੀ ਮੁਰੰਮਤ

*1335. **ਸ਼੍ਰੀ ਜੁਗਲ ਕਿਸ਼ੋਰ ਸ਼ਰਮਾ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮਹਿਤਾ-ਅੰਮ੍ਰਿਤਸਰ ਅਤੇ ਬਟਾਲਾ-ਅੰਮ੍ਰਿਤਸਰ ਸੜਕਾਂ ਖਸਤਾ ਹਾਲਤ ਵਿਚ ਹਨ, ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦੀ ਤੁਰੰਤ ਮੁਰੰਮਤ ਲਈ ਕੀ ਕਦਮ ਚੁੱਕੇ ਜਾ ਰਹੇ ਹਨ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਹਾਂ ਜੀ। ਮਹਿਤਾ-ਅੰਮ੍ਰਿਤਸਰ ਸੜਕ ਦੀ ਸਾਰੀ ਲੰਬਾਈ ਤੇ ਪੈਚ ਵਰਕ ਕਰ ਦਿੱਤਾ ਗਿਆ ਹੈ। ਇਸ ਸੜਕ ਨੂੰ ਨਵੇਂ ਸਿਰੇ ਤੋਂ 20 ਐਮ.ਐਮ. ਮੋਟਾਈ ਦੀ ਮਿਕਸ ਸੀਲ ਸਰਫੇਸਿੰਗ ਕੋਟ ਨਾਲ ਮੁਰੰਮਤ ਕਰਨ ਦੀ ਤਜਵੀਜ਼ ਹੈ ਜਿਸ ਨੂੰ 31 ਦਸੰਬਰ, 2005 ਤੱਕ ਪੂਰਾ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ।

Original with;
Punjab Vidhan Sabha
Digitized by;
Panjab Digital Library

**ਬਟਾਲਾ-ਅੰਮ੍ਰਿਤਸਰ ਸੜਕ :** ਇਸ ਸੜਕ ਦੀ ਮੁਰੰਮਤ ਕਰ ਦਿੱਤੀ ਗਈ ਹੈ ਅਤੇ ਠੀਕ ਹਾਲਤ ਵਿੱਚ ਹੈ।

**ਸ਼੍ਰੀ ਜੁਗਲ ਕਿਸ਼ੋਰ ਸ਼ਰਮਾ :** ਮਾਨਯੋਗ ਸਪੀਕਰ ਸਾਹਿਬ, ਮੈਂ ਮਹਿਤਾ ਚੌਕ ਦੇ ਬਾਰੇ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਅਤੇ ਨਾਲ ਹੀ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਬਟਾਲਾ ਰੋਡ ਹੈ, ਉਹ ਕਾਫੀ ਖਸਤਾ ਹਾਲਤ ਵਿੱਚ ਹੈ ਅਤੇ ਕਾਫੀ ਟੋਏ ਪਏ ਹੋਏ ਹਨ। ਕੀ ਸਰਕਾਰ ਵੱਲੋਂ ਉਪਰਾਲਾ ਕਰਕੇ ਇਸ ਤੇ ਇਮੀਜੀਏਟਲੀ ਪੈਚ ਵਰਕ ਕਰਵਾ ਦਿੱਤਾ ਜਾਵੇਗਾ ਅਤੇ ਜਿਹੜੀ ਸੀਵਰੇਜ ਦੀ ਗੱਲ ਕਰ ਰਹੇ ਹਨ, ਉਸ ਲਈ ਸਰਕਾਰ ਕੀ ਜਲਦੀ ਤੋਂ ਜਲਦੀ ਉਪਰਾਲਾ ਕਰਕੇ ਉਸ ਨੂੰ ਮੁਕੰਮਲ ਕਰਵਾਏਗੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਸਪੀਕਰ ਸਾਹਿਬ, ਜਿਹੜਾ ਮੈਂਬਰ ਸਾਹਿਬ ਨੇ ਬਟਾਲਾ-ਅੰਮ੍ਰਿਤਸਰ ਸੜਕ ਦਾ ਜ਼ਿਕਰ ਕੀਤਾ ਹੈ, ਇਹ ਨੈਸ਼ਨਲ ਹਾਈਵੇ ਨੰਬਰ 15 ਹੈ ਅਤੇ ਇਹ ਸਾਰੇ ਦੀ ਸਾਰੀ ਪਠਾਨਕੋਟ ਤੋਂ ਬੜੀ ਅੱਛੀ ਹਾਲਤ ਵਿੱਚ ਹੈ। ਜਿਥੋਂ ਦੀ ਇਹ ਪ੍ਰਾਬਲਮ ਦੱਸ ਰਹੇ ਹਨ, ਇਹ 1.6 ਕਿਲੋਮੀਟਰ ਦਾ ਟੋਟਾ ਹੈ ਜਿਸ ਵਿੱਚ 4 ਸਟਰੈਚਿਜ਼ ਹਨ ਜਿਹੜੇ ਮਿਊਂਸਿਪਲ ਲਿਮਟ ਵਿੱਚ ਪੈਂਦੇ ਹਨ। ਅੰਮ੍ਰਿਤਸਰ ਸਾਹਿਬ ਵਿਚ ਜਿਹੜਾ ਸੀਵਰੇਜ ਹੈ, ਉਸ ਵਿੱਚ ਸਟਾਰਮ ਵਾਟਰ ਦਾ ਪ੍ਰਬੰਧ ਨਹੀਂ, ਇਸ ਲਈ ਅਸੀਂ ਮਿਊਂਸਿਪਲ ਕਾਰਪੋਰੇਸ਼ਨ ਨੂੰ ਕਿਹਾ ਕਿ ਸਟਾਰਮ ਵਾਟਰ ਦਾ ਪ੍ਰਬੰਧ ਕਰੋ ਕਿਉਂਕਿ ਬਾਰਸ਼ਾਂ ਵਿੱਚ ਪਾਣੀ ਸੜਕ ਦੇ ਦੋਵੇਂ ਪਾਸੇ ਖੜ੍ਹਾ ਹੋ ਜਾਂਦਾ ਹੈ ਅਤੇ ਕੁਝ ਕੈਮੀਕਲ ਇੰਡਸਟਰੀਜ਼ ਵੀ ਉਥੇ ਹਨ। ਉਨ੍ਹਾਂ ਦੇ ਕੈਮੀਕਲਜ਼ ਨਾਲ ਵੀ ਸੜਕ ਦੀ ਮਾੜੀ ਹਾਲਤ ਹੈ। ਜਦੋਂ ਤੱਕ ਸੜਕ ਤੇ ਪਾਣੀ ਦਾ ਪੂਰਾ ਫਲੋ ਨਹੀਂ ਹੋ ਜਾਵੇਗਾ, ਉਦੋਂ ਤੱਕ ਇਹ ਠੀਕ ਨਹੀਂ ਹੋ ਸਕਦਾ। ਅਸੀਂ ਡੇਢ ਮਹੀਨੇ ਦੇ ਅੰਦਰ-ਅੰਦਰ ਇਹ ਬਣਵਾ ਦੇਵਾਂਗੇ। ਅਸੀਂ ਮਿਊਂਸਿਪਲ ਕਮਿਸ਼ਨਰ ਨੂੰ ਵੀ ਲਿਖਿਆ ਹੈ ਕਿ ਸਟਾਰਮ ਵਾਟਰ ਦਾ ਪ੍ਰਬੰਧ ਕਰਵਾਇਆ ਜਾਵੇ। ਇਹ ਸਾਰੀ ਬੜੀ ਅੱਛੀ ਕੰਕਰੀਟ ਰੋਡ ਹੈ ਜਿਹੜੀ ਕਿ ਅੰਮ੍ਰਿਤਸਰ ਦੇ ਵਿੱਚੋਂ ਦੀ ਜਾਂਦੀ ਹੈ। ਸਪੀਕਰ ਸਾਹਿਬ, ਜਦੋਂ ਤੱਕ ਸੀਵਰੇਜ ਦਾ ਪ੍ਰਬੰਧ ਨਹੀਂ ਹੋਵੇਗਾ, ਇਹ ਸੜਕਾਂ ਠੀਕ ਨਹੀਂ ਰਹਿਣਗੀਆਂ।

---

## Inconvenience Due to Raised Level of Road

***1345. Captain Balbir Singh Bath :** Will the Public Works (B & R) Minister be pleased to state whether it is a fact that the level of road in the Urban Estate Colony of Batala Township has been raised during repair of Batala-Qadian Road; if so, the details of arrangements made for the drainage of the rain/sullage/sewerage water therefrom ?

**Sardar Partap Singh Bajwa :** Yes please. To drain off rain/sullage/ sewerage water, an open drain of size 1'-6" × 1'-6" has been constructed on both sides of this road in a length of 2400 feet.

Original with;
Punjab Vidhan Sabha
Digitized by;
Panjab Digital Library

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਸਵਾਲ ਬੜਾ ਸਿੰਪਲ ਹੈ ਕਿ ਪੀ.ਡਬਲਿਊ.ਡੀ. ਮਹਿਕਮੇ ਨੇ 4 ਫੁੱਟ ਸੜਕ ਉੱਚੀ ਕਰ ਦਿੱਤੀ ਅਤੇ ਇਸ ਤਰ੍ਹਾਂ ਅਰਬਨ ਅਸਟੇਟ ਦਾ ਏਰੀਆ 4 ਫੁੱਟ ਨੀਵਾਂ ਰਹਿ ਗਿਆ। ਹੁਣ ਦੂਜੇ ਮੁਹੱਲਿਆਂ ਦਾ ਪਾਣੀ ਅਰਬਨ ਅਸਟੇਟ ਵਿੱਚ ਸੁੱਟ ਦਿਤਾ। ਕੀ ਕਾਨੂੰਨ ਮੁਤਾਬਿਕ ਕਿਸੇ ਮੁਹੱਲੇ ਦਾ ਪਾਣੀ ਦੂਜਿਆਂ ਦੇ ਘਰ ਅੱਗੇ ਸੁੱਟਿਆ ਜਾ ਸਕਦਾ ਹੈ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਹ ਵੀ ਸਿਮੀਲਰ ਚੀਜ਼ ਹੈ ਜਿਸ ਤਰ੍ਹਾਂ ਸ਼੍ਰੀ ਜੁਗਲ ਕਿਸ਼ੋਰ ਜੀ ਨੇ ਜ਼ਿਕਰ ਕੀਤਾ ਸੀ। ਇਹ ਸਿਮੀਲਰ ਪ੍ਰਾਬਲਮ ਹੈ। ਬਟਾਲਾ ਤੋਂ ਕਾਦੀਆਂ ਨੂੰ ਜਦੋਂ ਜਾਂਦੇ ਹਾਂ ਤਾਂ ਲੈਫਟ ਹੈਂਡ ਤੇ ਅਰਬਨ ਅਸਟੇਟ ਹੈ ਅਤੇ ਉਸ ਤੋਂ ਅੱਗੇ ਰਣਜੀਤ ਨਗਰ ਆਉਂਦਾ ਹੈ। ਉਸ ਤੋਂ ਅੱਗੇ ਉਜਾਗਰ ਨਗਰ ਹੈ। ਇਹ ਸੜਕ ਇਨ੍ਹਾਂ ਦੀ ਮੰਗ ਤੇ ਸ਼ੁਰੂ ਕੀਤੀ ਗਈ ਸੀ। ਸੜਕ ਬਣਾਉਣ ਤੋਂ ਪਹਿਲਾਂ ਉਥੇ ਇਕ ਮੀਟਿੰਗ ਕੀਤੀ ਗਈ ਅਤੇ ਉਜਾਗਰ ਨਗਰ ਵਾਲਿਆਂ ਨੇ ਕਿਹਾ ਸੀ ਰਣਜੀਤ ਨਗਰ ਵਿਖੇ ਜਿਹੜੀ ਪੁਲੀ ਬਣਾਉਣ ਦੀ ਲੋੜ ਹੈ, ਉਹ ਬਣਾ ਦਿੱਤੀ ਜਾਵੇ ਸਾਨੂੰ ਕੋਈ ਇਤਰਾਜ਼ ਨਹੀਂ ਅਤੇ ਸਾਰਿਆਂ ਨੇ ਆਪਣੀ ਸਹਿਮਤੀ ਦਿੱਤੀ ਸੀ। ਹੁਣ ਸੜਕ ਬਣ ਗਈ ਹੈ ਅਤੇ ਅਸੀਂ ਉਸ ਦੇ ਦੋਵੇਂ ਪਾਸੇ ਡਰੇਨਜ਼ ਬਣਾ ਦਿੱਤੀ ਹੈ। ਇਹ ਸਾਰਾ ਪਾਣੀ ਹੰਸਲੀ ਵਿਖੇ ਜਾਂਦਾ ਹੈ। ਜਦੋਂ ਸੜਕ ਮੁਕੰਮਲ ਕਰ ਦਿੱਤੀ ਤਾਂ ਉਜਾਗਰ ਨਗਰ ਵਾਲਿਆਂ ਨੇ ਕਿਹਾ ਕਿ ਅਸੀਂ ਰਣਜੀਤ ਨਗਰ ਦਾ ਪਾਣੀ ਨਹੀਂ ਜਾਣ ਦੇਣਾ। ਇਹ ਪ੍ਰਾਈਵੇਟ ਕਲੋਨੀ ਹੈ। ਉਸ ਤੋਂ ਬਾਅਦ ਕਿਉਂਕਿ ਮੈਨੂੰ ਸੇਖੜੀ ਸਾਹਿਬ, ਐਮ.ਐਲ.ਏ. ਨੇ ਇਸ ਬਾਰੇ ਜ਼ਿਕਰ ਕੀਤਾ ਸੀ। ਡਿਪਟੀ ਕਮਿਸ਼ਨਰ, ਐਸ.ਡੀ.ਐਮ. ਅਤੇ ਪੁੱਡਾ ਦੇ ਅਫਸਰ ਉਥੇ ਗਏ ਅਤੇ ਮੀਟਿੰਗ ਕੀਤੀ ਪਰ ਇਨ੍ਹਾਂ ਨੇ ਰਿਫਿਊਜ ਕਰ ਦਿੱਤਾ। ਜਿਹੜੀ ਅਰਬਨ ਅਸਟੇਟ ਹੈ, ਜਿਥੇ ਬਾਠ ਸਾਹਿਬ ਹਨ ਅਤੇ ਇਨ੍ਹਾਂ ਨੇ ਕਿਹਾ ਹੈ ਕਿ ਉਜਾਗਰ ਨਗਰ ਦਾ ਪਾਣੀ ਨਹੀਂ ਨਿਕਲਣਾ ਚਾਹੀਦਾ। ਸਪੀਕਰ ਸਾਹਿਬ, ਪਾਣੀ ਕਿਤੇ ਨਾ ਕਿਤੇ ਤਾਂ ਨਿਕਲਣਾ ਹੀ ਹੈ। ਅਸੀਂ ਇਹ ਗੱਲ ਵੀ ਕਹੀ, ਡਿਪਾਰਟਮੈਂਟ ਨੇ ਕਹੀ ਕਿ 800 ਫੁੱਟ ਅੰਡਰ ਗਰਾਊਂਡ ਵਾਟਰ ਲੰਘਾ ਦਿੰਦੇ ਹਾਂ ਜਿਥੇ ਗੌਰਮਿੰਟ ਦੀ ਸੜਕ ਹੈ। ਇਹ ਐਡਮਨਿਸਟਰੇਟਿਵ ਮੈਟਰ ਹੈ। ਇਹ ਕਲੋਨੀ ਵਾਲਿਆਂ ਦੀ ਜ਼ਿਦ ਦਾ ਸਵਾਲ ਬਣਿਆ ਹੈ। ਮੈਂ ਇਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਇਹ ਉਥੇ ਰਹਿੰਦੇ ਹਨ, ਸੇਖੜੀ ਸਾਹਿਬ ਉਥੇ ਰਹਿੰਦੇ ਹਨ ਅਤੇ ਬੀ.ਜੇ.ਪੀ. ਦੇ ਪੁਰਾਣੇ ਐਮ.ਐਲ.ਏ. ਵੀ ਉਥੇ ਰਹਿੰਦੇ ਹਨ ਕਿ ਉਸ ਕਲੋਨੀ ਵਿੱਚ ਐਮੀਕੇਬਲੀ ਬੈਠ ਕੇ ਜਾਂ ਤਾਂ ਕਲੋਨੀ ਵਾਲਿਆਂ ਨੂੰ ਸਮਝਾ ਲੈਣ, ਨਹੀਂ ਤਾਂ ਫਿਰ ਸਾਨੂੰ ਐਡਮਨਿਸਟਰੇਟਿਵਲੀ ਸਟੈੱਪ ਲੈਣਾ ਪਵੇਗਾ।

**ਮਾਨਯੋਗ ਸਪੀਕਰ** : ਇਹ ਤਾਂ ਤੁਹਾਨੂੰ ਹੀ ਕਰਨਾ ਪਵੇਗਾ।

**ਮੰਤਰੀ** : ਅਸੀਂ ਕਰ ਦੇਵਾਂਗੇ ਜੀ, ਤੁਹਾਡਾ ਹੁਕਮ ਚਾਹੀਦਾ ਹੈ। ਐਡਮਨਿਸਟਰੇਟਿਵਲੀ ਤਾਂ ਇਹ ਸਖਤੀ ਵਾਲਾ ਕੰਮ ਹੋ ਜਾਂਦਾ ਹੈ। ਫਿਰ ਇਨ੍ਹਾਂ ਨੇ ਕਹਿਣਾ ਹੈ ਕਿ ਸਖਤੀ ਸ਼ੁਰੂ ਹੋ ਗਈ ਹੈ। ਇਹ ਯਕੀਨ ਦਿਵਾ ਦੇਣ ਕਿ ਇਹ ਸਾਡੀ ਮੱਦਦ ਕਰਨਗੇ। ਅਸੀਂ ਤਾਂ ਮਹੀਨੇ ਵਿੱਚ ਕੰਮ ਕਰ ਦੇਵਾਂਗੇ।

**ਕੈਪਟਨ ਬਲਬੀਰ ਸਿੰਘ ਬਾਠ** : ਸਪੀਕਰ ਸਾਹਿਬ, ਉਲਟਾ ਹੀ ਕੰਮ ਹੋ ਗਿਆ, ਇਹ ਐਮ.ਐਲ.ਏ. ਦੀ ਮੱਦਦ ਮੰਗ ਰਹੇ ਹਨ। ਕੀ ਲੋਕ ਗਲੀਆਂ ਦਾ ਗੰਦਾ ਪਾਣੀ, ਬਾਜਵਾ ਸਾਹਿਬ, ਘਰਾਂ ਵਿੱਚ ਪੈਣ ਦੇਣਗੇ ? ਜੇਕਰ ਉਜਾਗਰ ਨਗਰ ਦਾ ਗੰਦਾ ਪਾਣੀ

Original with;
Punjab Vidhan Sabha
Digitized by;
Panjab Digital Library

ਅੱਗੇ ਨਿਕਲ ਜਾਵੇ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਹੈ। ਸਾਨੂੰ ਪਾਣੀ ਸੁੱਟਣ ਤਾਂ ਇਤਰਾਜ਼ ਹੈ। ਤੁਸੀਂ ਪਾਣੀ ਅੱਗੇ ਲੰਘਾ ਲਓ, ਫਿਰ ਇਤਰਾਜ਼ ਨਹੀਂ। ਇਹ ਪਤਾ ਨਹੀਂ ਕਿਸ ਨੇ ਦੱਸ ਦਿੱਤਾ। ਮੈਂ ਬੇਨਤੀ ਕਰਾਂਗਾ ਕਿ ਮੰਤਰੀ ਸਾਹਿਬ ਭਰੋਸਾ ਦੇਣ ਕਿ ਜੋ ਪਾਣੀ ਸੁੱਟਣਾ ਹੈ, ਉਸ ਨੂੰ ਨਾਲੇ ਵਿੱਚ ਪਾਇਆ ਜਾਵੇ। ਉਥੇ ਗੁਰਦੁਆਰਾ ਹੈ, ਮੰਦਰ ਹੈ, ਇਹ ਗਲਤ ਹੋਇਆ ਹੈ।

**ਮੰਤਰੀ :** ਸਰ, ਬੇਨਤੀ ਹੈ ਕਿ ਪਹਿਲਾਂ ਐਮੀਕੇਬਲੀ ਸੈਟਲ ਹੋਇਆ ਸੀ ਪਰ ਫਿਰ ਰੀਥਿੰਕਿੰਗ ਹੋ ਗਈ। ਰਣਜੀਤ ਨਗਰ ਐਵੇਨਿਊ ਤੋਂ ਅਸੀਂ ਅਰਬਨ ਅਸਟੇਟ ਤੱਕ ਗੌਰਮਿੰਟ ਪੁੱਡਾ ਤੋਂ ਇਜ਼ਾਜ਼ਤ ਲੈ ਕੇ ਬਕਾਇਦਾ ਅੰਡਰ ਗਰਾਊਂਡ ਵਾਟਰ ਲੰਘਾਏਗੀ, ਜਿਸ ਨਾਲ ਕਿਸੇ ਨੂੰ ਕੋਈ ਪਰਾਬਲਮ ਨਹੀਂ ਹੋਏਗੀ। ਅਸੀਂ ਸੀਵਰੇਜ ਦਾ ਪ੍ਰਬੰਧ ਕਰ ਦੇਵਾਂਗੇ, ਇਹ ਮੈਂ ਇਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ।

---

## Construction of Civil Hospital at Kotfatta

***1344. Sardar Gurjant Singh :** Will the Health & Family Welfare Minister be pleased to state whether it is a fact that the Municipal Committee, Kotfatta, District Bathinda had donated 3 acres of land to Health Department, Punjab in 1994 for the construction of Civil Hospital, if so, the reasons for not constructing the Hospital thereon so far ?

**Shri Romesh Chander Dogra :** No, Sir.

**ਸਰਦਾਰ ਗੁਰਜੰਟ ਸਿੰਘ :** ਸਪੀਕਰ ਸਾਹਿਬ, 10 ਸਾਲ ਹੋ ਗਏ ਹਨ ਪਿੰਡ ਵਾਲਿਆਂ ਨੇ ਹੈਲਥ ਡਿਪਾਰਟਮੈਂਟ ਨੂੰ 3 ਏਕੜ ਜ਼ਮੀਨ ਦਾਨ ਦਿੱਤੀ ਸੀ। ਅੱਜ ਉਥੇ ਲੋਕ ਰੂੜੀਆਂ ਲਗਾ ਰਹੇ ਹਨ, ਕਬਜ਼ਾ ਕਰ ਰਹੇ ਹਨ। ਜੇਕਰ ਹਸਪਤਾਲ 10 ਸਾਲ ਤੱਕ ਨਹੀਂ ਬਣਨਾ ਸੀ ਤਾਂ ਇੰਨੀ ਕੀਮਤੀ ਜ਼ਮੀਨ ਰੱਖਣ ਦਾ ਫਾਇਦਾ ਕੀ ਸੀ। ਦੂਸਰੀ ਗੱਲ ਇਹ ਹੈ ਕਿ ਉਥੇ 17 ਪਿੰਡਾਂ ਵਿੱਚ ਕੋਈ ਹਸਪਤਾਲ ਨਹੀਂ ਹੈ। ਕਈ ਡਿਲਵਰੀ ਦੇ ਕੇਸਾਂ ਵਿੱਚ ਬਠਿੰਡਾ ਲਿਜਾਂਦੇ ਸਮੇਂ ਰਸਤੇ ਵਿੱਚ ਮੌਤ ਹੋ ਗਈ ਹੈ। ਕੀ ਮੰਤਰੀ ਸਾਹਿਬ ਯਕੀਨ ਦਿਵਾਉਣਗੇ ਕਿ ਜਿਹੜੀ ਤਿੰਨ ਏਕੜ ਬੜੀ ਕੀਮਤੀ ਜ਼ਮੀਨ ਦਾਨ ਵਿੱਚ ਦਿੱਤੀ ਹੈ, ਉਥੇ ਹਸਪਤਾਲ ਬਣਾਉਣ ਦਾ ਉਪਰਾਲਾ ਕਰਨਗੇ ?

**ਮੰਤਰੀ :** ਸਪੀਕਰ ਸਾਹਿਬ, ਪਹਿਲਾਂ ਤਾਂ ਕੁਐਸਚਨ ਹੀ ਡਿਫਰੈਂਟ ਸੀ। ਇਨ੍ਹਾਂ ਨੇ ਸਵਾਲ ਦਿੱਤਾ ਸੀ—Will the Health & Family Welfare Minister be pleased to state whether it is a fact that the Municipal Committee, Kotfatta, District Bathinda, had donated 3 acres of land to the Health Department, Punjab in 1994 for the construction of Civil Hospital, if so, the reasons for not constructing the Hospital thereon so far."

Original with;
Punjab Vidhan Sabha
Digitized by;
Panjab Digital Library

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

Sir, he has himself agreed that ਪਿੰਡ ਦੇ ਲੋਕਾਂ ਨੇ ਜ਼ਮੀਨ ਦਾਨ ਦਿੱਤੀ ਸੀ। Sir, I also agree with him that 1995 ਵਿੱਚ ਕੁਝ ਪਿੰਡ ਦੇ ਲੋਕਾਂ ਨੇ ਜ਼ਮੀਨ ਦਿੱਤੀ ਸੀ ਪਰ ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਭਾਵਨਾ ਇਹ ਸੀ ਕਿ ਉਨ੍ਹਾਂ ਦੇ ਬਜ਼ੁਰਗਾਂ ਦੇ ਨਾਮ ਦਾ ਅਗਰ ਹਸਪਤਾਲ ਬਣਾਉਣ, ਤਾਂ ਠੀਕ ਹੈ।

But there was no agreement between them and the Health Department. So they had given the donation and the land is with us. Of course, it is not being used by us at the moment. As for making the hospital concerned, ਉਥੇ ਅਸੀਂ ਡਿਸਪੈਂਸਰੀ ਖੋਲ੍ਹ ਦਿੱਤੀ ਸੀ। ਆਪਣੇ ਕੋਟਫੱਤਾ ਵਿਖੇ ਆਯੂਰਵੈਦਿਕ ਅਤੇ ਐਲੋਪੈਥੀ ਡਿਸਪੈਂਸਰੀਆਂ ਹਨ। These two dispensaries are working there. ਨੈਕਸਟ ਇਹ ਕਹਿੰਦੇ ਹਨ ਕਿ 17 ਪਿੰਡਾਂ ਵਿੱਚ ਹਸਪਤਾਲ ਨਹੀਂ ਹੈ। 16 ਕਿਲੋਮੀਟਰ ਦੇ ਅੰਤਰ ਤੇ ਬਠਿੰਡਾ ਵਿਖੇ ਸਿਵਲ ਹਸਪਤਾਲ ਹੈ। ਇੱਕ ਸਿਵਲ ਹਸਪਤਾਲ ਮੌੜ ਮੰਡੀ ਵਿਖੇ 20 ਕਿਲੋਮੀਟਰ ਦੀ ਦੂਰੀ ਤੇ ਹੈ। ਸਬਸਿਡਰੀ ਹੈਲਥ ਸੈਂਟਰ ਥਾਨਾ ਧੰਨਾ ਸਿੰਘ ਵਿਖੇ 3 ਕਿਲੋਮੀਟਰ ਦੀ ਦੂਰੀ ਤੇ ਹੈ। ਸਬਸਿਡਰੀ ਹੈਲਥ ਸੈਂਟਰ ਕੋਟ ਭਾਰਾ ਵਿਖੇ 3 ਕਿਲੋਮੀਟਰ ਤੇ ਹੈ। There is enough availability of Health Care System there and that is why we do not feel the need of adding more to the existing set up there. In fact, Sir, ਉਸ ਟਾਈਮ ਜਦੋਂ ਉਨ੍ਹਾਂ ਨੇ ਜ਼ਮੀਨ ਦਾਨ ਦਿੱਤੀ ਸੀ, ਡੋਨੇਟ ਕਰ ਦਿੱਤੀ ਸੀ ਤਾਂ ਉਸ ਲਈ 15 ਲੱਖ ਰੁਪਏ ਦੇ ਬਜਟ ਦੀ ਡਿਮਾਂਡ ਕੀਤੀ ਸੀ ਕਿ ਉਥੇ ਕੋਈ ਸਮਾਲ ਸਕੇਲ ਹੈਲਥ ਸੈਂਟਰ ਬਣਾ ਦੇਈਏ ਪਰ money was not given at that time. The matter is lying pending.

**ਸਰਦਾਰ ਗੁਰਜੰਟ ਸਿੰਘ** : ਸਪੀਕਰ ਸਾਹਿਬ, ਜਿਹੜੀ ਡਿਸਪੈਂਸਰੀ ਬਣਾਈ ਹੈ, ਉਸ ਲਈ ਜਗ੍ਹਾ ਦਾਨ ਦਿੱਤੀ ਹੈ, ਉਹ ਇਸ ਤੋਂ ਬਹੁਤ ਦੂਰ ਹੈ। ਮੇਰਾ ਸਵਾਲ ਇਹ ਹੈ ਕਿ ਜਿਹੜੀ 24 ਕਨਾਲ ਜ਼ਮੀਨ ਦਾਨ ਦਿੱਤੀ ਹੈ ਉਸ ਉਤੇ ਲੋਕਾਂ ਵੱਲੋਂ ਕਬਜ਼ੇ ਕੀਤੇ ਜਾ ਰਹੇ ਹਨ। ਕੀ ਮੰਤਰੀ ਸਾਹਿਬ ਉਸ ਜਗ੍ਹਾ ਉਤੇ ਹਸਪਤਾਲ ਬਣਾਉਣ ਲਈ ਅਤੇ ਲੋਕਾਂ ਨੂੰ ਸਿਹਤ ਸਹੂਲਤਾਂ ਅਤੇ ਲੋਕਾਂ ਦੀਆਂ ਜਾਨਾਂ ਬਚਾਉਣ ਲਈ ਕੋਈ ਕਾਰਵਾਈ ਕਰਨਗੇ ?

**ਮਾਨਯੋਗ ਸਪੀਕਰ** : ਲੋਕਾਂ ਵੱਲੋਂ ਜੋ ਨਜਾਇਜ਼ ਕਬਜ਼ੇ ਕੀਤੇ ਜਾ ਰਹੇ ਹਨ ਉਨ੍ਹਾਂ ਦਾ ਕੀ ਕੋਈ ਇਲਾਜ ਹੈ ?

**ਮੰਤਰੀ** : ਸਰ, ਉਥੇ ਲੋਕਾਂ ਦਾ ਕਬਜ਼ਾ ਨਹੀਂ ਹੈ, ਹੈਲਥ ਡਿਪਾਰਟਮੈਂਟ ਦਾ ਹੈ ਔਰ ਇਹ ਗੱਲ ਕਰਦੇ ਹਨ, ਇਹ ਜਿਹੜੀ ਡਿਸਪੈਂਸਰੀ ਹੈ, ਇਹ ਇਕ ਧਰਮਸ਼ਾਲਾ ਅਤੇ ਇਕ ਗੁਰਦੁਆਰਾ ਸਾਹਿਬ ਵਿਖੇ, ਦੋਨੋਂ ਡਿਸਪੈਂਸਰੀਆਂ ਹਨ। We will shift them provided we get the land. But there is no proposal in this regard. ਇਨ੍ਹਾਂ ਦੇ ਸਵਾਲ ਤੋਂ ਬਾਅਦ ਇਨ੍ਹਾਂ ਦੋਨਾਂ ਦੇ ਬਾਰੇ ਜੋ ਇਹ ਗੱਲ ਕਰ ਰਹੇ ਹਨ ਕਿ ਜਿਹੜੀਆਂ ਦੋਨੋਂ ਡਿਸਪੈਂਸਰੀਆਂ ਹਨ, ਉਹ ਵੀ ਸ਼ਿਫਟ ਕਰ ਦਿਆਂਗੇ ਅਤੇ ਜੋ ਐਡੀਸ਼ਨ ਜਗ੍ਹਾ ਹੈ, ਉਹ ਵੀ ਸਟਾਫ ਦੇ ਲਈ ਕੁੱਝ ਕਰ ਦਿਆਂਗੇ।

---

Original with;
Punjab Vidhan Sabha
Digitized by;
Panjab Digital Library

## ਇੰਜੀਨੀਅਰਾਂ ਦੀਆਂ ਆਸਾਮੀਆਂ ਦੀ ਗਿਣਤੀ

*1342. **ਸ਼੍ਰੀ ਦੇਸ ਰਾਜ ਧੁੱਗਾ** : ਕੀ ਜਨ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੰਜਾਬ ਵਿਚ ਮੁੱਖ ਇੰਜੀਨੀਅਰਾਂ, ਕਾਰਜਕਾਰੀ ਇੰਜੀਨੀਅਰਾਂ ਅਤੇ ਐਸ.ਡੀ.ਓਜ਼. ਦੀਆਂ ਆਸਾਮੀਆਂ ਦੀ ਸ਼੍ਰੇਣੀਵਾਰ ਗਿਣਤੀ ਕਿੰਨੀ-ਕਿੰਨੀ ਹੈ ਅਤੇ ਉਨ੍ਹਾਂ ਆਸਾਮੀਆਂ ਦੀ ਗਿਣਤੀ ਕਿੰਨੀ ਹੈ ਜਿਹੜੀਆਂ ਭਰ ਲਈਆਂ ਗਈਆਂ ਹਨ;

(ਅ) ਉਕਤ ਵਰਣਿਤ ਆਸਾਮੀਆਂ ਵਿਚੋਂ ਐਸ.ਡੀ.ਓਜ਼ ਦੀਆਂ ਨਿਯਮਿਤ ਆਧਾਰ ਤੇ ਭਰੀਆਂ ਗਈਆਂ ਅਤੇ ਤਦ-ਅਰਥ ਆਧਾਰ ਤੇ ਭਰੀਆਂ ਗਈਆਂ ਆਸਾਮੀਆਂ ਦੀ ਵੱਖ-ਵੱਖ ਗਿਣਤੀ ਕਿੰਨੀ ਹੈ;

(ੲ) ਨਿਯਮਾਂ ਅਨੁਸਾਰ ਐਸ.ਡੀ.ਓਜ਼. ਦੀਆਂ ਉਕਤ ਆਸਾਮੀਆਂ ਤਦ-ਅਰਥ ਆਧਾਰ ਤੇ ਕਿੰਨੇ ਸਮੇਂ ਲਈ ਜਾਰੀ ਰੱਖੀਆਂ ਜਾ ਸਕਦੀਆਂ ਹਨ;

(ਸ) ਐਸ.ਡੀ.ਓਜ਼. ਦੀਆ ਆਸਮੀਆਂ ਵਿਚੋਂ ਡਿਗਰੀ ਪ੍ਰਾਪਤ (ਸਿੱਧੀ ਭਰਤੀ), ਡਿਪਲੋਮਾ ਪ੍ਰਾਪਤ ਅਤੇ ਏ.ਐਮ.ਆਈ. ਡਿਗਰੀ ਪ੍ਰਾਪਤ ਲਈ ਰਾਖਵੀਆਂ ਆਸਾਮੀਆਂ ਵਿਚੋਂ ਖਾਲੀ ਪਈਆਂ ਆਸਾਮੀਆਂ ਦੀ ਵੱਖ-ਵੱਖ ਕੁੱਲ ਗਿਣਤੀ ਕਿੰਨੀ ਹੈ?

**ਸ਼੍ਰੀ ਅਵਤਾਰ ਹੈਨਰੀ** : (ੳ) ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੰਜਾਬ ਵਿਚ ਮੁੱਖ ਇੰਜੀਨੀਅਰ, ਕਾਰਜਕਾਰੀ ਇੰਜੀਨੀਅਰ ਅਤੇ ਉਪ-ਮੰਡਲ ਇੰਜੀਨੀਅਰ ਦੀਆਂ ਆਸਾਮੀਆਂ ਦੀ ਕੈਟਾਗਰੀ-ਵਾਈਜ਼ ਗਿਣਤੀ ਹੇਠਾਂ ਅਨੁਸਾਰ ਹੈ :—

| ਲੜੀ ਨੰ: | ਆਸਾਮੀ ਦੀ ਨਾਮ | ਮਨਜ਼ੂਰ ਹੋਈਆਂ ਅਸਾਮੀਆਂ | ਭਰੀਆਂ ਹੋਈਆਂ ਅਸਾਮੀਆਂ | ਖਾਲੀ ਅਸਾਮੀਆਂ |
|---|---|---|---|---|
| 1 | ਮੁੱਖ ਇੰਜੀਨੀਅਰ | 3 | 2 | 1 |
| 2 | ਕਾਰਜਕਾਰੀ ਇੰਜੀਨੀਅਰ | 57 | 54 | 3 |
| 3 | ਉਪ-ਮੰਡਲ ਇੰਜੀਨੀਅਰ | 201 | 129 | 72 |

(84 ਰੈਗੂਲਰ, 45 ਐਡਹਾਕ, ਉਪ-ਮੰਡਲ ਇੰਜੀਨੀਅਰ 129)

(ਅ) ਵਿਭਾਗ ਵਿੱਚ ਕੰਮ ਕਰ ਰਹੇ ਉਪ-ਮੰਡਲ ਇੰਜੀਨੀਅਰ ਕੈਟੇਗਰੀ ਵਾਈਜ਼ ਗਿਣਤੀ ਹੇਠਾਂ ਅਨੁਸਾਰ ਹੈ :—

Original with;
Punjab Vidhan Sabha
Digitized by;
Panjab Digital Library

[ਖੁਰਾਕ ਤੇ ਸਿਵਲ ਸਪਲਾਈ ਅਤੇ ਜਨ-ਸਿਹਤ ਮੰਤਰੀ]

| ਲੜੀ ਨੰ: | ਕੈਟੇਗਰੀ/ਸੋਰਸ | ਰੈਗੂਲਰ | ਤਦ-ਅਰਥ ਅਧਾਰ | ਜੋੜ |
|---|---|---|---|---|
| 1 | ਸਿੱਧੀ ਭਰਤੀ (ਸੋਰਸ ਨੰ: 1) | 72 | — | 72 |
| 2 | ਜੇ.ਈ. (ਡਿਪਲੋਮਾ ਹੋਲਡਰ) ਕੈਟੇਗਰੀ (ਸੋਰਸ ਨੰ: 2) | 4 | 21 | 25 |
| 3 | ਡਰਾਇੰਗ ਕੈਟਾਗਰੀ (ਸੋਰਸ ਨੰ: 3) | — | 1 | 1 |
| 4 | ੲੇ.ਐਸ.ਆਈ.ਈ. ਪਾਸ ਕੈਟਾਗਰੀ (ਸੋਰਸ ਨੰ: 4) | 8 | 23 | 31 |
| | ਜੋੜ | 84 | 45 | 129 |

(ੲ) (i) ਪੀ.ਐਸ.ਈ. ਦਰਜਾ-2 ਜਨ ਸਿਹਤ ਰੂਲਜ਼ 1967 ਦੇ ਨਿਯਮ 6(3) ਅਨੁਸਾਰ ਜੇਕਰ ਸੋਰਸ ਨੰ: 1 ਸਿੱਧੀ ਭਰਤੀ ਅਤੇ 3 ਡਰਾਇੰਗ ਕੈਟਾਗਰੀ ਦੇ ਉਮੀਦਵਾਰ ਉਪਲਬਧ ਨਾ ਹੋਣ ਤਾਂ ਅਜਿਹੀ ਹਾਲਤ ਵਿੱਚ ਉਮੀਦਵਾਰਾਂ ਦੀ ਨਿਯੁਕਤੀ ਲੋਕ ਹਿੱਤ ਵਿੱਚ ਸਟਾਪ ਗੈਪ ਪ੍ਰਬੰਧ ਅਨੁਸਾਰ ਦੂਜੇ ਸੋਰਸਾਂ ਤੋਂ ਕੀਤੀ ਜਾ ਸਕਦੀ ਹੈ। ਜਦੋਂ ਅਲਾਟ ਕੀਤੇ ਸੋਰਸ ਤੋਂ ਉਪਲਬਧ ਹੁੰਦਾ ਹੈ ਤਾਂ ਅਜਿਹੀ ਹਾਲਤ ਵਿੱਚ ਦੂਜੇ ਸੋਰਸਾਂ ਤੋਂ ਨਿਯੁਕਤ ਕੀਤੇ ਉਮੀਦਵਾਰ ਨੂੰ ਉਸਦੇ ਅਸਲ ਕੈਡਰ ਵਿੱਚ ਰੀਵਰਟ ਕੀਤਾ ਜਾਵੇਗਾ ਅਤੇ ਉਸ ਵੱਲੋਂ ਕੀਤੀ ਸੇਵਾ ਨੂੰ ਸੀਨੀਆਰਤਾ ਵਿੱਚ ਨਹੀਂ ਗਿਣਿਆ ਜਾਵੇਗਾ।

(ii) ਨਿਯਮ 6(4) ਅਨੁਸਾਰ ਪੰਜਾਬ ਸਰਕਾਰ ਥੋੜ੍ਹੇ ਸਮੇਂ ਦੀ ਅਸਾਮੀ ਜਿਹੜੀ ਕਿ 6 ਮਹੀਨੇ ਤੋਂ ਘੱਟ ਹੋਵੇ ਸਰਕਾਰੀ ਸੇਵਾ ਲਈ ਵਿਸ਼ੇਸ਼ ਤੌਰ ਤੇ ਕਾਰਣ ਰਿਕਾਰਡ ਕਰਦੇ ਹੋਏ ਸਥਾਨਕ ਪ੍ਰਬੰਧ ਰਾਹੀਂ ਪੰਜਾਬ, ਲੋਕ ਨਿਰਮਾਣ ਵਿਭਾਗ ਜਨ ਸਿਹਤ ਦੇ ਭਾਗ ਅਫਸਰ ਇੰਜੀਨੀਅਰਿੰਗ ਸੇਵਾ ਦੇ ਮੈਂਬਰਾਂ ਵਿੱਚੋਂ ਬਿਨਾਂ ਸਿਲੈਕਟ ਲਿਸਟ ਜੋ ਕਿ ਰੂਲ 9 ਅਧੀਨ ਤਿਆਰ ਕੀਤੀ ਜਾਂਦੀ ਹੈ, ਵਿੱਚੋਂ ਭਰ ਸਕਦੀ ਹੈ।

(iii) ਇਹ ਆਸਾਮੀਆਂ ਤਦ ਅਰਥ ਅਧਾਰ ਤੇ ਭਰਨੀਆਂ ਪਈਆਂ ਸਨ ਕਿਉਂਕਿ ਪੰਜਾਬ ਲੋਕ ਸੇਵਾ ਕਮਿਸ਼ਨ ਨੇ ਸਕਰੀਨਿੰਗ ਕਮੇਟੀ ਦੀ ਮੀਟਿੰਗ ਨਹੀਂ ਕੀਤੀ ਸੀ।

Original with;
Punjab Vidhan Sabha
Digitized by;
Panjab Digital Library

(ਸ) ਨਿਯਮਾਂ ਅਨੁਸਾਰ ਮਿਤੀ 29 ਸਤੰਬਰ, 2005 ਅਨੁਸਾਰ ਉਪ-ਮੰਡਲ ਇੰਜੀਨੀਅਰ ਦੀਆਂ ਕੈਟਾਗਰੀਵਾਈਜ਼ ਰੈਗੂਲਰ ਨਿਯੁਕਤੀ ਲਈ ਵਿਭਾਗ ਵਿੱਚ ਖਾਲੀ ਅਸਾਮੀਆਂ ਦਾ ਵੇਰਵਾ ਹੇਠਾਂ ਅਨੁਸਾਰ ਹੈ :—

| | | |
|---|---|---|
| 1. | ਸਿੱਧੀ ਭਰਤੀ (ਸੋਰਸ ਨੰ: 1) | 72 |
| 2. | ਜੇ.ਈ. ਡਿਪਲੋਮਾ ਹੋਲਡਰ (ਸੋਰਸ ਨੰ: 2) | 23 |
| 3. | ਏ.ਐਮ.ਆਈ.ਈ. ਡਿਗਰੀ ਹੋਲਡਰ (ਸੋਰਸ ਨੰ: 4) | 16 |

**ਸ਼੍ਰੀ ਦੇਸ ਰਾਜ ਧੁੱਗਾ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਆਪ ਜੀ ਦੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਐਡਹਾਕ ਪੋਸਟਾਂ ਹਨ, ਉਨ੍ਹਾਂ ਵਿੱਚ ਸੀਨੀਆਰਟੀ-ਵਾਈਜ਼ ਪ੍ਰਮੋਟ ਕੀਤਾ ਜਾਂਦਾ ਹੈ ਪਰ 1034 ਨੰਬਰ ਵਾਲੇ ਨੂੰ ਪਰਮੋਟ ਕੀਤਾ ਗਿਆ ਹੈ ਪਰੰਤੂ 264 ਨੰਬਰ ਵਾਲੇ ਨੂੰ ਛੱਡ ਦਿੱਤਾ ਗਿਆ ਹੈ, ਇਹ ਕਿਉਂ ਕੀਤਾ ਗਿਆ ਹੈ ?

**ਮੰਤਰੀ** : ਸਪੀਕਰ ਸਾਹਿਬ, ਜੋ ਪ੍ਰੋਸੀਜਰ ਅਡਾਪਟ ਕੀਤਾ ਹੈ, ਉਹ ਸੀਨੀਆਰਟੀ ਨੂੰ ਦੇਖਦਿਆਂ ਹੋਇਆਂ ਰੂਲਜ਼ ਦੇ ਤਹਿਤ ਕੀਤਾ ਹੈ।

**ਸ਼੍ਰੀ ਸਪੀਕਰ** : ਅਗਲਾ ਕੁਐਸਚਨ, ਸ਼ਰਦਾਰ ਤੋਤਾ ਸਿੰਘ ਜੀ।

---

## ਨਤੀਜਾ-ਕਾਰਡਾਂ ਤੇ ਨੰਬਰਾਂ ਦੀ ਪ੍ਰਤਿਸ਼ਤਤਾ ਅਤੇ ਪ੍ਰਾਪਤ ਕੀਤੀ ਗਈ ਡਿਵੀਜ਼ਨ ਨੂੰ ਦਰਸਾਉਣਾ

***1334. ਸਰਦਾਰ ਤੋਤਾ ਸਿੰਘ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ 8ਵੀਂ, 10ਵੀਂ ਅਤੇ +2 ਦੀਆ ਕਲਾਸਾਂ ਲਈ ਜਾਰੀ ਕੀਤੇ ਗਏ ਨਤੀਜਾ ਕਾਰਡਾਂ ਤੇ ਕੁੱਲ ਨੰਬਰ ਅਤੇ ਨੰਬਰਾਂ ਦੀ ਪ੍ਰਤਿਸ਼ਤਤਾ ਅਤੇ ਵਿਦਿਆਰਥੀ ਦੁਆਰਾ ਪ੍ਰਾਪਤ ਕੀਤੀ ਗਈ ਡਿਵੀਜ਼ਨ ਨੂੰ ਦਰਸਾਉਂਦੇ ਹਨ; ਜੇਕਰ ਅਜਿਹਾ ਹੋਵੇ, ਤਾਂ ਕਦੋਂ ਤੋਂ ?

**ਸ਼੍ਰੀ ਹਰਨਾਮ ਦਾਸ ਜੌਹਰ** : ਨਹੀਂ ਜੀ। ਸੀ.ਬੀ.ਐਸ.ਈ. ਦੇ ਪੈਟਰਨ ਤੇ ਮਾਰਚ, 2004 ਤੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ 8ਵੀਂ, 10ਵੀਂ ਅਤੇ +2 ਕਲਾਸਾਂ ਲਈ ਜਾਰੀ ਕੀਤੇ ਗਏ ਨਤੀਜਾ ਕਾਰਡਾਂ ਵਿੱਚ ਵਿਸ਼ੇ-ਵਾਰ ਪ੍ਰਾਪਤ ਅੰਕ ਅਤੇ ਨਤੀਜੇ ਦੀ ਸਥਿਤੀ ਭਾਵ ਪਾਸ, ਫੇਲ੍ਹ ਜਾਂ ਕੰਪਾਰਟਮੈਂਟ ਦਰਸਾਈ ਜਾਂਦੀ ਹੈ।

**ਸਰਦਾਰ ਤੋਤਾ ਸਿੰਘ** : ਮਾਨਯੋਗ ਸਪੀਕਰ ਸਾਹਿਬ, ਪਹਿਲਾਂ 8ਵੀਂ, 10ਵੀਂ ਅਤੇ 12ਵੀਂ ਦੇ ਵਿਦਿਆਰਥੀਆਂ ਨੂੰ ਪਾਸ ਹੋਣ ਤੇ ਸਰਟੀਫਿਕੇਟ ਦਿੱਤਾ ਜਾਂਦਾ ਸੀ, ਪਹਿਲਾਂ ਰਿਪੋਰਟ ਕਾਰਡ ਜਾਂਦਾ ਸੀ, ਉਸ ਤੋਂ ਬਾਅਦ ਸਰਟੀਫਿਕੇਟ ਜਾਂਦਾ ਸੀ ਜਿਸ ਨੂੰ ਕਿ ਸ਼ੀਸ਼ੇ ਵਿਚ ਜੜਾਅ ਕੇ ਰੱਖਦੇ ਸੀ। ਹੁਣ ਇਕੋ ਹੀ ਕਾਰਡ ਦਿੱਤਾ ਜਾਦਾ ਹੈ। ਕੀ ਇਹ ਦੱਸ ਸਕਦੇ ਹਨ ਕਿ ਕਿਹੜੇ ਸਾਲ ਤੋਂ ਸਰਟੀਫਿਕੇਟ ਵਾਲਾ ਕਾਰਡ ਖ਼ਤਮ ਕੀਤਾ ਗਿਆ ਹੈ, ਕਿਹੜੇ ਸਾਲ ਤੋਂ ਬੰਦ ਕੀਤਾ ਗਿਆ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਮਾਰਚ, 2004 ਤੋਂ ।

**ਸਰਦਾਰ ਤੋਤਾ ਸਿੰਘ** : ਸਤਿਕਾਰਯੋਗ ਮੰਤਰੀ ਜੀ ਗਲਤ ਜਵਾਬ ਦੇ ਰਹੇ ਹਨ। ਇਕੱਲਾ ਸਰਟੀਫਿਕੇਟ 2003 ਵਿਚ ਦੇਣਾ ਬੰਦ ਕੀਤਾ ਹੈ ਅਤੇ ਜਿਹੜਾ ਗਰੈਂਡ ਟੋਟਲ ਵਾਲਾ ਕਾਰਡ ਹੈ, ਉਹ 2004 ਤੋਂ ਦੇਣਾ ਬੰਦ ਕੀਤਾ ਹੈ। ਇਸ ਦਾ ਕਾਰਣ ਦੱਸਿਆ ਜਾਵੇ ਕਿ ਇਸ ਦੀ ਵਜ੍ਹਾ ਕੀ ਸੀ। ਇਸ ਸਿਸਟਮ ਦੀ ਲੋੜ ਕਿਉਂ ਪਈ ?

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰਕੇ ਬੈਠ ਜਾਓ।

**ਸਰਦਾਰ ਤੋਤਾ ਸਿੰਘ** : ਮੈਂ ਤਾਂ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੀ ਲੋੜ ਕੀ ਪਈ ਸੀ, ਇਸ ਤਰ੍ਹਾਂ ਕਰਨ ਦੀ ?

**ਮਾਨਯੋਗ ਸਪੀਕਰ** : ਜ਼ਰੂਰਤ ਕੀ ਸੀ ਇਸ ਨੂੰ ਚੇਂਜ਼ ਕਰਨ ਦੀ, ਇਹ ਦੱਸਿਆ ਜਾਵੇ।

**ਮੰਤਰੀ** : ਸਪੀਕਰ ਸਾਹਿਬ, ਅਸੀਂ ਸਿਰਫ ਉਸ ਉਤੇ ਦੱਸਦੇ ਹਾਂ ਓਨਲੀ ਸਬਜੈਕਟਵਾਈਜ਼ ਮਾਰਕਸ ਓਬਟੇਨਡ ਐਂਡ ਸਟੇਟੱਸ ਆਫ ਦਿ ਰਿਜ਼ਲਟ, ਪਾਸ, ਫੇਲ੍ਹ ਔਰ ਕੰਪਾਰਟਮੈਂਟ।

**ਸਰਦਾਰ ਤੋਤਾ ਸਿੰਘ** : ਮੇਰੀ ਰਿਕੁਐਸਟ ਹੈ ਮੰਤਰੀ ਜ਼ੀ ਨੂੰ ਕਿ ਜੋ ਗਰੈਂਡ ਟੋਟਲ ਲਿਖਿਆ ਜਾਂਦਾ ਸੀ, ਕਿ ਨੰਬਰ ਟੋਟਲ ਕਿੰਨੇ ਹਨ ਹੁਣ 8ਵੀਂ, 10ਵੀਂ ਅਤੇ 12ਵੀਂ ਜਮਾਤ ਤੇ ਡਵੀਜ਼ਨ ਲਿਖੀ ਜਾਂਦੀ ਹੈ। ਜਦੋਂ ਬੱਚੇ ਨੇ 9ਵੀਂ ਤੋਂ 10ਵੀਂ ਜਾਂ 10ਵੀਂ ਤੋਂ 11ਵੀਂ ਕਲਾਸ ਵਿਚ ਜਾਣਾ ਹੁੰਦਾ ਹੈ ਤਾਂ ਉਸ ਨੂੰ ਬੜੀ ਮੁਸ਼ਕਿਲ ਆਉਂਦੀ ਹੈ। ਇਸ ਤਰ੍ਹਾਂ ਕਰਨ ਨਾਲ ਕੀ ਫਰਕ ਪੈਂਦਾ ਹੈ। ਇਹ ਤਾਂ ਬੱਚਿਆ ਦੀ ਬਿਹਤਰੀ ਵਾਸਤੇ, ਸਕੂਲਾਂ ਦੀ ਬਿਹਤਰੀ ਵਾਸਤੇ ਹੀ ਹੈ। ਇਹ ਸਪੱਸ਼ਟ ਕਰਨ ਕਿ ਇਹ ਕਰਨਗੇ ਕਿ ਨਹੀਂ ?

**ਮੰਤਰੀ** : ਮੈਂਬਰ ਸਾਹਿਬ ਨੇ ਜੋ ਸੁਜੈਸ਼ਨ ਦਿਤਾ ਹੈ, ਉਸ ਤੇ ਵਿਚਾਰ ਕੀਤਾ ਜਾਵੇਗਾ।

**ਮਾਨਯੋਗ ਸਪੀਕਰ** : ਠੀਕ ਹੈ ਜੀ। ਨੈਕਸਟ ਕੁਐਸ਼ਚਨ।

---

## ਮੁਹਾਲੀ ਵਿਖੇ ਸਕੂਲਾਂ ਲਈ ਥਾਵਾਂ

*1375. **ਸਰਦਾਰ ਬੀਰ ਦਵਿੰਦਰ ਸਿੰਘ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਐਸ.ਏ.ਐਸ. ਨਗਰ (ਮੁਹਾਲੀ), ਜ਼ਿਲ੍ਹਾ ਰੋਪੜ ਵਿਚ ਸਕੂਲਾਂ ਲਈ ਉਪਲੱਬਧ ਥਾਵਾਂ ਦੀ ਗਿਣਤੀ ਕਿੰਨੀ ਹੈ;

(ਅ) ਕੀ ਇਹ ਠੀਕ ਹੈ ਕਿ ਉਪਰੋਕਤ ਭਾਗ (ੳ) ਵਿਚ ਵਰਣਿਤ ਕੁੱਝ ਸਕੂਲਾਂ ਦੀਆ ਥਾਂਵਾਂ ਹਾਲੇ ਖਾਲੀ ਪਈਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਕਾਰਣ ਕੀ ਹਨ ;

Original with;
Punjab Vidhan Sabha
Digitized by;
Panjab Digital Library

(ੲ) ਕੀ ਸਰਕਾਰੀ ਸਕੂਲਾਂ ਲਈ ਉਨ੍ਹਾਂ ਥਾਂਵਾਂ ਤੇ ਇਮਾਰਤਾਂ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਵੇਰਵੇ ਕੀ ਹਨ ?

**ਸ੍ਰੀ ਹਰਨਾਮ ਦਾਸ ਜੌਹਰ :** (ੳ) ਮੁਹਾਲੀ, ਜ਼ਿਲ੍ਹਾ ਰੋਪੜ ਵਿਖੇ 8 ਸਕੂਲ ਸਾਈਟਸ ਉਪਲਬਧ ਹਨ।

(ਅ) ਹਾਂ ਜੀ। ਇਹ ਸਾਈਟਸ ਇਸ ਕਰਕੇ ਖਾਲੀ ਹਨ ਕਿਉਂਕਿ ਉਸਾਰੀ ਨਿਸਚਿਤ ਸਮੇਂ ਅੰਦਰ ਨਾ ਕਰਨ ਕਰਕੇ ਰਿਜ਼ਿਊਮ ਕਰ ਲਈਆਂ ਗਈਆਂ ਹਨ।

(ੲ) ਉਸਾਰੀ ਪਲਾਟਾਂ ਦੀ ਬਹਾਲੀ ਤੋਂ ਬਾਅਦ ਹੀ ਸੰਭਵ ਹੋਵੇਗੀ, ਜਿਸ ਲਈ ਪੁੱਡਾ ਅੱਗੇ ਅਪੀਲ ਦਾਇਰ ਕਰ ਦਿੱਤੀ ਹੈ।

8 ਸਕੂਲਾਂ ਦੀਆਂ ਸਾਈਟਸ ਮੁਹਾਲੀ ਡਿਸਟ੍ਰਿਕਟ ਰੋਪੜ ਵਿਚ ਹਨ। ਸਾਰੀਆਂ ਖਾਲੀ ਪਈਆਂ ਹਨ। ਜਿਨ੍ਹਾਂ ਤੇ ਕੰਸਟ੍ਰਕਸ਼ਨ ਨਹੀਂ ਕੀਤੀ ਗਈ ਉਹ 8 ਸਾਈਟਸ ਹਨ ਕਿਉਂਕਿ ਜਾਂਦੇ-ਜਾਂਦੇ ਪਿਛਲੀ ਸਰਕਾਰ ਉਨ੍ਹਾਂ ਨੂੰ ਲੈਪਸ/ਖ਼ਤਮ ਕਰ ਗਈ ਸੀ। ਇਸ ਕਰਕੇ ਜਿਹੜੇ ਹਾਲੇ ਬਣ ਨਹੀਂ ਸਕੇ ਜਦ ਤੱਕ ਨਵੇਂ ਸਿਰੇ ਤੋਂ ਹੋਰ ਸਾਈਟਸ ਉਪਲਬਧ ਨਾ ਹੋਣ, ਉਸ ਵਾਸਤੇ ਰਿਕੁਐਸਟ ਕੀਤੀ ਹੈ ਪੁੱਡਾ ਨੂੰ, ਜਿਸ ਦਿਨ ਮਿਲ ਜਾਣਗੇ ਉਸ ਦਿਨ ਬਣਾਉਣੇ ਸ਼ੁਰੂ ਕਰ ਦੇਵਾਂਗੇ।

**ਸਰਦਾਰ ਬੀਰ ਦਵਿੰਦਰ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਜਾਣਨਾ ਚਾਹੁੰਦਾ ਹਾਂ ਕਿ ਵਜ਼ੀਰ ਸਾਹਿਬ ਇਹ ਦੱਸਣ ਕਿ ਇਹ ਜਿਹੜੀਆਂ ਸਾਈਟਸ ਸਨ, ਉਹ ਕਿਹੜੀ ਤਰੀਕ ਨੂੰ ਪੁੱਡਾ ਵੱਲੋਂ ਅਲਾਟ ਕੀਤੀ ਗਈਆਂ ਅਤੇ ਉਸ ਦਾ ਕੋਈ ਇਵਜ਼ਾਨਾ ਐਜੂਕੇਸ਼ਨ ਬੋਰਡ ਨੂੰ ਦਿੱਤਾ ਹੈ ਔਰ ਕੀ ਕੋਈ ਇਵਜ਼ਾਨਾ ਐਜੂਕੇਸ਼ਨ ਡਿਪਾਰਟਮੈਂਟ ਨੇ ਦਿੱਤਾ ਹੈ ਜਾਂ ਨਹੀਂ ? ਇਹ ਸਾਰੀਆਂ ਸਾਈਟਸ ਇਨ੍ਹਾਂ ਨੂੰ ਫਰੀ ਉਪਲਬਧ ਹੋਈਆਂ ਹਨ। ਇਹ ਜਿਹੜੀਆਂ ਸਾਈਟਸ ਹਨ, ਇਹ ਪੁੱਡਾ ਵੱਲੋਂ ਕਿਸ ਤਾਰੀਖ ਨੂੰ ਰਿਜ਼ਿਊਮ ਕੀਤੀਆਂ ਗਈਆਂ ਹਨ ਔਰ ਇਨ੍ਹਾਂ ਦੇ ਐਪੀਲੇਟ ਅਥਾਰਿਟੀ ਅੱਗੇ ਅਪੀਲ ਕਿਸ ਤਾਰੀਖ ਨੂੰ ਪਾਈ ਹੈ ?

**ਮੰਤਰੀ :** ਸਪੀਕਰ ਸਾਹਿਬ, ਸਾਲ 1991 ਵਿਚ ਇਹ ਜਿਹੜੀਆਂ ਸਾਈਟਸ ਹਨ, ਅਲਾਟ ਹੋਈਆਂ। ਮਿਤੀ 26 ਫਰਵਰੀ, 2002 ਨੂੰ, ਇੱਕ ਦਿਨ ਇਸ ਸਰਕਾਰ ਦੇ ਬਣਨ ਤੋਂ ਪਹਿਲਾਂ ਇਹ ਰਿਜ਼ਿਊਮ ਕਰ ਦਿੱਤੀਆਂ ਗਈਆਂ ਸਨ। (ਵਿਘਨ)

**ਮਾਨਯੋਗ ਸਪੀਕਰ :** ਇੰਟਰੱਪਸ਼ਨ ਨਾ ਕਰੋ।

**ਮੰਤਰੀ :** ਸਪੀਕਰ ਸਾਹਿਬ, ਜਿਹੜਾ ਅਸੀਂ ਲਿਖ ਕੇ ਭੇਜਿਆ ਹੈ, ਅਸੀਂ ਨਵੇਂ ਸਿਰੇ ਇਸ ਸਾਲ ਦੇ ਅੰਦਰ ਉਨ੍ਹਾਂ ਨੂੰ ਅਪੀਲ ਕੀਤੀ ਹੈ ਕਿ ਸਾਨੂੰ ਇਹ ਸਾਈਟਸ ਅਲਾਟ ਕੀਤੀਆਂ ਜਾਣ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬੀਰ ਦਵਿੰਦਰ ਸਿੰਘ :** ਸਪੀਕਰ ਸਾਹਿਬ, ਮੇਰਾ ਸਵਾਲ ਸਪੈਸੇਫਿਕ ਹੈ। ਇਹ ਕਹਿੰਦੇ ਹਨ ਕਿ ਸਾਲ 1991 ਵਿਚ ਇਹ ਅਲਾਟ ਹੋਈਆਂ ਹਨ। 11 ਸਾਲ ਇਨ੍ਹਾਂ ਨੇ ਕੁਝ ਨਹੀਂ ਕੀਤਾ। ਸਾਲ 2002 ਵਿਚ ਇਹ ਰਿਜ਼ਿਊਮ ਹੋ ਗਈਆਂ। ਸਾਲ 2002 ਤੋਂ ਅਕਤੂਬਰ, 2004 ਤੱਕ ਐਜੂਕੇਸ਼ਨ ਡਿਪਾਰਟਮੈਂਟ ਨੇ ਕੀ ਕਾਰਵਾਈ ਕੀਤੀ ? 8 ਸਾਈਟਸ ਇਨ੍ਹਾਂ ਦੀਆਂ ਰਿਜ਼ਿਊਮ ਹੋਈਆਂ ਹਨ। ਮੈਂ ਇਨ੍ਹਾਂ ਤੋਂ ਐਗਜ਼ੈਕਟ ਤਾਰੀਖ ਪੁੱਛੀ ਹੈ ਕਿ ਐਪੀਲੇਟ ਅਥਾਰਿਟੀ ਕੋਲ ਆਰਡਰ ਰਿਵਿਊ ਕਰਨ ਵਾਸਤੇ ਅਪੀਲ ਕਿਸ ਤਾਰੀਖ ਨੂੰ ਪਾਈ ਹੈ ? ਪਿਛਲੇ ਸੈਸ਼ਨ ਵਿਚ ਵੀ ਮੇਰਾ ਇਹ ਸਵਾਲ ਸੀ। ਐਪੀਲੇਟ ਅਥਾਰਿਟੀ ਕੋਲ ਅਪੀਲ ਕਿਸ ਤਾਰੀਖ ਨੂੰ ਪਾਈ ਹੈ ਔਰ ਇਹ ਵੀ ਦੱਸਿਆ ਜਾਵੇ ਕਿ ਐਪੀਲੇਟ ਅਥਾਰਿਟੀ ਕਿਹੜੀ ਹੈ ?

**ਮੰਤਰੀ :** ਸਪੀਕਰ ਸਾਹਿਬ, ਇਸ ਸਾਲ ਦੇ ਅੰਦਰ ਲਾਸਟ ਮੰਥ ਸਤੰਬਰ ਵਿਚ ਇਹ ਅਪੀਲ ਕੀਤੀ ਗਈ ਸੀ ਔਰ ਜਿਹੜਾ ਇਹ ਪੁੱਛਦੇ ਹਨ ਕਿ ਇੰਨੀ ਦੇਰ ਕੀ ਕਰਦੇ ਰਹੇ, ਉਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਕਾਰਾਂ ਬਦਲਦੀਆਂ ਰਹੀਆਂ ਹਨ ਔਰ ਸਾਡੀ ਸਰਕਾਰ ਦੇ ਵੇਲੇ ਤਾਂ ਇਹ ਰਿਜ਼ਿਊਮ ਵੀ ਹੋ ਚੁੱਕੀਆਂ ਸਨ।

**Sardar Bir Devinder Singh :** This is a very serious matter. All eight sites reserved for primary education in Mohali were lying vacant for 12 years. Then all these sites were resumed. Now for three years, the Department has not taken any action. ਤੁਸੀਂ ਅੰਦਾਜ਼ਾ ਲਗਾ ਲਵੋ ਕਿ ਸਾਲ 1991 ਤੋਂ ਲੈ ਕੇ ਸਾਲ 2004 ਤੱਕ ਕਿੰਨਾ ਸਮਾਂ ਬੀਤ ਗਿਆ ਹੈ, ਤਕਰੀਬਨ 13 ਵਰ੍ਹੇ ਪ੍ਰਾਇਮਰੀ ਐਜੂਕੇਸ਼ਨ ਵੱਲ ਮਹਿਕਮੇ ਨੇ ਕੋਈ ਧਿਆਨ ਨਹੀਂ ਦਿੱਤਾ। ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅਰਬਾਂ ਰੁਪਏ ਦੀਆਂ ਇਹ ਸਾਈਟਸ ਇਨ੍ਹਾਂ ਨੂੰ ਫਰੀ ਵਿਚ ਮਿਲੀਆਂ ਸਨ, ਉਹ ਰਿਜ਼ਿਊਮ ਹੋ ਗਈਆਂ ਹਨ। ਨਾ ਉਥੇ ਕੋਈ ਸਕੂਲ ਖੁਲ੍ਹਿਆ ਹੈ ਅਤੇ ਨਾ ਹੀ ਕੋਈ ਪਰਸਪੈਕਟਿਵ ਪਰਪੋਜ਼ਲ ਹੋਈ ਹੈ.........

**ਮਾਨਯੋਗ ਸਪੀਕਰ :** ਸਵਾਲ ਕਰੋ ਜੀ।

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਇੱਥੇ ਤਾਂ ਲੈਕਚਰ ਹੋ ਰਹੇ ਹਨ.....

**ਮਾਨਯੋਗ ਸਪੀਕਰ :** ਸਾਈਟਸ ਰਿਜ਼ਿਊਮ ਕਰਨ ਦੇ ਕੀ ਕਾਰਨ ਹਨ ?

**ਸਰਦਾਰ ਬੀਰ ਦਵਿੰਦਰ ਸਿੰਘ :** ਸਪੀਕਰ ਸਾਹਿਬ, ਪਤਾ ਨਹੀਂ ਇਨ੍ਹਾਂ ਨੂੰ ਕੀ ਤਕਲੀਫ ਹੋ ਗਈ ਹੈ ? ਮੈਂ ਤਾਂ ਸਵਾਲ ਹੀ ਪੁੱਛਿਆ ਹੈ ਕਿ 13 ਸਾਲ ਦੇ ਤਕਰੀਬਨ....

**ਮਾਨਯੋਗ ਸਪੀਕਰ :** ਪਲੀਜ਼, ਬੈਠੋ। ਤੁਹਾਡੀ ਗੱਲ ਆ ਗਈ ਹੈ।

**ਮੰਤਰੀ :** ਸਪੀਕਰ ਸਾਹਿਬ, ਇਹ ਸਾਲ 1991 ਦੀ ਗੱਲ ਹੈ। ਉਦੋਂ ਤੋਂ ਲੈ ਕੇ ਕਿੰਨੀਆਂ ਸਰਕਾਰਾਂ ਆਈਆਂ ਹਨ। ਸਰਕਾਰਾਂ ਬਦਲਦੀਆਂ ਰਹੀਆਂ ਹਨ। ਦੂਜਾ ਕਾਰਨ ਇਹ ਹੈ ਕਿ ਫੰਡ ਕਦੇ ਵੀ ਨਹੀਂ ਮਿਲੇ। ਫੰਡਾਂ ਦੀ ਕਮੀ ਕਾਰਨ ਹੀ ਇਹ ਰਿਜ਼ਿਊਮ ਕਰ ਦਿੱਤੀਆਂ ਗਈਆਂ। ਇਸ ਤੋਂ ਇਲਾਵਾ ਹੁਣ ਮੁਹਾਲੀ ਵਿਚ ਸਫੀਸ਼ੈਂਟ ਸਕੂਲ ਹਨ ਔਰ ਕੋਈ ਵੀ ਫੇਜ਼ ਅਜਿਹਾ ਨਹੀਂ ਹੈ ਜਿਥੇ ਕਿ ਕੋਈ ਸਕੂਲ ਨਾ ਹੋਵੇ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਹੁਣ ਕੁਝ ਕਰੋਗੇ ਜਾਂ ਨਹੀਂ।

**ਮੰਤਰੀ** : ਸਪੀਕਰ ਸਾਹਿਬ, ਜਿਹੜੀਆਂ ਰਿਜ਼ਿਊਮ ਹੋ ਗਈਆਂ ਹਨ, ਅਸੀਂ ਉਨ੍ਹਾਂ ਵਾਸਤੇ ਰਿਕੁਐਸਟ ਕੀਤੀ ਹੋਈ ਹੈ। ਜਿਸ ਦਿਨ ਫਾਈਨਲ ਪੇਮੈਂਟ ਮਿਲ ਜਾਵੇਗੀ, ਅਸੀਂ ਕੰਮ ਸ਼ੁਰੂ ਕਰ ਦੇਵਾਂਗੇ।

---

## ਜ਼ਮੀਨ ਦੇ ਰਿਕਾਰਡਾਂ ਦੀ ਕੰਪਿਊਟਰੀਕਰਣ ਲਈ ਸੇਵਾ ਖਰਚੇ

*1354. **ਸਰਦਾਰ ਬਲਵਿੰਦਰ ਸਿੰਘ ਭੂੰਦੜ** : ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਲੈਂਡ ਰਿਕਾਰਡਜ਼ ਸੁਸਾਇਟੀ ਨਾਂ ਦੀ ਕੋਈ ਏਜੰਸੀ ਰਾਜ ਦੀਆਂ ਵੱਖ-ਵੱਖ ਤਹਿਸੀਲਾਂ ਵਿਚ ਜ਼ਮੀਨ ਨਾਲ ਸਬੰਧਿਤ ਮਾਮਲਿਆਂ ਲਈ ਨਿਰਧਾਰਤ ਫੀਸ ਤੋਂ ਇਲਾਵਾ, ਜ਼ਮੀਨ ਦੇ ਰਿਕਾਰਡਾਂ ਦੇ ਕੰਪਿਊਟਰੀਕਰਣ ਦੇ ਸੇਵਾ ਖਰਚੇ ਵਸੂਲ ਕਰਦੀ ਹੈ। ਜੇਕਰ ਅਜਿਹਾ ਹੋਵੇ ਤਾਂ "ਜ਼ਮੀਨ ਦੇ ਰਿਕਾਰਡਾਂ ਦੇ ਕੰਪਿਊਟਰੀਕਰਣ ਦੇ ਸੇਵਾ ਖਰਚੇ" ਵਜੋਂ ਇਕੱਠੀ ਕੀਤੀ ਗਈ ਵਾਧੂ ਫੀਸ ਦਾ ਰਿਕਾਰਡ ਰੱਖਣ ਲਈ ਕੀ ਕਸੌਟੀ ਅਪਣਾਈ ਗਈ ਹੈ ਅਤੇ ਇਸ ਦਾ ਆਡਿਟ ਕਰਨ ਵਾਲੀ ਆਡਿਟ ਏਜੰਸੀ ਦੇ ਵੇਰਵੇ ਕੀ ਹਨ ?"

**ਸਰਦਾਰ ਅਮਰਜੀਤ ਸਿੰਘ ਸਮਰਾ** : ਹਾਂ ਜੀ।

ਪੰਜਾਬ ਰਾਜ ਵਿਚ ਭੌਂ ਰਿਕਾਰਡ ਦੇ ਕੰਪਿਊਟਰੀਕਰਨ ਦੀ ਸਕੀਮ ਨੂੰ ਲਾਗੂ ਕਰਨ ਲਈ ਪੰਜਾਬ ਲੈਂਡ ਰਿਕਾਰਡ ਸੁਸਾਇਟੀ ਮਿਤੀ 12 ਫਰਵਰੀ, 2004 ਨੂੰ ਹੋਂਦ ਵਿਚ ਆਈ ਹੈ ਜਿਹੜੀ ਕਿ ਸੁਸਾਇਟੀਜ਼ ਰਜਿਸਟਰੇਸ਼ਨ ਐਕਟ—1860 (ਐਕਟ xxi ਆਫ 1860) ਪੰਜਾਬ ਅਮੈਂਡਮੈਂਟ ਐਕਟ ਆਫ 1957 ਅਧੀਨ ਦਰਜ ਹੈ। ਪੰਜਾਬ ਰਾਜ ਦੇ ਸਮੂਹ ਸਬ-ਰਜਿਸਟਰਾਰ ਅਤੇ ਜੁਆਇੰਟ ਸਬ-ਰਜਿਸਟਰਾਰ (ਤਹਿਸੀਲਦਾਰ ਅਤੇ ਸਬ-ਤਹਿਸੀਲਦਾਰ) ਜ਼ਮੀਨਾਂ ਦੇ ਦਸਤਾਵੇਜ਼ਾਂ ਦੀਆਂ ਰਜਿਸਟਰੀਆਂ ਕਰਨ ਵੇਲੇ ਇਸ ਸੁਸਾਇਟੀ ਵਲੋਂ ਨਿਰਧਾਰਤ ਫੀਸ ਤੋਂ ਇਲਾਵਾ ਸਰਵਿਸ ਚਾਰਜ ਇਕੱਠੇ ਕੀਤੇ ਜਾ ਰਹੇ ਹਨ। ਤਹਿਸੀਲ ਪੱਧਰ ਤੇ ਅਕਾਊਂਟਸ ਦੀਆਂ ਕਿਤਾਬਾਂ ਜਿਵੇਂ ਰਸੀਦ ਬੁੱਕਾਂ, ਕੈਸ਼ ਬੁੱਕਾਂ ਅਤੇ ਲੈਜਰ ਆਦਿ ਹਿਸਾਬ-ਕਿਤਾਬ ਤਹਿਸੀਲਦਾਰ ਦੀ ਸਖ਼ਤ ਨਿਗਰਾਨੀ ਹੇਠ ਤਿਆਰ ਕੀਤਾ ਜਾਂਦਾ ਹੈ ਅਤੇ ਜ਼ਿਲ੍ਹਾ ਪੱਧਰ ਤੇ ਰੱਖਿਆ ਜਾਂਦਾ ਹੈ। ਇਹ ਲੇਖੇ ਕੰਪਟਰੋਲਰ ਅਤੇ ਆਡੀਟਰ ਜਨਰਲ ਆਫ ਇੰਡੀਆ ਦੇ ਪੈਨਲ ਵਿਚ ਸ਼ਾਮਲ ਚਾਰਟਡ ਅਕਾਊਂਟੈਂਟ ਵਲੋਂ ਆਡਿਟ ਯੋਗ ਹਨ। ਗਵਰਨਿੰਗ ਕੌਂਸਿਲ ਵੱਲੋਂ ਆਪਣੀ ਮੀਟਿੰਗ ਮਿਤੀ 29 ਮਾਰਚ, 2005 ਵਿਚ ਸੁਸਾਇਟੀ ਦੇ ਲੇਖਿਆਂ ਦਾ ਆਡਿਟ ਕਰਨ ਲਈ ਆਡਿਟਰ ਨਿਯੁਕਤ ਕਰਨ ਦੀ ਪ੍ਰਵਾਨਗੀ ਦਾ ਮਤਾ ਪਾਸ ਕਰ ਦਿੱਤਾ ਗਿਆ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਜੋ ਸਰਕਾਰ ਵਲੋਂ ਸਰਵਿਸ ਚਾਰਜ ਲਿਆ ਜਾ ਰਿਹਾ ਹੈ ਇਹ ਤਾਂ ਪਹਿਲੇ ਹੀ ਵਸੂਲਿਆ ਜਾ ਰਿਹਾ ਸੀ ਪਰ ਹੁਣ ਜ਼ਮੀਨੀ ਰਿਕਾਰਡਾਂ ਦਾ ਕੰਪਿਊਟਰੀਕਰਨ ਕਰਨ ਕਰਕੇ ਵੀ ਪੈਸੇ ਵਸੂਲੇ ਜਾ ਰਹੇ ਹਨ। ਇਸ ਦਾ ਪਬਲਿਕ ਨੂੰ ਕੋਈ ਫਾਇਦਾ ਨਹੀਂ ਹੈ। ਇਹ ਤਾਂ ਤੁਸੀਂ ਆਪਣੇ ਸਰਕਾਰੀ ਮੁਲਾਜ਼ਮਾਂ

Original with;
Punjab Vidhan Sabha
Digitized by;
Panjab Digital Library

[ **ਸਰਦਾਰ ਬਲਵਿੰਦਰ ਸਿੰਘ ਭੂੰਦੜ** ]

ਰਾਹੀਂ ਕਰਵਾ ਸਕਦੇ ਸੀ। ਇਹ ਜਿਹੜੇ ਪੈਸੇ ਵਸੂਲ ਕੀਤੇ ਜਾ ਰਹੇ ਹਨ, ਇਸ ਦਾ ਕੋਈ ਰਿਕਾਰਡ ਨਹੀਂ ਹੈ ਅਤੇ ਨਾ ਹੀ ਇਸ ਦਾ ਕੋਈ ਅਕਾਊਂਟ ਹੈ। ਮੈਨੂੰ ਇਹ ਦੱਸਿਆ ਜਾਵੇ ਕਿ ਇਹ ਪੈਸੇ ਕਿਸ ਅਕਾਊਂਟ ਵਿਚ ਜਮ੍ਹਾਂ ਕੀਤੇ ਜਾ ਰਹੇ ਹਨ, ਕਿੱਥੇ-ਕਿੱਥੇ ਖਰਚ ਕੀਤੇ ਜਾ ਰਹੇ ਹਨ ਅਤੇ ਇਹ ਪੈਸੇ ਕਿਥੇ ਰੱਖੇ ਗਏ ਹਨ। ਇਸ ਤੋਂ ਇਲਾਵਾ ਹੁਣ ਤੱਕ ਸਰਕਾਰ ਕੋਲ ਕਿੰਨੇ ਪੈਸੇ ਇੱਕਠੇ ਹੋਏ ਹਨ, ਕਿਸ ਜਗ੍ਹਾ ਤੇ ਇਕੱਠੇ ਕੀਤੇ ਜਾ ਰਹੇ ਹਨ ਅਤੇ ਕਿੱਥੇ ਖਰਚ ਕੀਤੇ ਜਾ ਰਹੇ ਹਨ ? ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਇਸ ਨੂੰ ਖਰਚ ਕਰਨ ਦਾ ਕਿਹੜਾ ਢੰਗ ਹੈ, ਇਸ ਪੈਸੇ ਨੂੰ ਖਰਚ ਕਰਨ ਦਾ ਕੀ ਸਿਸਟਮ ਹੈ, ਇਸ ਬਾਰੇ ਦੱਸਿਆ ਜਾਵੇ ?

**ਮੰਤਰੀ** : ਸਪੀਕਰ ਸਾਹਿਬ, ਹੁਣ ਤੱਕ ਸਰਕਾਰ ਕੋਲ 31 ਅਗਸਤ, 2005 ਤੱਕ ਕੇਵਲ 16 ਕਰੋੜ 32 ਹਜ਼ਾਰ ਰੁਪਿਆ ਇਕੱਠਾ ਹੋਇਆ ਹੈ। ਇਸ ਵਿਚੋਂ 63 ਲੱਖ 24 ਹਜ਼ਾਰ ਰੁਪਿਆ ਖਰਚ ਕੀਤਾ ਜਾ ਚੁੱਕਾ ਹੈ ਤਾਂ ਕਿ ਕੰਪਿਊਟਰੀਕਰਨ ਦਾ ਕੰਮ ਹੋ ਸਕੇ। ਇਹ ਸਾਰਾ ਕੁਝ ਸੁਸਾਇਟੀਜ਼ ਰਜਿਸਟਰੇਸ਼ਨ ਐਕਟ, 1860 ਰਾਹੀਂ ਡੀ.ਸੀਜ਼. ਕੋਲ ਤਹਿਸੀਲਵਾਈਜ਼ ਇਹ ਪੈਸੇ ਇਕੱਠੇ ਹੁੰਦੇ ਹਨ ਅਤੇ ਇਸ ਦਾ ਬਕਾਇਦਾ ਰਿਕਾਰਡ ਰੱਖਿਆ ਜਾਂਦਾ ਹੈ। ਇਹ ਵੇਖਿਆ ਜਾ ਸਕਦਾ ਹੈ ਕਿ ਕਿਹੜੀ ਤਹਿਸੀਲ ਕੋਲ ਕਿੰਨਾ ਕਿੰਨਾ ਪੈਸਾ ਇਕੱਠਾ ਹੋਇਆ ਹੈ ਅਤੇ ਖਰਚ ਕੀਤਾ ਗਿਆ ਹੈ। ਇਸ ਵਿਚ ਸ਼ੱਕ ਵਾਲੀ ਕੋਈ ਗੱਲ ਹੀ ਨਹੀਂ ਹੈ ਅਤੇ ਨਾ ਹੀ ਕੋਈ ਸ਼ੱਕ ਦੀ ਗੁੰਜਾਇਸ਼ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਅਨਅਕਾਊਂਟਿਡ ਮਨੀ ਦਾ ਹਿਸਾਬ ਕਿਤਾਬ ਕੀ ਹੋਵੇਗਾ। ਇਹ ਤਾਂ ਤੁਹਾਨੂੰ, ਸਪੀਕਰ ਸਾਹਿਬ ਪਤਾ ਹੀ ਹੈ। ਇਸ ਸਬੰਧੀ ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਇਸ ਸਬੰਧੀ ਇਕ ਮਤਾ ਪਾਸ ਕੀਤਾ ਗਿਆ ਹੈ ਕਿ ਇਸ ਅਕਾਊਂਟ ਲਈ ਆਡਿਟ ਕਰਵਾਉਣ ਵਾਸਤੇ ਆਡਿਟਰਜ਼ ਐਪੁਆਇੰਟ ਕੀਤੇ ਜਾਣ ਅਤੇ ਇਹ ਵੀ ਕਿਹਾ ਗਿਆ ਹੈ ਕਿ ਇਹ ਹਿਸਾਬ ਕਿਤਾਬ ਤਹਿਸੀਲਦਾਰ ਦੀ ਸਖ਼ਤ ਨਿਗਰਾਨੀ ਵਿਚ ਰੱਖਿਆ ਜਾਂਦਾ ਹੈ। ਸਾਡੇ ਪੰਜਾਬ ਵਿਚ ਤਹਿਸੀਲ ਸਿਸਟਮ ਕੀ ਹੈ। ਇਸ ਬਾਰੇ ਤੁਹਾਨੂੰ ਸਾਰਿਆਂ ਨੂੰ ਪਤਾ ਹੈ ਪਰ ਜਿਹੜੀ ਇਨਫਰਮੇਸ਼ਨ ਮੇਰੇ ਕੋਲ ਆਈ ਹੈ ਕਿ ਇਸ ਅਕਾਊਂਟ ਦੀ ਕੋਈ ਰਸੀਦ ਸਰਕਾਰ ਵਲੋਂ ਨਹੀਂ ਦਿੱਤੀ ਜਾਂਦੀ ਹੈ। ਇਸ ਕਰਕੇ 16 ਕਰੋੜ ਦੀ ਬਜਾਏ 32 ਕਰੋੜ ਜਾਂ 50 ਕਰੋੜ ਵੀ ਇਕੱਠੇ ਹੋ ਸਕਦੇ ਹਨ। ਇਨ੍ਹਾਂ ਰਸੀਦਾਂ ਤੇ ਕਿਸੇ ਦੇ ਦਸਤਖਤ ਨਹੀਂ ਹੁੰਦੇ ਹਨ। ਇਹ ਰਸੀਦ ਸਬੰਧਤ ਡੀ.ਸੀ. ਕੋਲ ਇੱਕ ਬੜੀ ਇੰਪਾਰਟੈਂਟ ਨਾਲਵਾ ਫੈਮਿਲੀ ਜੋ ਪਿਛਲੇ 30 ਸਾਲ ਤੋਂ ਗਰੈਜੂਏਟ ਹਨ ਨੇ ਚਿੱਠੀ ਲਿਖੀ ਹੈ, ਬਿਨਾਂ ਦਸਤਖਤ ਦੀ ਰਸੀਦ ਬਾਰੇ। ਪਰ ਡੀ.ਸੀ. ਨੇ ਕੋਈ ਉਨ੍ਹਾਂ ਨੂੰ ਜਵਾਬ ਨਹੀਂ ਦਿੱਤਾ। ਮੇਰੇ ਕਹਿਣ ਦਾ ਮਤਲਬ ਹੈ ਕਿ ਇਹ ਪੈਸੇ ਜਿਹੜੇ ਸਰਕਾਰ ਵਲੋਂ ਇਕੱਠੇ ਕੀਤੇ ਜਾ ਰਹੇ ਹਨ, ਇਹ 16 ਕਰੋੜ ਦੇ ਬਜਾਏ 32 ਜਾਂ 50 ਕਰੋੜ ਵੀ ਹੋ ਸਕਦੇ ਹਨ। ਇਸ ਅਕਾਊਂਟ ਦਾ ਬਕਾਇਦਾ ਆਡਿਟ ਕਰਵਾਇਆ ਜਾਵੇ ਤਾਂ ਕਿ ਜਿਹੜੀ ਇਸ ਵਿਚ ਲੁੱਟ ਖਸੁੱਟ ਹੋ ਸਕਦੀ ਹੈ, ਉਸ ਨੂੰ ਰੋਕਿਆ ਜਾ ਸਕੇ।

**ਮਾਨਯੋਗ ਸਪੀਕਰ** : ਕੀ ਸਰਕਾਰ, ਇਸ ਅਕਾਊਂਟ ਦਾ ਆਡਿਟ ਕਰਵਾਏਗੀ ?

**ਮੰਤਰੀ** : ਸਪੀਕਰ ਸਾਹਿਬ, ਇਸ ਸਾਰੇ ਅਕਾਊਂਟ ਦਾ ਆਡਿਟ ਕਰਵਾਇਆ ਜਾਵੇਗਾ ਅਤੇ ਇਹ ਸਾਲ ਬਾਅਦ ਆਡਿਟ ਜ਼ਰੂਰ ਹੋਵੇਗਾ। ਹਾਲੇ ਅਸੀਂ ਜ਼ਮੀਨੀ ਰਿਕਾਰਡ

Original with;
Punjab Vidhan Sabha
Digitized by;
Panjab Digital Library

ਦਾ ਕੰਪਿਊਟਰੀਕਰਨ ਕਰ ਰਹੇ ਹਾਂ ਇਸ ਵਿਚ ਸ਼ੱਕ ਵਾਲੀ ਕੋਈ ਗੱਲ ਨਹੀਂ ਹੈ। ਬਾਕੀ ਜਿਸ ਵਕਤ ਇਹ ਗਏ ਸਨ, ਉਸ ਵਕਤ ਪੰਜਾਬ ਦੇ ਖਜ਼ਾਨੇ ਦਾ ਜੋ ਮਾੜਾ ਹਾਲ ਸੀ, ਇਨ੍ਹਾਂ ਨੂੰ ਵੀ ਪਤਾ ਹੈ। ਸਰਕਾਰ ਨੂੰ 10 ਕਰੋੜ ਰੁਪਏ ਦਾ ਹਰ ਰੋਜ਼ ਵਿਆਜ ਪੈ ਰਿਹਾ ਸੀ। ਇਸ ਕੰਪਿਊਟਰੀਕਰਨ ਨਾਲ ਜ਼ਿਮੀਂਦਾਰ ਨੂੰ ਸਿਰਫ 150 ਰੁਪਏ ਦਾ ਫਰਕ ਪਵੇਗਾ। ਹੁਣ ਤੱਕ ਸਾਡੇ ਕੋਲ 16 ਕਰੋੜ 32 ਹਜ਼ਾਰ ਰੁਪਏ ਇਕੱਠੇ ਹੋਏ ਹਨ ਅਤੇ ਸਾਰੇ ਪੰਜਾਬ ਦੇ ਜ਼ਮੀਨੀ ਰਿਕਾਰਡਾਂ ਦਾ ਕੰਪਲੀਟ ਕੰਪਿਊਟਰੀਕਰਨ ਕਰ ਲਿਆ ਜਾਵੇਗਾ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਮੈਂ ਵੈਸੇ ਵੀ ਸਕੀਮ ਨੂੰ ਬੰਦ ਕਰਨ ਬਾਰੇ ਕੋਈ ਕੁਐਸਚਨ ਨਹੀਂ ਪੁਛਿਆ। ਮੈਂ ਮੰਤਰੀ ਜੀ ਤੋਂ ਸਿਰਫ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੋ ਰਿਕਾਰਡ ਹੈ, ਉਸ ਦੀਆਂ ਰਸੀਦਾਂ ਤੇ ਕੋਈ ਦਸਤਖਤ ਨਹੀਂ, ਡੀ.ਸੀ. ਨੂੰ ਚਿੱਠੀ ਲਿਖੀ ਹੋਵੇ, ਉਸਦਾ ਕੋਈ ਜਵਾਬ ਨਹੀਂ। ਇਹ ਅਨਅਕਾਊਂਟਿਡ ਮਨੀ ਹੈ। ਇਹ 16 ਕਰੋੜ ਦੀ ਬਜਾਏ ਹੋ ਸਕਦਾ ਹੈ, 32 ਕਰੋੜ ਹੋਵੇ। ਇਸ ਅਨਅਕਾਊਂਟਿਡ ਮਨੀ ਨੂੰ ਅਕਾਊਂਟਿਡ ਕਰਨ ਵਾਸਤੇ, ਲੋਕਾਂ ਦੇ ਫਾਇਦੇ ਵਾਸਤੇ ਉਸ ਨੂੰ ਸਹੀ ਢੰਗ ਨਾਲ ਖਰਚ ਕਰਨ ਵਾਸਤੇ ਕੀ ਆਡਿਟ ਕਰਾਉਣ ਬਾਰੇ ਇਨ੍ਹਾਂ ਦੀ ਕੋਈ ਤਜਵੀਜ਼ ਹੈ ?

**ਮੰਤਰੀ :** ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਕੋਲ ਕੋਈ ਸ਼ਿਕਾਇਤ ਆਈ ਹੈ, ਉਹ ਇਹ ਦੇ ਦੇਣ। ਉਸ ਦੀ ਪੂਰੀ ਇਨਕੁਆਇਰੀ ਕਰਵਾ ਕੇ, ਉਸ ਅਫਸਰ ਦੇ, ਸਬੰਧਿਤ ਵਿਅਕਤੀ ਦੇ ਖਿਲਾਫ ਪੂਰਾ ਐਕਸ਼ਨ ਲਿਆ ਜਾਵੇਗਾ। ਬਾਕੀ ਆਡਿਟ ਤੋਂ ਬਿਨ੍ਹਾਂ ਹਿਸਾਬ ਕਿਤਾਬ ਕਿਸ ਤਰ੍ਹਾਂ ਰਹਿ ਸਕਦਾ ਹੈ ? ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਆਡਿਟ ਨਾ ਹੋਵੇ। ਇਹ ਬਿਲਕੁਲ ਹੋਵੇਗਾ ਤੇ ਸਮੇਂ-ਸਮੇਂ ਸਿਰ ਹੋਵੇਗਾ। ਪੈਸੇ ਪੈਸੇ ਦਾ ਹਿਸਾਬ ਇਥੇ ਦੱਸਿਆ ਜਾਵੇਗਾ ਜੋ ਕੋਈ ਪੁੱਛਣਾ ਚਾਹਵੇਗਾ।

**Mr. Speaker :** Next Question.

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਸਪੀਕਰ ਸਾਹਿਬ, ਇਕ ਸਪਲੀਮੈਂਟਰੀ ਦੇ ਦਿਓ।

**ਮਾਨਯੋਗ ਸਪੀਕਰ :** ਨਹੀਂ ਜੀ। ਟਾਈਮ ਥੋੜ੍ਹਾ ਰਹਿ ਗਿਆ ਹੈ। ਹਾਂ ਜੀ, ਧੁੱਗਾ ਜੀ, ਤੁਸੀਂ ਗੰਨੇ ਬਾਰੇ ਸਵਾਲ ਕਰੋ।

**ਸ਼੍ਰੀ ਦੇਸ ਰਾਜ ਧੁੱਗਾ :** *1332

**ਸਰਦਾਰ ਜਸਜੀਤ ਸਿੰਘ ਰੰਧਾਵਾ (ਸਹਿਕਾਰਤਾ ਮੰਤਰੀ) :** ਗੰਨੇ ਦੀ ਕੀਮਤ ਵਧਾਉਣ ਦਾ ਮਸਲਾ............

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਮੇਰਾ ਕੁਐਸਚਨ ਰਹਿ ਗਿਆ ਹੈ.........

**Mr. Speaker :** Sorry. ਨਾਂ ਇਕੱਠਾ ਆ ਗਿਆ ਸੀ। ਤੁਸੀਂ ਆਪਣਾ ਕੁਐਸਚਨ ਪੁੱਛੋ।

Original with;
Punjab Vidhan Sabha
Digitized by;
Panjab Digital Library

## Purchase of Benami Land around Chandigarh

***1355. Sardar Balwinder Singh Bhunder :** Will the Chief Minister be pleased to state whether the State Government received any letter from a senior officer of Punjab Police for conducting C.B.I. inquiry into the purchase of thousands of acres of benami land on the periphery of Chandigarh by some IAS/IPS Officers belonging to Punjab cadre and some other persons; if so, the details of the action taken thereon ?

**Captain Amarinder Singh :** Yes. Such a letter has been received. However, the case in which this issue has been raised, is sub-judice.

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਇਸ ਕੇਸ ਦੇ ਦੋ ਹਿੱਸੇ ਹਨ। ਜਿਹੜਾ ਰੇਪ ਦਾ ਮਾਮਲਾ ਹੈ, ਉਹ ਪਾਰਟ ਸਬ-ਜੁਡਿਸ ਹੈ। ਲੇਕਿਨ ਜਿਹੜਾ ਸੈਕਿੰਡ ਪਾਰਟ ਹੈ, ਉਹ ਜਿਹੜੀ ਬੇਨਾਮੀ ਲੈਂਡ ਹੈ, ਉਸਦੇ ਮੁਤੱਲਕ ਹੈ ਜਿਸ ਦੇ ਬਾਰੇ ਇਕ ਸੀਨੀਅਰ ਆਈ.ਪੀ.ਐਸ. ਅਫਸਰ ਨੇ ਲੈਟਰ ਲਿਖਿਆ ਤੇ ਉਸ ਤੇ ਡੀ.ਜੀ.ਪੀ. ਨੇ ਇਕ ਲੈਟਰ ਪੰਜਾਬ ਦੇ ਹੋਮ ਡਿਪਾਰਟਮੈਂਟ ਨੂੰ ਲਿਖਿਆ। ਇਸ ਬਾਰੇ ਫੇਰ ਸੀ.ਐਮ. ਸਾਹਿਬ ਨੇ ਸਟੇਟਮੈਂਟ ਵੀ ਦਿੱਤੀ ਕਿ ਅਸੀਂ ਐਕਸ਼ਨ ਲੈਣ ਨੂੰ ਤਿਆਰ ਹਾਂ ਤੇ ਇਸ ਤੇ ਇਨਕੁਆਇਰੀ ਕਮਿਸ਼ਨ ਵੀ ਬਿਠਾਵਾਂਗੇ। ਇਸ ਮਾਮਲੇ ਦੇ ਸੈਕਿੰਡ ਪਾਰਟ ਬਾਰੇ ਮੈਂ ਸੀ.ਐਮ. ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਹਜ਼ਾਰਾਂ ਏਕੜ ਜ਼ਮੀਨ ਦਾ ਰੌਲਾ ਹੈ ਜਿਹੜੀ ਐਨ ਚੰਡੀਗੜ੍ਹ ਦੇ ਨਾਲ ਲਗਦੀ ਹੈ, ਕੀ ਸੀ.ਐਮ. ਸਾਹਿਬ ਇਸ ਤੇ ਕੋਈ ਸੀ.ਬੀ.ਆਈ. ਦੀ ਇਨਕੁਆਇਰੀ ਕਰਾਉਣ ਲਈ ਰਜ਼ਾਮੰਦ ਹੋਣਗੇ ?

**ਮੁੱਖ ਮੰਤਰੀ :** ਇਸ ਬਾਰੇ ਸਟੇਟਮੈਂਟ ਅਸੀਂ ਕੋਰਟ ਵਿਚ ਦੇ ਚੁੱਕੇ ਹਾਂ। But I can not say anything further because it is an inter-related case. ਜਦੋਂ ਤੱਕ ਮਾਨਯੋਗ ਹਾਈ ਕੋਰਟ ਇਸ ਤੇ ਡਿਸੀਜ਼ਨ ਨਹੀਂ ਦਿੰਦਾ, ਇਸ ਕੇਸ ਤੇ ਕੁਝ ਵੀ ਬੋਲਣਾ ਠੀਕ ਨਹੀਂ।

**ਮਾਨਯੋਗ ਸਪੀਕਰ :** ਮੈਟਰ ਸਬ-ਜੁਡਿਸ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਮੈਂ ਸਬ-ਜੁਡਿਸ ਪਾਰਟ ਬਾਰੇ ਪੁੱਛ ਹੀ ਨਹੀਂ ਰਿਹਾ। ਮੇਰਾ ਕੁਐਸਚਨ ਸੈਕਿੰਡ ਪਾਰਟ ਨਾਲ ਰਿਲੇਟਿਡ ਹੈ। ਜਿਸਨੇ ਪਹਿਲਾਂ ਵੀ ਸਾਰੇ ਹਿੰਦੁਸਤਾਨ ਵਿਚ ਝਗੜਾ ਪਾਇਆ ਸੀ, ਇਹ ਉਹੀ ਤਹਿਲਕਾ ਪੇਪਰ ਹੈ ਜਿਸਨੇ ਘੱਟੋ-ਘੱਟ 4 ਸਫੇ ਭਰੇ ਹਨ। ਇਕ ਇਕ ਦਾ ਨਾਂ ਲਿਖਿਆ ਹੈ, ਜਾਂ ਤਾਂ ਸੀ.ਐਮ. ਸਾਹਿਬ ਉਸ ਪੇਪਰ ਤੇ ਐਕਸ਼ਨ ਲੈਣ ਜਿਸ ਨੇ ਗਲਤ ਲਿਖਿਆ ਹੈ ਤਾਂ ਕਿ ਉਹ ਗਲਤ ਖਬਰਾਂ ਨਾ ਲਾਵੇ ਜਾਂ ਫੇਰ ਉਸਨੇ ਜਿਨ੍ਹਾਂ ਦੇ ਨਾਂ ਲਿਖੇ ਹਨ, ਉਨ੍ਹਾਂ ਬੰਦਿਆਂ ਦੇ ਅਗੇਂਸਟ ਸੀ.ਬੀ.ਆਈ. ਦੀ ਇਨਕੁਆਇਰੀ ਫਿਕਸ ਕਰਨ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਤੁਹਾਡਾ ਸਵਾਲ ਕੀ ਹੈ ?

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮੇਰਾ ਸਵਾਲ ਹੈ ਕਿ ਜਿਹੜਾ ਇਹ ਲੈਟਰ ਹੈ ਤੇ ਜਿਹੜਾ ਤਹਿਲਕਾ ਪੇਪਰ ਹੈ, ਜਿਸ ਨੇ 4 ਸਫਿਆਂ ਦੀ ਰਿਪੋਰਟਿੰਗ ਕੀਤੀ ਹੈ, ਜਾਂ ਤਾਂ ਪੇਪਰ ਦੇ ਅਗੇਂਸਟ ਐਕਸ਼ਨ ਲੈਣ..........

**ਮਾਨਯੋਗ ਸਪੀਕਰ** : ਦੋਨਾਂ ਵਿਚੋਂ ਇਹ ਕੀ ਕਰਨ ? ਤੁਸੀਂ ਜਾਂ ਕਰਕੇ ਨਾ ਪੁੱਛੋ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਦੋਨਾਂ ਵਿਚੋਂ ਜੇ ਤਹਿਲਕਾ ਪੇਪਰ ਗਲਤ ਕਹਿੰਦਾ ਹੈ ਤਾਂ ਉਸ ਦੇ ਅਗੇਂਸਟ ਐਕਸ਼ਨ ਲੈਣ, ਨਹੀਂ ਤਾਂ ਜਿਨ੍ਹਾਂ ਦੇ ਉਸ ਨੇ ਨਾਂ ਲਏ ਹਨ ਉਨ੍ਹਾਂ ਬੰਦਿਆਂ ਦੇ ਅਗੇਂਸਟ ਸੀ.ਬੀ.ਆਈ. ਇਨਕੁਆਇਰੀ ਕਰਾਉਣ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਕਹਿ ਚੁੱਕਾ ਹਾਂ, ਆਫੀਸ਼ੀਅਲੀ ਕਹਿ ਚੁੱਕਾ ਹਾਂ ਕਿ ਇਸ ਕੇਸ ਦੀ ਇਨਕੁਆਇਰੀ ਸੀ.ਬੀ.ਆਈ. ਨੂੰ ਦੇ ਦਿਓ। ਹਾਲੇ ਇਸ ਤੇ ਕੋਰਟ ਨੇ ਇੰਟੈਰਿਮ ਕੁਮੈਂਟਸ ਕੀਤੇ ਹਨ, ਇਸ ਤੇ ਜੱਜਮੈਂਟ ਨਹੀਂ ਹੋਈ। ਸਾਡੀ ਗੌਰਮਿੰਟ ਆਪਣੇ ਵੱਲੋਂ ਕਹਿ ਚੁੱਕੀ ਹੈ।

---

## ਗੰਨੇ ਦਾ ਘੱਟੋ-ਘੱਟ ਸਮਰਥਨ ਮੁੱਲ

*1332. **ਸ਼੍ਰੀ ਦੇਸ ਰਾਜ ਧੁੱਗਾ** : ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਗੰਨੇ ਦੇ ਘੱਟੋ-ਘੱਟ ਸਮਰਥਨ ਮੁੱਲ ਵਿਚ ਵਾਧਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

**ਸਰਦਾਰ ਜਸਜੀਤ ਸਿੰਘ ਰੰਧਾਵਾ** : ਗੰਨੇ ਦੀ ਕੀਮਤ ਵਧਾਉਣ ਦਾ ਮਸਲਾ ਸ਼ੂਗਰਕੇਨ ਕੰਟਰੋਲ ਬੋਰਡ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ। ਇਸ ਦੀ ਮੀਟਿੰਗ ਅਕਤੂਬਰ, 2005 ਦੇ ਤੀਜੇ ਹਫਤੇ ਬੁਲਾਈ ਗਈ ਹੈ ਅਤੇ ਉਸ ਮੀਟਿੰਗ ਵਿਚ ਲਿਆ ਗਿਆ ਫੈਸਲਾ ਲਾਗੂ ਕੀਤਾ ਜਾਵੇਗਾ।

**ਸ਼੍ਰੀ ਦੇਸ ਰਾਜ ਧੁੱਗਾ** : ਸਪੀਕਰ ਸਾਹਿਬ, ਗੰਨੇ ਦੀ ਪਿੜਾਈ ਜਲਦੀ ਸ਼ੁਰੂ ਹੋਣ ਵਾਲੀ ਹੈ। ਕੀ ਕੀਮਤ ਵਧਾਉਣ ਵਾਸਤੇ ਸਰਕਾਰ ਦਾ ਕੋਈ ਏਜੰਡਾ ਹੈ ?

**ਮੰਤਰੀ** : ਸਪੀਕਰ ਸਾਹਿਬ, 1999-2000 ਵਿਚ ਗੰਨੇ ਦੀ ਕੀਮਤ 100 ਰੁਪਏ ਫਿ ਕੁਇੰਟਲ ਫਿਕਸ ਕੀਤੀ ਗਈ ਸੀ। ਉਸ ਤੋਂ ਬਾਦ ਗੰਨੇ ਦੀਆਂ ਮਿੱਲਾਂ ਘਾਟੇ ਵਿਚ ਰਹੀਆਂ। ਹੁਣ ਸ਼ੂਗਰਫੈੱਡ ਨੇ 115 ਰੁਪਏ ਫੀ ਕੁਇੰਟਲ ਕੀਮਤ ਫਿਕਸ ਕਰਨ ਵਾਸਤੇ ਸਰਕਾਰ ਨੂੰ ਸਿਫਾਰਿਸ਼ ਕੀਤੀ ਹੈ। ਹੁਣ ਤੀਜੇ ਹਫਤੇ ਵਿਚ ਮੀਟਿੰਗ ਹੋ ਰਹੀ ਹੈ, ਉਸ ਸ਼ੂਗਰਕੇਨ ਕੰਟਰੋਲ ਬੋਰਡ ਦੀ ਮੀਟਿੰਗ ਵਿਚ ਰੇਟ ਬਾਰੇ ਜੋ ਵੀ ਫੈਸਲਾ ਹੋਵੇਗਾ, ਉਸ ਨੂੰ ਅਸੀਂ ਲਾਗੂ ਕਰਾਂਗੇ।

---

Original with;
Punjab Vidhan Sabha
Digitized by;
Panjab Digital Library

## One Time Settlement Scheme of Industrial Units

***1351. Sardar Bir Devinder Singh :** Will the Chief Minister be pleased to state—

(a) Whether 'One Time Settlement' regarding waiving of the Industrial loans has been made by the Government during the last three years, if so, the criteria adopted thereof together with the details of the names of the Industrial Units and district-wise and year-wise amount of loans waived off in each year.

(b) Whether any of the industrial units under 'One Time Settlement' scheme has surrendered the land allotted to them on priority/concessional rates ; if so, the details thereof ?

**Captain Amarinder Singh :** (a) Yes Sir. In accordance with Industrial Policy 2003 the Government and its agencies have framed requisite policies on One Time Settlement Scheme for loans given to various Industrial Units in the State of Punjab. The criteria for One Time Settlement has been already elaborated in the One Time Settlement Schemes of Punjab Financial Corporation and Punjab State Industrial Development Corporation which are annexed at *Annexure-A and B. Agency-wise details of One Time Settlement during the last three years are given in the attached statements at *Annexure-C and Annexure-D, which are laid on the table of the house.

(b) Yes Sir. The details are given in the attached statement at *Annexure-E which is laid on the table of the house.

**Sardar Bir Devinder Singh :** Speaker Sahib, I would like to know what was the total amount at the time of settlement by the PSIDC and Punjab Financial Corporation separately. What was the total amount at the time of OTS and financial sacrifice in each case ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਹ ਸਾਰਾ ਕੁਝ ਅਨੈਕਸਚਰ ਵਿਚ ਦਿੱਤਾ ਹੋਇਆ ਹੈ। ਇਸ ਅਨੈਕਸਚਰ ਵਿਚ ਹਰੇਕ ਕੈਟਾਗਰੀ ਦੀ ਡਿਟੇਲ ਦਿੱਤੀ ਹੋਈ ਹੈ। These totals are there with you.

---

*Placed in the Revisor's Branch.

Original with;
Punjab Vidhan Sabha
Digitized by;
Panjab Digital Library

**ਸਰਦਾਰ ਬੀਰ ਦਵਿੰਦਰ ਸਿੰਘ :** ਸਪੀਕਰ ਸਾਹਿਬ, ਮੈਂ ਸਵਾਲ ਕੀਤਾ ਸੀ ਕਿ ਕਿੰਨੇ ਐਸੇ ਕੇਸਿਜ਼ ਹਨ ਜਿਨ੍ਹਾਂ ਵਿਚ ਵੰਨ ਟਾਈਮ ਸੈਟਲਮੈਂਟ ਦੀ ਵਾਇਲੇਸ਼ਨ ਹੋਈ ਹੈ ? ਕਿੰਨੀ ਟੋਟਲ ਜ਼ਮੀਨ ਇਨਵਾਲਵਡ ਸੀ ? ਉਸ ਵਿੱਚੋਂ ਕਿੰਨੀ ਸਰੰਡਰ ਹੋਈ ਹੈ ਅਤੇ ਕਿੰਨੀ ਹਾਲੇ ਉਨ੍ਹਾਂ ਦੇ ਕੋਲ ਹੈ ? ਇਸ ਤੋਂ ਇਲਾਵਾ ਉਨ੍ਹਾਂ ਨੇ ਸਰਕਾਰ ਦੀ ਜ਼ਮੀਨ 20 ਸਾਲ ਤੱਕ ਆਪਣੇ ਕੋਲ ਰੱਖੀ ਲੇਕਿਨ ਉਨ੍ਹਾਂ ਨੇ ਉਥੇ ਕੋਈ ਇੰਡਸਟਰੀਅਲ ਯੂਨਿਟ ਨਹੀਂ ਲਾਏ। ਇਸ ਦੇ ਵਾਸਤੇ ਸਰਕਾਰ ਨੇ ਉਨ੍ਹਾਂ ਨੂੰ ਕੀ ਖਮਿਆਜ਼ਾ ਭੁਗਤਣ ਵਾਸਤੇ ਕਿਹਾ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਸ ਦੇ ਵਾਸਤੇ ਅਸੀਂ ਕੋਈ ਇੰਡੀਕੇਸ਼ਨ ਨਹੀਂ ਦੇ ਸਕਦੇ। ਬਹੁਤ ਸਾਰੇ ਇੰਡਸਟਰੀਅਲ ਯੂਨਿਟਸ ਆਏ ਸਨ ਅਤੇ ਉਨ੍ਹਾਂ ਨੂੰ ਲੈਂਡ ਐਲੋਕੇਟ ਕੀਤੀ ਗਈ ਸੀ। ਉਨ੍ਹਾਂ ਵਿਚੋਂ ਕਈਆਂ ਦੇ ਯੂਨਿਟ ਨਹੀਂ ਲੱਗੇ ਜਾਂ ਜ਼ਮੀਨ ਘੱਟ ਇਸਤੇਮਾਲ ਹੋਈ। ਸਾਡੇ ਕੋਲ ਜ਼ਮੀਨ ਦੀ ਬਹੁਤ ਘਾਟ ਹੈ ਅਤੇ ਅਸੀਂ ਖੁਦ ਚਾਹੁੰਦੇ ਹਾਂ ਕਿ ਸਾਡੇ ਕੋਲ ਜ਼ਮੀਨ ਵਾਪਸ ਆਵੇ। ਇਸ ਦੇ ਵਾਸਤੇ ਅਸੀਂ ਖੁਦ ਵੀ ਉਨ੍ਹਾਂ ਤੇ ਪ੍ਰੈਸ਼ਰ ਪਾ ਰਹੇ ਹਾਂ। ਕਈਆਂ ਨੇ ਜ਼ਮੀਨ ਵਾਪਸ ਕਰ ਵੀ ਦਿੱਤੀ ਹੈ। ਮੇਰੇ ਕੋਲ ਇਸ ਦੀ ਲਿਸਟ ਪਈ ਹੈ ਜਿਸ ਵਿਚ ਸਾਰੀ ਡਿਟੇਲ ਦਿੱਤੀ ਹੋਈ ਹੈ ਜਿਨ੍ਹਾਂ ਦੀ ਸੈਟਲਮੈਂਟ ਹੋ ਚੁੱਕੀ ਹੈ। ਇਹ ਲਿਸਟ ਬਹੁਤ ਵੱਡੀ ਹੈ, ਇਸ ਦੇ ਕੋਈ 30 ਕਾਗਜ਼ ਹਨ। As far as surrender of industrial land given under Off-the-Shelf Scheme are concerned, M/s Brahma Steyrs Tractor Limited were allotted 30.773 acres of Semi-developed land in Phase VIII-B, Focal Point, Mohali for setting up a Tractor Project at the then prevalent reserve price of Rs. 8 lac per acre (for 15 Acres) and Rs. 8.25 lac per acre (for 15.773 Acres) on 24th April, 1997. M/s Brahma Steyrs did not set up their project and have surrendered the allotted land to PSIEC in February, 2003. Similarly M/s Ranbaxy Laboratories Limited were allotted 123.67 acres of Semi-developed land in Phase VIII-A, Focal Point, Mohali, for setting up Pharmaceutical project at the then prevalent reserve price of Rs. 6,59,485 per acre on 16th June, 1995. Since M/s Ranbaxy did not set up the envisaged project, land measuring 43.67 acres out of the allotted area of 123.67 acres was surrendered back to Punjab Small Industries and Export Corporation in May, 2003. Similarly, M/s ICI India Ltd. who were allotted Plot No. A-42, Phase VIII-B, Mohali have surrendered land to the tune of 14.92 acres, out of total allotted area of 33.77 acres. The company is now in possession of 18.85 acres of land.

These are the ones they have surrendered.

**Sardar Bir Devinder Singh :** Just one small supplementary. What was the loan against this land ? ਇਹ ਜਿਹੜੀਆਂ ਜ਼ਮੀਨਾਂ ਹਨ, ਉਨ੍ਹਾਂ ਦੇ ਅਗੇਂਸਟ ਇਨ੍ਹਾਂ ਕੰਪਨੀਆਂ ਨੇ ਕੋਈ ਲੋਨ ਵੀ ਲਿਆ ਹੈ ?

**Chief Minister :** I am not aware of this. That is pledged with the Financial Corporations. You cannot hand over it back otherwise. ਅਗਰ ਕੋਈ ਇਸ ਤਰ੍ਹਾਂ ਲੋਨ ਲੈਂਦਾ ਹੈ ਤਾਂ ਉਸ ਨੂੰ ਉਹ ਜ਼ਮੀਨ ਪਲੈੱਜ ਕਰਨੀ ਪੈਂਦੀ ਹੈ।

Original with;
Punjab Vidhan Sabha
Digitized by;
Panjab Digital Library

**Mr. Speaker :** Question Hour is over. The remaining Questions shall be deemed to have been answered under Rule 38 of the Rules of Procedure and Conduct of Business in the Punjab Vidhan Sahba (Punjab Legislative Assembly).

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

## ਜ਼ਿਲ੍ਹਾ ਸੰਗਰੂਰ ਵਿਚ ਨਵੀਆਂ ਲਿੰਕ ਸੜਕਾਂ ਦੀ ਉਸਾਰੀ

*1358. **ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਸੰਗਰੂਰ ਵਿਚ ਹੋਰ ਲਿੰਕ ਸੜਕਾਂ ਦੀ ਉਸਾਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਉਸਦੇ ਵੇਰਵੇ ਕੀ ਹਨ ਅਤੇ ਨਵੀਂਆਂ ਲਿੰਕ ਸੜਕਾਂ ਦੀ ਚੋਣ ਕਰਨ ਲਈ ਕੀ ਕਸੌਟੀ ਅਪਣਾਈ ਗਈ ਹੈ ?

**ਕੈਪਟਨ ਅਮਰਿੰਦਰ ਸਿੰਘ** : ਹਾਂ ਜੀ, ਜ਼ਿਲ੍ਹਾ ਸੰਗਰੂਰ ਵਿੱਚ ਬਣਾਈਆਂ ਜਾਣ ਵਾਲੀਆਂ ਸੜਕਾਂ ਦਾ ਵੇਰਵਾ ਅਤੇ ਸੜਕਾਂ ਦੀ ਚੋਣ ਸਬੰਧੀ ਕਸੌਟੀ ਸਮੇਤ ਅਨੁਲੱਗ 'ੳ' ਤੇ ਦਿੱਤਾ ਗਿਆ ਹੈ।

### ਅਨੁਲੱਗ 'ੳ'

ਜ਼ਿਲ੍ਹਾ ਸੰਗਰੂਰ ਵਿੱਚ ਬਣਾਈਆਂ ਜਾਣ ਵਾਲੀਆਂ ਨਵੀਆਂ ਲਿੰਕ ਸੜਕਾਂ ਦੀ ਸੂਚੀ

| ਲੜੀ ਨੰ: | ਅਸੈਂਬਲੀ ਹਲਕਾ | ਲੰਬਾਈ (ਕਿ.ਮੀ.) |
|---|---|---|
| 1. | ਬਰਨਾਲਾ | 6.00 |
| 2. | ਭਦੌੜ | 12.00 |
| 3. | ਧਨੌਲਾ | 6.00 |
| 4. | ਧੂਰੀ | 15.00 |
| 5. | ਦਿੜ੍ਹਬਾ | 12.00 |
| 6. | ਲਹਿਰਾ | 12.00 |
| 7. | ਮਲੇਰਕੋਟਲਾ | 12.00 |
| 8. | ਸੰਗਰੂਰ | 12.00 |
| 9. | ਸ਼ੇਰਪੁਰ | 12.00 |
| 10. | ਸੁਨਾਮ | 12.00 |
| | ਕੁੱਲ | 111.00 |

Original with;
Punjab Vidhan Sabha
Digitized by;
Panjab Digital Library

ਬਣਾਈਆਂ ਜਾਣ ਵਾਲੀਆਂ ਸੜਕਾਂ ਦੀ ਲੰਬਾਈ ਬਾਰੇ ਕਸੌਟੀ

| ਅਸੈਂਬਲੀ ਹਲਕੇ ਅਧੀਨ ਆਉਂਦੇ ਪਿੰਡ | ਲੰਬਾਈ (ਕਿ.ਮੀ.) |
|---|---|
| 0—50 | 6.00 |
| 51—100 | 12.00 |
| 101—150 | 15.00 |
| 151—200 | 18.00 |
| 200 ਤੋਂ ਵੱਧ | 20.00 |

ਸੜਕਾਂ ਦੀ ਸੂਚੀ ਸਬੰਧਤ ਡਿਪਟੀ ਕਮਿਸ਼ਨਰ ਵਲੋਂ ਦਿੱਤੀ ਜਾਣੀ ਹੈ।

---

## ਪਹਿਲਤਾ ਦੇ ਆਧਾਰ ਤੇ ਬਿਜਲੀ ਦੇ ਕੁਨੈਕਸ਼ਨ

*1336. **ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਹੱਦੀ ਇਲਾਕਿਆਂ ਵਿਚ ਰਹਿ ਰਹੇ ਲੋਕਾਂ ਨੂੰ ਬਿਜਲੀ ਦੇ ਕੁਨੈਕਸ਼ਨ ਦੇਣ ਲਈ ਸਿਕਿਉਰਿਟੀ ਰਕਮ ਦੀ ਦਰ ਘੱਟ ਕਰਨ ਅਤੇ ਪਹਿਲਤਾ ਦੇ ਆਧਾਰ ਤੇ ਕੁਨੈਕਸ਼ਨ ਦੇਣ ਦੀ ਵੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ ?

**ਸਰਦਾਰ ਲਾਲ ਸਿੰਘ** : ਇਸ ਸਮੇਂ ਕੁਨੈਕਸ਼ਨ ਜਾਰੀ ਕਰਨ ਵਾਸਤੇ ਲਈ ਜਾਂਦੀ ਜ਼ਮਾਨਤੀ ਰਕਮ ਨੂੰ ਘਟਾਉਣ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ। ਅੰਤਰ-ਰਾਸ਼ਟਰੀ ਸੀਮਾ ਦੇ 16 ਕਿਲੋਮੀਟਰ ਦੇ ਦਾਇਰੇ ਅੰਦਰ ਰਹਿੰਦੇ ਲੋਕਾਂ ਨੂੰ ਨਲਕੂਪ ਕੁਨੈਕਸ਼ਨ ਅਗੇਤ ਆਧਾਰ ਤੇ ਦੇਣ ਲਈ ਬੋਰਡ ਦੇ ਨਿਯਮਾਂ ਵਿੱਚ ਹਦਾਇਤਾਂ ਪਹਿਲਾਂ ਹੀ ਮੌਜੂਦ ਹਨ।

---

## ਸਰਹਿੰਦ ਫੀਡਰ ਨਹਿਰ ਤੇ ਲਿਫ਼ਟ ਪੰਪਾਂ ਨੂੰ ਦੁਬਾਰਾ ਲਗਾਉਣਾ

*1356. **ਸਰਦਾਰ ਕੁਸ਼ਲਦੀਪ ਸਿੰਘ ਢਿੱਲੋਂ** : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਫਿਰੋਜ਼ਪੁਰ, ਫਰੀਦਕੋਟ ਅਤੇ ਮੁਕਤਸਰ ਜ਼ਿਲ੍ਹਿਆਂ ਵਿਚ ਸਰਹਿੰਦ ਫੀਡਰ ਨਹਿਰ ਤੇ ਕਿਸਾਨਾਂ ਦੁਆਰਾ ਲਿਫ਼ਟ ਪੰਪਾਂ ਨੂੰ ਦੁਬਾਰਾ ਲਗਾਉਣ ਦੀ ਆਗਿਆ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ ?

**ਸਰਦਾਰ ਲਾਲ ਸਿੰਘ** : ਫਿਰੋਜ਼ਪੁਰ, ਫਰੀਦਕੋਟ ਅਤੇ ਮੁਕਤਸਰ ਜ਼ਿਲ੍ਹਿਆਂ ਦੇ ਕੁਝ ਕਿਸਾਨਾਂ ਵਲੋਂ ਆਪਣੀਆਂ ਜ਼ਮੀਨਾਂ ਦੀ ਕਾਸ਼ਤ ਲਈ ਸਰਹਿੰਦ ਫੀਡਰ ਨਹਿਰ ਤੋਂ ਲਿਫਟ ਪੰਪਾਂ ਰਾਹੀਂ ਨਹਿਰੀ ਪਾਣੀ ਦੇਣ ਲਈ ਸਿੰਚਾਈ ਵਿਭਾਗ ਨੂੰ ਪ੍ਰਾਰਥਨਾ-ਪੱਤਰ ਦਿੱਤੇ ਗਏ ਹਨ। ਇਸ ਅਨੁਸਾਰ ਸਿੰਚਾਈ ਵਿਭਾਗ ਵਲੋਂ ਨਾਰਦਰਨ ਇੰਡੀਆ ਕੈਨਾਲ ਅਤੇ ਡਰੇਨੇਜ ਐਕਟ, 1873 ਅਧੀਨ ਲੋੜੀਂਦੀ ਕਾਰਵਾਈ ਸ਼ੁਰੂ ਕੀਤੀ ਗਈ ਹੈ।

---

Original with;
Punjab Vidhan Sabha
Digitized by;
Panjab Digital Library

## ਅੰਮ੍ਰਿਤਸਰ-ਚੋਗਾਵਾਂ ਸੜਕ ਦੀ ਉਸਾਰੀ

***1360. ਸਰਦਾਰ ਵੀਰ ਸਿੰਘ ਲੋਪੋਕੇ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਅੰਮ੍ਰਿਤਸਰ—ਚੋਗਾਵਾਂ-ਲੋਪੋਕੇ ਸੜਕ ਦੀ ਉਸਾਰੀ ਜੋ ਨਾਬਾਰਡ ਦੇ ਫੰਡਾਂ ਨਾਲ ਕੀਤੀ ਜਾ ਰਹੀ ਹੈ, ਉਤੇ ਵਿਛਾਈ ਜਾ ਰਹੀ ਮੋਟੀ ਕੰਕਰੀਟ ਦੀ ਮੋਟਾਈ ਕਿੰਨੀ ਹੈ ਅਤੇ ਇਸ ਸੜਕ ਦੀ ਉਸਾਰੀ ਨਾਲ ਸਬੰਧਤ ਹੋਰ ਕੰਮਾਂ ਦਾ ਵੇਰਵਾ ਕੀ ਹੈ ;

(ਅ) ਉਨ੍ਹਾਂ ਅਫ਼ਸਰਾਂ ਦੇ ਨਾਂ ਕੀ ਕੀ ਹਨ, ਜਿਨ੍ਹਾਂ ਨੇ ਇਸ ਸੜਕ ਦੀ ਉਸਾਰੀ ਕਰਨ ਦੇ ਸਮੇਂ ਦੌਰਾਨ ਚੈਕਿੰਗ ਕੀਤੀ ਹੈ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : (ੳ) ਨਾਬਾਰਡ 10 ਸਕੀਮ ਦੇ ਅਧੀਨ ਇਸ ਸੜਕ ਉਪਰ ਵਾਧੂ ਕਰਸੱਟ ਦੀ ਮੋਟਾਈ ਹੇਠ ਲਿਖੇ ਅਨੁਸਾਰ ਪਾਈ ਜਾ ਰਹੀ ਹੈ :

| | | | |
|---|---|---|---|
| (1) | ਉਚਾ ਚੁੱਕਣ ਵਾਲਾ ਹਿੱਸਾ | 1.78 ਕਿ.ਮੀ. | ਕਰਸੱਟ 12 ਇੰਚ |
| (2) | ਮਜ਼ਬੂਤੀ ਵਾਲਾ ਹਿੱਸਾ | 7.66 ਕਿ.ਮੀ. | ਵਾਧੂ ਕਰਸੱਟ 6 ਇੰਚ |
| (3) | ਮਜ਼ਬੂਤੀ ਵਾਲਾ ਹਿੱਸਾ | 3.86 ਕਿ.ਮੀ. | ਵਾਧੂ ਕਰਸੱਟ 3 ਇੰਚ |
| (4) | ਚੌੜਾਈ ਅਤੇ ਮਜ਼ਬੂਤੀ ਵਾਲਾ ਹਿੱਸਾ | 11.00 ਕਿ.ਮੀ. | ਵਾਧੂ ਕਰਸੱਟ 6 ਇੰਚ |

ਅਤੇ ਬਾਕੀ ਕੰਮਾਂ ਦਾ ਵੇਰਵਾ :

| | | |
|---|---|---|
| 1. | ਸਾਈਡ ਡਰੇਨ ਟਾਈਪ ਦੀ ਉਸਾਰੀ | 760 ਮੀਟਰ |
| 2. | ਆਰਚ ਟਾਈਪ ਕਲਵਰਟ ਨੂੰ ਆਰ.ਸੀ.ਸੀ. ਸਲੈਬ ਟਾਈਪ ਕਲਵਰਟ ਪ੍ਰਤੀ ਸਪੈਨ 6 ਮੀਟਰ ਨਾਲ ਬਦਲਣਾ | 2 ਨੰਬਰ |

(ਅ) ਉਸਾਰੀ ਸਮੇਂ ਵਿਭਾਗ ਦੇ ਹੇਠ ਲਿਖੇ ਅਫਸਰਾਂ ਵਲੋਂ ਕੰਮ ਦੀ ਚੈਕਿੰਗ ਕੀਤੀ ਗਈ

1. ਇੰਜੀ: ਲਖਵਿੰਦਰ ਸਿੰਘ ਸੰਧੂ, ਕਾਰਜਕਾਰੀ ਇੰਜੀਨੀਅਰ
2. ਇੰਜੀ: ਪਰਵਿੰਦਰ ਜੀਤ ਸਿੰਘ, ਉਪ ਮੰਡਲ ਇੰਜੀਨੀਅਰ

---

Original with;
Punjab Vidhan Sabha
Digitized by;
Punjab Digital Library

## ਨਵੇਂ ਮਲਟੀਪਲੈਕਸਿਜ਼ ਸਥਾਪਿਤ ਕਰਨੇ

*1357 **ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਨਵੇਂ ਮਲਟੀਪਲੈਕਸਿਜ਼ ਅਤੇ ਸ਼ਾਪਿੰਗ ਮਾਲਜ਼ ਸਥਾਪਿਤ ਕਰਨ ਲਈ ਆਗਿਆ ਦੇਣ ਅਤੇ ਇਨ੍ਹਾਂ ਨੂੰ ਅਸ਼ਟਾਮ ਡਿਊਟੀ ਅਤੇ ਮਨੋਰੰਜਨ ਕਰ ਦੀ ਅਦਾਇਗੀ ਤੋਂ ਛੋਟ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

**ਕੈਪਟਨ ਅਮਰਿੰਦਰ ਸਿੰਘ** : ਮਲਟੀਪਲੈਕਸਿਜ਼ ਲਈ ਇੰਡਸਟਰੀਅਲ ਪਾਲਿਸੀ ਵਿੱਚ ਕੁੱਝ ਉਤਸ਼ਾਹ ਦਿੱਤੇ ਗਏ ਹਨ। ਇਸ ਸਬੰਧ ਵਿੱਚ ਵੇਰਵੇ ਸਹਿਤ ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

## ਪੰਜਾਬ ਵਿੱਚ ਮਲਟੀਪਲੈਕਸਾਂ ਦੇ ਵਿਕਾਸ ਨਾਲ ਸਬੰਧਿਤ ਸਟੇਟਮੈਂਟ

ਰਾਜ ਸਰਕਾਰ ਨੇ ਮਲਟੀਪਲੈਕਸਾਂ ਦੇ ਵਿਕਾਸ ਲਈ ਪੰਜਾਬ ਵਿੱਚ ਸੁਵਿਧਾ ਦੇਣ ਲਈ ਇੰਡਸਟਰੀਅਲ ਪਾਲਸੀ 2003 ਹੇਠ ਇਕ ਸਕੀਮ ਮਿਤੀ 8 ਸਤੰਬਰ, 2003 ਨੂੰ ਨੋਟੀਫਾਈ ਕੀਤੀ। ਮਲਟੀਪਲੈਕਸਿਜ਼ ਕੰਪਲੈਕਸਿਜ਼ ਜਿਸ ਵਿੱਚ ਇਨਟੀਗਰੇਟਿਡ ਮਨੋਰੰਜਨ ਅਤੇ ਸ਼ਾਪਿੰਗ ਸੈਂਟਰ/ਕੰਪਲੈਕਸ ਹੋਵੇ ਅਤੇ ਜਿਸ ਵਿੱਚ ਘੱਟੋ-ਘੱਟ 3 ਸਿਨੇਮਾ ਹਾਲ ਜਿਨ੍ਹਾਂ ਵਿਚ ਬੈਠਣ ਦੀ ਸਮੱਰਥਾ ਘੱਟੋ-ਘੱਟ 1000 ਸੀਟਾਂ ਹੋਵੇ ਅਤੇ ਇਸ ਦੀ ਸਥਾਪਨਾ ਵਾਲੀ ਥਾਂ ਦਾ ਰਕਬਾ 4000 ਵਰਗ ਗਜ਼ ਜਾਂ ਇਸ ਤੋਂ ਵੱਧ ਹੋਵੇ ਵਿੱਚ ਜ਼ਮੀਨ ਦੀ ਕੀਮਤ ਮਿਲਾ ਕੇ ਘੱਟੋ-ਘੱਟ ਨਿਵੇਸ਼ 20 ਕਰੋੜ ਰੁਪਏ ਹੋਵੇ, ਇਸ ਸਕੀਮ ਦੇ ਦਾਇਰੇ ਵਿੱਚ ਆਉਂਦਾ ਹੈ। ਇਨ੍ਹਾਂ ਮਲਟੀਪਲੈਕਸਾਂ ਨੂੰ ਹੇਠ ਲਿਖਿਆਂ ਸਹੂਲਤਾ ਪ੍ਰਵਾਨਿਤ ਹਨ :—

(i) ਆਬਕਾਰੀ ਅਤੇ ਕਰ ਵਿਭਾਗ ਪੰਜਾਬ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ ਐਸ.ਓ./ਪੀ.ਏ.8/54/ਐਸ.6/ਐਮੰਡ/2003 ਮਿਤੀ 1 ਅਪ੍ਰੈਲ, 2003 ਅਨੁਸਾਰ ਪੰਜਾਬ ਸਿਨੇਮਾ (ਰੈਗੂਲੇਸ਼ਨਜ਼) ਐਕਟ 1952 ਅਧੀਨ ਜਾਰੀ ਲਾਇਸੈਂਸ ਦੀ ਮਿਤੀ ਤੋਂ ਪੰਜ ਸਾਲਾ ਲਈ ਮਨੋਰੰਜਨ ਕਰ ਤੋਂ 100% ਛੋਟ।

(ii) ਪਾਵਰ ਟੈਰਿਫ ਰੇਟ ਜੋ ਉਦਯੋਗ ਤੇ ਲਾਗੂ ਹਨ, ਉਹੀ ਇਸ ਤੇ ਵੀ ਲਾਗੂ ਹੋਣਗੇ ਬਸ਼ਰਤੇ ਕਿ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਵੱਲੋਂ ਪ੍ਰਵਾਨਗੀ ਮਿਲੀ ਹੋਵੇ।

(iii) ਮਲਟੀਪਲੈਕਸਿਜ਼ ਬਣਾਉਣ ਵਾਲੇ ਤੋਂ ਸ਼ਾਪਿੰਗ ਏਰੀਆ ਦੀ ਪਹਿਲੀ ਵਿਕਰੀ ਤੇ ਅਸ਼ਟਾਮ ਡਿਊਟੀ ਤੋਂ ਇਲਾਵਾ ਟਰਾਂਸਫਰ ਫੀਸ ਨਹੀਂ ਲਈ ਜਾਵੇਗੀ। ਭਾਵੇਂ ਇਸ ਤੋਂ ਬਾਦ ਦੀ ਵਿਕਰੀ ਤੇ ਉਸ ਸਮੇਂ ਲਾਗੂ ਟਰਾਂਸਫਰ ਫੀਸ ਲਗੇਗੀ।

(iv) ਪੰਜਾਬ ਸਿਨੇਮਾ (ਰੈਗੂਲੇਸ਼ਨ) ਐਕਟ 1952 ਵਿੱਚ ਦਿੱਤੀ ਰਿਆਇਤ ਅਨੁਸਾਰ ਮਲਟੀਪਲੈਕਸਿਜ਼ ਦੇ ਮਾਲਿਕ ਨੂੰ ਟਿਕਟਾਂ ਦੇ ਰੇਟ ਤੈਅ ਕਰਨ ਦੀ ਆਜ਼ਾਦੀ ਹੋਵੇਗੀ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਇਸ ਤੋਂ ਅੱਗੇ ਇੰਡਸਟਰੀਅਲ ਪਾਲਿਸੀ ਦੀ ਕਲਾਜ਼ 11.1 ਅਨੁਸਾਰ ਮਲਟੀਪਲੈਕਸਿਜ਼ ਕੰਪਲੈਕਸਜ਼ ਜਿਸ ਵਿੱਚ ਨਿਵੇਸ਼ 100 ਕਰੋੜ ਜਾ ਵੱਧ (ਸਰਹੱਦੀ ਜ਼ਿਲ੍ਹਿਆਂ ਵਿੱਚ 25 ਕਰੋੜ ਰੁਪਏ) ਹੋਵੇ ਉਹ ਵਿਸ਼ੇਸ਼ ਸਹੂਲਤਾਂ ਦਾ ਪੈਕੇਜ਼ ਪ੍ਰਾਪਤ ਕਰਨ ਦੇ ਹੱਕਦਾਰ ਹੋਣਗੇ ਜੋ ਇਮਪਾਵਰਡ ਕਮੇਟੀ ਵਿਚਾਰੇ ਅਤੇ ਮੰਨਜ਼ੂਰ ਕਰੇ। ਪਿਛਲੇ ਸਮੇਂ ਦੌਰਾਨ ਅਜਿਹੇ ਮੈਗਾ ਪ੍ਰੋਜੈਕਟਸ ਨੂੰ ਉਤਸ਼ਾਹ ਦਿੱਤੇ ਗਏ ਹਨ, ਜਿਸ ਵਿਚ ਉਪਰੋਕਤ ਉਤਸ਼ਾਹਾਂ ਦੇ ਨਾਲ ਨਾਲ ਮਨੋਰੰਜਨ ਕਰ ਤੋਂ 10 ਸਾਲਾਂ ਲਈ ਛੋਟ ਅਤੇ ਮਲਟੀਪਲੈਕਸਿਜ਼ ਕੰਪਲੈਕਸ ਦੇ ਅੰਦਰ ਜਾਇਦਾਦ ਦੀ ਪਹਿਲੀ ਵਿਕਰੀ ਤੇ ਮੁਢਲੀ ਅਸ਼ਟਾਮ ਡਿਊਟੀ ਤੋਂ ਛੋਟ।

---

## FIRST REPORT OF THE BUSINESS ADVISORY COMMITTEE

**Mr. Speaker :** Now first let me present the First Report of the Business Advisory Committee. After considering the tentative programme, the Committee recommended that the following business be transacted at the sittings of the Vidhan Sabha from 13th October, 2005 to 15th October, 2005 :—

| | |
|---|---|
| Thursday, the 13th October, 2005, (2.00 P.M.) | (i) Presentaton of the First Report of the Business Advisory Committee |
| | (ii) Discussion on Justice Nehra Commission of Inquiry Report along with Action Taken Report (2.00 Hrs.) |
| | (iii) Non-official Business |
| Friday, the 14th October, 2005, (10.00A.M.) | Legislative Business |
| Saturday, the 15th October, 2005, (10.00A.M.) | (i) Discussion on roots and causes of terrorism which caused huge loss of life and property in the State of Punjab (2.00 Hrs.) |
| | (ii) Motion under Rule-16 regarding adjournment of the House sine-die. |

Original with;
Punjab Vidhan Sabha
Digitized by;
Panjab Digital Library

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistent with the above recommendations, that/those rule/rules shall stand suspended to that extent.

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੇਰੀ ਰਿਕੁਐਸਟ ਹੈ ਜੀ ਕਿ 15 ਤਰੀਕ ਦੀ ਬਜਾਏ 18 ਤਰੀਕ ਕਰ ਦਿਓ ਤਾਂ ਤੁਹਾਡੀ ਬੜੀ ਮਿਹਰਬਾਨੀ ਹੋਵੇਗੀ।

**ਮਾਨਯੋਗ ਸਪੀਕਰ** : ਜੇਕਰ ਹਾਊਸ ਐਗਰੀ ਕਰਦਾ ਹੈ, ਤਾਂ ਠੀਕ ਹੈ।

(ਅਵਾਜ਼ਾਂ : ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ** : 15 ਤਰੀਕ ਵਾਲਾ ਪ੍ਰੋਗਰਾਮ 15 ਤਰੀਕ ਦੀ ਬਜਾਏ 18 ਤੇ ਪਾ ਦਿੱਤਾ ਜਾਵੇਗਾ ਪਰੰਤੂ 13 ਅਤੇ 14 ਤਰੀਕ ਨੂੰ ਬਿਜ਼ਨੈਸ ਉਹੀ ਹੋਵੇਗਾ ਜਿਹੜਾ ਕਿ ਹਾਊਸ ਵਿੱਚ ਆਇਆ ਹੈ। ਬਾਕੀ 18 ਨੂੰ ਚੇਂਜ ਕਰ ਦੇਣਾ।

(ਇਸ ਵੇਲੇ ਸਰਦਾਰ ਮਨਪ੍ਰੀਤ ਸਿੰਘ ਬਾਦਲ ਕੁਝ ਕਹਿਣ ਲਈ ਆਪਣੀ ਸੀਟ ਤੇ ਖੜੇ ਸਨ)

**ਮਾਨਯੋਗ ਸਪੀਕਰ** : ਬਾਦਲ ਸਾਹਿਬ ਨੇ ਕਹਿ ਦਿੱਤਾ ਹੈ, ਹੁਣ ਤੁਸੀਂ ਕੀ ਕਹਿਣਾ ਚਾਹੁੰਦੇ ਹੋ ?

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਜਿਹੜੀ ਰਿਪੋਰਟ ਹੈ, ਉਹ ਅੱਜ ਹਾਊਸ ਦੀ ਟੇਬਲ ਤੇ ਪਈ ਹੈ। Question before this House is what is the relevance of this honourable House. ਜੇ ਤੁਸੀਂ ਤਿੰਨ ਦਿਨ ਦਾ ਸੈਸ਼ਨ ਬੁਲਾਓਗੇ ? ਠੀਕ ਹੈ, ਭੂੰਦੜ ਸਾਹਿਬ, ਕੈਪਟਨ ਸਾਹਿਬ ਮੀਟਿੰਗ ਵਿੱਚ ਗਏ ਸਨ। ਜੇ ਟੋਟਲ ਦੋ-ਦੋ ਤਿੰਨ-ਤਿੰਨ ਦਿਨ ਦਾ ਸੈਸ਼ਨ ਇਕ ਸਾਲ ਦੇ ਵਿੱਚ ਹੋਣਾ ਹੈ ਤਾਂ ਇਸ ਹਾਊਸ ਦੀ ਰੈਲੇਵੈਂਸੀ ਬਹੁਤ ਘੱਟ ਜਾਂਦੀ ਹੈ। ਕਿਉਂਕਿ ਉਥੇ ਸਰਕਾਰ ਦੀ ਮੈਜਾਰਿਟੀ ਸੀ we agreed to this ਪਰ ਤੁਹਾਡੇ ਸਾਹਮਣੇ ਇਕ ਵਾਰ ਫਿਰ ਅਸੀਂ ਅਪੀਲ ਕਰਦੇ ਹਾਂ ਕਿ ਸੈਸ਼ਨ ਦੇ ਵਿੱਚ ਬੜੇ ਲੰਮੇ ਮਸਲੇ ਹਨ ਜਿਹੜੇ ਡਿਸਕਸ ਹੋਣੇ ਚਾਹੀਦੇ ਹਨ।

**ਮਾਨਯੋਗ ਸਪੀਕਰ** : ਬਿਜ਼ਨੈਸ ਐਡਵਾਈਜਰੀ ਕਮੇਟੀ ਦੀ ਮੀਟਿੰਗ ਵਿੱਚ ਇਹ ਯੂਨਾਨੀਮੱਸ ਫੈਸਲਾ ਹੋਇਆ ਸੀ।

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ** : ਸਪੀਕਰ ਸਾਹਿਬ, ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਰਿਪੋਰਟ ਯੂਨਾਨੀਮੱਸਲੀ ਪੇਸ਼ ਹੋਈ ਹੈ। ਜੋ ਇਹ ਕਹਿ ਰਹੇ ਹਨ, ਇਹ ਆਪਣੇ ਵੇਲੇ ਇਕ ਇਕ ਦਿਨ ਦਾ ਸੈਸ਼ਨ ਕਰਦੇ ਰਹੇ ਹਨ। ਜਿੰਨਾ ਬਿਜ਼ਨੈਸ ਹੈ, ਉਸ ਦੇ ਮੁਤਾਬਿਕ ਹੀ ਸੈਸ਼ਨ ਰੱਖਿਆ ਗਿਆ ਹੈ। ਕੋਈ ਐਸੀ ਗੱਲ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

**Mr. Speaker :** Minister to move.

**Local Bodies, Parliamentary Affairs, Labour and Employment and Elections Minister :** Sir, I beg to move—

"That this House agrees with the recommendations contained in the First Report of the Business Advisory Committee as amended."

**Mr. Speaker :** Motion moved—

"That this House agrees with the recommendations contained in the First Report of the Business Advisory Committee as amended."

**Mr. Speaker :** Yes, Captain Kanwaljit Ji.

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਬੜਾ ਰੈਲੇਵੈਂਟ ਇਸ਼ੂ ਹੈ। ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੇ ਵਿੱਚ ਤੁਹਾਡੀ ਯੂਨਿਟੀ ਹੈ, ਮੈਜਾਰਿਟੀ ਹੈ। ਅਸੀਂ ਬੜੇ ਜ਼ੋਰਦਾਰ ਢੰਗ ਦੇ ਨਾਲ ਇਹ ਤਜਵੀਜ਼ ਕੀਤਾ ਸੀ ਕਿ ਆਮ ਤੌਰ ਤੇ ਬੜੇ ਮਸਲੇ ਹਨ ਜਿਵੇਂ ਅੱਜ ਝੋਨੇ ਦੀ ਖਰੀਦ ਦਾ ਮਸਲਾ ਹੈ, ਲਾਅ ਐਂਡ ਆਰਡਰ ਦਾ ਇਸ਼ੂ ਹੈ, ਅੱਜ ਪੰਜਾਬ ਦੀ ਵਿਗੜਦੀ ਆਰਥਿਕਤਾ ਦਾ ਇਸ਼ੂ ਹੈ। ਇਨ੍ਹਾਂ ਨੂੰ ਡਿਸਕਸ ਕੀਤਾ ਜਾਵੇ ਔਰ ਉਸ ਦੇ ਵਿੱਚ ਤੁਸੀਂ ਇਸ ਗੱਲ ਦਾ ਸਾਨੂੰ ਵਿਸ਼ਵਾਸ ਦਿਵਾਇਆ ਸੀ ਕਿ ਜੇਕਰ 15 ਤਰੀਕ ਨੂੰ ਬਿਜ਼ਨੈਸ ਖਤਮ ਨਹੀਂ ਹੋਏਗਾ ਤਾਂ ਹਾਊਸ ਨੂੰ ਐਕਸਟੈਂਡ ਕਰ ਦਿੱਤਾ ਜਾਵੇਗਾ। ਇਹ ਜਿਹੜੀ ਹੁਣ ਰਿਪੋਰਟ ਆ ਗਈ ਹੈ, ਇਸ ਵਿੱਚ ਹਾਊਸ ਐਡਜਰਨ ਸਾਈਨ ਡਾਈ ਦੀ 18 ਤਰੀਕ ਹੈ। ਬਾਦਲ ਸਾਹਿਬ ਦੀ ਰਿਕੁਐਸਟ ਮੰਨੀ ਗਈ ਹੈ ਲੇਕਿਨ ਬੇਸੀਕਲੀ ਮੈਂ ਅੱਜ ਪ੍ਰਾਰਥਨਾ ਕਰਾਂਗਾ, ਉਸ ਦਿਨ ਵੀ ਕਿਹਾ ਸੀ ਕਿ where is the limitation. ਸਾਡੇ ਤੇ ਕਾਹਦੀ ਪਾਬੰਦੀ ਹੈ ? ਬਹੁਤ ਸਾਰੇ ਇਸ਼ੂਜ਼ ਹਨ, ਉਨ੍ਹਾਂ ਉਤੇ ਬਹਿਸ ਹੋਵੇ। ਮੁੱਖ ਮੰਤਰੀ ਸਾਹਿਬ ਆਏ ਦਿਨ ਬਿਆਨ ਦੇ ਰਹੇ ਹਨ ਕਿ ਮਿਲੀਟੈਂਸੀ ਨੂੰ ਡਿਸਕਸ ਕਰਾਂਗੇ। ਇਸ ਦੇ ਲਈ ਤੁਸੀਂ ਕੇਵਲ ਦੋ ਘੰਟੇ ਪ੍ਰੋਵਾਈਡ ਕਰ ਰਹੇ ਹੋ। ਦੋ ਘੰਟਿਆਂ ਵਿਚ ਕੀ ਬਹਿਸ ਹੋਵੇਗੀ। ਇਸ ਵਾਸਤੇ ਫੁੱਲ-ਡੇ ਚਾਹੀਦਾ ਹੈ। ਜੇਕਰ ਉਸ ਦਿਨ ਬਹਿਸ ਖਤਮ ਨਾ ਹੋਵੇ ਤਾਂ ਅਗਲੇ ਦਿਨ ਵੀ ਹਾਊਸ ਚਲਣਾ ਚਾਹੀਦਾ ਹੈ। ਇਹ ਗੱਲ ਪੂਰੀ ਹੋਣੀ ਚਾਹੀਦੀ ਹੈ। ਮੈਂ ਤਾਂ ਇਹ ਕਹਾਂਗਾ ਕਿ ਇਸ ਬਹਿਸ ਨੂੰ ਕਿਸੇ ਸਿੱਟੇ ਤੇ ਪੁੰਚਾਇਆ ਜਾਵੇ। ਇਸ ਤੋਂ ਬਾਅਦ ਝੋਨੇ ਦੀ ਖਰੀਦ ਦਾ ਮਸਲਾ ਹੈ....

**ਮਾਨਯੋਗ ਸਪੀਕਰ :** ਬੈਠੋ, ਬੈਠੋ, ਤੁਹਾਡੀ ਗੱਲ ਆ ਗਈ ਹੈ। ਤੁਹਾਡੇ ਕਹਿਣ ਤੇ ਹੀ 15 ਤਰੀਕ ਤੋਂ 18 ਤਰੀਕ ਕੀਤੀ ਗਈ ਹੈ।

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਸਾਡੀ ਗੱਲ ਮੰਨੀ ਹੈ ਅਤੇ ਅਸੀਂ ਇਨ੍ਹਾਂ ਦੀ ਗੱਲ ਮੰਨ ਲਈ ਹੈ। ਹੁਣ ਇਹ ਕਿਹੜੀ ਪਾਰਟੀ ਵੱਲੋਂ ਬੋਲ ਰਹੇ ਹਨ। ਸਾਡੇ ਕੋਲ ਬਿਜ਼ਨੈਸ ਦੋ ਦਿਨ ਦਾ ਸੀ। ਅਸੀਂ ਇਨ੍ਹਾਂ ਦੇ ਕਹਿਣ ਤੇ ਹੀ ਸੈਸ਼ਨ 4 ਦਿਨ ਦਾ ਕੀਤਾ ਹੈ। ਇਹ ਇਨ੍ਹਾਂ ਦੀ ਮਰਜ਼ੀ ਨਾਲ ਹੀ ਹੋਇਆ ਹੈ। ਬਾਦਲ ਸਾਹਿਬ ਦੇ ਕਹਿਣ ਤੇ ਹੀ ਅਸੀਂ ਇਸ ਨੂੰ 18 ਤਰੀਕ ਤੱਕ ਲੈ ਕੇ ਗਏ ਹਾਂ।

Original with;
Punjab Vidhan Sabha
Digitized by;
Panjab Digital Library

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਤੁਸੀਂ ਆਪ ਹੀ ਕਿਹਾ ਸੀ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਬਾਰੇ ਲਿਖ ਕੇ ਭੇਜੋ....

**ਮਾਨਯੋਗ ਸਪੀਕਰ :** ਉਸ ਬਾਰੇ ਮੈਂ ਇਸ ਤੋਂ ਬਾਅਦ ਆਪਣੀ ਰੂਲਿੰਗ ਦੇਵਾਂਗਾ। ਤੁਸੀਂ ਹੁਣ ਬੈਠੋ। ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਇਹ ਗੱਲ ਠੀਕ ਹੈ, ਅਸੀਂ ਮੁਕਰਦੇ ਨਹੀਂ ਕਿ ਅਸੀਂ ਮੰਨ ਕੇ ਆਏ ਹਾਂ ਪਰ ਸਪੀਕਰ ਸਾਹਿਬ, ਤੁਸੀਂ ਸਾਡੇ ਹਾਊਸ ਦੇ ਕਸਟੋਡੀਅਨ ਹੋ। ਤੁਹਾਡੀ ਪੁਜ਼ੀਸ਼ਨ ਸੁਪਰੀਮ ਕੋਰਟ ਦੇ ਚੀਫ ਜਸਟਿਸ ਦੀ ਤਰ੍ਹਾਂ ਹੈ। ਅਸੀਂ ਪਰੈਸ਼ਰ ਦੇ ਥੱਲੇ ਹੀ ਮੰਨੇ ਹਾਂ। ਮੈਜਾਰਿਟੀ ਦੇ ਪਰੈਸ਼ਰ ਥੱਲੇ। ਮੈਂ ਸਾਫ ਲਫਜ਼ਾਂ ਵਿਚ ਕਿਹਾ ਸੀ ਕਿ ਇਕ ਤਾਂ ਕੋਈ ਡਬਲ ਸਿਟਿੰਗ ਨਹੀਂ ਹੋਣੀ ਚਾਹੀਦੀ। ਦੂਜਾ, ਮੈਂ ਕਿਹਾ ਸੀ ਕਿ ਬਹੁਤ ਸਾਰੇ ਐਸੇ ਇਸ਼ੂ ਹਨ ਜਿਨ੍ਹਾਂ ਉਤੇ ਇਕ-ਇਕ ਦਿਨ ਬਹਿਸ ਹੋਣੀ ਚਾਹੀਦੀ ਹੈ। ....

**ਮਾਨਯੋਗ ਸਪੀਕਰ :** ਇਹ ਤਾਂ ਯੂਨਾਨੀਮਸ ਡਿਸੀਜ਼ਨ ਹੋ ਗਿਆ ਹੈ। I think it should be carried happily.

**Mr. Speaker :** Question is—

> "That this House agrees with the recommendations contained in the First Report of the Business Advisory Committee as amended."

*The Motion was carried.*

---

## RULING BY THE SPEAKER *REG.* NON-OFFICIAL RESOLUTION ON THE REPORT OF THE NANAVATI COMMISSION

**Mr. Speaker :** The following Resolution has been received from a large number of Hon'ble Members, which reads as under :—

> "This House recommends to the State Government to approach the Union Government to take stern action against those who were found guilty in the Report submitted by the Nanavati Commission constituted under the Chairmanship of Justice (Retired) G.T. Nanavati to inquire into the anti-sikh riots of 1984 and to pay compensation to the affected families together with their rehabilitation."

*Original with;*
Punjab Vidhan Sabha
*Digitized by;*
Panjab Digital Library

**[Mr. Speaker]**

I have gone through the contents of the Resolution and after giving thorough consideration to the entire issue, and in further consideration of the following facts—

(i) That this issue relates to the Central Government and not the State Government ;

(ii) That the report of the Nanavati Commission has already been discussed in the Parliament ;

(iii) That the Action Taken Report on the recommendations contained in the said report, has also been discussed threadbare in the Parliament of India ;

(iv) That the Committee constituted for the purpose is also gathering evidence and information in this behalf for the grant of compensation to the families of the victims ; and

(v) That the Hon'ble Prime Minister of India has tendered an apology in this behalf in the Parliament and has also announced payment of compensation to the families of the riot victims.

Although, I feel that what happened was most condemnable and unfortunate, yet in view of the aforesaid position, I do not find it appropriate to be allowed for discussion in this august House at this juncture.

ਬਾਦਲ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ।

---

## MATTERS RAISED DURING ZERO HOUR

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਅਸੀਂ ਇਕ ਬੜੀ ਅਹਿਮ ਐਡਜਰਨਮੈਂਟ ਮੋਸ਼ਨ ਦਿਤੀ ਸੀ ਜਿਹੜੀ ਕਿ ਪੰਜਾਬ ਦੇ ਭਖਵੇਂ ਮਸਲਿਆਂ ਬਾਰੇ ਹੈ। ਫਿਰ ਉਹੀ ਚੀਜ਼ ਮੈਂ ਰਿਪੀਟ ਕਰਦਾ ਹਾਂ ਕਿ ਛੇ ਮਹੀਨਿਆਂ ਤੋਂ ਬਾਅਦ ਆਪਣਾ ਸੈਸ਼ਨ ਆਉਂਦਾ ਹੈ, ਇੰਨੇ ਮਹੀਨਿਆਂ ਬਾਅਦ ਵੀ ਜੇ ਆਪਾਂ ਇੱਕ ਅੱਧੇ ਭੱਖਵੇਂ ਮਸਲੇ ਨੂੰ ਡਿਸਕਸ ਨਾ ਕਰ ਸਕੀਏ ਤਾਂ ਫਿਰ ਸੈਸ਼ਨ ਦਾ ਕੀ ਫਾਇਦਾ। ਅੱਜ ਸਭ ਤੋਂ ਵੱਡਾ ਭੱਖਵਾਂ ਮਸਲਾ ਝੋਨੇ ਅਤੇ ਨਰਮੇ ਦਾ ਹੈ।

**Mr. Speaker :** I have admitted the call attention motion.

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਰ, ਮੈਂ ਐਡਜਰਨਮੈਂਟ ਮੋਸ਼ਨ ਦੀ ਗੱਲ ਕਰ ਰਿਹਾ ਹਾਂ। ਮੇਰੀ ਅਰਜ਼ ਤਾਂ ਸੁਣ ਲਓ।

Original with;
Punjab Vidhan Sabha
Digitized by;
Panjab Digital Library

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ :** ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਕਾਲ ਅਟੈਂਸ਼ਨ ਦਿੱਤੀ ਹੈ ਅਤੇ ਤੁਸੀਂ ਐਡਮਿਟ ਕੀਤੀ ਹੈ, ਜਦੋਂ ਸਰਕਾਰ ਉਸ ਦਾ ਜਵਾਬ ਦੇਵੇਗੀ ਤਾਂ ਉਸ ਤੇ ਆਪਣੀ ਗੱਲ ਕਹਿ ਸਕਦੇ ਹਨ।

**ਮਾਨਯੋਗ ਸਪੀਕਰ :** ਕਹਿ ਲੈਣ ਦਿਓ। ਹਾਂ ਜੀ ਬਾਦਲ ਸਾਹਿਬ ਕੀ ਕਹਿਣਾ ਚਾਹੁੰਦੇ ਹੋ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਮਾਨਯੋਗ ਸਪੀਕਰ ਸਾਹਿਬ, ਇਹ ਜਿਹੜਾ ਗੌਰਮਿੰਟ ਨੇ ਕਿਸਾਨਾਂ ਨੂੰ ਲੈਟ-ਡਾਊਨ ਕੀਤਾ ਹੈ ਪ੍ਰਕਿਊਰਮੈਂਟ ਦੇ ਸਿਲਸਿਲੇ ਵਿਚ, ਇਸ ਦੇ ਬਾਰੇ ਹਿੰਦੁਸਤਾਨ ਦੇ ਸਾਰੇ ਅਖਬਾਰਾਂ ਵਿੱਚ ਵੱਡੇ ਵੱਡੇ ਐਡੀਟੋਰੀਅਲ ਆਏ ਹਨ ਅਤੇ ਇਸ ਦੇ ਵਿੱਚ ਸਰਾਸਰ ਪੰਜਾਬ ਸਰਕਾਰ ਦੀ ਸੁਸਤੀ ਹੈ ਕਿ ਇਨ੍ਹਾਂ ਨੇ ਝੋਨਾ ਐਮ.ਐਸ.ਪੀ. ਜੋ ਮੁਕੱਰਰ ਕੀਤੀ ਸੀ ਭਾਵੇਂ ਝੋਨੇ ਦੀ ਅਤੇ ਭਾਵੇਂ ਨਰਮੇ ਦੀ ਉਸ ਦੇ ਮੁਤਾਬਿਕ ਖਰੀਦ ਦਾ ਬੰਦੋਬਸਤ ਨਹੀਂ ਕੀਤਾ। 24 ਤਰੀਖ ਨੂੰ ਇਹ ਪ੍ਰਕਿਊਰਮੈਂਟ ਸ਼ੁਰੂ ਹੋਈ ਹੈ (ਇਕ ਆਵਾਜ਼ 24 ਤੋਂ ਨਹੀਂ, 26 ਤੋਂ ਸ਼ੁਰੂ ਹੋਈ ਹੈ।) ਸੌਰੀ 26 ਤਰੀਖ ਤੋਂ ਇਹ ਪ੍ਰਕਿਊਰਮੈਂਟ ਸ਼ੁਰੂ ਹੋਈ ਹੈ ਅਤੇ 4 ਅਕਤੂਬਰ ਤੱਕ ਇਹ ਫੈਸਲਾ ਨਹੀਂ ਲੈ ਸਕੇ ਕਿ ਡਿਸਕਲੱਰਿੰਗ ਦਾ ਕੀ ਕਰਨਾ ਹੈ ਅਤੇ ਇਨ੍ਹਾਂ ਦਿਨਾਂ ਵਿੱਚ ਕਿਸਾਨ ਲੁੱਟਿਆ ਗਿਆ।

**Mr. Speaker :** I have admitted the Call Attention in this regard. Kindly sit down. Kindly take your seat.

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਸਪੀਕਰ ਸਾਹਿਬ, ਇਹ ਬਹੁਤ ਹੀ ਅਹਿਮ ਮਸਲਾ ਹੈ ਜਿਸ ਤੇ ਸਾਰੇ ਪੰਜਾਬ ਦਾ ਫਿਊਚਰ ਹੈ।

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੇ ਜੋ ਸਵਾਲ ਪੁੱਛਿਆ ਹੈ, ਉਸ ਦਾ ਸਰਕਾਰ ਜਵਾਬ ਦੇਵੇਗੀ।

**ਮਾਨਯੋਗ ਸਪੀਕਰ :** ਹੈਨਰੀ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ The concerned Minister Mr. Henry has to say something, please sit down and please don't make speech.

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਜਦੋਂ ਮੈਂ ਕਹਿ ਰਿਹਾ ਹਾਂ ਜੀ I can continue.

**ਮਾਨਯੋਗ ਸਪੀਕਰ :** ਤੁਸੀਂ ਤਸ਼ਰੀਫ ਰੱਖੋ। ਤੁਸੀਂ ਐਡਜਰਨਮੈਂਟ ਮੋਸ਼ਨ ਦੇ ਦਿੱਤੀ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਜਦੋਂ ਮੈਂ ਕਹਿ ਰਿਹਾ ਹਾਂ, ਮੇਰਾ ਵੀ ਸਟੇਟਸ ਹੈ....

**ਖੁਰਾਕ ਤੇ ਸਿਵਲ ਸਪਲਾਈ ਅਤੇ ਜਨ ਸਿਹਤ ਮੰਤਰੀ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ 26 ਤਰੀਖ ਨੂੰ ਐਮ.ਐਸ.ਪੀ. ਡਿਕਲੇਅਰ ਹੋਈ ਹੈ। ਉਸ ਦੇ ਬਾਅਦ ਪੰਜਾਬ ਵਿੱਚ 43 ਲੱਖ ਮੀਟਰਿਕ ਟਨ ਝੋਨਾ ਖਰੀਦਿਆ ਗਿਆ ਹੈ।

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਸਦਨ ਵਿੱਚ ਆਪੋਜ਼ੀਸਨ ਦੇ ਹਾਜ਼ਰ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਸਦਨ ਵਿੱਚ ਸ਼ੋਰ ਸੀ।)

**Mr. Speaker :** He is on his legs. Please take your seats (pointing towards all the Hon'ble Members of Shiromani Akali Dal and B.J.P.). I have admitted Call Attention. ਮਨਿਸਟਰ ਸਾਹਿਬ, ਕੁਝ ਕਹਿ ਰਹੇ ਹਨ, ਉਨ੍ਹਾਂ ਨੂੰ ਜੇ ਤੁਸੀਂ ਸੁਣਨਾ ਚਾਹੋ ਤਾਂ ਸੁਣ ਲਓ। Please hear what Mr. Henry is saying in this regard. I won't allow you to make any speech in this regard.

**ਖੁਰਾਕ ਤੇ ਸਿਵਲ ਸਪਲਾਈ ਅਤੇ ਜਨ ਸਿਹਤ ਮੰਤਰੀ :** ਝੋਨੇ ਦੀ ਗੱਲ ਕੀਤੀ ਹੈ As a Food and Civil Supplies Minister ਮੈਂ ਬਾਦਲ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਕੀ ਹੋਇਆ ਹੈ।

(ਇਸ ਸਮੇਂ ਸਦਨ ਵਿੱਚ ਆਪੋਜ਼ੀਸ਼ਨ ਵਲੋਂ ਝੋਨੇ ਅਤੇ ਨਰਮੇ ਦੇ ਪੈਕੇਟ ਸੁੱਟੇ ਗਏ।)

**ਮਾਨਯੋਗ ਸਪੀਕਰ :** ਤੁਸੀਂ ਬੈਠੋ ਤਾਂ ਸਹੀ, ਇਨ੍ਹਾਂ ਨੂੰ ਬੋਲ ਲੈਣ ਦਿਓ, ਇਹ ਹੁਣ ਬੋਲ ਰਹੇ ਹਨ। Don't interrupt. (At this stage Hon'ble Speaker stood in his seat and asked the Opposition Members to sit down).

**ਖੁਰਾਕ ਤੇ ਸਿਵਲ ਸਪਲਾਈ ਅਤੇ ਜਨ ਸਿਹਤ ਮੰਤਰੀ :** ਸਪੀਕਰ ਸਾਹਿਬ, ਪ੍ਰਕਿਉਰਮੈਂਟ 26 ਤੋਂ ਸ਼ੁਰੂ ਹੋਈ ਹੈ। ਇਹ ਅਕਤੂਬਰ 1 ਤੋਂ ਅੱਗੇ ਸ਼ੁਰੂ ਹੁੰਦੀ ਸੀ ਪਰ ਸਾਡੇ ਮੁੱਖ ਮੰਤਰੀ ਸਾਹਿਬ ਦੀ ਐਫਰਟਸ ਕਾਰਨ 4-5 ਦਿਨ ਪਹਿਲਾਂ ਸ਼ੁਰੂ ਕੀਤੀ ਗਈ ਹੈ ਅਤੇ ਇਸ ਦਾ ਰਿਜ਼ਲਟ ਇਹ ਹੋਇਆ ਹੈ ਕਿ ਪੰਜਾਬ ਦਾ ਜਿਹੜਾ ਕਿਸਾਨ ਇਨ੍ਹਾਂ ਦੇ ਟਾਈਮ ਤੇ ਰੁਲਦਾ ਰਿਹਾ ਹੈ......(ਵਿਘਨ)।

**ਮਾਨਯੋਗ ਸਪੀਕਰ :** ਤੁਸੀਂ ਸ਼ੁਰੂ ਕੀਤਾ ਹੈ, ਹੁਣ ਸੁਣਨ ਦੀ ਤਾਕਤ ਤਾਂ ਰੱਖੋ।

**ਖੁਰਾਕ ਤੇ ਸਿਵਲ ਸਪਲਾਈ ਅਤੇ ਜਨ ਸਿਹਤ ਮੰਤਰੀ :** ਮੈਂ ਬੇਨਤੀ ਕਰਦਾ ਹਾਂ ਕਿ 2000-01 ਵਿੱਚ ਜਦੋਂ ਤੁਹਾਡੀ ਸਰਕਾਰ ਸੀ, ਉਸ ਟਾਈਮ ਤੁਸੀਂ ਆਪ ਹੀ ਦੇਖ ਲਓ ਕਿ ਮਿੱਲਰਜ਼ ਨੇ ਕਿੰਨਾ ਖਰੀਦਿਆ। ਬਿਲੌਮੀ ਐਮ.ਐਸ.ਪੀ. ਤੁਹਾਡੇ ਟਾਈਮ ਵਿੱਚ 201 ਕਰੋੜ ਰੁਪਏ ਦਾ ਘਾਟਾ ਪਿਆ.....(ਵਿਘਨ)... (ਸ਼ੋਰ) ...

**Mr. Speaker :** You are interrupting. ਤੁਸੀਂ ਜੋ ਇਸ਼ੂ ਰੇਜ਼ ਕੀਤਾ ਹੈ, ਉਹ ਉਸ ਦਾ ਜਵਾਬ ਹੀ ਦੇ ਰਹੇ ਹਨ। I will give you time after that. ਪਹਿਲਾਂ ਉਨ੍ਹਾਂ ਨੂੰ ਸੁਣ ਲਓ।

**ਖੁਰਾਕ ਤੇ ਸਿਵਲ ਸਪਲਾਈ ਅਤੇ ਜਨ ਸਿਹਤ ਮੰਤਰੀ :** ਸਰ, ਇਹ ਆਨ ਦਿ ਰਿਕਾਰਡ ਹੈ।

Original with;
Punjab Vidhan Sabha
Digitized by;
Panjab Digital Library

**Mr. Speaker :** You are interrupting the House unnecessarily.

**ਖੁਰਾਕ ਤੇ ਸਿਵਲ ਸਪਲਾਈ ਅਤੇ ਜਨ ਸਿਹਤ ਮੰਤਰੀ :** ਜੋ ਸੱਚਾਈ ਹੈ, ਮੈਂ ਉਹੀ ਬੋਲ ਰਿਹਾ ਹਾਂ। ਇਹ ਆਨ ਦਿ ਰਿਕਾਰਡ ਹੈ। (ਵਿਘਨ)... (ਸ਼ੋਰ)......

**Mr. Speaker :** Let him say. ਉਨ੍ਹਾਂ ਨੂੰ ਕਹਿ ਲੈਣ ਦਿਓ, ਫਿਰ ਬੋਲ ਲਿਓ। ....(ਵਿਘਨ)... ਕਮਾਲ ਹੈ, ਤੁਸੀਂ ਬੋਲਣ ਨਹੀਂ ਦਿੰਦੇ। ਉਹ ਤੁਹਾਡੀ ਗੱਲ ਦਾ ਜਵਾਬ ਦੇ ਰਹੇ ਹਨ। Please hear him. ਤੁਹਾਡੀ ਗੱਲ ਦਾ ਜਵਾਬ ਹੀ ਦੇ ਰਹੇ ਹਨ। I will give you time after that. ਪਹਿਲਾਂ ਉਨ੍ਹਾਂ ਨੂੰ ਸੁਣ ਲਓ।

**ਖੁਰਾਕ ਤੇ ਸਿਵਲ ਸਪਲਾਈ ਅਤੇ ਜਨ ਸਿਹਤ ਮੰਤਰੀ :** ਸਪੀਕਰ ਸਾਹਿਬ, 43 ਲੱਖ 24 ਹਜਾਰ ਮੀਟਰਿਕ ਟਨ ਹੁਣ ਤੱਕ ਖਰੀਦਿਆ ਹੈ ਅਤੇ 90 ਪ੍ਰਤੀਸ਼ਤ ਦੀ ਲਿਫਟਿੰਗ ਹੋ ਗਈ ਹੈ, ਜਿਹੜਾ ਸਾਰਾ ਚਲਾ ਗਿਆ ਹੈ। ਅਸੀਂ ਐਕਸਪੈਕਟ ਕਰ ਰਹੇ ਹਾਂ ਕਿ 130 ਲੱਖ ਮੀਟਰਿਕ ਟਨ ਹੋਰ ਆਏਗਾ। ਜਿਹੜੀ ਐਮ.ਐਸ.ਪੀ. ਹੈ, ਉਹ 570 ਰੁਪਏ ਪਰ ਕੁਇੰਟਲ ਕਾਮਨ ਵਰਾਇਟੀ ਦੀ ਹੈ ਅਤੇ 600 ਰੁਪਏ ਦੂਸਰੀ ਵਰਾਇਟੀ ਦੀ ਹੈ। In view of the early arrival of paddy particularly in the border districts Amritsar, Gurdaspur and Ferozepur, the matter has been taken up with the Government of India by the Hon'ble Chief Minister that the paddy crop has been affected due to unseasonal rainfall. ਮੁੱਖ ਮੰਤਰੀ ਸਾਹਿਬ ਦੀ ਮਿਹਰਬਾਨੀ ਨਾਲ ਖਰੀਦ ਪੰਜ ਦਿਨ ਪਹਿਲਾਂ ਸ਼ੁਰੂ ਹੋਈ ਹੈ। ਇਸ ਸੀਜ਼ਨ ਵਿੱਚ ਰੇਨ ਬਹੁਤ ਪਈ ਜਿਸ ਨਾਲ ਝੋਨਾ ਡਿਸਕਲਰ ਹੋ ਗਿਆ। ਤੁਹਾਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਤੁਹਾਡੇ ਟਾਈਮ ਵਿੱਚ ਤੁਸੀਂ ਰਿਲੈਕਸੇਸ਼ਨ ਲੈਣ ਲਈ ਕੁਝ ਨਹੀਂ ਕੀਤਾ। ਇਹ ਪੰਜਾਬ ਦੇ ਮੁੱਖ ਮੰਤਰੀ ਦੀ ਮਿਹਰਬਾਨੀ ਹੋ ਗਈ ਕਿ ਦੋ ਮਿੰਟ ਵਿਚ I got relaxation from the Government of India. ਇਸ ਤਰ੍ਹਾਂ ਹੋਇਆ ਕਿ ਸਵੇਰੇ ਜਾਂਦੇ ਹਨ ਤੇ ਸ਼ਾਮ ਨੂੰ ਆ ਜਾਂਦੇ ਹਨ। ਉਸ ਦੇ ਤਹਿਤ ਹੀ ਖਰੀਦ ਹੋਈ ਹੈ। ਅੱਜ ਤੱਕ 4 ਲੱਖ ਮੀਟਰਿਕ ਟਨ ਮੰਡੀਆਂ ਦੇ ਵਿੱਚ ਝੋਨਾ ਪਿਆ ਹੈ। ਬਾਕੀ ਦੋ ਲੱਖ ਮੀਟਰਿਕ ਟਨ ਡਿਸਕਲਰ ਹੋ ਗਿਆ। ਜਿਹੜਾ 25 ਪ੍ਰਤੀਸ਼ਤ ਡਿਸਕਲਰ ਅਤੇ ਡੈਮੇਜ ਸੀ, ਉਹ ਬਿਲੋਅ ਐਮ.ਐਸ.ਪੀ. ਵਿਕਿਆ ਹੈ। ਮੇਰੇ ਕੋਲ ਡਿਟੇਲ ਹਨ। ਮੈਂ ਇਨ੍ਹਾਂ ਨੂੰ ਸਪਲਾਈ ਕਰ ਦਿੰਦਾ ਹਾਂ। ਤੁਹਾਡੇ ਟਾਈਮ ਉਤੇ ਐਮ.ਐਸ.ਪੀ. ਤੋਂ 200 ਰੁਪਏ ਪਰ ਕੁਇੰਟਲ ਲੈਸ ਵਿਕਦਾ ਰਿਹਾ ਹੈ। ਸਾਡੇ ਵਕਤ ਸਿਰਫ 10 ਰੁਪਏ ਪਰ ਕੁਇੰਟਲ ਲੈਸ ਵਿਕਿਆ ਹੈ। ਤੁਸੀਂ ਦੇਖ ਲਓ। ਉਹ ਵੀ ਚਾਰ ਲੱਖ ਮੀਟਰਿਕ ਟਨ ਹੈ।

(ਇਸ ਸਮੇਂ ਆਪੋਜ਼ੀਸ਼ਨ ਦੇ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਬੋਲਣ ਦਾ ਸਮਾਂ ਮੰਗ ਰਹੇ ਸਨ।)

**ਮਾਨਯੋਗ ਸਪੀਕਰ :** ਤੁਸੀਂ ਸਾਰੇ ਕਿਉਂ ਖੜ੍ਹੇ ਹੁੰਦੇ ਹੋ ? ਬਾਦਲ ਸਾਹਿਬ ਖੜ੍ਹੇ ਹਨ, ਉਨ੍ਹਾਂ ਨੂੰ ਬੋਲ ਲੈਣ ਦਿਓ। ਬਾਕੀ ਸਾਰੇ ਬੈਠ ਜਾਓ। ਜੇਕਰ ਸਾਰੇ ਖੜ੍ਹੇ ਹੋਵੋਗੇ ਤਾਂ I will not allow. ਬੈਠ ਜਾਓ। ਬਾਦਲ ਸਾਹਿਬ, ਤੁਸੀਂ ਦੱਸੋ।

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਇੱਕ ਤਾਂ ਇਹ ਸੀ ਕਿ ਬਾਰਸ਼ ਆ ਗਈ।

**ਮਾਨਯੋਗ ਸਪੀਕਰ** : ਤੁਹਾਡੀ ਐਡਜਰਨਮੈਂਟ ਮੋਸ਼ਨ ਬਾਰੇ ਜਵਾਬ ਦਿੱਤਾ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਮੈਂ ਸਮਝ ਗਿਆ। ਉਹ ਝੋਨਾ ਬਾਰਸ਼ ਨਾਲ ਖਰਾਬ ਹੋ ਗਿਆ। ਬਾਰਸ਼ ਨੈਚੁਰਲ ਕਲੈਮਿਟੀ ਹੈ। ਸਾਡੇ ਕੋਲ ਨੈਚੁਰਲ ਕਲੈਮਿਟੀ ਦੇ ਫੰਡ ਬਹੁਤ ਪਏ ਹੁੰਦੇ ਹਨ। ਸੈਂਟਰ ਵੀ ਦਿੰਦਾ ਹੈ। ਇਸ ਲਈ ਜਿਹੜਾ ਲੋਕਾਂ ਨੇ ਬਿਲੋਅ ਐਮ.ਐਸ.ਪੀ. ਨਰਮਾ ਵੇਚਿਆ ਹੈ, ਬਿਲੋਅ ਐਮ.ਐਸ.ਪੀ. ਝੋਨਾ ਵੇਚਿਆ ਹੈ, ਉਸ ਬਾਰੇ ਅੱਜ ਸੀ.ਐਮ. ਸਾਹਿਬ ਐਲਾਨ ਕਰਨ ਕਿ ਅਸੀਂ ਉਨ੍ਹਾਂ ਨੂੰ ਨੈਚੁਰਲ ਕਲੈਮਿਟੀ ਵਿੱਚੋਂ ਪੈਸੇ ਦੇਵਾਂਗੇ। ਅਸੀਂ ਇਹ ਦਿੱਤਾ ਹੈ 70 ਰੁਪਏ ਪਰ ਕੁਇੰਟਲ ਅਸੀਂ 70 ਰੁਪਏ ਪਰ ਕੁਇੰਟਲ ਡਿਸਟਰੈਸ ਸੇਲ ਵਾਸਤੇ ਦਿੱਤਾ ਹੈ। ਜਿਹੜਾ ਇਥੇ ਕਿਹਾ ਹੈ ਕਿ ਸੀ.ਐਮ. ਸਾਹਿਬ ਦੀ ਮਿਹਰਬਾਨੀ ਹੋ ਗਈ ਅਤੇ ਦੋ ਮਿੰਟਾਂ ਵਿੱਚ ਵਾਇਰਲੈਸ ਤੇ ਹੋ ਗਿਆ। ਇਹ ਸੀ.ਐਮ. ਦੀ ਮਿਹਰਬਾਨੀ ਨਹੀਂ ਹੋਣੀ, ਇਹ ਤਾਂ ਗੁਰਦੇਵ ਸਿੰਘ ਕਿਸਾਨ ਦੀ ਸ਼ਹਾਦਤ ਨੇ ਕੀਤਾ ਹੈ। (ਆਪੋਜ਼ੀਸ਼ਨ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜਾਂ) ਸਾਰੇ ਹਿੰਦੁਸਤਾਨ ਨੂੰ ਹਿਲਾ ਦਿੱਤਾ। ਇਹ ਸਾਡੇ ਮੱਥੇ ਤੇ ਕਲੰਕ ਹੈ। ਪਹਿਲੀ ਦਫਾ ਹਿੰਦੁਸਤਾਨ ਵਿੱਚ ਮੰਡੀਆਂ ਵਿਚੋਂ ਅਨਾਜ ਨਾ ਖਰੀਦਣ ਕਾਰਨ ਇੱਕ ਕਿਸਾਨ ਨੇ ਖੁਦਕਸ਼ੀ ਕੀਤੀ ਹੈ। ਇਹ ਬੜਾ ਵੱਡਾ ਮਸਲਾ ਹੈ। ਅਜੇ ਰਾਈਸ ਸ਼ੈਲਰਾਂ ਦਾ ਮਸਲਾ ਹੱਲ ਹੋਣਾ ਹੈ। ਤੁਸੀਂ ਅੱਜ ਦੀ ਅਖਬਾਰ ਪੜ੍ਹ ਲਓ। ਅੱਜ ਦੀ ਅਖਬਾਰ ਵਿੱਚ ਇਹੀ ਹੈਡ ਲਾਈਨ ਹੈ ਕਿ ਪੰਜਾਬ ਵਿੱਚ ਝੋਨਾ ਅਤੇ ਨਰਮਾ ਰੁਲ ਰਿਹਾ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਆਪਾਂ ਨੂੰ ਸੈਸ਼ਨ 18 ਤਰੀਕ ਤੋਂ ਵਧਾ ਕੇ 19 ਤਰੀਕ ਤੱਕ ਕਰ ਲੈਣਾ ਚਾਹੀਦਾ ਹੈ, ਇਸ ਬਾਰੇ ਬਿਜਨੈਸ਼ ਐਡਵਾਈਜ਼ਰੀ ਕਮੇਟੀ ਵਿੱਚ ਦੁਬਾਰਾ ਫੈਸਲਾ ਕਰ ਲਵੋ....

**ਮਾਨਯੋਗ ਸਪੀਕਰ** : ਇੰਜ ਅਸੀਂ ਇਹ ਕਰਾਂਗੇ, ਅਸੀਂ ਇਹ ਸੋਚ ਲਵਾਂਗੇ we will consider it.

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਪ੍ਰੋਟੈਸਟ ਦੇ ਤੌਰ ਤੇ ਟੇਬਲ ਆਫ਼ ਦੀ ਹਾਊਸ ਉਤੇ ਝੋਨੇ ਤੇ ਨਰਮਾ ਵੀ ਰੱਖਦਾ ਹਾਂ।

(ਇਸ ਸਮੇਂ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਲੀਡਰ ਆਫ਼ ਆਪੋਜ਼ੀਸ਼ਨ ਅਤੇ ਉਨ੍ਹਾਂ ਦੇ ਪਾਰਟੀ ਦੇ ਮੈਂਬਰਾਂ ਵਲੋਂ ਹਾਊਸ ਦੀ ਟੇਬਲ ਉਤੇ ਝੋਨੇ ਤੇ ਨਰਮੇ ਦੀਆਂ ਥੈਲੀਆਂ ਰੱਖੀਆਂ ਗਈਆਂ।)

---

## WALK-OUT

(ਇਸ ਸਮੇਂ ਸਦਨ ਵਿੱਚ ਹਾਜ਼ਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਅਤੇ ਕੁਝ ਆਜ਼ਾਦ ਮੈਂਬਰ ਸਦਨ ਵਿੱਚੋਂ** ** ਨਾਅਰੇ ਲਗਾਉਂਦੇ ਹੋਏ ਵਾਕ-ਆਊਟ ਕਰ ਗਏ।)

**ਮਾਨਯੋਗ ਸਪੀਕਰ** : ਜੋ ਨਾਅਰੇ ਲਗਾਏ ਜਾ ਰਹੇ ਹਨ, ਉਹ ਰਿਕਾਰਡ ਨਾ ਕੀਤੇ ਜਾਣ। ਹਾਂ ਜੀ, ਨੈਕਸਟ ਆਈਟਮ।

---

** Not recorded as ordered by the Chair.

Original with;
Punjab Vidhan Sabha
Digitized by;
Panjab Digital Library

## ANNOUNCEMENT BY THE SPEAKER *REG.* THE PANEL OF CHAIRMEN

**Mr. Speaker :** Under Rule 13 (1) of the Rules of Procedure and Conduct of Business in the Punjab Vidhan Sabha (Punjab Assembly), I nominate the following members to serve on the panel of Chairmen :—

1. Shri Ramesh Dutt Sharma
2. Shri Khushal Behl
3. Capt. Kanwaljit Singh
4. Sardar Sucha Singh Chhotepur

---

## ANNOUNCEMENT BY THE SECRETARY

**ਮਾਨਯੋਗ ਸਕੱਤਰ :** ਮੈਂ 12ਵੀਂ ਵਿਧਾਨ ਸਭਾ ਦੇ ਨੌਵੇਂ ਸਮਾਗਮ ਵਿੱਚ ਕੀਤੇ ਗਏ ਬਿਲਾਂ ਜਿਨ੍ਹਾਂ ਤੇ ਰਾਸ਼ਟਰਪਤੀ ਜੀ ਨੇ ਤੇ ਰਾਜਪਾਲ ਜੀ ਨੇ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਦਾ ਹਾਂ :—

1. ਪੰਜਾਬ ਨਮਿੱਤਣ (ਨੰ: 1) ਬਿਲ, 2005
2. ਪੰਜਾਬ ਮੁੱਲ ਆਧਾਰਿਤ ਕਰ ਬਿਲ, 2005
3. ਭਾਰਤੀ ਅਸ਼ਟਾਮ (ਪੰਜਾਬ ਸੋਧਨਾ) ਬਿਲ, 2005
4. ਪੰਜਾਬ ਬਿਜਲੀ (ਡਿਊਟੀ) ਬਿਲ, 2005
5. ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2005
6. ਪੰਜਾਬ ਨਮਿੱਤਣ (ਨੰ: 2) ਬਿਲ, 2005
7. ਪੰਜਾਬ ਆਮ ਵਿਕਰੀ ਕਰ (ਸੋਧਨਾ ਅਤੇ ਵੈਧਤਾ) ਬਿਲ, 2005
8. ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਦੂਜੀ ਸੋਧਨਾ) ਬਿਲ, 2005
9. ਗੁਰੂ ਅੰਗਦ ਦੇਵ ਪਸ਼ੂ-ਚਿਕਿਤਸਾ ਅਤੇ ਪਸ਼ੂ-ਵਿਗਿਆਨ ਯੂਨੀਵਰਸਿਟੀ ਬਿਲ, 2005
10. ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਤੀਜੀ ਸੋਧਨਾ) ਬਿਲ, 2005
11. ਹਰਿਆਣਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੰਜਾਬ ਸੋਧਨਾ) ਬਿਲ, 2005

**ਮਾਨਯੋਗ ਸਪੀਕਰ :** ਨੈਕਸਟ ਆਈਟਮ। ਕਾਲ ਅਟੈਨਸ਼ਨ, ਹਾਂ ਜੀ ਸਰਦਾਰ ਬੀਰ ਦਵਿੰਦਰ ਸਿੰਘ ਜੀ।

---

Original with;
Punjab Vidhan Sabha
Digitized by;
Punjab Digital Library

## CALL ATTENTION NOTICES UNDER RULE 66

### (ਕ੍ਰਮ ਨੰ: 3)

**ਸਰਦਾਰ ਬੀਰ ਦਵਿੰਦਰ ਸਿੰਘ** : ਸ੍ਰੀ ਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਕਿ ਅਰਥਾਤ ਪੰਜਾਬ ਦੀਆਂ ਕੁੱਝ ਸਹਿਕਾਰੀ ਖੰਡ ਮਿਲਾਂ ਨੇ ਕਿਸਾਨਾਂ ਦੇ ਗੰਨੇ ਦੇ ਕਰੋੜਾਂ ਰੁਪਏ ਦੇ ਪਿਛਲੇ ਬਕਾਏ ਅਦਾ ਨਹੀਂ ਕੀਤੇ ਅਤੇ ਇਹ ਸਹਿਕਾਰੀ ਖੰਡ ਮਿਲਾਂ ਬੰਦ ਵੀ ਪਈਆਂ ਹਨ। ਸਰਕਾਰ ਵੱਲੋਂ ਬੰਦ ਪਈਆਂ ਸਹਿਕਾਰੀ ਖੰਡ ਮਿਲਾਂ ਚਲਾਉਣ ਦੇ ਯੋਗ ਉਪਰਾਲੇ ਨਾ ਹੋਣ ਕਾਰਨ ਬਕਾਇਆ ਦੀ ਅਦਾਇਗੀ ਦੇ ਆਸਾਰ ਮੱਧਮ ਨਜ਼ਰ ਆ ਰਹੇ ਹਨ। ਕਿਸਾਨਾਂ ਦੇ ਮਨਾਂ ਵਿੱਚ ਇਹ ਵੀ ਡਰ ਹੈ ਕਿ ਜੇ ਸਹਿਕਾਰੀ ਖੰਡ ਮਿਲਾਂ ਸਰਕਾਰ ਦੀ ਮਨਸ਼ਾ ਅਨੁਸਾਰ ਪ੍ਰਾਈਵੇਟ ਹੱਥਾਂ ਵਿੱਚ ਚਲੀਆਂ ਗਈਆਂ ਤਾਂ ਉਨ੍ਹਾਂ ਦੇ ਬਕਾਇਆਂ ਲਈ ਕੌਣ ਜ਼ਿੰਮੇਵਾਰ ਹੋਵੇਗਾ, ਜਿਸ ਕਾਰਨ ਪ੍ਰਭਾਵਿਤ ਕਿਸਾਨਾਂ ਵਿੱਚ ਭਾਰੀ ਬੇਚੈਨੀ ਅਤੇ ਰੋਸ ਪਾਇਆ ਜਾ ਰਿਹਾ ਹੈ ਕਿਉਂਕਿ ਬਕਾਇਆਂ ਦੀ ਅਦਾਇਗੀ ਨਾ ਹੋਣ ਕਾਰਨ ਇਹ ਕਿਸਾਨ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੋ ਰਹੇ ਹਨ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਸਰਦਾਰ ਜਸਜੀਤ ਸਿੰਘ ਰੰਧਾਵਾ (ਸਹਿਕਾਰਤਾ ਅਤੇ ਬਾਗਬਾਨੀ ਮੰਤਰੀ)** : ਇਸ ਸਬੰਧ ਵਿੱਚ ਇਹ ਵਰਣਨਯੋਗ ਹੈ ਕਿ ਇਸ ਵੇਲੇ ਤਿੰਨ ਸਹਿਕਾਰੀ ਖੰਡ ਮਿੱਲਾਂ ਜਗਰਾਓਂ, ਜ਼ੀਰਾ ਅਤੇ ਪਟਿਆਲਾ ਬੰਦ ਹਨ। ਜ਼ੀਰਾ ਅਤੇ ਜਗਰਾਓਂ ਮਿੱਲ 7 ਅਪ੍ਰੈਲ, 2005 ਤੋਂ ਸਮਾਪਤੀ ਅਧੀਨ ਹਨ ਅਤੇ ਪਟਿਆਲਾ ਖੰਡ ਮਿੱਲ ਬਾਰੇ ਕੇਸ ਵਿਚਾਰ ਅਧੀਨ ਹੈ। ਇਨ੍ਹਾਂ ਮਿੱਲਾਂ ਦੀਆਂ ਮਿਤੀ 30 ਸਤੰਬਰ, 2005 ਨੂੰ ਪਿਛਲੇ ਸਾਲ 24 ਮਾਰਚ, 2004 ਦੇ ਮੁਕਾਬਲੇ ਪੁਰਾਣੀਆਂ ਦੇਣਦਾਰੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

(ਰਕਮ ਕਰੋੜਾਂ ਵਿੱਚ)

| ਮਿੱਲ ਦਾ ਨਾਂ | 24-3-2004 ਨੂੰ ਰਹਿੰਦਾ ਬਕਾਇਆ | 24-3-2004 ਤੋਂ 30-9-2005 ਤੱਕ ਕੀਤੀ ਅਦਾਇਗੀ | 30-9-2005 ਨੂੰ ਰਹਿੰਦਾ ਬਕਾਇਆ |
|---|---|---|---|
| ਜਗਰਾਓਂ | 9.52 | 3.69 | 5.83 |
| ਜ਼ੀਰਾ | 9.29 | 2.40 | 6.89 |
| ਪਟਿਆਲਾ | 5.53 | 1.92 | 3.61 |
| ਕੁੱਲ | 24.34 | 8.01 | 16.33 |

Original with;
Punjab Vidhan Sabha
Digitized by;
Panjab Digital Library

ਮੈਂ ਇਹ ਜ਼ੋਰ ਦੇ ਕੇ ਕਹਿਣਾ ਚਾਹੁੰਦਾ ਹਾਂ ਕਿ ਕਿਸਾਨਾਂ ਦੇ ਹਿੱਤ ਸਰਕਾਰ ਲਈ ਮਹਤੱਵਪੂਰਨ ਹਨ ਅਤੇ ਉਨ੍ਹਾਂ ਨੂੰ ਬਕਾਏ ਦੀ ਅਦਾਇਗੀ ਹਰ ਹਾਲਤ ਕੀਤੀ ਜਾਵੇਗੀ ਭਾਵੇਂ ਮਿੱਲਾਂ ਸਹਿਕਾਰੀ ਖੇਤਰ ਵਿਚ ਰਹਿਣ ਜਾਂ ਵੇਚ ਦਿਤੀਆਂ ਜਾਣ। ਜਦ ਕਿ ਇਹ ਯਕੀਨੀ ਬਣਾਇਆ ਜਾਵੇਗਾ ਕਿ ਇਨ੍ਹਾਂ ਮਿੱਲਾਂ ਦੇ ਰਹਿੰਦੇ ਬਕਾਏ ਮਿੱਲਾਂ ਦੀ ਵਿਕਰੀ ਉਪਰੰਤ ਮਿਲਣ ਵਾਲੇ ਪੈਸੇ ਵਿਚੋਂ ਅਦਾ ਕੀਤੀ ਜਾਵੇ। ਅਜਿਹਾ ਹੋਣ ਤੋਂ ਪਹਿਲਾਂ ਵੀ ਜ਼ੋਰਦਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਕਿ ਇਨ੍ਹਾਂ ਮਿੱਲਾਂ ਦੀ ਜਾਇਦਾਦ ਗਹਿਣੇ ਰੱਖ ਕੇ ਇਸ ਖਾਸ ਮੰਤਵ ਲਈ ਕਰਜ਼ੇ ਲੈ ਕੇ ਪੁਰਾਣੇ ਬਕਾਇਆਂ ਦੀ ਅਦਾਇਗੀ ਕੀਤੀ ਜਾਵੇ। ਸਰਕਾਰ ਵਲੋਂ ਇਨ੍ਹਾਂ ਮਿੱਲਾਂ ਨੂੰ ਪਾਰਦਰਸ਼ੀ ਤਰੀਕੇ ਨਾਲ ਵੇਚਣ ਲਈ ਸਲਾਹਕਾਰ ਦੀ ਨਿਯੁਕਤੀ ਕਰਨ ਲਈ ਨਿਯਮਾਂ ਅਧੀਨ ਢੁਕਵੇਂ ਉਪਰਾਲੇ ਕੀਤੇ ਜਾ ਰਹੇ ਹਨ। ਇਨ੍ਹਾਂ ਤਿੰਨ ਮਿੱਲਾਂ ਤੋਂ ਇਲਾਵਾ ਹੇਠ ਲਿਖਿਆਂ 11 ਮਿੱਲਾਂ ਨੇ ਵੀ ਗੰਨੇ ਦੀ ਬਕਾਇਆ ਰਕਮ 24 ਮਾਰਚ, 2004 ਨੂੰ ਦੇਣੀ ਸੀ, ਜਿਸ ਦਾ ਕੁੱਲ ਜੋੜ 142.75 ਕਰੋੜ ਸੀ। 30 ਸਤੰਬਰ, 2005 ਨੂੰ ਜਿਹੜਾ ਏਰੀਅਰ ਪੇ ਕਰ ਦਿੱਤਾ ਹੈ, ਉਹ 106.43 ਕਰੋੜ ਅਤੇ 36.32 ਕਰੋੜ ਰੁਪਿਆ ਹਾਲੇ ਬਕਾਇਆ ਰਹਿੰਦਾ ਹੈ।

ਇਨ੍ਹਾਂ ਤਿੰਨ ਮਿੱਲਾਂ ਤੋਂ ਇਲਾਵਾ, ਹੇਠ ਲਿਖੀਆਂ ਗਿਆਰਾਂ ਮਿੱਲਾਂ ਨੇ ਵੀ ਗੰਨੇ ਦੀ ਬਕਾਇਆ ਰਕਮ 24 ਮਾਰਚ, 2004 ਨੂੰ ਦੇਣੀ ਸੀ, ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

(ਰਕਮ ਕਰੋੜਾਂ ਵਿੱਚ)

| ਮਿੱਲ ਦਾ ਨਾਂ | 24-3-2004 ਨੂੰ ਰਹਿੰਦਾ ਬਕਾਇਆ | 24-3-2004 ਤੋਂ 30-9-2005 ਤੱਕ ਕੀਤੀ ਅਦਾਇਗੀ | 30-9-2005 ਨੂੰ ਰਹਿੰਦਾ ਬਕਾਇਆ |
|---|---|---|---|
| ਬੁਢੇਵਾਲ | 4.30 | 4.30 | ਕੋਈ ਨਹੀਂ |
| ਨਵਾਂਸ਼ਹਿਰ | 14.54 | 14.54 | ਕੋਈ ਨਹੀਂ |
| ਬਟਾਲਾ | 9.37 | 9.37 | ਕੋਈ ਨਹੀਂ |
| ਅਜਨਾਲਾ | 9.52 | 9.52 | ਕੋਈ ਨਹੀਂ |
| ਗੁਰਦਾਸਪੁਰ | 11.31 | 11.31 | ਕੋਈ ਨਹੀਂ |
| ਨਕੋਦਰ | 10.77 | 10.77 | ਕੋਈ ਨਹੀਂ |
| ਭੋਗਪੁਰ | 8.07 | 6.54 | 1.53 |
| ਫਾਜ਼ਿਲਕਾ | 10.30 | 6.92 | 3.38 |
| ਤਰਨ ਤਾਰਨ | 8.90 | 4.37 | 4.53 |
| ਫਰੀਦਕੋਟ | 16.06 | 11.37 | 4.69 |
| ਮੋਰਿੰਡਾ | 15.28 | 9.42 | 5.86 |
| ਕੁੱਲ | 118.41 | 98.42 | 19.99 |
| ਕੁੱਲ ਜੋੜ | 142.75 | 106.43 | 36.32 |

Original with;
Punjab Vidhan Sabha
Digitized by;
Panjab Digital Library

[ਸਹਿਕਾਰਤਾ ਅਤੇ ਬਾਗਬਾਨੀ ਮੰਤਰੀ]

ਮਿਤੀ 24 ਮਾਰਚ, 2004 ਨੂੰ ਕਿਸਾਨਾਂ ਦਾ ਕੁੱਲ 142.75 ਕਰੋੜ ਰੁਪਏ ਖੰਡ ਮਿੱਲਾਂ ਦੁਆਰਾ ਦੇਣਾ ਰਹਿੰਦਾ ਸੀ ਜਿਸ ਵਿਚੋਂ ਹੁਣ ਤੱਕ 106.43 ਕਰੋੜ ਅਦਾ ਕੀਤਾ ਜਾ ਚੁੱਕਾ ਹੈ। ਇਸ ਰਕਮ ਵਿਚੋਂ 20.99 ਕਰੋੜ ਰੁਪਏ ਸਰਕਾਰ ਨੇ ਸਹਾਇਤਾ/ਕਰਜ਼ਾ ਦਿੱਤਾ ਹੈ ਅਤੇ ਬਾਕੀ 85.44 ਕਰੋੜ ਰੁਪਏ ਖੰਡ ਮਿੱਲਾਂ ਨੇ ਆਪਣੇ ਸੋਮਿਆਂ ਤੋਂ ਅਦਾ ਕੀਤਾ ਹੈ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਦੋ ਗੱਲਾਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ। ਪਹਿਲੀ ਗੱਲ ਇਹ ਹੈ ਕਿ ਸਹਿਕਾਰੀ ਖੰਡ ਮਿੱਲਾਂ ਨੂੰ ਚਲਾਉਣ ਵਾਸਤੇ ਕੀ ਉਪਰਾਲੇ ਕੀਤੇ ਹਨ ਔਰ ਇਹ ਮਿੱਲਾਂ ਫੇਲ੍ਹ ਕਿਉਂ ਹੋ ਰਹੀਆਂ ਹਨ ? ਇਹ ਪ੍ਰਾਈਵੇਟ ਹੱਥਾਂ ਵਿਚ ਕਿਉਂ ਜਾ ਰਹੀਆਂ ਹਨ ? ਦੂਸਰਾ, ਕਿਸਾਨਾਂ ਨੂੰ ਵਾਜਬ ਵਿਆਜ ਦੇਣ ਬਾਰੇ ਸਰਕਾਰ ਕੋਈ ਵਿਚਾਰ ਕਰ ਰਹੀ ਹੈ ?

**ਮੰਤਰੀ** : ਸਪੀਕਰ ਸਾਹਿਬ, ਜਿਹੜੀ ਮਿੱਲਾਂ ਨੂੰ ਚਲਾਉਣ ਦੀ ਗੱਲ ਹੈ ਪਿਛਲੇ ਸਮੇਂ ਵਿੱਚ ਗੰਨਾ ਘੱਟ ਹੋਇਆ ਹੈ। ਪਿਛਲੇ ਦੋ ਸਾਲਾਂ ਦਾ ਜਿਹੜਾ ਬਕਾਇਆ ਸੀ, ਉਹ ਸਾਡੇ ਕੋਲ 142.75 ਕਰੋੜ ਸੀ। ਗੰਨੇ ਦੀ ਭਾਰੀ ਘਾਟ ਦੇ ਬਾਵਜੂਦ ਵੀ ਅਸੀਂ 106.43 ਕਰੋੜ ਰੁਪਏ ਬਕਾਇਆ ਅਦਾ ਕੀਤੇ ਹਨ (ਥੰਪਿੰਗ) ਜਿਹੜਾ ਕਿ ਹੁਣ ਸਿਰਫ 36.32 ਕਰੋੜ ਰੁਪਿਆ ਰਹਿੰਦਾ ਹੈ। ਇਸ ਸਾਲ ਖੰਡ ਦੇ ਭਾਅ ਚੰਗੇ ਰਹੇ ਮਾਰਕੀਟ ਵਿਚ ਤਾਂ ਕਿਸਾਨਾਂ ਦੇ ਬਾਕੀ ਬਕਾਏ ਵੀ ਅਦਾ ਕਰ ਦਿਆਂਗੇ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਵਿਆਜ ਬਾਰੇ ਪੁੱਛਿਆ ਹੈ।

**ਮੰਤਰੀ** : ਜਿਥੋਂ ਤੱਕ ਵਿਆਜ ਦਾ ਸਵਾਲ ਹੈ ਹਾਲੇ ਪਹਿਲੇ ਬਕਾਏ ਦੇ ਦੇਈਏ, ਫੇਰ ਇਸ ਬਾਰੇ ਦੇਖਾਂਗੇ। ਜੇਕਰ ਮਿੱਲਾਂ ਦੇ ਅੱਛੇ ਰਿਜ਼ਲਟ ਆਏ, ਅੱਛਾ ਪ੍ਰਾਫਿਟ ਹੋਇਆ, ਫੇਰ ਵਿਆਜ ਬਾਰੇ ਵੀ ਸੋਚ ਲਵਾਂਗੇ।

**ਮਾਨਯੋਗ ਸਪੀਕਰ** : ਨੈਕਸਟ ਕਾਲ ਅਟੈਂਸ਼ਨ। ਸਰਦਾਰ ਬੀਰ ਦਵਿੰਦਰ ਸਿੰਘ ਜੀ।

---

## (ਕ੍ਰਮ ਨੰ: 4)

**ਸਰਦਾਰ ਬੀਰ ਦਵਿੰਦਰ ਸਿੰਘ** : ਸ਼੍ਰੀ ਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਕਿ ਅਰਥਾਤ ਪੰਜਾਬ ਹੋਮਗਾਰਡ ਦੇ ਹਜ਼ਾਰਾਂ ਮੁਲਾਜ਼ਮਾਂ ਨੂੰ ਪਿਛਲੇ ਕੁਝ ਮਹੀਨਿਆਂ ਤੋਂ ਤਨਖਾਹਾਂ ਨਾ ਮਿਲਣ ਕਾਰਨ ਭਾਰੀ ਰੋਸ ਪਾਇਆ ਜਾ ਰਿਹਾ ਹੈ ਜਿਸ ਕਾਰਨ ਹੋਮਗਾਰਡ ਜਵਾਨਾਂ ਦੇ ਪਰਿਵਾਰਾਂ ਵਿੱਚ ਬੇਚੈਨੀ ਤੇ ਗੁੱਸੇ ਦਾ ਮਾਹੌਲ ਹੈ ਅਤੇ ਹੋਮਗਾਰਡ ਦੇ ਜਵਾਨ ਆਪਣੇ ਪਰਿਵਾਰਾਂ ਤੇ ਬੱਚਿਆਂ ਲਈ ਰਾਸ਼ਨ ਅਤੇ ਹੋਰ ਜ਼ਰੂਰੀ ਵਸਤਾਂ ਖਰੀਦਣ ਲਈ ਵੀ ਇਨ੍ਹਾਂ ਦੇ ਪਰਿਵਾਰਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

Original with;
Punjab Vidhan Sabha
Digitized by;
Panjab Digital Library

**Chief Minister (Captain Amarinder Singh) :** Director General, Home Guards has confirmed that the Home Guard Volunteers have been paid up to 31st August, 2005. Payment for September, 2005 shall be released shortly after collecting the Attendance Reports from field Officers. Since the Home Guard Volunteers are daily wage employees, allowances are paid after obtaining monthly Attendance Report. This was the reason for delay.

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਤੋਂ ਜਾਣਨਾ ਚਾਹਾਂਗਾ ਕਿ ਇੰਨੇ ਡਿਊਜ਼ ਜਿਹੜੇ ਹਨ, ਇਹ ਇਕੱਠੇ ਕਿਉਂ ਹਨ ? ਹੋਮ ਗਾਰਡਜ਼ ਨੂੰ ਹਰ ਮਹੀਨੇ ਤਨਖਾਹ ਕਿਉਂ ਨਹੀਂ ਦਿੱਤੀ ਜਾਂਦੀ ? ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅੱਗੇ ਤੋਂ ਮਹੀਨੇ ਦੇ ਮਹੀਨੇ ਤਨਖਾਹ ਦੇਣ ਦੇ ਐਫਰਟਸ ਕੀ ਕੀਤੇ ਜਾ ਰਹੇ ਹਨ ?

**ਮੁੱਖ ਮੰਤਰੀ** : ਹਰ ਮਹੀਨੇ ਤਨਖਾਹ ਦਿੱਤੀ ਹੈ। 31 ਅਗਸਤ ਤੱਕ ਪੇਮੈਂਟ ਹੋ ਗਈ ਹੈ। ਸਤੰਬਰ ਮਹੀਨੇ ਦੀ ਤਨਖਾਹ ਰਹਿ ਗਈ ਹੈ। 10-15 ਦਿਨ ਇਸ ਕੰਮ ਲਈ ਲੱਗ ਜਾਂਦੇ ਹਨ ਕਿਉਂਕਿ ਅਟੈਂਡੈਂਸ ਰਿਪੋਰਟਸ ਵਗੈਰਾ ਕੰਪਲੀਟ ਕਰਨ ਵਾਸਤੇ ਵੀ ਕੁਝ ਦਿਨ ਲਗਦੇ ਹਨ। 31 ਅਕਤੂਬਰ ਆਉਣ ਵਿਚ ਹਾਲੇ ਸਮਾਂ ਪਿਆ ਹੈ। ਅਸੀਂ ਬਹੁਤਾ ਲੇਟ ਨਹੀਂ ਹਾਂ। ਹਾਂ, ਥੋੜ੍ਹੀ ਜਿਹੀ ਡਿਲੇਅ ਹੋ ਗਈ ਹੈ। ਅਟੈਂਡੈਂਸ ਰੋਲਜ਼ ਆਉਣ ਵਿਚ ਡਿਲੇਅ ਹੋ ਗਈ ਹੈ ਕਿਉਂਕਿ ਬਿਹਾਰ ਵਿੱਚ ਡਿਊਟੀ ਲੱਗਣ ਕਰਕੇ ਲੋਕ ਉਥੇ ਜਾ ਰਹੇ ਹਨ। ਦੋ-ਚਾਰ ਦਿਨ ਦੀ ਹੀ ਦੇਰੀ ਹੋ ਗਈ ਹੈ।

---

## (ਕ੍ਰਮ ਨੰ: 12)

**ਸਰਦਾਰ ਜੋਗਿੰਦਰ ਸਿੰਘ ਮਾਨ** : ਸ਼੍ਰੀ ਮਾਨ ਜੀ, ਮੈਂ ਸਰਕਾਰ ਦਾ ਧਿਆਨ ਜਨ ਹਿਤ ਦੇ ਅਤਿ ਆਵਸ਼ਕ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਸ਼ਹਿਰ ਫਗਵਾੜਾ ਦੇ ਓਂਕਾਰ ਨਗਰ ਇਲਾਕੇ ਵਿੱਚ ਮਿਹਦੇ ਅਤੇ ਆਂਦਰਾਂ ਦੇ ਰੋਗ ਦਾ ਤੇਜ਼ੀ ਨਾਲ ਫੈਲਾਅ ਹੋਇਆ ਹੈ। ਇਸ ਇਲਾਕੇ ਵਿਚ ਸ਼ੁੱਕਰਵਾਰ ਤੋਂ ਹੁਣ ਤੱਕ 200 ਤੋਂ ਵੱਧ ਮਿਹਦੇ ਅਤੇ ਆਂਦਰਾਂ ਦੇ ਰੋਗ ਦੇ ਕੇਸ ਸਾਹਮਣੇ ਆਏ ਹਨ। ਰੋਗੀਆਂ ਨੂੰ ਸਰਕਾਰੀ, ਪ੍ਰਾਈਵੇਟ ਹਸਪਤਾਲ ਅਤੇ ਈ.ਐਸ.ਆਈ. ਡਿਸਪੈਂਰੀਆਂ ਵਿਚ ਭਰਤੀ ਕਰਵਾਇਆ ਗਿਆ ਹੈ। ਇਸ ਬਿਮਾਰੀ ਦੇ ਫੈਲਣ ਦੇ ਕਾਰਨ ਖਰਾਬ ਸੀਵਰੇਜ ਦੀ ਪਾਈਪ ਲਾਈਨ ਅਤੇ ਸੀਵਰੇਜ ਦਾ ਰੁੱਕ ਜਾਣਾ ਹੈ। ਇਸ ਕਾਰਨ ਪੀਣ ਦਾ ਪਾਣੀ ਦੂਸ਼ਿਤ ਹੋ ਗਿਆ ਹੈ। ਫਗਵਾੜਾ ਦੇ ਵਸਨੀਕਾਂ ਦੇ ਮਨਾਂ ਵਿਚ ਬਹੁਤ ਜ਼ਿਆਦਾ ਡਰ ਅਤੇ ਤਨਾਓ ਹੈ। ਮੁੱਦੇ ਦੀ ਸਾਰਥਿਕਤਾ ਅਤੇ ਅਤਿ ਮਹੱਤਤਾ ਨੂੰ ਧਿਆਨ ਵਿਚ ਰੱਖਦੇ ਹੋਏ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

Original with;
Punjab Vidhan Sabha
Digitized by;
Panjab Digital Library

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ, (ਚੌਧਰੀ ਜਗਜੀਤ ਸਿੰਘ)** : ਸਰ, ਮੇਨ ਸੀਵਰ ਓਂਕਾਰ ਨਗਰ, ਅਤੇ ਜੀ.ਟੀ. ਰੋਡ ਫਗਵਾੜਾ ਉਤੇ ਜੋ ਸੀਵਰ ਹੈ, ਉਹ, ਚੋਕ ਹੋ ਰਿਹਾ ਹੈ ਕਿਉਂਕਿ ਜੇ.ਸੀ.ਟੀ. ਮਿੱਲ ਫਗਵਾੜਾ ਦਾ ਡਿਸਚਾਰਜ 3.47 ਮਿਲੀਲੀਟਰ ਨਿਰਧਾਰਤ ਸੀ ਪਰ ਹੁਣ ਇਸ ਦਾ ਡਿਸਚਾਰਜ 10.40 ਮਿਲੀਲੀਟਰ ਹੋ ਗਿਆ ਹੈ ਜੋ ਕਿ ਉਕਤ ਸੀਵਰ ਵਿੱਚ ਪਾਇਆ ਜਾ ਰਿਹਾ ਹੈ ਜਿਸ ਕਾਰਨ ਸੀਵਰ ਓਵਰ ਫਲੋਅ ਹੋ ਗਿਆ ਹੈ। ਤਕਨੀਕੀ ਤੌਰ ਤੇ ਸੀਵਰ ਵਿਚ ਕੋਈ ਨੁਕਸ ਨਹੀਂ ਹੈ ਅਤੇ ਠੀਕ ਲੱਗਿਆ ਹੋਇਆ ਹੈ। ਫਗਵਾੜਾ ਵਿਖੇ ਕਮੇਟੀ ਵੱਲੋਂ ਸੀਵਰ ਦੇ ਓਵਰ ਫਲੋਅ ਨੂੰ ਰੋਕਣ ਲਈ ਦੋ ਸੀਵਰ ਕਲੀਨਰ ਮਸ਼ੀਨਾਂ ਅਤੇ ਲੇਬਰ ਲਗਾਈ ਗਈ ਹੈ ਅਤੇ ਸੀਵਰ ਦੀ ਸਫਾਈ ਕੀਤੀ ਜਾ ਰਹੀ ਹੈ। ਨਗਰ ਕੌਂਸਲ ਵਲੋਂ ਇਸ ਸਬੰਧ ਵਿਚ ਰਿਪੋਰਟ ਦਿੱਤੀ ਗਈ ਹੈ ਕਿ ਸੀਵਰ ਵਿਚ ਸੀਵਰੇਜ ਔਰ ਪਾਣੀ ਦੇ ਮਿਕਸ ਹੋਣ ਨਾਲ ਕੋਈ ਵੀ ਇਸ ਦਾ ਕਾਰਨ ਨਹੀਂ ਹੈ ਕਿ ਬਿਮਾਰੀ ਫੈਲੀ ਹੈ ਅਤੇ ਲੋਕਾਂ ਨੂੰ ਸਾਫ ਸੁਥਰਾ ਪਾਣੀ ਮੁੱਹਈਆ ਕੀਤਾ ਜਾ ਰਿਹਾ ਹੈ। ਇਸ ਸਮੱਸਿਆ ਦੇ ਆਰਜ਼ੀ ਹੱਲ ਲਈ ਸੀਵਰ ਦੀ ਸਫਾਈ ਨਗਰ ਕੌਂਸਲ ਵਲੋਂ ਕਰਵਾਈ ਜਾ ਰਹੀ ਹੈ ਅਤੇ ਪੱਕੇ ਹੱਲ ਲਈ ਇਹ ਜ਼ਰੂਰੀ ਹੈ ਕਿ ਜੋ ਜੇ.ਸੀ.ਟੀ. ਮਿੱਲ ਦਾ ਡਿਸਚਾਰਜ 3.47 ਮਿਲੀਲੀਟਰ ਜੋ ਹੈ, ਉਹ ਹੁਣ 10.40 ਮਿਲੀਲੀਟਰ ਹੋ ਗਿਆ ਹੈ, ਇਸ ਸੀਵਰ ਦੇ ਪਾਣੀ ਨੂੰ ਡਾਈਵਰਟ ਕਰਨ ਲਈ ਮੇਨ ਸੀਵਰ ਲਗਾਉਣ ਦੀ ਲੋੜ ਹੈ ਜਿਸ ਤੇ 8.50 ਕਰੋੜ ਰੁਪਏ ਖਰਚ ਹੋਣ ਦਾ ਅਨੁਮਾਨ ਹੈ। ਜਿਥੇ ਤੱਕ ਮਹਿਕਮਾ ਸਿਹਤ ਵਿਭਾਗ ਦੀ ਗੱਲ ਹੈ, ਅੱਜ ਮਿਤੀ 13 ਅਕਤੂਬਰ, 2005 ਤੱਕ 396 ਕੇਸ ਇਸ ਬਿਮਾਰੀ ਦੇ ਸਾਹਮਣੇ ਆਏ ਹਨ ਜਿਨ੍ਹਾਂ ਵਿਚੋਂ 74 ਮਰੀਜ਼ ਸਿਹਤ ਵਿਭਾਗ ਵੱਲੋਂ ਹਸਪਤਾਲ ਵਿਚ ਦਾਖਲ ਕੀਤੇ ਗਏ ਹਨ। ਇਨ੍ਹਾਂ ਵਿਚੋਂ 9 ਮਰੀਜ਼ ਫਗਵਾੜਾ ਹਸਪਤਾਲ ਵਿਖੇ, 36 ਮਰੀਜ਼ ਈ.ਐਸ.ਆਈ. ਫਗਵਾੜਾ ਵਿਖੇ ਅਤੇ 27 ਮਰੀਜ਼ ਹੋਰ ਪ੍ਰਾਈਵੇਟ ਨਰਸਿੰਗ ਹੋਮਜ਼ ਦੇ ਵਿਚ ਦਾਖਲ ਕਰਵਾਏ ਗਏ ਹਨ। ਇਕ ਕੇਸ ਵਿਚ ਮਰੀਜ਼ ਪੀ.ਜੀ.ਆਈ. ਚੰਡੀਗੜ੍ਹ ਨੂੰ ਈ.ਐਸ.ਆਈ., ਫਗਵਾੜਾ ਵਲੋਂ ਰੈਫਰ ਕੀਤਾ ਗਿਆ ਹੈ ਔਰ ਸਾਰੇ ਮਰੀਜ਼ਾਂ ਦਾ ਇਲਾਜ ਸਫਲਤਾ ਪੂਰਵਕ ਹੋ ਗਿਆ ਹੈ। ਮਹਿਕਮਾ ਸਿਹਤ ਵੱਲੋਂ ਸਪੇਸੈਫਿਕ ਡਾਕਟਰਾਂ ਦੀ ਰੈਪਿਡ ਰਿਸਪੈਂਸ ਟੀਮ ਬਣਾਈ ਗਈ ਹੈ ਜੋ ਉਥੇ ਵਿਜ਼ਿਟ ਕਰੇਗੀ। ਫਗਵਾੜਾ, ਸਿਵਲ ਹਸਪਤਾਲ ਵਲੋਂ ਤਿੰਨ ਟੀਮਾਂ ਬਣਾਈਆਂ ਗਈਆਂ ਹਨ। ਲੋਕਾਂ ਦੇ ਘਰਾਂ ਵਿਚ ਜਾ ਕੇ ਸਰਵੇ ਵੀ ਕੀਤਾ ਗਿਆ ਹੈ ਅਤੇ ਜਿਸ ਦਾ ਇਲਾਜ ਕਰਨ ਦੀ ਲੋੜ ਹੈ, ਉਸ ਦਾ ਇਲਾਜ ਕੀਤਾ ਹੈ। ਇਸ ਸਬੰਧ ਵਿਚ ਮਹਿਕਮਾ ਸਿਹਤ ਵਿਭਾਗ ਪੂਰੀ ਚੌਕਸੀ ਨਾਲ ਕੰਮ ਕਰ ਰਿਹਾ ਹੈ। ਇਸ ਵੇਲੇ ਅੱਜ ਤੱਕ ਸਿਰਫ 6 ਮਰੀਜ਼ ਹਸਪਤਾਲਾਂ ਵਿਚ ਦਾਖਲ ਹਨ ਔਰ ਬਾਕੀ ਸਾਰੇ ਹਸਪਤਾਲਾਂ ਦੇ ਵਿਚੋਂ ਚਲੇ ਗਏ ਹਨ। ਹੁਣ ਇਸ ਬਿਮਾਰੀ ਦੀ ਰੋਕਥਾਮ ਹੋ ਗਈ ਹੈ।

**ਸਰਦਾਰ ਜੋਗਿੰਦਰ ਸਿੰਘ ਮਾਨ** : ਸਪੀਕਰ ਸਾਹਿਬ, ਇਹ ਬਹੁਤ ਗੰਭੀਰ ਮਸਲਾ ਹੈ। ਪ੍ਰਾਈਵੇਟ ਹਸਪਤਾਲ, ਈ.ਐਸ.ਆਈ. ਅਤੇ ਪੀ.ਜੀ.ਆਈ. ਵਿੱਚ ਵੀ ਮਰੀਜ਼ ਦਾਖਲ ਕੀਤੇ ਗਏ ਹਨ। ਹੁਣ ਜੋ ਗਿਣਤੀ ਇਨ੍ਹਾਂ ਨੇ ਦੱਸੀ ਹੈ ਕਿ ਇਸ ਵੇਲੇ ਕੋਈ 8-9 ਮਰੀਜ਼ ਹੀ ਦਾਖਲ ਹਨ, ਇਹ ਠੀਕ ਨਹੀਂ ਹੈ। ਅੱਜ ਵੀ 73-74 ਪੇਸ਼ੈਂਟ ਦਾਖਲ ਹਨ। ਮੰਤਰੀ ਜੀ ਇਹ ਵੀ ਦੱਸ ਦੇਣ ਕਿ ਕੀ ਕੋਈ ਮੌਤ ਗੰਦੇ ਪਾਣੀ ਪੀਣ ਦੇ ਨਾਲ ਵੀ ਹੋਈ ਹੈ ?

**ਮੰਤਰੀ** : ਕੋਈ ਮੌਤ ਗੰਦਾ ਪਾਣੀ ਪੀਣ ਨਾਲ ਨਹੀਂ ਹੋਈ।

**ਸਰਦਾਰ ਜੋਗਿੰਦਰ ਸਿੰਘ ਮਾਨ** : ਸਪੀਕਰ ਸਾਹਿਬ, ਦੋ ਮੌਤਾਂ ਹੋਈਆਂ ਹਨ ਜੀ। ਮੇਰੇ ਕੋਲ ਹਸਪਤਾਲ ਦਾ ਪੂਰਾ ਰਿਕਾਰਡ ਹੈ। ਉਥੇ ਪਾਣੀ ਦੇ 12 ਸੈਂਪਲ ਭਰੇ ਗਏ ਹਨ। ਇਨ੍ਹਾਂ ਵਿਚੋਂ ਕਾਫੀ ਸੈਂਪਲ ਫੇਲ੍ਹ ਹੋਏ ਹਨ। ਸਿਰਫ ਕੁਝ ਸੈਂਪਲ ਪਾਸ ਹੋਏ ਹਨ।

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਅਸੀਂ ਪਾਣੀ ਦੇ 12 ਸੈਂਪਲ ਭਰੇ ਸਨ ਜਿਨ੍ਹਾਂ ਵਿਚੋਂ 8 ਸੈਂਪਲ ਪਾਸ ਹੋ ਗਏ ਸਨ ਅਤੇ 4 ਸੈਂਪਲ ਫੇਲ੍ਹ ਹੋ ਗਏ ਸਨ। ਇਹ ਜਿਹੜੇ 4 ਸੈਂਪਲ ਫੇਲ੍ਹ ਹੋਏ ਹਨ, ਇਹ ਸੀਵਰੇਜ ਪਾਣੀ ਮਿਉਂਸਿਪਲ ਕਮੇਟੀ ਦੀ ਪਾਈਪ ਲਾਈਨਜ਼ ਨਾਲ ਲਗਦੀ ਕਲੋਨੀ ਹੈ ਜਿਹੜੀ ਬਿਹਾਰੀਆਂ ਦੀ ਕਲੋਨੀ ਨਾਲ ਲਗਦੀ ਹੈ। ਇੱਕ ਘਰ ਵਿਚ 5-5 ਪਰਿਵਾਰ ਇਕੱਠੇ ਰਹਿੰਦੇ ਹਨ। ਇਹ ਸੈਂਪਲ ਸੀਵਰੇਜ਼ ਪਾਈਪ ਲਾਈਨਜ਼ ਤੋਂ ਲਏ ਗਏ ਸਨ। ਬਾਕੀ ਸਰਕਾਰ ਵਲੋਂ ਅਤੇ ਮਿਉਂਸਿਪਲ ਕਮੇਟੀ ਵਲੋਂ ਪਬਲਿਕ ਨੂੰ ਸਾਫ ਸੁਥਰਾ ਪਾਣੀ ਸਪਲਾਈ ਕੀਤਾ ਜਾਂਦਾ ਹੈ।

---

**Mr. Speaker :** Next Item, Papers to be laid.

**ਸਰਦਾਰ ਬੀਰ ਦਵਿੰਦਰ ਸਿੰਘ :** ਆਨ ਏ ਪੁਆਇੰਟ ਆਫ ਆਰਡਰ ਸਰ। ਸਪੀਕਰ ਸਾਹਿਬ, ਮੈਂ ਚਾਰ ਰੈਜ਼ੋਲਿਊਸ਼ਨਾਂ ਦਾ ਨੋਟਿਸ ਦਿੱਤਾ ਸੀ ਅਤੇ ਤੁਹਾਡੇ ਵਲੋਂ ਚਾਰ ਰੈਜ਼ੋਲਿਊਸ਼ਨਾਂ ਨੂੰ ਐਡਮਿਟ ਵੀ ਕੀਤਾ ਗਿਆ ਸੀ। ਸਪੀਕਰ ਸਾਹਿਬ, ਮੈਂ 5 ਤਾਰੀਖ ਨੂੰ ਸਵੇਰੇ 9.30 ਵਜੇ ਸੈਕਟਰੀ, ਪੰਜਾਬ ਵਿਧਾਨ ਸਭਾ ਨੂੰ ਟੈਲੀਫੂਨ ਕਰਕੇ ਪੁੱਛਿਆ ਸੀ ਕਿ ਰੈਜ਼ੋਲਿਊਸ਼ਨਾਂ ਉਤੇ ਬੈਲਟਿੰਗ ਹੋ ਰਹੀ ਹੈ ਤਾਂ ਕਿ ਮੈਂ ਆਪਣੀ ਪਰੈਫਰੈਂਸ ਦੱਸ ਸਕਾਂ ਪਰ ਮੈਨੂੰ ਸੈਕਟਰੀ ਸਾਹਿਬ ਨੇ ਸੂਚਿਤ ਕੀਤਾ ਕਿ ਚੂੰਕਿ 6 ਤਰੀਖ ਨੂੰ ਸੈਸ਼ਨ ਨਹੀਂ ਹੈ, ਇਸ ਕਰਕੇ 5 ਤਾਰੀਖ ਨੂੰ ਬੈਲਟਿੰਗ ਨਹੀਂ ਹੋ ਰਹੀ ਅਤੇ ਬੈਲਟਿੰਗ 11 ਤਾਰੀਖ ਨੂੰ ਹੋਵੇਗੀ ਔਰ ਤੁਹਾਨੂੰ ਇਨਫਾਰਮ ਕਰ ਦਿੱਤਾ ਜਾਵੇਗਾ। ਵੀਰਵਾਰ ਦੇ ਰੈਜ਼ੋਲਿਊਸ਼ਨ ਲਈ 11 ਤਾਰੀਖ ਨੂੰ ਬੈਲਟਿੰਗ ਹੋਵੇਗੀ ਪਰ ਉਸ ਤੋਂ ਬਾਦ ਮੈਨੂੰ ਕੋਈ ਸੂਚਨਾ ਨਹੀਂ ਦਿੱਤੀ ਗਈ ਔਰ ਜਦੋਂ 5 ਤਾਰੀਖ ਨੂੰ 11 ਵਜੇ ਬੈਲਟਿੰਗ ਨਹੀਂ ਹੋਈ ਤਾਂ, without notification to Members and without notification to me, ਇਹ ਬੈਲਟਿੰਗ ਕਿਸ ਤਰ੍ਹਾਂ ਹੋ ਗਈ।

**Mr. Speaker :** I will Inquire into the matter and later let you know.

**Sardar Bir Devinder Singh :** Under Rule 252, my communication may be treated as a notice for breach of privilege.

**Mr. Speaker :** I have received your letter and will Inquire into it

---

## PAPERS LAID ON THE TABLE

**Local Government Parliamentary Affairs, Labour and Employment and Elections Minister (Ch. Jagjit Singh) :** Sir, I beg to lay on the Table :—

(i) The Punjab Value Added Tax (Amendment) Ordinance, 2005, (Punjab Ordinance No. 6 of 2005) ;

(ii) The Punjab Mechanical Vehicles (Bridges and Roads Tolls) Amendment Ordinance, 2005, (Punjab Ordinance No. 7 of 2005);

Original with;
Punjab Vidhan Sabha
Digitized by;
Panjab Digital Library

**[Local Government, Parliamentary Affairs, Labour and Employment and Elections Minister]**

(iii) The Punjab Lovely Professional University Ordinance, 2005, (Punjab Ordinance No. 9 of 2005) ;

(iv) The Punjab Plastic Carry Bags (Manufacture, Usage and Disposal) Control Ordinance, 2005, (Punjab Ordinance No. 11 of 2005);

(v) The Punjab Tax on Lotteries Ordinance, 2005 (Punjab Ordinance No. 12 of 2005) ; and

(vi) The Punjab Roads and Bridges Development Board (Amendment) Ordinance, 2005, (Punjab Ordinance No. 13 of 2005).

as required under article 213(2)(a) of the Constitution of India.

**Mr. Speaker :** Now, Irrigation and Power and Rural Development and Panchayats Minister to lay the Papers.

**Irrigation and Power and Rural Development and Panchayats Minister, (Sardar Lal Singh) :** Sir, I beg to lay on the Table the Fees for making application for grant of licence rules, 2004 as required under Section 182 of the Electricity Act, 2003.

Sir, I also, beg to lay on the Table :—

(i) The Punjab State Electricity Regulatory Commission (Fee) Regulations, 2005 ;

(ii) The Punjab State Electricity Regulatory Commission (Conduct of Business) Regulations, 2005 ;

(iii) The Punjab State Electricity Regulatory Commission (Procedure for Filing Appeal before the Appellate Authority) Regulations, 2005 ;

(iv) The Punjab State Electricity Regulatory Commission (Income of Other Businesses) Regulations, 2005 ;

(v) The Punjab State Electricity Regulatory Commission (Open Access) Regulations, 2005 ;

as required under Section 182 of the Electricity Act, 2003.

Original with;
Punjab Vidhan Sabha
Digitized by;
Panjab Digital Library

**Mr. Speaker :** Local Government, Parliamentary Affairs, Labour and Employment and Elections Minister to again lay the papers.

**Local Government, Parliamentary Affairs, Labour and Employment and Elections Minister, (Ch. Jagjit Singh) :** Sir, I beg to lay on the Table :—

1. An Explanatory Memorendum on the Action Taken on the Recommendations made by the Justice B.S. Nehra, Commission of Inquiry in its Report submitted to the Governor on 17th December, 2004 and the same was laid on the Table of the House on 21st March, 2005 ;

2. The 4th Annual Report of the Punjab State Bus Stand Management Company Ltd. for the year 1998-1999, as required under Section 619-A of the Companies Act, 1956;

3. The 17th Annual Report of the Punjab State Forest Development Corporation Ltd. for the year 1999-2000 as required under Section 619-A of the Companies Act, 1956 alongwith statement showing the reasons for delay in laying the said report ;

4. The Balance Sheet and Profit and Loss Account of the Punjab Scheduled Castes Land Development and Finance Corporation for the year ending 31st March, 2002, as required under Section 27(5) of the Punjab Scheduled Castes Land Development and Finance Corporation Act, 1970 ;

5. The 35th and 36th Annual Reports of the Punjab State Warehousing Corporation for the years 2001-2002 and 2002-2003, as required under Section 31(11) of the Warehousing Corporation Act, 1962;

6. The 27th Annual Report of the Punjab State Seeds Corporation Ltd. for the years 2002-2003, as required under Section 619-A of the Companies Act, 1956;

7. The 36th Annual Reports of the Punjab State Industrial Development Corporation Ltd. for the year 2001-2002, as required under Section 619-A of the Companies Act, 1956;

Original with;
Punjab Vidhan Sabha
Digitized by;
Panjab Digital Library

**[Local Government, Parliamentary Affairs, Labour and Employment and Elections Minister]**

8. The Annual Administration Report of the Local Audit Wing for the years 2000-2001 and 2001-2002 ;
9. The Annual Administration Report of the Punjab Water Supply and Sewerage Board for the years 2002-2003 and 2003-2004, as required under Section 42(2) of the Punjab Water Supply and Sewerage Board Act, 1976 ;
10. The Annual Statements of Accounts and Audit report of the Punjab State Electricity Regulatory Commission for the year 2003-2004, as required under Section 34(4) of the Electricity Regulatory Commission Act, 1998 ;
11. The Audit Reports on the Accounts of the Punjab Water Supply and Sewerage Board for the period from 1st April, 1997 to 31st March, 1998, 1st April, 1998 to 31st March, 1999 and 1st April, 1999 to 31st March, 2000, as required under Section 45 of the Punjab Water Supply and Sewerage Board Act, 1976 ;
12. The 24th Annual Report and Accounts of the Punjab Tourism Development Corporation Ltd. for the year 2002-2003, as required under Section 619-A of the Companies Act, 1956 ;
13. The Audit Observations on the utilization of the grants received by the Punjab Agricultural University, Ludhiana during the period from 1st April, 2001 to 31st March, 2002, as required under Section 34(5) of the Haryana and Punjab Agricultural Universities Act, 1970 alongwith Government's Comments thereon ;
14. The Annual Reports of the Punjab Agricultural University, Ludhiana for the year 2002-2003, as required under Section 39(3) of the Haryana and Punjab Agricultural Universities Act, 1970 alongwith Government's Comments thereon ;
15. The Statement showing the Reasons for delay in laying the Annual Report of the Punjab State Forest Development Corporation Ltd. for the year 2003-2004 ;

Original with;
Punjab Vidhan Sabha
Digitized by;
Panjab Digital Library

16. The Annual Statement of Accounts of the Punjab State Electricity Board for the year 2003-2004, as required under Section 69(5) of the Electricity (Supply) Act, 1948 alongwith Statement showing the Objects for placing the said Statement ;

17. The 8th Annual Report of the Punjab State Container and Warehousing Corporation Ltd. (CONWARE) for the year 2002-2003, as required under Section 619-A of the Companies Act, 1956 ;

18. The 30th Annual Report of the Punjab State Civil Supplies Corporation Ltd. (PUNSUP) for the year 2003-2004, as required under Section 619-A of the Companies Act, 1956 ;

19. The Annual Reports of the Punjab Health Systems Coporation for the years 2001-2002, 2002-2003 and 2003-2004 as required under Section 21(4) of the Punjab Health Systems Corporation Act, 1996 alongwith statement showing the reasons for delay in laying the said reports for the year 2001-2002 and 2002-2003 ;

20. The 28th Annual Report of the Punjab State Tubewell Corporation Ltd. for the year 1998-1999, as required under Section 619-A of the Companies Act, 1956 alongwith statement showing the reasons for delay in laying the said report.

---

## DISCUSSION ON THE REPORT OF JUSTICE NEHRA COMMISSION OF ENQUIRY ALONGWITH ACTION TAKEN REPORT THEREON

**Mr. Speaker :** Discussion on Justice Nehra Commission of Enquiry Report alongwith Action Taken Report thereon.

**Finance and Planning Minister (Shri Surinder Singla ) :** Sir, I beg to move that the Report of Justice Nehra Commission of Enquiry alongwith the Action Taken Report thereon be discussed in the House.

Original with;
Punjab Vidhan Sabha
Digitized by;
Panjab Digital Library

**Mr. Speaker :** Motion Moved—

That the Report of Justice Nehra Commission of Enquiry alongwith the Action Taken Report thereon be discussed in the House.

Yes, Mr Singla.

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ, (ਸ਼੍ਰੀ ਸੁਰਿੰਦਰ ਸਿੰਗਲਾ):** ਅੱਜ ਬਹੁਤ ਹੀ ਚੰਗਾ ਦਿਹਾੜਾ ਹੈ ਕਿ ਅੱਜ ਪੰਜਾਬ ਦੀ ਅਸੈਂਬਲੀ ਨਹਿਰਾ ਕਮਿਸ਼ਨ ਰਿਪੋਰਟ ਨੂੰ ਡਿਸਕਸ ਕਰਨ ਜਾ ਰਹੀ ਹੈ। ਮੇਰੇ ਸਾਹਮਣੇ ਬੈਠੇ ਹੋਏ ਮਿੱਤਰ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ) ਜਿਹੜੇ ਸਿਵਾਏ** ਦੇ ਪ੍ਰਚਾਰ ਤੋਂ ਇਲਾਵਾ, ਸ਼ਾਇਦ ਇਨ੍ਹਾਂ ਦਾ ਹਿਸਟਾਰੀਕਲ ਅਜੰਡਾ, ਇਹੀ ਹੈ........ (ਵਿਘਨ) (ਸ਼ੋਰ) ?

**ਮਾਨਯੋਗ ਸਪੀਕਰ :** **ਸ਼ਬਦ ਪਾਰਲੀਮੈਂਟਰੀ ਨਹੀਂ ਹੈ। ਗਲਤ ਬਿਆਨੀ ਕਹਿ ਲਓ (ਵਿਘਨ) (ਸ਼ੋਰ)** ਸ਼ਬਦ ਕਾਫੀ ਦੇਰ ਤੋਂ ਅਨਪਾਰਲੀਮੈਂਟਰੀ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉੱਚੀ-ਉੱਚੀ ਬੋਲ ਰਹੇ ਸਨ ਤੇ ਸਦਨ ਵਿਚ ਕਾਫੀ ਸ਼ੋਰ ਸੀ)

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਮੈਨੂੰ ਇਕ ਗੱਲ ਕਹਿ ਲੈਣ ਦਿਓ। ਅੱਜ ਦੀਆਂ ਪ੍ਰੋਸੀਡਿੰਗਜ਼ ਵਿਚ ਅਕਾਲੀ ਦਲ ਨੇ ਚਾਰ ਵਾਰੀ** ਸ਼ਬਦ ਇਸਤੇਮਾਲ ਨਾ ਕੀਤਾ ਹੋਵੇ ਤਾਂ ਕਹਿਣਾ। ਪਹਿਲਾਂ ਉਨ੍ਹਾਂ ਦੇ ਡਿਲੀਟ ਕਰਾਓ, ਫੇਰ ਮੇਰਾ ਡਿਲੀਟ ਕਰ ਦਿਓ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਜਿਥੇ ਵੀ ** ਸ਼ਬਦ ਵਰਤਿਆ ਗਿਆ ਹੈ, ਡਿਲੀਟ ਕਰ ਦਿੱਤਾ ਜਾਵੇ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਸਪੀਕਰ ਸਾਹਿਬ, ਇਹ ਗੱਲ ਠੀਕ ਹੈ ਕਿ ਇਹ ਅਨਪਾਰਲੀਮੈਂਟਰੀ ਵਰਡ ਹੈ ਲੇਕਿਨ ਅੱਜ ਇਹ ਆਉਂਣਾ ਚਾਹੀਦਾ ਹੈ ਤੇ ਸਾਨੂੰ ਦੁਬਾਰਾ ਸੋਚਣਾ ਚਾਹੀਦਾ ਹੈ। ਮੈਂ ਇਹ ਕਹਿੰਦਾ ਹਾਂ ਕਿ ਅਗਰ ਗਲਤ ਬਿਆਨੀ ਕਹਿੰਦੇ ਹਾਂ ਤਾਂ ਅਕਾਲੀ ਦਲ ਦੀ ਸਾਰੀ ਹਿਸਟਰੀ ਹੀ ਗਲਤ ਬਿਆਨੀ ਦੀ ਹੈ। ਇਹ ਇਸ ਦਾ ਹਿਸਟਾਰੀਕਲ ਪੈਕੇਜ਼ ਹੈ। ਇਹ ਗਲਤ ਬਿਆਨੀ ਅੱਜ ਤੋਂ ਨਹੀਂ, ਪਿਛਲੇ 50 ਸਾਲਾਂ ਤੋਂ ਕਰਦੇ ਆ ਰਹੇ ਹਨ........(ਵਿਘਨ) (ਸ਼ੋਰ) ਇਨ੍ਹਾਂ ਨੇ ਇਹ ਆਦਤ ਛੱਡੀ ਨਹੀਂ....(ਵਿਘਨ)।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉੱਚੀ-ਉੱਚੀ ਬੋਲ ਰਹੇ ਸਨ ਤੇ ਸਦਨ ਵਿਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ :** ਤੁਸੀਂ ਹੁਣ ਇੰਟਰਪਟ ਨਾ ਕਰੋ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਮੈਂ ਸਾਰੇ ਅਕਾਲੀ ਦਲ ਨੂੰ ਕਹਿ ਰਿਹਾ ਹਾਂ। ਤੁਸੀਂ ਗਲਤ ਪ੍ਰਚਾਰ ਦੇ ਸਿਰ ਤੇ ਹੀ ਜੀ ਰਹੇ ਹੋ.......(ਸ਼ੋਰ) (ਵਿਘਨ)

** Expunged as ordered by the Chair.

Original with;
Punjab Vidhan Sabha
Digitized by;
Panjab Digital Library

**Mr. Speaker :** Address to the Chair, Singla Ji.

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਸਰ, ਮੈਂ ਇਸ ਕਰਕੇ ਕਹਿ ਰਿਹਾ ਹਾਂ, ਹੁਣ ਲੀਡਰ ਆਫ ਦਿ ਆਪੋਜ਼ੀਸ਼ਨ ਉਠ ਕੇ ਚਲੇ ਨਾ ਜਾਣ, ਇਥੇ ਹੀ ਬੈਠਣ ਤੇ ਸਾਰਾ ਸੁਣ ਲੈਣ। ਇਨ੍ਹਾਂ ਨੂੰ ਹੁਣੇ ਏਡੀ ਛੇਤੀ ਜਾਣਾ ਪੈ ਰਿਹਾ ਹੈ।......(ਵਿਘਨ) (ਸ਼ੋਰ) (ਵਿਘਨ)

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਉਹ ਵਾਪਸ ਆ ਰਹੇ ਹਨ। ਕੁਝ ਪੇਪਰ ਲੈਣ ਗਏ ਹਨ।

**ਮਾਨਯੋਗ ਸਪੀਕਰ :** ਬੋਲੋ ਬੋਲੋ ਤੁਸੀਂ। ਬੋਲੋ ਸਹੀ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਸਰ, ਮੈਂ ਇਹ ਇਸ ਕਰਕੇ ਕਹਿ ਰਿਹਾ ਹਾਂ ਕਿ ਸਦਨ ਵਿਚ ਨਹਿਰਾ ਕਮਿਸ਼ਨ ਦੀ ਰਿਪੋਰਟ ਹੈ ਤੇ ਸਾਨੂੰ ਇਸ ਗੱਲ ਦੀ ਬੜੀ ਖੁਸ਼ੀ ਹੈ ਕਿ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਨਿਕਲ ਆਵੇਗਾ। ਜਿਸ ਦਿਨ ਤੋਂ ਨਹਿਰਾ ਕਮਿਸ਼ਨ ਦੀ ਰਿਪੋਰਟ ਆਈ ਹੈ, ਇਸ ਅਸੈਂਬਲੀ ਵਿਚ ਅਕਾਲੀਆਂ ਨੇ ਨੋਟਿਸ ਤਾਂ ਦਿੱਤਾ ਹੈ ਪਰ ਨਹਿਰਾ ਕਮਿਸ਼ਨ ਦੀ ਰਿਪੋਰਟ ਤੇ ਕਾਫੀ ਦਿਨ ਤੋਂ ਬਹਿਸ ਨਹੀਂ ਮੰਗੀ........(ਵਿਘਨ)।

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਸਪੀਕਰ ਸਾਹਿਬ ............

**ਮਾਨਯੋਗ ਸਪੀਕਰ :** ਤੁਸੀਂ ਬਾਅਦ ਵਿਚ ਕਹਿ ਲੈਣਾ। ਤੁਸੀਂ ਬਾਅਦ ਵਿਚ ਡਿਨਾਈ ਕਰ ਦੇਣਾ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਸਰ, ਇਹ ਕਿਉਂਕਿ ਨਹਿਰਾ ਕਮਿਸ਼ਨ ਬਿਲਕੁਲ ਸਾਫ ਸੁਥਰਾ ਕਮਿਸ਼ਨ ਹੈ। ਇਸ ਦੇ ਲਈ ਇਨ੍ਹਾਂ ਨੇ ਕੀ ਕੀਤਾ, ਮੈਂ ਉਸ ਦੀ ਤੁਹਾਨੂੰ ਥੋੜ੍ਹੀ ਜਿਹੀ ਪਿਕਚਰ ਦਿਖਾਉਣਾ ਚਾਹੁੰਦਾ ਹਾਂ ਕਿ ਪਹਿਲਾਂ ਤਾਂ ਸਰਦਾਰ ਬਾਦਲ ਇਹ ਕੋਸ਼ਿਸ਼ ਕਰਦੇ ਰਹੇ, ਕਾਮਯਾਬ ਨਹੀਂ ਹੋਏ, ਪਹਿਲਾਂ ਕੰਮ ਇਨ੍ਹਾਂ ਨੇ ਇਹ ਕੀਤਾ ਕਿ ਕੋਰਟ ਦੇ ਦਰਵਾਜੇ ਖੜਕਾਏ। ਪਹਿਲਾਂ ਇਹ ਦਿੱਲੀ ਹਾਈ ਕੋਰਟ ਵਿਚ ਗਏ। ਇਨ੍ਹਾਂ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੇ ਵਿਸ਼ਵਾਸ ਨਹੀਂ ਸੀ। ਉਥੇ ਇਨ੍ਹਾਂ ਨੂੰ ਕਿਹਾ ਗਿਆ ਕਿ ਜਾਓ, ਇਹ ਪੈਟੀਸ਼ਨ ਇਥੇ ਲਾਈ ਨਹੀਂ ਕਰਦੀ। ਫੇਰ ਇਹ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਆ ਗਏ। ਸਿਰਫ ਕਿਉਂਕਿ ਇਹ ਸੱਚਾਈ ਦਾ ਸਾਹਮਣਾ ਨਹੀਂ ਕਰ ਸਕਦੇ ਸੀ, ਉਸ ਨੂੰ ਫੇਸ ਨਹੀਂ ਕਰ ਸਕਦੇ ਸੀ ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਜਿਵੇਂ ** ** ............. (ਵਿਘਨ) (ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿਚ ਹਾਜ਼ਰ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਉੱਚੀ-ਉੱਚੀ ਬੋਲ ਰਹੇ ਸਨ ਅਤੇ ਸ਼ਬਦ ਐਕਸਪੰਜ ਕਰਨ ਦੀ ਮੰਗ ਕਰ ਰਹੇ ਸਨ ਤੇ ਸਦਨ ਵਿਚ ਕਾਫੀ ਸ਼ੋਰ ਸੀ।)

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

**Mr. Speaker :** Don't use such language.

*3.44 ਵਜੇ ਬਾਅਦ ਦੁਪਹਿਰ (*ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ :** ਆਪਣੀ ਜ਼ੁਬਾਨ ਨੂੰ ਰੋਕੋ (ਵਿਘਨ) (ਸ਼ੋਰ)

**Mr. Deputy Speaker :** Listen, Mr. Finance Minister. ਇਹ ਲਫ਼ਜ਼ ਐਕਸਪੰਜ ਕੀਤੇ ਜਾਂਦੇ ਹਨ। (ਵਿਘਨ) (ਸ਼ੋਰ)

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ :** ਸਰ, ਇਸ ਨੂੰ ਰੋਕੋ। (ਵਿਘਨ) (ਸ਼ੋਰ)

**ਮਾਨਯੋਗ ਡਿਪਟੀ ਸਪੀਕਰ :** ਰੋਕ ਦਿੱਤਾ ਹੈ, ਰੋਕ ਦਿੱਤਾ ਹੈ। ਉਹ ਪੋਰਸ਼ਨ ਐਕਸਪੰਜ ਕਰਾ ਦਿੱਤਾ ਹੈ।

(ਇਸ ਵਕਤ ਹਾਊਸ ਵਿਚ ਕਾਫੀ ਸ਼ੋਰ ਸੀ। ਆਪੋਜ਼ੀਸ਼ਨ ਦੇ ਬਹੁਤ ਸਾਰੇ ਮਾਨਯੋਗ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ :** (ਵਿੱਤ ਮੰਤਰੀ ਨੂੰ) ਸ਼ਰਮ ਕਰ ਕੁਝ। ਸ਼ਰਮ ਨਹੀਂ ਆਉਂਦੀ ? ਇਸ ਤਰ੍ਹਾਂ ਮਾੜਾ ਬੋਲਣਾ ਬੰਦ ਕਰ।

**ਮਾਨਯੋਗ ਡਿਪਟੀ ਸਪੀਕਰ :** ਆਲ ਰਾਈਟ। ਗੱਲ ਹੋ ਗਈ ਹੈ। ਹੁਣ ਕ੍ਰਿਪਾ ਕਰਕੇ ਆਪਣੀਆਂ ਸੀਟਾਂ ਦੇ ਬੈਠ ਜਾਓ।

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ :** ਇਸ ਹਾਊਸ ਦੀਆਂ ਗਲਤ ਰਵਾਇਤਾਂ ਪਾਈ ਜਾ ਰਹੇ ਹਨ...........

**ਮਾਨਯੋਗ ਡਿਪਟੀ ਸਪੀਕਰ :** ਦੋ ਸ਼ਬਦ ਜਿਹੜੇ ਇਨ੍ਹਾਂ ਨੇ ਕਹੇ ਹਨ, ਉਹ ਐਕਸਪੰਜ ਕਰ ਦਿੱਤੇ ਹਨ। ਜਥੇਦਾਰ ਤੋਤਾ ਸਿੰਘ ਜੀ, ਰਣੀਕੇ ਸਾਹਿਬ, ਕ੍ਰਿਪਾ ਕਰਕੇ ਬੈਠ ਜਾਓ। ਮੇਰੀ ਮੈਂਬਰ ਸਾਹਿਬਾਨ ਅੱਗੇ ਬੇਨਤੀ ਹੈ ਕਿ ਪੂਰੀ ਸਾਇਸਤਗੀ ਨਾਲ ਗੱਲ ਕੀਤੀ ਜਾਵੇ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਡਿਪਟੀ ਸਪੀਕਰ ਸਾਹਿਬ, ਮੈਨੂੰ ਯਾਦ ਹੈ, ਜਾਣ ਤੋਂ ਪਹਿਲਾਂ ਕਿਸ ਤਰ੍ਹਾਂ ਦੇ ਲਫਜ਼ ਇਹ ਇਸਤੇਮਾਲ ਕਰਦੇ ਹੁੰਦੇ ਸਨ। ਅਤੇ ਕਿਸ ਤਰ੍ਹਾਂ ਦੀਆਂ ਗਾਲ੍ਹਾਂ ਕਢਦੇ ਹੁੰਦੇ ਸਨ। ਮੈਂ ਤਾਂ ਕਦੇ ਆਬਜੈਕਟ ਨਹੀਂ ਸੀ ਕੀਤਾ। ਇਹ ਕਪਾਹ ਦੀ ਗੱਲ ਕਰਦੇ ਹਨ। ਇਨ੍ਹਾਂ ਦੇ ਵੇਲੇ ਕੁੱਲ 350 ਕਰੋੜ ਰੁਪਏ ਦੀ ਫਸਲ ਹੁੰਦੀ ਸੀ ਜਿਹੜੀ ਅੱਜ 2000 ਕਰੋੜ ਰੁਪਏ ਦੀ ਹੁੰਦੀ ਹੈ। ਫਿਰ ਵੀ ਇਹ ਰੌਲਾ ਪਾਉਂਦੇ ਹਨ। ਇਹ ਜਿਮੀਂਦਾਰਾਂ ਦੀਆਂ ਗੱਲਾਂ ਕਰਦੇ ਹਨ.......(ਸ਼ੋਰ) ਮੈਂ ਨਹਿਰਾ ਕਮਿਸ਼ਨ ਤੇ ਹੀ ਆ ਰਿਹਾ ਹਾਂ........(ਵਿਘਨ)....

**ਮਾਨਯੋਗ ਡਿਪਟੀ ਸਪੀਕਰ :** ਭੂੰਦੜ ਸਾਹਿਬ, ਕ੍ਰਿਪਾ ਕਰਕੇ ਬੈਠ ਜਾਓ।

---

Original with;
Punjab Vidhan Sabha
Digitized by;
Panjab Digital Library

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਡਿਪਟੀ ਸਪੀਕਰ ਸਾਹਿਬ, ਇਹ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਗਏ। ਉਸ ਤੋਂ ਬਾਦ ਇਹ ਸੁਪਰੀਮ ਕੋਰਟ ਵਿਚ ਗਏ। ਇਨ੍ਹਾਂ ਨੇ ਉਥੋਂ 3 ਗੱਲਾਂ ਮੰਗੀਆਂ। ਇਕ ਇਹ ਕਿ ਨਹਿਰਾ ਕਮਿਸ਼ਨ ਦੀ ਰਿਪੋਰਟ ਨੂੰ ਕੁਐਸ਼ ਕਰੋ। ਦੂਜੀ ਇਹ ਕਿ ਇਨਕੁਆਇਰੀ ਜੋ ਹੈ, ਉਹ ਜਾਂ ਤਾਂ ਸੀ.ਬੀ.ਆਈ. ਨੂੰ ਦਿਓ ਅਤੇ ਜਾਂ ਫਿਰ ਡਾਇਰੈਕਟਰ, ਇਨਫੋਰਸਮੈਂਟ ਨੂੰ ਜਾਂ ਡੀ.ਆਰ.ਆਈ. ਨੂੰ। ਪਤਾ ਨਹੀਂ ਤਿੰਨੇ ਇਨਕੁਆਇਰੀਆਂ ਇਕੋ ਵੇਲੇ ਕਿਸ ਤਰ੍ਹਾਂ ਪੈਰੇਲਲ ਹੋ ਸਕਦੀਆਂ ਹਨ। ਹਾਈ ਕੋਰਟ ਨੇ ਤਿੰਨੇ ਇਨਕੁਆਇਰੀਆਂ ਰਿਜੈਕਟ ਕਰ ਦਿੱਤੀਆਂ। ਉਸ ਤੋਂ ਬਾਦ ਇਹ ਸੁਪਰੀਮ ਕੋਰਟ ਵਿਚ ਚਲੇ ਗਏ। ਉਥੇ ਵੀ ਗੱਲ ਨਹੀਂ ਬਣੀ। ਉਨ੍ਹਾਂ ਨੇ ਵੀ ਕਹਿ ਦਿੱਤਾ ਕਿ ਅਸੀਂ ਨਹਿਰਾ ਕਮਿਸ਼ਨ ਦੀ ਰਿਪੋਰਟ ਕੁਐਸ਼ ਨਹੀਂ ਕਰਨੀ ਅਤੇ ਨਾ ਹੀ ਸੀ.ਬੀ.ਆਈ. ਨੂੰ ਇਨਕੁਆਇਰੀ ਦੇਣੀ ਹੈ। ਤੁਸੀਂ ਆਪਣੀਆਂ ਪਲੀਡਿੰਗਜ਼ ਵਿਚ ਝੂਠੇ ਇਲਜ਼ਾਮ ਲਾਏ ਹਨ। ਮੈਂ ਕੋਈ ਝੂਠ ਬੋਲਿਆ ਸੀ ਜਿਸ ਤੇ ਇਹ ਭੜਕ ਪਏ ਸਨ। ਮੇਰੇ ਲਫਜ਼ ਇਨ੍ਹਾਂ ਨੂੰ ਚੰਗੇ ਨਹੀਂ ਲੱਗਦੇ ਲੇਕਿਨ ਸਚਾਈ ਇਹ ਹੈ ਕਿ ਉਥੋਂ ਵੀ ਇਨ੍ਹਾਂ ਨੂੰ ਵਾਪਸ ਆਉਣਾ ਪਿਆ। ਇਨ੍ਹਾਂ ਨੇ ਐਨ.ਡੀ.ਏ. ਸਰਕਾਰ ਦਾ ਨਜਾਇਜ਼ ਇਸਤੇਮਾਲ ਕੀਤਾ। ਹਰ ਤੀਜੇ ਦਿਨ ਬਾਦਲ ਸਾਹਿਬ ਵਾਜਪਾਈ ਸਾਹਿਬ ਕੋਲ ਹੁੰਦੇ ਸਨ। ਬਾਦਲ ਸਾਹਿਬ ਨੇ ਉਨ੍ਹਾਂ ਕੋਲੋਂ ਇਨਕੁਆਇਰੀ ਮਾਰਕ ਕਰਵਾ ਲਈ। ਵਾਜਪਾਈ ਸਾਹਿਬ ਕਿਹੜੇ ਘੱਟ ਹਨ, ਉਨ੍ਹਾਂ ਨੂੰ ਵੀ ਇਹੋ ਜਿਹੇ ਦੋਸਤ ਚਾਹੀਦੇ ਹਨ। ਉਨ੍ਹਾਂ ਨੇ ਇਨਕੁਆਇਰੀ ਮਾਰਕ ਕਰਵਾ ਲਈ ਅਤੇ ਐਫ.ਐਮ.ਆਫ ਇੰਡੀਆ ਕੋਲ ਚਲੇ ਗਏ। ਉਨ੍ਹਾਂ ਨੇ ਅੱਗੋਂ ਕਿਹਾ ਕਿ ਸਾਨੂੰ ਤਾਂ ਇਸ ਦੇ ਵਿਚੋਂ ਕੁਝ ਲੱਭਦਾ ਨਹੀਂ। ਬਾਕੀ ਗੱਲਾਂ ਸੀ.ਐਮ. ਸਾਹਿਬ ਖੁਦ ਦੱਸਣਗੇ। ਇਹ ਇਕ ਫੈਕਟ ਹੈ ਕਿ ਇਨ੍ਹਾਂ ਕੋਲ ਕੋਈ ਸਬੂਤ ਹੀ ਨਹੀਂ ਹੈ। ਜਿਹੜਾ ਪੰਜਾਬ ਦੀ ਅਸੈਂਬਲੀ ਦਾ ਅਦਾਰਾ ਹੈ, ਜਿੱਥੇ ਡਿਸਕਸ਼ਨ ਹੋਣੀ ਚਾਹੀਦੀ ਹੈ। ਜਿੱਥੇ ਅੱਜ ਹੋ ਰਹੀ ਹੈ ਉਥੇ ਸਚਾਈ ਨਹੀਂ ਲੱਭਣੀ ਸੀ। ਨਹੀਂ ਲੱਭਣੀ ਸੀ, ਇਸ ਕਰਕੇ ਇਹ ਉਥੇ ਚਲੇ ਗਏ ਜਿੱਥੇ ਨਹੀਂ ਮਿਲੀ। ਇਨ੍ਹਾਂ ਦਾ ਐਂਟੀ ਗੌਰਮਿੰਟ ਬਿਆਨ ਸੀ। ਜੇ ਗੱਲ ਸੱਚੀ ਹੈ ਹੀ ਨਹੀਂ ਤਾਂ ਇਸ ਤੇ ਕੋਈ ਇਨਕੁਆਇਰੀ ਨਹੀਂ ਹੋ ਸਕਦੀ। ਸਰ, ਫਿਰ ਵੀ ਹਾਲਾਤ ਐਸੇ ਸਨ ਉਸ ਵੇਲੇ ਮਾਨਯੋਗ ਮੁੱਖ ਮੰਤਰੀ ਜੀ ਦੀ ਐਂਟੀ ਕੁੱਰਪਸ਼ਨ ਕੰਪੇਅਨ ਚੱਲ ਰਹੀ ਸੀ, ਇਹ ਜਿਹੜੇ ਬੋਲ ਰਹੇ ਸਨ, ਮੈਂ ਨਾਂ ਨਹੀਂ ਲੈਂਦਾ, ਇਨ੍ਹਾਂ ਦੇ ਖਿਲਾਫ਼ ਕੇਸ ਚਲ ਰਹੇ ਸਨ। ਇਨ੍ਹਾਂ ਨੂੰ ਕੁਝ ਸੁਝਦਾ ਹੀ ਨਹੀਂ ਸੀ, ਇਨ੍ਹਾਂ ਨੂੰ ਕੁਝ ਨਹੀਂ ਸੀ ਸੁਝਦਾ ਤੇ ਇਨ੍ਹਾਂ ਨੇ ਕੀ ਕੀਤਾ। ਇਹ ਜੋ ਕੁਝ ਕਰ ਰਹੇ ਸਨ, ਡਿਪਟੀ ਸਪੀਕਰ ਸਾਹਿਬ, ਇਸ ਕਰਕੇ ਕਿ ਇਕ ਤਾਂ ਲੋਕਾਂ ਦੀ ਅਟੈਨਸ਼ਨ ਨੂੰ ਡਾਈਵਰਟ ਕਰੀਏ ਕਿਉਂਕਿ ਇਹ ਇਕੱਲੇ ਹੀ ਕੁਰਪਟ ਨਜ਼ਰ ਆ ਰਹੇ ਸਨ ਤੇ ਦੂਜਿਆਂ ਨੂੰ ਲਪੇਟੋ, ਪਰ ਲਪੇਟਨ ਕਿੱਥੋਂ ?...... (ਵਿਘਨ)

(ਅਵਾਜਾਂ : ਦੂਲੋਂ ਸਾਹਿਬ ਅੱਜ ਕੀ ਕਹਿ ਰਹੇ ਸੀ, ਉਸ ਦਾ ਤੁਹਾਨੂੰ ਪਤਾ ਹੈ ?)

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਜਥੇਦਾਰ ਤੋਤਾ ਸਿੰਘ ਜੀ, ਬੋਲ ਕੇ ਤੁਸੀਂ ਮੈਨੂੰ ਪਰਵੋਕ ਨਾ ਕਰੋ। ਜੇ ਮੈਂ ਵੀ ਇਸੇ ਤਰ੍ਹਾਂ ਬੋਲਣ ਲੱਗ ਗਿਆ ਤਾਂ ਮੈਂ ਤੁਹਾਡਾ ਵੀ ਐਕਸਪਲੇਨ ਕਰ ਦਿਆਂਗਾਂ ਅਤੇ ਉਨ੍ਹਾਂ ਦੀ ਐਕਸਪਲੇਨ ਕਰ ਦਿਆਂਗਾ।

Original with;
Punjab Vidhan Sabha
Digitized by;
Panjab Digital Library

**[ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ]**

ਡਿਪਟੀ ਸਪੀਕਰ ਸਾਹਿਬ, ਫਿਰ ਕੀ ਕੀਤਾ ਕਿ ਇੰਨਾ ਪਰੈਸਰ ਸੀ ਤੇ ਇਹ ਅਸੈਂਬਲੀ ਵਿੱਚ ਡਿਸਕਸ਼ਨ ਕਰਨ ਨਹੀਂ ਆਏ, ਉਥੇ ਦਰਵਾਜੇ ਖੜਕਾਂਦੇ ਰਹੇ, ਕਦੇ ਹਾਈ ਕੋਰਟ ਦੇ, ਪਤਾ ਨਹੀਂ ਕਾਹਦੇ ਵਾਸਤੇ। ਲੇਕਿਨ ਮੁੱਖ ਮੰਤਰੀ ਕੁਮਿਟਿਡ ਸਨ, ਸਾਡੀ ਸਰਕਾਰ ਕੁਮਿਟਿਡ ਸੀ, honesty and probity ਬਾਰੇ। ਹਿਸਟਰੀ ਵਿੱਚ ਪਹਿਲੀ ਮਿਸਾਲ ਹੋਏਗੀ ਕਿਉਂਕਿ ਕੈਪਟਨ ਸਾਹਿਬ ਲੋਕਾਂ ਨੂੰ ਦੱਸਣਾ ਚਾਹੁੰਦੇ ਹਨ ਕਿ ਅਸੀਂ ਵਿਸ਼ਵਾਸ ਕਰਦੇ ਹਾਂ ਐਡਮਨਿਸਟਰੇਸ਼ਨ ਵਿੱਚ, ਜਸਟਿਸ ਵਿੱਚ। ਇਨ੍ਹਾਂ ਨੇ ਆਪਣੇ ਮੁੰਡੇ ਦੇ ਖਿਲਾਫ ਇਕ ਕਮਿਸ਼ਨ ਬਣਾਇਆ। ਜੇਕਰ ਅਜਿਹਾ ਕੰਮ ਕਿਸੇ ਨੇ ਕਰਕੇ ਅੱਜ ਤੱਕ ਦਿਖਾਇਆ ਹੈ ਤਾਂ ਦੱਸ ਦਿਓ। ਅਕਬਰ ਬਾਦਸ਼ਾਹ ਹੀ ਸਨ ਜਿਸ ਨੇ ਆਪਣੇ ਮੁੰਡੇ ਸਲੀਮ ਦੇ ਵਾਸਤੇ ਅਜਿਹਾ ਕੰਮ ਕੀਤਾ ਸੀ ਲੇਕਿਨ ਹੋਰ ਕੋਈ ਮਿਸਾਲ ਨਹੀਂ ਲੱਭਦੀ। ਸਰ, ਹਿੰਦੁਸਤਾਨ ਟਾਈਮਜ਼ ਅਖਬਾਰ ਵਿੱਚ 28 ਦਸੰਬਰ ਨੂੰ ਖਬਰ ਛਪੀ। ਬਗੈਰ ਮੰਗਿਆਂ ਇਨਕੁਆਰੀ ਕਮਿਸ਼ਨ। ਬਗੈਰ ਕਿਸੇ ਦੀ ਪੁਲੀਟੀਕਲ ਡਿਮਾਂਡ ਦੇ। ਅਕਾਲੀ ਦਲ ਨੇ ਤਾਂ ਕੀ ਕਰਨਾ ਸੀ। ਜੇਕਰ ਕਰਨਾ ਹੁੰਦਾ ਤਾਂ ਕਿਸੇ ਹੋਰ ਪੱਖੋਂ ਕਰਦੇ। ਕਿਸੇ ਨੇ ਕੁਝ ਮੰਗਿਆ ਵੀ ਹੋਵੇ। ਬਗੈਰ ਕਿਸੇ ਦੀ ਮੰਗ ਤੋਂ ਸੀ.ਐਮ. ਸਾਹਿਬ ਨੇ ਇਹ ਇਨਕੁਆਰੀ ਕਮਿਸ਼ਨ 2 ਜਨਵਰੀ, 2004 ਨੂੰ ਨਿਯੁਕਤ ਕੀਤਾ ਔਰ ਇਨਕੁਆਰੀ ਕਮਿਸ਼ਨ ਨੇ ਦੋ ਦਿਨ ਲਗਾਤਾਰ ਨੋਟਿਸ ਦਿੱਤੇ। ਕੋਈ ਐਸਾ ਹਿੰਦੁਸਤਾਨ ਦਾ ਨਾਮੀ ਅਖਬਾਰ ਨਹੀਂ ਜਿਸ ਵਿੱਚ ਇਹ ਐਡਵਰਟਾਈਜ਼ਮੈਂਟ ਨਾ ਹੋਵੇ ਕਿ ਲੋਕ ਉਸ ਕਮਿਸ਼ਨ ਨੂੰ ਅਪਰੋਚ ਕਰ ਸਕਦੇ ਹਨ। ਡਿਪਟੀ ਸਪੀਕਰ ਸਾਹਿਬ, ਤੁਸੀਂ ਜਾਣਦੇ ਹੋ ਇਸ ਮੁਲਕ ਵਿੱਚ ਬੜੀਆਂ ਐਂਟੀ ਕੁਰੱਪਸ਼ਨ ਆਰਗੇਨਾਈਜੇਸਨਜ਼ ਬਣੀਆਂ ਹੋਈਆਂ ਹਨ। ਪੁਲੀਟੀਕਲ ਪਾਰਟੀਆਂ ਵੀ ਇਥੇ ਜ਼ਿੰਦਾ ਨੇ। ਪ੍ਰੈਸ ਵੀ ਬੜੀ ਅਲਰਟ ਹੈ ਇਸ ਮੁਲਕ ਦੀ, ਉਸ ਦੇ ਬਾਵਜੂਦ ਵੀ, ਨੋਟਿਸ ਦੇਣ ਦੇ ਬਾਵਜੂਦ ਵੀ ਕੋਈ ਬੰਦਾ ਆਪਣੀ ਕੰਪਲੇਂਟ ਜਾਂ ਉਸ ਨੂੰ ਐਵੀਡੈਂਸ ਸਮਝ ਕੇ, ਅਖਬਾਰ ਨੂੰ, ਕਮਿਸ਼ਨ ਕੋਲ ਪੇਸ਼ ਨਹੀਂ ਹੋਇਆ। ਇਹੀ ਨਹੀਂ ਜਿਹੜੇ ਅਖਬਾਰ ਵਿੱਚ ਰੋਜ ਜਾਂਦੇ ਸਨ ਕਿ ਇਹ ਹੋ ਗਿਆ, ਉਹ ਹੋ ਗਿਆ, ਇਹ ਅਕਾਲੀ ਦਲ (ਬਾਦਲ) ਵੀ ਉਨ੍ਹਾਂ ਕੋਲ ਨਹੀਂ ਗਿਆ, ਕਮਿਸ਼ਨ ਕੋਲ ਨਹੀਂ ਗਿਆ। ਕਿਉਂ ਨਹੀਂ ਗਿਆ? ਉਹ ਇਸ ਕਰਕੇ ਕਿ ਕਮਿਸ਼ਨ ਆਫ ਇਨਕੁਆਰੀ ਅੰਡਰ ਕਮਿਸ਼ਨ ਆਫ ਇਨਕੁਆਰੀ ਐਕਟ, 1952 ਦੇ ਤਹਿਤ ਇਹ ਹੈ ਕਿ ਜਿਹੜਾ ਬੰਦਾ ਝੂਠਾ ਕਮਿਸ਼ਨ ਅੱਗੇ ਪੇਸ਼ ਹੋਏਗਾ ਉਸਨੂੰ ਪਰਾਸੀਕਿਊਟ ਕੀਤਾ ਜਾ ਸਕਦਾ ਹੈ, ਉਸ ਦੇ ਖਿਲਾਫ਼ ਪਰਾਸੀਕਿਊਸ਼ਨ ਲਾਂਚ ਕੀਤੀ ਜਾ ਸਕਦੀ ਹੈ। ਹਾਈ ਕੋਰਟ ਵਿੱਚ ਜਾਂ ਅਖਬਾਰਾਂ ਵਿੱਚ ਬਿਆਨ ਦੇਣਾ ਉਸ ਦੀ ਤਾਂ ਪਰਾਸੀਕਿਊਸ਼ਨ ਹੋ ਨਹੀਂ ਸਕਦੀ। ਜੇਕਰ ਇਹ ਸੱਚੇ ਹੁੰਦੇ ਤਾਂ ਇਹ ਕਮਿਸ਼ਨ ਆਫ ਇਨਕੁਆਰੀ ਕੋਲ ਜਾਂਦੇ। ਕਿਉਂਕਿ ਇਹ ਸਾਰਾ ਕੁਝ ਗਲਤ ਸੀ, ਇਸ ਸਰਕਾਰ ਦੇ ਖਿਲਾਫ ਪ੍ਰਚਾਰ ਸੀ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਖਿਲਾਫ਼ ਸੀ। ਇਹ ਬਿਲਕੁਲ ਸੱਚਾਈ ਤੋਂ ਰਹਿਤ ਸੀ ਅਤੇ ਸੱਚਾਈ ਤੋਂ ਕੋਹਾਂ ਦੂਰ ਸੀ। ਡਿਪਟੀ ਸਪੀਕਰ ਸਾਹਿਬ, ਸਵਾਦ ਨਹੀਂ ਆ ਰਿਹਾ, ਜਦੋਂ ਤੱਕ ਮੈਂ ਦੂਜਾ ਲਫਜ਼ ਨਾ ਵਰਤਾਂ (ਹਾਸਾ)।

**ਸਰਦਾਰ ਬਲਵਿੰਦਰ ਸਿੰਘ ਭੂੰਦੜ (ਬੈਠੇ-ਬੈਠੇ) :** ਤੁਸੀਂ ਉਹ ਵੀ ਵਰਤ ਲਵੋ।

**ਮਾਨਯੋਗ ਡਿਪਟੀ ਸਪੀਕਰ :** ਸਿੰਗਲਾ ਜੀ, ਤੁਸੀਂ ਆਪਣਾ ਚਿੱਤ ਕਰਾਰਾ ਕਰਨ ਵਾਸਤੇ ਇਹੋ ਜਿਹੇ ਲਫਜ਼ ਨਾ ਵਰਤਣਾ। ਆਪਣੀ ਸਪੀਚ ਕੰਟੀਨਿਊ ਰਖੋ।

Original with;
Punjab Vidhan Sabha
Digitized by;
Panjab Digital Library

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਇਹ ਵੀ ਠੀਕ ਹੈ ਕਿ ਅਨਪਾਰਲੀਮੈਂਟਰੀ ਸ਼ਬਦ ਨਹੀਂ ਹੋਣਾ ਚਾਹੀਦਾ। ਇਸ ਲਈ ਮੈਂ ਕੀ ਕਹਾਂ। ਸੱਚ ਤਾਂ ਇਹ ਬੋਲਦੇ ਨਹੀਂ ਹਨ।......

**ਮਾਨਯੋਗ ਡਿਪਟੀ ਸਪੀਕਰ :** ਤੁਸੀਂ ਸੱਚ ਦੇ ਉਲਟ ਅਸੱਚ ਕਹਿ ਲਵੋ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਇਸ ਕਰਕੇ ਇਨ੍ਹਾਂ ਕੋਲ ਕੋਈ ਕੇਸ ਨਹੀਂ ਸੀ। ਇਹ ਡਰਦੇ ਸਨ ਕਿ ਜੇ ਅਸੀਂ ਕਮਿਸ਼ਨ ਕੋਲ ਚਲੇ ਗਏ ਉਥੇ ਜੋ ਦੁਹਰਾਇਆ ਗਿਆ, ਜੋ ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿਚ ਅਖਬਾਰਾਂ ਦੀਆਂ ਖਬਰਾਂ ਸਨ, ਤਾਂ ਸਾਨੂੰ ਜੇਲ੍ਹ ਜਾਣਾ ਪੈ ਸਕਦਾ ਹੈ, ਸਰਕਾਰ ਝੂਠ ਬੋਲਣ ਤੇ ਪ੍ਰਾਸੀਕਿਊਸ਼ਨ ਲਾਂਚ ਕਰੇਗੀ। ਇਸ ਲਈ ਕੋਈ ਬਾਡੀ ਕਮਿਸ਼ਨ ਕੋਲ ਪੇਸ਼ ਨਹੀਂ ਹੋਈ। ਇਹ ਵੀ ਇਕ ਬੜਾ ਇੰਟਰਸਟਿੰਗ ਕਿੱਸਾ ਹੈ। ਫਰੀਕੀ ਜਿਸ ਉਤੇ ਕਈ ਤਰ੍ਹਾਂ ਦੇ ਪਰੈਸ਼ਰ ਪਾਏ ਗਏ। ਪਹਿਲਾਂ ਐਫੀਡੇਵਿਟ ਉਸ ਦਾ ਆਇਆ। 17 ਫਰਵਰੀ, 2004 ਨੂੰ ਕਮਿਸ਼ਨ ਨੇ ਉਸ ਨੂੰ ਕਿਹਾ ਕਿ ਜੋ ਕੁਝ ਅਖਬਾਰਾਂ ਵਿਚ ਖਬਰਾਂ ਛਪੀਆਂ ਹਨ, ਉਹ ਬਿਲਕੁਲ ਨਿਰਾਧਾਰ ਹਨ। ਉਨ੍ਹਾਂ ਵਿਚ ਕੋਈ ਵੀ ਸੱਚਾਈ ਨਹੀਂ ਹੈ। ਇਹ ਜਿਹੜੇ ਕੰਸਪਾਏਰੇਟਰ ਹੁੰਦੇ ਹਨ, ਉਹ ਵੀ ਬੜੇ ਐਕਟਿਵ ਹੁੰਦੇ ਹਨ। ਉਨ੍ਹਾਂ ਸੋਚਿਆ ਕਿ ਸ਼ਾਇਦ ਇਨ੍ਹਾਂ ਦਾ ਰਾਜ ਹਿਲਾਇਆ ਜਾ ਸਕਦਾ ਹੈ। ਪਰ ਸਾਡਾ ਰਾਜ ਕੋਈ ਨਹੀਂ ਹਿਲਾ ਸਕਦਾ। ਟੌਹੜਾ ਜੀ ਇਨ੍ਹਾਂ ਦਾ ਤਾਂ ਰਾਜ ਹਿਲਾ ਸਕਦੇ ਹਨ ਅਤੇ ਹਿਲਾਇਆ ਵੀ.............

(ਇਕ ਅਵਾਜ਼ : ਟੌਹੜਾ ਨਹੀਂ, ਟੌਹੜਾ ਸਾਹਿਬ ਕਹੋ।)

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਠੀਕ ਹੈ, ਟੌਹੜਾ ਸਾਹਿਬ ਜੀ।

**ਸਰਦਾਰ ਤੋਤਾ ਸਿੰਘ :** ਉਹ ਇਸ ਸੰਸਾਰ ਵਿਚ ਨਹੀਂ, ਉਨ੍ਹਾਂ ਦਾ ਨਾਂ ਨਹੀਂ ਲੈਣਾ ਚਾਹੀਦਾ। ਇਹ ਚੰਗਾ ਨਹੀਂ ਲੱਗਦਾ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਜਿਸ ਨੇ ਆਪਣਾ ਐਫੀਡੇਵਿਟ ਦਿੱਤਾ, 17 ਫਰਵਰੀ, 2004 ਨੂੰ ਅਖਬਾਰ ਵਿਚ ਛਪਿਆ, ਉਸ ਮੁਤਾਬਿਕ ਕੋਈ ਕੇਸ ਨਹੀਂ ਸੀ। ਉਸ ਦਾ ਆਪਣਾ ਬਿਆਨ ਐਫੀਡੇਵਿਟ ਰੂਪ ਵਿਚ ਸੀ ਜਿਸ ਵਿਚ ਕਿ ਉਸ ਦੇ ਸਿਗਨੇਚਰ ਨੋਟਰਾਈਜ਼ ਕੀਤੇ ਹੋਏ ਹਨ ਇੰਡੀਅਨ ਇੰਬੈਸੀ, ਨੀਦਰਲੈਂਡ ਵੱਲੋਂ। ਉਸ ਤੋਂ ਉਹ ਮੁਕਰ ਨਹੀਂ ਸਕਦਾ। ਬੜੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਕਿ ਉਹ ਆਪਣਾ ਐਫੀਡੇਵਿਟ ਵਾਪਸ ਲੈ ਲਵੇ। ਫਿਰ ਕਮਿਸ਼ਨ ਆਫ ਇਨਕੁਆਰੀ ਨੇ ਕਿਹਾ ਕਿ ਉਸ ਨੂੰ ਇਥੇ ਬੁਲਾਇਆ ਜਾਵੇ। ਪਹਿਲੀ ਤਰੀਕ ਉਸ ਨੂੰ 30 ਅਪ੍ਰੈਲ, 2004 ਦਿੱਤੀ ਗਈ ਪਰ ਉਹ ਨਹੀਂ ਆਇਆ। ਫਿਰ ਉਸ ਨੂੰ 30 ਮਈ ਦੀ ਤਰੀਕ ਦਿੱਤੀ ਗਈ ਪਰ ਉਹ ਫਿਰ ਵੀ ਨਹੀਂ ਆਇਆ ਪਰ ਉਸ ਦਾ ਜਵਾਬ ਆਇਆ। ਇਹ ਜਵਾਬ ਵੀ ਬੜਾ ਇੰਟਰਸਟਿੰਗ ਹੈ। ਪਹਿਲਾ, ਉਸ ਨੇ ਕਿਹਾ ਕਿ ਉਸ ਨੂੰ ਇਕ ਮਿਲੀਅਨ ਯੂਰੋ ਦਿੱਤੇ ਜਾਣ ਭਾਵ ਸਾਢੇ ਪੰਜ ਕਰੋੜ ਰੁਪਏ ਦਿੱਤੇ ਜਾਣ ਜਿਹੜਾ ਕਿ ਉਸ ਦਾ ਆਉਣ-ਜਾਣ ਦਾ ਖਰਚਾ ਹੋਵੇਗਾ। ਦੂਜਾ,

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ]

ਉਸ ਨੇ ਕਿਹਾ ਕਿ ਉਹ ਹਿੰਦੁਸਤਾਨ ਵਿਚ ਆ ਕੇ ਜੋ ਕੁਝ ਮਰਜ਼ੀ ਬੋਲ ਕੇ ਚਲਾ ਜਾਵੇ। ਤੀਸਰਾ ਇਹ ਕਿ ਉਸ ਨੂੰ ਆਰਮੀ/ਪੁਲਿਸ ਦੀ ਪ੍ਰੋਟੈਕਸ਼ਨ ਦਿੱਤੀ ਜਾਣੀ ਚਾਹੀਦੀ ਹੈ। ਕੀ ਕਮਿਸ਼ਨ ਆਫ ਇਨਕੁਆਰੀ ਇਹ ਦੇ ਸਕਦਾ ਹੈ। ਜੇਕਰ ਸਰਕਾਰ ਦਿਵਾਉਣਾ ਵੀ ਚਾਹੇ ਤਾਂ ਜੋ ਸਚਾਈ ਸਾਹਮਣੇ ਆ ਸਕੇ ਤਾਂ ਕੀ ਕੋਈ ਐਸਾ ਕਾਨੂੰਨ ਹੈ ਜਿਸ ਤਹਿਤ ਇਹ ਹੋ ਸਕੇ। ਇਸ ਤਰ੍ਹਾਂ ਤਾਂ ਕੋਈ ਵੀ ਆਦਮੀ ਉਠ ਕੇ ਕਹਿ ਸਕਦਾ ਹੈ ਕਿ ਕਮਿਸ਼ਨ ਆਫ ਇਨਕੁਆਰੀ ਉਸ ਦੀਆਂ ਇਸ ਤਰ੍ਹਾਂ ਦੀਆਂ ਸ਼ਰਤਾਂ ਕਿਉਂ ਮੰਨ ਰਿਹਾ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਉਹ ਪੇਸ਼ ਹੀ ਨਹੀਂ ਹੋਣਾ ਚਾਹੁੰਦਾ ਸੀ ਕਿਉਂਜੋ ਉਸ ਨੂੰ ਪਤਾ ਸੀ ਕਿ ਇਕ ਤਾਂ ਇੰਡੀਆ ਦਾ ਕਾਨੂੰਨ ਲਾਗੂ ਹੋਵੇਗਾ। ਜੇਕਰ ਝੂਠੀ ਗਵਾਹੀ ਹੋਵੇਗੀ ਤਾਂ ਉਸ ਦੇ ਆਪਣੇ ਕੰਟਰੀ ਦਾ ਇਸ਼ੂ ਬਣ ਜਾਵੇਗਾ। ਡਿਪਟੀ ਸਪੀਕਰ ਸਾਹਿਬ, ਫਰੀਕੀ ਅਤੇ ਅਕਾਲੀ ਦਲ ਦੋਵੇਂ ਇਕੱਠੇ ਹਨ। ਦੋਨਾਂ ਦਾ ਵਿਊ ਇਕ, ਦੋਵੇਂ ਕਮਿਸ਼ਨ ਦੇ ਕੋਲ ਪੇਸ਼ ਨਹੀਂ ਹੋਣਾ ਚਾਹੁੰਦੇ ਕਿਉਂਕਿ ਇਹ ਸੱਚਾਈ ਹੈ ਕਿ ਇਨ੍ਹਾਂ ਦਾ ਜਿਹੜਾ ਪ੍ਰੋਪੇਗੰਡਾ ਹੈ ਉਹ ਖੁਲ੍ਹ ਕੇ ਲੋਕਾਂ ਦੇ ਸਾਹਮਣੇ ਨੰਗਾ ਹੋ ਜਾਂਦਾ ਅਤੇ ਇਹ ਸੱਚ ਤੋਂ ਬਿਲਕੁਲ ਪਰ੍ਹੇ ਹਨ। ਇਸ ਕਰਕੇ ਸਰ, ਇਹ ਦੋਵੇਂ ਫਰੀਕੀ ਅਤੇ ਇਹ, ਕਮਿਸ਼ਨ ਸਾਹਮਣੇ ਪੇਸ਼ ਨਹੀਂ ਹੋਏ ਅਤੇ ਕਮਿਸ਼ਨ ਦੀ ਇਨਕੁਆਰੀ ਰਿਪੋਰਟ ਤੁਹਾਡੇ ਸਾਹਮਣੇ ਹੈ। ਉਸ ਨੇ ਕਿਹਾ ਕਿ ਕੋਈ ਬੰਦਾ ਇਸ ਵਿੱਚ ਇਨਵਾਲਵ ਨਹੀਂ ਹੈ ਅਤੇ ਇਹੀ ਨਹੀਂ ਡਿਪਟੀ ਸਪੀਕਰ ਸਾਹਿਬ, ਉਸ ਨੇ ਤਾਂ ਸੁਜੈਸਟ ਕੀਤਾ ਕਿ ਜਿਸ ਅਖਬਾਰ ਨੇ ਇਹ ਖਬਰ ਲਗਾਈ ਹੈ, ਉਸ ਉਤੇ ਕੇਸ ਚਲਾਉਣਾ ਚਾਹੀਦਾ ਹੈ ਪਰ ਸਰਕਾਰ ਨੇ ਜਿਹੜੀ ਐਕਸ਼ਨ ਰਿਪੋਰਟ ਕੀਤੀ ਹੈ, ਉਸ ਨੇ ਕਿਹਾ ਕਿ ਸਾਡਾ ਇਰਾਦਾ ਅਤੇ ਸਰਕਾਰ ਦਾ ਮੰਤਵ ਇਹ ਹੈ ਕਿ ਜੋ ਆਪਣੇ ਪੁਲੀਟੀਕਲ ਐਲੀਮੈਂਟ ਇਸ ਵਿੱਚ ਇਨਵਾਲਵ ਹਨ, ਉਨ੍ਹਾਂ ਨੂੰ ਹਾਈ ਲਾਈਟ ਕੀਤਾ ਜਾਵੇ ਅਤੇ ਜਿਹੜੀ ਰਿਪੋਰਟ ਹੈ, ਉਸ ਵਿੱਚ ਜੋ ਕੋਈ ਇਨਵਾਲਵ ਹੈ ਤਾਂ ਉਸ ਨੂੰ ਸਜ਼ਾ ਦਿੱਤੀ ਜਾਵੇ। ਪਰ ਇਨ੍ਹਾਂ ਦੀਆ ਪੁਲੀਟੀਕਲ ਖਬਰਾਂ ਤੇ ਇਸ਼ੂ ਜ਼ਰੂਰ ਖੜ੍ਹਾ ਹੋਇਆ ਹੈ ਅਤੇ ਹੋਰ ਕੁਝ ਅਖਬਾਰਾਂ ਨੇ ਵੀ ਬੜਾ ਕੁਝ ਲਿਖਿਆ ਹੈ। ਇਨ੍ਹਾਂ ਦਾ ਮੰਤਵ ਸਿਰਫ ਇੰਨਾ ਸੀ ਕਿ ਲੋਕਾਂ ਦਾ ਧਿਆਨ ਡਾਈਵਰਟ ਕੀਤਾ ਜਾਵੇ। ਅੱਜ ਦੇ ਯੁੱਗ ਵਿੱਚ, ਮੈਂ 1952 ਦੀ ਗੱਲ ਕਰਦਾ ਹਾਂ ਜਦੋਂ ਪੰਡਿਤ ਜਵਾਹਰ ਲਾਲ ਨਹਿਰੂ ਜੀ ਇਸ ਮੁਲਕ ਦੇ ਪ੍ਰਧਾਨ ਮੰਤਰੀ ਸਨ। ਉਹ ਸੋਚਦੇ ਸਨ ਕਿ ਬਿਜ਼ਨਸਮੈਨਾਂ ਦੀ ਮੀਟਿੰਗ ਵਿੱਚ ਜਾਣਾ ਚਾਹੀਦਾ ਹੈ ਜਾਂ ਨਹੀਂ। ਅੱਜ ਹਾਲਾਤ ਇਹ ਹਨ ਕਿ ਇਨਵੈਸਟਮੈਂਟ ਵਾਸਤੇ ਪ੍ਰਧਾਨ ਮੰਤਰੀ ਟਰੇਡਰਜ਼ ਨੂੰ ਆਪਣੇ ਨਾਲ ਜਹਾਜ਼ਾਂ ਵਿੱਚ ਲੈ ਕੇ ਜਾਂਦੇ ਹਨ। ਅਟੱਲ ਬਿਹਾਰੀ ਵਾਜਪਾਈ ਜੀ ਵੀ ਲਿਜਾਂਦੇ ਰਹੇ ਹਨ ਅਤੇ ਡਾਕਟਰ ਮਨਮੋਹਨ ਸਿੰਘ ਜੀ ਵੀ ਲੈ ਕੇ ਗਏ ਹਨ। ਅੱਜ ਅਸੀਂ ਇਨਵੈਸਟਰਜ਼ ਨੂੰ ਲੱਭਦੇ ਫਿਰਦੇ ਹਾਂ। ਸਾਡੇ ਮਾਨਯੋਗ ਕੈਪਟਨ ਅਮਰਿੰਦਰ ਸਿੰਘ ਜੀ ਨੇ ਵੀ ਕਈ ਮੰਤਰੀਆ ਨੂੰ ਭੇਜਿਆ ਅਤੇ ਰਵੀਇੰਦਰ ਸਿੰਘ ਉਸ ਦਾ ਦੋਸਤ ਹੈ ਅਤੇ ਜੇ ਉਹ ਕੰਮ ਕਰਨਾ ਚਾਹੁੰਦਾ ਹੈ ਤਾਂ ਕਿਉਂ ਉਸ ਨੂੰ ਨਾ ਬੁਲਾਇਆ ਜਾਵੇ। ਮੈਂ ਸਮਝਦਾ ਹਾਂ ਕਿ ਬੁਲਾਉਣ ਤੱਕ ਹੀ ਸੀਮਤ ਸੀ। ਉਸ ਨੇ ਕਿਹਾ ਕਿ ਉਹ ਆਪਟੀਕਲ ਫਾਈਬਰ ਲਗਾਉਣਾ ਚਾਹੁੰਦਾ ਹੈ ਅਤੇ ਮੈਂ ਫਾਈਲ ਕੋਟ ਕਰ ਰਿਹਾ ਹਾਂ ਜਦ ਕਿ ਸਰਕਾਰ ਦਾ ਇਕ ਡੈਲੀਗੇਸ਼ਨ ਇਕ ਨਾਰਮਲ ਕੋਰਸ ਵਿੱਚ ਅਮਰੀਕਾ ਜਾ ਰਿਹਾ ਸੀ ਅਤੇ ਜਿੰਨੇ ਵੀ ਉਸ ਡੈਪੂਟੇਸ਼ਨ ਦੇ ਮੈਂਬਰ ਸਨ, ਉਸ ਵਿੱਚ ਕਿਹਾ ਕਿ ਤੁਸੀਂ ਵੀ ਜ਼ਰੂਰ ਜਾਓ ਅਤੇ ਉਸ ਨੂੰ ਪੰਜਾਬ ਦੇ ਆਫੀਸਰਜ਼ ਨੇ ਰੈਪਰੇਜ਼ੈਂਟ ਕੀਤਾ ਅਤੇ ਐਕਸਪਲੇਨ ਕੀਤਾ। ਉਸ ਵਿੱਚ ਜਿਹੜਾ ਮਿਸਟਰ ਰਾਜਨ ਜਿਹੜਾ ਕਿ ਗੌਰਮਿੰਟ

Original with;
Punjab Vidhan Sabha
Digitized by;
Panjab Digital Library

ਆਫ ਇੰਡੀਆ ਦਾ ਸਲਾਹਕਾਰ ਰਿਹਾ ਹੈ ਅਤੇ ਹੁਣ ਵੀ ਹੈ, ਉਹ ਵੀ ਉਸ ਡੈਲੀਗੇਸ਼ਨ ਵਿੱਚ ਸੀ ਅਤੇ ਉਨ੍ਹਾਂ ਨੇ ਕਿਹਾ ਕਿ ਫਾਈਬਰ ਆਪਟੀਕਲ ਬਾਰੇ ਤਾਂ ਉਨ੍ਹਾਂ ਦਾ ਪਹਿਲਾ ਹੀ ਬੀ.ਐਸ.ਐਨ.ਐਲ. ਜਿਹੜਾ ਕਿ ਗੌਰਮਿੰਟ ਆਫ ਇੰਡੀਆ ਦਾ ਇਕ ਅਦਾਰਾ ਹੈ, ਉਸ ਨਾਲ 6 ਮਹੀਨੇ ਪਹਿਲਾਂ ਹੀ ਉਨ੍ਹਾਂ ਦਾ ਐਗਰੀਮੈਂਟ ਹੋ ਚੁੱਕਾ ਸੀ ਅਤੇ ਉਸ ਤੇ ਉਨ੍ਹਾਂ ਨੇ ਕਿਹਾ ਕਿ ਇਸ ਤੇ ਅਸੀਂ ਕੋਈ ਕੁਮੈਂਟ ਨਹੀਂ ਕਰ ਸਕਦੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇ ਕੋਈ ਨਵੀਂ ਗੱਲ ਕਰਨੀ ਚਾਹੁੰਦੇ ਹੋ ਤਾਂ ਇਸ ਤੇ ਮੁੱਖ ਮੰਤਰੀ ਸਾਹਿਬ ਨੇ ਆਪ ਫਾਈਲ ਤੇ ਸਾਈਨ ਕੀਤੇ ਹਨ ਅਤੇ ਅਸੀਂ ਗਲੋਬਲੀ ਟੈਂਡਰ ਓਪਨ ਕਰਾਂਗੇ। ਇਸ ਦੇ ਬਾਵਜੂਦ ਐਲੀਗੇਸ਼ਨ ਲਗਾ ਦਿੱਤਾ। ਇਨ੍ਹਾਂ ਨੂੰ ਤਾਂ ਇਸ਼ੂ ਚਾਹੀਦਾ ਹੈ ਭਾਵੇਂ ਕੋਈ ਛੋਟਾ-ਮੋਟਾ ਮਿਲ ਜਾਵੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਨਾ ਤਾਂ ਪੰਜਾਬ ਦੇ ਖਜ਼ਾਨੇ ਵਿੱਚ ਕੋਈ ਪੈਸਾ ਗਿਆ ਅਤੇ ਨਾ ਹੀ ਇਨਫੋਸੈਸ ਵਿਚੋਂ ਕੋਈ ਪੈਸਾ ਗਿਆ ਹੈ। ਇਸ ਤਰ੍ਹਾਂ ਨਾ ਸਰਕਾਰ ਤੋਂ ਅਤੇ ਨਾ ਪੰਜਾਬ ਸਰਕਾਰ ਦੀ ਇਨਫੋਟੈਕ ਕੰਪਨੀ ਤੋਂ ਪੈਸਾ ਗਿਆ। ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਕੁਰਪਸ਼ਨ ਕਿੱਥੋਂ ਸੀ। ਕਿੱਥੇ ਲੱਭਦੇ ਫਿਰਦੇ ਸਨ ਕੁਰਪਸ਼ਨ ਨੂੰ। ਨਾ ਇੰਟਰਾਨੈਟ ਕੰਪਨੀ ਸੀ, ਨਾ ਪੰਜਾਬ ਸਰਕਾਰ ਦੇ ਖਜ਼ਾਨੇ ਵਿਚੋਂ ਪੈਸਾ ਗਿਆ, ਨਾ ਪੰਜਾਬ ਇਨਫੋਟੈਕ ਵਿਚੋਂ ਪੈਸਾ ਗਿਆ। ਉਹ ਹਵਾ ਵਿੱਚ ਤੀਰ ਚਲਾ ਰਹੇ ਸੀ। ਕਿਸ ਗੱਲ ਤੇ ? ਕਿ ਅਕਾਲੀ ਦਲ ਤਾਂ ਕੁਰਪਸ਼ਨ ਦੇ ਕੇਸਿਜ਼ ਵਿੱਚ ਉਲਝਿਆ ਹੋਇਆ ਸੀ ਅਤੇ ਹੁਣ ਇਨ੍ਹਾਂ ਨੂੰ (ਕਾਂਗਰਸ ਨੂੰ) ਫਸਾ ਦੇਈਏ, ਇਸ ਤਰ੍ਹਾਂ ਨਹੀਂ ਫਸਦੇ। ਇਹ ਜਿਹੜੀ ਅਖਬਾਰ ਹੈ, ਇਥੇ ਸਾਰਾ ਸਿਸਟਮ ਜੋ ਇਹ ਇੰਨਾ ਤੇਜ਼-ਤਰਾਰ ਹੈ ਕਿ ਕੋਈ ਝੂਠ ਦੇ ਪੈਰ ਨਹੀਂ ਹਨ। ਜਿਵੇਂ ਕਹਿ ਦਿੰਦੇ ਹਨ ਕਿ ਝੂਠ ਦੇ ਪੈਰ ਨਹੀਂ ਸਨ। ਇਹ ਸਾਰਾ ਪੰਚਰ ਹੋ ਗਿਆ, ਕਿਤੇ ਨਹੀਂ ਲੱਭਿਆ। ਸਰ, ਮੈਂ ਬਹੁਤੀਆਂ ਗੱਲਾਂ ਨਾ ਕਹਿੰਦਾ ਹੋਇਆ ਆਪਣੀ ਸਪੀਚ ਖਤਮ ਕਰਾਂਗਾ ਕਿਉਂਕਿ ਮਾਨਯੋਗ ਮੁੱਖ ਮੰਤਰੀ ਜੀ ਨੇ ਬਹੁਤ ਕੁਝ ਕਹਿਣਾ ਹੈ। ਇਸ ਤੇ ਮੈਂ ਇੱਕ ਗੱਲ ਜ਼ਰੂਰ ਕਹਾਂਗਾ ਕਿ ਜਦੋਂ ਸਾਰਾ ਕੁਝ ਹੀ ਕੁਝ ਵੀ ਨਹੀਂ ਸੀ, ਕਿਤੇ ਕੋਈ ਕੰਪਨੀ ਨਹੀਂ ਸੀ, ਕੋਈ ਪੈਸਾ ਨਹੀਂ ਸੀ, ਫਿਰ ਇਹ ਗੱਲ ਕਿਉਂ ਕਹੀ ਗਈ। ਜਦੋਂ ਮੈਂ ਇਥੇ ਆ ਰਿਹਾ ਸੀ ਤਾਂ ਮੇਰੇ ਇੱਕ ਦੋਸਤ ਨੇ ਗੱਲ ਕਹੀ ਸੀ ਕਿ ਜ਼ਰੂਰ ਕਰ ਲੈਣਾ। ਮੈਂ ਉਹੀ ਗੱਲ ਕਰਨ ਲੱਗਿਆ ਹਾਂ। ਜਦੋਂ ਇਹ ਸਾਰਾ ਕੁਝ ਕਰ ਰਹੇ ਸੀ ਤਾਂ ਸਾਡੇ ਲੀਡਰ ਆਫ ਦਿ ਆਪੋਜ਼ੀਸ਼ਨ ਕੁਰੱਪਸ਼ਨ ਦੇ ਕੇਸਿਜ਼ ਵਿੱਚ ਫਸੇ ਹੋਏ ਸਨ। ਮੈਨੂੰ ਇੱਕ ਤਾਂ ਦੱਸ ਦੇਣ ਕਿ ਕਿਸੇ ਅਕਾਲੀ ਐਮ.ਐਲ.ਏ. ਜਾਂ ਸਾਰੇ ਅਕਾਲੀ ਦਲ ਦਾ ਕੋਈ ਬਿਆਨ ਹੋਵੇ ਕਿ ਸਾਡਾ ਲੀਡਰ ਇਮਾਨਦਾਰ ਹੈ। ਇਹ ਦਿਖਾ ਦੇਣ। ਮੈਂ ਚੈਲੇਂਜ ਕਰਦਾ ਹਾਂ ਜੇ ਕਿਸੇ ਅਕਾਲੀ ਦਲ ਦੇ ਐਮ.ਐਲ.ਏ. ਦਾ ਕੋਈ ਬਿਆਨ ਹੋਵੇ। (ਆਵਾਜ਼ਾਂ : ਸਾਰੇ ਕਹਿੰਦੇ ਹਨ।) ਹੁਣ ਕਹਿ ਲਓ। ਮੈਂ ਦੋ ਸਾਲ ਪਹਿਲਾਂ ਦੀ ਗੱਲ ਕਰ ਰਿਹਾ ਹਾਂ। ਕਿਸੇ ਅਕਾਲੀ ਨੇਤਾ ਨੇ, ਕਿਸੇ ਨੇ ਕਿਹਾ ਹੋਵੇ ਕਿ ਪ੍ਰਕਾਸ਼ ਸਿੰਘ ਬਾਦਲ ਇਮਾਨਦਾਰ ਹੈ। ਮੈਂ ਵੀ ਇਥੇ ਹਾਂ ਤੇ ਤੁਸੀਂ ਵੀ ਇਥੇ ਹੋ, ਮੈਨੂੰ ਦਿਖਾ ਦੇਣਾ। ਹਾਂ, ਇਹ ਡਿਫੈਂਡ ਕਰਦੇ ਸੀ ਕਿ ਕੈਪਟਨ ਅਮਰਿੰਦਰ ਸਿੰਘ ਜ਼ਿਆਦਤੀ ਕਰ ਰਿਹਾ ਹੈ (ਵਿਘਨ)। ਮਨਪ੍ਰੀਤ ਜੀ ਤੁਸੀਂ ਬੈਠੋ, ਤੁਹਾਨੂੰ ਬੋਲਣ ਦਾ ਮੌਕਾ ਮਿਲੇਗਾ। ਇਹ 40 ਐਮ.ਐਲ.ਏ. ਬੈਠੇ ਹਨ, ਦਿਖਾ ਦੇਣ ਕਿ ਕਿਸੇ ਨੇ ਬਿਆਨ ਦਿੱਤਾ ਹੋਵੇ, ਡਿਫੈਂਡ ਕੀਤਾ ਹੋਵੇ ਕਿ ਪ੍ਰਕਾਸ਼ ਸਿੰਘ ਬਾਦਲ ਆਨਸੈਟ ਹੈ। ਨਹੀਂ। ਫਿਰ ਗੱਲਾਂ ਕਰਦੇ ਹਨ। ਮੈਂ ਬਹੁਤ ਲੰਬਾ ਨਹੀਂ ਬੋਲਦਾ। ਡਿਪਟੀ ਸਪੀਕਰ ਸਾਹਿਬ, ਇੱਕ ਸੰਗਾਨੀ ਕਮਿਸ਼ਨ ਬਣਿਆ ਸੀ। ਮੈਂ ਇਸ ਕਰਕੇ ਕਹਿੰਦਾ ਹਾਂ ਕਿਉਂਕਿ ਹੁਣ ਇਨਕੁਆਇਰੀ

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ]

ਦੀ ਗੱਲ ਚੱਲ ਰਹੀ ਹੈ। ਸ਼ੰਗਾਨੀ ਕਮਿਸ਼ਨ ਸੈਂਟਰ ਸਰਕਾਰ ਦਾ ਬਣਾਇਆ ਹੋਇਆ ਸੀ। ਉਸ ਕਮਿਸ਼ਨ ਆਫ ਇਨਕੁਆਇਰੀ ਦੀਆਂ ਫਾਈਡਿੰਗਜ਼ ਤੇ ਡਿਬੇਟ ਹੋਈ ਹੈ ਅਤੇ ਉਥੇ ਬੜੀ ਭਲੀਭਾਂਤ ਨਾਲ, ਚੰਗੇ-ਚੰਗੇ ਲਫਜ਼ਾਂ ਵਿੱਚ 7 ਐਲੀਗੇਸ਼ਨ against the leader of opposition and this particular commission was appointed on the asking of Akali leaders and not by anybody else. ਅਕਾਲੀਆਂ ਨੂੰ ਹੀ ਪ੍ਰਕਾਸ਼ ਸਿੰਘ ਬਾਦਲ ਦੇ ਖਿਲਾਫ ਗਵਾਹੀ ਵਿੱਚ ਪੇਸ਼ ਕੀਤਾ ਗਿਆ ਅਤੇ ਉਸ ਵਿੱਚ ਸਾਬਤ ਹੋਇਆ ਕਿ ਇਨ੍ਹਾਂ ਦੇ ਖਿਲਾਫ਼ ਕੇਸ ਚੱਲਣਾ ਚਾਹੀਦਾ ਹੈ, ਪ੍ਰਾਸੀਕਿਊਸ਼ਨ। ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹਾਂਗਾ ਕਿ ਇਸ ਹਾਊਸ ਵਿੱਚ ਉਹ ਰਿਪੋਰਟ ਕਦੇ ਡਿਸਕਸ ਹੀ ਨਹੀਂ ਹੋਈ। ਕਿਉਂ ਨਾ ਉਸ ਤੇ ਵੀ ਡਿਸਕਸ਼ਨ ਹੋਵੇ। ਸ਼ੰਗਾਨੀ ਕਮਿਸ਼ਨ ਨੇ ਬੜੀ ਲੇਬਰ ਕੀਤੀ, ਬੜੀ ਮਿਹਨਤ ਕੀਤੀ। ਮੈਂ ਇਹ ਰਿਕੁਐਸਟ ਕਰਾਂਗਾ ਕਿ ਸ਼ੰਗਾਨੀ ਕਮਿਸ਼ਨ ਨੂੰ ਵੀ ਖੋਲ੍ਹਿਆ ਜਾਵੇ। ਇਹ ਬਹੁਤ ਵੱਡੀ ਗੱਲ ਹੈ। ਮੈਂ ਸ਼ੰਗਾਨੀ ਕਮਿਸ਼ਨ ਦੀ ਰਿਪੋਰਟ ਵੀ ਲੈ ਕੇ ਆਇਆ ਹਾਂ। ਜੇ ਤੁਸੀਂ ਚਾਹੋ ਤਾਂ ਮੈਂ ਦਿਖਾ ਦੇਵਾਂਗਾ। ਇਸ ਤੇ ਬਹਿਸ ਕੀਤੀ ਜਾ ਸਕਦੀ ਹੈ। ਆਖਿਰ ਵਿੱਚ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਗੱਲ ਕਰਾਂਗਾ ਕਿ ਇੱਕ ਤਾਂ ਐਕਸ਼ਨ ਹੋ ਗਿਆ ਕਿਉਂਕਿ ਪੁਲੀਟੀਕਲ ਇਸਟੈਬਲਿਸਮੈਂਟ ਜਾਂ ਪੁਲੀਟੀਕਲ ਲੀਡਰਸ਼ਿਪ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਫੈਮਿਲੀ ਤੇ ਕੋਈ ਐਲੀਗੇਸ਼ਨ ਸਾਬਤ ਨਹੀਂ ਹੋਇਆ। ਜਿਨ੍ਹਾਂ ਨੇ ਇਹ ਪਰਾਪੇਗੰਡਾ ਚਲਾਇਆ ਹੈ, ਇਸ ਸਰਕਾਰ ਨੂੰ ਬਦਨਾਮ ਕੀਤਾ ਹੈ, ਇਸ ਕਮਿਸ਼ਨ ਆਫ ਇਨਕੁਆਇਰੀ ਨੇ ਤਿੰਨ ਲਫਜ਼ ਕਹੇ ਹਨ ਕਿ ਕੋਈ ਵੇਗ ਐਵੀਡੈਂਸ ਹੋਵੇ, ਉਹ ਵੀ ਨਹੀਂ ਹੈ। ਦੂਜਾ ਕਿਹਾ ਕਿ ਕੋਈ ਵੇਗ ਐਲੀਗੇਸ਼ਨ ਹੋਵੇ ਅਤੇ ਤੀਜਾ ਕਿ ਕੋਈ ਫੀਸ਼ਿੰਗ ਇਨਕੁਆਰੀ ਹੈ, ਇਹ ਪ੍ਰੀਐਂਬਲ ਹੈ, ਕਮਿਸ਼ਨ ਇਨਕੁਆਰੀ ਦਾ । ਇਸ ਦੇ ਬਾਵਜੂਦ ਜੋ ਇਨਕੁਆਰੀ ਕਮਿਸ਼ਨ ਬਣਿਆ ਔਰ ਉਸ ਵਿੱਚ ਜੋ ਕੁਝ ਸਾਫ ਸੁਥਰਾ ਹੋਇਆ। ਇਨ੍ਹਾਂ ਨੇ ਕੰਪੇਨ ਕੀਤਾ ਹੈ, ਅੱਗੇ ਤੋਂ, ਮੇਰੀ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਾਰੇ ਹਾਊਸ ਨੂੰ ਰਿਕੁਐਸਟ ਹੈ ਕਿ ਝੂਠ ਦੀ ਬੁਨਿਆਦ ਉਤੇ ਕਿਸੇ ਵੀ ਆਦਮੀ ਦੇ ਰੈਪੂਟੇਸ਼ਨ ਨੂੰ ਡਿਸਟਰਾਏ ਨਾ ਕਰੇ। ਇਹ ਜਿਹੜਾ ਇਸ ਤਰ੍ਹਾਂ ਰੈਪੂਟੇਸ਼ਨ ਡਿਸਟਰਾਏ ਕਰਨ ਦਾ ਕੰਮ ਇਨ੍ਹਾਂ ਨੇ ਪਕੜਿਆ ਹੈ, ਇਸ ਨੂੰ ਨੰਗਾ ਕਰਨ ਦੀ ਜ਼ਰੂਰਤ ਹੈ ਤਾਂ ਕਿ ਅੱਗੇ ਤੋਂ ਇਸ ਤਰ੍ਹਾਂ ਦੀ ਇਹ ਹਿੰਮਤ ਨਾ ਕਰਨ। ਇਸ ਦੇ ਵਾਸਤੇ ਮੈਂ ਚਾਹਾਂਗਾ ਕਿ ਹਾਊਸ ਦੀ ਇਕ ਕਮੇਟੀ ਬਣਨੀ ਚਾਹੀਦੀ ਹੈ। ਜਿਹੜੇ ਬੰਦੇ ਝੂਠ ਬੋਲਣਗੇ ਉਨ੍ਹਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ ਅਤੇ ਜਿਹੜੇ ਬੰਦੇ ਸੱਚ ਬੋਲਣਗੇ ਉਨ੍ਹਾਂ ਦਾ ਰੈਪੂਟੇਸ਼ਨ ਡਿਸਟਰਾਏ ਨਾ ਹੋਵੇ। ਇੱਕ ਅਖਬਾਰ ਦੀ ਕਰੈਡੀਬਿਲਟੀ ਦਾ ਵੀ ਇਸ਼ੂ ਹੈ, ਇਹ ਕਮੇਟੀ ਇਹ ਵੀ ਵੇਖ ਲਵੇ ਕਿ ਅਖਬਾਰ ਵਾਲਿਆਂ ਨੂੰ ਕਿਸ ਤਰ੍ਹਾਂ ਟਰੈਪ ਕੀਤਾ ਜਾ ਰਿਹਾ ਸੀ ਔਰ ਕਿਸ ਤਰ੍ਹਾਂ ਉਨ੍ਹਾਂ ਨੂੰ ਮਿਸਯੂਜ਼ ਕੀਤਾ ਜਾ ਰਿਹਾ ਸੀ। ਮੈਂ ਬਹੁਤੀਆਂ ਗੱਲਾਂ ਨਹੀਂ ਕਰਾਂਗਾ ਪਰ ਜੇਕਰ ਕਮੇਟੀ ਬਣੀ ਤਾਂ ਮੈਂ ਉਸ ਕਮੇਟੀ ਦੇ ਸਾਹਮਣੇ ਸਾਰੀਆਂ ਸੀਕਰੇਟਸ ਗੱਲਾਂ ਰੱਖਣ ਦਾ ਇੰਤਜ਼ਾਮ ਕਰਾਂਗਾ। ਮੈਂ ਇਹ ਗੱਲ ਕਹਿੰਦਾ ਹਾਂ ਕਿ ਜਿਹੜਾ ਸਚਮੁੱਚ ਸੱਚਾ ਇਨਸਾਨ ਹੋਵੇ ਅਤੇ ਸੱਚੇ ਇਨਸਾਨ ਦੇ ਉਤੇ ਜਿਹੜਾ ਬੰਦਾ ਇਲਜ਼ਾਮ ਲਗਾਵੇ ਤਾਂ ਉਸ ਵਿਰੁਧ ਕੋਈ ਐਕਸ਼ਨ ਨਾ ਹੋਵੇ ਤਾਂ ਉਨ੍ਹਾਂ ਵਾਸਤੇ ਪਰਮਾਨੈਂਟਲੀ (ਸਰਦਾਰ ਗਗਨਦੀਪ ਸਿੰਘ ਜੀ ਵਲੋਂ ਵਿਘਨ) ਬਰਨਾਲਾ ਸਾਹਿਬ, ਤੁਸੀਂ ਬੈਠ ਜਾਓ......ਵਿਘਨ....

Original with;
Punjab Vidhan Sabha
Digitized by;
Panjab Digital Library

**ਮਾਨਯੋਗ ਡਿਪਟੀ ਸਪੀਕਰ** : ਡਿਸਟਰਬ ਨਾ ਕਰੋ। ਤੁਸੀਂ ਬੈਠ ਜਾਓ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ** : ਬਰਨਾਲਾ ਸਾਹਿਬ, ਮੈਂ ਤੁਹਾਡੀ ਗੱਲ ਸਮਝ ਗਿਆ ਹਾਂ। ਤੁਸੀਂ ਕਹਿੰਦੇ ਹੋ ਕਿ ਸਾਨੂੰ ਇਸ ਵਿਚ ਕਿਉਂ ਸ਼ਾਮਲ ਕਰ ਰਹੇ ਹੋ। ਇਹ ਬਿਲਕੁਲ ਤੁਹਾਡੀ ਗੱਲ ਠੀਕ ਹੈ, ਮੈਂ ਤੁਹਾਨੂੰ ਨਹੀਂ ਕਹਿ ਰਿਹਾ। ਮੈਂ ਉਨ੍ਹਾਂ ਨੂੰ ਕਹਿ ਰਿਹਾ ਹਾਂ ਜਿਨ੍ਹਾਂ ਨੇ ਕੀਤਾ ਹੈ, ਇਸ ਲਈ ਉਹ ਸੁਣ ਲੈਣ। ਤੁਹਾਡਾ ਇਸ਼ਾਰਾ ਮੈਂ ਸਮਝਦਾ ਹਾਂ। ਮੇਰੀ ਰਿਕੁਐਸਟ ਹੈ ਕਿ ਜਦੋਂ ਬਿਜਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਹੋਵੇ ਤਾਂ ਉਸ ਵਿਚ ਦੋ ਮੁੱਦਿਆਂ ਦੇ ਉਤੇ ਇਹ ਵੇਖ ਲਿਆ ਜਾਵੇ ਕਿ ਇਕ ਤਾਂ ਸ਼ੰਗਾਨੀ ਕਮਿਸ਼ਨ ਦੀ ਜਿਹੜੀ ਰਿਪੋਰਟ ਹੈ ਉਸ ਉਤੇ ਵੀ ਬਹਿਸ ਹੋਵੇ, ਜਿਹੜੀ ਕਿ ਐਕਸ਼ਨ ਟੇਕਨ ਰਿਪੋਰਟ ਹੈ। ਇਕ ਗੱਲ ਇਨ੍ਹਾਂ ਨੇ ਹੋਰ ਚਲਾਈ ਕਿ ਹਾਈ ਕੋਰਟ ਦੇ ਚੀਫ਼ ਜਸਟਿਸ ਤੋਂ ਇਜਾਜ਼ਤ ਨਹੀਂ ਲਈ, ਇਹ ਮੈਂ ਦੱਸਦਾ ਹਾਂ ਕਿ ਜਦੋਂ ਰਿਟਾਇਰਡ ਜੱਜ ਹੋਵੇ ਤਾਂ ਇਸ ਤਰ੍ਹਾਂ ਦੀ ਇਜ਼ਾਜਤ ਲੈਣ ਦੀ ਲੋੜ ਹੀ ਨਹੀਂ ਹੈ। ਜਿੰਨੇ ਵੀ ਪਹਿਲਾਂ ਕਮਿਸ਼ਨ ਬਣੇ ਹਨ ਉਨ੍ਹਾਂ ਦੇ ਬਾਰੇ ਤੁਸੀਂ ਦੇਖ ਲਵੋ ਚਾਹੇ ਉਹ ਭੱਲਾ ਕਮਿਸ਼ਨ, ਗੁਰਨਾਮ ਸਿੰਘ ਕਮਿਸ਼ਨ ਜਾਂ ਹਰਬੰਸ ਸਿੰਘ ਕਮਿਸ਼ਨ ਸੀ। ਕਿਸੇ ਵੇਲੇ ਵੀ ਇਸ ਤਰ੍ਹਾਂ ਦੀ ਜ਼ਰੂਰਤ ਨਹੀਂ ਪਈ। ਇਹ ਇੱਕ ਟਰਸਟ ਵਰਥੀ ਦਾ ਸਟੇਟ ਹੈ, ਜੇਕਰ ਮੈਂ ਨਹਿਰਾ ਕਮਿਸ਼ਨ ਦੀ ਹਿਸਟਰੀ ਦੱਸਾਂ ਤਾਂ ਉਸ ਦੀ ਆਬਜੈਕਟਿਵੀ ਦਾ ਐਕਸੀਲੈਂਸੀ ਦਾ ਰਿਕਾਰਡ ਹੈ ਅਤੇ ਐਕਸੀਲੈਂਟ ਰਿਕਾਰਡ ਹੈ ਮੋਸਟ ਆਨੈਸਟ ਜੱਜ ਦਾ। ਇਸ ਤਰ੍ਹਾਂ ਉਨ੍ਹਾਂ ਦੇ ਉਤੇ ਲਾਂਛਣ ਲਗਾਉਣਾ, ਮੈਂ ਸਮਝਦਾ ਹਾਂ ਕਿ ਇਹ ਜੁਡੀਸ਼ਰੀ ਤੋਂ ਬਰਦਾਸ਼ਤ ਨਹੀਂ ਹੋਣਾ ਚਾਹੀਦਾ। ਇਸ ਹਾਊਸ ਨੂੰ ਐਟਲੀਸਟ ਉਸ ਜੱਜ ਦੀ ਡਿਗਨਿਟੀ ਨੂੰ ਪੂਰੀ ਤਰ੍ਹਾਂ ਅਪ-ਹੈਲਡ ਕਰਨਾ ਚਾਹੀਦਾ ਹੈ। ਇੱਕ ਛੋਟੇ ਜਿਹੇ ਪੁਆਇੰਟ ਨੂੰ ਅਚੀਵ ਕਰਨ ਵਾਸਤੇ ਇਸ ਤਰ੍ਹਾਂ ਨਹੀਂ ਕੀਤਾ ਜਾਣਾ ਚਾਹੀਦਾ, ਇਹ ਉਨ੍ਹਾਂ ਦੀ ਬੇਇੱਜ਼ਤੀ ਹੈ, ਇਸ ਤਰ੍ਹਾਂ ਫਿਊਚਰ ਵਿਚ ਨਹੀਂ ਹੋਣਾ ਚਾਹੀਦਾ। ਮੇਰੀ ਦੁਬਾਰਾ ਬੇਨਤੀ ਹੈ ਕਿ ਬਿਜ਼ਨੈਸ ਐਡਵਾਈਜਰੀ ਕਮੇਟੀ ਵਿਚ ਮੁਦਿਆਂ ਬਾਰੇ ਗੱਲ ਕਰਨੀ ਹੈ ਕਿ ਇਕ ਤਾਂ ਸ਼ੰਗਾਨੀ ਕਮਿਸ਼ਨ ਦੀ ਰਿਪੋਰਟ ਉਤੇ ਬਹਿਸ ਹੋਣੀ ਚਾਹੀਦੀ ਹੈ ਕਿਉਂਕਿ ਇਸ ਉਤੇ ਪਹਿਲਾਂ ਨਹੀਂ ਹੋ ਸਕੀ, ਇਹ ਪੰਜਾਬ ਵਿਚ ਵੀ ਨਹੀਂ ਹੋਈ। ਇਹ ਨੈਸ਼ਨਲ ਗੌਰਮਿੰਟ ਦੀ ਪ੍ਰਾਪਰਟੀ ਹੈ ਕਿਉਂਕਿ ਉਨ੍ਹਾਂ ਨੇ ਇਹ ਕਮਿਸ਼ਨ ਬਣਾਇਆ ਸੀ। ਇਹ ਸਬਮਿੱਟ ਉਮਰਾਓ ਸਿੰਘ ਨੇ ਕੀਤੀ ਸੀ ਪਰ ਡਿਲੇਅ ਹੋ ਗਈ ਤੇ ਬਹਿਸ ਨਹੀਂ ਸੀ ਹੋ ਸਕੀ। ਇਸ ਲਈ ਪੰਜਾਬ ਦੇ ਲੋਕਾਂ ਨੂੰ ਇਸ ਦੇ ਬਾਰੇ ਪਤਾ ਲੱਗੇ ਕਿ ਪਹਿਲੀ ਵਾਰੀ ਮੁੱਖ ਮੰਤਰੀ ਬਣੇ ਸਨ ਤੇ ਪਹਿਲੀ ਵਾਰੀ ਹੀ ਜਿਹੜੇ ਚੰਦ ਚੜ੍ਹਾ ਕੇ ਗਏ ਸਨ। ਉਹ ਸਾਹਮਣੇ ਆ ਜਾਣ ਤੇ ਪਿਛੋਕੜ ਵੀ ਪਤਾ ਲੱਗ ਜਾਵੇ। ਮੈਂ ਇਹ ਉਮੀਦ ਕਰਾਂਗਾ ਕਿ ਇਹ ਜਿਹੜੇ ਦੋਵੇਂ ਸੁਝਾਅ ਰਖੇ ਹਨ, ਬਿਜ਼ਨਸ ਐਡਵਾਈਜ਼ਰੀ ਕਮੇਟੀ ਵਾਸਤੇ ਹਾਊਸਿੰਗ ਕਮੇਟੀ ਬਣੇ ਤਾਂ ਕਿ ਹਾਊਸ ਦੇ ਲੋਕ ਅੱਗੇ ਤੋਂ ਸਫ਼ਰ ਨਾ ਹੋਣ, ਝੂਠੇ ਪ੍ਰਾਪੇਗੰਡੇ ਤੋਂ। ਇਹ ਕਹਿੰਦਾ ਹੋਇਆ ਮੈਂ, ਤੁਹਾਡਾ ਧੰਨਵਾਦ ਕਰਦਾ ਹਾਂ। ਜੈ ਹਿੰਦ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ (ਲੰਬੀ)** : ਡਿਪਟੀ ਸਪੀਕਰ ਸਾਹਿਬ, ਜੋ ਇਸ ਹਾਊਸ ਵਿਚ ਬਹੁਤ ਹੀ ਅਹਿਮ ਮੁੱਦੇ ਤੇ ਬਹਿਸ ਹੋ ਰਹੀ ਹੈ, ਮੈਂ ਚਾਹੁੰਦਾ ਸੀ ਕਿ ਇਸ ਮੁੱਦੇ ਤੇ ਬਹੁਤ ਹੀ ਸੰਜੀਦਗੀ ਨਾਲ ਬਹਿਸ ਹੋਵੇ। ਇਹ ਹਾਊਸ ਅਖਾੜਾ ਨਾ ਬਣਾਇਆ ਜਾਵੇ। ਇਕ ਦੂਜੇ ਤੇ ਝੂਠੇ ਇਲਜ਼ਾਮ ਅੱਗੇ ਤੋਂ ਨਾ ਲਗਾਏ ਜਾਣ। ਮੈਂ, ਚੀਫ਼ ਮਨਿਸਟਰ ਸਾਹਿਬ ਨੂੰ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਕਹਾਂਗਾ ਕਿ ਉਨ੍ਹਾਂ ਨੇ ਜੋ ਇਨੀਸ਼ੀਏਟ ਕਰਨ ਵਾਸਤੇ ਫਾਈਨਾਂਸ ਮਨਿਸਟਰ ਸਾਹਿਬ ਦੀ ਡਿਊਟੀ ਲਗਾਈ ਹੈ, ਇਨ੍ਹਾਂ ਵਿਚੋਂ ਕਿਸੇ ਸਿਆਣੇ ਬੰਦੇ ਦੀ ਲਗਾ ਦਿੰਦੇ ਕਿਉਂਕਿ ਇਕ ਜਿਹੜਾ ਆਪਣੇ ਆਪ ਨੂੰ ਬਹੁਤ ਸਿਆਣਾ ਸਮਝਣ ਲੱਗ ਜਾਂਦਾ ਹੈ, ਇਹ ਦਿਮਾਗ ਵਿਚ ਆ ਜਾਵੇ ਕਿ ਮੇਰੇ ਨਾਲੋਂ ਕੋਈ ਹੋਰ ਸਿਆਣਾ ਨਹੀਂ, ਇਨ੍ਹਾਂ ਨੇ ਆਪ ਹੀ ਕਈ ਥਾਂ ਕਿਹਾ ਹੈ ਕਿ ਮੈਂ ਤਾਂ ਪੰਜਾਬ ਵਿਚ ਆ ਕੇ ਫਸ ਗਿਆ। ਮੈਂ ਤਾਂ ਹਿੰਦੁਸਤਾਨ ਦਾ ਫਾਈਨਾਂਸ ਮਨਿਸਟਰ ਬਣਨਾ ਸੀ ਤੇ ਹਿੰਦੁਸਤਾਨ ਦੇ ਫਾਈਨਾਂਸ ਮਨਿਸਟਰ ਦਾ ਜੋ ਸੁਪਨਾ ਹੈ ਜੇ ਕਿਤੇ ਉਹ ਪੂਰਾ ਹੋ ਜਾਂਦਾ ਤਾਂ ਫੇਰ ਪਰਮਾਤਮਾ ਜਾਣੇ ਹਿੰਦੁਸਤਾਨ ਦਾ ਕੀ ਹੁੰਦਾ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ (ਬੈਠੇ-ਬੈਠੇ) :** ਇਹ ਮੁੱਦਾ ਅਗਲੀ ਬਹਿਸ ਵਿਚ ਰਖਵਾ ਦਿਓ, ਡਿਪਟੀ ਸਪੀਕਰ ਸਾਹਿਬ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਮੈਂ ਬਿਲਕੁਲ ਚੁੱਪਚਾਪ ਬੈਠਾ ਰਿਹਾ। ਹੁਣ ਮੇਰੀ ਗੱਲ ਇਹ ਵੀ ਚੁੱਪਚਾਪ ਸੁਣ ਲੈਣ। ਮੈਂ ਦਲੀਲ ਨਾਲ ਗੱਲ ਕਰਨੀ ਹੈ ਇਨ੍ਹਾਂ ਵਾਂਗ ਠੁੱਲਾ ਨਹੀਂ ਮਾਰਨਾ। ਮੇਰਾ ਖਿਆਲ ਹੈ ਇਨ੍ਹਾਂ ਦੀ ਸਪੀਚ ਰਿਕਾਰਡ ਹੋ ਜਾਣੀ ਹੈ, ਕਿਸੇ ਨੂੰ ਪੜ੍ਹਾ ਦਿਓ ਕਿ ਨਹਿਰਾ ਕਮਿਸ਼ਨ ਤੇ ਬੋਲਿਆ ਗਿਆ ਹੈ ਜਾਂ ਅਕਾਲੀਆਂ ਤੇ ਬੋਲਣ ਵਾਸਤੇ। ਇਨ੍ਹਾਂ ਨੇ ਖਾਸ ਆਈਟਮ ਲੱਭੀ ਹੈ। ਇਲੈਕਸ਼ਨਾਂ ਤੋਂ ਬਾਅਦ ਇਕ ਫਾਲਸ ਵਾਰ ਆਫ ਕੁਰਪਸ਼ਨ ਸ਼ੁਰੂ ਕੀਤੀ ਗਈ ਸੀ। ਉਸ ਤੋਂ ਬਾਅਦ ਇਹ ਜਿਹੜੇ ਫਾਲਸ ਵਾਰ ਆਫ ਕੁਰਪਸ਼ਨ ਤੋਂ ਸ਼ੁਰੂ ਹੋਏ, ਵਾਰ ਆਫ ਅਕਾਲੀ ਦਲ ਸ਼ੁਰੂ ਕਰ ਦਿਤੀ। ਸ਼੍ਰੋਮਣੀ ਅਕਾਲੀ ਦਲ ਦੇ ਲੀਡਰਾਂ , ਵਰਕਰਾਂ ਤੇ ਐਮ.ਐਲ.ਏਜ਼ ਤੇ ਕੁਰੱਪਸ਼ਨ ਦੇ ਝੂਠੇ ਮੁਕੱਦਮੇ ਬਣਾਏ ਗਏ। ਡਿਪਟੀ ਸਪੀਕਰ ਸਾਹਿਬ, ਉਸ ਦਾ ਕਾਰਨ ਸਮਝੋ। ਇਹ ਬੜੀ ਵੱਡੀ ਕਾਂਸਪੀਰੇਸੀ ਹੈ ਜਿਸ ਦਾ ਸ਼ਾਇਦ ਤੁਹਾਨੂੰ ਵੀ ਇਲਮ ਨਾ ਹੋਵੇ ਕਿਉਂਕਿ ਜਦੋਂ ਤੋਂ ਦੇਸ਼ ਅਜ਼ਾਦ ਹੋਇਆ ਹੈ ਉਦੋਂ ਤੋਂ ਕਾਂਗਰਸ ਦੀ ਇਕ ਨੀਤੀ ਰਹੀ ਹੈ ਪੰਜਾਬ ਵਾਸਤੇ, ਪੁਲੀਟੀਕਲ ਨੀਤੀ ਕਿ ਸ਼੍ਰੋਮਣੀ ਅਕਾਲੀ ਦਲ ਜਿਹੜੀ ਦੇਸ਼ ਭਗਤਾਂ ਦੀ ਪਾਰਟੀ ਹੈ, ਜਿਹੜੀ ਦੇਸ਼ ਦੇ ਪੰਜਾਬ ਦੇ ਹਿੱਤਾਂ ਲਈ ਲੜਨ ਵਾਲੀ ਹੈ, ਜਿਨ੍ਹਾਂ ਨੇ ਐਮਰਜੰਸੀ ਵਰਗੀ ਲੜਾਈ ਵਿਚ..........

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ :** ਡਿਪਟੀ ਸਪੀਕਰ ਸਾਹਿਬ, ਇਹ ਨਹਿਰਾ ਕਮਿਸ਼ਨ ਤੇ ਬੋਲਿਆ ਜਾ ਰਿਹਾ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਹਾਂ ਜੀ, ਕੁਰਪਸ਼ਨ ਤੇ ਬੋਲਿਆ ਜਾ ਰਿਹਾ ਹੈ। ਅਕਾਲੀਆਂ ਨੂੰ ਬਦਨਾਮ ਕੀਤਾ ਜਾਵੇ। ਕਦੇ ਸਾਨੂੰ ਟੈਰੋਰਿਸਟ ਕਿਹਾ, ਕਦੇ ਸਾਨੂੰ ਐਂਟੀ ਨੈਸ਼ਨਲ ਕਿਹਾ, ਕਦੇ ਪਾਕਿਸਤਾਨ ਦੇ ਮਿੱਤਰ ਕਿਹਾ, ਅਸੀਂ ਸਹਾਰਦੇ ਗਏ। ਇਕ ਤਾਂ ਜਿਹੜਾ ਇਨ੍ਹਾਂ ਦਾ ਸਾਡੇ ਤੇ ਮੁਕੱਦਮੇ ਚਲਾਉਣਾ ਸੀ, ਇਹ ਕੁਰਪਸ਼ਨ ਦੀ ਗੱਲ ਨਹੀਂ ਸੀ ਬਲਕਿ ਅਕਾਲੀ ਦਲ ਨੂੰ ਭੈਭੀਤ ਕਰਨਾ ਅਤੇ ਉਸ ਦਾ ਮਤਲਬ ਕੀ ਸੀ ਕਿ ਇੰਨੇ ਭੈਭੀਤ ਹੋ ਜਾਣ ਇੰਨੇ ਡਿਫਾਰਮ ਹੋ ਜਾਣ ਕਿ ਆਪਣੇ ਬਚਾਅ ਵਿਚ ਹੀ ਲੱਗੇ ਰਹਿਣ। ਅਸੀਂ ਇਨ੍ਹਾਂ ਦੇ ਖਿਲਾਫ਼ ਆਵਾਜ਼ ਨਾ ਉਠਾ ਸਕੀਏ। ਅਸਲ ਇਨ੍ਹਾਂ ਦਾ ਜਿਹੜਾ ਮੁੱਦਾ ਸੀ, ਉਹ ਇਹੀ ਸੀ। ਹੁਣ ਇਨ੍ਹਾਂ ਨੇ ਕੁਰਪਸ਼ਨ ਦੀ ਕਦੇ ਗੱਲ ਹੀ ਨਹੀਂ ਕੀਤੀ। ਕਾਂਗਰਸ ਪ੍ਰੈਜੀਡੈਂਟ ਸਾਹਿਬ

Original with;
Punjab Vidhan Sabha
Digitized by;
Panjab Digital Library

ਜੋ ਹਨ, ਉਹ ਵੀ ਕਹਿੰਦੇ ਹਨ ਕਿ ਕੁਰੱਪਸ਼ਨ ਦਾ ਤਾਂ ਕੋਈ ਇਸ਼ੂ ਨਹੀਂ ਹੈ। ਅੱਜ ਇਹ ਲੋਕ ਜੋ ਸਾਹਮਣੇ ਬੈਠੇ ਹਨ, ਇਹ ਸਿਰ ਤੋਂ ਪੈਰਾਂ ਤੱਕ ਕੁਰੱਪਸ਼ਨ ਵਿਚ ਲੱਥਪੱਥ ਹਨ। (ਆਪੋਜੀਸ਼ਨ ਪਾਰਟੀ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ)।

ਡਿਪਟੀ ਸਪੀਕਰ ਸਾਹਿਬ, ਮੇਰੇ ਕੋਲ ਬੜਾ ਮੈਟੀਰੀਅਲ ਹੈ। ਇਸ ਸਬੰਧ ਵਿਚ ਬਹਿਸ ਲਈ ਭਾਵੇਂ ਕੋਈ ਹੋਰ ਤਾਰੀਖ ਜਿਵੇਂ ਕਿ 19 ਤਾਰੀਖ ਰੱਖ ਲਵੋ। ਫਿਰ ਅਸੀਂ ਸਾਰੀਆਂ ਗੱਲਾਂ ਦੱਸ ਸਕਾਂਗੇ। ਹੁਣ, ਡਿਪਟੀ ਸਪੀਕਰ ਸਾਹਿਬ, ਮੈਂ ਇਸ ਮੁੱਦੇ ਤੇ ਆਉਂਦਾ ਹਾਂ ਕਿ ਨਹਿਰਾ ਕਮਿਸ਼ਨ ਜਿਸ ਨੂੰ ਕਿ ਇੱਕ ਮਲਟੀ ਬਿਲੀਅਨ ਮਨੀ ਲਾਂਡਰਿੰਗ ਦਾ ਜੋ ਕੇਸ ਸੀ, ਜੋ ਕਿ ਫਾਰੇਨ ਐਕਸਚੇਂਜ/ਹਵਾਲਾ ਦਾ ਕੇਸ ਸੀ, ਉਸ ਦੀ ਇਨਕੁਆਇਰੀ ਵਾਸਤੇ ਸਾਡੇ ਮੁੱਖ ਮੰਤਰੀ ਨੇ ਉਸ ਨੂੰ ਲਗਾਇਆ ਸੀ। ਸੈਕਿੰਡਲੀ, ਜਿਵੇਂ ਕਿ ਕਿਸੇ ਫਿਲਮ ਵਿਚ ਕੁਝ ਐਕਟਰ ਹੁੰਦੇ ਹਨ, ਇਸ ਫਿਲਮ ਦੇ ਵਿਚ ਵੀ ਕੁਝ ਐਕਟਰ ਹਨ, ਜਿਨ੍ਹਾਂ ਦਾ ਕਿ ਮੈਂ ਪਹਿਲਾਂ ਥੋੜ੍ਹਾ ਜਿਹਾ ਜ਼ਿਕਰ ਕਰ ਦੇਵਾਂ ਤਾਂ ਸਮਝਣਾ ਸੌਖਾ ਹੋ ਜਾਵੇਗਾ। ਸਭ ਤੋਂ ਮੇਨ ਐਕਟਰ ਇਸ ਦਾ ਹੈ : ਰਣਇੰਦਰ ਸਿੰਘ, ਪੁੱਤਰ ਸਰਦਾਰ ਅਮਰਿੰਦਰ ਸਿੰਘ, ਨਿਊ ਮੋਤੀ ਬਾਗ, ਪਟਿਆਲਾ ਕੰਸਲਟੈਂਟ ਪਾਰਟਨਰ ਇਨ ਪੰਜਾਬ ਇੰਟਰਨੈਟ ਕੰਪਨੀ। ਫਿਰ ਇੱਕ ਜੀ.ਈ.ਸੀ. 'ਗਰੈਨਜ਼' ਜਿਹੜਾ ਕਿ ਚੀਫ ਓਪਰੇਟਿੰਗ ਅਫ਼ਸਰ 'ਐਕਸ ਐਮ.ਐਕਸ. ਗਲੋਬਲ ਸਰਵਿਸਿਜ਼ ਲਿਮਟਿਡ', ਮਾਰੀਸ਼ਿਸ਼ ਦਾ ਸੀ। ਉਸ ਬੰਦੇ ਦਾ ਹਿੰਦੁਸਤਾਨ ਵਿਚ ਹੋਰ ਕੋਈ ਬਿਜਨਿਸ਼ ਨਹੀਂ ਹੈ। ਇਸੇ ਕਰਕੇ ਉਸ ਨੇ ਆਪਣੀ ਸਬਸਿਡੇਰੀ ਮਾਰੀਸ਼ਿਸ਼ ਖੋਲ੍ਹੀ ਕਿਉਂਕਿ ਉਸ ਨੂੰ ਪਤਾ ਹੈ ਕਿ ਹਿੰਦੁਸਤਾਨ ਦੀ ਸਰਕਾਰ ਨੂੰ ਉਸ ਨੂੰ ਕੋਈ ਟੈਕਸ ਨਹੀਂ ਦੇਣਾ ਪਵੇਗਾ।

ਦੂਸਰਾ, ਮਿਸਟਰ ਲਿਉਨਡ ਫਰੀਕੀ ਹੈ, ਜਿਹੜਾ ਕਿ ਆਰਮਸਟਰੌਂਗ ਵਿਚ ਰਹਿਣ ਵਾਲਾ ਹੈ। ਉਸ ਨੇ ਆਪਣੀ ਕੰਪਨੀ ਈਸਟਰਨ ਲਿਮਟਿਡ ਚਾਈਨਲ ਆਇਲੈਂਡ ਬਣਾਈ। ਜਿਸ ਦਾ ਕੰਮ ਸੀ 'ਡੈਸਟੀਨੇਸ਼ਨ ਫਾਰ ਬਲੈਕ ਮਨੀ ਇਨਵੈਸਟਰਜ਼'। ਇਹ ਸਾਰਾ ਤਾਂਤਾ ਮਾਂਤਾ ਕਿਵੇਂ ਬੁਣਿਆ ਗਿਆ। ਅੱਜ ਇਹ ਕਹਿੰਦੇ ਹਨ ਕਿ ਫਰੀਕੀ ਪਤਾ ਨਹੀਂ ਕੌਣ ਹੈ ? ਉਸ ਦੇ ਬਾਰੇ ਸਾਡੇ ਚੀਫ਼ ਮਨਿਸਟਰ ਸਾਹਿਬ ਦੇ ਆਪਣੇ ਲਫਜ਼ ਹਨ ਕਿ 'ਹੀ ਇਜ਼ ਏ ਵੈਰੀ ਨਾਈਸ ਬੁਆਏ'। (ਮੁੱਖ ਮੰਤਰੀ ਬੈਠੇ-ਬੈਠੇ : ਮੈਂ ਤਾਂ ਅੱਜ ਵੀ ਇਹੀ ਕਹਿੰਦਾ ਹਾਂ)। ਉਹ ਵੀ ਇਨ੍ਹਾਂ ਦਾ ਫੈਮਿਲੀ ਫਰੈਂਡ ਹੀ ਸੀ। ਜਿੰਨੇ ਵੀ ਬੰਦਿਆਂ ਦੇ ਨਾਂ ਮੈਂ ਬੋਲੇ ਹਨ, ਇਹ ਸਾਰੇ ਇਨ੍ਹਾਂ ਦੇ ਫੈਮਿਲੀ ਫਰੈਂਡਜ਼ ਹੀ ਹਨ। ਇੱਕ ਹੋਰ ਲੜਕਾ ਹੈ : ਸਚਿਨ ਦੁੱਗਲ ਅਤੇ ਇੱਕ ਹੋਰ ਹੈ : ਚੇਤਨ ਗੁਪਤਾ, ਜੋ ਕਿ ਇਨ੍ਹਾਂ ਦਾ ਅਸਲੀ ਫੈਮਿਲੀ ਫਰੈਂਡ ਹੈ। ਮੈਂ ਇਹ ਸਾਰੀਆਂ ਗੱਲਾਂ ਰਿਕਾਰਡ ਦੀਆਂ ਹੀ ਦੱਸ ਰਿਹਾ ਹਾਂ। ਮੈਂ ਇੱਕ ਗੱਲ ਵੀ ਝੂਠ ਨਹੀਂ ਬੋਲਾਂਗਾ। (ਮੁੱਖ ਮੰਤਰੀ (ਬੈਠੇ-ਬੈਠੇ) ਇਹ ਨਿਰਾ ਝੂਠ ਹੀ ਤਾਂ ਹੈ।)

ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਕੁਝ ਫੈਕਟਸ ਦੇ ਦਿੰਦਾ ਹਾਂ। ਦਸੰਬਰ 28, 2000 ਵਿਚ ਜਿਹੜਾ ਸਾਡੇ ਦੇਸ਼ ਦਾ ਮੋਸਟ ਰਿਸਪਾਂਸੀਬਲ ਅਤੇ ਹਾਈਅਲੀ ਰਿਸਪੈਕਟਿਡ ਅਖਬਾਰ ਹੈ 'ਹਿੰਦੁਸਤਾਨ ਟਾਈਮਜ਼' ਉਸ ਵਿਚ ਖਬਰ ਛਪੀ ਹੈ। ਉਸ ਦਾ ਹੈਡਿੰਗ ਹੈ 'curious transaction in the name of Punjab Internet'. ਉਸ ਦੀ ਰਿਪੋਰਟ ਵਿਚ ਬਹੁਤ ਕੁਝ ਡਿਸਕਲੋਜ਼ ਕੀਤਾ ਗਿਆ ਹੈ। ਉਸ ਵਿਚ ਇਹ ਵੀ ਦੱਸਿਆ ਗਿਆ ਹੈ ਕਿ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਪੰਜਾਬ ਗੌਰਮਿੰਟ ਪਰਪੋਜ਼ ਕਰਨਾ ਚਾਹੁੰਦੀ ਹੈ ਇੱਕ ਇੰਟਰਨੈਟ ਕੰਪਨੀ ਨੂੰ ਔਰ ਉਹ ਜਿਹੜੀ ਕੰਪਨੀ ਹੈ ਉਹ ਫਰੀ ਫਾਈਬਰ ਔਪਟਿਕ ਕੁਨੈਕਟੀਵਿਟੀ ਗੌਰਮਿੰਟ ਅਤੇ ਪ੍ਰਾਈਵੇਟ ਇੰਸਟੀਚਿਊਸ਼ਨਜ਼ ਨੂੰ ਅਤੇ ਕਾਰਪੋਰੇਟਸ ਨੂੰ ਐਕਰੌਸ ਦਿ ਪੰਜਾਬ ਦੇਵੇਗੀ। ਡਿਪਟੀ ਸਪੀਕਰ ਸਾਹਿਬ, ਮੇਰੇ ਕੋਲ ਇੱਕ ਮਿਤੀ 19 ਅਗਸਤ, 2003 ਦਾ ਵੀ ਲੈਟਰ ਹੈ ਜਿਹੜਾ ਕਿ ਮੈਂ ਐਗਜ਼ੈਕਟ ਪੜ੍ਹ ਕੇ ਸੁਣਾਉਂਦਾ ਹਾਂ ਜਿਸ ਦਾ ਕਿ ਮੈਂ ਪਹਿਲਾਂ ਵੀ ਨਾਂ ਲਿਆ ਹੈ, ਉਹ ਹੈ 'ਜੇ.ਈ.ਸੀ. ਗਰੇਨਜ਼', ਚੀਫ ਓਪਰੇਟਿੰਗ ਅਫਸਰ, ਐਕਸ.ਐਮ.ਐਕਸ. ਗਲੋਬਲ ਟੈਕਨਾਲੋਜੀ ਸਰਵਿਸਿਜ਼ ਲਿਮਟਿਡ ਦਾ। ਜਿਸ ਦਾ ਕਿ ਥਾਈਲੈਂਡ ਦੇ ਵਿਚ ਦਫ਼ਤਰ ਹੈ। ਮੈਂ ਉਸ ਬਾਰੇ ਐਗਜ਼ੈਕਟ ਲਫਜ਼ਾਂ ਦੇ ਵਿਚ ਪੜ੍ਹ ਕੇ ਸੁਣਾ ਦਿੰਦਾ ਹਾਂ। ਉਸਨੇ ਫਰੀਕ ਨੂੰ ਚਿਠੀ ਲਿਖੀ।

"Dear Mr. Leonard :

Reference to our ongoing project, Punjab Internet Company (PIC). We have received one lac U.S. dollar in our account at the credit Suisse, Montreux, Switzerland on the 8th of August, 2003 from C/o ABT Tech. Singapore as per our invoice number 0803-003 on behalf of Mr. Ranainder Singh your Consultant/Partner in the Punjab Internet Company. We have issued a payment to you as per instructions to Esquare Communication Ltd. as per Invoice No. 200318 today. We await the balance remittance of U.S. 900,000 dollar as per agreement at the earliest. Yours Sincerely JEC Grange, CEO."

ਸਭ ਤੋਂ ਵੱਡੀ ਗੱਲ ਇਸ ਲੈਟਰ ਵਿਚ ਕਾਪੀ ਟੂ ਰਣਇੰਦਰ ਸਿੰਘ, ਨਿਊ ਮੋਤੀ ਬਾਗ, ਪਟਿਆਲਾ, ਇਹ ਲੈਟਰ 8 ਨਵੰਬਰ ਦੀ ਲਿਖੀ ਹੋਈ ਹੈ ਅਤੇ ਜਿਹੜੀ ਇਨ੍ਹਾਂ ਨੂੰ ਭੇਜੀ ਗਈ ਸੀ.......

**ਮੁੱਖ ਮੰਤਰੀ (ਬੈਠੇ-ਬੈਠੇ)** : ਇਹ ਲੈਟਰ 8 ਨਵੰਬਰ ਦੀ ਨਹੀਂ ਬਲਕਿ ਇਹ 8 ਦਸੰਬਰ ਦੀ ਹੈ। ਇਸ ਨੂੰ ਕੁਰੈਕਟ ਕਰ ਲਓ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਇਹ ਤਾਰੀਕ ਇਧਰ-ਉਧਰ ਹੋ ਸਕਦੀ ਹੈ। ਇਸ ਲੈਟਰ ਦੀ ਕਾਪੀ ਮੇਰੇ ਕੋਲ ਰਿਕਾਰਡ ਵਿਚ ਹੈ। ਡਿਪਟੀ ਸਪੀਕਰ ਸਾਹਿਬ, ਫਿਰ ਖਬਰਾਂ ਛਪਦੀਆਂ ਰਹੀਆਂ ਹਿੰਦੁਸਤਾਨ ਟਾਈਮਜ਼ ਵਿੱਚ। ਜਿਹੜੇ ਐਲੀਗੇਸ਼ਨ ਸਨ ਉਹ ਕਈ ਰਿਪੋਰਟਾਂ ਤੋਂ ਸਾਹਮਣੇ ਆਏ। ਜਿਹੜੀ ਡਿਸਕਸ਼ਨ ਹੋਈ ਹੈ to set up Internet Company. ਇਹ ਚੀਫ ਮਨਿਸਟਰ ਸਾਹਿਬ, ਇਨ੍ਹਾਂ ਦਾ ਸਾਰਾ ਪਰਿਵਾਰ ਅਤੇ ਹੋਰ ਜਿਹੜੇ ਇਨ੍ਹਾਂ ਦੇ ਦੋ ਚਾਰ ਖਾਸ ਖਾਸ ਅਫ਼ਸਰ ਹਨ, ਉਨ੍ਹਾਂ ਦੀ 2 ਫਰਵਰੀ, 2003 ਨੂੰ ਚੰਡੀਗੜ੍ਹ ਵਿਖੇ ਮੀਟਿੰਗ ਹੋਈ। ਇਹ ਸਾਰੇ ਡਿਸਕਸ਼ਨ ਵਿਚ ਇਨਵਾਲਵ ਹੁੰਦੇ ਰਹੇ। ਪਹਿਲਾਂ ਇਹ ਦੱਸਿਆ ਗਿਆ ਸੀ ਕਿ ਇਸ ਪ੍ਰਾਜੈਕਟ ਦੀ ਕਾਸਟ 11.34 ਕਰੋੜ ਰੁਪਏ ਹੋਵੇਗੀ ਜਿਸ ਵਿਚੋਂ 5.67 ਕਰੋੜ ਪੰਜਾਬ ਗੌਰਮਿੰਟ ਦੇਵੇਗੀ। ਇਹ ਕੰਪਨੀ ਅਸਲ ਵਿਚ ਕਿਉਂ ਬਣਾਈ ਗਈ? ਇਹ ਇਸ ਵਾਸਤੇ ਨਹੀਂ ਬਣਾਈ ਗਈ ਸੀ ਕਿ ਇਥੇ ਕੋਈ ਓਪਟਿਕ ਫਾਈਬਰ ਲਗਾਣੇ ਸਨ, ਇਹ ਕੰਪਨੀ ਬਣਾਈ ਗਈ ਕਿ ਜਿਹੜੀ ਇਨ੍ਹਾਂ ਨੇ ਬਲੈਕ ਮਨੀ ਇਕੱਠੀ ਕੀਤੀ ਸੀ, ਉਸ ਨੂੰ ਸਾਈਫਨ ਆਊਟ ਕਰਨ ਵਾਸਤੇ, ਬਾਹਰ ਭੇਜਣ ਵਾਸਤੇ। ਡਿਪਟੀ ਸਪੀਕਰ ਸਾਹਿਬ, 14

Original with;
Punjab Vidhan Sabha
Digitized by;
Panjab Digital Library

ਮਈ, 2003 ਨੂੰ ਰਣਇੰਦਰ ਸਿੰਘ ਨੇ ਫਰੀਕੀ ਨੂੰ ਇੱਕ ਈ-ਮੇਲ ਭੇਜੀ ਜਿਸ ਵਿੱਚ ਲਿਖਿਆ ਗਿਆ ਕਿ ਚੇਤਨ ਗੁਪਤਾ ਸਾਡਾ ਬਹੁਤ ਹੀ ਓਲਡ ਫੈਮਿਲੀ ਐਸੋਸੀਏਟ ਹੈ, ਉਸ ਨੂੰ ਅਸੀਂ ਇਸ ਕੰਪਨੀ ਵਿੱਚ ਇੰਡੀਅਨ ਪਾਰਟਨਰ ਬਣਾਉਣਾ ਚਾਹੁੰਦੇ ਹਾਂ। ਇਹ ਸਾਡਾ ਬੜਾ ਅੱਛਾ ਫੈਮਿਲੀ ਫਰੈਂਡ ਹੈ ਕਿਉਂਕਿ ਇਹ ਸਾਰਾ ਕੰਮ ਹੀ ਫੈਮਿਲੀ ਫਰੈਂਡਾਂ ਦਾ ਸੀ, ਨਾਲ ਹੀ ਇਹ ਵੀ ਲਿਖਿਆ ਕਿ ਹੁਣ ਅਸੀਂ 14.18 ਕਰੋੜ ਰੁਪਿਆ ਭੇਜਾਂਗੇ, ਬਜਾਏ ਕਿ 5.67 ਕਰੋੜ ਰੁਪਿਆ ਭੇਜਣ ਦੇ। ਪਰ ਇਹ ਪੰਜਾਬ ਗੌਰਮਿੰਟ ਨਹੀਂ ਭੇਜੇਗੀ, ਇਹ ਸਾਡਾ ਫੈਮਿਲੀ ਫਰੈਂਡ ਭੇਜੇਗਾ। ਇਸੇ ਤਰ੍ਹਾਂ ਦੀਆਂ ਹੋਰ ਵੀ ਈ-ਮੇਲ ਭੇਜੀਆਂ ਗਈਆਂ। ਉਨ੍ਹਾਂ ਦਾ ਰਿਕਾਰਡ ਸਭ ਕੋਲ ਹੈ, ਮੇਰੇ ਕੋਲ ਵੀ ਹੈ। ਜੇ ਹੋਰ ਬਹੁਤ ਸਾਰੀਆਂ ਗੱਲਾਂ ਧਿਆਨ ਨਾਲ ਪੜ੍ਹੀਏ ਤਾਂ ਸਾਹਮਣੇ ਆਉਂਦੀਆਂ ਹਨ ਕਿ ਕਿਸ ਤਰ੍ਹਾਂ ਇਲੀਲੀਗਲ ਅਪਰੇਸ਼ਨ ਹੁੰਦੇ ਰਹੇ ਕਿਸ ਤਰ੍ਹਾਂ ਇਲਲੀਗਲ ਟਰਾਂਜ਼ੈਕਸ਼ਨ ਆਫ ਮਨੀ ਹੋਈ ਹੈ। 6 ਨਵੰਬਰ, 2003 ਨੂੰ ਸਚਿਨ ਦੁੱਗਲ ਜਿਹੜਾ ਹੈ, ਉਸਨੇ ਫਰੀਕੀ ਨੂੰ ਈ-ਮੇਲ ਲਿਖਿਆ ਹੈ। ਉਹ ਮੈਂ ਹਾਊਸ ਨੂੰ ਐਗਜ਼ੈਕਟ ਵਰਡ ਪੜ੍ਹ ਕੇ ਸੁਣਾਉਂਦਾ ਹਾਂ Chetan gave funds to our boys in India. They are no SMX employees but people we know and trust. Funds were sent to Singapore, funds were further sent to UBS (United Bank of Switzerland) in Euro and they arrived there day before yesterday. They left UBS today yesterday for us. Only when they him us do I have control. They should arrive with us today or tomorrow. I will issue immediate credit as we get to you under the same understanding. ਅੱਗੇ ਕੀ ਲਿਖਦਾ ਹੈ ਸਚਿਨ ਦੁੱਗਲ ਕਿ ਜਿਹੜਾ ਤੁਹਾਡੇ ਦੋਸਤਾਂ ਨੇ ਰਣਇੰਦਰ ਸਿੰਘ ਤੇ ਅਮਰਿੰਦਰ ਸਿੰਘ ਨੇ ਇਹ ਤਰੀਕਾ ਅਪਣਾਇਆ ਹੈ ਬਾਹਰ ਪੈਸੇ ਭੇਜਣ ਦਾ, ਇਹ ਸਹੀ ਤਰੀਕਾ ਨਹੀਂ ਹੈ। ਇਸ ਵਿਚ ਉਸ ਦੇ ਵਰਡਜ਼ ਹਨ But do not be surprised if interpol are knocking at your door within seven days. ਕੰਮ ਇਸ ਤਰੀਕੇ ਨਾਲ ਨਾ ਕਰੋ। ਇਸ ਦੇ ਨਾਲ ਤੁਸੀਂ ਫਸ ਸਕਦੇ ਹੋ। Our group does 1/2 billion US Dollars a year. ਏਨਾ ਇਸ ਤਰ੍ਹਾਂ ਦਾ ਬਿਜ਼ਨਸ, ਕਾਲਾ ਧੰਧਾ ਕਰਦਾ ਹੈ ਜਿਹੜਾ ਤਕਰੀਬਨ 5 ਹਜ਼ਾਰ ਕਰੋੜ ਹੈ ਤੇ ਉਸ ਨੇ ਦੱਸਿਆ ਕਿ ਮੈਂ ਤਰੀਕਾ ਤੁਹਾਨੂੰ ਦੱਸਾਂਗਾ ਤੇ ਜੇ ਤੁਸੀਂ ਪੈਸਾ ਭੇਜਣਾ ਹੈ ਤਾਂ ਇਸ ਤਰ੍ਹਾਂ ਨਾ ਭੇਜੋ, ਜੋ ਮੈਂ ਦੱਸਾਂਗਾ, ਉਸ ਤਰ੍ਹਾਂ ਭੇਜੋ।

**ਮਾਨਯੋਗ ਡਿਪਟੀ ਸਪੀਕਰ** : ਬਾਦਲ ਸਾਹਿਬ, ਤੁਸੀਂ ਹੋਰ ਕਿੰਨਾ ਟਾਈਮ ਲਉਗੇ ? ਸੀ.ਐਮ. ਸਾਹਿਬ ਨੇ ਵੀ ਜਵਾਬ ਦੇਣਾ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਏਡਾ ਵੱਡਾ ਇਸ਼ੂ ਹੈ। ਇਸ ਤੇ ਤਾਂ ਭਾਵੇਂ 10 ਘੰਟੇ ਰੱਖੋ। ਮੈਂ ਹਾਲੇ ਬੋਲਣਾ ਹੈ।

**ਮਾਨਯੋਗ ਡਿਪਟੀ ਸਪੀਕਰ** : ਬਾਦਲ ਸਾਹਿਬ, ਹਾਲੇ ਨਾਨ-ਆਫੀਸ਼ੀਅਲ ਰੈਜ਼ੋਲਿਊਸ਼ਨ ਵੀ ਡਿਸਕੱਸ ਕਰਨਾ ਹੈ। ਤੁਸੀਂ ਕਿੰਨਾਂ ਟਾਈਮ ਲਉਗੇ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਇਹ ਤਾਂ ਗੱਲ ਦੱਸਣ ਦੀ ਹੈ, ਸਮਝਾਉਣ ਦੀ ਹੈ। ਐਫ.ਐਮ. ਸਾਹਿਬ ਤਾਂ ਹੱਥ ਮਾਰ ਮਾਰ ਕੇ ਚਲੇ ਗਏ, ਅਸੀਂ ਤਾਂ ਫੈਕਟਸ ਦੱਸ ਕੇ ਗੱਲਾਂ ਕਰਨੀਆਂ ਹਨ। Hindustan Times claims that the documents with it indicate that funds originated in India. ਉਨ੍ਹਾਂ ਨੇ ਛਾਤੀ ਤੇ ਹੱਥ ਰੱਖ ਕੇ ਆਖਿਆ ਹੈ ਕਿ ਇਹ ਫੰਡ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਇੰਡੀਆ ਵਿਚ ਓਰੀਜਨੇਟ ਹੋਏ। Those funds were Channelled out by a family friend of Amrinder, Chetan Gupta of New Delhi. Sachin Duggal, CEO, SMX ਕੰਪਨੀ ਦਾ ਹੈ ਉਸਨੇ ਫੈਸਿਲਿਟੇਟ ਕੀਤਾ। ਯਾਨੀ ਫੰਡਜ਼ ਓਰੀਜਨੇਟ ਇਥੇ ਹੋਏ, ਫੈਮਿਲੀ ਫਰੈਂਡਜ਼ ਨੇ ਅੱਗੇ ਚੈਨਲਾਈਜ਼ ਕੀਤਾ ਤੇ ਚੇਤਨ ਗੁਪਤਾ ਨੇ ਅੱਗੇ ਫੈਸਿਲਿਟੇਟ ਕੀਤਾ। ਹੁਣ ਜਦੋਂ ਸਾਰੇ ਹਿੰਦੁਸਤਾਨ ਦੀਆਂ ਅਖਬਾਰਾਂ ਵਿਚ ਇਹ ਆ ਗਿਆ ਤਾਂ ਸੀ.ਐਮ. ਸਾਹਿਬ ਨੇ ਇਮੀਜੀਏਟਲੀ ਰੀਐਕਟ ਕੀਤਾ ਤੇ ਕਿਹਾ ਕਿ ਇਹ ਬੜਾ ਝੂਠ ਹੈ, ਇਸ ਵਿਚ ਕੋਈ ਸਚਾਈ ਨਹੀਂ ਹੈ, ਬੇਸਲੈਸ ਹੈ। ਨਾਲ ਜਿਹੜਾ ਕਿਹਾ ਕਿ ਇਹ ਸ਼ਰਾਰਤ ਜਿਹੜੀ ਹੈ, ਇਹ ਮੇਰੇ ਪੁਲੀਟੀਕਲ ਐਨੀਮੀਜ਼ ਦੀ ਹੈ।

ਮੁੱਖ ਮੰਤਰੀ (ਬੈਠੇ-ਬੈਠੇ) : ਉਹ ਤੁਸੀਂ ਹੋ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਅਸੀਂ ਤਾਂ ਕਿਸੇ ਨੂੰ ਕੁਝ ਕਿਹਾ ਨਹੀਂ। ਇਹ ਤਾਂ ਇਕ ਅਖਬਾਰ ਨੇ ਆਖਿਆ ਹੈ। ਜਾਂ ਦੱਸੋ ਜੇ ਅਸੀਂ ਕੁਝ ਆਖਿਆ ਹੈ। ਇਸ ਨੂੰ ਪੁਲੀਟੀਕਲਾਈਜ਼ ਕਰਨ ਦਾ ਮਤਲਬ ਹੀ ਕੋਈ ਨਹੀਂ। ਇਹ ਤਾਂ ਸਭ ਕੁਝ ਆਪ ਹੀ ਅਖਬਾਰ ਵਿਚ ਆ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਪਤਾ ਨਹੀਂ ਕੀ ਗੱਲ ਹੈ, ਹਰ ਗੱਲ ਇਨ੍ਹਾਂ ਨੂੰ ਅਕਾਲੀਆਂ ਦੀ ਕੀਤੀ ਲਗਦੀ ਹੈ। ਹਰਨਾਮ ਦਾਸ ਜੌਹਰ ਜੀ ਇਥੇ ਬੈਠੇ ਸਨ, ਹੁਣ ਚਲੇ ਗਏ ਹਨ। ਉਨ੍ਹਾਂ ਨੇ ਉਦੋਂ ਹੀ ਕਿਹਾ ਕਿ ਇਸ ਦੀ ਇਨਕੁਆਇਰੀ ਸੀ.ਬੀ.ਆਈ. ਤੋਂ ਹੋਵੇ ਜਾਂ ਡੀ.ਆਰ.ਆਈ. ਤੋਂ ' ਇਹ ਜੌਹਰ ਸਾਹਿਬ ਨੇ ਪਹਿਲਾ ਬਿਆਨ ਦਿੱਤਾ। ਇਹ ਆਵਾਜ਼ ਕਾਂਗਰਸੀਆਂ ਨੇ ਉਠਾਈ ਤੇ ਇੱਥੇ C.M. has said on the Floor of the House that if any charges are brought against its kith and kin, he would waste no time in referring these to the CBI. ਸਾਰੀ ਕਾਂਗਰਸ ਪਾਰਟੀ ਵੱਲੋਂ ਹਰਨਾਮ ਦਾਸ ਜੌਹਰ ਨੇ ਕਿਹਾ ਸੀ— We want that the C.M. should honour his words rather than setting up a Commission of Inquiry. ਇਹ ਕਹਿਣ ਲੱਗੇ ਕਿ ਮੈਨੂੰ ਕਿਸੇ ਅਕਾਲੀ ਨੇ ਸਰਟੀਫਿਕੇਟ ਨਹੀਂ ਦੇਣਾ ਕਿ ਮੈਂ ਇਮਾਨਦਾਰ ਹਾਂ। ਜੇ ਅਸੀਂ ਇਹ ਸਰਟੀਫਿਕੇਟ ਨਹੀਂ ਦਿੱਤਾ ਤਾਂ ਇਨ੍ਹਾਂ ਦੇ ਆਪਣੇ ਬਹੁਤ ਸਾਰੇ ਕਾਂਗਰਸੀਆਂ ਨੇ ਤਾਂ ਦਿੱਤਾ ਹੈ। ਡਿਪਟੀ ਸੀ.ਐਮ. ਬੀਬੀ ਭੱਠਲ ਨੇ ਵੀ ਦਿੱਤਾ ਹੈ। ਮੈਂ ਕੀਹਦਾ-ਕੀਹਦਾ ਨਾਂ ਲਵਾਂ। ਸਚਾਈ ਹੋਵੇ ਤਾਂ ਗੱਲ ਕਰੋ, ਐਵੇਂ ਟੂੱਲ ਮਾਰਨ ਦੀ ਕੀ ਲੋੜ ਹੈ। ਫਿਰ ਜਦੋਂ ਸਾਰੇ ਪਾਸੇ ਰੌਲਾ ਪੈ ਗਿਆ ਤਾਂ ਇਨ੍ਹਾਂ ਨੇ ਆਖਿਆ ਕਿ ਹੁਣ ਬਚਾਅ ਤਾਂ ਹੀ ਹੋ ਸਕਦਾ ਹੈ ਕਿ ਕੋਈ ਕਮਿਸ਼ਨ ਮੁਕੱਰਰ ਕਰ ਦਿਓ ਅਤੇ ਕੋਈ ਹੈਂਡ-ਪਿਕਡ ਜੱਜ ਲਾ ਦਿਓ। ਅੱਜ ਕੱਲ੍ਹ ਜੱਜ ਵੀ ਵਿਕ ਜਾਂਦੇ ਹਨ, ਅਸੀਂ ਭਾਵੇਂ ਮੰਨੀਏ ਜਾਂ ਨਾ ਮੰਨੀਏ। ਉਨ੍ਹਾਂ ਨੂੰ ਭਾਵੇਂ ਆਪ ਹੀ ਫੈਸਲਾ ਲਿਖ ਕੇ ਦੇ ਦਿਓ। ਇਨ੍ਹਾਂ ਨੇ ਪਟਿਆਲੇ ਤੋਂ ਇਕ ਬੁੱਢਾ ਜਿਹਾ ਜੱਜ ਫੜ ਲਿਆ ਅਤੇ ਉਸ ਨੂੰ ਕਮਿਸ਼ਨ ਬਣਾ ਦਿੱਤਾ। ਸੀ.ਐਮ. ਦੇ ਕੀ ਲਫਜ਼ ਹਨ, ਉਹ ਮੈਂ ਤੁਹਾਨੂੰ ਦੱਸਦਾ ਹਾਂ। ਜਦੋਂ ਇਨ੍ਹਾਂ ਨੇ ਅਕਾਲੀ ਦਲ ਤੇ ਇਲਜ਼ਾਮ ਲਾਇਆ ਤਾਂ ਮੈਂ ਉਦੋਂ ਕਿਹਾ ਸੀ ਕਿ ਜੇ ਸੁਪਰੀਮ ਕੋਰਟ ਕਮਿਸ਼ਨ ਮੁਕੱਰਰ ਕਰੇ ਤਾਂ ਜੱਜ ਵੀ ਸੁਪਰੀਮ ਕੋਰਟ ਮੁਕੱਰਰ ਕਰੇ ਅਤੇ ਜੇ ਹਾਈ ਕੋਰਟ ਕਮਿਸ਼ਨ ਮੁਕੱਰਰ ਕਰੇ ਤਾਂ ਜੱਜ ਵੀ ਹਾਈ ਕੋਰਟ ਮੁਕੱਰਰ ਕਰੇ। ਭਾਂਵੇਂ ਕੋਈ ਇਲਜ਼ਾਮ ਸਾਡੇ ਤੇ ਹੈ ਅਤੇ ਭਾਵੇਂ ਤੁਹਾਡੇ ਤੇ ਹੈ, ਇਸ ਦੀ ਇਨਕੁਆਇਰੀ ਉਹ ਕਮਿਸ਼ਨ ਕਰੇ। ਇਸ ਤੇ

Original with;
Punjab Vidhan Sabha
Digitized by;
Panjab Digital Library

ਸੀ.ਐਮ. ਦੇ ਲਫ਼ਜ਼ ਸੀ ਕਿ I do not believe in setting up Commissions. They are mere eye wash, serve no purpose and are only used as delaying tactics. ਡਿਪਟੀ ਸਪੀਕਰ ਸਾਹਿਬ, ਜੇ ਦੂਜਿਆਂ ਤੇ ਕਮਿਸ਼ਨ ਬਣਿਆ ਹੋਵੇ ਤਾਂ ਮਾੜੀ ਗੱਲ ਹੈ ਪਰ ਜੇ ਆਪ ਦੇ ਮੁੰਡੇ ਤੇ ਬਣਿਆ ਹੋਵੇ ਤਾਂ ਚੰਗੀ ਗੱਲ ਹੈ। ਇਸ ਲਈ ਆਪ ਹੀ ਕਮਿਸ਼ਨ ਬਣਾ ਦਿੱਤਾ। ਇਹ ਗੱਲਾਂ ਕੀ ਸਾਬਤ ਕਰਦੀਆਂ ਹਨ। ਜੇ ਇਨ੍ਹਾਂ ਵਿਚ ਗਿਲਟੀ ਕੌਨਸ਼ਅਨਸ ਨਾ ਹੁੰਦਾ ਤਾਂ ਇਨ੍ਹਾਂ ਨੇ ਆਪ ਹੀ ਕਹਿਣਾ ਸੀ ਕਿ ਮੈਂ ਸੀ.ਬੀ.ਆਈ. ਨੂੰ ਇਨਕੁਆਇਰੀ ਦਿੰਦਾ ਹਾਂ। ਇਸ ਦੀ ਬਜਾਏ ਇਨ੍ਹਾਂ ਨੇ ਆਪਣਾ ਕਮਿਸ਼ਨ ਆਪ ਬਿਠਾ ਲਿਆ। ਇਹ ਸਭ ਇਹ ਸੋਚ ਕੇ ਕੀਤਾ ਕਿ ਸਾਰਾ ਕੁਝ ਰਫਾ ਦਫਾ ਕਰਨਾ ਹੈ ਪਰ ਅਸੀਂ ਇਸ ਨੂੰ ਰਫਾ ਦਫਾ ਹੋਣ ਨਹੀਂ ਦੇਣਾ। ਬੜਾ ਲੰਮਾ ਰਾਹ ਹੈ, ਬੜਾ ਲੰਮਾ ਪੈਂਡਾ ਹੈ। ਇਨ੍ਹਾਂ ਦੇ ਵਜ਼ੀਰ ਸਾਹਿਬ ਨੇ ਫੁਰਮਾਇਆ ਹੈ ਕਿ ਹਾਈ ਕੋਰਟ ਨੇ ਮਾਮਲਾ ਰਫਾ ਦਫਾ ਕਰ ਦਿੱਤਾ ਹੈ। ਤੁਸੀਂ ਸ਼ਾਇਦ ਹਾਈ ਕੋਰਟ ਦਾ ਫੈਸਲਾ ਨਹੀਂ ਪੜ੍ਹਿਆ। ਹਾਈ ਕੋਰਟ ਨੇ ਕਿਹਾ ਹੈ ਕਿ ਸਾਡੇ ਕੋਲ ਇਹ ਕੇਸ ਫਿਰ ਲਾਈ ਕਰ ਸਕਦਾ ਹੈ ਪਰ ਪਹਿਲਾਂ ਇਸ ਤੇ ਅਸੈਂਬਲੀ ਵਿਚ ਬਹਿਸ ਕਰੋ ਜੋ ਕਿ ਅੰਡਰ ਦਿ ਲਾਅ ਜ਼ਰੂਰੀ ਹੈ। ਫਿਰ ਇਸ ਕੇਸ ਤੇ ਸੁਣਵਾਈ ਹੋਵੇਗੀ। ਕਿੱਥੇ-ਕਿੱਥੇ ਆਪਣੇ ਜੱਜ ਭਾਲੋਗੇ। ਅਖੀਰ ਨੂੰ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋਣਾ ਹੈ। ਕੋਰਟ ਨੇ ਦੋ ਇਸ਼ੂ ਫਰੇਮ ਕੀਤੇ। ਇਕ ਹੈ furious transaction in the name of Punjab Internet. Published in Chandigarh. ਹਿੰਦੁਸਤਾਨ ਟਾਈਮਜ਼ ਵਿਚ ਵੀ ਇਹ ਚੀਜ਼ ਆਈ ਹੈ। Whether there is any truth in it, if not, its effect. ਇਕ ਤਾਂ ਇਸ ਵਿਚ ਇਹ ਪੁਆਇੰਟ ਹੈ। ਦੂਜਾ, whether the documents/material and copies produced by Sh. Kanwar Sandhu, Resident Editor, Hindustan Times, Chandigarh, are genuine, if so, what is the effect ? ਹੁਣ ਇਹ ਗੱਲਾਂ ਕੁਝ ਸੋਚਣ ਵਾਲੀਆਂ ਹਨ। ਜਿਹੜਾ ਕਹਿੰਦੇ ਸਨ ਕਿ ਅਮਰਿੰਦਰ ਸਿੰਘ ਨੇ ਸੀ.ਬੀ.ਆਈ. ਜਾਂ ਡੀ.ਆਰ.ਆਈ. ਨੂੰ ਕਿਉਂ ਨਹੀਂ ਕੇਸ ਭੇਜਿਆ, ਉਸ ਵਿਚ ਇਨ੍ਹਾਂ ਨੂੰ ਲੱਗਦਾ ਸੀ ਕਿ ਕੇਸ ਸਾਡੇ ਖਿਲਾਫ ਹੋਵੇਗਾ। ਇਕ ਚੀਜ਼ ਹੋਰ ਦੱਸ ਦਿਆਂ । ਤੁਸੀਂ ਆਪਣੇ ਐਡਵੋਕੇਟ ਜਨਰਲ ਨੂੰ ਪੁੱਛ ਲਓ। ਇਹ ਆਪ ਕਮਿਸ਼ਨ ਐਪੁਆਇੰਟ ਹੀ ਨਹੀਂ ਕਰ ਸਕਦੇ। He has no authority to appoint a Commission on subjects which are not in the State List of the Constitution. ਇਹ ਜਿਹੜਾ FERA ਹੈ, ਫਾਰਨ ਐਕਸਚੇਂਜ ਨਾਲ ਸਬੰਧਿਤ ਇਹ ਸਾਰਾ ਮਾਮਲਾ ਯੂਨੀਅਨ ਲਿਸਟ ਵਿੱਚ ਹੈ। ਇਸ ਵਿੱਚ ਕਿਸੇ ਸੂਬੇ ਦਾ ਕੋਈ ਵੀ ਚੀਫ ਮਨਿਸਟਰ ਇਹੋ ਜਿਹੀ ਇਨਕੁਆਰੀ ਵਾਸਤੇ ਕੋਈ ਕਮਿਸ਼ਨ ਮੁਕੱਰਰ ਨਹੀਂ ਕਰ ਸਕਦਾ। Under Section 2(a) of 2 of the Enquiry Act, 1952, the State Government can appoint the Commission of Enquiry under Section 3 to make an enquiry into any matter relating to any of the entries enumerated in list II or list III in the 7th schedule of the Constitution. ਲੇਕਿਨ ਇਨ੍ਹਾਂ ਨੇ ਇਹ ਕਮਿਸ਼ਨ ਜਿਹੜਾ ਯੂਨੀਅਨ ਲਿਸਟ ਵਿੱਚ ਹੈ, ਸੈਂਟਰ ਦੀ ਸਰਕਾਰ ਦੇ ਅਧੀਨ ਹੈ, ਉਸ ਵਾਸਤੇ ਕਮਿਸ਼ਨ ਮੁਕੱਰਰ ਕੀਤਾ। ਇਸ ਲਈ ਜਿਹੜਾ ਕਮਿਸ਼ਨ ਬਣਾ ਹੀ ਨਹੀਂ ਸੀ ਸਕਦੇ ਉਸ ਨੂੰ ਬਣਾਉਣ ਤੇ ਇਸ ਕਮਿਸ਼ਨ ਦਾ ਜਿਹੜਾ ਫੈਸਲਾ ਹੈ ਉਹ ਅੰਡਰ ਦੀ ਲਾਅ ਰੱਦੀ ਦੀ ਟੋਕਰੀ ਵਿੱਚ ਸਿੱਟਿਆ ਜਾਣਾ ਹੈ। ਇਸ ਦਾ ਕੋਈ ਮਤਲਬ ਹੀ ਨਹੀਂ ਰਹਿ ਜਾਂਦਾ। ਡਿਪਟੀ ਸਪੀਕਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਸਾਹਿਬ, ਜਿਹੜਾ ਇਨ੍ਹਾਂ ਨੇ ਬੰਦਾ ਲਾਇਆ ਉਸ ਦਾ ਕੀ ਫਰਜ਼ ਸੀ ਕਿ ਉਹ ਸਾਰੇ ਜਿਹੜੇ ਦੋ ਪੁਆਇੰਟ ਰੱਖੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਉਸ ਦੀ ਕੁਰੈਕਟਨੈਸ, ਉਸ ਦੀ authenticity ਸਾਰੀ ਦੇਖਦਾ, ਉਸ ਵਾਸਤੇ ਕੋਸਿਸ਼ ਕਰਦਾ। ਇਸ ਵਿੱਚ ਕੀ ਵਿਗੜਦਾ ਸੀ। ਉਹ ਫਰੀਕੌ ਜਿਹੜਾ ਇਨ੍ਹਾਂ ਦਾ ਫੈਮਿਲੀ ਫਰੈਂਡ ਹੈ ਜਿਸ ਵੇਲੇ ਉਸ ਨੂੰ ਸੱਦਿਆ ਗਿਆ, ਉਸ ਵੇਲੇ ਪੁਲੀਟੀਕਲ ਹਾਲਾਤ ਪੰਜਾਬ ਦੇ ਅਜਿਹੇ ਸਨ, ਤੁਹਾਨੂੰ ਪਤਾ ਹੈ ਕਿ ਕਿਸ ਤਰ੍ਹਾਂ ਦੇ ਹਾਲਾਤ ਸਨ। ਉਸ ਨੇ ਇਹ ਕਿਹਾ ਕਿ ਮੈਂ ਇਥੇ ਆ ਸਕਦਾ ਹਾਂ ਜੇਕਰ ਮੈਨੂੰ ਸਕਿਓਰਟੀ ਦੇ ਦਿੱਤੀ ਜਾਵੇ। ਸਕਿਓਰਟੀ ਪੰਜਾਬ ਪੁਲਿਸ ਤੋਂ ਬਿਨਾਂ ਹੋਰ ਕੋਈ ਦਿੱਤੀ ਜਾਵੇ, ਭਾਵੇਂ ਦਿੱਲੀ ਪੁਲਿਸ ਦੇ ਦਿਓ। ਭਾਵੇਂ ਫੌਜ ਦੀ ਦੇ ਦਿਓ। ਉਨ੍ਹਾਂ ਨੂੰ ਸਕਿਓਰਟੀ ਦੇ ਰੂਲਾਂ ਦਾ ਪਤਾ ਨਹੀਂ ਸੀ। ਉਸ ਨੇ ਆਰਮੀ ਬਾਰੇ ਲਿਖ ਦਿੱਤਾ, ਮਤਲਬ ਸੀ ਕਿ ਮੈਂ ਇਥੇ ਆ ਕੇ ਸਕਿਓਰ ਨਹੀਂ ਹਾਂ। ਇਸ ਕਰਕੇ ਜੇਕਰ ਮੈਨੂੰ ਸਕਿਓਰਟੀ ਦੇ ਦਿਓ ਤਾਂ ਮੈਂ ਆ ਕੇ ਸਾਰੀ ਗੱਲ ਦੱਸ ਸਕਦਾ ਹਾਂ। ਇਹ ਕਮਿਸ਼ਨ ਨੂੰ ਮੰਨ ਜਾਣਾ ਚਾਹੀਦਾ ਸੀ ਕਿਉਂਕਿ ਸੱਚਾਈ ਨੂੰ ਜਾਣਨ ਲਈ ਕਮਿਸ਼ਨ ਨੂੰ ਇਹ ਪਾਵਰ ਹੈ, ਕਮਿਸ਼ਨ ਅਜਿਹਾ ਕਰ ਸਕਦਾ ਹੈ। ਉਨ੍ਹਾਂ ਨੂੰ ਇਹ ਸਾਰੀ ਗੱਲ ਨੂੰ ਦੇਖਣਾ ਚਾਹੀਦਾ ਸੀ। ਡਿਪਟੀ ਸਪੀਕਰ ਸਾਹਿਬ, ਉਸ ਨੇ ਦੁਬਾਰਾ ਫਿਰ ਲਿਖਿਆ ਕਿ ਮੈਂ ਆਪਣੇ ਖਰਚ ਤੇ ਬਗੈਰ ਸਕਿਓਰਟੀ ਤੋਂ ਵੀ ਇਥੇ ਆਉਣ ਨੂੰ ਤਿਆਰ ਹਾਂ। ਉਸ ਨੇ ਚੀਫ ਜਸਟਿਸ ਆਫ ਇੰਡੀਆ ਨੂੰ ਵੀ ਲਿਖਿਆ। ਉਸ ਨੇ ਇਸ ਪ੍ਰਤੀ ਬਹੁਤ ਸਾਰੇ ਬਿਆਨ ਟੈਲੀਵਿਜ਼ਨ ਵਿੱਚ ਵੀ ਦਿੱਤੇ ਲੇਕਿਨ, ਡਿਪਟੀ ਸਪੀਕਰ ਸਾਹਿਬ, ਕਮਿਸ਼ਨ ਕਹਿੰਦਾ ਕਿ ਇਸ ਦੀ ਲੋੜ ਹੀ ਨਹੀਂ, ਕੀ ਵਿਗੜਦਾ ਹੈ। ਇਸ ਤੋਂ ਅੱਗੇ ਉਸੇ ਫਰੀਕੀ ਨੇ ਕਈ ਬਿਆਨ ਦਿੱਤੇ ਕਿ documents quoted were all authentic. ਪਰੰਤੂ ਕਮਿਸ਼ਨ ਕਿਵੇਂ ਕਹਿੰਦਾ ਕਿ authentic ਨਹੀਂ। ਹਿੰਦੁਸਤਾਨ ਟਾਈਮਜ਼ ਨੇ ਇਕ ਕਿਸਮ ਦਾ ਹਲਫੀਆ ਬਿਆਨ ਦਿੱਤਾ, ਉਹ ਕਹਿੰਦਾ ਕਿ It stood by its story. ਇਨ੍ਹਾਂ ਦਾ ਕਮਿਸ਼ਨ ਕਹਿੰਦਾ ਕਿ ਅਸੀਂ ਤਾਂ ਇਸ ਤੇ ਪੂਰਾ ਪਹਿਰਾ ਦਿੰਦੇ ਹਾਂ। If after the enquiry, these were not found authentic, the paper would apologize to its readers. ਉਨ੍ਹਾਂ ਨੇ ਦਲੇਰੀ ਦਿਖਾਈ। ਅੱਜ ਵੀ ਉਹ ਇਸ ਪੁਆਇੰਟ ਤੇ ਖੜ੍ਹੇ ਹਨ ਕਿ ਸਭ authentic ਹੈ। ਹੁਣ ਇਹ ਕਹਿੰਦੇ ਸਨ ਕਿ ਅਸੀਂ ਉਨ੍ਹਾਂ ਤੇ ਕੋਈ ਮੁਕੱਦਮਾ ਨਹੀਂ ਚਲਾ ਰਹੇ ਕਿਉਂਕਿ ਚੰਗਾ ਨਹੀਂ ਲੱਗਦਾ, ਭੁੱਲਣਾ ਠੀਕ ਹੈ। ਜੇ ਹਿੰਮਤ ਹੈ ਤਾਂ ਹਿੰਦੁਸਤਾਨ ਟਾਈਮਜ਼ ਤੇ ਮੁਕੱਦਮਾ ਚਲਾਓ, ਜੇਕਰ ਦਲੇਰੀ ਹੈ ਤਾਂ ਚਲਾਓ। ਜੋ ਹਿੰਦੁਸਤਾਨ ਟਾਈਮਜ਼ ਨੇ ਤੁਹਾਡੇ ਤੇ ਇੰਨੇ ਵੱਡੇ ਦੂਸ਼ਣ ਲਾਏ ਤਾਂ ਤੁਸੀਂ ਉਨ੍ਹਾਂ ਦੇ ਖਿਲਾਫ਼ ਸਿਵਲ ਅਤੇ ਕ੍ਰਿਮੀਨਲ ਦਾਵਾ ਵੀ ਕਰ ਸਕਦੇ ਹੋ ਪਰ ਅੱਜ ਮੈਂ ਇਸ ਹਾਊਸ ਵਿੱਚ ਕਹਿੰਦਾ ਹਾਂ ਕਿ ਤੁਸੀਂ ਕੁਝ ਨਹੀਂ ਕਰਨਾ। ਤੁਸੀਂ ਤਾਂ ਕਹਿੰਦੇ ਹੋ ਕਿ ਭੁੱਲ ਜਾਓ ਅਤੇ ਇਹ ਮੁੱਦਾ ਟੱਲ ਜਾਵੇ ਤਾਂ ਕਿ ਸਾਨੂੰ ਅੱਗੇ ਕੋਰਟ ਵਿੱਚ ਨਾ ਜਾਣਾ ਪਵੇ। ਜਿਹੜੀ authenticity of documents ਹੈ ਉਸ ਨੂੰ ਪਰੂਵ ਕਰਨਾ ਇਹ ਕੋਈ ਹਿੰਦੁਸਤਾਨ ਟਾਈਮਜ਼ ਦਾ ਫਰਜ ਨਹੀਂ ਸੀ ਜਾਂ ਕਿਸੇ ਹੋਰ ਦਾ ਫਰਜ਼ ਨਹੀਂ ਸੀ। ਇਹ ਕਮਿਸ਼ਨ ਦਾ ਫਰਜ਼ ਸੀ। ਕਿਉਂਕਿ ਕਮਿਸ਼ਨ ਨੂੰ ਅੰਡਰ ਰੂਲਜ਼ ਪਾਵਰ ਹਨ ਕਿ ਹਿੰਦੁਸਤਾਨ ਦੀ ਕਿਸੇ ਵੀ ਏਜੰਸੀ ਦੇ ਥਰੂ ਉਹ ਇਨਕੁਆਰੀ ਕਰਾਈ ਜਾਵੇ। ਉਹ ਦੂਸਰੀਆਂ ਏਜੰਸੀਆਂ ਜਿਵੇਂ ਇਨਫੋਰਸਮੈਂਟ ਵਾਲਿਆਂ ਦੀ ਮਦਦ ਵੀ ਲੈ ਸਕਦਾ ਸੀ। ਜਿਹੜੇ ਬੈਂਕ ਵਿੱਚ ਪੈਸੇ ਪਏ ਸਨ, ਉਥੇ ਜਾ ਕੇ ਵੀ ਇਨਕੁਆਰੀ ਕਰ ਸਕਦਾ ਸੀ ਪਰ ਉਸ ਨੇ ਅਜਿਹਾ ਕਿਉਂ ਕਰਨਾ ਸੀ, ਉਹ ਤਾਂ ਚੰਡੀਗੜ੍ਹ

Original with;
Punjab Vidhan Sabha
Digitized by;
Panjab Digital Library

ਤੋਂ ਬਾਹਰ ਹੀ ਨਹੀਂ ਸੀ ਜਾ ਸਕਦਾ Original copies or the certified copies can be gauged from the addressees or the addressors of these documents. If this Honourable Commission wants verification of the veracity of these documents of the communication, the same can be got done from some independent agency. ਇਹ ਬੜੇ ਹੀ ਅਫਸੋਸ ਦੀ ਗੱਲ ਹੈ ਕਿ ਉਸ ਨੇ ਕੋਈ ਵੀ ਇਸ ਤਰ੍ਹਾਂ ਦਾ ਕਦਮ ਨਹੀਂ ਚੁੱਕਿਆ। ਮੈਂ ਇਹ ਵੀ ਦੱਸ ਦਿੰਦਾ ਹਾਂ ਕਿ ਉਸ ਕੋਲ ਤਾਕਤ ਸੀ। Section 5-A of the Commission of Enquiry Act, 1952 empowers the Commission to utilize the services of any officer or investigating agency of the State Government or the Central Government with the permission/concurrence of the State Government or the Central Government for the purpose of conducting any investigation pertaining to it. ਜਦੋਂ ਉਸ ਕੋਲ ਤਾਕਤ ਸੀ ਕਿ ਉਸ ਨੇ ਸੈਂਟਰਲ ਏਜੰਸੀ ਤੋਂ ਵੀ ਸਹਾਇਤਾ ਨਹੀਂ ਲਈ, ਸਟੇਟ ਕੋਲੋਂ ਤਾਂ ਖੈਰ ਕੀ ਲੈਣੀ ਸੀ। ਇਸ ਲਈ ਡਿਪਟੀ ਸਪੀਕਰ ਸਾਹਿਬ, ਇਹ ਕਮਿਸ਼ਨ ਬਿਲਕੁਲ ਇਕਤਰਫਾ ਸੀ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਾਂਗਾ ਕਿ ਕਾਂਗਰਸ ਪਾਰਟੀ ਦੇ ਚੀਫ਼ ਮਨਿਸਟਰ ਤੇ ਫਾਈਨਾਂਸ ਮਨਿਸਟਰ ਨੇ ਜੋ ਕਿਹਾ ਹੈ, ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਇੱਥੇ ਵੀ ਕੋਈ ਕੰਪਨੀ ਐਗਜ਼ਿਸਟ ਨਹੀਂ ਕਰਦੀ ਅਤੇ ਨਾਂ ਹੀ ਕਿਸੇ ਹੋਰ ਥਾਂ ਕਰਦੀ ਹੈ। ਸਾਡਾ ਤਾਂ ਨਾਂ ਐਵੇਂ ਵਾਧੂ ਹੀ ਲੈ ਲਿਆ ਹੈ। ਦਰਅਸਲ ਕਰੱਕਸ-ਆਫ-ਦੀ ਪ੍ਰਾਬਲਮ ਤਾਂ ਇਥੇ ਹੀ ਹੈ ਕਿ ਨਾ ਤਾਂ ਇਸ ਨਾਂ ਦੀ ਕੰਪਨੀ ਕੋਈ ਇਥੇ ਬਣੀ ਹੈ ਅਤੇ ਨਾਂ ਹੀ ਕਿਸੇ ਹੋਰ ਥਾਂ ਤੇ ਬਣੀ ਹੈ ਪਰ ਪੈਸਾ ਬੈਂਕ ਵਿਚ ਪਿਆ ਹੈ, ਫਰੀਕੀ ਦੇ ਨਾਂ ਤੇ...........

**ਮੁੱਖ ਮੰਤਰੀ (ਬੈਠੇ-ਬੈਠੇ) :** ਕਿੱਥੇ ਪਿਆ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਬੈਂਕ ਵਿਚ ਪਿਆ ਹੈ। ਤੁਸੀਂ ਕੀ ਗੱਲ ਕਰਦੇ ਹੋ। ਤੁਸੀਂ ਕੇਸ ਸੀ.ਬੀ.ਆਈ. ਨੂੰ ਦੇ ਦਿਓ। ਜੇ ਪੈਸਾ ਨਾ ਕੱਢ ਕੇ ਲਿਆਂਦਾ ਤਾਂ ਕਹਿਣਾ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਕੱਲੇ ਅਮਰਿੰਦਰ ਸਿੰਘ ਨੇ ਨਹੀਂ, ਸੈਂਟਰਲ ਗੌਰਮਿੰਟ ਨੇ ਵੀ ਇਹ ਕਿਹਾ ਸੀ ਕਿ ਕਮਿਸ਼ਨਾਂ ਵਿਚੋਂ ਕੁਝ ਨਹੀਂ ਲੱਭਣਾ। ਸੁਪਰੀਮ ਕੋਰਟ ਨੇ ਇਕ ਫੈਸਲਾ ਕੀਤਾ ਸੀ। ਉਹ ਮੈਂ ਦੱਸਦਾ ਹਾਂ : The flaw with Commission of inquiry, revealed by experience, is that they do not have enough teeth and for their functioning they have to depend on the state's assistance. The reports do not bind the state and in spite of transparency and public hearing which the Commission often holds, at times with fanfare, the reports hardly serve any purpose. By the time the reports are submitted, the public memory has already faded and people are not any more bothered about the results. It is in the discretion of the state to take or not to take any action on the reports submitted by the Commissions of Inquiry and the experience is that the follow up action depends more on political

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

considerations rather than for public good. We feel that Commission of Inquiry are more suited for inquiring into such matters of public importance where the purpose is to find out truth so as to learn lessons for future and devise policies of state legislation to avoid recurrence of lapses. Such Commissions do not suitably serve the object of punishing the guilty.

ਸੁਪਰੀਮ ਕੋਰਟ ਨੇ ਕਿਹਾ ਹੈ ਕਿ ਇਹੋ ਜਿਹੇ ਕਮਿਸ਼ਨ ਬਣਾਉਣ ਦੀ ਕੋਈ ਲੋੜ ਨਹੀਂ ਹੈ। ਨਾ ਤਾਂ ਇਨ੍ਹਾਂ ਨੇ ਸੁਪਰੀਮ ਕੋਰਟ ਦੀ ਰੂਲਿੰਗ ਨੂੰ ਸਮਝਿਆ ਕਿ ਇਨ੍ਹਾਂ ਕੋਲ ਤਾਂ ਕਮਿਸ਼ਨ ਬਣਾਉਣ ਦੀ ਅਥਾਰਿਟੀ ਹੀ ਨਹੀਂ। ਇਨ੍ਹਾਂ ਨੇ ਸਮਝਿਆ, ਕਿਸੇ ਨੂੰ ਕੀ ਪੁੱਛਣਾ ਹੈ, ਇਵੇਂ ਹੀ ਗੱਲ ਬਣ ਜਾਵੇਗੀ। ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸੁਪਰੀਮ ਕੋਰਟ ਨੇ ਅਖੀਰ ਵਿਚ ਇਹ ਆਖਿਆ ਹੈ In the peculiar facts and circumstances of the case, looking at the nature of the allegations made and the mighty people who are allegedly involved, we are of the opinion that the better option of the two is to entrust the matter to investigation by the CBI. ਜੇ ਡਿਪਟੀ ਸਪੀਕਰ ਸਾਹਿਬ ਇਨ੍ਹਾਂ ਦੇ ਦਿਲ ਵਿੱਚ ਕੋਈ ਸ਼ੱਕ ਨਹੀਂ ਇਹ ਦੁੱਧ ਧੋਤੇ ਹਨ ਤਾਂ ਕਿਉਂ ਨਹੀਂ ਸੀ.ਬੀ.ਆਈ. ਨੂੰ ਕੇਸ ਦਿੰਦੇ। ਹੁਣ ਇਨ੍ਹਾਂ ਕੋਲ ਦੋ ਤਰੀਕੇ ਹਨ ਬਚਣ ਦੇ ਜਾਂ ਤਾਂ ਸੀ.ਬੀ.ਆਈ. ਨੂੰ ਦੇ ਦਿਓ ਜਾਂ ਹਿੰਦੁਸਤਾਨ ਟਾਈਮਜ਼ ਵਿਰੁੱਧ ਕੇਸ ਕਰ ਦਿਓ। ਉਹ ਆਪ ਜਵਾਬ ਦੇ ਦੇਣਗੇ। ਸਾਨੂੰ ਤਾਂ ਕੋਈ ਲੋੜ ਨਹੀਂ ਹੈ, ਅਸੀਂ ਤਾਂ ਕੋਈ ਇੰਟਰੈਸਟ ਨਹੀਂ ਲਿਆ, ਇਹ ਸਾਡੇ ਤੇ ਉਂਜ ਹੀ ਮੜੀ ਜਾਂਦੇ ਹਨ। ਹੁਣ ਤਾਂ ਇਨ੍ਹਾਂ ਦੇ ਬਚਣ ਦੇ ਦੋ ਹੀ ਤਰੀਕੇ ਹਨ as they are involved in multi-billions.

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਇਸ ਸਿਲਸਿਲੇ ਵਿੱਚ ਲੀਡਰ ਆਫ ਦੀ ਆਪੋਜੀਸ਼ਨ ਤੋਂ ਜਾਣਨਾ ਚਾਹੁੰਦਾ ਹਾਂ ਕਿ ਜੇ ਇਨ੍ਹਾਂ ਨੂੰ ਬੜਾ ਅਫਸੋਸ ਹੈ ਤਾਂ ਇਹ ਸਪੈਸ਼ਲ ਕੋਰਟ ਵਿੱਚ ਚਲੇ ਜਾਣ। ਕਿਉਂ ਸੁਪਰੀਮ ਕੋਰਟ ਅਤੇ ਹਾਈਕੋਰਟ ਦਾ ਦਰਵਾਜ਼ਾ ਖੜਕਾ ਰਹੇ ਹਨ, ਦੁੱਧ ਦਾ ਦੁੱਧ ਨਿਕਲ ਜਾਵੇਗਾ। ਉਥੇ ਸੁਪਰੀਮ ਕੋਰਟ ਵਿੱਚ ਕਿਉਂ ਧੱਕੇ ਖਾਂਦੇ ਹਨ, ਹਾਈਕੋਰਟ ਵਿੱਚ ਕਿਉਂ ਧੱਕੇ ਖਾਂਦੇ ਫਿਰਦੇ ਹਨ। ਇਹ ਕਹਿੰਦੇ ਕਿ ਐਪਰੋਪਰੀਏਟ ਅਥਾਰਟੀ ਦੀ ਇਜਾਜ਼ਤ ਨਹੀਂ ਲਿਤੀ, ਜੇ ਤੁਹਾਨੂੰ ਏਡਾ ਅਫਸੋਸ ਹੈ ਤਾਂ ਤੁਸੀਂ ਰੋਜ਼ ਕਿਉਂ ਸੁਪਰੀਮ ਕੋਰਟ ਅਤੇ ਹਾਈਕੋਰਟ ਦੇ ਧੱਕੇ ਖਾਂਦੇ ਹੋ, ਇਹ ਸਪੈਸ਼ਲ ਕੋਰਟ ਵਿੱਚ ਕਿਉਂ ਨਹੀਂ ਜਾਂਦੇ ਅਤੇ ਸੁਪਰੀਮ ਕੋਰਟ ਅਤੇ ਹਾਈਕੋਰਟ ਦਾ ਟਾਈਮ ਵੀ ਖਰਾਬ ਕਰ ਰਹੇ ਹਨ।

**Mr. Deputy Speaker :** Alright. O.K.

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਡਿਪਟੀ ਸਪੀਕਰ ਸਾਹਿਬ, ਇਹ ਤਾਂ ਉਹ ਗੱਲ ਹੋਈ ਕਿਧਰੇ ਇਕ ਜਾਟ ਤੇ ਤੇਲੀ ਬੈਠੇ ਸਨ। ਤੇਲੀ ਉਸ ਨੂੰ ਕਹਿਣ ਲੱਗਿਆ ਕਿ

ਜਾਟ ਰੇ ਜਾਟ ਤੇਰੇ ਸਿਰ ਪੇ ਖਾਟ

ਇਸ ਤੇ ਉਹ ਜਾਟ ਤੇਲੀ ਨੂੰ ਕਹਿਣ ਲੱਗਿਆ ਕਿ :

ਤੇਲੀ ਰੇ ਤੇਲੀ ਤੇਰੇ ਸਿਰ ਪੇ ਕੋਹਲੂ

Original with;
Punjab Vidhan Sabha
Digitized by;
Panjab Digital Library

ਤੂੰ ਘੱਟੋ ਘੱਟ ਕੋਹਲੂ ਦੇ ਭਾਰ ਥੱਲੇ ਤਾਂ ਜ਼ਰੂਰ ਮਰੇਂਗਾ। ਇਹ ਵਿੱਤ ਮੰਤਰੀ ਸਾਹਿਬ ਇਸ ਤਰ੍ਹਾਂ ਦੇ ਟੂੱਲ ਮਾਰਦੇ ਹਨ। ਅਮਰਿੰਦਰ ਸਿੰਘ ਜੀ ਤੁਹਾਨੂੰ ਇਸ ਨੇ ਹੀ ਫਸਾਉਣਾ ਹੈ। ਇਹ ਆਪ ਤਾਂ ਕਹਿੰਦਾ ਹੈ ਕਿ ਮੈਂ ਬਠਿੰਡੇ ਤੋਂ ਨਹੀਂ ਖੜ੍ਹਾ ਹੋਣਾ, ਇਸ ਨੇ ਤੁਹਾਨੂੰ ਫਸਾ ਕੇ ਜ਼ਰੂਰ ਜਾਣਾ ਹੈ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਮੇਰਾ ਨਾਮ ਲੈ ਕੇ ਮੈਨੂੰ ਕਿਹਾ ਹੈ, ਇਹ ਗੱਲ ਠੀਕ ਹੈ ਕਿ ਮੈਂ ਲੋਕ ਸਭਾ ਜਾਂ ਰਾਜ ਸਭਾ ਵਿੱਚ ਜਾਣਾ ਚਾਹੁੰਦਾ ਸੀ। ਇਹ ਗੱਲ ਸੱਚ ਹੈ, ਮੈਂ ਮੰਨਣ ਲਈ ਤਿਆਰ ਹਾਂ ਲੇਕਿਨ ਇਹ ਬਾਦਲ ਸਾਹਿਬ ਨੂੰ ਭੁਲੇਖਾ ਹੈ। ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਇਹ ਉਥੋਂ ਇਲੈਕਸ਼ਨ ਲੜਨ ਮੈਂ 50 ਹਜ਼ਾਰ ਵੋਟਾਂ ਦੇ ਫਰਕ ਨਾਲ ਇਨ੍ਹਾਂ ਨੂੰ ਹਰਾਵਾਂਗਾ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਡਿਪਟੀ ਸਪੀਕਰ ਸਾਹਿਬ, ਅਖੀਰ ਵਿੱਚ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਹ ਜਿਹੜੀ ਨਹਿਰਾ ਕਮਿਸ਼ਨ ਦੀ ਰਿਪੋਰਟ ਹੈ It is disgrace to the fair name of the profession. There is only one place for this report and that is the Dustbin of the History. ਇਸ ਨੂੰ ਡਸਟਬਿਨ ਵਿੱਚ ਸੁੱਟਣਾ ਚਾਹੀਦਾ ਹੈ ਅਤੇ ਇਹ ਪ੍ਰੋਫੈਸ਼ਨ ਤੇ ਜਿਹੜਾ ਇਹ ਕਾਲਾ ਧੱਬਾ ਲੱਗਿਆ ਹੈ, ਇਹ ਧੋਤਾ ਨਹੀਂ ਜਾਵੇਗਾ।

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ)** : ਡਿਪਟੀ ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ ਮੈਂ ਆਪਣੀ ਸਪੀਚ ਸ਼ੁਰੂ ਕਰਾਂ ਮੇਰਾ ਖਿਆਲ ਹੈ ਕਿ ਮੈਂਬਰ ਆਫ ਦੀ ਆਪੋਜ਼ੀਸ਼ਨ ਮੁੱਖ ਮੰਤਰੀ ਵੀ ਰਹਿ ਚੁੱਕੇ ਹਨ ਅਤੇ ਯੂਨੀਅਨ ਹੋਮ ਮਨਿਸਟਰ ਵੀ ਰਹੇ ਹਨ ਪਰ ਇਨ੍ਹਾਂ ਨੂੰ ਇਹ ਪਤਾ ਨਹੀਂ ਕਿ ਸੀ.ਬੀ.ਆਈ. ਕੀ ਹੈ, ਰੈਵਨਿਊ ਇੰਟੈਲੀਜੈਂਸ ਕੀ ਹੈ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ ਕੀ ਹੈ ? ਜਦੋਂ ਇਹ ਸ਼੍ਰੀ ਜਸਵੰਤ ਸਿੰਘ ਜੀ, ਵਿੱਤ ਮੰਤਰੀ ਸਾਹਿਬ ਕੋਲ ਗਏ ਸਨ ਇੰਨਕੁਆਇਰੀ ਕਰਾਉਣ ਵਾਸਤੇ ਤਾਂ ਇਨ੍ਹਾਂ ਨੂੰ ਕਿਹਾ ਗਿਆ ਕਿ ਇਨਫੋਰਸਮੈਂਟ ਡਾਇਰੈਕਟਰ ਨੂੰ ਕੇਸ ਦੇ ਦਿਓ। ਇਨ੍ਹਾਂ ਨੇ ਪਤਾ ਨਹੀਂ ਐਫ.ਐਮ. ਸਾਹਿਬ ਨੂੰ ਕੀ ਕਿਹਾ, ਉਦੋਂ ਇਹ ਕਹਿੰਦੇ ਸੀ ਕਿ ਉਹ ਬੜਾ ਮਾੜਾ ਬੰਦਾ ਹੈ। ਇਸ ਕਿਸਮ ਦੀਆਂ ਗੱਲਾਂ ਤੁਹਾਨੂੰ ਪਤਾ ਹਨ। ਤੁਸੀਂ ਇਸ ਹਾਊਸ ਨੂੰ ਗੁੰਮਰਾਹ ਕਰ ਰਹੇ ਹੋ, ਪੰਜਾਬ ਨੂੰ ਗੁੰਮਰਾਹ ਕਰ ਰਹੇ ਹੋ। What is Enforcement Directorate ? ਉਹ ਵੀ ਪਤਾ ਹੈ। ਸਾਰੇ ਫੈਕਟਸ ਐਂਡ ਫਿਗਰਜ਼ ਜੋ ਨਹਿਰਾ ਕਮਿਸ਼ਨ ਨੂੰ ਦਿੱਤੇ ਹਨ, ਅਸੀਂ ਉਹ ਸਾਰੇ ਇਨਫੋਰਸਮੈਂਟ ਡਾਇਰੈਕਟੋਰੇਟ ਨੂੰ ਆਪਣੇ ਆਪ ਹੀ ਦੇ ਦਿੱਤੇ ਹਨ ਕਿ ਤੁਸੀਂ ਵੀ ਇਨਕੁਆਇਰੀ ਕਰਵਾ ਲਓ। (ਥੰਪਿੰਗ) ਇਹ ਜਾਣਦੇ ਹੋਏ ਕਿ ਤੁਸੀਂ ਫਾਰਮਰ ਸੀ.ਐਮ. ਹਾਊਸ ਨੂੰ ਗੁੰਮਰਾਹ ਕਰ ਰਹੇ ਹੋ, ਤੁਹਾਨੂੰ

*4.54 ਵਜੇ ਸ਼ਾਮ।

(*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਸੱਚਾਈ ਤੇ ਬੋਲਣਾ ਚਾਹੀਦਾ ਹੈ। ਥੋੜ੍ਹਾ ਜਿਹਾ ਸਮਝੋ। ਇਹ ਸਦਨ ਹੈ, ਜਿਥੇ ਸਚਾਈ ਹੁੰਦੀ ਹੈ। ਇਹ ਨਹੀਂ ਕਿ ਜੋ ਮਰਜ਼ੀ ਕਹਿ ਦਿੱਤਾ, ਕੋਈ ਨਾ ਕੋਈ ਤੁੱਕਾ ਲੱਗ ਜਾਵੇਗਾ। Let me start

Original with; Punjab Vidhan Sabha Digitized by; Panjab Digital Library

[ਮੁੱਖ ਮੰਤਰੀ]

with this Commission. ਸਪੀਕਰ ਸਾਹਿਬ, ਇੱਕ ਕਮਿਸ਼ਨ ਬਿਠਾਇਆ ਸੀ, ਜੋ ਅਸੀਂ ਬਿਠਾਇਆ ਸੀ। ਉਸ ਦੇ ਆਬਜੈਕਟ ਉਨ੍ਹਾਂ ਨੇ ਦੱਸ ਦਿੱਤੇ ਹਨ। I will read them :—

* Whether there is any truth in the allegations contained in the news titled "Curious transactions in the name of Punjab Intranet Company", which was publised in the Hindustan Times of 28th December, 2003. If not, its effect ?

* Whether the documents material or copies produced by Shri Kanwar Sandhu of Hindustan Times are genuine ? If yes, what is the effect thereof ?

That was the objective. Now what was the reason ? ਕਾਰਨ ਇਹ ਹੈ ਕਿ ਇਨ੍ਹਾਂ ਨੇ ਕੁਝ ਡਾਕੂਮੈਂਟਸ ਫੈਬਰੀਕੇਟ ਕੀਤੇ। ਸਾਡੇ ਪੱਤਰਕਾਰ ਕਈ ਦੋਸਤ ਹਨ। ਅੱਜ ਇੰਨੇ ਅਖਬਾਰ ਹੋ ਗਏ ਹਨ ਕਿ ਹਰ ਵੇਲੇ ਉਹ ਕੋਈ ਨਿਊਜ ਲੱਭਦੇ ਹਨ ਕਿ ਕੋਈ ਸੈਨਸੇਸ਼ਨਲ ਨਿਊਜ਼ ਕੱਢੀਏ ਔਰ ਇੱਕ ਦਿਨ ਇਹ ਛਪਿਆ In the best intention ਕੋਈ ਪੱਤਰਕਾਰ ਨਾਂਹ ਨਹੀਂ ਕਰਦਾ ਕਿ ਇਹ ਝੂਠ ਹੈ। ਕੋਈ ਬੰਦਾ ਡਾਕੂਮੈਂਟ ਫੈਬਰੀਕੇਟ ਕਰਕੇ ਦੇ ਗਿਆ ਔਰ ਇਹ ਕਨਵਿੰਸ ਹੋ ਜਾਵੇ ਕਿ ਇਸ ਵਿੱਚ ਸਚਾਈ ਹੈ ਤਾਂ ਉਹ ਛਾਪ ਦਿੰਦਾ ਹੈ। ਬਿਨਾਂ ਮਤਲਬ ਤੋਂ ਕੋਈ ਕੋਰਟ ਵਿੱਚ ਨਹੀਂ ਜਾਣਾ ਚਾਹੁੰਦਾ। Otherwise nobody does its publication. The same letter to which he has read out, I will read. Dear Mr. Leonard", it is not the way. ਉਹ ਯੂਰਪੀਅਨ ਲੈਂਗੂਏਜ਼ ਵਿੱਚ ਲਿਖਦੇ ਹਨ "Mr. Leonard", ਪੰਜਾਬੀ-ਇੰਗਲਿਸ਼ ਵਿੱਚ ਇਨ੍ਹਾਂ ਨੇ ਲਿਖਿਆ ਹੈ "Dear Mr. Leonard, Reference to our ongoing project Punjab Intranet Company. We had received $ 100,000 in our account at the credit Suissee, Montreux, Switzerland on the 8th of August, 2003 from C/o ABT Tech. Singapore as per our invoice number 0803-003 on behalf of Mr. Raninder Singh your Consultant/ Partner in the Punjab Intranet Company.

We have issued a payment to you as per instructions to Esquare Communications Ltd. 29 J Kepler St. Mellieha, Malta as per invoice number "200318" today.

We await the balance remittance of $900,000 as per our agreement at the earliest.

Sd/-

J.E.C. Grange,
Chief Operating Officer."

Original with;
Punjab Vidhan Sabha
Digitized by;
Panjab Digital Library

What we did, was, ਅਸੀਂ ਇਸ ਦੀ ਇਨਵੈਸਟੀਗੇਸ਼ਨ ਕਰਨ ਲੱਗੇ। Nothing to do with Nehra Commission of Punjab Govt. ਆਪਣੇ ਤੌਰ ਤੇ ਸਾਡੇ ਵਕੀਲ ਲਾ ਕੇ ਇਸ ਵਿੱਚ ਇਨਵੈਸਟੀਗੇਸ਼ਨ ਕੀਤੀ ਗਈ ਸੀ। ਨੰਬਰ 1 This letter dated 12th August, 2003 is from Notary Public of Jersey. ਜਿਸ ਵਿੱਚ ਇਹ ਕਿਹਾ ਹੈ ਕਿ the certificate of incorporation of the Company, the same Company in this Island of Jersey is on 19th of September, 2003 with the name so and so, with registered No. so and so. ਇਨ੍ਹਾਂ ਨੇ ਇੱਕ ਮਹੀਨਾ ਪਹਿਲਾਂ, ਜਦੋਂ ਫਰਾਡ ਕਰਦੇ ਹੋ, ਥੋੜ੍ਹਾ ਬਹੁਤ ਚੈੱਕ ਕਰ ਲਿਆ ਕਰੋ। ਇਸ ਨੂੰ ਨੋਟਰਾਈਜ਼ ਕਰਨ ਤੋਂ ਬਾਅਦ, this has been further authenticated by Mr. Nageshwar, Assistant Consul of the High Commissioner of India, London. ਜੋ ਡੇਟ ਤੁਸੀ ਦਿੱਤੀ, ਉਸ ਤੋਂ ਇੱਕ ਮਹੀਨਾ ਬਾਅਦ ਇਹ ਕੰਪਨੀ ਇਨਕਾਰਪੋਰੇਟ ਹੋਈ ਹੈ ਤਾਂ ਉਸ ਦਾ ਲੈਟਰ ਹੈਡ ਪਹਿਲਾਂ ਕਿਸ ਤਰ੍ਹਾਂ ਬਣ ਸਕਦਾ ਹੈ। Second the person mentioned in ABT Tech. Singapore, in response to your reference based on the search report, says we wish to advise you that there is no company in the name of ABT Tech. Esquare. We further confirm non-registration, the striking of the company does not arise.

Sd/- Notary Public, Singapore". Further, authenticated by D.C. Pant, Assistant Consul. High Commission of India, Singapore.

To whom it may concern : On the basis of computerised record inspected/ visited, the office of Registrar of Companies hereby reports that there is no Company in the name of Punjab Intranet Company registered in the office of Registrar of Companies.

Multi Services Financial says themselves to confirm that according to our record, it appears that no Company in the name of Esquare Communications Company Ltd. is registered with the Registrar of Companies. There is also no record is presently registered. It is authenticated by Mr. R.K. Verma.

Mr. J.E.C. Grange, Chief Operating Officer of SMX, Technology Services, according to Nehra Commission, could not be served the notice as his Registered Letters were returned back to the Commission. Both were offered economy fair.

ਹਰ ਨਾਮ ਇਸ ਵਿਚ ਆਇਆ ਹੈ However name has been authenticated as rubbish. They don't exist. Is this letter genuine ? ਅਗਰ ਇਹ ਚਿੱਠੀਆਂ ਜ਼ੈਨੂਅਨ ਹਨ ਤਾਂ ਉਹ ਬੰਦੇ ਕਿੱਥੇ ਹਨ ? ਅੱਜ ਇਨਫੋਰਸਮੈਂਟ ਡਾਇਰੈਕਟੋਰੇਟ ਉਨ੍ਹਾਂ ਨੂੰ ਚਿੱਠੀਆਂ ਲਿਖ ਰਿਹਾ ਹੈ। ਉਹ ਜਵਾਬ ਨਹੀਂ ਦੇ ਰਹੇ ਹਨ। ਮੈਂ ਇਨ੍ਹਾਂ ਤੋਂ ਜਾਣਨਾ ਚਾਹਾਂਗਾ ਕਿ ਤੁਸੀਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਨਰੋਤਮ ਸਿੰਘ ਬੁਲਾਓ, ਉਸ ਨੂੰ ਵਾਰ-ਵਾਰ ਵਰਤਦੇ ਰਹੇ ਹਨ ਪਰ ਉਸ ਨੇ ਰਿਕਾਰਡ ਵਿੱਚ ਜੋ ਸਟੇਟਮੈਂਟ ਦਰਜ ਕਰਾਉਣੀ ਹੈ, ਉਹ ਤੁਹਾਡੇ ਖਿਲਾਫ ਕਰਾਉਣੀ ਹੈ। ਇਹ ਜਿਹੜੀਆਂ ਪੰਜ ਕੰਪਲੇਂਟਾਂ ਸਨ, ਇਨ੍ਹਾਂ ਵਿੱਚ ਇੱਕ ਵੀ ਬੰਦਾ ਜੈਨੂਅਨ ਨਹੀਂ ਹੈ। ਮੈਂ ਹਿੰਦੁਸਤਾਨ ਟਾਈਮਜ਼ ਅਖਬਾਰ ਨੂੰ ਗਲਤ ਨਹੀਂ ਕਹਿ ਰਿਹਾ ਹਾਂ। ਇਨ੍ਹਾਂ ਨੂੰ ਉਸ ਉਤੇ ਬੜਾ ਵੱਡਾ ਮਾਣ ਸੀ..........

**Mr. Speaker :** Kindly address the Chair.

**ਮੁੱਖ ਮੰਤਰੀ :** ਸੌਰੀ ਸਪੀਕਰ ਸਾਹਿਬ, ਫਿਰ ਇਹ ਕਹਿੰਦੇ ਹਨ ਕਿ ਫਰੀਕੀ ਨੂੰ ਨਹੀਂ ਆਉਣ ਦਿੰਦੇ। ਸਰ, ਜੋ ਫੈਕਟ ਹੈ। ਇਨ੍ਹਾਂ ਨੇ ਉਸ ਨੂੰ ਗੱਫੇ ਵੰਡੇ, ਇਹ ਆਪਣੇ ਆਪ ਹੀ ਦੱਸ ਦੇਣ ਕਿ ਕਿੰਨੇ ਦਿੱਤੇ ਹਨ A Fax message came to me from Mr. Freeke that I have suffered serious financial losses and because of this and as a result of financial losses and damages, I have to sell my many family assets. This letter is dated 15th October, 2004. ਇਨ੍ਹਾਂ ਨੂੰ ਸੱਚ ਬੋਲਣਾ ਚਾਹੀਦਾ ਹੈ, ਉਹ ਇਹ ਬੋਲਦੇ ਨਹੀਂ ਹਨ। ਇਹ ਆਪ ਹੀ ਉਸ ਨੂੰ ਨਹੀਂ ਬੁਲਾਉਣਾ ਚਾਹੁੰਦੇ ਕਿਉਂਕਿ ਉਸ ਨੂੰ ਇਨ੍ਹਾਂ ਨੇ ਇੰਨੇ ਜ਼ਿਆਦਾ ਗੱਫੇ ਦਿੱਤੇ ਹੋਏ ਹਨ, ਇਸ ਦੇ ਬਾਰੇ ਇਨ੍ਹਾਂ ਨੂੰ ਦੱਸ ਦੇਣਾ ਚਾਹੀਦਾ ਹੈ। ਇਨ੍ਹਾਂ ਵਲੋਂ ਵਾਰ-ਵਾਰ ਫਰੀਕੀ ਦੇ ਮਾਮਲੇ ਨੂੰ ਹੀ ਚੁੱਕਿਆ ਗਿਆ ਹੈ। ਲੇਕਿਨ ਫਰੀਕੀ ਨਹੀਂ ਆਇਆ as he recovered his financial position completely. ਅਤੇ ਜੇਕਰ ਉਸ ਨੇ ਇਥੇ ਆ ਕੇ ਕੰਟਰਾਡਿਕਟਰੀ ਸਟੇਟਮੈਂਟ ਦੇ ਦਿੱਤੀ ਤਾਂ under the Dutch Law, perjury is punishable by jailing. He could have gone to jail. ਸਾਡੇ ਵਕੀਲ ਨੇ ਚਿੱਠੀਆਂ ਲਿਖੀਆਂ। ਸਾਨੂੰ ਤਾਂ ਕਦੇ ਕੋਈ ਸਟੇਟਮੈਂਟ ਦਿੱਤੀ ਨਹੀਂ। Here is the statement. I therefore, on behalf of my client Raninder Singh seek following information A, B, C, D and E on 13/2 or 18/2. Freeke contacted to our lawyer Mr. Gill in response to letter deted 13/2 regarding the letter dated 12th August which was published in the Hindustan Times on 28th September, 2003. I would like to answer respectively A, B, C, D and E.A.—The fradulent damaging letter which was published in the Hindustan Times on 28th December, 2003 has never been received by me neither by post nor by fax. B—I have never been a shareholder or Director of Esquare Ltd. as per the Registrar of Companies. C—Mr. Raninder Singh has never consulted nor have any shareholder in my family anywhere in the world. Therefore, my family or I have never paid any remuneration or dividend in any form whatsoever. D—No Company or person have ever paid to any Commission. That my family or I have been involved on behalf of Mr. Raninder Singh. Subsequently my family or I have been never made any payment for Mr. Raninder Singh in any Company titled the Punjab Intranet Company anywhere in the world. These are the authenticated documents. ਉਸ ਨੂੰ ਪਤਾ ਸੀ ਕਿ ਅਗਰ ਇਥੇ ਆ ਕੇ

Original with;
Punjab Vidhan Sabha
Digitized by;
Panjab Digital Library

ਕਮਿਸ਼ਨ ਦੇ ਅੱਗੇ ਸਟੇਟਮੈਂਟ ਦਿੱਤੀ ਤਾਂ ਉਹ ਜੇਲ੍ਹ ਜਾਂਦਾ ਸੀ। ਸਾਡੇ ਵਕੀਲ ਨੇ ਉਸ ਨੂੰ ਚਿੱਠੀ ਲਿਖੀ ਮੈਂ ਡਾਕੂਮੈਂਟਸ ਦੇ ਰਿਹਾ ਹਾਂ ਜਿਸ ਵਿਚ ਫਰੀਕੀ ਨੇ ਸਾਰੀਆਂ ਗੱਲਾਂ ਖੋਲ੍ਹ ਕੇ ਲਿਖੀਆਂ ਸਨ। ਉਸ ਦਾ ਜਵਾਬ ਜਿਹੜਾ ਆਇਆ ਸੀ ਉਸ ਬਾਰੇ ਦੱਸਾਂਗਾ ਕਿ ਫਰੀਕੀ ਦਾ ਮਨ ਕਿਉਂ ਬਦਲਿਆ। ਉਹ ਲੜਕਾ ਬੜਾ ਅੱਛਾ ਸੀ, ਮੇਰੇ ਲੜਕੇ ਨਾਲ ਕਾਲਜ ਵਿਚ ਪੜ੍ਹਦਾ ਸੀ, ਇੰਨੇ ਸਾਲਾਂ ਤੋਂ ਉਸ ਦਾ ਸਾਡੇ ਆਉਣਾ ਜਾਣਾ ਸੀ। ਕਿਸੇ ਇਕ ਡੈਸਪਰੇਟ ਸਿਚੁਏਸ਼ਨ ਵਿਚ ਫਸ ਗਿਆ ਸੀ, ਬਿਜ਼ਨੈਸ ਠੀਕ ਨਹੀਂ ਚੱਲਿਆ, ਵਾਈਫ ਪ੍ਰੈਗਨੈਂਟ ਸੀ, ਉਸ ਪ੍ਰੈਸ਼ਰ ਵਿਚ ਆ ਕੇ ਇਨ੍ਹਾਂ ਦੇ ਹੱਥ ਵਿਚ ਆ ਗਿਆ ਅਤੇ ਇਹ ਬਿਆਨ ਦੇ ਦਿੱਤਾ। ਤੁਸੀਂ ਮਾਹਿਰ ਹੋ ਇਸ ਕੰਮ ਵਿਚ, ਦੂਹਰੇ ਗੱਫੇ ਦਾ ਕੰਮ ਕਰਦੇ ਰਹੇ ਹੋ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੇਰੇ ਤੇ ਐਲੀਗੇਸ਼ਨ ਲੱਗ ਰਿਹਾ ਹੈ ਜੋ ਕਿ ਬਿਲਕੁਲ ਬੇਬੁਨਿਆਦ ਹੈ।

**ਮਾਨਯੋਗ ਸਪੀਕਰ** : ਤੁਸੀਂ ਬੈਠੋ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਅਸੀਂ ਗੱਫਾ ਕਦੋਂ ਦੇ ਦਿੱਤਾ।

**Mr. Speaker :** Please, take your seat.

**ਮੁੱਖ ਮੰਤਰੀ** : 3500 ਕਰੋੜ ਰੁਪਿਆ ਉਸ ਵਿਚੋਂ, ਜਦੋਂ ਉਹ ਵਾਪਸ ਆਉਣਗੇ........

**ਸਰਦਾਰ ਪ੍ਰਕਾਸ਼ ਸਿੰਘ ਬਾਦਲ** ; 3500 ਕਰੋੜ ਕਹੀ ਜਾਂਦੇ ਹਨ, ਲੱਭਿਆ ਤਾਂ ਇੱਕ ਨਹੀਂ।

**ਮੁੱਖ ਮੰਤਰੀ** : ਲੱਭਿਆ ਇਸ ਲਈ ਨਹੀਂ, ਸਪੀਕਰ ਸਾਹਿਬ, ਕਿਉਂ ਕਿ......

**ਮਾਨਯੋਗ ਸਪੀਕਰ** : ਮਾਮਲਾ ਕੋਰਟ ਵਿਚ ਹੈ।

**ਮੁੱਖ ਮੰਤਰੀ** : ਹਾਈ ਕੋਰਟ ਨੇ ਸਟੇਅ ਨਹੀਂ ਦਿੱਤੀ। ਇਹ ਸੁਪਰੀਮ ਕੋਰਟ ਚਲੇ ਗਏ। ਕਿੰਨੀ ਇੰਟਰਸਟਿੰਗ ਗੱਲ ਹੈ ਕਿ ਸੁਪਰੀਮ ਕੋਰਟ ਵਿਚ ਜਿਹੜਾ ਉਥੇ ਕੰਪਿਊਟਰ ਹੈ ਉਥੋਂ ਇਨ੍ਹਾਂ ਦਾ ਕੇਸ ਹੀ ਉਡ ਗਿਆ। ਚੀਫ ਜਸਟਿਸ ਨੂੰ ਅੱਗੇ ਫਿਰ ਸਾਰਾ ਮੈਨਸ਼ਨ ਕਰਨਾ ਪਿਆ। ਉਸ ਦੀ 7 ਤਰੀਕ ਲੱਗੀ ਹੈ। ਇਨ੍ਹਾਂ ਨੂੰ ਪਤਾ ਹੈ ਕਿ 7 ਤਰੀਕ ਨੂੰ ਇਹ ਕੇਸ ਸੁਣਿਆ ਜਾਵੇਗਾ। ਇੱਕਲੀ-ਇੱਕਲੀ ਗੱਲ ਕੱਢਾਂਗੇ, ਫਿਕਰ ਨਾ ਕਰੋ।

**ਮਾਨਯੋਗ ਸਪੀਕਰ** : ਐਡਰੈਸ ਦਿ ਚੇਅਰ। ਆਪਸ ਵਿਚ ਗੱਲਾਂ ਨਾ ਕਰੋ। ਆਰਡਰ ਪਲੀਜ਼।

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਸੋ ਸਪੀਕਰ ਸਾਹਿਬ, ਇਨ੍ਹਾਂ ਦੀਆਂ ਗੱਲਾਂ ਦੇਖ ਰਹੇ ਹਾਂ। ਇਹ ਕਹਿੰਦੇ ਰਹੇ ਹਨ ਨੰ: 1 ਫਾਲਸ ਵਾਰ ਆਫ ਕੁਰਪਸ਼ਨ। ਇਹ ਜਿਹੜਾ ਕੁਰਪਸ਼ਨ ਦੇ ਖਿਲਾਫ ਗਏ ਹਨ, ਇਸ ਦਾ ਜਵਾਬ ਦੇਣਾ ਪੈਂਦਾ ਹੈ। ਅਟੈਕ ਸਾਡੇ ਤੇ ਹੋਇਆ। ਅੱਜ 19000 ਕੁਰਪਸ਼ਨ ਦੇ ਕੇਸਿਜ਼ ਵਿਜੀਲੈਂਸ ਵਿੱਚ ਹਨ। 60-70 ਕੇਸਿਜ਼ ਇਸ ਵਿਚੋਂ ਪ੍ਰੋਸੀਕਿਊਟਿਡ ਹਨ। They know this is going on. We call them terrorists and anti-nationals. 18 ਤਾਰੀਕ ਨੂੰ ਜਦੋਂ ਇਸ ਸਬੰਧੀ ਬਹਿਸ ਹੋਵੇਗੀ ਤਾਂ ਪਤਾ ਲੱਗ ਜਾਵੇਗਾ ਕਿ ਕੌਣ ਟੈਰੋਰਿਸਟ ਹਨ ਅਤੇ ਐਂਟੀ ਨੈਸ਼ਨਲ ਕੌਣ ਰਹੇ ਹਨ। ਜਿਹੜਾ ਇਹ ਵਾਰ-ਵਾਰ ਸਚਿਨ ਦੁਗੱਲ ਦੀਆਂ ਈ-ਮੇਲਜ਼ ਦੀਆਂ ਗੱਲਾਂ ਕਰ ਰਹੇ ਹਨ ਅਤੇ ਨਹਿਰਾ ਕਮਿਸ਼ਨ ਬਾਰੇ ਗੱਲਾਂ ਕਰ ਰਹੇ ਹਨ ਇਨ੍ਹਾਂ ਨੂੰ ਪਤਾ ਹੈ ਕਿ ਉਹ ਫੈਬਰੀਕੇਟਿਡ ਹਨ ਕਿਉਂਕਿ ਇਨ੍ਹਾਂ ਨੇ ਹੀ ਉਹ ਫੈਬਰੀਕੇਟਿਡ ਕਰਵਾਏ ਹਨ। ਦੂਜਾ ਜੋ ਇਨ੍ਹਾਂ ਨੇ ਚੇਤਨ ਗੁਪਤਾ ਦੇ ਬਾਰੇ ਗੱਲਾਂ ਕੀਤੀਆਂ ਹਨ, ਇਸ ਬਾਰੇ ਵੀ ਮੈਂ ਜਵਾਬ ਦੇ ਦੇਵਾਂਗਾ। ਨਹਿਰਾ ਕਮਿਸ਼ਨ ਨੇ ਆਪਣੀ ਰਿਪੋਰਟ ਦੇ ਦਿੱਤੀ ਹੈ, Nehra Commission has told that these things are fabricated. ਅੱਜ ਇਹ ਪੁੱਛਦੇ ਹਨ ਕਿ ਇਸ ਦੀ ਇਨਕੁਆਇਰੀ ਸੀ.ਬੀ.ਆਈ. ਨੂੰ ਕਿਉਂ ਨਹੀਂ ਦਿੱਤੀ। Why did not I give it to the C.B.I. ? ਇਸ ਦਾ ਜਵਾਬ ਵੀ ਮੈਂ ਇਨ੍ਹਾਂ ਨੂੰ ਦੇ ਦੇਵਾਂਗਾ। ਇਹ ਸੀ.ਬੀ.ਆਈ. ਦੇ ਇਨਫੋਰਸਮੈਂਟ ਡਾਇਰੈਕਟੋਰੇਟ ਵਿਚ ਚਲੇ ਗਏ। This case has gone to the Enforcement Directorate. ਇਨ੍ਹਾਂ ਦੇ ਖਿਲਾਫ ਪੂਰੀ ਇਨਕੁਆਇਰੀ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਸ਼ੁਰੂ ਕਰ ਦਿੱਤੀ ਹੈ। ਹੁਣ ਇਹ ਫਸਣਗੇ। ਇਹ ਸੀ.ਬੀ.ਆਈ. ਨੂੰ ਕੇਸ ਭੇਜਣ ਬਾਰੇ ਇਸ ਲਈ ਗੱਲਾਂ ਕਰਦੇ ਹਨ ਕਿਉਂਕਿ ਇਨ੍ਹਾਂ ਨੂੰ ਪਤਾ ਹੈ ਕਿ ਸੀ.ਬੀ.ਆਈ. ਨੂੰ ਇਹ ਕੇਸ ਨਹੀਂ ਜਾ ਸਕਦਾ। ਇਹ ਗਲਤ ਡਾਕੂਮੈਂਟ ਬਣਾ ਲੈਂਦੇ ਹਨ। That is why he says I should give it to the C.B.I. Secondly, the former C.M. should not talk like this. These sort of things should not be reflected on the Senior Judge, who has been the Legal Remembrancer. Mr. Badal should not talk in this manner. ਜਿੱਥੋਂ ਤੱਕ ਅਖਬਾਰਾਂ ਦੀ ਗੱਲ ਹੈ, ਇਹ ਖਬਰਾਂ ਤਾਂ ਅਖਬਾਰਾਂ ਵਾਲਿਆਂ ਨੇ ਇਨ੍ਹਾਂ ਦੀਆਂ ਗੱਲਾਂ ਵਿਚ ਆ ਕੇ ਛਾਪ ਦਿੱਤੀਆਂ ਹਨ। ਮੈਂ ਇਨ੍ਹਾਂ ਨੂੰ ਸਿਊ ਕਿਉਂ ਨਾ ਕਰਾਂ, ਮੈਂ ਤਾਂ ਇਨ੍ਹਾਂ ਨੂੰ ਸਿਊ ਕਰਾਂਗਾ। (ਥੰਪਿੰਗ) The anti-national former Chief Minister should know all this. I do not want to say more than this because this issue has been discussed threadbare. Everybody knows that there is no truth in this matter. There is no dustbin of history. You (Mr. Badal) know, what is dustbin of history ? There are the things that I want to say. I do not know what else he likes. ਇਹ ਅੱਜ ਸਵੇਰੇ ਹੀ ਕਹਿ ਰਹੇ ਸਨ ਕਿ ਮੈਂ ਅਮਰਿੰਦਰ ਸਿੰਘ ਦਾ ਤਾਂ ਨਾਂ ਵੀ ਨਹੀਂ ਲੈਣਾ। ਮੈਂ ਦੱਸਦਾ ਹਾਂ ਕਿ ਮੈਂ ਤਾਂ ਇਨ੍ਹਾਂ ਨੂੰ ਕਦੇ ਪ੍ਰਕਾਸ਼ ਸਿੰਘ ਨਹੀਂ ਕਿਹਾ, ਮੈਂ ਬਾਦਲ ਸਾਹਿਬ ਹੀ ਕਹਿੰਦਾ ਹਾਂ। ਜੇਕਰ ਇਹ ਮੇਰਾ ਨਾਂ ਨਹੀਂ ਲੈਣਾ ਚਾਹੁੰਦੇ ਤਾਂ ਬੇਸ਼ੱਕ ਮੈਨੂੰ ਪਟਿਆਲਾ ਹੀ ਕਹਿ ਦੇਣ। ਜੇ ਤੁਹਾਨੂੰ ਬਾਦਲ ਕਹਾਉਣਾ ਪਸੰਦ ਨਹੀਂ ਤਾਂ ਮੈਂ ਗਿੱਦੜਬਾਹਾ ਕਹਿ ਦਿੰਦਾ ਹਾਂ। ਕਿਉਂਕਿ ਥੋੜ੍ਹਾ ਜਿਹਾ ਸੁਭਾਅ ਤਾਂ ਤੁਹਾਡਾ ਉਸ ਦੇ ਨਾਲ ਮਿਲਦਾ ਹੀ ਹੈ। ਸਪੀਕਰ ਸਾਹਿਬ, ਇਹ ਬਾਦਲ (ਗਿੱਦੜਬਾਹਾ) ਸਾਹਿਬ ਪਤਾ ਨਹੀਂ ਕੀ ਚਾਹੁੰਦੇ ਹਨ ? ਅੱਜ

Original with;
Punjab Vidhan Sabha
Digitized by;
Panjab Digital Library

ਢਿਲੋਂ ਕਿੱਥੇ ਹੈ ? ਉਹ ਵਿਚਾਰਾ ਵੀ ਤਾਂ ਇਨ੍ਹਾਂ ਦਾ ਹੀ ਬੰਦਾ ਸੀ। ਉਸ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ ਵਾਲੇ ਭਾਲ ਰਹੇ ਹਨ। ਉਸ ਨੂੰ ਹੁਣ ਇਨ੍ਹਾਂ ਨੇ ਕਿਤੇ ਗਾਇਬ ਕਰ ਦਿੱਤਾ ਹੈ। ਉਹ ਵਿਚਾਰਾ 28 ਕਿੱਲੇ ਜ਼ਮੀਨ ਦਾ ਮਾਲਕ ਸੀ । ਇਨ੍ਹਾਂ ਨੇ ਉਸ ਤੋਂ ਇੱਕ ਕਰੋੜ ਪੰਜਤਾਲੀ ਲੱਖ ਰੁਪਿਆ ਲੋਨ ਲੈ ਲਿਆ। ਦੂਸਰਾ, ਇਨ੍ਹਾਂ ਨੇ ਇੱਕ ਸਿੱਧੂ ਸਾਹਿਬ ਹਨ, ਕੇ.ਐਸ. ਸਿੱਧੂ ਦੀ ਇੱਕ ਨਿੱਕੀ ਜਿਹੀ ਕੰਪਨੀ ਸੀ ਜਿਹੜੀ ਕਿ ਸਾਰੀ ਦੁਨੀਆਂ ਵਿਚ ਫੇਲ੍ਹ ਹੋ ਗਈ। ਉਸ ਦਾ ਨਾਂ ਸੀ ਵਿੰਪੀ। ਇੱਕ ਕੰਪਨੀ ਖੋਲ੍ਹ ਲਈ ਵਿੰਪੀ ਔਰ ਉਸ ਵਿਚ ਸੋ ਰੁਪਏ ਸ਼ੇਅਰ। ਉਹ ਕੰਪਨੀ ਸ਼ੁਰੂ ਵੀ ਨਹੀਂ ਹੋਈ ਸੀ। ਉਸ ਦਾ ਐਕਚੁਅਲ ਮਾਰਕੀਟ ਰੇਟ 40-50 ਰੁਪਏ ਕੁਝ ਸੀ। So, the actually market rate was 40 to 50 rupees. ਇਨ੍ਹਾਂ ਨੇ ਉਸ ਦਾ 800 ਰੁਪਏ ਦਾ ਸ਼ੇਅਰ ਖਰੀਦ ਲਿਆ। ਉਸ ਦੇ ਵਿਚ ਦੀ ਪੈਸੇ ਪਾ ਦਿੱਤੇ। ਉਸ ਵਿਚੋਂ ਦੀ ਕੱਢ ਕੇ ਆਪਣੇ ਆਰਬਿਟ ਰਿਜ਼ੋਰਟ ਵਿਚ ਪਾ ਲਏ। ਇਹ ਵੀ ਇਨਵੈਸਟੀਗੇਸ਼ਨ ਚਲ ਰਹੀ ਹੈ ਔਰ ਜਿਹੜਾ ਇਹ ਆਰਬਿਟ ਰਿਜ਼ੋਰਟ ਬਣਾਇਆ ਹੈ, ਸੈਂਕੜੇ ਕਰੋੜਾਂ ਦਾ ਉਸ ਦਾ ਸਾਰਾ ਹੀ ਮੈਟੀਰੀਅਲ ਅੰਡਰ ਇਨਵਾਇਸ ਹੋ ਕੇ ਬਾਹਰੋਂ ਆਇਆ ਹੈ। ਉਸ ਦੀ ਵੀ ਇਨਵੈਸਟੀਗੇਸ਼ਨ ਚਲ ਰਹੀ ਹੈ। ਇਹ ਤਾਂ ਮੈਂ ਸਿਰਫ ਛੋਟੀਆਂ-ਛੋਟੀਆਂ ਦੋ-ਤਿੰਨ ਗੱਲਾਂ ਹੀ ਦੱਸੀਆਂ ਹਨ। ਤੁਸੀਂ ਸੁਪਰੀਮ ਕੋਰਟ ਤੋਂ ਵਾਪਸ ਤਾਂ ਆਓ। ਫੇਰ ਆਪਾਂ ਜਦੋਂ ਇੱਥੇ ਟਰਾਇਲ ਕੋਰਟ ਵਿਚ ਟਰਾਇਲ ਕਰਾਂਗੇ ਤਾਂ ਤੁਹਾਨੂੰ ਪਤਾ ਲੱਗ ਜਾਵੇਗਾ ਕਿ 3500 ਕਰੋੜ ਰੁਪਿਆ ਕਿੱਥੇ ਹੈ ? ਸਪੀਕਰ ਸਾਹਿਬ, ਇਨ੍ਹਾਂ ਨੂੰ ਸਭ ਕੁਝ ਪਤਾ ਲੱਗ ਜਾਵੇਗਾ and that is known because ਇੱਥੇ ਪਬਲਿਕ ਲਾਈਫ ਵਿਚ there should be some cleanliness. ਅੱਜ ਇਨ੍ਹਾਂ ਦੀ ਪਾਰਟੀ ਓਬਜੈਕਸ਼ਨ ਕਰਦੀ ਹੈ ਕਿ ਅਸੀਂ ਸਪੈਸ਼ਲ ਕੋਰਟਸ ਕਿਉਂ ਮੰਗ ਲਏ। ਮੈਂ ਇਸ ਲਈ ਸਪੈਸ਼ਲ ਕੋਰਟਸ ਮੰਗੀਆਂ ਹਨ ਔਰ ਮੈਂ ਚੀਫ਼ ਜਸਟਿਸ ਨੂੰ ਮਿਲਿਆ ਹਾਂ ਔਰ ਮੈਂ ਇਨ੍ਹਾਂ ਨੂੰ ਕਿਹਾ ਸੀ ਕਿ those in public life shall be responsible to the people. ਇਸ ਕਰਕੇ ਜਿਹੜੇ ਕੇਸਿਜ਼ ਚਲਦੇ ਰਹਿੰਦੇ ਹਨ, ਚਲਦੇ ਰਹਿੰਦੇ ਹਨ ਅਤੇ ਕਦੇ ਵੀ ਨਹੀਂ ਮੁੱਕਦੇ, ਉਨ੍ਹਾਂ ਦੇ ਲਈ ਤੁਸੀਂ ਕੋਰਟਸ ਨੂੰ ਡੇਅ ਟੂ ਡੇਅ ਕਰੋ ਤਾਂ ਜਿਹੜੇ people in public life who are corrupt, let the court decide. ਚਾਹੇ ਉਹ ਕੋਈ ਵੀ ਹਨ ਚਾਹੇ ਮੈਂ, ਚਾਹੇ ਇਹ ਹਨ, ਚਾਹੇ ਕੋਈ ਹੋਰ ਹੈ। ਚਾਹੇ ਉਹ ਕੋਈ ਵੀ ਹਨ, anybody from the public life whether they are politicians, bureaucrats or policemen or anybody else. (ਥੰਪਿੰਗ) ਔਰ ਉਸ ਦੇ ਵਿਚ ਸਾਰਾ ਕੁਝ ਪਤਾ ਲੱਗੇ। ਇਹ ਉਸ ਤੋਂ ਡਰਦੇ ਹਨ ਅਤੇ ਉਸ ਤੋਂ ਭੱਜਦੇ ਹਨ ਕਿਉਂਕਿ ਇਨ੍ਹਾਂ ਨੂੰ ਪਤਾ ਹੈ ਕਿ ਜੇ ਉਹ ਹੋ ਗਿਆ ਤਾਂ ਇਨ੍ਹਾਂ ਨੇ ਜ਼ਰੂਰ ਅੰਦਰ ਜਾਣਾ ਹੈ। ਇਸ ਦੇ ਵਿਚ ਡੇ ਟੂ ਡੇ ਕਾਰਵਾਈ ਚਲੇਗੀ ਅਤੇ ਇਨ੍ਹਾਂ ਨੇ ਅੰਦਰ ਤਾਂ ਹੋਣਾ ਹੀ ਹੈ। ਕਮਰਾ ਜੇਲ੍ਹ ਦਾ ਇਨ੍ਹਾਂ ਲਈ ਤਿਆਰ ਕਰਵਾ ਦਿੱਤਾ ਹੈ। ਚਿੱਕਾਂ ਲਗ ਗਈਆਂ ਹਨ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** (ਬੈਠੇ-ਬੈਠੇ) : ਅਸੀਂ ਜੇਲ੍ਹ ਵਿਚ ਜਾਣ ਵਾਸਤੇ ਤਿਆਰ ਹਾਂ । ਸਾਨੂੰ ਕੋਈ ਡਰ ਨਹੀਂ ਹੈ। ਇਨ੍ਹਾਂ ਨੂੰ ਨਹਿਰਾ ਕਮਿਸ਼ਨ ਤੇ ਗੱਲ ਕਰਨੀ ਚਾਹੀਦੀ ਹੈ।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ :** ਇਹ ਜੇਲ੍ਹ ਸਿਆਸੀ ਨਹੀਂ ਬਲਕਿ ਕੁਰਪਸ਼ਨ ਵਾਲੀ ਜ਼ੇਲ੍ਹ ਹੋਵੇਗੀ।

**ਮਾਨਯੋਗ ਸਪੀਕਰ :** ਇਹ ਤੁਹਾਡੀ ਗੱਲ ਦਾ ਜਵਾਬ ਦੇ ਰਹੇ ਹਨ। ਜੋ ਤੁਸੀਂ ਕਿਹਾ ਹੈ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਨੂੰ ਪਤਾ ਹੈ ਪਿੱਛੇ ਜਦੋਂ ਇਹ ਦੇਹਰਾਦੂਨ ਦੀ ਜੇਲ੍ਹ ਵਿਚ ਸਨ ਤਾਂ ਮੈਨੂੰ ਇਨ੍ਹਾਂ ਨੂੰ ਉਥੇ ਮਿਲਣ ਦਾ ਮੌਕਾ ਮਿਲਿਆ ਅਤੇ ਮੈਂ ਇਨ੍ਹਾਂ ਲਈ ਲੱਡੂ ਲੈ ਕੇ ਗਿਆ ਸੀ। ਇਹ ਕਹਿਣ ਲਗੇ ਇਥੇ ਕਾਲਾ ਨਾਗ ਹੈ ਜਦ ਕਿ ਇਨ੍ਹਾਂ ਦੀ ਦੇਖ ਰੇਖ ਵਿਚ 40 ਬੰਦੇ ਲੱਗੇ ਹੋਏ ਸਨ ਅਤੇ ਉਥੇ ਇਹ ਮੂਲੀ ਬੀਜਦੇ ਸਨ ਔਰ ਬੂਟੇ ਲਗਾ ਰਹੇ ਸਨ। ਉਹ ਇਕ ਸਿਆਸੀ ਜੇਲ੍ਹ ਸੀ ਪਰ ਹੁਣ ਤੁਸੀਂ ਕੁਰਪਸ਼ਨ ਕਰਕੇ ਜੇਲ੍ਹ ਵਿਚ ਜਾਣਾ ਹੈ। ਤੁਸੀਂ ਪਹਿਲੇ ਜੇਲ੍ਹਾਂ ਨੂੰ ਝਲਿਆ ਹੈ। ਜੋ ਕੁਝ ਤੁਸੀਂ ਪਹਿਲੇ ਕੀਤਾ ਪਬਲਿਕ ਦੇ ਨਾਲ, ਉਹ ਤਾਂ ਤੁਹਾਨੂੰ ਭੁਗਤਣਾ ਪਵੇਗਾ। ਗਰੀਬਾਂ ਦੀ ਪੋਸਟਿੰਗ ਵਾਸਤੇ, ਟਰਾਂਸਫਰਜ਼ ਲਈ ਅਤੇ ਐਪੁਆਇੰਟਮੈਂਟਸ ਲਈ ਜਿਹੜੇ ਪੈਸੇ ਤੁਸੀਂ ਲੋਕਾਂ ਤੋਂ ਲਏ ਹਨ ਉਸ ਦਾ ਹਿਸਾਬ ਕਿਤਾਬ ਅਕਾਲਪੁਰਖ ਨੇ ਜ਼ਰੂਰ ਲੈਣਾ ਹੈ। ਔਰ ਤੁਹਾਨੂੰ ਅਕਾਲ ਪੁਰਖ ਕਦੇ ਨਹੀਂ ਬਖਸੇਗਾ। ਅਸੀਂ ਤਾਂ ਪਹਿਲੇ ਹੀ 18 ਤਾਰੀਕ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ ਨੂੰ ਕਮਿਸ਼ਨ ਆਫ ਇਨਕੁਆਇਰੀ ਲਈ ਸਾਰੇ ਡਾਕੂਮੈਂਟਸ ਭੇਜ ਚੁੱਕੇ ਹਾਂ ਪਰ ਇਨ੍ਹਾਂ ਨੇ ਅੱਜ ਕੀ ਕੀਤਾ ਕਿ ਇਨ੍ਹਾਂ ਨੇ ਟੀ.ਵੀ. ਇੰਡੀਆ ਚੈਨਲ ਤੇ ਕਢਵਾ ਦਿੱਤਾ ਕਿ "ਅਮਰਿੰਦਰ ਸਿੰਘ ਸਨ ਇਨਵੈਸਟੀਗੇਸ਼ਨ ਟੂਡੇ" ਇਹ ਨਿਊਜ਼ ਪਹਿਲੇ ਟੀ.ਵੀ. ਤੇ ਦੇ ਦਿੱਤੀ। ਇਸ ਚੈਨਲ ਦਾ ਕੁਨੈਕਸ਼ਨ ਨੈਸ਼ਨਲ ਨਿਊਜ਼ ਹੈ। ਇਸ ਦੀ ਪੰਜਾਬੀ ਚੈਨਲ ਦੀ ਬ੍ਰਾਂਚ ਨਾਲ ਇਨ੍ਹਾਂ ਦਾ ਕੁਨੈਕਸ਼ਨ ਹੈ ਅਤੇ ਕਿਹੜੇ ਕਿਹੜੇ ਬੰਦੇ ਇਸ ਚੈਨਲ ਨਾਲ ਇਨਵਾਲਵ ਹਨ। ਇਸ ਚੈਨਲ ਨੂੰ ਘੱਟ ਲੋਕ ਪੜ੍ਹਦੇ ਹਨ ਪਰ ਕੁਦਰਤੀ ਤੌਰ ਤੇ ਮੈਨੂੰ ਸਵੇਰੇ ਟੈਲੀਫੋਨ ਆਇਆ ਅਤੇ ਮੈਂ ਇਸ ਚੈਨਲ ਨੂੰ ਆਨ ਕੀਤਾ ਤਦ ਮੈਨੂੰ ਪਤਾ ਲਗਾ। ਅਸੀਂ ਤਾਂ ਉਪਨਲੀ ਇਨਫੋਰਸਮੈਂਟ ਡਾਇਰੈਕਟੋਰੇਟ ਨੂੰ ਕਿਹਾ ਹੋਇਆ ਹੈ। ਨਹਿਰਾ ਕਮਿਸ਼ਨ ਦੀ ਰਿਪੋਰਟ ਅਤੇ ਸਾਰੇ ਲੋਕਾਂ ਨੂੰ ਕਾਲ ਦੁਬਾਰਾ ਕਰ ਸਕਦੇ ਹਨ। ਰਿਕਾਰਡ ਹੀ ਪਰੂਵ ਕਰੇਗਾ ਕਿ ਸਚਾਈ ਕੀ ਹੈ ਨਾ ਕਿ ਬਾਦਲ। ਇਹ ਹੱਥ ਪੈਰ ਮਾਰ ਰਹੇ ਹਨ ਤਾਂ ਕਿ ਡੁੱਬ ਨਾ ਜਾਈਏ ਜਿਸ ਕਰਕੇ ਇਹ ਕਾਊਂਟਰ ਐਲੀਗੇਸ਼ਨਜ ਲਗਾ ਰਹੇ ਹਨ। ਇਨ੍ਹਾਂ ਦਾ ਮਤਲਬ ਸਿਰਫ ਇਤਨਾ ਹੈ ਕਿ ਅਸੀਂ ਤਾਂ ਡੁੱਬੇ ਇਨ੍ਹਾਂ ਨੂੰ ਵੀ ਨਾਲ ਲੈ ਕੇ ਡੁਬੀਏ। ਇਨ੍ਹਾਂ ਦੀ ਸਿਆਸਤ ਥੱਲੇ ਨੂੰ ਜਾ ਰਹੀ ਹੈ। ਇਸ ਕਰਕੇ ਸਾਨੂੰ ਵੀ ਇਹ ਥੱਲੇ ਲੈ ਕੇ ਜਾਣਾ ਚਾਹੁੰਦੇ ਹਨ। ਹੁਣੇ ਪਿੱਛੇ ਚੀਫ ਮਨਿਸਟਰਜ਼ ਕਾਨਫਰੰਸ ਚੰਡੀਗੜ੍ਹ ਵਿਚ ਹੋਈ ਅਤੇ ਹਰਿਆਣਾ ਭਵਨ ਵਿਚ ਹੁੱਡਾ ਸਾਹਿਬ ਵੀ ਸਨ। ਉਥੇ ਸ਼ਰਮਾ ਜੀ ਮਨਿਸਟਰ ਕਹਿਣ ਲਗੇ ਕਿ ਇਕ ਜਾਟ ਅਤੇ ਦੋ ਹੋਰ ਵਿਅਕਤੀ, ਕਾਲੇ, ਰੱਬ ਨੂੰ ਮਿਲਣ ਗਏ ਤਾਂ ਰੱਬ ਨੇ ਪੁਛਿਆ ਕਿ ਦਸੋ ਮੈਂ ਤੁਹਾਡੇ ਲਈ ਕੀ ਕਰ ਸਕਦਾ ਹਾਂ ਤਾਂ ਪਹਿਲੇ ਕਾਲੇ ਆਦਮੀ ਨੇ ਕਿਹਾ ਕਿ ਮੈਨੂੰ ਗੌਰਾ ਬਣਾ ਦਿਓ ਅਤੇ ਦੂਜੇ ਕਾਲੇ ਆਦਮੀ ਨੇ ਵੀ ਕਿਹਾ ਕਿ ਮੈਨੂੰ ਗੌਰਾ ਬਣਾ ਦਿਓ। ਜਦ ਜਾਟ ਦੀ ਵਾਰੀ ਆਈ ਤਾਂ ਰੱਬ ਨੇ ਪੁਛਿਆ ਕਿ ਤੂੰ ਕੀ ਚਾਹੁੰਦਾ ਹੈ ਤਾਂ ਉਹ ਕਹਿਣ ਲਗਾ ਕਿ ਤੁਸੀਂ ਇਹ ਜਿਹੜੇ ਦੋ ਆਦਮੀਆਂ ਨੂੰ ਜਿਹੜੇ ਕਾਲੇ ਹਨ, ਉਨ੍ਹਾਂ ਗੌਰਾ ਨਾ ਕਰਕੇ ਕਾਲਾ ਹੀ ਰਹਿਣ ਦਿੱਤਾ ਜਾਵੇ। ਉਹ ਦਸ ਰਹੇ ਸਨ ਕਿ ਜਾਟ ਨੇ ਕਿਹਾ ਕਿ ਇਨ੍ਹਾਂ ਕਾਲੇ ਸੁਸਰੋਂ ਕੋ ਕਾਲਾ ਹੀ ਰਹਿਨ ਦਿੱਤਾ ਜਾਵੇ। ਹਮੇ ਹੋਰ ਕੁਝ ਨਹੀਂ ਚਾਹੀਏ। ਇਹ ਇਹੀ ਚਾਹੁੰਦੇ ਹਨ ਕਿ ਜੋ ਮੈਂ ਡੁੱਬਿਆ ਹਾਂ ਤਾਂ ਇਨ੍ਹਾਂ ਨੂੰ ਵੀ ਨਾਲ ਹੀ ਡੋਬਾਂਗਾ। ਇਹ ਸਚਾਈ ਨਿਕਲੇਗੀ। ਇਹ ਇਨ੍ਹਾਂ ਨੂੰ ਵੀ ਪਤਾ ਲੱਗ ਜਾਵੇਗਾ।

Original with;
Punjab Vidhan Sabha
Digitized by;
Panjab Digital Library

## NON-OFFICIAL RESOLUTIONS

**Mr. Speaker :** Alright. Now Non-official Resolutions.

**Sardar Manpreet Singh Badal :** Speaker Sahib, Point of Order. ਸਪੀਕਰ ਸਾਹਿਬ, ਨਾਨ-ਆਫੀਸ਼ੀਅਲ ਰੈਜ਼ੋਲਿਊਸ਼ਨ ਲਈ ਸਿਰਫ ਇਕ ਘੰਟਾ ਰਹਿ ਗਿਆ ਹੈ। One hour will not serve the purpose.

**Mr. Speaker :** He is not here. The man I have called. Sardar Sukhpal Singh, is not here. Then next Resolution. I call Sardar Gurdev Singh Badal.

## RESOLUTION REG. RECOMMENDATION TO THE STATE GOVERNMENT TO TAKE IMMEDIATE EFFECTIVE STEPS TO CHECK THE CONTAMINATION OF WATER RUNNING IN THE CANALS/RIVULETS/ RIVERS DUE TO THE DISCHARGE OF URBAN FILTH AND INDUSTRIAL WASTE IN THE STATE.

**ਸਰਦਾਰ ਗੁਰਦੇਵ ਸਿੰਘ ਬਾਦਲ :** ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਸਤਿਕਾਰਯੋਗ ਸਦਨ ਵਿਚ ਮਤਾ ਪੇਸ਼ ਕਰਨ ਲਗਾ ਹਾਂ ਕਿ

ਇਹ ਸਦਨ ਰਾਜ ਸਰਕਾਰ ਨੂੰ ਰਾਜ ਵਿਚ ਸ਼ਹਿਰੀ ਗੰਦ ਮੰਦ ਅਤੇ ਉਦਯੋਗਿਕ ਰਹਿੰਦ ਖੂੰਹਦ ਦੇ ਨਿਕਾਸ ਦੇ ਕਾਰਣ ਨਹਿਰਾਂ/ਨਾਲਿਆਂ/ਦਰਿਆਵਾਂ ਵਿਚ ਵਗਦੇ ਪਾਣੀ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਤੁਰੰਤ ਪ੍ਰਭਾਵਸ਼ਾਲੀ ਕਦਮ ਚੁੱਕਣ ਦੀ ਸਿਫਾਰਸ਼ ਕਰਦਾ ਹੈ।

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਸਪੀਕਰ ਸਾਹਿਬ.........

**ਮਾਨਯੋਗ ਸਪੀਕਰ ਸਾਹਿਬ :** ਇਨ੍ਹਾਂ ਨੂੰ ਪਹਿਲਾਂ ਬੋਲ ਲੈਣ ਦਿਓ। Let him speak first.

**ਸਰਦਾਰ ਗੁਰਦੇਵ ਸਿੰਘ ਬਾਦਲ (ਪੰਜਗਰਾਂਈ) :** ਸਪੀਕਰ ਸਾਹਿਬ, ਇਹ ਬਹੁਤ ਹੀ ਫਿਕਰ ਵਾਲੀ ਗੱਲ ਹੈ ਕਿ ਗੁਰੂ ਸਾਹਿਬ ਨੇ ਕਿਹਾ ਸੀ

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹਤੁ ॥

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਵ ਸਿੰਘ ਬਾਦਲ]

ਇਹ ਤਿੰਨਾਂ ਚੀਜ਼ਾਂ ਨੂੰ ਅੱਜ ਤੋਂ 500 ਸਾਲ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਗੁਰੂ ਮਾਤਾ ਤੇ ਪਿਤਾ ਦਾ ਦਰਜਾ ਦਿੱਤਾ ਸੀ। ਅੱਜ ਬਹੁਤ ਫਿਕਰ ਵਾਲੀ ਗੱਲ ਹੈ ਕਿ ਸਾਡੀ ਸਟੇਟ ਦਾ ਜਿਹੜਾ ਪਾਣੀ ਹੈ, ਉਹ ਇੰਨਾ ਮਾੜਾ ਹੋ ਚੁੱਕਾ ਹੈ, ਇੰਨਾ ਗੰਧਲਾ ਹੋ ਚੁੱਕਾ ਹੈ, ਇੰਨਾ ਜ਼ਹਿਰੀਲਾ ਹੋ ਚੁੱਕਾ ਹੈ ਕਿ ਮਨੁੱਖ ਦੇ ਪੀਣ ਵਾਸਤੇ ਇਹ ਪਾਣੀ ਕਿਸੇ ਤਰ੍ਹਾਂ ਵੀ ਠੀਕ ਨਹੀਂ ਰਹਿ ਗਿਆ। ਅੱਜ ਤੋਂ ਕੋਈ 10 ਦਿਨ ਪਹਿਲਾਂ ਸਾਡੇ ਫਰੀਦਕੋਟ ਦੇ ਵਿਚ ਪਾਣੀ ਚੈੱਕ ਕੀਤਾ ਗਿਆ। 10 ਕਿਲੋ ਦਾ ਇਕ ਭਾਂਡਾ ਲੈ ਕੇ, ਉਸ ਭਾਂਡੇ ਨੂੰ ਮਿਣ ਕੇ ਉਸ ਨੂੰ ਟੈਸਟ ਕੀਤਾ। ਜਦੋਂ ਉਸ ਨੂੰ ਟੈਸਟ ਕੀਤਾ ਗਿਆ ਤਾਂ ਸਿਰਫ ਇਕ ਕਿਲੋ ਪਾਣੀ ਉਸ ਵਿਚੋਂ ਠੀਕ ਨਿਕਲਿਆ ਤੇ ਬਾਕੀ ਦਾ 9 ਕਿਲੋ ਪਾਣੀ ਜਿਹੜਾ ਸੀ, ਉਹ ਇੰਨਾ ਮਾੜਾ ਸੀ ਕਿ ਜਿਹੜਾ ਵੀ ਬੰਦਾ ਉਸਨੂੰ ਦੇਖਦਾ ਸੀ, ਉਸ ਦੇ ਮਨ ਵਿਚ ਇਹੀ ਦੁਖ ਲਗਦਾ ਸੀ ਕਿ ਅਸੀਂ ਕਿੰਨੇ ਬਦਕਿਸਮਤ ਹਾਂ ਕਿ ਇਹੋ ਜਿਹਾ ਪਾਣੀ ਪੀ ਰਹੇ ਹਾਂ। ਇਸ ਪਾਣੀ ਨਾਲ ਜਿਉ ਰਹੇ ਹਾਂ। ਇਹ ਇਸ ਕਰਕੇ ਹੈ ਕਿ ਜਿਹੜਾ ਸਾਡੇ ਦਰਿਆਵਾਂ ਦੇ ਵਿਚ ਲੁਧਿਆਣੇ ਦਾ ਜਿਹੜਾ ਸਤਲੁਜ ਦਰਿਆ ਨੂੰ ਇਕ ਬੁੱਢਾ ਦਰਿਆ ਜਾਂਦਾ ਸੀ, ਸਪੀਕਰ ਸਾਹਿਬ, ਕੁਝ ਸਮਾਂ ਪਹਿਲਾਂ ਉਸਦਾ ਨਾਂ ਬੁੱਢਾ ਦਰਿਆ ਸੀ ਪਰ ਅੱਜ ਉਹ ਬੁੱਢਾ ਦਰਿਆ ਗੰਦੇ ਨਾਲੇ ਦੇ ਰੂਪ ਵਿਚ ਬਦਲ ਗਿਆ ਹੈ। ਅੱਜ ਵੀ ਜਿਹੜਾ ਬੁੱਢਾ ਦਰਿਆ ਰੋਪੜ ਤੋਂ ਚਲਦਾ ਹੈ ਤੇ ਲੁਧਿਆਣੇ ਤੱਕ ਪਹੁੰਚਦਾ ਹੈ, ਉਸ ਦਾ ਪਾਣੀ ਅਜੇ ਵੀ ਅੰਮ੍ਰਿਤ ਵਰਗਾ ਹੈ। ਉਹ ਪਾਣੀ ਲੁਧਿਆਣੇ ਪਹੁੰਚਣ ਤੱਕ ਅਜੇ ਵੀ ਅੰਮ੍ਰਿਤ ਵਰਗਾ ਪਾਣੀ ਹੈ ਲੇਕਿਨ ਜਦ ਉਹ ਲੁਧਿਆਣੇ ਪਹੁੰਚ ਜਾਂਦਾ ਹੈ ਤਾਂ ਉਸ ਵਿਚ ਰੰਗ ਕਰਨ ਵਾਲੀਆਂ ਫੈਕਟਰੀਆਂ ਦਾ ਗੰਦਾ ਪਾਣੀ ਮਿਲ ਜਾਂਦਾ ਹੈ। ਲੁਧਿਆਣੇ ਵਿਚ ਰੰਗ ਕਰਨ ਵਾਲੀਆਂ ਸਾਰੀਆਂ ਫੈਕਟਰੀਆਂ ਬੁੱਢੇ ਨਾਲੇ ਤੇ ਲੱਗੀਆਂ ਹਨ। ਉਥੇ 500 ਰੰਗ ਕਰਨ ਵਾਲੀਆਂ ਫੈਕਟਰੀਆਂ ਲੱਗੀਆਂ ਹਨ ਅਤੇ ਉਹ ਸਾਰੀਆਂ ਦੀਆਂ ਸਾਰੀਆਂ ਹੀ ਕਾਂਗਰਸੀਆਂ ਦੀਆਂ ਹਨ। ਉਨ੍ਹਾਂ ਫੈਕਟਰੀਆਂ ਦਾ ਜਿਹੜਾ ਗੰਦਾ ਪਾਣੀ ਹੈ ਉਹ ਪਾਣੀ ਉਸ ਬੁੱਢੇ/ਗੰਦੇ ਨਾਲੇ ਵਿਚ ਪੈ ਜਾਂਦਾ ਹੈ। ਤੇਜ਼ਾਬ ਨਾਲ ਰੰਗ ਸੋਧਿਆ ਜਾਂਦਾ ਹੈ ਅਤੇ ਕਈ ਹੋਰ ਵੀ ਮਾੜੀਆਂ ਦਵਾਈਆਂ ਦੀ ਵਰਤੋਂ ਕੀਤੀ ਜਾਂਦੀ ਹੈ, ਉਸ ਰੰਗ ਨੂੰ ਸੋਧਣ ਵਾਸਤੇ। ਇਹ ਗੰਦਾ ਪਾਣੀ ਜਦ ਬੁੱਢੇ ਨਾਲੇ ਵਿਚ ਪੈਂਦਾ ਹੈ ਤਾਂ ਉਸ ਦਾ ਪਾਣੀ ਜ਼ਹਿਰ ਬਣ ਜਾਂਦਾ ਹੈ। ਐਨਾ ਜ਼ਿਆਦਾ ਗੰਦ ਉਸ ਪਾਣੀ ਵਿਚ ਜਾ ਰਿਹਾ ਹੈ। ਫੈਕਟਰੀਆਂ ਦਾ ਗੰਦਾ ਪਾਣੀ ਸੋਧਣ ਵਾਸਤੇ ਇਕ ਯੰਤਰ ਲਗਦਾ ਹੈ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਗੱਲ ਨੂੰ ਯਕੀਨੀ ਬਣਾਏ ਕਿ ਸਾਰੀਆਂ ਫੈਕਟਰੀਆਂ ਆਪੋ ਆਪਣੇ ਪਾਣੀ ਨੂੰ ਸੋਧਣ ਵਾਸਤੇ ਉਹ ਯੰਤਰ ਜ਼ਰੂਰ ਲਗਾਉਣ। ਸਤਲੁਜ਼ ਦਰਿਆ ਦਾ ਪਾਣੀ ਰਾਜਸਥਾਨ ਤੱਕ ਪਹੁੰਚਦਾ ਹੈ। ਲੁਧਿਆਣੇ ਵਾਂਗ ਹੀ ਕਪੂਰਥਲੇ, ਜਲੰਧਰ ਅਤੇ ਹੋਰ ਸ਼ਹਿਰਾਂ ਦਾ ਗੰਦਾ ਪਾਣੀ ਵੀ ਸਤਲੁਜ ਦਰਿਆ ਵਿਚ ਪੈਂਦਾ ਹੈ। ਤੁਸੀਂ ਕਦੀ ਕਾਂਵਾਂ ਵਾਲੇ ਪੱਤਣ ਤੋਂ ਲੰਘ ਕੇ ਵੇਖੋ। ਉਥੇ ਪੁਲ ਤੇ ਖੜ੍ਹ ਕੇ ਤੁਸੀਂ ਵੇਖੋਂਗੇ ਕਿ ਸਤਲੁਜ ਦਰਿਆ ਦਾ ਸਾਰਾ ਪਾਣੀ ਕਾਲਾ ਹੋਇਆ ਪਿਆ ਹੈ। ਤੁਹਾਨੂੰ ਉਹ ਪਾਣੀ ਵੇਖ ਕੇ ਨਫਰਤ ਹੋਵੇਗੀ ਕਿ ਐਨਾ ਗੰਦਾ ਪਾਣੀ ਲੋਕ ਕਿਵੇਂ ਪੀ ਰਹੇ ਹਨ। ਇਸੇ ਤਰ੍ਹਾਂ ਬਹੁਤ ਸਾਰੇ ਸ਼ਹਿਰਾਂ ਵਿਚ ਢਲਾਈ ਦੀਆਂ ਫੈਕਟਰੀਆਂ ਲੱਗੀਆਂ ਹੋਈਆਂ ਹਨ। ਲੁਧਿਆਣੇ ਵਿਚ ਵੀ ਲੱਗੀਆਂ ਹੋਈਆਂ ਹਨ।

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਫੈਕਟਰੀਆਂ ਵਿਚ ਜਿਹੜੇ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ, ਉਹ ਸਾਰਾ ਗੰਦਾ ਪਾਣੀ ਬਾਅਦ ਵਿਚ ਸਤਲੁਜ ਦਰਿਆ ਵਿਚ ਜਾ ਰਿਹਾ ਹੈ। ਇਸੇ ਤਰ੍ਹਾਂ ਹੋਰ ਵੀ ਕਈ ਫੈਕਟਰੀਆਂ ਦਾ ਗੰਦਾ ਪਾਣੀ ਬੁੱਢੇ ਦਰਿਆ ਵਿਚ ਜਾ ਰਿਹਾ ਹੈ ਜੋ ਕਿ ਹੁਣ ਇਕ ਗੰਦੇ ਨਾਲੇ ਦਾ ਰੂਪ ਧਾਰਨ ਕਰ ਗਿਆ ਹੈ। ਕੱਲ੍ਹ ਮੈਂ ਆਪਣੇ ਦੋਸਤਾਂ ਤੋਂ ਪੁੱਛਗਿਛ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਕੁਝ ਫੈਕਟਰੀਆਂ ਐਸੀਆਂ ਵੀ ਹਨ ਜਿਨ੍ਹਾਂ ਨੇ ਆਪਣੇ ਅੰਦਰ 60-70 ਫੁੱਟ ਡੂੰਘੇ ਬੋਰ ਕੀਤੇ ਹੋਏ ਹਨ। ਉਹ 8 ਇੰਚ ਦਾ ਪਾਣੀ ਖਿੱਚਦੇ ਹਨ। ਉਨ੍ਹਾਂ ਦੇ 70 ਫੁੱਟ ਦੇ ਬੋਰ ਦਾ ਪਾਣੀ ਉਸ ਪਾਣੀ ਵਿਚ ਜਾ ਰਲਦਾ ਹੈ ਜਿਹੜਾ ਉਥੋਂ ਦੇ ਗਰੀਬ ਲੋਕ ਨਲਕਾ ਲਾ ਕੇ ਕੱਢਦੇ ਹਨ। ਇਸ ਤੋਂ ਡੂੰਘਾ ਬੋਰ ਕਰਨ ਦੀ ਉਹ ਗਰੀਬ ਲੋਕ ਪਹੁੰਚ ਨਹੀਂ ਰੱਖਦੇ। ਇਸ ਤਰ੍ਹਾਂ ਨਾਲ ਉਨ੍ਹਾਂ ਨਲਕਿਆਂ ਰਾਹੀਂ ਉਹ ਲੋਕ ਗੰਦਾ ਪਾਣੀ ਪੀ ਰਹੇ ਹਨ ਜਿਸ ਨਾਲ ਬਹੁਤ ਸਾਰੀਆਂ ਬਿਮਾਰੀਆਂ ਉਨ੍ਹਾਂ ਨੂੰ ਆ ਚੰਬੜਦੀਆਂ ਹਨ। ਕੈਂਸਰ ਦਾ ਰੋਗ ਵੀ ਗੰਦੇ ਪਾਣੀ ਕਰਕੇ ਉਨ੍ਹਾਂ ਨੂੰ ਹੁੰਦਾ ਹੈ ਅਤੇ ਪੀਲੀਆ ਵੀ ਗੰਦੇ ਪਾਣੀ ਕਰਕੇ ਹੁੰਦਾ ਹੈ। ਹੋਰ ਵੀ ਕਈ ਭਿਆਨਕ ਬਿਮਾਰੀਆਂ ਉਸ ਗੰਦੇ ਪਾਣੀ ਕਰਕੇ ਹੁੰਦੀਆਂ ਹਨ। ਇਸੇ ਤਰ੍ਹਾਂ ਹੀ ਫਸਲਾਂ ਦੀ ਗੱਲ ਹੈ। ਕੋਈ ਵੀ ਫਸਲ ਪਾਣੀ ਤੋਂ ਬਗੈਰ ਬਚ ਨਹੀਂ ਸਕਦੀ। ਫਸਲ ਨੂੰ ਪਾਣੀ ਦੀ ਬਹੁਤ ਜ਼ਰੂਰਤ ਹੈ। ਇਸ ਗੰਦੇ ਪਾਣੀ ਦੀ ਵਜ੍ਹਾ ਕਰਕੇ ਪਿਛਲੇ ਸਾਲ 5 ਕੁਇੰਟਲ ਇਕ ਕਿੱਲੇ ਮਗਰ ਝਾੜ ਘਟ ਗਿਆ ਸੀ। ਸੜਿਆ ਹੋਇਆ ਡੀਜ਼ਲ ਅਤੇ ਗਰੀਸ ਵੀ ਉਸ ਪਾਣੀ ਵਿਚ ਮਿਲ ਜਾਂਦਾ ਹੈ। ਉਸ ਕਰਕੇ ਜਿਵੇਂ ਧਰਤੀ ਨੂੰ ਪਲੱਸਤਰ ਕੀਤਾ ਜਾਂਦਾ ਹੈ ਜਦੋਂ ਉਨ੍ਹਾਂ ਪੌਦਿਆਂ ਵਿੱਚ ਜਾਂਦਾ ਹੈ ਜਾਂ ਜੜ੍ਹਾਂ ਦੇ ਵਿੱਚ ਜਾਂਦਾ ਹੈ, ਪੌਦੇ ਦੀ ਥੱਲੇ ਵਾਲੀ ਜਿਹੜੀ ਸ਼ਕਤੀ ਹੈ, ਮਾੜਾ ਪਾਣੀ ਲੱਗਣ ਕਰਕੇ ਉਸ ਦੀ ਸ਼ਕਤੀ ਘੱਟ ਜਾਂਦੀ ਹੈ। ਸਪੀਕਰ ਸਾਹਿਬ, ਫਿਰ ਉਸ ਦੇ ਨਾਲ ਝਾੜ ਘਟਦੇ ਹਨ। ਜਿਹੜਾ ਕਿਸਾਨਾਂ ਦਾ ਝਾੜ ਪੰਜ ਕੁਇੰਟਲ ਘਟਿਆ ਹੈ ਉਹ ਇਸੇ ਕਰਕੇ ਹੀ ਘਟਿਆ ਹੈ। ਹਿੰਦੀ ਦੇ ਇਕ ਅਖਬਾਰ ਨੇ ਸਪੀਕਰ ਸਾਹਿਬ, ਅੱਜ ਸਾਨੂੰ ਇਕ ਰਿਪੋਰਟ ਦਿੱਤੀ ਹੈ ਕਿ ਜਿਹੜੇ 41 ਬਲਾਕ ਹਨ ਉਨ੍ਹਾਂ ਵਿੱਚ ਪੀਣ ਵਾਲਾ ਜਿਹੜਾ ਥੱਲੇ ਦਾ ਪਾਣੀ ਹੈ ਉਹ ਵੀ ਅਤੇ ਉਪਰਲਾ ਪਾਣੀ ਵੀ ਉਹ ਹੁਣ ਪੀਣ ਯੋਗ ਨਹੀਂ ਰਹਿ ਗਿਆ। ਇਹ ਰਿਪੋਰਟ ਹਿੰਦੀ ਦੇ ਇਕ ਅਖਬਾਰ ਨੇ ਅੱਜ ਹੀ ਦਿੱਤੀ ਹੈ। ਉਸ ਵਿੱਚ ਲਿਖਿਆ ਹੈ ਕਿ ਜਿਹੜਾ ਅਸੀਂ ਇਹ ਪਾਣੀ ਪੀਂਦੇ ਹਾਂ ਸਾਡੀ ਬਦਕਿਸਮਤੀ ਹੈ ਕਿ ਸਰਕਾਰ ਪਾਣੀ ਸੋਧਣ ਵਾਲੇ ਪਾਸੇ ਧਿਆਨ ਨਹੀਂ ਦੇ ਰਹੀ। ਉਨ੍ਹਾਂ ਨੇ ਇਸ ਅਖਬਾਰ ਦੇ ਵਿੱਚ ਸੁਝਾਅ ਵੀ ਦਿੱਤਾ ਹੈ ਕਿ ਜੇਕਰ ਸਰਕਾਰ ਪੀਣ ਵਾਲਾ ਪਾਣੀ ਚੰਗਾ ਅਤੇ ਸਵੱਛ ਨਹੀਂ ਦੇ ਸਕਦੀ ਅਤੇ ਜਿਹੜੀ ਸਰਕਾਰ ਲੋਕਾਂ ਦੀ ਜਾਨ ਅਤੇ ਮਾਲ ਦੀ ਰਾਖੀ ਨਹੀਂ ਕਰ ਸਕਦੀ ਉਸ ਤੋਂ ਹੋਰ ਕੀ ਆਸ ਕੀਤੀ ਜਾ ਸਕਦੀ ਹੈ। ਇਸ ਲਈ ਮੈਂ ਸਰਕਾਰ ਨੂੰ ਮਸ਼ਵਰਾ ਦੇਵਾਂਗਾ ਕਿ ਵਾਟਰ ਵਰਕਸ ਦਾ ਪਾਣੀ ਘੱਟ ਤੋਂ ਘੱਟ ਪੀਣ ਵਾਲੇ ਪਾਣੀ ਨੂੰ ਤਾਂ ਆਪਾਂ ਨੂੰ ਸੋਧ ਲੈਣਾ ਚਾਹੀਦਾ ਹੈ। ਵਾਟਰ ਵਰਕਸ ਦੇ ਪੀਣ ਵਾਲੇ ਪਾਣੀ ਦੀ ਵੀ ਹੁਣ ਤਾਂ ਕੋਈ ਸੁਧਾਈ ਨਹੀਂ ਹੋ ਰਹੀ।

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਵ ਸਿੰਘ ਬਾਦਲ]

ਇਸ ਕਰਕੇ ਸਰਕਾਰ ਨੂੰ ਮੈਂ ਸੁਝਾਅ ਦਿੰਦਾ ਹਾਂ ਕਿ ਸਰਕਾਰ ਤੁਰੰਤ ਇਸ ਵਲ ਧਿਆਨ ਦੇਵੇ ਨਹੀਂ ਤਾਂ ਪੰਜਾਬ ਨੂੰ ਅਜਿਹੀਆਂ ਭਿਆਨਕ ਬਿਮਾਰੀਆਂ ਚਿੰਬੜ ਰਹੀਆਂ ਹਨ ਜਿਵੇਂ ਸਰਦਾਰ ਬਲਵਿੰਦਰ ਸਿੰਘ ਭੂੰਦੜ ਦੇ ਹਲਕੇ ਬਾਰੇ ਹਰ ਰੋਜ਼ ਅਖਬਾਰਾਂ ਵਿੱਚ ਪੜ੍ਹਦੇ ਹਾਂ ਕਿ ਸਭ ਤੋਂ ਵੱਧ ਕੈਂਸਰ ਰੋਗ ਬਠਿੰਡਾ ਵਿੱਚ ਹੈ। ਇਸੇ ਤਰ੍ਹਾਂ ਹੀ ਸਰਦਾਰ ਮਨਪ੍ਰੀਤ ਸਿੰਘ ਬਾਦਲ ਦੇ ਹਲਕੇ ਵਿੱਚ ਵੀ ਸੱਭ ਤੋਂ ਵੱਧ ਕੈਂਸਰ ਚੱਲ ਰਿਹਾ ਹੈ। ਅਖਬਾਰਾਂ ਦੇ ਵਿੱਚ ਇਹ ਆਮ ਖਬਰਾਂ ਛਪਦੀਆਂ ਹਨ ਕਿ ਇਸ ਗੰਦੇ ਪਾਣੀ ਦੇ ਕਾਰਨ ਕੈਂਸਰ ਰੋਗ ਚੱਲ ਰਿਹਾ ਹੈ। ਗੰਦਾ ਪਾਣੀ ਪੀਣ ਦੀ ਵਜ੍ਹਾ ਕਰਕੇ ਲੋਕਾਂ ਨੂੰ ਅਧਰੰਗ ਹੋ ਰਿਹਾ ਹੈ। ਪਾਣੀ ਕਰਕੇ ਹੀ ਲੋਕਾਂ ਦੀਆ ਅੱਖਾਂ ਤੇ ਬੜਾ ਮਾੜਾ ਅਸਰ ਪੈ ਰਿਹਾ ਹੈ। ਪਾਣੀ ਕਰਕੇ ਹੀ ਲੋਕਾਂ ਦੇ ਗੋਡੇ ਦੁਖਦੇ ਹਨ। ਇਸ ਗੰਦੇ ਪਾਣੀ ਦੀ ਵਜ੍ਹਾ ਕਰਕੇ ਹੀ ਭਿਆਨਕ ਬਿਮਾਰੀਆਂ ਸ਼ੁਰੂ ਹੋਈਆਂ ਹਨ। ਸਪੀਕਰ ਸਾਹਿਬ, ਜੇਕਰ ਸਰਕਾਰ ਨੇ ਇਸ ਪਾਸੇ ਤੁਰੰਤ ਧਿਆਨ ਨਾ ਦਿੱਤਾ ਤਾਂ ਸਾਰਾ ਪੰਜਾਬ ਇਕ ਦਿਨ ਰੋਗੀ ਹੋ ਜਾਵੇਗਾ। ਸਾਰੇ ਬੰਦਿਆਂ ਦੇ ਦੰਦ ਡਿੱਗ ਰਹੇ ਹਨ। ਦੰਦਾਂ ਦੀ ਬਿਮਾਰੀ ਵੀ ਗੰਦੇ ਪਾਣੀ ਕਰਕੇ ਹੀ ਹੈ। ਬਹੁਤ ਵੱਡੀ ਗਿਣਤੀ ਵਿੱਚ ਲੋਕਾਂ ਦੇ ਦੰਦ ਡਿੱਗ ਰਹੇ ਹਨ। ਤੁਸੀਂ ਦੇਖਿਆ ਹੋਣਾ ਹੈ, ਸਪੀਕਰ ਸਾਹਿਬ, ਆਪਣੀ ਉਮਰ ਵਿੱਚ ਜੇਕਰ ਐਨਕਾਂ ਲੱਗ ਜਾਣ ਤਾਂ ਉਮਰ ਦਾ ਤਕਾਜ਼ਾ ਹੋ ਸਕਦਾ ਹੈ ਪਰ ਤੁਸੀਂ ਦੇਖੋਗੇ ਕਿ 9-10 ਸਾਲਾਂ ਦੀ ਉਮਰ ਦੇ ਬੱਚਿਆਂ ਦੇ ਐਨਕਾਂ ਲੱਗ ਜਾਂਦੀਆਂ ਹਨ। ਦੇਖ ਕੇ ਹੈਰਾਨੀ ਹੁੰਦੀ ਹੈ ਕਿ ਇੰਨੀ ਛੋਟੀ ਉਮਰ ਦੇ ਬੱਚਿਆਂ ਨੂੰ ਐਨਕਾਂ ਲੱਗ ਗਈਆਂ ਹਨ। ਗੰਦੇ ਪਾਣੀ ਦੇ ਕਾਰਨ ਹੀ ਬੱਚਿਆਂ ਦੀਆਂ ਅੱਖਾਂ ਤੇ ਅਸਰ ਪੈਂਦਾ ਹੈ। ਸਤਲੁਜ ਦਰਿਆ ਦਾ ਪਾਣੀ ਰਾਜਸਥਾਨ ਤੱਕ ਜਾਂਦਾ ਹੈ। ਸਪੀਕਰ ਸਾਹਿਬ, ਅੱਜ ਰਾਜਸਥਾਨ ਦੇ ਹਾਲਾਤ ਜਾ ਕੇ ਦੇਖੋ ਤਾਂ ਉਥੇ ਦੇ ਲੋਕ ਵੀ ਬੜੀਆਂ ਦੁਹਾਈਆਂ ਪਾਉਂਦੇ ਹਨ। ਉਹ ਕਹਿੰਦੇ ਹਨ ਕਿ ਅੱਗੇ ਲੋਕੀ ਰਾਜਸਥਾਨ ਵਿੱਚ ਆਪਣੇ ਦਮੇ ਦਾ ਇਲਾਜ ਕਰਵਾਉਣ ਲਈ ਆਉਂਦੇ ਸਨ ਅਤੇ ਦਮੇ ਦਾ ਰੋਗ ਘਟ ਜਾਂਦਾ ਸੀ ਪਰ ਹੁਣ ਲੋਕ ਰਾਜਸਥਾਨ ਦੇ ਲੋਕ ਖੁਦ ਦਮੇ ਦਾ ਸ਼ਿਕਾਰ ਹੁੰਦੇ ਜਾ ਰਹੇ ਹਨ। ਇਹ ਗੰਦੇ ਪਾਣੀ ਦੇ ਕਾਰਨ ਹੀ ਹੈ ਕਿਉਂਕਿ ਸਤਲੁਜ ਦਰਿਆ ਦਾ ਗੰਦਾ ਪਾਣੀ ਰਾਜਸਥਾਨ ਨੂੰ ਜਾਂਦਾ ਹੈ। ਹੁਣ ਰਾਜਸਥਾਨ ਵਿੱਚ ਵੀ ਦਮੇ ਦੇ ਰੋਗੀ ਵਧਣੇ ਸ਼ੁਰੂ ਹੋ ਗਏ ਹਨ। ਇਹ ਸਾਰਾ ਕੁਝ ਨਹਿਰ ਦਾ ਗੰਦਾ ਪਾਣੀ ਉਧਰ ਜਾਣ ਕਰਕੇ ਹੋ ਰਿਹਾ ਹੈ। ਸਤਲੁਜ ਅਤੇ ਬਿਆਸ ਵਿੱਚੋਂ ਤਿੰਨ ਨਹਿਰਾਂ ਨਿਕਲਦੀਆਂ ਹਨ। ਦੋ ਨਹਿਰਾਂ ਰਾਜੁਸਥਾਨ ਨੂੰ ਜਾਂਦੀਆਂ ਹਨ ਅਤੇ ਇਕ ਨਹਿਰ ਕੱਦੂ ਖੇੜਾ ਤੱਕ ਸਾਡੇ ਇਲਾਕੇ ਵਿੱਚ ਜਾਂਦੀ ਹੈ। ਇਸ ਲਈ, ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਆਪਾਂ ਵੇਖਦੇ ਹਾਂ ਕਿ ਜੇ ਕੋਈ ਬੰਦਾ ਕਤਲ ਕਰ ਦੇਵੇ, ਕਿਸੇ ਨੂੰ ਗੰਡਾਸਾ ਮਾਰ ਦੇਵੇ ਤਾਂ ਉਸ ਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ ਜਾਂ ਸਖਤ ਤੋਂ ਸਖਤ ਸਜ਼ਾ ਮਿਲਦੀ ਹੈ ਪਰ ਅਫਸੋਸ ਹੈ ਕਿ ਅੱਜ ਆਪਾਂ ਦੇਖਦੇ ਹਾਂ ਕਿ ਕਿੰਨੀਆਂ ਹੀ ਰੋਜ ਅਜਾਈ ਜਾਨਾਂ ਇਨ੍ਹਾਂ ਭਿਆਨਕ ਬਿਮਾਰੀਆਂ ਰਾਹੀਂ ਜਾਂਦੀਆਂ ਹਨ। ਜੇਕਰ ਆਪਾਂ ਸਾਰਿਆਂ ਨੇ ਇਨ੍ਹਾਂ ਵੱਲ ਫੌਰੀ ਧਿਆਨ ਨਾ ਦਿੱਤਾ ਤਾਂ ਇਹ ਪੰਜਾਬ ਦੀ ਬਦਕਿਸਮਤੀ ਹੋਵੇਗੀ। ਅੱਜ ਸਾਰਾ ਥੱਲੇ ਦਾ ਪਾਣੀ ਵੀ

Original with;
Punjab Vidhan Sabha
Digitized by;
Panjab Digital Library

ਗੰਦਾ ਹੋ ਗਿਆ ਹੈ, ਜ਼ਹਿਰੀਲਾ ਹੋ ਗਿਆ ਹੈ ਅਤੇ ਉਪਰਲਾ ਪਾਣੀ ਵੀ ਜ਼ਹਿਰੀਲਾ ਹੋ ਗਿਆ ਹੈ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਅੱਜ ਸਾਡਾ ਸਾਰਾ ਵਾਤਾਵਰਣ ਵੀ ਬਦਲ ਗਿਆ ਹੈ। ਮੇਰੇ ਕੋਲ ਇਕ ਕੱਲ੍ਹ ਦੀ ਅਖਬਾਰ ਹੈ ਜਿਹੜੀ ਲੁਧਿਆਣੇ ਤੋਂ ਛਪਦੀ ਹੈ। ਲੁਧਿਆਣਾ ਵਿਖੇ ਇਕ ਹਵਾ ਵੇਖਣ ਵਾਲਾ ਯੰਤਰ ਖਰੀਦਿਆ ਗਿਆ ਸੀ। ਇਹ ਯੰਤਰ ਮੁੰਬਈ ਤੋਂ ਖਰੀਦਿਆ ਗਿਆ ਸੀ ਅਤੇ ਲੁਧਿਆਣੇ ਵਿਚ ਲਗਾਇਆ ਗਿਆ ਸੀ।

*5.36 ਵਜੇ ਸ਼ਾਮ

(ਇਸ ਸਮੇਂ* ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਇਹ ਯੰਤਰ ਇਹ ਵੇਖਦਾ ਸੀ ਕਿ ਜਦੋਂ ਪਹਾੜਾਂ ਵੱਲ ਦੀ ਹਵਾ ਚਲਦੀ ਹੈ ਤਾਂ ਉਸ ਵਿਚ ਕਿੰਨਾ ਜ਼ਹਿਰ ਆਉਂਦਾ ਹੈ ਜਦੋਂ ਪੁਰੇ ਦੀ ਹਵਾ ਚਲਦੀ ਹੈ ਤਾਂ ਕਿੰਨਾ ਜ਼ਹਿਰ ਆਉਂਦਾ ਹੈ। ਉਹ ਯੰਤਰ ਚਾਰੇ ਦਿਸ਼ਾ ਦੀਆਂ ਹਵਾਵਾਂ ਨੂੰ ਚੈੱਕ ਕਰਦਾ ਸੀ। ਇਸ ਤਰ੍ਹਾਂ ਦਾ ਯੰਤਰ ਪੰਜਾਬ ਵਿਚ ਹੋਰ ਕਿਧਰੇ ਵੀ ਨਹੀਂ ਲੱਗਾ ਸੀ ਤੇ ਕੇਵਲ ਲੁਧਿਆਣੇ ਵਿਚ ਹੀ ਲੱਗਾ ਸੀ। ਅਖਬਾਰ ਨੇ ਛਾਪਿਆ ਹੈ ਕਿ ਇਹ ਯੰਤਰ ਕਿਧਰੇ ਗਾਇਬ ਹੀ ਹੋ ਗਿਆ ਹੈ। ਪਤਾ ਨਹੀਂ ਸਰਕਾਰ ਵਾਲੇ ਕਿੱਧਰ ਲੈ ਗਏ ਹਨ। ਪਤਾ ਨਹੀਂ, ਮਹਿਕਮੇ ਵਾਲੇ ਕਿਹੜੇ ਪਾਸੇ ਚੁੱਕ ਕੇ ਲੈ ਗਏ ਹਨ। ਪਾਣੀ ਵਾਲਾ ਯੰਤਰ ਤਾਂ ਸਰਕਾਰ ਨੇ ਕੀ ਲਾਉਣਾ ਸੀ ਜਿਹੜਾ ਇਕ ਹਵਾ ਨੂੰ ਚੈੱਕ ਕਰਨ ਵਾਲਾ ਯੰਤਰ ਸੀ, ਉਸ ਨੂੰ ਵੀ ਸਰਕਾਰ ਚੁੱਕ ਕੇ ਲੈ ਗਈ ਹੈ। ਮੁਆਫ ਕਰਨਾ, ਜਦੋਂ ਇਸ ਹਾਊਸ ਨੇ ਆਪਣਾ 50 ਸਾਲਾ ਦਿਵਸ ਮਨਾਇਆ ਸੀ ਤਾਂ ਮੈਂ ਵੀ ਉਸ ਖੁਸ਼ੀ ਵਿਚ ਹਾਜ਼ਰ ਹੋਇਆ ਸੀ। ਪਿਛਲੇ 50 ਸਾਲਾਂ ਵਿਚ ਮੈਂ ਵੀ ਇਸ ਹਾਊਸ ਵਿੱਚ ਲਗਾਤਾਰ ਆਉਂਦਾ ਰਿਹਾ ਹਾਂ। ਮੈਂ ਕਹਾਂਗਾ ਕਿ ਜਿਥੇ ਪਾਣੀ ਵਿਚ ਪ੍ਰਦੂਸ਼ਣ ਫੈਲ ਗਿਆ ਹੈ ਉਥੇ ਖਾਣੇ ਵਿਚ ਵੀ ਫੈਲ ਗਿਆ ਹੈ। ਇਹ ਹਾਊਸ ਪਵਿੱਤਰ ਹੈ ਪਰ ਇਸ ਵਿੱਚ ਵੀ ਉਹ ਜ਼ਹਿਰੀਲੀਆਂ ਚੀਜ਼ਾਂ ਆ ਗਈਆਂ ਹਨ। ਜਦੋਂ ਸਰਦਾਰ ਪ੍ਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਸਨ ਅਸੀਂ ਡਿਪਟੀ ਸਪੀਕਰ ਸਾਹਿਬ, ਵੇਖਦੇ ਰਹੇ ਹਾਂ ਕਿ ਅਸੈਂਬਲੀ ਦਾ ਸੈਸ਼ਨ ਦੋ-ਦੋ ਮਹੀਨੇ ਚਲਦਾ ਹੁੰਦਾ ਸੀ ਅਤੇ ਦੋ-ਦੋ ਸ਼ਿਫਟਾਂ ਹੁੰਦੀਆਂ ਸਨ ਅਤੇ ਉਨ੍ਹਾਂ ਦੋ-ਦੋ ਸ਼ਿਫਟਾਂ ਵਿਚ ਕਦੀ ਖਾਣਾ ਸਪੀਕਰ ਸਾਹਿਬ ਵੱਲੋਂ ਹੁੰਦਾ ਸੀ, ਕਦੀ ਸਰਕਾਰ ਵੱਲੋਂ ਖਾਣਾ ਹੁੰਦਾ ਸੀ, ਕਦੀ ਕਾਂਗਰਸ ਵੱਲੋਂ ਖਾਣਾ ਹੁੰਦਾ ਸੀ। ਸਾਨੂੰ ਸਾਰਿਆਂ ਨੂੰ ਸਪੀਕਰ ਸਾਹਿਬ ਵੱਲੋਂ ਕਾਰਡ ਪਹੁੰਚ ਜਾਂਦੇ ਸਨ ਕਿ ਭਾਈ ਆਪਾਂ ਸਾਰਿਆਂ ਨੇ ਇਕੱਠਿਆਂ ਖਾਣਾ ਖਾਣਾ ਹੈ। ਉਸ ਵੇਲੇ ਸਾਰੀਆਂ ਪਾਰਟੀਆ ਇਕੱਠੀਆਂ ਹੋ ਕੇ ਕਾਂਗਰਸੀ, ਅਕਾਲੀ ਅਤੇ ਕਾਮਰੇਡ ਆਦਿ ਇਕ ਥਾਂ ਤੇ ਇਕੱਠੇ ਹੋ ਕੇ ਖਾਣਾ ਖਾਂਦੀਆਂ ਸਨ। ਫਿਰ ਉਹ ਆਪਣੀਆਂ ਆਪਣੀਆਂ ਪਲੇਟਾਂ ਚੁੱਕ ਕੇ ਆਪਸ ਵਿਚ ਦੁੱਖ-ਸੁੱਖ ਤੇ ਹਾਸਾ-ਠੱਠਾ ਕਰਦੇ ਹੁੰਦੇ ਸਨ। ਪਰ ਬਦਕਿਸਮਤੀ ਹੈ ਕਿ ਸਾਢੇ ਤਿੰਨ ਸਾਲ ਹੋ ਗਏ ਹਨ,

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਵ ਸਿੰਘ ਬਾਦਲ]

ਇਸ ਸਰਕਾਰ ਨੂੰ ਬਣਿਆਂ ਨੂੰ। ਇਕ ਤਾਂ ਕੇਵਲ 2-3 ਦਿਨ ਦਾ ਹੀ ਸੈਸ਼ਨ ਹੁੰਦਾ ਹੈ। ਸਰਕਾਰ ਵੱਲੋਂ ਖਾਣਾ ਦਿੱਤਾ ਜਾਂਦਾ ਹੈ। ਜਿਸ ਤਰ੍ਹਾਂ ਪਾਣੀ ਵਿਚ ਜ਼ਹਿਰ ਫੈਲ ਗਿਆ ਹੈ ਅਤੇ ਉਹ ਜ਼ਹਿਰੀਲਾ ਹੋ ਗਿਆ ਹੈ, ਉਸੇ ਤਰ੍ਹਾਂ ਵਾਤਾਵਰਣ ਵੀ ਜ਼ਹਿਰੀਲਾ ਹੋ ਗਿਆ ਹੈ। ਪਿਛਲੇ ਸਾਢੇ ਤਿੰਨ ਸਾਲਾਂ ਵਿਚ ਇਕ ਵਾਰ ਵੀ ਇਸ ਤਰ੍ਹਾਂ ਨਹੀਂ ਹੋਇਆ ਕਿ ਆਪੋਜੀਸ਼ਨ ਦੀ ਪਾਰਟੀ ਨੇ ਸਰਕਾਰ ਦੇ ਖਾਣੇ ਵਿਚ ਪਾਣੀ ਦਾ ਗਲਾਸ ਇਕੱਠਿਆਂ ਪੀਤਾ ਹੋਵੇ..........

**ਮਾਨਯੋਗ ਡਿਪਟੀ ਸਪੀਕਰ :** ਬਾਦਲ ਸਾਹਿਬ, ਜਰਾ ਬੈਠੋ। ਸਰਦਾਰ ਬੀਰ ਦਵਿੰਦਰ ਸਿੰਘ ਜੀ ਪੁਆਇੰਟ ਆਫ ਆਰਡਰ ਤੇ ਹਨ।

**ਸਰਦਾਰ ਬੀਰ ਦਵਿੰਦਰ ਸਿੰਘ :** ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਨਾਨ ਅਫੀਸ਼ੀਅਲ ਬਿਜ਼ਨਸ ਸਿਰਫ ਇਕ ਦਿਨ ਹੁੰਦਾ ਹੈ ਅਤੇ ਇਹ ਜਿਹੜਾ ਰੈਜ਼ੋਲਿਊਸ਼ਨ ਬੜਾ ਇੰਪਾਰਟੈਂਟ ਸਬਜੈਕਟ ਤੇ ਹੈ, ਮੈਨੂੰ ਬੜੇ ਅਫਸੋਸ ਨਾਲ ਇਹ ਗੱਲ ਕਹਿਣੀ ਪੈ ਰਹੀ ਹੈ ਕਿ ਇਸ ਸਦਨ ਵਿੱਚ ਪ੍ਰੈਸ ਗੈਲਰੀ ਅਤੇ ਇਲੈਕਟ੍ਰਾਨਿਕ ਮੀਡੀਆ ਮੌਜੂਦ ਹੈ ਪਰ ਇਹ ਕਦੇ ਵੀ ਨਾਨ ਅਫੀਸ਼ੀਅਲ ਬਿਜ਼ਨੈਸ ਨੂੰ ਕਵਰ ਨਹੀਂ ਕਰਦਾ ਅਤੇ ਗੈਲਰੀ ਵਿੱਚ ਕੋਈ ਬੰਦਾ ਨਹੀਂ ਹੁੰਦਾ। ਇਥੋਂ ਤੱਕ ਕਿ ਜਿਸ ਦਿਨ ਇਸ ਸਦਨ ਵਿੱਚ ਆਬੀਚਰੀ ਰੈਫਰੈਂਸਿਜ਼ ਹੋਏ ਹਨ, ਅਤੇ ਸਦਨ ਨੇ ਵੱਡੇ-ਵੱਡੇ ਲੀਡਰਾਂ ਨੂੰ ਸ਼ਰਧਾਜਲੀਆਂ ਦਿੱਤੀਆਂ ਹਨ ਉਨ੍ਹਾਂ ਬਾਰੇ ਵੀ ਸਰਕਾਰੀ ਮੀਡੀਏ ਅਤੇ ਦੂਰਦਰਸ਼ਨ ਨੇ ਕੁਝ ਨਹੀਂ ਦੱਸਿਆ। ਡਿਪਟੀ ਸਪੀਕਰ ਸਾਹਿਬ, ਤੁਸੀਂ ਸਪੀਕਰ ਸਾਹਿਬ ਦੇ ਲੈਵਲ ਤੇ ਕੁਝ ਕਰੋ ਕਿ ਮੀਡੀਆ ਜਿਹੜਾ ਹੈ, ਇਹ ਜਦੋਂ ਤੱਕ ਬਿਜ਼ਨੈਸ ਚਲ ਰਿਹਾ ਹੈ, ਉਦੋਂ ਤੱਕ ਸਦਨ ਵਿੱਚ ਹਾਜ਼ਰ ਰਹੇ। They should remain present till the adjournment of the House. There is nobody to cover the proceedings of the House. ਮੈਂ ਸਮਝਦਾ ਹਾਂ ਕਿ ਤੁਹਾਡੇ ਰਾਹੀਂ ਇਹ ਗੱਲ ਪ੍ਰੈਸ ਗੈਲਰੀ ਤੱਕ ਪਹੁੰਚਣੀ ਚਾਹੀਦੀ ਹੈ। There is a Press Gallery also.

**Mr. Deputy Speaker :** Parliamentary Affairs is to consider this.

**ਸਰਦਾਰ ਗੁਰਦੇਵ ਸਿੰਘ ਬਾਦਲ :** ਡਿਪਟੀ ਸਪੀਕਰ ਸਾਹਿਬ, ਇਹ ਤਾਂ ਆਪ ਹੀ ਨਹੀਂ ਸੁਣਦੇ। ਇਸ ਕਰਕੇ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਬੇਨਤੀ ਕਰਾਂਗਾ ਕਿ ਇਹ ਬੜਾ ਪਵਿੱਤਰ ਸਦਨ ਹੈ ਇੱਥੇ ਮੈਂ ਸਰਦਾਰ ਪ੍ਰਤਾਪ ਸਿੰਘ ਕੈਰੋਂ ਅਤੇ ਗਿੱਲ ਸਾਹਿਬ ਨੂੰ ਵੀ ਤੂੰ-ਤੂੰ, ਮੈਂ-ਮੈਂ ਹੁੰਦੇ ਦੇਖਿਆ ਹੈ ਪਰ ਚਾਹ ਉਹ ਇਕੱਠੇ ਪੀਂਦੇ ਹੁੰਦੇ ਸਨ। ਇਥੇ ਮੈਂ ਗਿੱਲ ਸਾਹਿਬ ਅਤੇ ਸਰਦਾਰ ਗੁਰਨਾਮ ਸਿੰਘ ਨੂੰ ਵੀ ਬੜਾ ਲੋਹਾ-ਲਾਖਾ ਹੁੰਦੇ ਦੇਖਿਆ ਹੈ ਪਰ ਉਹ ਵੀ ਚਾਹ ਇੱਕਠੇ ਪੀਂਦੇ ਸਨ ਅਤੇ ਆਪਣੀਆਂ ਗੱਲਾਂ ਕਰਦੇ ਸਨ। ਮੈਂ ਗਿਆਨੀ ਜੈਲ ਸਿੰਘ ਨੂੰ ਵੀ ਵੇਖਿਆ ਹੈ ਅਤੇ ਗਿਆਨੀ ਜੈਲ ਸਿੰਘ ਬਾਦਲ ਸਾਹਿਬ ਨੂੰ ਸਾਹ ਦਿਵਾਉਣ ਵਾਸਤੇ ਕੈਪਟਨ ਰਤਨ ਸਿੰਘ ਅਤੇ ਹੰਸ ਰਾਜ ਸ਼ਰਮਾ ਜੀ ਨੂੰ ਇਨ੍ਹਾਂ ਕੋਲ ਭੇਜਦੇ ਹੁੰਦੇ ਸਨ ਪਰ ਇਤਨਾ ਜ਼ਹਿਰੀਲਾ ਵਾਤਾਵਰਣ ਪਹਿਲਾਂ ਕਦੇ ਵਿਧਾਨ ਸਭਾ ਦਾ ਨਹੀਂ ਹੋਇਆ ਹੈ। ਇੰਨਾ ਪਿਆਰ ਅਤੇ ਮੁਹੱਬਤ ਹੁੰਦੀ ਸੀ ਕਿ ਅਸੀਂ ਆਪਣੇ ਦੁੱਖ-ਸੁੱਖ ਵੀ ਸਾਂਝੇ ਕਰ ਲੈਂਦੇ ਸੀ ਪਰ

Original with;
Punjab Vidhan Sabha
Digitized by;
Panjab Digital Library

ਹੁਣ ਤਾਂ ਪਿਛਲੇ ਸਾਢੇ ਤਿੰਨ-ਚਾਰ ਸਾਲ ਤੋਂ ਇੰਨਾਂ ਜ਼ਹਿਰੀਲਾ ਵਾਤਾਵਰਣ ਹੋ ਗਿਆ ਹੈ ਵਿਧਾਨ ਸਭਾ ਦਾ ਕਿ ਮੈਂ ਕਦੇ ਕਿਸੇ ਨੂੰ ਹੱਥ ਮਿਲਾਉਂਦੇ ਨਹੀਂ ਦੇਖਿਆ। ਡਿਪਟੀ ਸਪੀਕਰ ਸਾਹਿਬ, ਜਿੱਥੇ ਅਸੀਂ ਸਾਰਾ ਕੁਝ ਖਤਮ ਕਰਨਾ ਹੁੰਦਾ ਹੈ, ਉਥੇ ਇਹ ਜ਼ਹਿਰੀਲਾ ਵਾਤਾਵਰਣ ਪੈਦਾ ਹੋ ਗਿਆ ਹੈ। ਇਸ ਲਈ ਮੈਨੂੰ ਬੜੇ ਦੁਖ ਨਾਲ ਕਹਿਣਾ ਪੈ ਰਿਹਾ ਹੈ ਕਿ ਜਿੱਥੇ ਅਸੀਂ ਆਪਣੇ ਦੁੱਖ-ਸੁੱਖ ਦੀਆਂ ਗੱਲਾਂ ਵੀ ਕਰਦੇ ਸੀ ਅਤੇ ਪਾਰਟੀ-ਬਾਜ਼ੀ ਤੋਂ ਉਪਰ ਉਠ ਕੇ ਭਰਾਵਾਂ ਵਾਂਗ ਰਹਿੰਦੇ ਸੀ ਹੁਣ ਇੱਥੇ ਇਕ ਦੂਜੇ ਨੂੰ ਬੁਲਾਉਣ ਲਈ ਤਿਆਰ ਨਹੀਂ। ਮੈਨੂੰ ਤਾਂ ਕੋਈ ਨਹੀਂ ਬੁਲਾਉਂਦਾ, ਇਸ ਲਈ ਮੈਨੂੰ ਲਗਦਾ ਹੈ ਕਿ ਸਾਰਿਆਂ ਦਾ ਹੀ ਇਹ ਹਾਲ ਹੋਵੇਗਾ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਹ ਸਦਨ ਦੀਆ ਇਨ੍ਹਾਂ ਜ਼ਹਿਰੀਲੀਆਂ ਚੀਜ਼ਾਂ ਨੂੰ ਕਢੀਏ। ਇਹ ਸਦਨ ਇੰਨਾ ਕੌੜਾ ਨਹੀਂ ਜਿੰਨਾ ਬਣ ਗਿਆ ਹੈ। ਅੱਜ ਸਬਜ਼ੀ ਉਹ ਵੀ ਖਾਣ ਦੇ ਕਾਬਲ ਨਹੀਂ ਰਹਿ ਗਈ ਕਿਉਂਕਿ ਜਿਹੜਾ ਸਬਜ਼ੀ ਪੈਦਾ ਕਰਦਾ ਹੈ, ਕੱਦੂ ਦੀ ਵੇਲ ਤੇ ਛੋਟਾ ਜਿਹਾ ਜਦੋਂ ਕੱਦੂ ਲਗਦਾ ਹੈ ਤਾਂ ਬੀਜਣ ਵਾਲਾ ਉਸ ਦੀ ਜੜ੍ਹ ਵਿੱਚ ਰਾਤ ਨੂੰ ਟੀਕਾ ਲਗਾਉਂਦਾ ਹੈ ਅਤੇ ਪਤਾ ਨਹੀਂ ਦਿਨ ਵਿੱਚ ਐਡਾ ਵੱਡਾ ਹੋ ਜਾਂਦਾ ਹੈ। ਇਸੇ ਤਰ੍ਹਾਂ ਬੈਂਗਣਾਂ ਦੀ ਜੜ੍ਹਾਂ ਵਿੱਚ ਵੀ ਟੀਕੇ ਲਗਾਏ ਜਾਂਦੇ ਹਨ ਅਤੇ ਅਗਲੇ ਦਿਨ ਉਹ ਵੱਡੇ-ਵੱਡੇ ਹੋ ਜਾਂਦੇ ਹਨ। ਡਿਪਟੀ ਸਪੀਕਰ ਸਾਹਿਬ, ਇਹ ਕਿਸਾਨ ਦੀ ਮਜ਼ਬੂਰੀ ਹੈ। ਇਸੇ ਤਰ੍ਹਾਂ ਡਿਪਟੀ ਸਪੀਕਰ ਸਾਹਿਬ, ਮੱਝਾਂ ਦਾ ਦੁੱਧ ਵੀ ਪਿਊਰ ਨਹੀਂ ਰਹਿ ਗਿਆ, ਮੱਝਾਂ ਨੂੰ ਵੀ ਟੀਕੇ ਲਗਾ ਕੇ ਚੋਇਆ ਜਾਂਦਾ ਹੈ ਅਤੇ ਇਸ ਟੀਕੇ ਦਾ ਅਸਰ ਵੀ ਦੁੱਧ ਵਿੱਚ ਆ ਜਾਂਦਾ ਹੈ। ਇਸੇ ਤਰ੍ਹਾਂ ਮੱਝਾਂ ਨੂੰ ਜਿਹੜੇ ਅਸੀਂ ਪੱਠੇ ਪਾਉਂਦੇ ਹਾਂ, ਉਨ੍ਹਾਂ ਪੱਠਿਆਂ ਤੇ ਅਸੀਂ ਯੂਰੀਏ ਦਾ ਸਪਰੇਅ ਕਰਦੇ ਹਾਂ। ਸਾਇੰਟਿਸਟਾਂ ਨੇ, ਵਿਗਿਆਨੀਆਂ ਨੇ ਅਤੇ ਕਈ ਡਾਕਟਰਾਂ ਨੇ ਜਦੋਂ ਦੁੱਧ ਦਾ ਨਿਰੀਖਣ ਕੀਤਾ ਤਾਂ ਉਸ ਦੁੱਧ ਵਿੱਚ ਯੂਰੀਏ ਦੇ ਕੰਟੈਂਟਸ ਪਾਏ ਗਏ ਹਨ। ਇਸ ਤਰ੍ਹਾਂ ਡਿਪਟੀ ਸਪੀਕਰ ਸਾਹਿਬ, ਦੁੱਧ ਵਿੱਚ ਵੀ ਯੂਰੀਆ ਆਉਂਦਾ ਹੈ। ਉਹ ਇਸ ਕਰਕੇ ਆਉਂਦਾ ਹੈ ਕਿ ਜਿਹੜੀ ਪਸ਼ੂ ਨੇ ਖੁਰਾਕ ਖਾਧੀ ਹੈ, ਉਸ ਤੇ ਜਿਹੜੀ ਸਪਰੇਅ ਕੀਤੀ ਹੁੰਦੀ ਹੈ, ਉਹ ਯੂਰੀਏ ਦੀ ਦਵਾਈ ਦੀ ਕੀਤੀ ਹੁੰਦੀ ਹੈ। ਕੋਈ ਵੀ ਚੀਜ਼ ਐਸੀ ਨਹੀਂ ਰਹਿ ਗਈ ਜਿਸ ਵਿੱਚ ਜ਼ਹਿਰ ਨਾ ਭਰ ਗਈ ਹੋਵੇ। ਧਰਤੀ ਦੇ ਸਰਵੇ ਹੋਏ ਸੀ। ਅੱਜ ਤੋਂ ਹਫਤਾ ਪਹਿਲਾਂ ਕਿਸੇ ਵਿਦਵਾਨ ਨੇ ਲਿਖਿਆ ਸੀ ਕਿ ਜਿਹੜੀ ਧਰਤੀ ਹੈ, ਉਹ ਥੱਲੇ ਪਾਣੀ ਤੱਕ ਜ਼ਹਿਰੀਲੀ ਹੋ ਗਈ ਹੈ ਕਿਉਂਕਿ ਉਸਤੇ ਸਪਰੇਆਂ ਹੁੰਦੀਆਂ ਹਨ, ਜ਼ਹਿਰਾਂ ਛਿੜਕੀਆਂ ਜਾਂਦੀਆਂ ਹਨ। ਮਾੜੀ ਤੋਂ ਮਾੜੀ ਦਵਾਈ ਕੀੜੇ ਮਾਰਨ ਵਾਸਤੇ ਵਰਤੀ ਜਾਂਦੀ ਹੈ। ਆਪਣੀ ਫਸਲ ਨੂੰ ਬਚਾਉਣ ਵਾਸਤੇ ਝੋਨੇ ਤੇ 15-15 ਦਵਾਈਆਂ ਛਿੜਕਣੀਆਂ ਪੈਂਦੀਆਂ ਹਨ। ਜਿਹੜੀ ਕਣਕ ਹੈ, ਉਸ ਤੇ ਵੀ ਸਪਰੇਆਂ ਕਰਨੀਆਂ ਪੈਂਦੀਆਂ ਹਨ। ਜਿਹੜਾ ਨਰਮਾ ਹੈ, ਉਸ ਤੇ ਵੀ 15-15 ਸਪਰੇਆਂ ਕਰਕੇ ਫਿਰ ਉਹ ਸੁੰਡੀ ਤੋਂ ਬਚਾਇਆ ਜਾਂਦਾ ਹੈ। ਇਸ ਕਰਕੇ ਹਰ ਚੀਜ਼ ਜ਼ਹਿਰੀਲੀ ਹੋ ਚੁੱਕੀ ਹੈ ਅਤੇ ਖਾਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਜਿਹੜਾ ਦਰਿਆਵਾਂ ਵਿੱਚ ਗੰਦਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਵ ਸਿੰਘ ਬਾਦਲ]

ਪਾਣੀ ਪੈ ਰਿਹਾ ਹੈ, ਕੂੜਾ-ਕਰਕਟ ਪੈ ਰਿਹਾ ਹੈ, ਉਹ ਬਹੁਤ ਖਤਰਨਾਕ ਹੈ। ਮੈਂ ਇੱਕ ਵਾਰ ਬਾਹਰ ਗਿਆ ਸੀ। ਮੈਂ ਵੇਖਿਆ ਹੈ ਕਿ ਉਥੇ ਦੇ ਜਿਹੜੇ ਲੋਕ ਹਨ, ਉਹ ਆਪਣੇ ਘਰ ਦਾ ਕੂੜਾ ਕਿਸੇ ਵਧੀਆ ਲਿਫਾਫੇ ਵਿੱਚ ਪਾ ਕੇ ਆਪਣੇ ਬਾਰ ਅੱਗੇ ਰੱਖ ਦਿੰਦੇ ਹਨ। ਬਾਰ ਵਿਚੋਂ ਗੱਡੀ ਵਾਲਾ ਚੁੱਕ ਕੇ ਲੈ ਜਾਂਦਾ ਹੈ। ਜਿਸ ਦਾ ਲਿਫਾਫਾ ਮਾੜਾ ਹੋਵੇ, ਉਸ ਨੂੰ ਉਹ ਨਹੀਂ ਚੁਕਦੇ। ਉਹ ਵਧੀਆਂ ਲਿਫਾਫੇ ਵਿੱਚ ਕੂੜਾ-ਕਰਕਟ ਪਾ ਕੇ ਰੱਖਦੇ ਹਨ ਤਾਂ ਕੇ ਗੱਡੀ ਵਾਲਾ ਚੁੱਕ ਕੇ ਲੈ ਜਾਵੇ। ਪਰ ਬਦਕਿਸਮਤੀ ਹੈ ਕਿ ਸਾਡੇ ਦੁਕਾਨਦਾਰ ਵੀ ਜਦੋਂ ਤੜ੍ਹਕੇ ਉਠ ਕੇ ਦੁਕਾਨ ਸਾਫ ਕਰਦੇ ਹਨ ਤਾਂ ਦੁਕਾਨ ਦਾ ਜੋ ਸਾਰਾ ਕੂੜਾ-ਕਰਕਟ ਹੁੰਦਾ ਹੈ, ਉਹ ਸਾਰੇ ਦਾ ਸਾਰਾ ਸੜਕ ਤੇ ਕਰ ਦਿੰਦੇ ਹਨ। ਸੜਕ ਤੋਂ ਜਿਹੜੇ ਹੂੰਝ ਕੇ ਲਿਜਾਣ ਵਾਲੇ ਹਨ, ਚਾਰ-ਪੰਜ ਦਿਨ ਬਾਅਦ ਉਹ ਗੱਡੀ ਵਿੱਚ ਪਾ ਕੇ ਨਾਲਿਆਂ ਵਿੱਚ ਸੁੱਟ ਜਾਂਦੇ ਹਨ। ਉਹ ਸ਼ਹਿਰ ਦਾ ਜਿੰਨਾ ਗੰਦ-ਮੰਦ ਹੁੰਦਾ ਹੈ, ਉਹ ਨਾਲਿਆਂ ਵਿੱਚ ਚਲਾ ਜਾਂਦਾ ਹੈ। ਮੈਂ ਸਤਲੁਜ ਦਰਿਆ ਦੀ ਮਿਸਾਲ ਦੇਣ ਲੱਗਿਆਂ ਹਾਂ। ਸਾਡੇ ਬੇਟ ਏਰੀਏ ਵਿੱਚ ਮੇਰੇ ਭਾਈ ਰਹਿੰਦੇ ਹਨ। ਪਹਿਲਾਂ ਉਥੇ ਜਦੋਂ ਪਾਣੀ ਦਾ ਚੜ੍ਹਾਅ ਆਉਣਾ ਤਾਂ ਸਤਲੁਜ ਦਰਿਆ ਦੇ ਚੜ੍ਹਾਅ ਨਾਲ ਲੋਕਾਂ ਦੇ ਖੇਤਾਂ ਵਿੱਚ ਪਾਣੀ ਆ ਜਾਣਾ ਅਤੇ ਪਾਣੀ ਦੇ ਚੜ੍ਹਾਅ ਨਾਲ ਖੇਤਾਂ ਵਿੱਚ ਪਾਣੀ ਲੱਗ ਜਾਂਦਾ ਸੀ। ਐਤਕੀਂ ਦੇਖਿਆ, ਡਿਪਟੀ ਸਪੀਕਰ ਸਾਹਿਬ, ਕਿ ਸਤਲੁਜ ਦਰਿਆ ਐਤਕੀਂ ਚੜ੍ਹਿਆ ਸੀ ਪਰ ਐਤਕੀਂ ਦਰਿਆ ਵਿੱਚੋਂ ਕਿਤੇ ਵੀ ਪਾਣੀ ਸਿੰਮ ਕੇ ਬਾਹਰ ਨਹੀਂ ਗਿਆ। ਇਸ ਕਰਕੇ ਨਹੀਂ ਗਿਆ ਕਿ ਜਿਹੜਾ ਦਰਿਆ ਵਿੱਚ ਗੰਦੇ ਨਾਲੇ ਦਾ ਪਾਣੀ ਪੈਂਦਾ ਹੈ, ਉਸ ਨਾਲ ਦਰਿਆ ਵਿੱਚ ਫਰਸ਼ ਲੱਗਿਆ ਪਿਆ ਹੈ। ਡੀਜਲ ਉਸ ਪਾਣੀ ਵਿੱਚ ਰਲਿਆ ਹੈ, ਗਰੀਸ ਉਸ ਪਾਣੀ ਵਿੱਚ ਰਲਿਆ ਹੈ, ਮਾੜੀਆਂ ਦਵਾਈਆਂ ਉਸ ਵਿੱਚ ਰਲੀਆਂ ਹਨ। ਇਹ ਮਾੜੀਆਂ ਚੀਜਾਂ ਰਲਣ ਨਾਲ ਸਤਲੁਜ ਦਰਿਆ ਵਿੱਚ ਵੀ ਫਰਸ ਲੱਗ ਗਿਆ ਹੈ ਅਤੇ ਬਾਹਰ ਸੁਰਾਖਾਂ ਰਾਹੀਂ ਸਿੰਮ ਕੇ ਜੋ ਪਾਣੀ ਜਾਂਦਾ ਸੀ, ਉਹ ਹੁਣ ਬੰਦ ਹੋ ਗਿਆ ਹੈ। ਪੀਣ ਵਾਲੇ ਪਾਣੀ ਵੱਲ ਆਪਾਂ ਸਾਰਿਆਂ ਨੂੰ ਧਿਆਨ ਦੇਣਾ ਚਾਹੀਦਾ ਹੈ। ਇਥੇ ਹੋਰ ਵੀ ਸੱਜਣ ਬੈਠੇ ਹਨ ਜਿਹੜੇ ਮੇਰੇ ਤੋਂ ਬਾਅਦ ਆਪਣੀਆਂ ਚੰਗੀਆਂ ਰਾਵਾਂ ਦੇਣਗੇ। ਮੈਂ ਬੇਨਤੀ ਕਰਾਂਗਾ ਕਿ ਸਰਕਾਰ ਇਸ ਪਾਸੇ ਤੁਰੰਤ ਧਿਆਨ ਦੇਵੇ। ਹੋਰ ਗੱਲਾਂ ਤੇ ਬੇਸ਼ੱਕ ਖਰਚ ਘਟਾ ਦੇਵੇ ਪਰ ਪੀਣ ਵਾਲੇ ਪਾਣੀ ਦਾ ਬੰਦੋਬਸਤ ਜ਼ਰੂਰ ਕਰੇ। ਅੱਛਾ ਬੰਦੋਬਸਤ ਕਰੇ ਅਤੇ ਇਸ ਬਾਰੇ ਸਖਤ ਹਦਾਇਤਾਂ ਜਾਰੀ ਕਰੇ। ਜਿਹੜਾ ਵਾਟਰ ਵਰਕਸ ਦਾ ਪਾਣੀ ਹੈ, ਉਸਦੀ ਮਾੜੀ ਹਾਲਤ ਹੈ। ਜਦੋਂ ਸੜਕਾਂ ਬਣ ਜਾਂਦੀਆਂ ਹਨ ਤਾਂ ਤਾਰਾਂ ਪਾਉਣ ਵਾਲੇ ਆ ਜਾਂਦੇ ਹਨ। ਜਦੋਂ ਤਾਰਾਂ ਪੈਂਦੀਆਂ ਹਨ ਤਾਂ ਜਿਹੜੀਆਂ ਪਾਈਪਾਂ ਹੁੰਦੀਆਂ ਹਨ, ਗੰਦੇ ਪਾਣੀ ਦੀਆਂ ਪਾਈਪਾਂ ਅਤੇ ਵਾਟਰ ਵਰਕਸ ਦੀਆਂ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਦੋਵੇਂ ਰਲ ਜਾਂਦੀਆਂ ਹਨ ਅਤੇ ਉਸ ਨਾਲ ਪੀਲੀਏ ਵਰਗੇ ਰੋਗ ਪੈਦਾ ਹੁੰਦੇ ਹਨ। ਇਸ ਤਰ੍ਹਾਂ ਦੀਆ ਬਿਮਾਰੀਆਂ ਤੋਂ ਪੰਜਾਬ ਨੂੰ ਬਚਾਉਣ ਵਾਸਤੇ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਪੀਣ ਵਾਲੇ ਪਾਣੀ ਵੱਲ ਤੁਰੰਤ ਧਿਆਨ ਦੇਵੇ। ਗੰਦੇ ਨਾਲਿਆਂ ਦਾ ਪਾਣੀ ਸਾਫ ਰੱਖਣ ਵਾਸਤੇ ਹਰ ਇੱਕ ਫੈਕਟਰੀ ਨੂੰ ਹਦਾਇਤ ਕਰੇ। ਇਸ ਗੰਦੇ ਪਾਣੀ ਨੂੰ ਦਰਿਆਵਾਂ ਵਿੱਚ ਪੈਣ ਤੋਂ ਰੋਕਣ ਵਾਸਤੇ ਜਿਹੜੀ ਫੈਕਟਰੀ ਲੱਗੀ ਹੈ, ਉਹ ਆਪਣੇ ਪਾਣੀ ਨੂੰ ਉਥੇ ਹੀ ਸਾਫ ਕਰੇ ਜਿਥੇ ਉਸ ਦਾ ਯੰਤਰ

Original with;
Punjab Vidhan Sabha
Digitized by;
Panjab Digital Library

ਲੱਗਿਆ ਹੋਵੇ। ਜਿਹੜੇ ਪਾਣੀ ਦੀ ਫੈਕਟਰੀ ਨੂੰ ਲੋੜ ਹੈ, ਉਸ ਪਾਣੀ ਨੂੰ ਸਾਫ ਕਰਕੇ ਉਹੀ ਦੁਬਾਰਾ ਫਿਰ ਵਰਤੇ। ਜਿੰਨਾ ਕੁ ਮੈਨੂੰ ਪਤਾ ਲਗਾ ਹੈ। ਉਹ ਪਾਣੀ ਤਾਂ ਹੀ ਵਧੀਆ ਹੋ ਸਕਦਾ ਹੈ, ਸਾਫ ਸੁਥਰਾ ਹੋ ਸਕਦਾ ਹੈ ਜੇਕਰ ਉਸ ਨੂੰ ਸਾਫ ਕਰਨ ਦੇ ਲਈ ਯੰਤਰ ਲੱਗਿਆ ਹੋਵੇ। ਪਰ ਯੰਤਰ ਕਿਸੇ ਵੀ ਫੈਕਟਰੀ ਵਿਚ ਨਹੀਂ ਲੱਗਿਆ ਹੋਇਆ ਭਾਵੇਂ ਉਹ ਕਾਗਜ਼ਾਂ ਵਿਚ ਇਸ ਤਰ੍ਹਾਂ ਯੰਤਰ ਲਗੇ ਹੋਏ ਦਿਖਾ ਦਿੰਦੇ ਹੋਣ ਕਿ ਸਾਡੇ ਇਹ ਯੰਤਰ ਲੱਗਿਆ ਹੋਇਆ ਹੈ। ਇਸ ਕਰਕੇ ਮੈਂ ਸਰਕਾਰ ਨੂੰ ਸਿਫਾਰਸ਼ ਕਰਾਂਗਾ ਕਿ ਪੀਣ ਵਾਲਾ ਪਾਣੀ ਜੋ ਹੈ ਇਸ ਨੂੰ ਬਚਾਉਣ ਲਈ ਯਤਨ ਕੀਤਾ ਜਾਵੇ ਕਿਉਂਕਿ ਸਾਡੇ ਪੰਜਾਬ ਦਾ ਪਾਣੀ ਰਾਜਸਥਾਨ ਤੱਕ ਜਾਂਦਾ ਹੈ। ਇਸ ਲਈ ਲੋਕਾਂ ਦੀ ਜਾਨ ਮਾਲ ਦੀ ਰੱਖਿਆ ਕਰਨ ਵਾਸਤੇ ਪਾਣੀ ਨੂੰ ਸਾਫ ਕਰਨ ਲਈ ਯੰਤਰ ਲਗਾਏ ਜਾਣੇ ਚਾਹੀਦੇ ਹਨ ਤਾਂ ਕਿ ਲੋਕਾਂ ਨੂੰ ਸਾਫ ਸੁਥਰਾ ਪਾਣੀ ਮਿਲ ਸਕੇ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਬਹੁਤ-ਬਹੁਤ ਮਿਹਰਬਾਨੀ।

**ਸੰਸਦੀ ਸਕੱਤਰ, ਉਦਯੋਗ ਤੇ ਕਮਰਸ ਅਤੇ ਟਰਾਂਸਪੋਰਟ (ਰਾਣਾ ਕੇ.ਪੀ. ਸਿੰਘ) :** ਮਾਨਯੋਗ ਡਿਪਟੀ ਸਪੀਕਰ ਸਾਹਿਬ, ਇੱਕ ਬੜਾ ਹੀ ਲੋਕ ਮੱਹਤਵ ਦਾ, ਅੱਜ ਦੀ ਜਿੰਦਗੀ ਦੇ ਬੜੇ ਹੀ ਜ਼ਰੂਰੀ ਵਿਸ਼ੇ ਤੇ ਸਰਦਾਰ ਗੁਰਦੇਵ ਸਿੰਘ ਬਾਦਲ ਜੀ ਮਤਾ ਲੈ ਕੇ ਆਏ ਹਨ। ਮੈਂ ਇਸ ਸਬੰਧ ਵਿੱਚ ਕਹਿਣਾ ਚਾਹੁੰਦਾ ਹਾਂ ਕਿ ਇਹ ਗੱਲ ਬਿਲਕੁਲ ਠੀਕ ਹੈ ਕਿ ਅੱਜ ਪੰਜਾਬ ਸੂਬੇ ਦਾ ਪਾਣੀ ਇੰਨਾ ਖਰਾਬ ਹੋ ਚੁੱਕਿਆ ਹੈ ਕਿ ਪੰਜਾਂ ਪਾਣੀਆ ਦੇ ਦਰਿਆਵਾਂ ਦੀ ਧਰਤੀ, ਜਿਸ ਦੀ ਸ਼ੁਰੂ ਤੋਂ ਹੀ ਸ਼ਾਸਤਰਾਂ ਵਿੱਚ ਇਸ ਕਰਕੇ ਵਰਣਨ ਸੀ ਕਿ ਨਦੀਆਂ ਕਰਕੇ ਦੇਸ਼ ਦੇ ਇਸ ਖਿੱਤੇ ਨੂੰ ਜਾਣਿਆ ਜਾਂਦਾ ਸੀ ਅਤੇ ਇਥੋਂ ਦੀ ਸਾਰੀ ਜ਼ਿੰਦਗੀ ਇਨ੍ਹਾਂ ਨਦੀਆਂ ਦੇ ਪਾਣੀ ਦੇ ਦੁਆਲੇ ਘੁੰਮਦੀ ਸੀ, ਕਿ ਇਹ ਪੀਣ ਦੇ ਲਾਇਕ ਨਹੀਂ ਰਿਹਾ। ਇਥੋਂ ਦੀ ਪਹਿਚਾਣ ਔਰ ਪੰਜਾਬੀਅਤ ਦੀ ਪਹਿਚਾਣ ਇਨ੍ਹਾਂ ਨਦੀਆਂ ਨਾਲ ਜੁੜੀ ਹੋਈ ਸੀ। ਸਿਆਸੀ ਕਾਰਨਾਂ ਬਾਰੇ ਮੈਂ ਗਹਿਰਾਈ ਵਿਚ ਨਹੀਂ ਜਾਣਾ ਚਾਹੁੰਦਾ, ਲੰਮੀ ਗੱਲ ਹੈ ਪਰ ਸਾਡੇ ਕੋਲ ਹੁਣ ਤਾਂ ਨਦੀਆਂ ਹੀ ਨਹੀਂ ਰਹੀਆਂ, ਜਿਹੜੀਆਂ ਰਹੀਆਂ ਹਨ, ਉਹ ਅੱਜ ਸਚਮੁੱਚ ਹੀ ਗੰਦੇ ਨਾਲਿਆਂ ਦਾ ਰੂਪ ਅਖਤਿਆਰ ਕਰ ਗਈਆਂ ਹਨ ਔਰ ਇਹ ਹਕੀਕਤ ਹੈ ਕਿ ਜਿਥੇ ਬੁੱਢਾ ਨਾਲਾ ਦਰਿਆ ਸਤਲੁਜ ਜਿਹੜਾ ਕਿ ਸਾਡੀ ਲਾਈਫ ਲਾਈਨ ਹੈ ਉਹ ਗੰਦੇ ਨਾਲੇ ਬਣ ਗਏ ਹਨ ਉਥੇ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਵਿੱਚ ਪਾਣੀ ਪੀਣ ਦੇ ਕਾਬਲ ਨਹੀਂ ਰਿਹਾ ਹੈ। ਖਾਸ ਤੌਰ ਤੇ ਜਿਥੇ ਦਵਾਈਆਂ ਨਾਲ ਜੁੜੀਆਂ ਹੋਈਆਂ ਫੈਕਟਰੀਆਂ ਲੱਗੀਆਂ ਹੋਈਆਂ ਹਨ ਭਾਵੇਂ ਡੇਰਾਬੱਸੀ, ਜ਼ਿਲ੍ਹਾ ਪਟਿਆਲਾ ਵਿਖੇ ਹੈ ਜਾਂ ਫਿਰ ਭਾਵੇਂ ਨਵੇਂ ਸ਼ਹਿਰ ਦਾ ਏਰੀਆ ਹੈ, ਉਥੇ ਤਹਿ ਜ਼ਮੀਨ ਦਾ ਜਿਹੜਾ ਪਾਣੀ ਹੈ ਉਹ ਖਰਾਬ ਹੋ ਚੁੱਕਿਆ ਹੈ ਔਰ ਇਨਸਾਨੀ ਜ਼ਿੰਦਗੀ ਦੇ ਲਈ ਪੀਣ ਦੇ ਲਈ ਠੀਕ ਨਹੀਂ ਹੈ। ਇਸ ਤੋਂ ਇਲਾਵਾ ਮਾਲਵਾ ਬੈਲਟ ਜਿਥੇ

Original with;
Punjab Vidhan Sabha
Digitized by;
Panjab Digital Library

[ਸੰਸਦੀ ਸਕੱਤਰ, ਉਦਯੋਗ ਤੇ ਕਮਰਸ ਅਤੇ ਟਰਾਂਸਪੋਰਟ]

ਅੰਧਾ-ਧੁੰਦ ਦਵਾਈਆਂ ਦਾ ਇਸਤੇਮਾਲ ਕਰਕੇ, ਅੰਧਾ-ਧੁੰਦ ਖਾਦਾਂ ਦਾ ਇਸਤੇਮਾਲ ਕਰਕੇ ਪਾਣੀ ਜਾਂ ਪਾਣੀ ਦੀ ਚੰਗੀ ਸਾਂਭ ਸੰਭਾਲ ਨਾ ਹੋਣ ਕਰਕੇ ਜਿਥੇ ਪੀਣ ਵਾਲਾ ਪਾਣੀ ਖਰਾਬ ਹੋਇਆ ਹੈ ਉਥੇ ਇਨਸਾਨੀ ਜ਼ਿੰਦਗੀ ਵੀ ਕਈ ਕਿਸਮ ਦੀਆਂ ਬਿਮਾਰੀਆਂ ਦੇ ਲਪੇਟ ਵਿੱਚ ਆ ਗਈ ਹੈ ਅਤੇ ਇਨਸਾਨ ਨੂੰ ਪਤਾ ਨਹੀਂ ਲੱਗਦਾ ਕਿ ਮੈਨੂੰ ਬਿਮਾਰੀ ਕੀ ਹੈ ਔਰ ਨਾ ਹੀ ਡਾਕਟਰ ਸਾਹਿਬ ਨੂੰ ਪਤਾ ਲਗਦਾ ਹੈ ਕਿ ਉਸ ਨੂੰ ਕੀ ਤਕਲੀਫ ਹੈ। ਕਈ ਕਿਸਮ ਦੀਆਂ ਬਿਮਾਰੀਆਂ ਅੱਜ ਚਰਚਾ ਦਾ ਵਿਸ਼ਾ ਹੈ ਕਿ ਜਿਸ ਨੇ ਕਈ ਬਲਾਕ ਖਾਸ ਤੌਰ ਤੇ ਬਠਿੰਡੇ ਏਰੀਏ ਨੂੰ ਆਪਣੀ ਲਪੇਟ ਵਿਚ ਲਿਆ ਹੈ। ਔਰ ਅੱਜ ਇਹ ਸਮਾਂ ਹੈ ਕਿ ਇਸ ਚੀਜ਼ ਉਤੇ ਗੌਰ ਕਰਕੇ ਇਹ ਯਕੀਨੀ ਜ਼ਰੂਰ ਬਣਾਇਆ ਜਾਵੇ। ਜੇਕਰ ਅਸੀਂ ਚੰਗਾ ਨਹੀਂ ਕਰ ਸਕਦੇ ਤਾਂ ਇਸ ਪਵਿੱਤਰ ਸਦਨ ਵਿਚ ਬੈਠੇ ਸਾਰੇ ਲੋਕ ਭਾਵੇਂ ਸਾਹਮਣੇ ਬੈਠੇ ਭਰਾ ਹਨ ਜਾਂ ਇਧਰਲੇ ਪਾਸੇ ਬੈਠੇ ਹਨ, ਇਹ ਸਾਡੀ ਇਖਲਾਕੀ ਜ਼ਿੰਮੇਵਾਰੀ ਹੈ ਕਿ ਘੱਟੋ-ਘੱਟ ਜਿਹੋ ਜਿਹਾ ਵਿਰਸਾ ਸਾਨੂੰ ਮਿਲਿਆ ਹੈ, ਉਸ ਤਰ੍ਹਾਂ ਦਾ ਆਉਣ ਵਾਲੀ ਪੀੜ੍ਹੀ ਨੂੰ ਸੌਂਪ ਸਕੀਏ। ਜੇ ਚੰਗਾ ਨਹੀਂ ਕਰ ਸਕਦੇ ਤਾਂ ਸਾਨੂੰ ਇਸ ਨੂੰ ਮਾੜਾ ਕਰਨ ਦਾ ਮੂਕ ਦਰਸ਼ਕ ਬੈਠ ਕੇ ਦੇਖਣ ਦਾ ਕੋਈ ਹੱਕ ਨਹੀਂ ਹੈ। ਜੇਕਰ ਅਜਿਹਾ ਕਰਦੇ ਹਾਂ ਤਾਂ ਇਕ ਇਤਿਹਾਸ ਨਿਭਾਉਣ ਵਿਚ ਅਸੀਂ ਸਾਰੇ ਫੇਲ੍ਹ ਹਾਂ। ਇਸ ਦਾ ਆਕਲਨ ਆਉਣ ਵਾਲੇ ਸਮੇਂ ਵਿਚ ਲੋਕੀ ਜ਼ਰੂਰ ਕਰਨਗੇ ਜੇ ਅਸੀਂ ਇਸ ਜ਼ਿੰਮੇਵਾਰੀ ਨੂੰ ਨਹੀਂ ਦੇਖਦੇ। ਸੋ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਧਿਆਨ ਵਿਚ ਲਿਆਉਣਾ ਹੈ; ਮੈਂ ਸਮੁੱਚੇ ਸਦਨ ਦੇ ਧਿਆਨ ਵਿਚ ਲਿਆਉਂਦਾ ਹਾਂ ਕਿ ਇਹ ਰਾਤੋਂ-ਰਾਤ ਨਹੀਂ ਹੋਇਆ ਜੋ ਨਦੀਆਂ ਦਾ ਪਾਣੀ ਖਰਾਬ ਹੋਇਆ, ਇਹ ਬੜਾ ਸੰਜੀਦਾ ਮਸਲਾ ਹੈ। ਬਾਦਲ ਸਾਹਿਬ ਨੇ ਜਿਸ ਮਸਲੇ ਨੂੰ ਲਿਆਂਦਾ ਮੈਂ ਇਸ ਦੀ ਕਦਰ ਕਰਦਾ ਹਾਂ। ਮੈਂ ਇਹ ਵੀ ਉਮੀਦ ਕਰਦਾ ਸੀ ਕਿ ਇਸ ਦੇ ਪਿੱਛੇ ਭਾਵਨਾ ਵੀ ਬੜੀ ਚੰਗੀ ਹੋਵੇਗੀ ਪਰ ਪਤਾ ਨਹੀਂ ਇਹ ਕਿਹੜੀ ਭਾਵਨਾ ਨਾਲ ਲਿਆਂਦਾ। ਇਨ੍ਹਾਂ ਨੇ ਕਿਹਾ ਕਿ ਜਿੰਨੀਆਂ ਫੈਕਟਰੀਆਂ ਹਨ, ਉਹ ਸਾਰੀਆਂ ਕਾਂਗਰਸੀਆਂ ਦੀਆਂ ਹਨ, ਇਹ ਇਨਸਾਫ ਵਾਲੀ ਗੱਲ ਨਹੀਂ ਹੋਵੇਗੀ,ਸਹੀ ਗੱਲ ਨਹੀਂ ਹੋਵੇਗੀ, ਇੰਡਸਟਰੀਆਂ ਸਾਰਿਆਂ ਦੀਆਂ ਸਾਂਝੀਆਂ ਹਨ, ਸਾਰੇ ਪੰਜਾਬ ਦੀਆਂ ਹਨ। ਅਸੀਂ ਸਾਰੇ ਪਹਿਲਾਂ ਪੰਜਾਬੀ ਹਾਂ, ਲਕੀਰ ਬਾਅਦ ਦੀ ਗੱਲ ਹੈ, ਇਹ ਛੋਟੀ ਗੱਲ ਹੋਵੇਗੀ ਜੋ ਇਨ੍ਹਾਂ ਨੇ ਕੀਤੀ ਹੈ। ਇਸ ਦੇ ਨਾਲ ਮੈਂ ਸਹਿਮਤ ਨਹੀਂ ਹਾਂ। ਇਹ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਸੀ, ਇਥੇ ਕਮੀ ਰਹੀ ਹੈ, ਕੋਈ ਵੀ ਇਸ ਪਾਸੇ ਰਿਹਾ ਉਸ ਦਾ ਇਹ ਫਰਜ਼ ਬਣਦਾ ਸੀ ਪਰ ਉਹ ਪੂਰਾ ਨਹੀਂ ਕੀਤਾ ਗਿਆ। ਪਿਛਲੇ ਸਮੇਂ ਅੰਦਰ ਸਤਲੁਜ ਦਰਿਆ ਦੇ ਕਿਨਾਰੇ ਤੇ ਵਸਦੇ ਕੁਝ ਸ਼ਹਿਰਾਂ ਵਿਚ ਸਰਕਾਰ ਨੇ ਹੰਭਲਾ ਮਾਰਿਆ ਅਤੇ ਐਸੇ ਟ੍ਰੀਟਮੈਂਟ ਪਲਾਂਟ ਲਗਾਏ ਹਨ ਜਿਸ ਨਾਲ ਪਾਣੀ ਸਾਫ਼ ਕਰਨ ਵਿਚ ਮੱਦਦ ਮਿਲਣੀ ਹੈ। ਫਿਰ ਵੀ ਅਜਿਹੇ ਕਈ ਵੱਡੇ ਸ਼ਹਿਰ ਰਹਿੰਦੇ ਹਨ ਜਿਥੇ ਜਦੋਂ ਤੱਕ ਟਰੀਟਮੈਂਟ ਪਲਾਂਟ ਨਹੀਂ ਲਗਦੇ ਉਥੇ ਉਦੋਂ ਤੱਕ ਇਹ ਮਸਲਾ ਹੱਲ ਨਹੀਂ ਹੋਣਾ। ਅੱਛਾ ਰਿਜ਼ਲਟ ਨਹੀਂ ਨਿਕਲਦਾ ਤਾਂ ਦਰਿਆਵਾਂ ਦਾ ਮਸਲਾ ਹੱਲ ਨਹੀਂ ਹੋਣਾ। ਜੇ ਦਰਿਆਵਾਂ ਦਾ ਮਸਲਾ ਹੱਲ ਨਹੀਂ ਹੁੰਦਾ ਤਾਂ ਤਹਿ ਜ਼ਮੀਨ ਦਾ ਪਾਣੀ ਸਾਫ਼ ਨਹੀਂ ਹੋ ਸਕਦਾ। ਜਿਸ ਨੂੰ ਕਿ ਸਾਫ਼ ਰੱਖਣਾ ਬਹੁਤ ਜ਼ਰੂਰੀ ਹੈ। ਇਸ ਦੇ ਨਾਲ-ਨਾਲ ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਜਿਥੇ

Original with;
Punjab Vidhan Sabha
Digitized by;
Panjab Digital Library

ਸਰਕਾਰ ਨੇ ਆਪਣੀ ਜ਼ਿੰਮੇਵਾਰੀ ਨਿਭਾਉਣੀ ਹੈ ਉਥੇ ਸਾਰੀਆਂ ਸਿਆਸੀ ਪਾਰਟੀਆਂ ਦੀ, ਸਿਆਸੀ ਕਾਰਕੁੰਨਾਂ ਦੀ, ਸਿਆਸੀ ਲੋਕਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪ ਵੀ ਜਾਗਰੂਕ ਹੋਣ ਤੇ ਲੋਕਾਂ ਨੂੰ ਵੀ ਜਾਗਰੂਕ ਕਰਨ ਦੀ ਕੋਸ਼ਿਸ਼ ਕਰਨ। ਮੈਨੂੰ ਖਾਸ ਤੌਰ ਤੇ ਬਠਿੰਡੇ ਦੇ ਏਰੀਏ ਵਿਚ ਗੱਲ ਕਰਨ ਦਾ ਮੌਕਾ ਮਿਲਿਆ, 1-2 ਪ੍ਰਾਜੈਕਟ ਪੀ.ਜੀ.ਆਈ. ਵਿਚ ਸਨ। ਮੈਂ ਕਿਸੇ ਨਾ ਕਿਸੇ ਤਰੀਕੇ ਨਾਲ ਉਸ ਨਾਲ ਜੁੜਿਆ ਰਿਹਾ। ਕਾਰਨ ਦਾ ਪਤਾ ਕੀਤਾ ਕਿ ਜਦੋਂ ਆਮ ਕਿਸਾਨ ਆਪਣੇ ਖੇਤੀ ਦੇ ਸਾਧਨਾਂ ਨੂੰ ਲਿਜਾ ਕੇ ਪਾਈਪਾਂ ਜਾਂ ਹੋਰ ਇੰਪਲੀਮੈਂਟਸ ਹਨ, ਉਨ੍ਹਾਂ ਨੂੰ ਉਤਲੇ ਪਾਸੇ ਸੂਏ ਵਿਚ ਸਾਫ਼ ਕਰਦਾ ਹੈ ਤਾਂ ਵਾਧੂ ਦਵਾਈ ਜੋ ਹੈ ਉਹ ਉਸ ਵਿਚ ਚਲੀ ਜਾਂਦੀ ਹੈ ਤੇ ਥੱਲੇ ਜਾ ਕੇ ਅਗਲੇ ਬੰਨੇ ਲੋਕੀ ਉਸੇ ਪਾਣੀ ਨੂੰ ਪੀਣ ਲਈ ਇਸਤੇਮਾਲ ਕਰਦੇ ਹਨ। ਲੋਕ ਕਿਸੇ ਫਿਰਕੇ ਨਾਲ ਸਬੰਧਿਤ ਨਹੀਂ ਹਨ, ਇਸ ਵਿਚ ਅਕਾਲੀ-ਕਾਂਗਰਸੀ ਸਾਰੇ ਹੀ ਹਨ। ਜਮਾਤਾਂ ਵਾਲੀ ਇਸ ਵਿਚ ਕੋਈ ਗੱਲ ਨਹੀਂ। ਆਮ ਲੋਕਾਂ ਨੂੰ ਜਾਗ੍ਰਿਤ ਕਰਨ ਦੀ ਲੋੜ ਹੈ। ਦਰਿਆਵਾਂ ਦਾ ਪਾਣੀ ਖਰਾਬ ਹੋਵੇਗਾ ਤਾਂ ਤਹਿ ਜ਼ਮੀਨ ਦਾ ਪਾਣੀ ਖਰਾਬ ਹੋਣਾ ਸੁਭਾਵਿਕ ਹੈ। ਆਮ ਲੋਕਾਂ ਨੂੰ ਜਾਗਰੂਕ ਕਰਕੇ ਹੰਭਲਾ ਮਾਰਨ ਦੀ ਲੋੜ ਹੈ। ਘੱਟੋ-ਘੱਟ ਜਿਥੇ ਫਾਰਮਾਸੂਟੀਕਲ ਫੈਕਟਰੀਆਂ ਹਨ, ਦਵਾਈਆਂ ਦੀਆ ਫੈਕਟਰੀਆਂ ਹਨ ਉਥੇ ਹਾਲ ਬਹੁਤ ਮਾੜਾ ਹੈ, ਉਥੇ ਗੌਰ ਕਰੀਏ ਅਤੇ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਜਿੰਨਾ ਪਾਣੀ ਖਰਾਬ ਹੋ ਰਿਹਾ ਹੈ, ਉਹ ਹੋਰ ਖਰਾਬ ਹੋਣ ਤੋਂ ਬਚਾਇਆ ਜਾਵੇ। ਤਹਿ ਤੱਕ ਜ਼ਮੀਨ ਦਾ ਪਾਣੀ ਜਿਹੜਾ ਖਰਾਬ ਹੋ ਚੁੱਕਿਆ ਹੈ ਉਸ ਨੂੰ ਠੀਕ ਕਰਨ ਲਈ ਕੀ ਉਦੱਮ ਕਰਨਾ ਹੈ, ਕੀ ਕਦਮ ਚੁੱਕਣੇ ਹਨ, ਉਹ ਕਦਮ ਚੁੱਕਣ ਦਾ ਸਰਕਾਰੀ ਪੱਧਰ ਤੇ ਉਪਰਾਲਾ ਹੋਣਾ ਚਾਹੀਦਾ ਹੈ। ਜਿਹੜਾ ਪਾਣੀ ਦਾ ਇਹ ਮਸਲਾ ਹੈ, ਇਸ ਦੇ ਨਾਲ-ਨਾਲ ਜਿਹੜੇ ਸਾਡੇ ਖੇਤੀ ਦੇ ਢੰਗ ਤਰੀਕੇ ਹਨ ਕਿਉਂਕਿ ਉਹ ਰਵਾਇਤੀ ਹਨ, ਅਸੀਂ ਮੁਲਕ ਦੇ ਅੰਦਰ ਬੇਮਿਸਾਲ ਤਰੱਕੀ ਕੀਤੀ ਹੈ, ਬੇਮਿਸਾਲ ਅਨਾਜ ਪੈਦਾ ਕੀਤਾ ਹੈ, ਸਾਡੇ ਲੋਕ ਬਹੁਤ ਮਿਹਨਤੀ ਹਨ, ਇਸ ਮਿਹਨਤ ਦੀ ਕੁਵੱਤ ਨਾਲ ਦੁਨੀਆਂ ਵਿਚ ਉਨ੍ਹਾਂ ਨੇ ਆਪਣੀ ਥਾਂ ਬਣਾਈ ਔਰ ਅੱਗੇ ਵਧਣ ਦੀ ਦੌੜ ਵਿਚ ਲੱਗ ਗਏ। ਇਸ ਦੌੜ ਵਿਚ ਇਕ ਦੂਜੇ ਤੋਂ ਵੱਧ ਤਰੱਕੀ ਕਰਨੀ ਹੈ, ਪੈਦਾਵਾਰ ਵੱਧ ਕਰਨੀ ਹੈ, ਖਾਦਾਂ ਦਾ ਇਸਤੇਮਾਲ ਇੰਨਾ ਜ਼ਿਆਦਾ ਜ਼ਰੂਰੀ ਹੋ ਗਿਆ ਕਿ ਜਿਸ ਦਾ ਨਤੀਜਾ ਹੈ ਕਿ ਤਹਿ ਤੱਕ ਜ਼ਮੀਨ ਦਾ ਪਾਣੀ ਖਰਾਬ ਹੋਣਾ ਸੁਰੂ ਹੋ ਗਿਆ। ਪਿੱਛੇ ਜਿਹੇ ਰੌਲਾ ਪਿਆ ਸੀ ਕਿ ਪੈਪਸੀ ਵਿਚ ਪੈਸਟੀਸਾਈਡ ਹੈ। ਉਸ ਦੀ ਬੜੀ ਚਰਚਾ ਹੋਈ। ਕੁਝ ਲੋਕਾਂ ਨਾਲ ਗੱਲ ਕਰਨ ਦਾ ਮੌਕਾ ਮਿਲਿਆ। ਇਹ ਰਿਪੋਰਟਾਂ ਹਨ ਕਿ ਬਹੁਤੀ ਥਾਈਂ ਤਹਿ ਤੱਕ ਜ਼ਮੀਨ ਦੇ ਪਾਣੀ ਵਿਚ ਹੀ ਪੈਸਟੀਸਾਈਡ ਹਨ। ਐਸੀਆਂ ਰਿਪੋਰਟਾਂ ਵੀ ਹਨ ਕਿ ਤਾਜ਼ਾ ਦੁੱਧ ਜਿਹੜਾ ਕਿ ਅਸੀਂ ਵਰਤਦੇ ਹਾਂ, ਉਸ ਦੇ ਵਿਚ ਵੀ ਪੈਸਟੀਸਾਈਡਜ਼ ਹਨ। ਇਸ ਤੋਂ ਇਲਾਵਾ ਐਸੀਆਂ ਰਿਪੋਰਟਾਂ ਵੀ ਹਨ ਕਿ ਮਦਰਜ਼ ਮਿਲਕ ਜਿਹੜਾ ਮਾਂ ਆਪਣੇ ਬੱਚੇ ਨੂੰ ਡਾਇਰੈਕਟ ਫੀਡ ਦਿੰਦੀ ਹੈ, ਉਸ ਵਿਚ ਵੀ

Original with;
Punjab Vidhan Sabha
Digitized by;
Panjab Digital Library

**[ਸੰਸਦੀ ਸਕੱਤਰ, ਉਦਯੋਗ ਤੇ ਕਮਰਸ ਅਤੇ ਟਰਾਂਸਪੋਰਟ]**

ਪੈਸਟੀਸਾਈਡਜ਼ ਦੇ ਅੰਸ਼ ਹਨ। ਜੇ ਇਹ ਗੱਲ ਇੱਥੋਂ ਤੱਕ ਵਧ ਗਈ ਹੈ ਅਤੇ ਇੱਥੋਂ ਤੱਕ ਵਿਗੜ ਗਈ ਹੈ ਤਾਂ ਇਸ ਪ੍ਰਾਬਲਮ ਨੂੰ ਠੀਕ ਕਰਨ ਵਾਸਤੇ ਕੋਸ਼ਿਸ਼ਾਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇਸ ਪ੍ਰਾਬਲਮ ਨੂੰ ਠੀਕ ਕਿਵੇਂ ਕਰਨਾ ਹੈ? ਇਸ ਦੇ ਇਲਾਜ ਲਈ ਰਲ-ਮਿਲ ਕੇ ਉਪਰਾਲੇ ਕਰਨ ਦੀ ਲੋੜ ਹੈ। ਰਲ-ਮਿਲ ਕੇ ਹੰਭਲਾ ਮਾਰਨ ਦੀ ਲੋੜ ਹੈ। ਲੋਕ ਰਾਏ ਬਣਾਉਣ ਦੀ ਲੋੜ ਹੈ। ਇਸ ਸਬੰਧ ਵਿਚ ਲੋਕਾਂ ਨੂੰ ਜਾਗ੍ਰਿਤ ਕਰਨ ਦੀ ਲੋੜ ਹੈ। ਰਲ-ਮਿਲ ਕੇ ਇਕੱਠੇ ਹੋ ਕੇ ਹੀ ਇਹ ਕੰਮ ਅਸੀਂ ਕਰ ਸਕਦੇ ਹਾਂ। ਸਰਕਾਰ ਦੀ ਪੱਧਰ ਤੇ ਜਿਹੜੇ ਕੰਮ ਹੋਣ ਵਾਲੇ ਹਨ, ਉਹ ਸਰਕਾਰ ਕਰੇ। ਸਿਆਸੀ ਕਾਰਕੁੰਨ ਹੋਣ ਦੇ ਨਾਤੇ ਜਿਹੜੀ ਸਾਡੇ ਤੇ ਜ਼ਿੰਮੇਵਾਰੀ ਹੈ, ਉਹ ਸਾਡੇ ਵਰਗੇ ਸਿਆਸੀ ਕਾਰਕੁੰਨ ਵੀ ਨਿਭਾਉਣ। ਤਾਂ ਕਿ ਲੋਕਾਂ ਨੂੰ ਪਤਾ ਹੋਵੇ ਕਿ ਅਸੀਂ ਆਪਣੇ ਪਾਣੀ ਵਿਚ ਜ਼ਹਿਰ ਮਿਲਾ ਰਹੇ ਹਾਂ। ਆਪਣੀ ਖਾਦ ਖੁਰਾਕ ਵਿਚ ਵੀ ਜ਼ਹਿਰ ਮਿਲਾ ਰਹੇ ਹਾਂ। ਜੇ ਇਸੇ ਤਰ੍ਹਾਂ ਹੀ ਇਹ ਸਿਲਸਿਲਾ ਚਲਦਾ ਰਿਹਾ ਤਾਂ ਬਹੁਤ ਵੱਡੀ ਤਬਾਹੀ ਤੇ ਨੁਕਸਾਨ ਵੀ ਉਠਾਉਣਾ ਪੈ ਸਕਦਾ ਹੈ। ਫਿਰ ਤਾਂ ਸਾਡੀਆਂ ਆਉਣ ਵਾਲੀਆਂ ਨਸਲਾਂ ਨਾ ਕਿਸੇ ਕਾਂਗਰਸੀ ਨੂੰ ਪੁੱਛਣਗੀਆਂ ਅਤੇ ਨਾ ਹੀ ਕਿਸੇ ਅਕਾਲੀ ਨੂੰ ਪੁੱਛਣਗੀਆਂ। ਆਉਣ ਵਾਲੀਆਂ ਨਸਲਾਂ ਕਿਸੇ ਨੂੰ ਮੁਆਫ ਨਹੀਂ ਕਰਨਗੀਆਂ। ਅਸੀਂ ਸਾਰੇ ਇਸ ਦੇ ਲਈ ਜ਼ਿੰਮੇਵਾਰ ਹੋਵਾਂਗੇ। ਇਸ ਜ਼ਿੰਮੇਵਾਰੀ ਤੋਂ ਕੋਈ ਭੱਜ ਨਹੀਂ ਸਕਦਾ। ਸੋ, ਡਿਪਟੀ ਸਪੀਕਰ ਸਾਹਿਬ, ਮੈਂ, ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਜਿਹੜਾ ਇਹ ਮਤਾ ਲੈ ਕੇ ਆਏ ਹਨ, ਇਹ ਅੱਜ ਦੇ ਹਾਲਾਤ ਤੇ ਬੜਾ ਢੁੱਕਵਾਂ ਹੈ, ਅੱਜ ਇਸ ਦੀ ਬੜੀ ਸਖ਼ਤ ਜ਼ਰੂਰਤ ਹੈ। ਇਸ ਤੇ ਰਲ-ਮਿਲ ਕੇ ਅਮਲ ਕਰਨ ਦੀ ਜ਼ਰੂਰ ਕੋਸ਼ਿਸ਼ ਕੀਤੀ ਜਾਵੇ। ਤੁਹਾਡਾ ਬਹੁਤ-ਬਹੁਤ ਧੰਨਵਾਦ। ਜੈ ਹਿੰਦ।

**ਮਾਨਯੋਗ ਡਿਪਟੀ ਸਪੀਕਰ** : ਸਰਦਾਰ ਤੋਤਾ ਸਿੰਘ ਜੀ।

**ਸਰਦਾਰ ਤੋਤਾ ਸਿੰਘ (ਮੋਗਾ)** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ। ਸਰਦਾਰ ਗੁਰਦੇਵ ਸਿੰਘ ਬਾਦਲ ਜੀ ਬੜਾ ਹੀ ਮਹੱਤਤਾ ਵਾਲਾ ਮਤਾ ਲੈ ਕੇ ਆਏ ਹਨ। ਮੇਰੇ ਤੋਂ ਪਹਿਲਾਂ ਕਈ ਮੈਂਬਰ ਸਾਹਿਬ ਵੀ ਇਸ ਮਤੇ ਤੇ ਬੋਲ ਚੁੱਕੇ ਹਨ। ਅਸੀਂ ਅੱਜ ਵੇਖ ਰਹੇ ਹਾਂ ਸਾਡੇ ਪੰਜਾਬ ਦੇ ਵਿਚ ਜੋ ਕੁਝ ਹੋ ਰਿਹਾ ਹੈ। ਇਹ ਪੰਜਾਬ ਜਿਸ ਨੂੰ ਕਿ ਪਹਿਲਾਂ 'ਪੰਜ ਆਬ' ਦੇ ਨਾਂ ਨਾਲ ਜਾਣਿਆਂ ਜਾਂਦਾ ਸੀ। 'ਆਬ' ਤੋਂ ਭਾਵ ਹੈ ਕਿ ਪਾਣੀਆਂ ਦੀ ਧਰਤੀ। ਇਸ ਧਰਤੀ ਦਾ ਪਹਿਲਾਂ ਬੜਾ ਹੀ ਪਵਿੱਤਰ ਪਾਣੀ ਸੀ। ਦਰਿਆਵਾਂ ਦੇ ਨੇੜੇ ਤਾਂ ਖਾਸ ਕਰਕੇ ਬੜਾ ਹੀ ਪਵਿੱਤਰ ਪਾਣੀ ਸੀ। ਅੱਜ ਸਭ ਤੋਂ ਵੱਧ ਮੁਸ਼ਕਲ ਇਹ ਹੈ ਕਿ ਦਰਿਆਵਾਂ ਦੇ ਨੇੜੇ ਹੀ ਪਾਣੀ ਸਭ ਤੋਂ ਵੱਧ ਮਾੜਾ ਹੋ ਗਿਆ ਹੈ। ਮੇਰੇ ਤੋਂ ਪਹਿਲਾਂ ਜਿਵੇਂ ਕਿ ਰਾਣਾ ਜੀ ਨੇ ਵੀ ਦੱਸਿਆ ਹੈ ਕਿ ਇਨ੍ਹਾਂ ਨਹਿਰਾਂ ਦਾ ਪਾਣੀ ਹਰੀਕੇ ਪੱਤਣ ਤੇ ਜਾ ਕੇ ਬਿਆਸ ਦਰਿਆ ਦੇ ਪਾਣੀ ਵਿਚ ਮਿਲ ਜਾਂਦਾ ਹੈ। ਪਹਿਲਾਂ ਉਥੇ ਦਾ ਪਾਣੀ ਬਹੁਤ ਪਵਿੱਤਰ ਸੀ। ਧਰਮਕੋਟ ਅਤੇ ਮੱਖੂ ਦੇ ਏਰੀਏ ਵਿਚ ਵੀ ਪਹਿਲਾਂ ਬਹੁਤ ਹੀ ਪਵਿੱਤਰ ਪਾਣੀ ਸੀ ਪਰ ਅੱਜ ਵੇਖ ਲਵੋ ਕਿ ਉਥੇ 20-20 ਕਿਲੋਮੀਟਰ ਦੇ ਘੇਰੇ ਵਿਚ ਕੋਈ ਨਲਕਾ ਵੀ ਨਹੀਂ ਲਗਾ ਸਕਦਾ। ਕਿਉਂਕਿ ਉਥੇ ਥੱਲੇ ਵਾਲਾ ਪਾਣੀ ਹੀ

Original with;
Punjab Vidhan Sabha
Digitized by;
Panjab Digital Library

ਮਾੜਾ ਹੋ ਗਿਆ ਹੈ। ਅੱਜ ਚਾਹੇ ਲੁਧਿਆਣਾ ਸ਼ਹਿਰ ਹੈ ਜਾਂ ਹੋਰ ਨੇੜੇ ਤੇੜੇ ਦੇ ਸ਼ਹਿਰਾਂ ਦਾ ਪਾਣੀ ਹੈ, ਉਨ੍ਹਾਂ ਦੇ ਵਿਚ ਕੈਮੀਕਲਜ਼ ਆ ਗਏ ਹਨ। ਅਗਰ ਤੁਸੀਂ ਕਦੇ ਜਲੰਧਰ ਤੋਂ ਮੋਗੇ ਨੂੰ ਜਾਓ ਤਾਂ ਸ਼ਾਹਕੋਟ ਦੇ ਪੁੱਲ ਤੇ ਜੇ ਕਦੇ ਇੱਕ ਮਿੰਟ ਲਈ ਵੀ ਰੁਕ ਜਾਓ ਤਾਂ ਤੁਸੀਂ ਉਥੇ ਖੜ੍ਹ ਨਹੀਂ ਸਕੋਗੇ। ਉਥੋਂ ਲੰਘਣ ਲਈ ਨੱਕ ਤੇ ਰੁਮਾਲ ਲੈਣਾ ਪੈਂਦਾ ਹੈ। ਅਗਰ ਕਾਰ ਵਿਚ ਵੀ ਸਫ਼ਰ ਕਰ ਰਹੇ ਹੋਵੋ ਤਾਂ ਵੀ ਨੱਕ ਤੇ ਰੁਮਾਲ ਰੱਖ ਕੇ ਹੀ ਲੰਘਣਾ ਪਵੇਗਾ ਕਿਉਂਕਿ ਉਥੇ ਬਹੁਤ ਹੀ ਸੜਿਆ ਹੋਇਆ ਪਾਣੀ ਸਤਲੁਜ ਦਰਿਆ ਦੇ ਵਿਚ ਖੜ੍ਹਾ ਹੈ। ਰੋਪੜ ਤੋਂ ਵੱਧ ਪਾਣੀ ਜਿਹੜਾ ਛੱਡਿਆ ਜਾਂਦਾ ਹੈ। ਇਹ ਸਾਰਾ ਪਾਣੀ ਹਰੀਕੇ ਪੱਤਣ ਜਾ ਕੇ ਪੈਂਦਾ ਹੈ। ਆਲੇ ਦੁਆਲੇ ਦਾ ਸਾਰਾ ਪਾਣੀ ਖਰਾਬ ਹੋ ਗਿਆ ਹੈ। ਇਸ ਹੱਲ ਵਾਸਤੇ ਸਾਨੂੰ ਸਭ ਨੂੰ ਰਲ ਮਿਲ ਕੇ ਹੰਭਲਾ ਮਾਰਨਾ ਪਵੇਗਾ ਔਰ ਪਹਿਲ ਦੇ ਆਧਾਰ ਤੇ ਇਸ ਸਮੱਸਿਆ ਦਾ ਹੱਲ ਕਰਨਾ ਪਵੇਗਾ। ਦੂਸਰਾ, ਤਲਵੰਡੀ ਸਾਬੋ ਅਤੇ ਬਠਿੰਡੇ ਅਤੇ ਮਾਨਸਾ ਦੇ ਏਰੀਏ ਦਾ ਪਾਣੀ ਮਾੜਾ ਕਿਉਂ ਹੈ ? ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਏਰੀਏ ਦਾ ਥੱਲੇ ਵਾਲਾ ਪਾਣੀ ਪਹਿਲਾਂ ਹੀ ਮਾੜਾ ਸੀ। ਉਸ ਏਰੀਏ ਵਿਚ ਵਾਟਰ ਵਰਕਸ ਲਗਾ ਕੇ ਲੋਕਾਂ ਨੂੰ ਪਾਣੀ ਮੁਹੱਈਆ ਕਰਵਾਇਆ ਗਿਆ। ਪਰ ਥੱਲੇ ਦਾ ਪਾਣੀ ਖਰਾਬ ਹੋਣ ਕਰਕੇ ਮਹਿਕਮਾ ਉਥੇ ਵਾਟਰ ਵਰਕਸ ਲਗਾਉਣੇ ਵੀ ਅਲਾਓ ਨਹੀਂ ਕਰਦਾ। ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਵਾਟਰ ਵਰਕਸ ਲਗਾ-ਲਗਾ ਕੇ ਪਾਣੀ ਲੋਕਾਂ ਨੂੰ ਦਿੱਤਾ। ਉਨ੍ਹਾਂ ਨੂੰ ਸਾਡੇ ਮੋਗੇ ਦਾ ਪਾਣੀ ਵੀ ਦੇਣਾ ਸ਼ੁਰੂ ਕੀਤਾ। ਅੱਜ ਸਭ ਤੋਂ ਗੰਦਾ ਪਾਣੀ ਵਾਟਰ ਵਰਕਸ ਦਾ ਹੈ। ਪਹਿਲਾਂ ਸਭ ਤੋਂ ਪਵਿੱਤਰ ਪਾਣੀ ਨਹਿਰਾਂ ਦਾ ਗਿਣਿਆ ਜਾਂਦਾ ਸੀ। ਚਾਰ ਕੈਨਾਲਾਂ ਦੋਰਾਹੇ ਤੋਂ ਨਿਕਲਦੀਆਂ ਹਨ। ਉਨ੍ਹਾਂ ਦੇ ਪਾਣੀ ਵਿਚ ਕੈਮੀਕਲਜ਼ ਹਨ। ਜੋ ਫੈਕਟਰੀਆਂ ਲੱਗੀਆਂ ਹਨ ਅਤੇ ਜੋ ਗੱਤੇ ਆਦਿ ਦੀਆਂ ਮਿੱਲਾਂ ਲੱਗੀਆਂ ਹਨ, ਉਨ੍ਹਾਂ ਦੇ ਜਿੰਨੇ ਕੈਮੀਕਲਜ਼ ਹੁੰਦੇ ਹਨ, ਉਹ ਇੰਨ੍ਹਾਂ ਕੈਨਾਲਾਂ ਵਿਚ ਧੋਤੇ ਜਾਂਦੇ ਹਨ। ਉਹ ਏਰੀਏ ਵਿਚ ਜਿੱਥੇ ਕਿਤੇ ਵੀ ਪਾਣੀ ਦੀ ਧਾਰ ਪੈਂਦੀ ਹੈ ਤਾਂ ਇਹ ਵੇਖਿਆ ਜਾ ਸਕਦਾ ਹੈ ਕਿ ਉਥੇ 7-8 ਫੁੱਟ ਉਪਰ ਤੱਕ ਪਾਣੀ ਤੇ ਝੱਗ ਖੜ੍ਹੀ ਹੁੰਦੀ ਹੈ। ਇਹ ਇਸੇ ਕਰਕੇ ਹੀ ਹੈ ਕਿ ਉਸ ਪਾਣੀ ਵਿਚ ਕੈਮੀਕਲਜ਼ ਆ ਗਏ ਹਨ। ਕੈਮੀਕਲਜ਼ ਦੀ ਵਜ੍ਹਾ ਕਰਕੇ ਹੀ ਪਾਣੀ ਗੰਦਾ ਹੋ ਰਿਹਾ ਹੈ। ਪਹਿਲਾਂ ਪਾਣੀ ਮਾਈਨਰਾਂ ਵਿਚ ਜਾਂਦਾ ਹੈ, ਫਿਰ ਖਾਲਿਆਂ ਦੇ ਵਿਚ ਜਾਂਦਾ ਹੈ। ਇਸ ਤਰ੍ਹਾਂ ਉਸ ਏਰੀਏ ਵਿਚ ਇੱਕ-ਇੱਕ ਜਾਂ ਦੋ-ਦੋ ਪਿੰਡਾਂ ਨੂੰ ਵੱਡੇ-ਵੱਡੇ ਵਾਟਰ ਵਰਕਸ ਲਗਾ ਕੇ ਦਿੱਤੇ ਗਏ ਹਨ। ਹੁਣ ਉਥੇ ਪਾਣੀ ਇੰਨਾ ਦੂਸ਼ਿਤ ਹੋ ਚੁੱਕਾ ਹੈ ਕਿ ਕੈਂਸਰ, ਅਤੇ ਪੀਲੀਏ ਵਰਗੀਆਂ ਭਿਆਨਕ ਬਿਮਾਰੀਆਂ ਬਠਿੰਡਾ ਔਰ ਮਾਨਸਾ ਦੇ ਇਲਾਕੇ ਵਿਚ ਬੜੀ ਤੇਜ਼ੀ ਨਾਲ ਫੈਲ ਰਹੀਆਂ ਹਨ। ਪਹਿਲਾਂ ਅਸੀਂ ਇਹੀ ਸਮਝਦੇ ਸੀ ਕਿ ਸਤਲੁਜ ਦਰਿਆ ਦੇ ਨੇੜੇ ਦਾ ਪਾਣੀ ਬੜਾ ਪਵਿੱਤਰ ਪਾਣੀ ਹੈ। ਪਰ ਇਹ ਪਾਣੀ ਵੀ ਮਾੜਾ ਹੋ ਗਿਆ ਹੈ। 70-80 ਫੀਟ ਤੱਕ ਥੱਲੇ ਜ਼ਮੀਨ ਵਿਚ ਪਾਣੀ ਮਾੜਾ ਨਿਕਲਦਾ ਹੈ। ਇਹ ਪਾਣੀ ਸਾਫ 100 ਤੋਂ 300 ਫੀਟ ਤੱਕ ਜਾ ਕੇ ਨਿਕਲਦਾ ਹੈ ਜਿਹੜਾ

*Original with;*
Punjab Vidhan Sabha
*Digitized by;*
Panjab Digital Library

[ਸਰਦਾਰ ਤੋਤਾ ਸਿੰਘ]

ਪੀਣ ਦੇ ਯੋਗ ਹੁੰਦਾ ਅਤੇ ਫਸਲਾਂ ਲਈ ਯੋਗ ਹੁੰਦਾ ਹੈ। ਜਦ ਅਸੀਂ ਗੰਦੇ ਪਾਣੀ ਨੂੰ ਫਸਲਾਂ ਦੇ ਵਿਚ ਲਗਾਉਂਦੇ ਹਾਂ ਤਾਂ ਇਸ ਦਾ ਅਸਰ ਫਸਲਾਂ ਤੇ ਪੈਂਦਾ ਹੈ ਅਤੇ ਇਸ ਨਾਲ ਫਸਲਾਂ ਵਿਚ ਬਿਮਾਰੀਆਂ ਫੈਲਦੀਆਂ ਹਨ ਇਸ ਗੰਦੇ ਪਾਣੀ ਕਰਕੇ ਜਿਹੜਾ ਚਾਰਾ ਅਸੀਂ ਡੰਗਰਾਂ ਨੂੰ ਪਾਉਂਦੇ ਹਾਂ, ਉਸ ਚਾਰੇ ਰਾਹੀਂ ਡੰਗਰਾਂ ਦੇ ਪੇਟ ਵਿਚ ਨਾਈਟਰੋਜਨ ਚਲੀ ਜਾਂਦੀ ਹੈ ਅਤੇ ਇਹ ਨਾਈਟਰੋਜਨ ਦੁੱਧ ਰਾਹੀਂ ਸਾਡੇ ਕੋਲ ਆਉਂਦੀ ਹੈ। ਇਸ ਨਾਈਟਰੋਜਨ ਕਰਕੇ ਪੇਟ ਦੀਆਂ ਬਿਮਾਰੀਆਂ ਫੈਲ ਰਹੀਆਂ ਹਨ। ਇਹੀ ਕਾਰਨ ਹੈ ਕਿ ਨੈਸ਼ਨਲ ਮਿਲਕ ਪਲਾਂਟ ਵਾਲੇ ਟਰੀਟਮੈਂਟ ਕਰਕੇ ਦੁੱਧ ਦੇ ਵਿਚੋਂ ਨਾਈਟਰੋਜਨ ਨੂੰ ਵੱਖਰਾ ਕਰੀ ਜਾਂਦੇ ਹਨ ਅਤੇ ਵਿਚੋਂ ਨਾਈਟਰੋਜਨ ਬਾਹਰ ਕੱਢ ਕੇ ਵੱਖਰੇ-ਵੱਖਰੇ ਢੇਰ ਲਗਾ ਰਹੇ ਹਨ। ਇਹ ਨੈਸ਼ਨਲ ਫੈਕਟਰੀ 3-4 ਕਰੋੜ ਰੁਪਏ ਦਾ ਪਲਾਂਟ ਲਗਾ ਕੇ ਨਾਈਟਰੋਜਨ ਦੁੱਧ ਵਿਚ ਵੱਖਰੀ ਕਰ ਰਿਹਾ ਹੈ ਬਾਕੀ ਛੋਟਾ ਆਦਮੀ ਇਤਨਾ ਮਹਿੰਗਾ ਪਲਾਂਟ ਕਿਸ ਤਰ੍ਹਾਂ ਲਗਾ ਸਕਦਾ ਹੈ ਅਤੇ ਨਾਈਟਰੋਜਨ ਨੂੰ ਅਲੱਗ ਕਿਵੇਂ ਕਰ ਸਕਦਾ ਹੈ। ਅਸੀਂ ਸਾਰੇ ਲੋਕ ਦੁੱਧ ਰਾਹੀਂ ਨਾਈਟਰੋਜਨ ਪੀ ਕੇ ਯਾਨੀ ਜ਼ਹਿਰ ਪੀ ਰਹੇ ਹਾਂ ਅਤੇ ਇਹ ਬਿਮਾਰੀਆਂ ਘਰ-ਘਰ ਫੈਲ ਰਹੀਆਂ ਹਨ। ਮੈਂ ਕਹਿੰਦਾ ਹਾਂ ਸਰਕਾਰ ਨੇ ਸੜਕਾਂ ਕਾਫੀ ਬਣਾ ਲਈਆਂ ਹਨ। ਹੁਣ ਸਾਨੂੰ ਇਸ ਬਿਮਾਰੀ ਵੱਲ ਸਪੈਸ਼ਲ ਧਿਆਨ ਦੇ ਕੇ ਟਰੀਟਮੈਂਟ ਪਲਾਂਟ ਲਗਾ ਕੇ ਲੋਕਾਂ ਨੂੰ ਸਾਫ ਸੁਥਰਾ ਪਾਣੀ ਸਪਲਾਈ ਕੀਤਾ ਜਾਵੇ ਤਾਂ ਕਿ ਲੋਕਾਂ ਨੂੰ ਦੁੱਧ ਸਾਫ ਮਿਲ ਸਕੇ। ਮਨੁੱਖੀ ਜ਼ਿੰਦਗੀ ਤੋਂ ਵੱਧ ਕੋਈ ਚੀਜ਼ ਨਹੀਂ ਹੈ। ਅਗਰ ਜ਼ਿੰਦਗੀ ਹੈ ਤਾਂ ਫੈਕਟਰੀਆਂ ਵੀ ਲੱਗ ਜਾਣਗੀਆਂ। ਇਹ ਦਰਿਆਵਾਂ ਅਤੇ ਨਹਿਰਾਂ ਵਿਚ ਇੰਡਸਟਰੀਅਲ ਵੇਸਟ ਪਾਣੀ ਅਤੇ ਅਰਬਨ ਏਰੀਆ ਦਾ ਗੰਦਾ ਪਾਣੀ ਪੈ ਰਿਹਾ ਹੈ। ਇਸ ਲਈ ਟਰੀਟਮੈਂਟ ਪਲਾਂਟ ਲਗਾ ਕੇ ਲੋਕਾਂ ਨੂੰ ਸਾਫ ਸੁਥਰਾ ਪਾਣੀ ਸਪਲਾਈ ਕੀਤਾ ਜਾਵੇ। ਕਿਧਰੇ ਸੀਵਰੇਜ਼ ਦੀ ਪਾਈਪ ਲਾਈਨ ਟੁੱਟੀ ਹੋਈ ਹੈ ਅਤੇ ਗੰਦਾ ਪਾਣੀ ਜ਼ਮੀਨ ਤੇ ਥੱਲੇ ਜਾ ਰਿਹਾ ਹੈ ਉਥੇ 50-60 ਫੀਟ ਤੋਂ ਜਦੋਂ ਗਰੀਬ ਆਦਮੀ ਨਲਕਾ ਲਗਾ ਕੇ ਪਾਣੀ ਕੱਢਦਾ ਹੈ ਤਾਂ ਉਥੇ ਗੰਦਾ ਪਾਣੀ ਹੀ ਮਿਲਦਾ ਹੈ। ਜਿਸ ਕਰਕੇ ਬਿਮਾਰੀਆਂ ਫੈਲ ਰਹੀਆਂ ਹਨ। ਇਹ ਡਰੇਨਜ਼ ਇਸ ਕਰਕੇ ਬਣਾਈਆਂ ਗਈਆਂ ਸਨ ਤਾਂ ਕਿ ਜਿਹੜੀ ਸੇਮ ਦੀ ਬਿਮਾਰੀ ਸੀ ਉਹ ਦੂਰ ਹੋ ਸਕੇ ਪਰ ਇਹ ਜਿਹੜਾ ਗੰਦਾ ਪਾਣੀ ਜ਼ਮੀਨ ਦੇ ਥੱਲੇ ਜਾ ਰਿਹਾ ਹੈ, ਇਸ ਦੇ ਨਾਲ ਪਾਣੀ ਵਿਚ ਗੰਦਗੀ ਅਤੇ ਸਾੜ ਪੈਦਾ ਹੋ ਰਹੀ ਹੈ। ਸੜਿਆ ਹੋਇਆ ਪਾਣੀ ਲੋਕਾਂ ਨੂੰ 60-70 ਫੀਟ ਤੇ ਮਿਲਦਾ ਹੈ। ਇਹ ਪਾਣੀ ਗੰਦੀ ਸੜਣ ਮਾਰ ਰਿਹਾ ਹੈ ਅਤੇ ਬਿਮਾਰੀਆਂ ਦਾ ਘਰ ਬਣ ਰਿਹਾ ਹੈ। ਸਰਕਾਰ ਨੂੰ ਇਸ ਨੂੰ ਦੂਰ ਕਰਨ ਲਈ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਮਿਲ ਕੇ ਲੋਕਾਂ ਤੇ ਟੈਕਸ ਲਗਾ ਕੇ ਇਸ ਦੇ ਲਈ ਟਰੀਟਮੈਂਟ ਪਲਾਂਟ ਲਗਾ ਕੇ ਲੋਕਾਂ ਨੂੰ ਸਾਫ ਸੁਥਰੇ ਪਾਣੀ ਦੀ ਸਪਲਾਈ ਦੇਵੇ ਤਾਂ ਕਿ ਲੋਕਾਂ ਵਿਚ ਜਿਹੜੀਆਂ ਬਿਮਾਰੀਆਂ ਨਵੀਆਂ ਫੈਲ ਰਹੀਆਂ ਹਨ, ਉਨ੍ਹਾਂ ਤੋਂ ਲੋਕਾਂ ਦਾ ਬਚਾਓ ਹੋ ਸਕੇ। ਇਸ ਵੱਲ ਸਰਕਾਰ ਨੂੰ ਸਪੈਸ਼ਲ ਧਿਆਨ ਦੇਣ ਦੀ ਲੋੜ ਹੈ। ਬੇਸ਼ਕ ਲੋਕਾਂ ਉਤੇ ਟੈਕਸਾਂ ਰਾਹੀਂ ਬੋਝ ਪਾ ਦਿੱਤਾ ਜਾਵੇ ਪਰ ਇਸ ਗੰਦੇ ਪਾਣੀ ਦੀ ਸਪਲਾਈ ਨੂੰ ਰੋਕਣ ਲਈ ਸਰਕਾਰ ਵਲੋਂ ਸਪੈਸ਼ਲ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ ਅਤੇ ਇਸ ਮਤੇ ਨੂੰ ਧਿਆਨ ਵਿਚ ਰੱਖਦੇ ਹੋਏ ਪਾਰਟੀ ਪੱਧਰ ਤੋਂ ਉਪਰ ਉਠ ਕੇ ਸਾਰਿਆਂ ਨੂੰ ਇਕ ਮੁੱਠ ਹੋ ਕੇ ਯੋਗਦਾਨ ਪਾਉਣਾ ਚਾਹੀਦਾ

Original with;
Punjab Vidhan Sabha
Digitized by;
Panjab Digital Library

ਹੈ। ਇਸ ਬਿਮਾਰੀ ਦੀ ਰੋਕਥਾਮ ਲਈ ਯਤਨ ਕਰਨੇ ਚਾਹੀਦੇ ਹਨ। ਜਿਹੜੇ ਦਰਿਆਵਾਂ ਦਾ ਪਾਣੀ ਲੋਕਾਂ ਨੂੰ ਸਪਲਾਈ ਕੀਤਾ ਜਾਂਦਾ ਹੈ, ਇਸ ਨੂੰ ਵੀ ਟਰੀਟਮੈਂਟ ਪਲਾਂਟ ਰਾਹੀਂ ਸਾਫ ਕਰਕੇ ਲੋਕਾਂ ਨੂੰ ਸਪਲਾਈ ਕਰਨਾ ਚਾਹੀਦਾ ਹੈ ਕਿਉਂਕਿ ਦਰਿਆਵਾਂ ਵਿਚ ਅਰਬਨ ਏਰੀਏ ਦਾ ਗੰਦਾ ਪਾਣੀ ਅਤੇ ਇੰਡਸਟਰੀਅਲ ਵੇਸਟ ਦਾ ਪਾਣੀ ਜਾ ਰਿਹਾ ਹੈ। ਇਸ ਨੂੰ ਰੋਕਣ ਲਈ ਟਰੀਟਮੈਂਟ ਪਲਾਂਟ ਲਗਾ ਦਿੱਤੇ ਜਾਣੇ ਚਾਹੀਦੇ ਹਨ। ਇਹ ਜਿਹੜਾ ਸਿੱਧਾ ਸੀਵਰੇਜ਼ ਦਾ ਪਾਣੀ ਜ਼ਮੀਨ ਦੇ ਥੱਲੇ ਪਾਇਆ ਜਾ ਰਿਹਾ ਹੈ, ਇਹ ਗਲਤ ਹੈ। ਇਸ ਨਾਲ ਥੱਲੇ ਦਾ ਪਾਣੀ ਗੰਦਾ ਹੁੰਦਾ ਜਾ ਰਿਹਾ ਹੈ ਅਤੇ ਇਸ ਗੰਦੇ ਪਾਣੀ ਕਰਕੇ ਬਿਮਾਰੀਆਂ ਫੈਲ ਰਹੀਆਂ ਹਨ। ਇਸ ਲਈ ਟਰੀਟਮੈਂਟ ਪਲਾਂਟ ਰਾਹੀਂ ਸਾਫ-ਸੁਥਰਾ ਪਾਣੀ ਲੋਕਾਂ ਨੂੰ ਸਪਲਾਈ ਕਰਨਾ ਚਾਹੀਦਾ ਹੈ। ਧੰਨਵਾਦ।

**ਸ਼੍ਰੀ ਅਸ਼ੋਕ ਸ਼ਰਮਾ (ਪਠਾਨਕੋਟ)** : ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਪੰਜਾਬ ਵਿਚ ਦਰਿਆਵਾਂ ਅਤੇ ਨਹਿਰਾਂ ਵਿਚ ਇੰਡਸਟਰੀਅਲ ਵੇਸਟ ਕਰਕੇ ਅਤੇ ਹੋਰ ਦੂਸਰੇ ਅਰਬਨ ਵੇਸਟ ਕਾਰਨ ਪਾਣੀ ਗੰਦਾ ਹੋ ਰਿਹਾ ਹੈ ਉਸ ਸੰਬੰਧੀ ਇਹ ਜਿਹੜਾ ਮਤਾ ਹਾਊਸ ਵਿਚ ਲਿਆਂਦਾ ਗਿਆ ਹੈ ਉਸ ਲਈ ਮੈਂਬਰ ਸਾਹਿਬਾਨ ਵਧਾਈ ਦੇ ਪਾਤਰ ਹਨ। ਮੈਂ ਪੰਜਾਬ ਦੇ ਉਸ ਇਲਾਕੇ ਨਾਲ ਸਬੰਧ ਰੱਖਦਾ ਹਾਂ ਜਿਥੇ ਰਾਵੀ ਦਰਿਆ ਤੋਂ ਨਹਿਰਾਂ ਕੱਢੀਆਂ ਗਈਆਂ ਹਨ। ਜਿਥੋਂ ਤੱਕ ਪਠਾਨਕੋਟ ਦੇ ਨਾਲ ਲਗਦੇ ਦਰਿਆ ਹੈ, ਇਸ ਵਿਚ ਇੰਡਸਟਰੀਅਲ ਵੇਸਟ ਅਤੇ ਅਰਬਨ ਵੇਸਟ ਦਾ ਗੰਦਾ ਪਾਣੀ ਪਾਇਆ ਜਾ ਰਿਹਾ ਹੈ ਜਿਸ ਕਰਕੇ ਪਾਣੀ ਗੰਦਾ ਹੋ ਰਿਹਾ ਹੈ। ਇਸ ਗੰਦੇ ਪਾਣੀ ਦੀ ਰੋਕਥਾਮ ਹੋਣੀ ਚਾਹੀਦੀ ਹੈ। ਮੇਰੇ ਲਾਗੇ ਇਕ ਹੋਰ ਬੜੀ ਨੈਚੂਰਲ ਟ੍ਰਿਬਿਊਟਰੀ ਚੱਕੀ ਦਰਿਆ ਦੇ ਨਾਂ ਤੇ ਜਾਣੀ ਜਾਂਦੀ ਹੈ। ਇਹ ਹਿਮਾਚਲ ਤੋਂ ਆਉਂਦੀ ਹੈ ਤੇ ਪੰਜਾਬ ਵਿਚੋਂ ਨਿਕਲਦੀ ਹੈ। ਅੱਜ ਇਹ ਟ੍ਰਿਬਿਊਟਰੀ ਵੀ ਅਰਬਨ ਵੇਸਟ ਦੀ ਵਜ੍ਹਾ ਨਾਲ ਆਪਣੀ ਹਜ਼ਾਰਾਂ ਸਾਲਾਂ ਦੀ ਪਛਾਣ ਗੁਆ ਚੁੱਕੀ ਹੈ। ਅੱਜ ਇਹ ਗੱਲ ਮੇਰੇ ਉਸ ਖੇਤਰ ਨਾਲ ਸੰਬੰਧ ਰੱਖਦੀ ਹੈ ਜਿਸ ਵਿਚ ਦਰਿਆ ਪਹਾੜਾਂ ਤੋਂ ਬਾਅਦ ਪਹੁੰਚਦੇ ਹਨ ਤੇ ਸਾਫ਼ ਹਨ। ਉਨ੍ਹਾਂ ਸ਼ਹਿਰਾਂ ਦੀ ਕਲਪਨਾ ਕਰੋ, ਜਿਥੇ ਅਰਬਨ ਵੇਸਟ ਅਤੇ ਇੰਡਸਟਰੀਅਲ ਵੇਸਟ ਦਾ ਰੇਟ ਬਹੁਤ ਜ਼ਿਆਦਾ ਹੈ। ਇਹੀ ਨਹੀਂ, ਮੈਂ ਸਮਝਦਾ ਹਾਂ ਕਿ ਉਨ੍ਹਾਂ ਤਿੰਨਾਂ ਚੀਜ਼ਾਂ, ਰਿਵਰਜ਼ ਦਾ, ਟ੍ਰਿਬਿਊਟਰੀਜ਼ ਦਾ ਤੇ ਇਸ ਦੇ ਨਾਲ-ਨਾਲ ਸ਼ਹਿਰਾਂ ਦੇ ਅੰਦਰ ਜਿਹੜਾ ਸੀਵਰੇਜ਼ ਸਿਸਟਮ ਵਿਛਾਇਆ ਗਿਆ ਸੀ, ਉਹ ਵੀ ਬੜਾ ਡਿਫੈਕਟਿਵ ਸੀ, ਉਸ ਨੂੰ ਵਿਛਾਉਣ ਵੇਲੇ ਗਰਾਊਂਡ ਵਾਟਰ ਦੀ ਚਿੰਤਾ ਵੀ ਕਰਨੀ ਚਾਹੀਦੀ ਸੀ। ਅੱਜ ਸ਼ਹਿਰਾ ਵਿਚ ਸੀਵਰੇਜ਼ ਦੀ ਲੀਕੇਜ ਹੋਣ ਕਰਕੇ ਉਹ ਵੀ ਆਪਣੀ ਸੈਂਕਟਿਟੀ ਗੁਆ ਰਿਹਾ ਹੈ, ਉਸਦੀ ਸੈਂਕਟਿਟੀ ਖਤਮ ਹੋ ਰਹੀ ਹੈ, ਇਹ ਸਭ ਕੁਝ ਚਿੰਤਾ ਦੇ ਵਿਸ਼ੇ ਹਨ। ਸਾਡਾ ਡਰਿੰਕਿੰਗ ਵਾਟਰ ਸਹੀ ਤੌਰ ਤੇ ਮੁਹੱਈਆ ਹੋਣਾ ਚਾਹੀਦਾ ਹੈ ਜਿਹੜਾ ਕਿ ਅੱਜ ਮਿਲਣਾ

*Original with;*
Punjab Vidhan Sabha
*Digitized by;*
Panjab Digital Library

[ਸ਼੍ਰੀ ਅਸ਼ੋਕ ਸ਼ਰਮਾ]

ਮੁਸ਼ਕਲ ਹੋ ਗਿਆ ਹੈ। ਇਹ ਸਾਰੀਆਂ ਗੱਲਾਂ, ਸਾਰੀਆਂ ਪ੍ਰਾਬਲਮਜ਼ ਕੇਵਲ ਚਿੰਤਾ ਕਰਕੇ ਹੀ ਖਤਮ ਨਹੀਂ ਹੋ ਜਾਣੀਆਂ। ਪਿਛਲੇ ਸਮੇਂ ਤੋਂ ਕੁਝ ਉਪਰਾਲੇ ਸਰਕਾਰਾਂ ਨੇ ਕੀਤੇ ਹਨ। ਰਾਜੀਵ ਗਾਂਧੀ ਜੀ. ਵੇਲੇ ਗੰਗਾ ਐਕਸ਼ਨ ਪਲਾਨ ਉਲੀਕਿਆ ਗਿਆ ਤੇ ਇਸੇ ਤਰ੍ਹਾਂ ਯਮੁਨਾ ਨਦੀ ਦੇ ਬਾਰੇ ਵਿਚ ਕੇਂਦਰੀ ਪੱਧਰ ਤੇ ਕੁਝ ਪਲਾਨ ਉਲੀਕੇ ਗਏ ਹਨ। ਮੈਂ ਸਮਝਦਾ ਹਾਂ ਕਿ ਸਾਡੇ ਪੰਜਾਬ ਵਿਚ ਵੀ, ਜਿਹੜਾ ਕਿ ਦਰਿਆਵਾਂ ਦਾ ਸੂਬਾ ਹੈ, ਇਸਨੂੰ ਪੰਜ ਦਰਿਆਵਾਂ ਦਾ ਪ੍ਰਾਂਤ ਕਿਹਾ ਜਾਂਦਾ ਹੈ, ਏਥੇ ਹਾਲਾਤ ਇਸ ਹੱਦ ਤੱਕ ਮਾੜੇ ਹੋ ਜਾਣਾ ਇਕ ਚਿੰਤਾ ਦਾ ਵਿਸ਼ਾ ਹੈ। ਰਾਵੀ ਨੂੰ ਛੱਡ ਵੀ ਦਈਏ, ਪਰ ਸਤਲੁਜ ਤੇ ਬਿਆਸ ਦੋ ਦਰਿਆਵਾਂ ਦੇ ਅੰਦਰ ਕੰਟਮਲੀਨੇਸ਼ਨ ਦਾ ਰੇਟ ਦਿਨ ਪ੍ਰਤੀ ਦਿਨ ਵਧਦਾ ਜਾ ਰਿਹਾ ਹੈ। ਇਸ ਪਾਲਿਊਸ਼ਨ ਵਾਸਤੇ ਇੰਡਸਟਰੀਅਲ ਵੇਸਟ ਜ਼ਿੰਮੇਵਾਰ ਹੈ। ਇਸ ਦੇ ਵਾਸਤੇ ਜ਼ਰੂਰ ਕੋਈ ਐਕਸ਼ਨ ਪਲਾਨ ਤਿਆਰ ਕਰਨਾ ਚਾਹੀਦਾ ਹੈ ਜਿਸ ਤਰ੍ਹਾਂ ਕੇਂਦਰੀ ਪੱਧਰ ਤੇ ਗੰਗਾ ਐਕਸ਼ਨ ਪਲਾਨ ਤੇ ਯਮੁਨਾ ਰਿਵਰ ਪਲਾਨ ਤਿਆਰ ਕਰਕੇ ਵੱਡੀ ਪੱਧਰ ਤੇ ਉਨ੍ਹਾਂ ਨੂੰ ਚੈਕ ਕਰਨ ਦੀ ਕੋਸ਼ਿਸ਼ ਕੀਤੀ ਹੈ। ਆਪਣੇ ਸੀਵਰੇਜ਼ ਪਲਾਂਟ ਚੈਕ ਕਰਨੇ ਚਾਹੀਦੇ ਹਨ। ਇਸ ਤਰ੍ਹਾਂ ਦਾ ਪਲਾਨ ਬਣਾਉਣਾ ਚਾਹੀਦਾ ਹੈ ਕਿ ਕਿਹੜੇ-ਕਿਹੜੇ ਖੇਤਰ ਹਨ ਜਿਥੋਂ ਇੰਡਸਟਰੀਅਲ ਵੇਸਟ ਬਾਹਰ ਆਉਂਦੀ ਹੈ ਤੇ ਕਿਹੜੇ-ਕਿਹੜੇ ਏਰੀਆਜ਼ ਨੂੰ ਇਫੈਕਟ ਕਰਦੀ ਹੈ। ਉਨ੍ਹਾਂ ਨੂੰ ਇਕ ਖਾਸ ਪਲਾਨ ਦੇ ਤਹਿਤ ਇਕ ਦੂਜੇ ਨਾਲ ਜੋੜਦੇ ਹੋਏ ਇਸ ਪਾਣੀ ਨੂੰ ਇਸ ਤਰੀਕੇ ਨਾਲ ਚੈਨਲਾਈਜ਼ ਕੀਤਾ ਜਾਵੇ ਤਾਂਕਿ ਜੋ ਨੈਚੂਰਲ ਰਿਵਰਜ਼ ਅਤੇ ਕੈਨਾਲਜ਼ ਹਨ, ਉਹ ਪੌਲਿਊਟਿਡ ਨਾ ਹੋ ਸਕਣ ਅਤੇ ਉਨ੍ਹਾਂ ਵਿਚ ਪੌਲਿਊਸ਼ਨ ਪੈਦਾ ਨਾ ਹੋ ਸਕੇ। ਇਸ ਦੀ ਚਿੰਤਾ ਮਾਹਿਰਾਂ ਨੇ ਕਰਨੀ ਹੈ। ਇਸ ਦਾ ਹੱਲ ਦੇਸ਼ ਪੱਧਰ ਦੇ ਨਹੀਂ ਬਲਕਿ ਉਨ੍ਹਾਂ ਮਾਹਿਰਾਂ ਨੂੰ ਜਿਹੜੇ ਦੂਸਰੇ ਦੇਸ਼ਾਂ ਦੇ ਹਨ ਤੇ ਟੈਕਨੀਕਲ ਨੋ-ਹਾਊ ਮੁਹੱਈਆ ਕਰਵਾ ਰਹੇ ਹਨ, ਉਨ੍ਹਾਂ ਨਾਲ ਡਿਸਕਸ ਕਰਕੇ ਨਿਕਾਲਿਆ ਜਾ ਸਕਦਾ ਹੈ। ਅੱਜਕਲ ਆਪਣੇ ਮੁਲਕ ਅੰਦਰ ਨਦੀਆਂ ਨੂੰ ਜੋੜਨ ਦੀ ਗੱਲਬਾਤ ਚਲ ਰਹੀ ਹੈ। ਮੈਂ ਸਮਝਦਾ ਹਾਂ ਕਿ ਅਗਰ ਨਦੀਆਂ ਨੂੰ ਜੋੜਨਾ ਹੈ, ਇਸ ਸਿਲਸਿਲੇ ਦਾ ਸਰਕਾਰ ਉਪਰਾਲਾ ਕਰ ਰਹੀ ਹੈ ਤਾਂ ਇਹ ਪ੍ਰਾਜੈਕਟ ਵੀ ਨਾਲ ਲਿਆ ਜਾ ਸਕਦਾ ਹੈ ਕਿ ਜਿਥੇ ਨਦੀਆਂ ਨੂੰ ਜੋੜ ਕੇ ਪੀਣ ਵਾਲਾ ਪਾਣੀ ਪ੍ਰਾਪਤ ਕੀਤਾ ਜਾ ਸਕਦਾ ਹੈ, ਇਰੀਗੇਸ਼ਨ ਵਾਸਤੇ ਪਾਣੀ ਪ੍ਰਾਪਤ ਕੀਤਾ ਜਾ ਸਕਦਾ ਹੈ, ਉਥੇ ਸੈਕਿੰਡ ਆਸਪੈਕਟ ਇਹ ਰੱਖ ਲਿਆ ਜਾਵੇ ਕਿ ਉਨ੍ਹਾਂ ਨਦੀਆਂ ਨੂੰ ਇੰਡਸਟਰੀਅਲ ਵੇਸਟ ਤੇ ਪੌਲਿਊਟਿਡ ਮੈਟੀਰੀਅਲ ਤੋਂ ਕਿਵੇਂ ਬਚਾਇਆ ਜਾਵੇ। ਉਸ ਵੇਲੇ ਜਿਸ ਵੇਲੇ ਰਾਸ਼ਟਰੀ ਪੱਧਰ ਤੇ ਨਦੀਆਂ ਨੂੰ ਜੋੜਨ ਦਾ ਸਿਲਸਿਲਾ ਸ਼ੁਰੂ ਕੀਤਾ ਜਾਵੇ, ਇਸ ਪਲਾਨ ਨੂੰ ਵੀ ਧਿਆਨ ਵਿਚ ਰੱਖ ਕੇ ਇੰਡਸਟਰੀਅਲ ਵੇਸਟ ਤੇ ਪੌਲਿਊਟਿਡ ਮੈਟੀਰੀਅਲ ਨੂੰ ਹੈਂਡਲ ਕੀਤਾ ਜਾਵੇ। ਅੱਜ ਹਾਊਸ ਨੂੰ ਇਕ ਯੂਨਾਨੀਮਸ ਰਾਏ ਰੱਖ ਕੇ ਫੌਰੀ ਤੌਰ ਤੇ ਇਸ ਦੇ ਵਾਸਤੇ ਪੰਜਾਬ ਦੀ ਪੱਧਰ ਤੇ ਇਕ ਕਮੇਟੀ ਕਾਇਮ ਕਰਨੀ ਚਾਹੀਦੀ ਹੈ ਜਿਸ ਵਿਚ ਸਭ ਤਰ੍ਹਾਂ ਦੇ ਮਾਹਿਰ ਸ਼ਾਮਿਲ ਹੋਣ ਤੇ ਜਿਹੜੀ ਪੂਰੇ ਪੰਜਾਬ ਦਾ ਦੌਰਾ ਕਰਕੇ ਰਿਪੋਰਟ ਦੇਵੇ ਤਾਂ ਕਿ ਉਸ ਤੇ ਵਿਚਾਰ ਕਰਕੇ ਜ਼ਿਆਦਾ ਤੋਂ ਜ਼ਿਆਦਾ ਇਫੈਕਟਿਵ ਤਰੀਕੇ ਨਾਲ ਜੋ ਪੌਲਿਊਟਿਡ ਮੈਟੀਰੀਅਲ ਕੈਨਾਲਜ਼ ਤੇ ਰਿਵਰਜ਼ ਅੰਦਰ ਜਾ ਰਿਹਾ ਹੈ,

Original with;
Punjab Vidhan Sabha
Digitized by;
Panjab Digital Library

ਉਸਨੂੰ ਰੋਕਿਆ ਜਾ ਸਕੇ। ਇਸ ਦੇ ਨਤੀਜੇ ਬੜੇ ਮਾੜੇ ਹੋ ਸਕਦੇ ਹਨ, ਮਾੜੇ ਹੋ ਵੀ ਰਹੇ ਹਨ ਪਰ ਇਸਦੀ ਚਿੰਤਾ ਬੜੀ ਛੋਟੀ ਪੱਧਰ ਤੇ ਕੀਤੀ ਜਾ ਰਹੀ ਹੈ। ਚਿੰਤਾ ਇੰਨੀ ਕੁ ਹੀ ਕੀਤੀ ਜਾ ਰਹੀ ਹੈ ਕਿ ਹਾਊਸ ਵਿਚ ਇਕ ਮਤਾ ਜ਼ਰੂਰ ਲੈ ਆਂਦਾ ਗਿਆ ਹੈ। ਹੋ ਸਕਦਾ ਹੈ ਕਿ ਪ੍ਰਿੰਟ ਮੀਡੀਆ ਰਾਹੀਂ ਗੱਲਬਾਤ ਕੀਤੀ ਜਾ ਸਕੇ। ਇਸ ਦੇ ਵਾਸਤੇ ਜ਼ਰੂਰੀ ਹੈ ਕਿ ਕੋਈ ਇਫੈਕਟਿਵ ਸਟੈੱਪਸ ਲਏ ਜਾਣ। ਹਾਊਸ ਨੇ ਇਸ ਸਬੰਧੀ ਚਿੰਤਾ ਜ਼ਾਹਿਰ ਕਰਕੇ ਬੜੀ ਗੰਭੀਰਤਾ ਦਿਖਾਈ ਹੈ ਲੇਕਿਨ ਇਸ ਤੋਂ ਅੱਗੇ ਵੀ ਬਹੁਤ ਕੁਝ ਕਰਨ ਦੀ ਲੋੜ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਚਾਹਵਾਂਗਾ ਕਿ ਤੁਸੀਂ ਫੌਰੀ ਤੌਰ ਤੇ ਇਸ ਦੇ ਵਾਸਤੇ ਕੋਈ ਕਮੇਟੀ ਬਣਾਓ ਤਾਂ ਕਿ ਇਸ ਚਿੰਤਾ ਤੇ ਐਕਸ਼ਨ ਵੀ ਨਾਲ ਦੀ ਨਾਲ ਸ਼ੁਰੂ ਹੋ ਸਕੇ, ਤਾਂ ਕਿ ਆਉਣ ਵਾਲੇ ਖਤਰੇ ਤੋਂ ਅਸੀਂ ਆਪਣੇ ਸੂਬੇ ਅਤੇ ਇਥੋਂ ਦੇ ਲੋਕਾਂ ਨੂੰ ਬਚਾ ਸਕੀਏ ਜੋ ਬੜੇ ਦਲੇਰ, ਜਾਂਬਾਜ਼ ਅਤੇ ਰਿਸ਼ਟ-ਪੁਸ਼ਟ ਸ਼ਰੀਰਾਂ ਵਾਲੇ ਹਨ। ਪਾਣੀ ਵਿਚ ਫੈਲ ਰਹੇ ਗੰਦ ਅਤੇ ਜ਼ਹਿਰ ਦੇ ਮਾੜੇ ਨਤੀਜਿਆਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਅੱਜ ਦਾ ਇਹ ਜਿਹੜਾ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ, ਮੈਂ ਇਸ ਦੀ ਤਾਈਦ ਕਰਦਾ ਹੋਇਆ ਇਹ ਵੀ ਜ਼ਰੂਰ ਕਹਾਂਗਾ ਕਿ ਰਾਜ ਪੱਧਰ ਦੀ ਇਕ ਕਮੇਟੀ ਇਸ ਸਿਲਸਿਲੇ ਵਿਚ ਬਣਾਈ ਜਾਵੇ ਤਾਂ ਕਿ ਅਸੀਂ ਆਪਣੇ ਆਪ ਨੂੰ ਇਸ ਖਤਰੇ ਤੋਂ ਬਚਾਅ ਸਕੀਏ।

**ਸਰਦਾਰ ਬੀਰ ਦਵਿੰਦਰ ਸਿੰਘ** : ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਸ ਵੇਲੇ 6 ਵੱਜ ਕੇ 17 ਮਿੰਟ ਹੋ ਗਏ ਹਨ। ਹਾਊਸ ਦਾ ਸਮਾਂ 6.30 ਵਜੇ ਤੱਕ ਦਾ ਹੈ ਲੇਕਿਨ ਹਾਲੇ ਤੱਕ ਕੱਲ੍ਹ ਦਾ ਬਿਜ਼ਨਿਸ ਸਾਡੇ ਕੋਲ ਨਹੀਂ ਆਇਆ ਕਿ ਕੱਲ੍ਹ ਦੇ ਸਵਾਲ ਕੀ ਹਨ ਅਤੇ ਕਾਲ ਅਟੈਨਸ਼ਨ ਨੋਟਿਸਜ਼ ਕੀ ਹਨ। 6 ਵੱਜ ਕੇ 17 ਮਿੰਟ ਹੋ ਗਏ ਹਨ ਅਤੇ ਕੇਵਲ 13 ਮਿੰਟ ਬਾਕੀ ਰਹਿੰਦੇ ਹਨ। We do not know. It has never happened. We do not have agenda for tomorrow, what do we do ? ਮੈਂ ਤੁਹਾਡੀ ਰੂਲਿੰਗ ਚਾਹੁੰਦਾ ਹਾਂ ਕਿ ਕੱਲ੍ਹ ਨੂੰ ਹਾਊਸ ਲੱਗਣਾ ਹੈ ਜਾਂ ਨਹੀਂ ਅਤੇ ਜੇਕਰ ਲੱਗਣਾ ਹੈ ਤਾਂ ਏਜੰਡਾ ਕੀ ਹੈ। ਇਸ ਬਾਰੇ ਸਾਨੂੰ ਤੁਹਾਡੀ ਰੂਲਿੰਗ ਚਾਹੀਦੀ ਹੈ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਡਿਪਟੀ ਸਪੀਕਰ ਸਾਹਿਬ, ਜਿਸ ਵੇਲੇ ਅੱਜ ਡਿਬੇਟ ਸ਼ੁਰੂ ਹੋਈ, ਉਸ ਵੇਲੇ ਸਾਨੂੰ ਕੇਵਲ 60 ਮਿੰਟ ਦਿੱਤੇ ਗਏ। ਅਸੀਂ ਹੋਰ ਟਾਈਮ ਮੰਗਦੇ ਸੀ ਲੇਕਿਨ ਸਪੀਕਰ ਸਾਹਿਬ ਨੇ ਕਿਹਾ ਕਿ ਤੁਸੀਂ ਡਿਬੇਟ ਸ਼ੁਰੂ ਹੋ ਲੈਣ ਦਿਓ, we might put it for another day i.e. 19th. Before this issue gets talked out, ਤੁਸੀਂ ਸਾਨੂੰ ਆਪਣੀ ਰੂਲਿੰਗ ਜ਼ਰੂਰ ਦਿਓ ਕਿ ਡਿਸਕਸ਼ਨ ਵਾਸਤੇ ਤੁਸੀਂ ਇਕ ਦਿਨ ਹੋਰ ਦੇ ਦਿਓਗੇ।

Original with;
Punjab Vidhan Sabha
Digitized by;
Panjab Digital Library

**ਸਰਦਾਰ ਪਰਮਿੰਦਰ ਸਿੰਘ ਢੀਂਡਸਾ (ਸੁਨਾਮ)** : ਡਿਪਟੀ ਸਪੀਕਰ ਸਾਹਿਬ, ਅੱਜ ਸਰਦਾਰ ਗੁਰਦੇਵ ਸਿੰਘ ਬਾਦਲ ਨੇ ਇਕ ਬਹੁਤ ਅਹਿਮ ਮਤਾ ਲਿਆਂਦਾ ਹੈ ਜਿਸ ਦਾ ਸਬੰਧ ਆਪਣੇ ਸਾਰਿਆਂ ਨਾਲ ਹੈ। ਅੱਜ ਸ਼ਹਿਰਾਂ ਦਾ ਸਾਰਾ ਗੰਦਾ ਪਾਣੀ ਦਰਿਆਵਾਂ ਵਿਚ ਮਿਲਾਇਆ ਜਾ ਰਿਹਾ ਹੈ। ਜਿੰਨੀਆਂ ਵੀ ਫੈਕਟਰੀਆਂ ਹਨ, ਉਨ੍ਹਾਂ ਸਾਰੀਆਂ ਦਾ ਗੰਦਾ ਪਾਣੀ ਪੰਜਾਬ ਦੇ ਦਰਿਆਵਾਂ ਵਿਚ ਸੁੱਟਿਆ ਜਾ ਰਿਹਾ ਹੈ ਜਿਸ ਕਰਕੇ ਸਾਡੇ ਪੰਜਾਬ ਦਾ ਪਾਣੀ ਦੂਸ਼ਿਤ ਹੋ ਚੁੱਕਾ ਹੈ।

**ਮਾਨਯੋਗ ਡਿਪਟੀ ਸਪੀਕਰ** : ਸਰਦਾਰ ਬੀਰ ਦਵਿੰਦਰ ਸਿੰਘ ਜੀ, ਤੁਸੀਂ ਪੁਆਇੰਟ ਆਫ ਆਰਡਰ ਤੇ ਇਕ ਕੁਐਸ਼ਚਨ ਪੁੱਛਿਆ ਸੀ। ਉਸ ਦੇ ਬਾਰੇ ਮੈਂ ਤੁਹਾਨੂੰ ਦੱਸ ਦਿੰਦਾ ਹਾਂ ਕਿ ਕੱਲ੍ਹ ਦੇ ਬਿਜ਼ਨਸ ਬਾਰੇ ਸਾਰੇ ਕਾਗਜ਼ ਤੁਹਾਡੇ ਕੋਲ ਆ ਗਏ ਹਨ। ਕੁਐਸਚਨਜ਼ ਦੇ ਪੇਪਰ ਵੀ ਤੁਹਾਡੇ ਕੋਲ ਪਹੁੰਚ ਚੁੱਕੇ ਹਨ।

**ਸਰਦਾਰ ਬੀਰ ਦਵਿੰਦਰ ਸਿੰਘ** : ਡਿਪਟੀ ਸਪੀਕਰ ਸਾਹਿਬ, ਲਿਸਟ ਆਫ ਬਿਜ਼ਨਸ ਕਿਸੇ ਕੋਲ ਵੀ ਨਹੀਂ ਆਈ। ਜੇ ਕਿਸੇ ਕੋਲ ਆਈ ਹੈ ਤਾਂ ਦੱਸ ਦੇਵੋ।

**ਮਾਨਯੋਗ ਡਿਪਟੀ ਸਪੀਕਰ** : ਬਿਲ ਵੀ ਸਾਰੇ ਪਹੁੰਚ ਗਏ ਹਨ।

**ਸਰਦਾਰ ਬੀਰ ਦਵਿੰਦਰ ਸਿੰਘ** : ਕਾਲ ਅਟੈਨਸ਼ਨ ਨੋਟਸਿਜ਼ ਕੀ ਹਨ, ਕੁੱਝ ਨਹੀਂ ਪਤਾ।

**ਮਾਨਯੋਗ ਡਿਪਟੀ ਸਪੀਕਰ** : ਹਾਊਸ ਦਾ ਕੱਲ੍ਹ ਦਾ ਸਾਰਾ ਬਿਜਨੈਸ ਭੇਜਿਆ ਜਾ ਚੁੱਕਾ ਹੈ। ਮੇਰੇ ਆਪਣੇ ਕੋਲ ਵੀ ਪਿਆ ਹੋਇਆ ਹੈ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਸਰ, ਇਹ ਜਿਹੜਾ ਗੰਦ ਹੈ ਉਹ ਨਹਿਰਾਂ, ਨਾਲਿਆਂ ਦੇ ਵਿੱਚ, ਡ੍ਰੇਨਾਂ ਦੇ ਵਿੱਚ ਸਿੱਟਿਆ ਜਾ ਰਿਹਾ ਹੈ। ਅੱਜ ਹਾਲਾਤ ਇਹ ਹੋ ਚੁੱਕੇ ਹਨ ਕਿ ਜੋ ਪਾਣੀ ਤਾਂ ਗੰਦਾ ਹੋ ਹੀ ਚੁੱਕਾ ਹੈ ਪ੍ਰੰਤੂ ਜਿਹੜੇ ਨਹਿਰਾਂ ਅਤੇ ਨਾਲਿਆਂ ਤੋਂ ਇਲਾਵਾ ਡ੍ਰੇਨਾਂ ਹਨ ਉਹ ਬਿਲਕੁਲ ਚੋਕ ਹੋ ਚੁੱਕੀਆਂ ਹਨ ਕਿਉਂਕਿ ਜਿਹੜਾ ਸੋਲਿਡ ਵੇਸਟ ਹੈ ਉਹ ਵੀ ਚੁੱਕ ਕੇ ਸਾਰੇ ਦਾ ਸਾਰਾ ਮਿਊਂਸਿਪਲ ਕਮੇਟੀਆਂ ਜਾਂ ਇੰਡਸਟਰੀ ਵਾਲੇ ਇਨ੍ਹਾਂ ਨਾਲਿਆਂ ਦੇ ਵਿੱਚ ਸਿੱਟ ਦਿੰਦੇ ਹਨ ਜਿਸ ਨਾਲ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ। ਮੈਂ ਇਕ ਬਹੁਤ ਵਧੀਆ ਐਗਜ਼ਾਂਪਲ ਤੁਹਾਨੂੰ ਦੇਣਾ ਚਾਹੁੰਦਾ ਹਾਂ। ਧੂਰੀ ਵਿੱਚ ਇਕ ਬਹੁਤ ਅਹਿਮ ਸਾਡੇ ਇਲਾਕੇ ਦੇ ਵਿੱਚ ਸੂਆ ਨਿਕਲਦਾ ਹੈ ਅਤੇ ਸ਼ਹਿਰ ਦਾ ਸਾਰਾ ਗੰਦ ਉਸ ਸੂਏ ਵਿੱਚ ਸੁੱਟਿਆ ਜਾਂਦਾ ਹੈ। ਇਰੀਗੇਸ਼ਨ ਦਾ ਜਿਹੜਾ ਪਾਣੀ ਹੈ ਉਹ ਗੰਦਾ ਹੋ ਜਾਂਦਾ ਹੈ ਅਤੇ ਨਹਿਰਾਂ ਦੀ ਜਿਹੜੀ ਕੈਪੇਸਿਟੀ ਹੈ ਉਹ ਘਟ ਜਾਂਦੀ ਹੈ ਜਿਸ ਕਾਰਨ ਨਹਿਰਾਂ ਪੂਰਾ ਪਾਣੀ ਕੈਰੀ ਨਹੀਂ ਕਰਦੀਆਂ। ਜ਼ਿਮੀਦਾਰਾਂ ਨੂੰ ਪੂਰਾ ਪਾਣੀ ਨਹੀਂ ਮਿਲਦਾ ਅਤੇ ਪੰਜਾਬ ਦੀ ਖੇਤੀ ਦਾ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ। ਏਸੇ ਤਰੀਕੇ ਦੇ ਨਾਲ ਜੋ ਗੰਦਾ ਪਾਣੀ ਹੈ ਉਹ ਪੀਣ ਵਾਸਤੇ ਵੀ ਵਰਤਿਆ ਜਾ ਰਿਹਾ ਹੈ ਪਰ ਸਕੀਮਾਂ ਜਿਹੜੀਆਂ ਹਨ ਉਹ ਵਾਟਰ ਵਰਕਸ ਅਤੇ ਨਹਿਰੀ ਪਾਣੀ ਦੇ ਨਾਲ ਹੀ ਸਬੰਧਿਤ ਹਨ। ਉਹੀ ਪਾਣੀ ਥੋਹੜਾ ਬਹੁਤ ਸਾਫ਼ ਕਰਕੇ ਪੀਣ ਨੂੰ

Original with;
Punjab Vidhan Sabha
Digitized by;
Panjab Digital Library

ਲੋਕਾਂ ਨੂੰ ਦਿੱਤਾ ਜਾ ਰਿਹਾ ਹੈ ਜਿਸ ਨਾਲ ਅਨੇਕਾਂ ਪ੍ਰਕਾਰ ਦੀਆਂ ਬਿਮਾਰੀਆਂ ਪੰਜਾਬ ਦੇ ਲੋਕਾਂ ਨੂੰ ਲੱਗ ਰਹੀਆਂ ਹਨ ਅਤੇ ਪੰਜਾਬ ਦੇ ਗਰੀਬਾਂ ਦੀਆ ਜਾਨਾਂ ਲੈ ਰਹੀਆਂ ਹਨ। ਇਸ ਦੇ ਵਾਸਤੇ ਸਾਨੂੰ ਸਾਰਿਆਂ ਨੂੰ ਬਹੁਤ ਚਿੰਤਾ ਕਰਨ ਦੀ ਲੋੜ ਹੈ। ਜੋ ਗੰਦਾ ਪਾਣੀ ਹੈ ਉਹ ਸੀਪੇਜ ਹੋ ਕੇ ਥੱਲੇ ਗਰਾਊਂਡ ਵਾਟਰ ਨਾਲ ਮਿਲ ਜਾਂਦਾ ਹੈ, ਉਸ ਨਾਲ ਮਿਲਣ ਤੋਂ ਬਾਅਦ ਉਹੀ ਪਾਣੀ ਖੇਤਾਂ ਵਿੱਚ ਵੀ ਵਰਤਿਆ ਜਾਂਦਾ ਹੈ ਅਤੇ ਪੀਣ ਵਾਸਤੇ ਵੀ ਵਰਤਿਆ ਜਾ ਰਿਹਾ ਹੈ। ਅੱਜ ਹਾਲਾਤ ਇਹ ਹਨ ਕਿ ਕਿਤੇ ਵੀ ਪੰਜਾਬ ਵਿੱਚ ਜੇ ਕਹੀਏ ਤਾਂ 80 ਫੁੱਟ ਤੇ ਪਾਣੀ ਪੀਣ ਯੋਗ ਨਹੀਂ ਰਹਿ ਗਿਆ। 80 ਫੁੱਟ ਤੱਕ ਪਾਣੀ ਦੇ ਸੈਂਪਲ ਟੈਸਟ ਕਰਾਏ ਜਾ ਰਹੇ ਹਨ ਅਤੇ ਉਹ ਸਾਰੇ ਦੇ ਸਾਰੇ ਸੈਂਪਲ ਰਿਜੈਕਟ ਹੋ ਰਹੇ ਹਨ ਕਿਉਂਕਿ ਉਸ ਪਾਣੀ ਦੇ ਵਿੱਚ ਕੈਮੀਕਲ, ਨਾਈਟ੍ਰੇਟ ਏਨੇ ਜ਼ਿਆਦਾ ਹਨ ਕਿ ਉਹ ਲੋਕਾਂ ਦੇ ਪੀਣ ਦੇ ਲਾਇਕ ਨਹੀਂ ਰਹਿ ਗਿਆ। ਜੋ ਵੱਖ-ਵੱਖ ਵਾਇਰਸਿਜ਼ ਹਨ, ਪਰੋਟੋਜੋਨਜ਼ ਹਨ, ਬੈਕਟੀਰੀਆ ਹਨ ਉਹ ਸਾਰੇ ਇਨ੍ਹਾਂ ਗੰਦੇ ਪਾਣੀਆਂ ਕਰਕੇ ਹੀ ਹਨ। ਗੰਦੇ ਪਾਣੀ ਕਰਕੇ ਹੀ ਭਾਵੇਂ ਡਾਈਸੈਂਟਰੀ ਹੈ, ਭਾਵੇਂ ਸਕਿਨ ਡੀਸੀਜ਼ਸ ਹਨ, ਸਾਂਹ ਦੀਆਂ ਬਿਮਾਰੀਆਂ ਹਨ ਜਾਂ ਹੋਰ ਜਿਹੜੇ ਕੈਂਸਰ ਦੇ ਰੋਗ ਹਨ ਉਹ ਲੋਕਾਂ ਨੂੰ ਲੱਗ ਰਹੇ ਹਨ। ਇਹ ਵੀ ਹੈਰਾਨੀ ਵਾਲੀ ਗੱਲ ਹੈ ਕਿ ਇਕ ਪਿੰਡ ਵਿੱਚ ਹੀ ਕੈਂਸਰ ਦੇ ਨਾਲ 100-100 ਮੌਤਾਂ ਹੋ ਰਹੀਆਂ ਹਨ। ਇੰਨਾ ਜ਼ਿਆਦਾ ਬਿਮਾਰੀਆਂ ਦਾ ਪਰਕੋਪ ਥੱਲੇ ਗਰਾਊਂਡ ਵਾਟਰ ਦੇ ਮਾੜਾ ਹੋਣ ਕਾਰਨ ਹੈ, ਇਸੇ ਕਰਕੇ ਲੋਕਾਂ ਦੀ ਸਿਹਤ ਤੇ ਮਾੜਾ ਅਸਰ ਪੈ ਰਿਹਾ ਹੈ। ਇਹ ਅੱਜ ਬਹੁਤ ਵੱਡਾ ਚਿੰਤਾਂ ਦਾ ਵਿਸ਼ਾ ਹੈ। ਹਿੰਦੁਸਤਾਨ ਦਾ ਜਿਹੜਾ ਗਰਾਊਂਡ ਵਾਟਰ ਬੋਰਡ ਹੈ ਉਸ ਨੇ ਇਕ ਸਰਵੇ ਰਿਲੀਜ਼ ਕੀਤਾ ਹੈ। ਉਸ ਨੇ ਦੱਸਿਆ ਹੈ ਕਿ ਪੰਜਾਬ ਦੇ ਕਈ ਜ਼ਿਲ੍ਹੇ ਹਨ ਉਨ੍ਹਾਂ ਵਿੱਚ ਇੰਨਾ ਜ਼ਿਆਦਾ ਨਾਈਟ੍ਰੇਟ ਖਾਸ ਤੌਰ ਤੇ ਪਟਿਆਲਾ, ਫਰੀਦਕੋਟ ਅਤੇ ਸੰਗਰੂਰ ਤੋਂ ਇਲਾਵਾ ਬਠਿੰਡਾ ਹਨ ਜਿਨ੍ਹਾਂ ਵਿੱਚ ਇੰਨੇ ਜ਼ਿਆਦਾ ਨਾਈਟ੍ਰੇਟ ਹਨ ਕਿ ਉਸ ਪਾਣੀ ਨੂੰ ਕਿਸੇ ਵੀ ਕੰਮ ਦੇ ਲਈ ਵਰਤਿਆ ਨਹੀਂ ਜਾ ਸਕਦਾ। ਮੰਡੀ ਗੋਬਿੰਦਗੜ੍ਹ ਅਤੇ ਲੁਧਿਆਣਾ ਵਿੱਚ ਇੰਨੇ ਜ਼ਿਆਦਾ ਹੈਵੀ ਮੈਟਲ ਪਾਣੀ ਵਿੱਚ ਹਨ ਕਿ ਉਸ ਇਲਾਕੇ ਦਾ ਪਾਣੀ ਵੀ ਵਰਤਣ ਯੋਗ ਨਹੀਂ ਰਹਿ ਗਿਆ। ਫਿਰ ਫਲੋਰਾਈਡ ਦੀ ਬਹੁਤ ਵੱਡੀ ਸਮੱਸਿਆ ਹੈ। ਉਸ ਨਾਲ ਹੱਡੀਆਂ ਅਤੇ ਦੰਦਾ ਦਾ ਲੋਕਾਂ ਦਾ ਬਹੁਤ ਵੱਡਾ ਨੁਕਸਾਨ ਹੁੰਦਾ ਹੈ। ਇਸੇ ਕਰਕੇ ਇਹ ਜਿਹੜੀਆਂ ਗੱਲਾਂ ਹਨ ਇਹ ਪਾਣੀ ਦੀ ਜਿਹੜੀ ਸਫ਼ਾਈ ਹੈ ਉਸ ਨੂੰ ਸਾਫ ਰੱਖਣ ਲਈ ਸਿਰਫ ਇਕ ਬੰਦੇ ਦੀ ਜ਼ਿੰਮੇਵਾਰੀ ਤੱਕ ਸੀਮਤ ਨਹੀਂ ਹੋਣੀ ਚਾਹੀਦੀ, ਕੇਵਲ ਸਰਕਾਰ ਤੱਕ ਹੀ ਸੀਮਤ ਨਹੀਂ ਹੋਣੀ ਚਾਹੀਦੀ ਸਗੋਂ ਸੂਬੇ ਦੇ ਸਮੁੱਚੇ ਲੋਕਾਂ, ਸਮੂਹ ਸਿਟੀਜਨ ਜਿਹੜੇ ਹਨ ਉਨ੍ਹਾਂ ਸਾਰਿਆਂ ਨੂੰ ਹੀ ਇਕੱਠੇ ਹੋ ਕੇ ਕੋਈ ਫੈਸਲਾ ਕਰਨਾ ਪਵੇਗਾ ਕਿਉਂਕਿ ਆਉਣ ਵਾਲੀਆਂ ਜੋ ਜੈਨਰੇਸ਼ਨਜ਼ ਹਨ ਉਨ੍ਹਾਂ ਦੇ ਭਵਿੱਖ ਤੇ ਬਹੁਤ ਵੱਡਾ ਅਸਰ ਪਾਣੀ ਦਾ ਹੈ। ਸੋ ਇਸ ਵਾਸਤੇ ਸਰਕਾਰ ਨੂੰ ਘੱਟੋ ਘੱਟ ਸਖਤ ਫੈਸਲੇ ਕਰਨੇ ਚਾਹੀਦੇ ਹਨ। ਗੰਦੇ ਅਤੇ ਪੋਲਿਊਟਿਡ ਵਾਟਰ ਦੇ ਕਾਰਨ ਜਿਹੜੇ ਪਾਣੀ ਵਿੱਚ ਰਹਿਣ

Original with;
Punjab Vidhan Sabha
Digitized by;
Panjab Digital Library

[ਸਰਦਾਰ ਪਰਮਿੰਦਰ ਸਿੰਘ ਢੀਂਡਸਾ]

ਵਾਲੇ ਜੀਵ ਜੰਤੂ ਹਨ ਉਹ ਵੀ ਖਤਮ ਹੋ ਚੁੱਕੇ ਹਨ। ਅੱਜ ਪਾਣੀ ਗੰਦ ਤੋਂ ਬਗੈਰ ਕਿਤੇ ਨਹੀਂ ਰਹਿ ਗਿਆ। ਪਾਣੀ ਦੇ ਵਿੱਚ ਰਹਿਣ ਵਾਲੀਆਂ ਮੱਛੀਆਂ ਮਰ ਗਈਆਂ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਸਰਕਾਰ ਕੁਝ ਅਜਿਹੇ ਕਦਮ ਚੁੱਕੇ ਜਿਨ੍ਹਾਂ ਨਾਲ ਇਸਨੂੰ ਕੰਟਰੋਲ ਕੀਤਾ ਜਾਵੇ। ਜਿਹੜੀਆਂ ਵੱਡੀਆਂ ਇੰਡਸਟਰੀਆਂ ਹਨ, ਉਨ੍ਹਾਂ ਦੇ ਖਿਲਾਫ ਕਾਰਵਾਈ ਕਰਨ ਦੀ ਲੋੜ ਹੈ। ਕਈ ਵੱਡੀਆਂ ਇੰਡਸਟਰੀਆਂ ਹਨ ਜਿਵੇਂ ਸ਼ੂਗਰ ਇੰਡਸਟਰੀ, ਪੇਪਰ ਮਿੱਲਾਂ, ਡਿਸਟਿਲਰੀਜ਼, ਲੈਦਰ ਇੰਡਸਟਰੀ, ਕੈਮੀਕਲ ਇੰਡਸਟਰੀ ਅਤੇ ਫਾਰਮਾਸਿਊਟੀਕਲ ਇੰਡਸਟਰੀ ਆਦਿ ਪਾਣੀ ਨੂੰ ਖਰਾਬ ਕਰਨ ਵਿਚ ਬਹੁਤ ਵੱਡਾ ਹਿੱਸਾ ਪਾਉਂਦੀਆਂ ਹਨ। ਸਾਨੂੰ ਇਨ੍ਹਾਂ ਉਤੇ ਨੱਥ ਪਾਉਣੀ ਪਵੇਗੀ। ਸਰਕਾਰ ਵਾਸਤੇ ਇਸ ਨੂੰ ਕੰਟਰੋਲ ਕਰਨ ਵਾਸਤੇ ਕੋਈ ਔਖਾ ਕੰਮ ਨਹੀਂ ਹੈ। ਵੱਡੀਆਂ-ਵੱਡੀਆਂ ਇੰਡਸਟਰੀਆਂ ਦੇ ਸਿਆਸਤਦਾਨਾਂ ਨਾਲ ਵੀ ਸਬੰਧ ਹੁੰਦੇ ਹਨ ਅਤੇ ਅਫਸਰਾਂ ਨਾਲ ਵੀ ਹੁੰਦੇ ਹਨ। ਉਹ ਉਨ੍ਹਾਂ ਨੂੰ ਮਿਲ ਕੇ ਬਚ ਜਾਂਦੇ ਹਨ। ਬਚ ਇਸ ਕਰਕੇ ਜਾਂਦੇ ਹਨ ਕਿਉਂਕਿ ਉਨ੍ਹਾਂ ਕੋਲ ਇਕੋ ਹੀ ਬਹਾਨਾ ਹੁੰਦਾ ਹੈ ਕਿ ਜੇ ਉਨ੍ਹਾਂ ਨੂੰ ਟਰੀਟਮੈਂਟ ਪਲਾਂਟ ਲਗਾਉਣਾ ਪਿਆ ਤਾਂ ਉਨ੍ਹਾਂ ਦਾ ਨੁਕਸਾਨ ਹੋਵੇਗਾ। ਉਨ੍ਹਾਂ ਦਾ ਅਸਲੀ ਮੁਨਾਫਾ ਨਹੀਂ ਬਚੇਗਾ। ਉਨ੍ਹਾਂ ਦੀ ਸੋਚ ਸਿਰਫ ਮੁਨਾਫੇ ਤੱਕ ਹੀ ਹੁੰਦੀ ਹੈ। ਸਰਕਾਰ ਨੂੰ ਕਦਮ ਚੁੱਕ ਕੇ ਉਨ੍ਹਾਂ ਨੂੰ ਟਰੀਟਮੈਂਟ ਪਲਾਂਟ ਲਗਾਉਣ ਵਾਸਤੇ ਮਜ਼ਬੂਰ ਕਰਨਾ ਚਾਹੀਦਾ ਹੈ। ਜੇਕਰ ਪਿੰਡਾ ਵਿਚ ਨਹੀਂ ਤਾਂ ਘੱਟੋ-ਘੱਟ ਸ਼ਹਿਰਾਂ ਵਿਚ ਜੇਕਰ ਸੀਵਰੇਜ਼ ਟਰੀਟਮੈਂਟ ਪਲਾਂਟ ਨਹੀਂ ਤਾਂ ਪਾਣੀ ਦੇ ਟਰੀਟਮੈਂਟ ਪਲਾਂਟ ਤਾਂ ਜ਼ਰੂਰ ਲਗਾਉਣੇ ਚਾਹੀਦੇ ਹਨ। ਅਸੀਂ ਲਿਫਾਫੇ ਜਾਂ ਪੋਲੀਥੀਨ ਚੁੱਕ ਕੇ ਨਹਿਰਾਂ ਵਿਚ ਸੁੱਟ ਦਿੰਦੇ ਹਾਂ। ਇਸ ਨੂੰ ਵੀ ਰੋਕਣਾ ਚਾਹੀਦਾ ਹੈ ਤਾਂ ਜੋ ਪਾਣੀ ਦੀ ਬਲਾਕੇਜ ਨਾ ਹੋਵੇ ਅਤੇ ਨਹਿਰਾਂ ਦਾ ਬਚਾਓ ਹੋ ਸਕੇ। ਮੈਂ ਆਸ ਕਰਦਾ ਹਾਂ ਕਿ ਇਸ ਮਤੇ ਤੇ ਸਾਰਿਆਂ ਨੂੰ ਇਕਮੁੱਠ ਹੋ ਕੇ ਇਸ ਗੱਲ ਦੀ ਗੰਭੀਰਤਾ ਨੂੰ ਵੇਖਦੇ ਹੋਏ ਜਿਹੜਾ ਮਤਾ ਬਾਦਲ ਸਾਹਿਬ ਨੇ ਪੇਸ਼ ਕੀਤਾ ਹੈ, ਸਾਡੇ ਸੂਬੇ ਦੀ ਆਉਣ ਵਾਲੀ ਨਵੀਂ ਪੀੜ੍ਹੀ ਦੇ ਭਵਿੱਖ ਨੂੰ ਵੇਖਦੇ ਹੋਏ ਤਾਂ ਕਿ ਉਹ ਅਜਿਹੇ ਖਤਰਿਆਂ ਤੋਂ ਬਚੀ ਰਹੇ ਅਤੇ ਸਿਹਤਮੰਦ ਜੀਵਨ ਬਤੀਤ ਕਰ ਸਕੇ, ਸਾਨੂੰ ਇਹ ਮਤਾ ਸਰਬਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ।

**ਸ਼੍ਰੀ ਰਾਜ ਕੁਮਾਰ ਵੇਰਕਾ (ਵੇਰਕਾ, ਐਸ.ਸੀ.)** : ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਕ ਅਹਿਮ ਮਤੇ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਸਾਡੇ ਸਾਹਮਣੇ ਘੜੀ ਵੀ ਇਜਾਜ਼ਤ ਨਹੀਂ ਦੇ ਰਹੀ ਕਿ ਬਹੁਤ ਲੰਮੀ ਗੱਲ ਕਰ ਸਕਾਂ। ਕੇਵਲ 2-3 ਪੁਆਇੰਟ ਕਹਿ ਕੇ ਹੀ ਮੈਂ ਇਜਾਜ਼ਤ ਲਵਾਂਗਾ। ਪਹਿਲੀ ਗੱਲ ਤਾਂ ਇਹ ਹੈ ਕਿ ਜਿਹੜਾ ਸਾਡਾ ਵਾਟਰ-ਟਰੀਟਮੈਂਟ ਜਾਂ ਵਾਟਰ ਰੈਜ਼ਰਵੇਸ਼ਨ ਦਾ ਸਿਸਟਮ ਹੈ, ਉਸ ਬਾਰੇ ਜਿਥੇ ਸ਼ਹਿਰਾਂ ਵਿਚ ਚਿੰਤਾਂ ਜਤਾਈ ਜਾ ਰਹੀ ਹੈ, ਉਥੇ ਪਿੰਡਾਂ ਦੇ ਵਿਚ ਵੀ ਖੇਤੀ ਨੂੰ ਲੈ ਕੇ ਚਿੰਤਾ ਜਤਾਈ ਜਾ ਰਹੀ। ਅੱਜ ਸਾਰੇ ਲੋਕ ਹੀ ਜਾਣਦੇ ਹਨ ਕਿ ਅੱਜ ਸਾਡੇ ਦੇਸ਼ ਅੰਦਰ ਵਾਟਰ-ਰੈਜ਼ਰਵੇਸ਼ਨ ਨੂੰ ਲੈ ਕੇ ਚਰਚਾਵਾਂ ਹੋ ਰਹੀਆਂ ਹਨ ਅਤੇ ਬਹਿਸ ਹੋ ਰਹੀ ਹੈ। ਇਸ ਗੱਲ ਤੇ ਚਿੰਤਾ ਰਾਸ਼ਟਰਪਤੀ ਜੀ ਨੇ ਜਤਾਈ ਹੈ। ਮੈਂ ਇਹ ਗੱਲ ਮਹਿਸੂਸ ਕਰਦਾ ਹਾਂ ਕਿ ਸਾਡੇ ਟਰੀਟਮੈਂਟ ਪਲਾਂਟਾਂ ਦੀ ਬੜੀ ਸਖਤ ਜ਼ਰੂਰਤ ਹੈ। ਇਸ ਲਈ ਪਲਾਸਟਿਕ ਸਿਸਟਮ ਉਤੇ ਵੀ ਬੈਨ ਲਗਾਉਣਾ ਚਾਹੀਦਾ ਹੈ। ਸਰਕਾਰ ਨੂੰ ਇਹ ਸਟੈਪ ਪਹਿਲਾਂ ਹੀ ਲੈ ਲੈਣਾ ਚਾਹੀਦਾ ਸੀ। ਦੂਜੀ ਗੱਲ ਮੈਂ ਕਰਨੀ ਚਾਹੁੰਦਾ ਹਾਂ ਕਿ ਮਹਾਰਾਸ਼ਟਰ ਵਿਚ ਅੰਨਾ ਹਜ਼ਾਰੇ ਪਿੰਡ ਵਿਚ............

Original with;
Punjab Vidhan Sabha
Digitized by;
Panjab Digital Library

**ਸਰਦਾਰ ਬੀਰ ਦਵਿੰਦਰ ਸਿੰਘ :** ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹੀ ਹੈ ਕਿ ਕੇਵਲ ਦੋ ਮਿੰਟ ਬਾਕੀ ਰਹਿ ਗਏ ਹਨ। ਲਿਸਟ ਆਫ ਬਿਜ਼ਨੈਸ ਕਿਉਂ ਨਹੀਂ ਆ ਰਿਹਾ। ਇਸ ਦਾ ਜਵਾਬ ਦਿਓ। ਅਸੀਂ ਇਥੋਂ ਹੀ ਬਾਹਰ ਦੇ ਬਾਹਰ ਚਲੇ ਜਾਣਾ ਹੈ ਅਤੇ ਬਾਹਰੋਂ ਹੀ ਵਾਪਸ ਅੰਦਰ ਆਉਣਾ ਹੈ। ਕਦੋਂ ਬਿਜ਼ਨੈਸ ਆਵੇਗਾ ਅਤੇ ਕਦੋਂ ਅਸੀਂ ਤਿਆਰੀ ਕਰਾਂਗੇ। Why the List of Business is not being given ?

**ਮਾਨਯੋਗ ਡਿਪਟੀ ਸਪੀਕਰ :** ਇਸ ਹਾਊਸ ਤੋਂ ਬਾਅਦ ਤੁਹਾਨੂੰ ਲਿਸਟ ਆਫ ਬਿਜ਼ਨੈਸ ਮਿਲ ਜਾਵੇਗਾ।

**ਡਾ. ਰਾਜ ਕੁਮਾਰ ਵੇਰਕਾ :** ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰ ਰਿਹਾ ਸੀ ਕਿ ਮਹਾਰਾਸ਼ਟਰ ਵਿਚ ਇਕ ਅੰਨਾ-ਹਜ਼ਾਰੇ ਪਿੰਡ ਵਿਚ ਵਾਟਰ ਸੋਰਸਿਜ਼ ਨਹੀਂ ਸੀ। ਉਥੇ ਸੋਕਾ ਪੈਂਦਾ ਸੀ। ਚੀਨ ਵਾਲੇ ਵੀ ਉਥੇ ਰਿਸਰਚ ਕਰਕੇ ਗਏ ਹਨ। ਮੈਂ ਸਮਝਦਾ ਹਾਂ ਕਿ ਪਿੰਡਾਂ ਤੇ ਸ਼ਹਿਰਾਂ ਵਿਚ ਜਿਹੜੀਆਂ ਬਿਮਾਰੀਆਂ ਫੈਲ ਰਹੀਆਂ ਹਨ............

**Mr. Deputy Speaker :** Thank you very much. Please take your seat. The House stands adjourned till 10.00 A.M. on Friday, the 14th October, 2005.

*6.30 P.M.

(The Sabha then* adjourned till 10.00 A.M. on Friday, the 14th October, 2005)

---

*7382/PVS—Govt. Press, U.T., Chd.*

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Punjab Digital Library

© 2006

Published under the authority of the Punjab Vidhan Sabha and printed by the Controller, Printing & Stationery, U.T. Chd.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*Friday, the 14th October, 2005*

Vol. X-No. 3

CONTENTS


| | | Page |
|---|---|---|
| Starred Questions & Answers | .. | (3) 1 |
| Written Answers to Starred Questions laid on the Table of the House under Rule 38 | .. | (3) 35 |
| Unstarred Questions and Answers | .. | (3) 37 |
| Obituary Reference | .. | (3) 43 |
| Matters raised during Zero Hour | .. | (3) 43 |
| Call Attention Notices Under Rule 66 | .. | (3) 47 |
| Papers Laid on the Table | .. | (3) 53 |
| Legislative Business | .. | (3) 54 |
| i. The Punjab Plastic Carry Bags (Manufacture, Usage and Disposal) Control Bill, 2005(Replacing Ordinance). | .. | (3) 54 |
| ii. The Punjab District Planning Committees Bill, 2005 | .. | (3) 63 |
| iii. The Punjab Mechanical Vehicles (Bridges and Roads) Tolls (Amendment) Bill, 2005 (Replacing Ordinance) | .. | (3) 70 |
| Walk-out | .. | (3) 79 |
| iv. The Punjab Roads and Bridges Development Board (Amendment) Bill, 2005 (Replacing Ordinance) | .. | (3) 79 |
| v. The Punjab Technical University (Amendment) Bill, 2005 | .. | (3) 83 |
| vi. The Punjab Tax on Lotteries Bill, 2005 | .. | (3) 85 |
| vii. The Punjab Value Added Tax (Amendment) Bill, 2005 (Replacing Ordinance) | .. | (3) 88 |
| viii. The Punjab Entertainment Duty (Amendment) Bill, 2005 | .. | (3) 105 |
| ix. The Punjab Industrial Facilitation Bill, 2005 (Replacing Ordinance) | .. | (3) 109 |
| Appendix | .. | (i) |


**Punjab Vidhan Sabha Secretariat, Chandigarh.**

**Price : Rs.________**

riginal with;
unjab Vidhan Sabha
igitized by;
njab Digital Library

Original with;
Punjab Vidhan Sabha
Digitized by;
Panjab Digital Library

PUNJAB VIDHAN SABHA

*Friday the 14th October, 2005*

*The Vidhan Sabha met in the Punjab Vidhan Sabha Hall, Vidhan Bhawan Sector 1, Chandigarh at 10.00 A.M. Mr. Speaker (Doctor Kewal Krishan) in the Chair.*

-----------

## STARRED QUESTIONS AND ANSWERS

### ਐਮ.ਬੀ.ਬੀ.ਐਸ. ਕੋਰਸ ਲਈ ਦਾਖਲੇ ਲਈ ਰਿਜ਼ਰਵੇਸ਼ਨ

***1361. ਸ਼੍ਰੀ ਤਿਕਸ਼ਨ ਸੂਦ :** ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ ਹਾਲ ਹੀ ਵਿੱਚ ਐਮ.ਬੀ.ਬੀ.ਐਸ. ਕੋਰਸ ਵਿਚ ਦਾਖਲੇ ਲਈ ਸਾਬਕਾ ਫੌਜੀਆਂ ਦੇ ਬੱਚਿਆਂ ਲਈ ਰਿਜ਼ਰਵੇਸ਼ਨ ਵਿੱਚ ਕੋਈ ਕਮੀ ਕੀਤੀ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਾਰਣ ਕੀ ਹਨ ?

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਨਹੀਂ ਜੀ ।

**ਸ਼੍ਰੀ ਤਿਕਸ਼ਨ ਸੂਦ :** ਮਾਨਯੋਗ ਸਪੀਕਰ ਸਾਹਿਬ, ਉਪ ਮੁੱਖ ਮੰਤਰੀ ਜੀ ਨੇ ਉੱਤਰ ਇਕ ਲਾਈਨ ਵਿੱਚ ਹੀ ਦੇ ਦਿੱਤਾ ਹੈ "ਨਹੀਂ ਜੀ" । ਸਪੀਕਰ ਸਾਹਿਬ, ਮੇਰੇ ਕੋਲ ਇਕ ਤਾਂ 1998 ਦੀ ਪਾਲਿਸੀ ਹੈ ਜਿਸ ਦੇਂ ਵਿੱਚ ਪੈਰਾ ਮਿਲਟਰੀ ਫੋਰਸਿਜ਼ ਅਤੇ ਫੌਜੀਆਂ ਨੂੰ 4% ਕੋਟਾ ਮਿਲਦਾ ਸੀ ਅਤੇ 2000 ਦੀ ਪਾਲਿਸੀ ਵੀ ਮੇਰੇ ਕੋਲ ਹੈ, ਉਸਦੇ ਵਿੱਚ 2% ਸੀਟਾਂ ਸਾਬਕਾ ਫੌਜੀਆਂ ਅਤੇ ਫੌਜੀਆਂ ਦੇ ਵਾਰਸਾਂ ਲਈ ਅਤੇ 2% ਪੈਰਾ ਮਿਲਟਰੀ ਫੋਰਸਿਜ਼ ਲਈ ਕਰ ਦਿੱਤਾ ਗਿਆ ਹੈ । ਮਾਨਯੋਗ ਮੁੱਖ ਮੰਤਰੀ ਜੀ ਨੇ ਵੀ ਅਨਾਊਂਸ ਕੀਤਾ ਸੀ ਅਤੇ ਇਕ ਪੰਫਲੈਟ ਮੇਰੇ ਕੋਲ ਹੈ, ਉਸ ਵਿਚ ਵੀ 2% ਸਾਬਕਾ ਫੌਜੀਆਂ ਅਤੇ ਉਨ੍ਹਾਂ ਦੇ ਵਾਰਸਾਂ ਲਈ ਕੀਤਾ ਹੋਇਆ ਹੈ ਪਰ ਬਾਬਾ ਫਰੀਦ ਯੂਨੀਵਰਸਿਟੀ ਦਾ ਜਿਹੜਾ ਬਰਾਉਸ਼ਰ ਹੈ ਉਸਦੇ ਵਿੱਚ 1% ਕੋਟਾ ਦੱਸਿਆ ਗਿਆ ਹੈ। ਉਸਦੇ ਵਿੱਚ ਸਾਬਕਾ ਫੌਜੀ ਕੈਟੇਗਰੀ ਲਿਸਟ ਵਿਚੋਂ ਗਾਇਬ ਹੈ, ਫੌਜੀ, ਡਿਸਏਬਲਡ ਵਗੈਰਾ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਡਾਕੂਮੈਂਟਸ ਦੇ ਆਧਾਰ ਤੇ ਕੀ ਮਾਨਯੋਗ ਉਪ ਮੁੱਖ ਮੰਤਰੀ ਜੀ ਇਹ ਦੱਸਣਗੇ ਕਿ ਸਾਬਕਾ ਫੌਜੀਆਂ ਨੂੰ ਪਹਿਲਾਂ ਕਿੰਨੇ ਪਰਸੈਂਟ ਕੋਟਾ ਮਿਲਦਾ ਸੀ ਅਤੇ ਪ੍ਰੋਫੈਸ਼ਨਲ ਕਾਲਜਾਂ ਖਾਸ ਕਰਕੇ ਐਮ.ਬੀ.ਬੀ. ਐਸ. ਵਿੱਚ ਬਾਬਾ ਫਰੀਦ ਯੂਨੀਵਰਸਿਟੀ ਦੇ ਬਰਾਉਸ਼ਰ ਮੁਤਾਬਿਕ ਹੁਣ ਕਿੰਨੇ ਪਰਸੈਂਟ ਕੋਟਾ ਇਨ੍ਹਾਂ ਕੈਟੇਗਰੀਜ਼ ਲਈ ਰਾਖਵਾਂ ਰੱਖਿਆ ਗਿਆ ਹੈ ?

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਠੀਕ ਹੈ । ਤੁਹਾਡਾ ਸਵਾਲ ਆ ਗਿਆ ।

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਜੋ ਮੈਂਬਰ ਸਾਹਿਬ ਨੇ ਸਵਾਲ ਕੀਤਾ ਹੈ ਉਸਦੇ ਜਵਾਬ ਵਿੱਚ ਮੈਂ ਕਿਹਾ ਹੈ "ਨਹੀਂ ਜੀ" । ਜਿਸ ਸਵਾਲ ਦਾ ਜਵਾਬ ਹੀ "ਨਹੀਂ ਜੀ" ਵਿੱਚ ਹੈ ਤਾਂ ਉਸ ਤੇ ਇਨ੍ਹਾਂ ਨੇ ਇਕ ਮਿੰਟ ਵਿੱਚ ਹੀ ਕਿੰਨੇ ਸਵਾਲ ਕਰ ਦਿੱਤੇ ਹਨ ਕਿ ਮੰਤਰੀ ਜੀ ਦੱਸਣਗੇ ਕਿ ਹਾਲ ਹੀ ਵਿੱਚ, ਦੋ ਮਹੀਨੇ ਪਹਿਲਾਂ, ਜਾਂ ਪਿਛਲੇ ਸਾਲ ਦੀ ਕੋਈ ਰਿਜ਼ਰਵੇਸ਼ਨ ਵਿੱਚ ਕਮੀ ਕੀਤੀ ਹੈ, ਜਦ ਕਿ ਮੈਂ ਕਿਹਾ ਹੈ "ਨਹੀਂ ਜੀ"। ਜੇ ਅਸੀਂ ਕੋਈ ਕਮੀ ਕੀਤੀ ਹੀ ਨਹੀਂ ਤਾਂ ਫਿਰ ਇਸ ਤੇ ਕੋਈ ਟੀਕਾ-ਟਿੱਪਣੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

**ਸ਼੍ਰੀ ਤਿਕਸ਼ਨ ਸੂਦ :** ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ । ਮੈਂ ਕਿਹਾ ਹੈ ਕਿ ਪਹਿਲਾਂ 2% ਰਿਜ਼ਰਵੇਸ਼ਨ ਮਿਲਦੀ ਸੀ ਪਰ ਮੇਰੇ ਪਾਸ ਡਾਕੂਮੈਂਟਸ ਹਨ, ਜਿਨ੍ਹਾਂ ਨੂੰ ਅਲਾਉਡ ਸੀ ਅਤੇ ਐਤਕੀ ਬਾਬਾ ਫਰੀਦ ਯੂਨੀਵਰਸਿਟੀ ਦਾ ਜਿਹੜਾ ਬਰਾਉਸ਼ਰ ਹੈ, ਉਸਦੇ ਵਿੱਚ ਐਕਸ ਸਰਵਿਸਮੈਨ ਦਾ ਨਾਂ ਹੀ ਗਾਇਬ ਹੈ ।

**ਉਪ ਮੁੱਖ ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਪਹਿਲੇ ਸਵਾਲ ਦਾ ਮੈਂ ਹੁਣ ਜਵਾਬ ਦਿੰਦੀ ਹਾਂ ਅਤੇ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਸਾਡੀ 3 ਸਾਲ ਦੀ ਟੈਨਿਊਰ ਵਿੱਚ ਕੋਈ ਕੋਟਾ ਨਹੀਂ ਘਟਿਆ ਹੈ । ਅਸੀਂ 2002 ਵਿੱਚ ਸਤਾ ਸੰਭਾਲੀ ਹੈ ਅਤੇ ਇਹ ਗੱਲ ਕਰਦੇ ਹਨ 2000 ਦੀ । ਉਸ ਵੇਲੇ ਇਨ੍ਹਾਂ ਦੇ ਆਪਣੇ ਸਾਥੀਆਂ ਦੀ ਟਰਮ ਸੀ ਅਤੇ ਉਦੋਂ ਦਾ ਕੋਟਾ ਘਟਿਆ ਹੋਇਆ ਹੈ । ਇਹ ਜਿਹੜਾ ਕੋਟਾ ਹੈ, ਉਦੋਂ ਤੋਂ ਹੀ ਚਲਿਆ ਆ ਰਿਹਾ ਹੈ ।

**ਮਾਨਯੋਗ ਸਪੀਕਰ :** ਨੈਕਸਟ ਕੁਐਸਚਨ । ਸ਼੍ਰੀ ਰਣਦੀਪ ਸਿੰਘ ਜੀ ।

-------

## SEWERAGE PROJECTS OF M.C. NABHA

***1436. Sardar Randeep Singh Nabha :** Will the Local Government Minister be pleased to state whether the Municipal Committee, Nabha has deposited its own share of Sewerage Project ; if so, the steps being taken to complete this project and the time by which it is likely to be completed ?

Original with;
Punjab Vidhan Sabha
Digitized by;
Panjab Digital Library

**Chaudhary Jagjit Singh :** No, Sir. The work is being covered under Municipal Development Fund and is likely to be completed within three years.

**ਸਰਦਾਰ ਰਣਦੀਪ ਸਿੰਘ ਨਾਭਾ :** ਮਾਨਯੋਗ ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਵਾਬ ਦਿੱਤਾ ਹੈ । ਪਰ ਮੇਰਾ ਪਹਿਲਾ ਸਵਾਲ ਸੀ whether the Municipal Committee, Nabha has deposited its own share of Sewerage project ਅਤੇ ਦੂਜਾ ਪਾਰਟ ਸੀ if so, the steps being taken to complete this project and the time by which it is likely to be completed. ਪਰ ਜਿਹੜਾ ਆਰਡਰ ਨੰਬਰ ਮੇਰੇ ਕੋਲ ਹੈ, Dated 27.3.2004, No. 1274 FPLSG. ਉਸ ਵਿੱਚ ਕਿਹਾ ਗਿਆ ਹੈ ਕਿ ਇਹ ਕੰਮ ਹੁਡਕੋ ਨੇ ਕਰਨਾ ਹੈ । ਜਿਹੜਾ ਜਵਾਬ ਦਿੱਤਾ ਹੈ, ਉਸ ਵਿੱਚ ਕਿਹਾ ਗਿਆ ਹੈ ਕਿ ਮਿਉਂਸਪੈਲਿਟੀ ਨੇ ਕਰਨਾ ਹੈ.....

**ਮਾਨਯੋਗ ਸਪੀਕਰ :** ਤੁਸੀਂ ਸਵਾਲ ਕਰੋ ।

**ਸਰਦਾਰ ਰਣਦੀਪ ਸਿੰਘ ਨਾਭਾ :** ਮੈਂ ਕਰ ਰਿਹਾ ਹਾਂ ਜੀ । ਜਵਾਬ ਵਿੱਚ ਦੱਸਿਆ ਗਿਆ ਹੈ ਕਿ ਮਿਉਂਸਪੈਲਿਟੀ ਨੇ ਰਾਸ਼ੀ ਜਮ੍ਹਾਂ ਨਹੀਂ ਕੀਤੀ । ਉਸ ਦਾ ਟੋਟਲ ਵਾਟਰ ਸਪਲਾਈ ਦਾ ਖ਼ਰਚਾ........

**ਮਾਨਯੋਗ ਸਪੀਕਰ :** ਤੁਸੀਂ ਸਵਾਲ ਕਰੋ, ਲੈਕਚਰ ਨਹੀਂ ।

**ਸਰਦਾਰ ਰਣਦੀਪ ਸਿੰਘ ਨਾਭਾ :** ਜੇ ਦੱਸਾਂਗਾ ਨਹੀਂ ਤਾਂ ਸਵਾਲ ਕਿਵੇਂ ਹੋਵੇਗਾ ।

**ਮਾਨਯੋਗ ਸਪੀਕਰ :** ਤੁਸੀਂ ਇਹ ਦੇਖੋ ਕਿ ਉਨ੍ਹਾਂ ਦੇ ਜਵਾਬ ਦੇ ਵਿੱਚੋਂ ਕੀ ਸਵਾਲ ਨਿਕਲਦਾ ਹੈ ?

**ਸਰਦਾਰ ਰਣਦੀਪ ਸਿੰਘ ਨਾਭਾ :** ਦੋਵੇਂ ਜਵਾਬ ਗਲਤ ਹਨ । ਮੈਂ ਮਨਿਸਟਰ ਸਾਹਿਬ ਤੋਂ ਐਸ਼ੋਰੈਂਸ ਲੈਣੀ ਚਾਹੁੰਦਾ ਹਾਂ ਕਿ ਜਿਹੜੇ ਕਰਮਚਾਰੀ ਜਾਂ ਆਫੀਸ਼ੀਅਲਜ਼ ਜ਼ਿੰਮੇਵਾਰ ਹਨ, ਜਿਹੜੇ ਗਲਤ ਜਵਾਬ ਦੇ ਰਹੇ ਹਨ ਕਿ ਮਿਉਂਸਪੈਲਿਟੀ ਨੇ ਪੈਸਾ ਜਮ੍ਹਾਂ ਨਹੀਂ ਕੀਤਾ.......

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਪਲੀਜ਼ ਲੈਕਚਰ ਨਾ ਦਿਓ । ਤੁਸੀਂ ਇਹ ਕਹੋ ਕਿ ਤੁਹਾਡਾ ਜਵਾਬ ਠੀਕ ਨਹੀਂ ਹੈ ।

**ਸਰਦਾਰ ਰਣਦੀਪ ਸਿੰਘ ਨਾਭਾ :** ਮੈਂ ਵਜ਼ੀਰ ਸਾਹਿਬ ਤੋਂ ਇਹੀ ਐਸ਼ੋਰੈਂਸ ਚਾਹੁੰਦਾ ਹਾਂ ਕਿ ਘੱਟ ਤੋਂ ਘੱਟ ਆਫੀਸ਼ੀਅਲਜ਼ ਦੀ ਕਾਰਗੁਜ਼ਾਰੀ ਜ਼ਰੂਰ ਦੇਖਣ । ਜਿਨ੍ਹਾਂ ਨੇ ਗਲਤ ਜਵਾਬ ਦਿੱਤਾ ਹੈ, ਕੀ ਉਨ੍ਹਾਂ ਵਿਰੁੱਧ ਕਾਰਵਾਈ ਹੋਵੇਗੀ ?

**ਮੰਤਰੀ :** ਸਪੀਕਰ ਸਾਹਿਬ, ਮੈਂ ਬੜਾ ਸਾਫ ਜਵਾਬ ਦਿੱਤਾ ਹੈ । ਜਿਹੜਾ ਇਨ੍ਹਾਂ ਦਾ ਸਵਾਲ ਸੀ, ਮੈਂ ਉਸ ਬਾਰੇ "No Sir" ਕਿਹਾ ਹੈ । ਜਿਹੜੇ ਕੰਮ ਬਾਰੇ ਮੈਥੋਂ ਪੁੱਛਿਆ ਹੈ, ਉਸ ਬਾਰੇ ਮੈਂ ਕਿਹਾ ਹੈ ਕਿ ਅਸੀਂ ਤਿੰਨ ਸਾਲਾਂ ਵਿੱਚ ਉਸ ਨੂੰ ਕੰਪਲੀਟ ਕਰ ਦੇਵਾਂਗੇ । ਇਸ ਕੰਮ ਤੇ 3934 ਲੱਖ ਰੁਪਿਆ ਲੱਗਣਾ ਹੈ । ਇਹ ਕੰਮ ਪੀ.ਆਈ.ਡੀ.ਬੀ.ਕਰਵਾ ਰਹੀ ਹੈ । ਇਸ ਵਿੱਚ 80 ਪ੍ਰਤੀਸ਼ਤ ਸਾਡੇ ਵੱਲੋਂ ਲੱਗਣਾ ਹੈ ਅਤੇ 20 ਪ੍ਰਤੀਸ਼ਤ ਮਿਉਂਸਪਲ ਕਮੇਟੀ ਵੱਲੋਂ ਲੱਗਣਾ ਹੈ । ਦੂਸਰੇ ਸਵਾਲ ਬਾਰੇ ਮੈਂ ਇੱਕ ਗੱਲ ਕਰਨੀ ਚਾਹੁੰਦਾ ਹਾਂ ਕਿ ਜੋ ਐਜ਼ ਮਨਿਸਟਰ ਮੈਂ ਕਹਿ ਰਿਹਾ ਹਾਂ, ਉਹ ਠੀਕ ਕਹਿ ਰਿਹਾ ਹਾਂ। ਕੋਈ ਗਲਤ ਜਵਾਬ ਆਪਣੇ ਮਹਿਕਮੇ ਵੱਲੋਂ ਨਹੀਂ ਦਿੱਤਾ ਜਾਂਦਾ । ਮੈਂ ਇਹ ਜ਼ਿੰਮੇਵਾਰੀ ਨਾਲ ਕਹਿ ਰਿਹਾ ਹਾਂ ।

**ਸਰਦਾਰ ਰਣਦੀਪ ਸਿੰਘ ਨਾਭਾ :** ਮੈਂ ਗੁਜ਼ਾਰਿਸ਼ ਕੀਤੀ ਹੈ ਕਿ ਇਹ ਹੁਡਕੋ ਦੀ ਸਕੀਮ ਵਿੱਚ ਹੋ ਰਿਹਾ ਹੈ । ਜਿਹੜਾ ਮਿਉਂਸਪੈਲਿਟੀ ਦਾ ਸ਼ੇਅਰ ਹੈ, ਉਹ ਪੂਰਾ ਪਾਇਆ ਹੋਇਆ ਹੈ । ਜਿਹੜੇ ਮੇਰੇ ਕੋਲ ਕਾਗਜ਼ਾਤ ਹਨ, ਜੇ ਵਜ਼ੀਰ ਸਾਹਿਬ ਇਜਾਜ਼ਤ ਦੇਣ ਤਾਂ ਮੈਂ ਹਾਊਸ ਵਿੱਚ ਪ੍ਰੈਜ਼ੈਂਟ ਕਰ ਦਿੰਦਾ ਹਾਂ । ਮਿਉਂਸਪੈਲਿਟੀ ਆਪਣਾ ਪੂਰਾ ਪੈਸਾ ਦੇ ਚੁੱਕੀ ਹੈ । ਹੁਣ ਇਸ ਨੂੰ ਇਹ ਜਲਦੀ ਤੋਂ ਜਲਦੀ ਕਰਵਾ ਦੇਣ । ਇੰਨੀ ਹੀ ਗੁਜ਼ਾਰਿਸ਼ ਹੈ । ਦੂਜਾ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਅਫਸਰਾਂ ਨੇ ਗਲਤ ਜਵਾਬ ਦਿੱਤਾ ਹੈ, ਉਨ੍ਹਾਂ ਤੇ ਕਾਰਵਾਈ ਕਰਨ ।

**ਮਾਨਯੋਗ ਸਪੀਕਰ :** ਇਸ ਦਾ ਜਵਾਬ ਆ ਗਿਆ ਹੈ । ਤੁਹਾਡੇ ਸਵਾਲ ਦਾ ਜਵਾਬ ਦੇਣ ਦੀ ਲੋੜ ਨਹੀਂ ਹੈ ।

---------

Original with;
Punjab Vidhan Sabha
Digitized by;
Panjab Digital Library

## ਕਿਸ਼ਤੀਆਂ ਚਲਾਉਣ ਵਾਲੇ ਠੇਕੇਦਾਰਾਂ ਦੇ ਨਾਂ

***1467. ਸਰਦਾਰ ਸੁਖਪਾਲ ਸਿੰਘ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਮਾਰਚ, 2002 ਤੋਂ ਮਿਤੀ ਅੰਤ ਤੱਕ ਪਿੰਡ ਕਮਲਵਾਲਾ-324 (ਉਰਫ ਮੁੱਠੀਆਂਵਾਲਾ), ਜ਼ਿਲ੍ਹਾ ਫਿਰੋਜ਼ਪੁਰ ਤੋਂ ਬਲਾਕ ਵਲਟੋਹਾ (ਅੰਮ੍ਰਿਤਸਰ) ਨਾਲ ਜ਼ਿਲ੍ਹਾ ਫਿਰੋਜ਼ਪੁਰ ਨੂੰ ਜੋੜਨ ਲਈ ਸਤਲੁਜ ਦਰਿਆ ਨੂੰ ਪਾਰ ਕਰਨ ਲਈ ਕਿਸ਼ਤੀਆਂ ਚਲਾਉਣ ਲਈ ਬਲਾਕ ਵਲਟੋਹਾ (ਅੰਮ੍ਰਿਤਸਰ) ਦੁਆਰਾ ਨਿਯੁਕਤ ਕੀਤੇ ਗਏ ਠੇਕੇਦਾਰਾਂ ਦੇ ਸਾਲ-ਵਾਰ ਨਾਂ ਕੀ ਹਨ ਅਤੇ ਹਰੇਕ ਠੇਕੇ ਲਈ ਨਿਰਧਾਰਤ ਕੀਤੀਆਂ ਗਈਆਂ ਸ਼ਰਤਾਂ ਦੇ ਵੇਰਵੇ ਕੀ ਹਨ :

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਦਿੱਤੇ ਗਏ ਠੇਕਿਆਂ ਵਜੋਂ ਸਰਕਾਰ ਦੁਆਰਾ ਪ੍ਰਾਪਤ ਕੀਤੇ ਗਏ ਮਾਲੀਏ ਦੇ ਸਾਲਵਾਰ ਵੇਰਵੇ ਕੀ ਹਨ ?

**ਸਰਦਾਰ ਲਾਲ ਸਿੰਘ** : (ੳ) ਪਿੰਡ ਕਮਲਵਾਲਾ 324 ਉਰਫ ਮੁਠੀਆਂਵਾਲਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਦਰਿਆ ਸਤਲੁਜ ਵਿੱਚ ਬੇੜੀ ਚਲਾਉਣ ਸਬੰਧੀ ਪੰਚਾਇਤ ਸੰਮਤੀ ਵਲਟੋਹਾ ਵੱਲੋਂ ਠੇਕੇਦਾਰਾਂ ਨੂੰ ਦਿੱਤੇ ਗਏ ਠੇਕੇ ਦਾ ਸਾਲ 2002 ਤੋਂ ਵੇਰਵਾ ਹੇਠ ਲਿਖੇ ਅਨੁਸਾਰ ਹੈ :-

| ਲੜੀ ਨੰਬਰ | ਸਾਲ | ਠੇਕੇਦਾਰ ਦਾ ਨਾਂ ਅਤੇ ਪਤਾ |
|---|---|---|
| 1. | 2002-03 | ਬੇਅੰਤ ਸਿੰਘ ਪੁੱਤਰ ਹਰਚੰਦ ਸਿੰਘ ਪਿੰਡ ਰਾਮ ਸਿੰਘ ਵਾਲਾ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ |
| 2. | 2003-04 | ਕਰਨੈਲ ਸਿੰਘ ਪੁੱਤਰ ਹਜ਼ਾਰਾ ਸਿੰਘ ਪਿੰਡ ਮੁਠਿਆਂਵਾਲਾ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ |
| 3. | 2004-05 | ਬੇਅੰਤ ਸਿੰਘ ਪੁੱਤਰ ਹਰਚੰਦ ਸਿੰਘ ਪਿੰਡ ਰਾਮ ਸਿੰਘ |
| 4. | 2005-06 | ਅਜੈਬ ਸਿੰਘ ਪੁੱਤਰ ਮਿਰਚੂ ਰਾਮ, ਪਿੰਡ ਵੈੜ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ |

Original with;
Punjab Vidhan Sabha
Digitized by;
Panjab Digital Library

[ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ]
ਨਿਲਾਮੀ ਸਬੰਧੀ ਸ਼ਰਤਾਂ ਹੇਠ ਲਿਖੇ ਅਨੁਸਾਰ ਨਿਰਧਾਰਤ ਕੀਤੀਆਂ ਗਈਆਂ ਹਨ :

1. ਇਹ ਕਿ ਠੇਕੇਦਾਰ ਸਵੇਰੇ 9.00 ਵਜੇ ਤੋਂ ਸ਼ਾਮੀਂ 5.00 ਵਜੇ ਤੱਕ ਬੇੜੀ ਚਲਾਏਗਾ।
2. ਬੇੜੀ ਠੇਕੇਦਾਰ ਦੀ ਆਪਣੀ ਹੋਵੇਗੀ ਅਤੇ ਇਸ ਦੀ ਸੁਰੱਖਿਆ ਸਬੰਧੀ ਸਰਟੀਫਿਕੇਟ ਸਮਰੱਥ ਅਧਿਕਾਰੀ ਤੋਂ ਪ੍ਰਾਪਤ ਹੋਵੇਗਾ ।
3. ਠੇਕੇਦਾਰ ਬੇੜੀ ਵਿੱਚ 10 ਤੋਂ ਵੱਧ ਵਿਅਕਤੀ ਨਹੀਂ ਬਿਠਾਵੇਗਾ ਅਤੇ ਉਨ੍ਹਾਂ ਦੀ ਸੁਰੱਖਿਆ ਸਬੰਧੀ ਜ਼ਿੰਮੇਵਾਰ ਹੋਵੇਗਾ ।
4. ਠੇਕੇਦਾਰ ਇੱਕ ਚੰਗਾ ਤੈਰਾਕ ਮਲਾਹ ਬੇੜੀ ਚਲਾਉਣ ਲਈ ਰੱਖੇਗਾ ।
5. ਠੇਕੇਦਾਰ ਦਰਿਆ ਵਿੱਚ ਪਾਣੀ ਦਾ ਪੱਧਰ ਵਧ ਜਾਣ ਅਤੇ ਤੇਜ਼ ਹਵਾਵਾਂ ਦੌਰਾਨ ਕਿਸ਼ਤੀ ਨਹੀਂ ਚਲਾਏਗਾ ।

(ਅ) ਪੰਚਾਇਤ ਸੰਮਤੀ ਵਲਟੋਹਾ ਨੂੰ ਪੱਤਣ ਬੰਡਾਲਾ ਦੀ ਨਿਲਾਮੀ ਤੋਂ ਪ੍ਰਾਪਤ ਹੋਏ ਮਾਲੀਆ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

| ਲੜੀ ਨੰਬਰ | ਸਾਲ | ਨਿਲਾਮੀ ਦੀ ਰਕਮ |
|---|---|---|
| 1. | 2002-03 | 24,000/- ਰੁਪਏ |
| 2. | 2003-04 | 28,000/- ਰੁਪਏ |
| 3. | 2004-05 | 29,000/- ਰੁਪਏ |
| 4. | 2005-06 | 47,500/- ਰੁਪਏ |

**ਸਰਦਾਰ ਸੁਖਪਾਲ ਸਿੰਘ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਨਿਲਾਮੀ ਸਬੰਧੀ ਸ਼ਰਤਾਂ ਨਿਰਧਾਰਿਤ ਕੀਤੀਆਂ ਗਈਆਂ ਹਨ, ਉਨ੍ਹਾਂ ਦੀ ਉਲੰਘਣਾ ਕਰਦੇ ਹੋਏ 11-7-2005 ਨੂੰ ਬੇੜੀ ਹਾਦਸਾ ਵਾਪਰਿਆ, ਜਿਸ ਵਿੱਚ 12 ਵਿਅੱਕਤੀ ਮਰ ਗਏ ਸੀ । ਕੀ ਉਸ ਹਾਦਸੇ ਦੀ ਇਨਕੁਆਇਰੀ ਹੋਈ ਹੈ ? ਜਿਹੜੇ ਸਬੰਧਤ ਠੇਕੇਦਾਰ ਹਨ, ਕੀ ਉਨ੍ਹਾਂ ਤੇ ਕੋਈ ਕਾਰਵਾਈ ਕੀਤੀ ਗਈ ਹੈ ਕਿ ਨਹੀਂ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਇਹ ਗੱਲ ਠੀਕ ਹੈ ਕਿ 11-7-2005 ਨੂੰ 6.30 ਵਜੇ 12 ਬੰਦੇ ਬੇੜੀ ਵਿੱਚੋਂ ਡੁੱਬ ਕੇ ਮਰ ਗਏ ਸਨ, ਜਿਨ੍ਹਾਂ ਵਿਚੋਂ 10 ਲਾਸ਼ਾਂ ਬਰਾਮਦ ਹੋਈਆਂ ਸਨ ਅਤੇ ਦੋ ਅਜੇ ਲਾਪਤਾ ਹਨ । ਇਸ ਦੀ ਇਨਕੁਆਇਰੀ ਐਸ.ਡੀ.ਐਮ. ਤੋਂ ਕਰਵਾਈ ਗਈ ਸੀ । ਇਨਕੁਆਇਰੀ ਵਿਚ ਜਿਹੜੇ ਦੋਸ਼ੀ ਪਾਏ ਗਏ ਸਨ ਉਨ੍ਹਾਂ ਵਿੱਚ ਗੁਰਪ੍ਰਤਾਪ ਸਿੰਘ ਬੀ.ਡੀ.ਪੀ.ਓ. ਵਲਟੋਹਾ, ਪਵਨਦੀਪ ਸਿੰਘ ਐਸ.ਡੀ.ਓ. ਪੰਚਾਇਤੀ ਰਾਜ, ਮਨਦੀਪ ਸਿੰਘ, ਜੇ.ਈ, ਪੰਚਾਇਤੀ ਰਾਜ ਅਤੇ ਰੇਸ਼ਮ ਸਿੰਘ ਪੰਚਾਇਤ ਸਕੱਤਰ ਹਨ । ਇਨ੍ਹਾਂ ਦਾ ਕਸੂਰ ਸੀ ਔਰ ਇਨ੍ਹਾਂ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ । ਇਸ ਤੋਂ ਇਲਾਵਾ ਸਰਪੰਚ ਨੂੰ ਵੀ ਨੋਟਿਸ ਦਿੱਤਾ ਗਿਆ ਹੈ, ਉਸ ਦੇ ਖਿਲਾਫ਼ ਕਾਰਵਾਈ ਜਾਰੀ ਹੈ ।

**ਸਰਦਾਰ ਸੁਖਪਾਲ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਹੜਾ ਪੱਤਣ ਬੰਡਾਲਾ ਦਾ ਹਿੱਸਾ ਹੈ ਉਹ ਫਿਰੋਜ਼ਪੁਰ ਦੇ ਵਿੱਚ ਪੈਂਦਾ ਹੈ ਜਦ ਕਿ ਵਲਟੋਹਾ ਬਲਾਕ ਇਸ ਦਾ ਠੇਕਾ ਦਿੰਦਾ ਹੈ । ਕੀ ਇਸ ਦੀ ਕੋਈ ਇਨਕੁਆਇਰੀ ਕੀਤੀ ਗਈ ਹੈ ਜਾਂ ਕੋਈ ਚਿੱਠੀ ਹੈ ਜਿਸ ਦੇ ਰਾਹੀਂ ਇਹ ਕਲੀਅਰ ਕੀਤਾ ਗਿਆ ਹੋਵੇ ਕਿ ਹਿੱਸਾ ਫਿਰੋਜ਼ਪੁਰ ਦਾ ਹੋਵੇ ਤੇ ਉਸ ਦੀ ਬੋਲੀ ਵਲਟੋਹਾ ਬਲਾਕ ਵੱਲੋਂ ਕੀਤੀ ਜਾ ਰਹੀ ਹੋਵੇ ?

**ਮਾਨਯੋਗ ਸਪੀਕਰ** : ਇਹ ਕੋਈ ਨਵਾਂ ਸਵਾਲ ਹੈ ?

**ਮੰਤਰੀ** : ਸਪੀਕਰ ਸਾਹਿਬ, ਇਸ ਦਾ ਸਵਾਲ ਨਾਲ ਕੋਈ ਸਬੰਧ ਨਹੀਂ ਹੈ । ਇਹ ਲਿਖ ਕੇ ਦੇ ਦੇਣ ਤਾਂ ਪੜਤਾਲ ਕਰਵਾ ਲਵਾਂਗੇ ।

**ਮਾਨਯੋਗ ਸਪੀਕਰ** : ਠੀਕ ਹੈ ।

**ਸਰਦਾਰ ਸੁਖਪਾਲ ਸਿੰਘ** : ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੇ ਜਵਾਬ ਵਿਚ ਹੀ ਦਰਸਾਇਆ ਹੈ ਕਿ ਪੰਚਾਇਤ ਸੰਮਤੀ ਵਲਟੋਹਾ ਨੂੰ ਪੱਤਣ ਬੰਡਾਲਾ ਦੀ ਨਿਲਾਮੀ ਤੋਂ ਪ੍ਰਾਪਤ ਹੋਏ ਮਾਲੀਆ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ । ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦ ਪੱਤਣ ਬੰਡਾਲਾ ਫਿਰੋਜ਼ਪੁਰ ਦਾ ਹਿੱਸਾ ਹੈ ਤਾਂ ਵਲਟੋਹਾ ਬਲਾਕ ਕਿਸ ਤਰ੍ਹਾਂ ਠੇਕਾ ਲੈ ਰਿਹਾ ਹੈ, ਪੈਸੇ ਕਿਸ ਤਰ੍ਹਾਂ ਲੈ ਰਿਹਾ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਇਹ ਲਿਖ ਕੇ ਦੇ ਦੇਣ ਅਸੀਂ ਇਸ ਦੀ ਪੜਤਾਲ ਕਰਵਾ ਲਵਾਂਗੇ।

**ਮਾਨਯੋਗ ਸਪੀਕਰ :** ਨੈਕਸਟ ਕੁਐਸ਼ਚਨ, ਸਰਦਾਰ ਗੁਰਦੇਵ ਸਿੰਘ ਬਾਦਲ ਜੀ ।

----------

## ਦਰਿਆਈ ਪਾਣੀ ਦੀ ਉਪਲੱਬਧਤਾ/ਲੋੜ

***1392. ਸਰਦਾਰ ਗੁਰਦੇਵ ਸਿੰਘ ਬਾਦਲ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਸਿੰਜਾਈ ਅਤੇ ਹੋਰ ਮੰਤਵਾਂ ਲਈ ਕਿੰਨਾ ਦਰਿਆਈ ਪਾਣੀ ਉਪਲੱਬਧ ਹੈ ਅਤੇ ਇਨ੍ਹਾਂ ਮੰਤਵਾਂ ਲਈ ਕਿੰਨੇ ਪਾਣੀ ਦੀ ਲੋੜ ਹੈ ?

**ਸਰਦਾਰ ਲਾਲ ਸਿੰਘ :** ਰਾਜ ਵਿੱਚ ਸਿੰਚਾਈ ਅਤੇ ਹੋਰ ਮੰਤਵਾਂ ਲਈ ਦਰਿਆਈ ਪਾਣੀ ਦੀ ਕੁੱਲ ਉਪਲੱਬਧਤਾ 14.54 ਐਮ.ਏ.ਐਫ. ਹੈ ।

ਉਪਰੋਕਤ ਮੰਤਵਾਂ ਲਈ ਰਾਜ ਵਿੱਚ ਪਾਣੀ-ਦੀ ਕੁੱਲ ਲੋੜ 50.00 ਐਮ.ਏ.ਐਫ. (ਲਗਭੱਗ) ਹੈ ।

**ਸਰਦਾਰ ਗੁਰਦੇਵ ਸਿੰਘ ਬਾਦਲ :** ਸਪੀਕਰ ਸਾਹਿਬ, ਸਾਡੇ ਸੂਬੇ ਨੂੰ ਇਤਨੀ ਪਾਣੀ ਦੀ ਘਾਟ ਹੈ । ਇਸ ਘਾਟ ਨੂੰ ਪੂਰਾ ਕਰਨ ਵਾਸਤੇ ਸਰਕਾਰ ਕੀ ਉਪਰਾਲਾ ਕਰ ਰਹੀ ਹੈ ?

**ਮੰਤਰੀ :** ਸਪੀਕਰ ਸਾਹਿਬ, ਸਰਕਾਰ ਨੇ ਇਥੇ ਵਾਟਰ ਟਰੀਟੀਜ਼ ਟਰਮੀਨੇਸ਼ਨ ਬਿਲ ਲਿਆਂਦਾ ਹੈ ਉਸ ਦੇ ਨਾਲ ਸਾਨੂੰ ਪਾਣੀ ਮਿਲਦਾ ਹੈ, ਉਸ ਨਾਲ ਸਾਨੂੰ ਵੱਧ ਪ੍ਰੋਟੈਕਸ਼ਨ ਮਿਲੀ ਹੈ। ਇਸ ਦੇ ਉਪਰਾਲੇ ਬਾਰੇ ਇਹ ਸੁਝਾਅ ਦੇ ਦੇਣ ਤਾਂ ਅਸੀਂ ਕਰਨ ਨੂੰ ਤਿਆਰ ਹਾਂ।

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਜੋ ਮੰਤਰੀ ਜੀ ਨੇ ਵਾਟਰ ਟਰੀਟੀਜ਼ ਟਰਮੀਨੇਸ਼ਨ ਬਿਲ ਦਾ ਜ਼ਿਕਰ ਕੀਤਾ ਹੈ। ਮੈਂ ਉਸਦੇ ਸਬੰਧ ਵਿਚ ਸਵਾਲ ਕਰਾਂਗਾ ਕਿ ਜਿਹੜੀ ਐਕਟ ਵਿਚ ਧਾਰਾ 5 ਲਾਗੂ ਕੀਤੀ ਗਈ ਹੈ, ਜਿਸ ਦੇ ਨਾਲ ਇਹ ਗਾਰੰਟੀ ਕੀਤੀ ਗਈ ਹੈ ਕਿ ਹਰਿਆਣਾ ਅਤੇ ਰਾਜਸਥਾਨ ਨੂੰ ਜਿਹੜਾ ਵਰਤੋਂ

Original with;
Punjab Vidhan Sabha
Digitized by;
Panjab Digital Library

ਲਈ ਪਾਣੀ ਉਹ ਲੈ ਰਹੇ ਹਨ, ਉਹ ਜਾਵੇਗਾ। ਕੀ ਇਸ ਦੇ ਨਾਲ ਜਿਹੜਾ ਰਿਪੇਰੀਅਨ ਲਾਅ ਹੈ ਉਹ ਵਾਇਓਲੇਟ ਨਹੀਂ ਹੋਇਆ ? ਜਦੋਂ ਕੇਸ ਸੁਪਰੀਮ ਕੋਰਟ ਵਿੱਚ ਪੈਂਡਿੰਗ ਹੈ ਜਿਸ ਦਿਨ ਬਹਿਸ ਹੋਵੇਗੀ ਤਾਂ ਇਸ ਧਾਰਾ 5 ਨਾਲ ਪੰਜਾਬ ਦੇ ਕੇਸ ਅਤੇ ਪੰਜਾਬ ਦੇ ਕਿਸਾਨਾਂ ਦੇ ਪਾਣੀ ਨੂੰ ਸੱਟ ਨਹੀਂ ਵੱਜੇਗੀ?

**ਮੰਤਰੀ** : ਸਪੀਕਰ ਸਾਹਿਬ, ਜਦੋਂ ਇੱਥੇ ਵਾਟਰ ਟਰੀਟੀਜ਼ ਟਰਮੀਨੇਸ਼ਨ ਬਿੱਲ ਲਿਆਂਦਾ ਗਿਆ ਸੀ ਉਸ ਵੇਲੇ ਇਹ ਸੁੱਤੇ ਰਹੇ, ਉਸ ਵੇਲੇ ਕੋਈ ਖਿਆਲ ਨਹੀ ਆਇਆ, ਉਸ ਵੇਲੇ ਬੋਲੇ ਨਹੀਂ। ਅਸੀਂ ਪੰਜਾਬ ਦੇ ਹਿੱਤਾਂ ਦੀ ਪੂਰੀ ਰਾਖੀ ਕੈਪਟਨ ਅਮਰਿੰਦਰ ਸਿੰਘ ਦੀ ਰਹਿਨੁਮਾਈ ਥੱਲੇ ਕਰ ਰਹੇ ਹਾਂ ਔਰ ਕਰਾਂਗੇ।

**ਸਰਦਾਰ ਗੁਰਦੇਵ ਸਿੰਘ ਬਾਦਲ** : ਸਪੀਕਰ ਸਾਹਿਬ, ਮੰਤਰੀ ਜੀ ਉਲਟੇ ਪੁਲਟੇ ਜਵਾਬ ਦੇ ਰਹੇ ਹਨ ..

**ਮਾਨਯੋਗ ਸਪੀਕਰ** : ਤੁਸੀਂ ਸਵਾਲ ਪੁੱਛੋ ।

**ਸਰਦਾਰ ਗੁਰਦੇਵ ਸਿੰਘ ਬਾਦਲ** : ਸਰਦਾਰ ਦਰਬਾਰਾ ਸਿੰਘ ਦੇ ਉਤੇ ਇੰਦਰਾ ਗਾਂਧੀ ਵੱਲੋਂ ਦਬਾਅ ਪਾ ਕੇ ਕੇਸ ਵਾਪਸ ਕਰਵਾਇਆ ਗਿਆ ਸੀ ਪਰ ਇਹ ਹੁਣ ਕਹਿੰਦੇ ਹਨ ਕਿ ਅਕਾਲੀ ਸੁੱਤੇ ਰਹੇ, ਮੈਂ ਮੰਤਰੀ ਜੀ ਨੂੰ ਬੇਨਤੀ......

**ਮਾਨਯੋਗ ਸਪੀਕਰ** : ਤੁਸੀਂ ਸਵਾਲ ਪੁੱਛੋ, ਬੇਨਤੀ ਨਹੀਂ ਕਰਨੀ।

**ਸਰਦਾਰ ਗੁਰਦੇਵ ਸਿੰਘ ਬਾਦਲ** : ਮੈਂ ਮੰਤਰੀ ਜੀ ਔਰ ਸਰਕਾਰ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਦਰਿਆਵਾਂ ਅਤੇ ਡੈਮਾਂ ਦੇ ਵਿੱਚ ਪਾਣੀ ਕਾਫੀ ਵਧ ਗਿਆ ਹੈ, ਇਸ ਲਈ ਜਿਹੜੇ ਇਲਾਕੇ ਟੇਲਾਂ ਦੇ ਉਤੇ ਪੈਂਦੇ ਹਨ, ਉਨ੍ਹਾਂ ਨੂੰ ਪਾਣੀ ਪਹੁੰਚਾਉਣ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ ?

**ਮਾਨਯੋਗ ਸਪੀਕਰ** : ਇਸ ਦਾ ਜਵਾਬ ਆ ਗਿਆ ਹੈ। ਕੁਝ ਕਹਿਣਾ ਚਾਹੋਗੇ ? ਹਾਂ ਜੀ, ਸਰਦਾਰ ਲਾਲ ਸਿੰਘ ਜੀ।

**ਮੰਤਰੀ** : ਟੇਲਾਂ ਦਾ ਇਸ ਸਵਾਲ ਨਾਲ ਕੀ ਤਾਅਲੁਕ ਹੈ। ਟੇਲਾਂ ਅਸੀਂ ਸਾਫ ਕਰਾਈਆਂ। ਜਿੰਨਾ ਪਾਣੀ ਟੇਲਾਂ ਤੇ ਇਸ ਵਾਰੀ ਗਿਆ ਹੈ, ਇਹ ਫਿਰੋਜ਼ਪੁਰ ਵਾਲਿਆਂ

Original with;
Punjab Vidhan Sabha
Digitized by;
Punjab Digital Library

[ਸਿੰਜਾਈ ਮੰਤਰੀ]
ਨੂੰ ਪੁੱਛੋ। ਉਹ ਹੁਣ ਇਹੀ ਗੱਲ ਕਹਿੰਦੇ ਹਨ ਕਿ ਜਿੰਨਾ ਪਾਣੀ ਇਸ ਵਾਰ ਟੇਲਾਂ ਤੇ ਗਿਆ ਹੈ, ਇੰਨਾ ਪਹਿਲਾਂ ਕਦੇ ਗਿਆ ਨਹੀਂ।

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਮੈਨੂੰ ਬੜਾ ਅਫ਼ਸੋਸ ਹੈ ਕਿ ਬੜਾ ਸਪੱਸ਼ਟ ਸਵਾਲ ਪੁੱਛਿਆ ਸੀ ਪਰ ਮੰਤਰੀ ਜੀ ਨੇ ਉਸ ਦਾ ਜਵਾਬ ਨਹੀਂ ਦਿੱਤਾ।

**ਮਾਨਯੋਗ ਸਪੀਕਰ :** ਤੁਸੀਂ ਅਫ਼ਸੋਸ ਨਾ ਕਰੋ, ਜਵਾਬ ਉਹ ਦੇ ਰਹੇ ਹਨ।

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਅਸੀਂ ਸਵਾਲ ਦਾ ਜਵਾਬ ਮੰਗ ਸਕਦੇ ਹਾਂ ਕਿ ਨਹੀਂ, ਕੀ ਉਸ ਦੀ ਵੀ ਆਗਿਆ ਨਹੀਂ ?

**ਮਾਨਯੋਗ ਸਪੀਕਰ :** ਤੁਸੀਂ ਸਵਾਲ ਕਰੋ ।

**ਕੈਪਟਨ ਕੰਵਲਜੀਤ ਸਿੰਘ :** ਮੇਰਾ ਸਵਾਲ ਉਹੀ ਹੈ ਕਿ ਵਾਟਰ ਟਰੀਟੀਜ਼ ਟਰਮੀਨੇਸ਼ਨ ਐਕਟ ਵਿਚ ਇਨ੍ਹਾਂ ਨੇ ਧਾਰਾ-5 ਲਾਗੂ ਕੀਤੀ ਹੈ , ਸਪੱਸ਼ਟ ਸਵਾਲ ਹੈ ਕਿ ਕੀ ਉਸ ਨਾਲ਼ ਜਿਹੜਾ ਪੰਜਾਬ ਦਾ ਰਿਪੇਰੀਅਨ ਸਟੈਂਡ ਹੈ, ਉਹ ਸੁਪਰੀਮ ਕੋਰਟ ਵਿਚ ਜਦੋਂ ਬਹਿਸ ਹੋਵੇਗੀ, ਕੀ ਉਸ ਨੂੰ ਸੱਟ ਵੱਜੇਗੀ ਕਿ ਨਹੀਂ ?

**ਮਾਨਯੋਗ ਸਪੀਕਰ :** ਬਹਿਸ ਹੋਵੇਗੀ ਤਾਂ ਕੀ ਕਰੋਗੇ , ਇਹ ਪੁੱਛੋ। ਸੱਟ ਵੱਜੇਗੀ ਕਿ ਨਹੀਂ, ਕੁਐਸਚਨ ਤਾਂ ਠੀਕ ਤਰ੍ਹਾਂ ਕਰੋ।

**ਕੈਪਟਨ ਕੰਵਲਜੀਤ ਸਿੰਘ :** ਮੇਰਾ ਕੁਐਸਚਨ ਇਹ ਹੈ ਕਿ ਜਿਹੜੀ ਇਨ੍ਹਾਂ ਨੇ ਗੱਲ ਆਖੀ ਹੈ, ਇਹ ਅਮੈਂਡਮੈਂਟ ਮੁੜ ਕਢਾ ਕੇ ਦੇਖ ਲਓ...

**ਮਾਨਯੋਗ ਸਪੀਕਰ :** ਕੁਐਸਚਨ ਆਵਰ ਨੂੰ ਇਸ ਤਰ੍ਹਾਂ ਨਾ ਲਓ। ਉਹ ਜਵਾਬ ਦੇ ਰਹੇ ਹਨ।

**ਮੰਤਰੀ :** ਪੰਜਾਬ ਦੇ ਪਾਣੀਆਂ ਦੇ ਹਿੱਤਾਂ ਵਾਸਤੇ ਸੁਪਰੀਮ ਕੋਰਟ ਵਿੱਚ ਪੰਜਾਬ ਦੀ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ। ਪੂਰਾ ਧਿਆਨ ਰੱਖੇਗੀ।

Original with;
Punjab Vidhan Sabha
Digitized by;
Panjab Digital Library

ਮਾਨਯੋਗ ਸਪੀਕਰ : ਇਹ ਸੁਪਰੀਮ ਕੋਰਟ ਦੀ ਗੱਲ ਕਰ ਰਹੇ ਹਨ।

ਮੰਤਰੀ : ਉਸ ਦੀ ਗੱਲ ਹੀ ਕਰ ਰਿਹਾ ਹਾਂ। ਉਸ ਵਿਚ ਪੰਜਾਬ ਸਰਕਾਰ ਕੇਸ ਦੀ ਪੂਰੀ ਪੈਰਵੀ ਕਰੇਗੀ।

ਸਰਦਾਰ ਮਨਪ੍ਰੀਤ ਸਿੰਘ ਬਾਦਲ : ਸਪੀਕਰ ਸਾਹਿਬ, ਸਪਲੀਮੈਂਟਰੀ ।

ਮਾਨਯੋਗ ਸਪੀਕਰ : ਸੌਰੀ, ਹਾਲੇ ਤਿੰਨ ਸਵਾਲ ਹੀ ਹੋਏ ਹਨ। ਨੈਕਸਟ ਕੁਐਸਚਨ, ਸਰਦਾਰ ਬਲਬੀਰ ਸਿੰਘ ਮਿਆਣੀ।

----------

**CONSTRUCTION OF RAILWAY OVER BRIDGE ON TANDA- SHRI HARGOBINDPUR ROAD**

***1387. Sardar Balbir Singh Miani :** Will the Public Works (B & R) Minister be pleased to state whether there is any proposal under consideration of the Govt. to construct a Railway Over Bridge on Tanda-Shri Hargobindpur Road; if so, when ?

**Sardar Partap Singh Bajwa :** Yes please. The Railway authorities have sanctioned this R.O.B. and its construction is likely to be taken in hand shortly. Tenders were invited but no bids have been received. B.O.D. shall take decision if the R.O.B. has to be taken up as a state owned project in case of non-receipt of reasonable bids for the road project in B.O.T. as State share is to be taken up by the B.O.D.

ਸਰਦਾਰ ਬਲਬੀਰ ਸਿੰਘ ਮਿਆਣੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਬਹੁਤ ਇੰਪਾਰਟੈਂਟ ਬ੍ਰਿਜ ਹੈ। ਇਸ ਨੂੰ ਇਹ ਕਿੰਨੇ ਸਮੇਂ ਵਿਚ ਕੰਪਲੀਟ ਕਰ ਦੇਣਗੇ। ਜਲਦੀ ਟੈਂਡਰ ਕਾਲ ਕਰਕੇ ਕੀ ਵਿਸ਼ਵਾਸ ਦਿਵਾਉਣਗੇ ਕਿ ਇਸ ਨੂੰ ਕਿੰਨੇ ਸਮੇਂ ਵਿਚ ਕੰਪਲੀਟ ਕਰ ਦੇਣਗੇ ?

ਮੰਤਰੀ : ਮੈਂਬਰ ਸਾਹਿਬ ਨੂੰ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਬਹੁਤ ਇੰਪਾਰਟੈਂਟ ਬ੍ਰਿਜ ਹੈ ਇਹ ਠੀਕ ਕਹਿ ਰਹੇ ਹਨ। ਲੋਕ ਗੁਰਦਾਸਪੁਰ ਵਿਚੋਂ ਹੋ ਕੇ ਅੰਮ੍ਰਿਤਸਰ ਦੇ ਲਈ ਇਸ ਬ੍ਰਿਜ ਦੇ ਜ਼ਰੀਏ, ਫਾਟਕ ਦੇ ਜ਼ਰੀਏ ਜਾਂਦੇ ਹਨ। ਆਮ ਤੌਰ ਤੇ ਫਾਟਕ ਬੰਦ ਹੁੰਦਾ ਹੈ। ਅਸੀਂ ਬਹੁਤ ਕੋਸ਼ਿਸ਼ ਕੀਤੀ ਹੈ ਕਿ ਇਹ ਬੀ.ਓ.ਟੀ. ਵਿਚ ਚਲਾ ਜਾਏ ਪਰ ਟੈਂਡਰ ਨਹੀਂ ਆਏ। ਮੋਸਟ ਪ੍ਰੋਬੇਬਲੀ ਰੀਟੈਂਡਰਿੰਗ ਹੋਵੇਗੀ। ਜੇਕਰ ਨਾ ਹੋਈ ਫੇਰ ਗੌਰਮਿੰਟ ਦੀ ਪ੍ਰੋਪੋਜ਼ਲ ਇਹ ਹੈ ਕਿ ਰੇਲਵੇ ਵਾਲੇ ਆਪਣਾ ਪੈਸਾ ਦੇਣਗੇ ਅਤੇ ਸਟੇਟ ਆਪਣਾ ਸ਼ੇਅਰ ਦੇ ਕੇ ਇਸ ਨੂੰ ਬਣਾਉਣ ਦੀ ਕੋਸ਼ਿਸ਼ ਕਰੇਗੀ। ਜਿਸ ਤਰ੍ਹਾਂ ਇਹ

Original with;
Punjab Vidhan Sabha
Digitized by;
Panjab Digital Library

[ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ) ਮੰਤਰੀ]
ਇਸ ਬ੍ਰਿਜ ਵਾਸਤੇ ਕਾਹਲੇ ਹਨ ਅਸੀਂ ਉਸ ਤੋਂ ਵੀ ਵੱਧ ਕਾਹਲੇ ਹਾਂ। ਸਾਨੂੰ ਵੀ ਇਸ ਫਾਟਕ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਮੈਂ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਜਲਦੀ ਤੋਂ ਜਲਦੀ ਇਸ ਨੂੰ ਬਣਾਉਣ ਦੀ ਕੋਸ਼ਿਸ਼ ਕਰਾਂਗੇ।

**ਸਰਦਾਰ ਬਲਬੀਰ ਸਿੰਘ ਮਿਆਣੀ** : ਸਪਲੀਮੈਂਟਰੀ, ਸਪੀਕਰ ਸਾਹਿਬ। ਮੈਂ ਮੰਤਰੀ ਜੀ ਤੋਂ ਇਹ ਵਿਸ਼ਵਾਸ ਲੈਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਨੂੰ ਮਿਤੀ-ਬੱਧ ਕਰਨਗੇ ?

**ਮਾਨਯੋਗ ਸਪੀਕਰ** : ਉਹ ਜਵਾਬ ਦੇ ਚੁੱਕੇ ਹਨ।

**ਮੰਤਰੀ** : ਮੈਂ ਇਨ੍ਹਾਂ ਨੂੰ ਇਹ ਬੇਨਤੀ ਕੀਤੀ ਹੈ ਕਿ ਜਿੰਨੇ ਕਾਹਲੇ ਇਹ ਹਨ, ਉਸ ਤੋਂ ਵੀ ਵੱਧ ਕਾਹਲੇ ਅਸੀਂ ਹਾਂ। ਇਨ੍ਹਾਂ ਨੇ ਤਾਂ ਟਾਂਡੇ ਤੱਕ ਹੀ ਜਾਣਾ ਹੁੰਦਾ ਹੈ, ਅਸੀਂ ਅੱਗੇ ਟੱਪ ਕੇ ਜਾਣਾ ਹੁੰਦਾ ਹੈ। ਇਸ ਨੂੰ ਟਾਈਮ ਬਾਊਂਡ ਨਹੀਂ ਕੀਤਾ ਜਾ ਸਕਦਾ। ਪਰ ਇਹ 100% ਪ੍ਰੋਪੋਜ਼ਲ ਹੈ ਕਿ ਜਲਦੀ ਤੋਂ ਜਲਦੀ ਬਣਾ ਦਿਆਂਗੇ।

--------

## CONSTRUCTION OF BRIDGE OVER JASSOWAL DRAIN

***1419. Sardar Bhag Singh Malla :** Will the Public works (B&R) Minister be pleased to state the time by which the construction work of bridge over Jassowal Drain falling between Gurudwara Baba Lal Singh and Gurudwara Baba Nand Singh Ji Kannian in Block Sidhwan Bet, District Ludhiana is likely to be started ?

**Sardar Partap Singh Bajwa :** No. There is no such proposal.

**ਸਰਦਾਰ ਭਾਗ ਸਿੰਘ ਮੱਲ੍ਹਾ** : ਸਪੀਕਰ ਸਾਹਿਬ, ਇਹ ਜਿਹੜਾ ਇਲਾਕਾ ਹੈ, ਮੇਰੇ ਇਹ ਰਾਏ ਸਿੱਖਾਂ ਦਾ ਹੈ ਜਿਹੜੇ ਕਿ ਗਰੀਬ ਹਨ। ਇਨ੍ਹਾਂ ਨੂੰ ਜਿੱਥੇ ਪਹਿਲਾਂ 1-2 ਕਿਲੋਮੀਟਰ ਸਫਰ ਕਰਨਾ ਪੈਂਦਾ ਸੀ ਟਰੇਨ ਨਿਕਲਣ ਤੋਂ ਬਾਅਦ ਹੁਣ 20-25 ਕਿਲੋਮੀਟਰ ਕਰਨਾ ਪੈਂਦਾ ਹੈ । ਦੂਸਰੀ ਗੱਲ ਇਹ ਹੈ ਕਿ ਉਨ੍ਹਾਂ ਦੀਆਂ ਜ਼ਮੀਨਾਂ ਦੀ ਦੇਖਭਾਲ ਲਈ ਉਹ ਟਰੇਨ ਕਰਾਸ ਕਰਦੇ ਹਨ, ਅਤੇ ਉਥੇ ਪਾਣੀ ਵਿਚ ਡੁੱਬਣ ਕਾਰਨ ਕਈ ਮੌਤਾਂ ਹੋ ਚੁੱਕੀਆਂ ਹਨ, ਕੀ ਮਨਿਸਟਰ ਸਾਹਿਬ ਇਸ ਇਲਾਕੇ ਦੀ ਸਿਚੂਏਸ਼ਨ ਨੂੰ ਦੇਖਦੇ ਹੋਏ ਇਸ ਗੱਲ ਵੱਲ ਕੋਈ ਧਿਆਨ ਦੇਣਗੇ ?

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਹਾਂ ਜੀ, ਸਿਚੂਏਸ਼ਨ ਦੇਖਦੇ ਹੋਏ ਕੁਝ ਕਰੋਗੇ ?

**ਮੰਤਰੀ** : ਸਰ, ਇਨ੍ਹਾਂ ਦੇ ਹੁਕਮ ਅਨੁਸਾਰ ਧਿਆਨ ਸੌ ਫੀਸਦੀ ਦੇਵਾਂਗੇ । ਜੱਸੋਵਾਲ ਡਰੇਨ ਦੇ ਉਪਰ ਜੋ ਪੁਲ ਬਣਨਾ ਹੈ, ਉਹ ਅਸਲ ਵਿਚ ਇਰੀਗੇਸ਼ਨ ਡਿਪਾਰਮੈਂਟ ਦੇ ਅਧੀਨ ਆਉਂਦਾ ਹੈ । ਇਸ ਲਈ ਇਹ ਪੁਲ ਇਰੀਗੇਸ਼ਨ ਡਿਪਾਰਮੈਂਟ ਨੇ ਬਣਾਉਣਾ ਹੈ ਕਿਉਂਕਿ ਅਗਲੇ ਪਾਸੇ ਜ਼ਮੀਨ ਪ੍ਰਾਈਵੇਟ ਹੈ । ਇਹ ਪੀ.ਡਬਲਿਊ.ਡੀ.ਦੇ ਅੰਦਰ ਨਹੀਂ ਆਉਂਦਾ ।

---------

**ਮੋਹਾਲੀ ਵਿਖੇ ਐਚ.ਐਮ. ਕੈਟਾਗਰੀ ਦੇ ਮਕਾਨਾਂ ਵਿੱਚ ਸੁਧਾਰ**

***1494. ਸਰਦਾਰ ਗੁਰਬਿੰਦਰ ਸਿੰਘ ਅਟਵਾਲ** : ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਸਰਕਾਰ/ਪੁੱਡਾ ਨੇ ਐਸ.ਏ.ਐਸ. ਨਗਰ, ਮੋਹਾਲੀ ਵਿਖੇ ਐਚ.ਐਮ. ਕੈਟਾਗਰੀ ਦੇ ਬਣੇ ਹੋਏ ਮਕਾਨਾਂ ਦਾ ਵਿਕਾਸ ਕਰਨ ਲਈ ਸਾਲ 2000 ਵਿਚ "ਜ਼ਰੂਰਤ ਅਧਾਰਿਤ ਸੁਝਾਅ" ਮੰਗੇ ਸਨ; ਜੇਕਰ ਅਜਿਹਾ ਹੋਵੇ, ਤਾਂ ਕੀ ਇਨ੍ਹਾਂ ਸੁਝਾਵਾਂ ਦਾ ਨਿਰੀਖਣ ਕਰਨ ਲਈ ਕੋਈ ਕਮੇਟੀ ਗਠਿਤ ਕੀਤੀ ਗਈ ਸੀ ;

(ਅ) ਜੇਕਰ ਉਪਰੋਕਤ ਭਾਗ(ੳ) ਦਾ ਉੱਤਰ ਹਾਂ ਵਿੱਚ ਹੋਵੇ, ਤਾਂ ਕੀ ਉਕਤ ਕਮੇਟੀ ਨੇ ਆਪਣੀ ਰਿਪੋਰਟ ਪੇਸ਼ ਕਰ ਦਿੱਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਤੇ ਕੀ ਕਾਰਵਾਈ ਕੀਤੀ ਗਈ ਹੈ ?

**ਸਰਦਾਰ ਲਾਲ ਸਿੰਘ** (ਦਿਹਾਤੀ ਵਿਕਾਸ ਤੇ ਪੰਚਾਇਤਾਂ ਅਤੇ ਸਿੰਜਾਈ ਅਤੇ ਬਿਜਲੀ ਮੰਤਰੀ) : (ੳ) ਹਾਂ ਜੀ, ਸ਼੍ਰੀਮਾਨ ਜੀ । ਵੱਖ-ਵੱਖ ਕੁਆਟਰਜ਼ ਤੋਂ ਪ੍ਰਾਪਤ ਹੋਏ ਸੁਝਾਵਾਂ ਨੂੰ ਘੋਖਣ ਉਪਰੰਤ ਰਿਪੋਰਟ ਪੇਸ਼ ਕਰਨ ਲਈ ਐਡਵਾਈਜ਼ਰ (ਤਕਨੀਕੀ) ਦੀ ਰਹਿਨੁਮਾਈ ਹੇਠ ਕਮੇਟੀ ਦਾ ਗਠਨ ਕੀਤਾ ਗਿਆ ।

(ਅ) ਇਸ ਕਮੇਟੀ ਨੇ ਪ੍ਰਾਪਤ ਹੋਏ ਸੁਝਾਵਾਂ ਨੂੰ ਗਹਿਰਾਈ ਨਾਲ ਪੜ੍ਹਨ ਉਪਰੰਤ ਆਪਣੀ ਰਿਪੋਰਟ ਪੇਸ਼ ਕੀਤੀ ਹੈ ਜੋ ਕਿ ਘੋਖੀ ਜਾ ਰਹੀ ਹੈ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਬਿੰਦਰ ਸਿੰਘ ਅਟਵਾਲ :** ਮਾਨਯੋਗ ਸਪੀਕਰ ਸਾਹਿਬ, ਸੁਝਾਅ ਪ੍ਰਾਪਤ ਹੋਏ ਨੂੰ ਚਾਰ ਮਹੀਨੇ ਤੋਂ ਜ਼ਿਆਦਾ ਦਾ ਸਮਾਂ ਹੋ ਗਿਆ ਹੈ ਔਰ ਇਨ੍ਹਾਂ ਨੇ ਦੱਸਿਆ ਹੈ ਕਿ ਕਮੇਟੀ ਨੇ ਪ੍ਰਾਪਤ ਹੋਏ ਸੁਝਾਵਾਂ ਨੂੰ ਗਹਿਰਾਈ ਨਾਲ ਪੜ੍ਹਨ ਉਪਰੰਤ ਆਪਣੀ ਰਿਪੋਰਟ ਪੇਸ਼ ਕੀਤੀ ਹੈ ਜੋ ਕਿ ਘੋਖੀ ਜਾ ਰਹੀ ਹੈ । ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਸ ਰਿਪੋਰਟ ਨੂੰ ਬਾਹਲੀ ਗਹਿਰਾਈ ਨਾਲ ਘੋਖਣ ਲਈ ਮਹਿਕਮਾ ਹੋਰ ਕਿੰਨਾ ਕੁ ਟਾਈਮ ਲਵੇਗਾ ?

**ਮੰਤਰੀ. :** ਸਪੀਕਰ ਸਾਹਿਬ, ਜਿਹੜੀ ਮਿਤੀ 30.5.2005 ਨੂੰ ਸਲਾਹਕਾਰ ਕਮੇਟੀ ਦੇ ਐਡਵਾਈਜ਼ਰ ਦੀ ਪ੍ਰਧਾਨਗੀ ਥੱਲੇ ਕਮੇਟੀ ਬਣਾਈ ਗਈ ਸੀ, ਉਸ ਨੇ ਤਕਰੀਬਨ ਆਪਣੀ ਸਾਰੀ ਰਿਪੋਰਟ ਤਿਆਰ ਕਰ ਲਈ ਹੈ । ਸਾਰਾ ਮਾਮਲਾ ਪੁੱਡਾ ਅਥਾਰਟੀ ਕੋਲ ਜਾਵੇਗਾ। ਮੈਂ ਇਨ੍ਹਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਦੋ ਮਹੀਨੇ ਦੇ ਅੰਦਰ-ਅੰਦਰ ਸਾਰੀਆਂ ਰਿਕੁਮੈਂਡੇਸ਼ਨਜ਼ ਲਾਗੂ ਕਰ ਦਿੱਤੀਆਂ ਜਾਣਗੀਆਂ ।

**Sardar Gurbinder Singh Atwal :** Thank you, Sir.

---------------

## ਨਵਾਂ ਸ਼ਹਿਰ ਜ਼ਿਲ੍ਹੇ ਦੇ ਪਿੰਡਾਂ ਵਿਚ ਵਾਟਰ ਵਰਕਸ ਦੀ ਉਸਾਰੀ

***1365. ਸ਼੍ਰੀ ਤਰਲੋਚਨ ਸਿੰਘ :** ਕੀ ਜਨ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਨਵਾਂ ਸ਼ਹਿਰ ਵਿਚ ਪਿੰਡਾਂ ਪੱਦੀ-ਮੱਠਵਾਲੀ-ਗੋਬਿੰਦਪੁਰ,ਨੂਰਪੁਰ-ਕਟ ਵਿਖੇ ਵਾਟਰ ਵਰਕਸ ਦੀ ਉਸਾਰੀ ਵਿਚ ਦੇਰੀ ਕਰਨ ਦੇ ਕਾਰਣ ਕੀ ਹਨ ਅਤੇ ਇਸ ਨੂੰ ਜਲਦੀ ਮੁਕੰਮਲ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ ?

**ਸ਼੍ਰੀ ਅਵਤਾਰ ਹੈਨਰੀ :** ਐਕਸੀਲੀਰੇਟਿਡ ਰੂਰਲ ਵਾਟਰ ਸਪਲਾਈ ਪ੍ਰੋਗਰਾਮ (ਏ.ਆਰ.ਡਬਲਯੂ.ਐਸ.ਪੀ) ਮੱਦ ਅਧੀਨ ਪਿੰਡ ਪੱਦੀ ਮੱਠਵਾਲੀ-ਗੋਬਿੰਦਪੁਰ ਵਿਖੇ ਵਾਟਰ ਵਰਕਸ ਦੀ ਉਸਾਰੀ ਦਾ ਕੰਮ ਪਿੰਡ ਦੀ ਪੰਚਾਇਤ ਅਤੇ ਉਸੇ ਪਿੰਡ ਦੇ ਇਕ ਵਾਸੀ ਵਿਚਕਾਰ ਵਾਟਰ ਵਰਕਸ ਦੀ ਜ਼ਮੀਨ ਦੀ ਮਲਕੀਅਤ ਦੇ ਝਗੜੇ ਕਰਕੇ ਰੁਕਿਆ ਪਿਆ ਹੈ । ਇਹ ਝਗੜਾ ਹੱਲ ਕਰਵਾਉਣ ਲਈ ਵਿਭਾਗ ਵੱਲੋਂ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੂੰ ਪਹੁੰਚ ਕੀਤੀ ਜਾ ਰਹੀ ਹੈ ।

Original with;
Punjab Vidhan Sabha
Digitized by;
Panjab Digital Library

ਮੀਨੀਮਮ ਨੀਡਜ਼ ਪ੍ਰੋਗਰਾਮ (ਐਮ.ਐਨ.ਪੀ.) ਮੱਦ ਅਧੀਨ ਪਿੰਡ ਨੂਰਪੁਰ-ਕੱਟ ਵਿਖੇ ਵਾਟਰ ਵਰਕਸ ਦੀ ਉਸਾਰੀ ਦਾ ਕੰਮ ਜ਼ਿਲ੍ਹਾ ਯੋਜਨਾ ਬੋਰਡ, ਨਵਾਂਸ਼ਹਿਰ ਕੋਲੋਂ ਬਾਕੀ ਰਹਿੰਦੇ 16.24 ਲੱਖ ਰੁਪਏ ਦੇ ਫੰਡ ਮਹੀਨਾ 11/2000 ਤੋਂ ਨਾ ਮਿਲਣ ਕਰਕੇ ਰੁਕਿਆ ਪਿਆ ਹੈ । ਫੰਡਜ਼ ਰਿਲੀਜ਼ ਕਰਵਾਉਣ ਲਈ ਯਤਨ ਕੀਤੇ ਜਾ ਰਹੇ ਹਨ ।

**ਸ਼੍ਰੀ ਤਰਲੋਚਨ ਸਿੰਘ :** ਸਪੀਕਰ ਸਾਹਿਬ, ਸਪਲੀਮੈਂਟਰੀ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਜਾਣਨਾ ਚਾਹਾਂਗਾ ਕਿ ਇਹ ਜਿਹੜੇ ਦੋ ਵਾਟਰ ਵਰਕਸ ਹਨ, ਇਹ ਕਿਹੜੇ ਸਾਲ ਦੇ ਵਿਚ ਸ਼ੁਰੂ ਹੋਏ ਸੀ ? ਔਰ ਕਿੰਨਾ-ਕਿੰਨਾ ਰੁਪਿਆ ਇਨ੍ਹਾਂ ਦੋਵਾਂ ਵਾਟਰ ਵਰਕਸ ਤੇ ਹੁਣ ਤੱਕ ਖ਼ਰਚ ਹੋ ਚੁੱਕਾ ਹੈ?

**ਮੰਤਰੀ :** ਸਪੀਕਰ ਸਾਹਿਬ, ਇਹ ਜਿਹੜੇ ਦੋਵੇਂ ਪਿੰਡ ਹਨ, ਇਨ੍ਹਾਂ ਬਾਰੇ ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਪਹਿਲਾ ਵਾਟਰ ਵਰਕਸ ਹੈ, ਉਸ ਦਾ ਉਥੇ ਜ਼ਮੀਨ ਦਾ ਝਗੜਾ ਹੋਣ ਕਰਕੇ ਕੰਮ ਰੁਕਿਆ ਹੋਇਆ ਹੈ । ਕਿਉਂਕਿ ਇੱਕ ਪ੍ਰਾਈਵੇਟ ਬੰਦਾ ਕਹਿੰਦਾ ਹੈ ਕਿ ਇਹ ਮੇਰੀ ਜ਼ਮੀਨ ਹੈ ਅਤੇ ਪੰਚਾਇਤ ਕਹਿੰਦੀ ਹੈ ਕਿ ਸਾਡੀ ਜ਼ਮੀਨ ਹੈ। ਇਸੇ ਝਗੜੇ ਕਰਕੇ ਹੀ ਕੰਮ ਬੰਦ ਪਿਆ ਹੈ। ਹੁਣ ਉਥੇ ਸਹਿਮਤੀ ਪ੍ਰਗਟ ਹੋ ਗਈ ਹੈ । ਅਸੀਂ ਡਵੀਜ਼ਨਲ ਡਿਪਟੀ ਡਾਇਰੈਕਟਰ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਜਲੰਧਰ ਪਾਸ ਕੇਸ ਭੇਜਿਆ ਹੈ । ਇਸ ਦੀ ਮਨਜ਼ੂਰੀ ਸੈਕਟਰੀ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਤੋਂ ਕਰਵਾਈ ਜਾਣੀ ਹੈ । ਜਿਸ ਦਿਨ ਇਹ ਜਾਰੀ ਹੋ ਜਾਣੀ ਹੈ ਤਾਂ ਵਿਦਇਨ 6 ਮੰਥਜ਼ ਇਸ ਨੂੰ ਕੰਪਲੀਟ ਕਰ ਦੇਵਾਂਗੇ ਕਿਉਂਕਿ ਇਸ ਦਾ ਪੈਸਾ ਸਾਡੇ ਕੋਲ ਹੈ । ਦੂਸਰਾ........

**ਸ਼੍ਰੀ ਤਰਲੋਚਨ ਸਿੰਘ :** ਸਪਲੀਮੈਂਟਰੀ ਸਰ ।

**ਮਾਨਯੋਗ ਸਪੀਕਰ :** ਉਹ ਅਜੇ ਜਵਾਬ ਦੇ ਰਹੇ ਹਨ ।

**ਮੰਤਰੀ :** ਦੂਸਰੇ ਵਾਟਰ ਵਰਕਸ ਤੇ ਜੋ 16 ਲੱਖ 20 ਹਜ਼ਾਰ ਰੁਪਿਆ ਲੱਗਣਾ ਹੈ, ਮੈਂ ਇਸ ਬਾਰੇ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਅਗਰ ਪੈਸਾ ਯੋਜਨਾ ਬੋਰਡ ਕੋਲੋਂ ਨਾ ਮਿਲਿਆ ਤਾਂ ਨਾਬਾਰਡ ਪ੍ਰੋਗਰਾਮ ਦੇ ਵਿਚ ਇਸ ਨੂੰ ਪਾ ਕੇ, ਮਨਜ਼ੂਰ ਕਰਵਾ ਕੇ 4-5 ਮਹੀਨਿਆਂ ਦੇ ਵਿਚ ਇਸ ਨੂੰ ਕੰਪਲੀਟ ਕਰ ਦੇਵਾਂਗੇ ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਮੈਂ ਜੋ ਸਵਾਲ ਇਨ੍ਹਾਂ ਤੋਂ ਪੁੱਛਿਆ ਸੀ, ਉਸ ਦਾ ਜਵਾਬ ਨਹੀਂ ਆਇਆ । ਮੈਂ ਪੁੱਛਿਆ ਸੀ ਕਿ ਕਿਹੜੇ ਸਾਲ ਦੇ ਵਿਚ ਇਹ ਵਾਟਰ ਵਰਕਸ ਆਰੰਭੇ ਗਏ ਸਨ ਔਰ ਹੁਣ ਤੱਕ ਕਿੰਨਾ-ਕਿੰਨਾ ਪੈਸਾ ਇਨ੍ਹਾਂ ਤੇ ਖ਼ਰਚ ਹੋ ਚੁੱਕਾ ਹੈ । ਮੇਰਾ ਤਾਂ ਇਹ ਸਵਾਲ ਸੀ ।

**ਮੰਤਰੀ** : ਸਪੀਕਰ ਸਾਹਿਬ, ਇੱਕ ਦਾ ਕੰਮ 70% ਤੱਕ ਹੋ ਗਿਆ ਹੈ ਅਤੇ ਦੂਜੇ ਦਾ 65% ਤੱਕ ਕੰਮ ਹੋ ਗਿਆ ਹੈ.......

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਮੈ ਤਾਂ ਇਹ ਪੁੱਛਣਾ ਚਾਹੁੰਦਾ ਹਾਂ........

**ਮਾਨਯੋਗ ਸਪੀਕਰ** : ਇੰਨੇ ਕਾਹਲੇ ਨਾ ਪਓ । ਉਹ ਅਜੇ ਜਵਾਬ ਦੇ ਰਹੇ ਹਨ । ਉਹ ਜਵਾਬ ਦੇਣ ਲਈ ਹੀ ਖੜ੍ਹੇ ਹੋਏ ਹਨ ।

**ਮੰਤਰੀ** : ਇਹ ਕੰਮ ਸਾਲ 1999 ਅਤੇ 2000 ਦੇ ਵਿਚ ਸ਼ੁਰੂ ਹੋਏ ਹਨ । ਮੈਂ ਮੰਨਦਾ ਹਾਂ ਕਿ ਅਸੀਂ ਥੋੜ੍ਹੇ ਲੇਟ ਹੋ ਗਏ ਹਾਂ । ਇਸ ਸਮੇਂ ਵਿਚ ਇੱਕ ਸਰਕਾਰ ਚਲੀ ਗਈ ਅਤੇ ਦੂਜੀ ਸਰਕਾਰ ਆ ਗਈ । ਪੈਸਾ ਸਾਡੇ ਕੋਲ ਪਿਆ ਹੈ । ਮੈਂ ਯਕੀਨ ਦਿਵਾਉਂਦਾ ਹਾਂ ਕਿ ਜਿਸ ਦਿਨ ਇਸ ਸਬੰਧ ਵਿਚ ਸੈਕਟਰੀ ਰੂਰਲ ਡਿਵੈਲਪਮੈਂਟ ਐਂਡ ਪੰਚਾਇਤ ਵਿਭਾਗ ਤੋਂ ਇਜਾਜ਼ਤ ਮਿਲ ਗਈ, ਵਿਦ ਇਨ 6 ਮੰਥਜ਼ ਇਸ ਨੂੰ ਤਿਆਰ ਕਰਕੇ ਚਾਲੂ ਕਰ ਦਿੱਤਾ ਜਾਵੇਗਾ । ਦੂਸਰੇ ਬਾਰੇ ਇਸ ਤਰ੍ਹਾਂ ਹੈ ਕਿ ਜੇ ਪੈਸੇ ਪਲਾਨਿੰਗ ਬੋਰਡ ਵਲੋਂ ਨਾ ਵੀ ਮਿਲੇ ਤਾਂ ਨਾਬਾਰਡ ਵਲੋਂ ਪੈਸਾ ਦੇ ਦਿੱਤਾ ਜਾਵੇਗਾ ।

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਇਸ ਨੂੰ ਟਾਈਮ ਬਾਊਂਡ ਕਰਨ ਲਈ ਤਿਆਰ ਹਨ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਪਹਿਲੇ ਹੀ ਕਿਹਾ ਹੈ ਕਿ ਅਸੀਂ ਪਹਿਲੇ ਪਿੰਡ ਵਿਚ ਮਨਜ਼ੂਰੀ ਮਿਲਣ ਤੋਂ ਬਾਅਦ 6 ਮਹੀਨਿਆਂ ਦੇ ਵਿਚ ਕੰਮ ਕਰ ਲਵਾਂਗੇ ਅਤੇ ਦੂਜੇ ਪਿੰਡ ਵਿਚ ਜੇਕਰ ਪਲੈਨਿੰਗ ਬੋਰਡ ਰਾਹੀਂ ਨਾ ਹੋ ਸਕਿਆ ਤਾਂ ਅਸੀਂ ਨਾਬਾਰਡ ਤੋਂ 6 ਮਹੀਨਿਆਂ ਦੇ ਵਿਚ ਕਰਵਾ ਲਵਾਂਗੇ ।

--------

Original with;
Punjab Vidhan Sabha
Digitized by;
Panjab Digital Library

## ਸਹਾਇਤਾ ਪ੍ਰਾਪਤ ਸਕੂਲਾਂ ਦੇ ਅਮਲੇ ਲਈ ਪੈਨਸ਼ਨ ਸਕੀਮ ਨੂੰ ਮੁੜ ਸ਼ੁਰੂ ਕਰਨਾ

*1386. **ਸਰਦਾਰ ਬਲਬੀਰ ਸਿੰਘ ਮਿਆਣੀ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਸਹਾਇਤਾ ਪ੍ਰਾਪਤ ਸਕੂਲਾਂ ਦੇ ਅਮਲੇ ਲਈ ਪੈਨਸ਼ਨ ਸਕੀਮ, ਜੋ 31.5.2003 ਨੂੰ ਬੰਦ ਕਰ ਦਿੱਤੀ ਗਈ ਸੀ, ਨੂੰ ਮੁੜ ਸ਼ੁਰੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ? ਜੇਕਰ ਅਜਿਹਾ ਹੋਵੇ, ਤਾਂ ਉਕਤ ਸਕੀਮ ਨੂੰ ਕਦੋਂ ਤੱਕ ਮੁੜ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ਼੍ਰੀ ਹਰਨਾਮ ਦਾਸ ਜੌਹਰ** : ਨਹੀਂ ਜੀ, ਫਿਰ ਵੀ ਨਵੀਂ ਕੰਟਰੀਬਿਊਟਰੀ ਪੈਨਸ਼ਨ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ । ਇਸ ਨੂੰ ਬਹੁਤ ਜਲਦੀ ਅੰਤਿਮ ਰੂਪ ਦੇਣ ਦੇ ਯਤਨ ਕੀਤੇ ਜਾ ਰਹੇ ਹਨ ।

**ਸਰਦਾਰ ਬਲਬੀਰ ਸਿੰਘ ਮਿਆਣੀ** : ਸਪੀਕਰ ਸਾਹਿਬ, ਮੈਂ ਸਿੱਖਿਆ ਮੰਤਰੀ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ 31/5/03 ਨੂੰ ਟੀਚਰਜ਼ ਦੀ ਪੈਨਸ਼ਨ ਬੰਦ ਕਰ ਦਿੱਤੀ ਗਈ ਸੀ ਅਤੇ ਇਹ ਪੈਨਸ਼ਨ 464 ਏਡਿਡ ਸਕੂਲਾਂ ਦੇ ਟੀਚਰਜ਼ ਨਾਲ ਸਬੰਧ ਰੱਖਦੀ ਹੈ ਅਤੇ ਇਸ ਦੇ ਵਿਚ 10 ਹਜ਼ਾਰ ਟੀਚਰਜ਼ ਕੰਮ ਕਰਦੇ ਹਨ । ਇਹ ਟੀਚਰਜ਼ ਹਾਈ ਕੋਰਟ ਵਿਚ ਗਏ ਸਨ ਅਤੇ ਹਾਈ ਕੋਰਟ ਦਾ ਹੁਣ ਫੈਸਲਾ 27/9/05 ਨੂੰ ਇਨ੍ਹਾਂ ਟੀਚਰਜ਼ ਦੇ ਹੱਕ ਵਿਚ ਆ ਗਿਆ ਹੈ। ਕੀ ਸਰਕਾਰ ਹਾਈ ਕੋਰਟ ਦੇ ਇਸ ਫੈਸਲੇ ਨੂੰ ਲਾਗੂ ਕਰੇਗੀ?

**ਮੰਤਰੀ** : ਸਪੀਕਰ ਸਾਹਿਬ, ਇਸ ਫੈਸਲੇ ਦੀ ਕਾਪੀ ਮੇਰੇ ਕੋਲ ਹਾਲੇ ਆਈ ਨਹੀਂ ਹੈ।

**ਸਰਦਾਰ ਬਲਬੀਰ ਸਿੰਘ ਮਿਆਣੀ** : ਸਪੀਕਰ ਸਾਹਿਬ, ਹਾਈ ਕੋਰਟ ਦੇ ਫੈਸਲੇ ਅਨੁਸਾਰ ਇਸ ਫੈਸਲੇ ਨੂੰ ਲਾਗੂ ਕਰਨ ਲਈ ਸਰਕਾਰ ਨੂੰ 2 ਮਹੀਨੇ ਦਾ ਸਮਾਂ ਦਿੱਤਾ ਗਿਆ ਹੈ। ਕੀ ਇਸ ਫੈਸਲੇ ਨੂੰ ਜਲਦੀ ਤੋਂ ਜਲਦੀ ਲਾਗੂ ਕਰ ਦੇਣਗੇ ?

**ਮੰਤਰੀ**: ਸਪੀਕਰ ਸਾਹਿਬ, ਇਹ ਦੱਸਣ ਕਿ ਹਾਈ ਕੋਰਟ ਦਾ ਫੈਸਲਾ ਕਦੋਂ ਆਇਆ ਹੈ ਇਸ ਫੈਸਲੇ ਦੀ ਕਾਪੀ ਮੇਰੇ ਕੋਲ ਹਾਲੇ ਤੱਕ ਨਹੀਂ ਆਈ ਹੈ ਅਤੇ ਨਾ ਮੈਂ ਇਸ ਫੈਸਲੇ ਨੂੰ ਹਾਲੇ ਪੜ੍ਹਿਆ ਹੈ। ਇਸ ਫੈਸਲੇ ਨੂੰ ਪੜ੍ਹਨ ਤੋਂ ਬਾਅਦ ਹੀ ਮੈਂ ਕੁਝ ਦੱਸ ਸਕਦਾ ਹਾਂ। ਸਰਕਾਰੀ ਕੰਮ ਸਰਕਾਰੀ ਤੌਰ ਤੇ ਹੁੰਦੇ ਹਨ। ਬਿਨਾਂ ਫੈਸਲੇ ਦੀ ਕਾਪੀ ਤੋਂ ਕੁਝ ਨਹੀਂ ਹੋ ਸਕਦਾ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਤਿਕਸ਼ਨ ਸੂਦ:** ਸਪੀਕਰ ਸਾਹਿਬ, ਇਸ ਹਾਈ ਕੋਰਟ ਦੇ ਫੈਸਲੇ ਮੁਤਾਬਿਕ 14 ਹਜ਼ਾਰ ਟੀਚਰਜ਼ ਦੀ ਜਿੰਦਗੀ ਅਤੇ ਮੌਤ ਦਾ ਸਵਾਲ ਹੈ ਅਤੇ ਇਨ੍ਹਾਂ ਸਕੂਲਾਂ ਦੇ ਵਿਚ ਸਾਢੇ ਚਾਰ ਲੱਖ ਬੱਚੇ ਪੜ੍ਹ ਰਹੇ ਹਨ। ਅੱਜ ਮਾਸਟਰ ਮੋਹਣ ਲਾਲ ਸਾਬਕਾ ਵਿਦਿਆ ਮੰਤਰੀ, ਚੰਡੀਗੜ੍ਹ ਦੇ ਮਟਕਾ ਚੌਕ ਵਿਚ ਇਨ੍ਹਾਂ ਟੀਚਰਜ਼ ਦੀ ਹਮਾਇਤ ਲਈ ਧਰਨਾ ਦੇ ਰਹੇ ਹਨ ਪਰ ਸਰਕਾਰ ਨੂੰ ਇਨ੍ਹਾਂ ਟੀਚਰਜ਼ ਸਬੰਧੀ ਕੋਈ ਫਿਕਰ ਨਹੀਂ ਹੈ। ਇਹ ਟੀਚਰਜ਼ ਜਿਨ੍ਹਾਂ ਨੇ ਇਸ ਦੇਸ਼ ਦਾ ਭਵਿੱਖ ਬਣਾਉਣਾ ਹੈ, ਉਨ੍ਹਾਂ ਦੀ ਪੈਨਸ਼ਨ ਸਰਕਾਰ ਨੇ 31/5/03 ਨੂੰ ਬੰਦ ਕਰ ਦਿੱਤੀ ਸੀ। ਕੀ ਸਰਕਾਰ ਹੁਣ ਹਾਈ ਕੋਰਟ ਦੇ ਫੈਸਲੇ ਨੂੰ 2 ਮਹੀਨਿਆਂ ਦੇ ਵਿਚ ਲਾਗੂ ਕਰ ਦੇਵੇਗੀ?

**ਮੰਤਰੀ:** ਸਪੀਕਰ ਸਾਹਿਬ, ਪਤਾ ਨਹੀਂ ਇਨ੍ਹਾਂ ਨੂੰ ਮੇਰੀ ਗੱਲ ਸਮਝ ਕਿਉਂ ਨਹੀਂ ਆਉਂਦੀ। ਜਦੋਂ ਹਾਈ ਕੋਰਟ ਦੇ ਫੈਸਲੇ ਦੀ ਕਾਪੀ ਮੇਰੇ ਕੋਲ ਆ ਜਾਵੇਗੀ ਅਤੇ ਉਸ ਨੂੰ ਪੜ੍ਹਨ ਤੋਂ ਬਾਅਦ ਸਟੱਡੀ ਕਰਕੇ ਉਸ ਨੂੰ ਲਾਗੂ ਕਰਨ ਬਾਰੇ ਵਿਚਾਰ ਕਰ ਲਵਾਂਗੇ ।

**ਸਰਦਾਰ ਤੋਤਾ ਸਿੰਘ :** ਸਪੀਕਰ ਸਾਹਿਬ, ਇਹ ਤਕਰੀਬਨ 450 ਸਕੂਲਜ਼ ਹਨ ਜਿਥੇ ਸਾਢੇ ਚਾਰ ਲੱਖ ਬੱਚੇ ਇਨ੍ਹਾਂ ਸਕੂਲਾਂ ਦੇ ਵਿਚ ਪੜ੍ਹ ਰਹੇ ਹਨ ਅਤੇ ਇਹ ਟੀਚਰਜ਼ 2-3 ਸਾਲ ਤੋਂ ਧਰਨੇ ਲਗਾ ਰਹੇ ਹਨ। 2001 ਵਿਚ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਇਸ ਸਕੀਮ ਨੂੰ ਲਾਗੂ ਕੀਤਾ ਸੀ, ਜਿਸ ਨੂੰ 2003 ਵਿਚ ਤੁਸੀਂ ਬੰਦ ਕਰ ਦਿੱਤਾ ਸੀ ਪਰ ਹਾਈ ਕੋਰਟ ਨੇ ਉਨ੍ਹਾਂ ਟੀਰਚਜ਼ ਦੇ ਹੱਕ ਵਿੱਚ ਫੈਸਲਾ ਬਹਾਲ ਕਰ ਦਿੱਤਾ ਹੈ ਅਤੇ 2 ਮਹੀਨਿਆਂ ਦੇ ਵਿਚ ਇਸ ਫੈਸਲੇ ਨੂੰ ਲਾਗੂ ਕਰਨ ਲਈ ਕਿਹਾ ਹੈ। ਅਗਰ ਇਨ੍ਹਾਂ ਦੇ ਕੋਲ ਹਾਲੇ ਤੱਕ ਹਾਈ ਕੋਰਟ ਦੇ ਫੈਸਲੇ ਦੀ ਕਾਪੀ ਨਹੀਂ ਆਈ ਹੈ ਤਾਂ ਮੈਂ ਇਨ੍ਹਾਂ ਨੂੰ ਕਾਪੀ ਦੇ ਸਕਦਾ ਹਾਂ। ਕੀ ਸਰਕਾਰ ਇਸ ਹਾਈ ਕੋਰਟ ਦੇ ਫੈਸਲੇ ਨੂੰ ਜਲਦੀ ਤੋਂ ਜਲਦੀ ਲਾਗੂ ਕਰ ਦੇਵੇਗੀ ਤਾਂਕਿ ਉਹ ਟੀਚਰਜ਼ ਖੱਜ਼ਲ ਖੁਆਰ ਨਾ ਹੋਣ।

**ਮੰਤਰੀ :** ਸਪੀਕਰ ਸਾਹਿਬ, ਜਦੋਂ ਸਾਡੇ ਕੋਲ ਹਾਈ ਕੋਰਟ ਦਾ ਫੈਸਲਾ ਆ ਜਾਵੇਗਾ ਤਾਂ ਇਸ ਨੂੰ ਪੜ੍ਹ ਕੇ ਹੀ ਫੈਸਲਾ ਹੋਵੇਗਾ ਕਿ ਲਾਗੂ ਕਰਨਾ ਹੈ ਜਾਂ ਸੁਪਰੀਮ ਕੋਰਟ ਦੇ ਵਿਚ ਇਸ ਦੇ ਖਿਲਾਫ ਅਪੀਲ ਕਰਨੀ ਹੈ। ਜੇਕਰ ਲਾਗੂ ਕਰਨ ਵਾਲੀ ਗੱਲ ਹੋਵੇਗੀ ਤਾਂ ਲਾਗੂ ਕਰ ਦਿੱਤਾ ਜਾਵੇਗਾ।

--------

Original with;
Punjab Vidhan Sabha
Digitized by;
Panjab Digital Library

## ਐਲੀਮੈਂਟਰੀ ਅਧਿਆਪਕਾਂ ਦੀਆਂ ਅਸਾਮੀਆਂ ਦੀ ਗਿਣਤੀ

***1393. ਸਰਦਾਰ ਗੁਰਦੇਵ ਸਿੰਘ ਬਾਦਲ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਐਲੀਮੈਂਟਰੀ ਅਧਿਆਪਕਾਂ ਦੀਆਂ ਮੰਜ਼ੂਰਸ਼ੁਦਾ ਆਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਇਸ ਸਮੇਂ ਇਨ੍ਹਾਂ ਅਸਾਮੀਆਂ ਦੇ ਵਿਰੁੱਧ ਕੰਮ ਕਰ ਰਹੇ ਅਧਿਆਪਕਾਂ ਦੀ ਗਿਣਤੀ ਕਿੰਨੀ ਹੈ?

**ਸ਼੍ਰੀ ਹਰਨਾਮ ਦਾਸ ਜੌਹਰ** : (ੳ) ਐਲੀਮੈਂਟਰੀ ਅਧਿਆਪਕਾਂ ਦੀਆਂ ਕੁੱਲ ਮਨਜ਼ੂਰਸ਼ੁਦਾ ਅਸਾਮੀਆਂ ਦੀ ਗ੍ਰਿਣਤੀ= 53103

(ਅ) ਮੌਜੂਦਾ ਕੰਮ ਕਰ ਰਹੇ ਅਧਿਆਪਕਾਂ ਦੀ ਗਿਣਤੀ - 36156

**ਸਰਦਾਰ ਗੁਰਦੇਵ ਸਿੰਘ ਬਾਦਲ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ 17 ਹਜ਼ਾਰ ਐਲੀਮੈਂਟਰੀ ਟੀਚਰਜ਼ ਦੀ ਘਾਟ ਦੱਸੀ ਹੈ। ਇਹ ਘਾਟ ਇਕੱਲੇ ਪ੍ਰਾਇਮਰੀ ਸਕੂਲਾਂ ਵਿਚ ਹੈ। ਇਨ੍ਹਾਂ ਸਕੂਲਾਂ ਵਿਚ ਜਾਂ ਤਾਂ ਪਿੰਡਾਂ ਦੇ ਦਲਿਤਾਂ ਦੇ ਬੱਚੇ ਪੜ੍ਹਦੇ ਹਨ ਤੇ ਜਾਂ ਜਿਹੜੇ ਵਿਚਾਰੇ ਛੋਟੇ ਕਿਸਾਨ ਹਨ, ਉਨ੍ਹਾਂ ਦੇ ਬੱਚੇ ਪੜ੍ਹਦੇ ਹਨ......

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ।

**ਸਰਦਾਰ ਗੁਰਦੇਵ ਸਿੰਘ ਬਾਦਲ** : ਜੇ ਇਨ੍ਹਾਂ ਸਕੂਲਾਂ ਵਿਚ 17 ਹਜ਼ਾਰ ਟੀਚਰਾਂ ਦੀ ਘਾਟ ਹੈ ਤਾਂ ਗਰੀਬਾਂ ਦੇ ਸਾਰੇ ਬੱਚੇ ਅਨਪੜ੍ਹ ਹੀ ਰਹਿ ਜਾਣਗੇ। ਕੀ ਸਰਕਾਰ ਵਿਸ਼ਵਾਸ ਦਿਵਾਏਗੀ ਕਿ ਇਹ ਘਾਟ ਜਲਦੀ ਤੋਂ ਜਲਦੀ ਪੂਰੀ ਕੀਤੀ ਜਾਵੇਗੀ?

**ਮਾਨਯੋਗ ਸਪੀਕਰ**: ਕੀ ਇਹ ਕਮੀ ਜਲਦੀ ਪੂਰੀ ਕੀਤੀ ਜਾਵੇਗੀ?

**ਮੰਤਰੀ**: ਸਪੀਕਰ ਸਾਹਿਬ, ਮੈਂ ਐਵੇਂ ਕ੍ਰਿਟੀਸਾਈਜ਼ ਨਹੀਂ ਕਰਦਾ। ਇਹ ਤਾਂ ਬਹੁਤ ਸਾਰੀਆਂ ਚੀਜ਼ਾਂ ਆਪ ਖਾਲੀ ਛੱਡ ਕੇ ਗਏ ਹਨ। ਮੈਂ ਆਪਣੀ ਗੱਲ ਕਰਦਾ ਹਾਂ ਕਿ ਜਿਸ ਵੇਲੇ ਭਰਤੀ ਕਰਨ ਦਾ ਫੈਸਲਾ ਹੋ ਜਾਵੇਗਾ, ਕੈਬਨਿਟ ਫੈਸਲਾ ਕਰ ਦੇਵੇਗੀ, ਅਸੀਂ ਸੋਚ ਰਹੇ ਹਾਂ, ਕਮੇਟੀ ਬਣਾਈ ਹੋਈ ਹੈ, ਭਰਤੀ ਕਰ ਦੇਵਾਂਗੇ।

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਦੇਵ ਸਿੰਘ ਬਾਦਲ:** ਸਪੀਕਰ ਸਾਹਿਬ, ਜਿਹੜੀ ਕੇਬਨਿਟ ਦੀ ਮੀਟਿੰਗ ਹੈ, ਇਹ ਕਿਹੜੀ ਅਮਰੀਕਾ ਵਾਲਿਆਂ ਨੇ ਮਨਜ਼ੂਰੀ ਦੇਣੀ ਹੈ, ਇਨ੍ਹਾਂ ਨੇ ਆਪ ਹੀ ਕਰਨੀ ਹੈ। ਜਿਹੜਾ ਦਲਿਤਾਂ ਦੇ, ਕਿਸਾਨਾਂ ਦੇ ਅਤੇ ਗਰੀਬਾਂ ਦੇ ਬੱਚਿਆਂ ਦਾ ਨੁਕਸਾਨ ਹੋ ਰਿਹਾ ਹੈ, ਉਨ੍ਹਾਂ ਦੀ ਜ਼ਿੰਦਗੀ-ਮੌਤ ਦਾ ਸਵਾਲ ਹੈ, ਕੀ ਸਰਕਾਰ ਇਸ ਸਬੰਧੀ ਤੁਰੰਤ ਮੀਟਿੰਗ ਕਰਕੇ ਇਸ ਦਾ ਫੈਸਲਾ ਕਰਕੇ ਪੋਸਟਾਂ ਭਰਨ ਦੀ ਖੇਚਲ ਕਰੇਗੀ? ਇਹ ਪੋਸਟਾਂ ਕਿੰਨੇ ਚਿਰ ਵਿਚ ਭਰ ਦਿੱਤੀਆਂ ਜਾਣਗੀਆਂ ?

**ਮਾਨਯੋਗ ਸਪੀਕਰ :** ਕਿੰਨੇ ਚਿਰ ਵਿਚ ਭਰ ਦਿਉਗੇ ?

**ਮੰਤਰੀ :** ਸਪੀਕਰ ਸਾਹਿਬ, ਐਜ਼ ਐਜੂਕੇਸ਼ਨ ਮਨਿਸਟਰ ਭਾਵ ਸਿੱਖਿਆ ਮੰਤਰੀ ਇਸ ਗੱਲ ਦਾ ਮੇਰੇ ਦਿਮਾਗ ਤੇ ਬੜਾ ਬੋਝ ਹੈ ਕਿ ਟੀਚਰ ਘੱਟ ਹਨ। ਪਰ ਸਰਕਾਰਾਂ ਦੇ ਅੰਦਰ ਭਰਤੀ ਕਰਨ ਦਾ ਵੀ ਕੋਈ ਢੰਗ ਹੈ, ਤਰੀਕਾ ਹੈ ਜਿਸ ਅਨੁਸਾਰ ਸਰਕਾਰੀ ਕੰਮ-ਕਾਰ ਹੁੰਦਾ ਹੈ । ਕੇਵਲ ਆਪਣੇ ਪੱਧਰ ਤੇ ਮੈਂ ਲਗਾ ਸਕਦਾ ਹੋਵਾਂ ਤਾਂ ਅੱਜ ਲਗਾ ਦਿਆਂ।

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਪੰਜਾਬ ਦੀ ਕਾਂਗਰਸ ਸਰਕਾਰ ਨੇ ਪਾਲਿਸੀ ਸਟੇਟਮੈਂਟ ਦਿੱਤੀ ਸੀ ਕਿ ਅਸੀਂ ਐਜੂਕੇਸ਼ਨ ਜਿਹੜੀ ਹੈ, ਖਾਸ ਕਰਕੇ ਜਿਹੜੀ ਐਲੀਮੈਂਟਰੀ ਐਜੂਕੇਸ਼ਨ ਹੈ, ਉਸਦੀ ਪ੍ਰਾਈਵੇਟਾਈਜ਼ੇਸ਼ਨ ਕਰਨੀ ਹੈ। ਮੈਂ ਆਪ ਜੀ ਦੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਾਂਗਾ......

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਸਰ...

**Captain Kanwaljit Singh :** Let me complete. ਸਪੀਕਰ ਸਾਹਿਬ, ਮੈਨੂੰ ਇੱਕ ਗੱਲ ਦੀ ਹੈਰਾਨੀ ਹੈ ਕਿ ਮੈਂ ਸਵਾਲ ਸਿੱਖਿਆ ਮੰਤਰੀ ਜੀ ਨੂੰ ਕਰ ਰਿਹਾ ਹਾਂ ਤੇ ਕਾਹਲੇ ਪੈ ਰਹੇ ਹਨ ਵਿੱਤ ਮੰਤਰੀ ਜੀ। ਮੈਨੂੰ ਬੋਲਣ ਵੀ ਨਹੀਂ ਦਿੰਦੇ...

**ਮਾਨਯੋਗ ਸਪੀਕਰ:** ਉਹ ਬੈਠ ਗਏ ਹਨ। ਤੁਸੀਂ ਬੋਲੋ।

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਮੈਂ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਅਧਿਆਪਕਾਂ ਦੀ ਭਰਤੀ ਨਹੀਂ ਕੀਤੀ ਜਾ ਰਹੀ, 17 ਹਜ਼ਾਰ ਪੋਸਟਾਂ ਐਲੀਮੈਂਟਰੀ ਵਿਚ ਅਤੇ ਇਸ ਤੋਂ ਵੱਧ ਦੂਸਰੇ ਸਕੂਲਾਂ ਵਿੱਚ, ਕੋਈ

Original with;
Punjab Vidhan Sabha
Digitized by;
Panjab Digital Library

40 ਹਜ਼ਾਰ ਵਕੈਂਸੀਆਂ ਸਰਕਾਰੀ ਸਕੂਲਾਂ ਵਿੱਚ ਖਾਲੀ ਪਈਆਂ ਹਨ, ਕੀ ਸਰਕਾਰ ਦੀ ਪ੍ਰਾਈਵੇਟਾਈਜ਼ੇਸ਼ਨ ਕਰਨ ਦੀ ਨੀਤੀ ਕਾਰਨ ਇਹ ਪੋਸਟਾਂ ਨਹੀਂ ਭਰੀਆਂ ਜਾ ਰਹੀਆਂ ?

**ਮਾਨਯੋਗ ਸਪੀਕਰ** : ਇਹ ਕਹਿੰਦੇ ਹਨ ਕਿ ਕੀ ਪ੍ਰਾਈਵੇਟਾਈਜ਼ੇਸ਼ਨ ਤਾਂ ਨਹੀਂ ਕਰਨੀ ?

**ਮੰਤਰੀ** : ਸਾਡਾ ਕੋਈ ਐਸਾ ਵਿਚਾਰ ਨਹੀਂ ।

**ਮਾਨਯੋਗ ਸਪੀਕਰ** : ਅਗਲਾ ਸਵਾਲ । ਭਾਗ ਸਿੰਘ ਮੱਲ੍ਹਾ ਜੀ।

-------

**ਸਿੱਧਵਾਂ ਬੇਟ ਵਿਖੇ ਉਪ ਤਹਿਸੀਲ ਲਈ ਇਮਾਰਤ ਦੀ ਉਸਾਰੀ**

***1418. ਸਰਦਾਰ ਭਾਗ ਸਿੰਘ ਮੱਲ੍ਹਾ** : ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਿੱਧਵਾਂ ਬੇਟ, ਜ਼ਿਲ੍ਹਾ ਲੁਧਿਆਣਾ ਵਿਖੇ ਨਵੀਂ ਸਬ-ਤਹਿਸੀਲ ਲਈ ਇਮਾਰਤ ਦੀ ਉਸਾਰੀ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਅਮਰਜੀਤ ਸਿੰਘ ਸਮਰਾ** : ਸ਼੍ਰੀਮਾਨ ਜੀ, ਸਿੱਧਵਾਂ ਬੇਟ ਵਿਖੇ ਨਵੀਂ ਸਬ-ਤਹਿਸੀਲ ਲਈ ਬਿਲਡਿੰਗ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਭਾਗ ਸਿੰਘ ਮੱਲ੍ਹਾ** : ਸਪਲੀਮੈਂਟਰੀ ਸਰ । ਇਹ ਸਬ ਤਹਿਸੀਲ 28 ਅਗਸਤ, 2001 ਨੂੰ ਬਾਦਲ ਸਾਹਿਬ ਨੇ ਡਿਕਲੇਅਰ ਕੀਤੀ ਸੀ । ਪਰ ਅੱਜ ਤੱਕ ਵੀ ਬਿਲਡਿੰਗ ਨਾ ਹੋਣ ਕਰਕੇ, ਇੰਨਾ ਇੰਪਾਰਟੈਂਟ ਮਹਿਕਮਾ ਹੋਵੇ, ਉਥੇ ਨਾਇਬ ਤਹਿਸੀਲਦਾਰ ਨੂੰ ਵੀ ਬੈਠਣ ਲਈ ਕੋਈ ਜਗ੍ਹਾ ਨਹੀਂ ਹੈ । ਇਸ ਦਾ ਕੀ ਕਾਰਨ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ:** ਸਪੀਕਰ ਸਾਹਿਬ, ਸਾਡੇ 72 ਤਹਿਸੀਲਾਂ ਅਤੇ 81 ਸਬ ਤਹਿਸੀਲਾਂ ਹਨ । ਜਿਨ੍ਹਾਂ ਵਿਚੋਂ ਬਹੁਤ ਸਾਰੀਆਂ, ਤਕਰੀਬਨ 43 ਤਹਿਸੀਲਾਂ ਦੀਆਂ ਬਿਲਡਿੰਗਾਂ ਬਣਾ ਦਿੱਤੀਆਂ ਗਈਆਂ ਹਨ। 11 ਸਬ ਤਹਿਸੀਲਾਂ ਦੀਆਂ ਬਿਲਡਿੰਗਾਂ ਵੀ ਬਣ ਗਈਆਂ ਹੋਈਆਂ ਹਨ। ਇਸ ਕੰਮ ਵਾਸਤੇ ਇਸ ਸਾਲ ਦੇ ਬਜਟ ਵਿਚ 5 ਕਰੋੜ 50 ਲੱਖ ਰੁਪਿਆ ਰੱਖਿਆ ਗਿਆ ਹੈ। ਇਸ ਪੈਸੇ ਨਾਲ ਜਿਹੜੀਆਂ ਅਧੂਰੀਆਂ ਬਿਲਡਿੰਗਾਂ ਪਈਆਂ ਹਨ, ਉਹ ਇਸ ਸਾਲ ਬਣਾਵਾਂਗੇ ਅਤੇ ਜਿਹੜੀਆਂ ਰਹਿ ਜਾਣਗੀਆਂ, ਅਗਲੇ ਸਾਲ ਉਨ੍ਹਾਂ ਨੂੰ ਵੀ ਕੰਪਲੀਟ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

**ਸਰਦਾਰ ਭਾਗ ਸਿੰਘ ਮੱਲ੍ਹਾ** : ਸਪੀਕਰ ਸਾਹਿਬ, ਇਸ ਬਿਲਡਿੰਗ ਵਾਸਤੇ 2 ਵਿਘੇ ਜ਼ਮੀਨ ਦਾਨ ਦਿੱਤੀ ਗਈ ਹੈ ਔਰ ਇਹ ਜਿਹੜੀ ਜਗ੍ਹਾ ਹੈ, ਇਸ ਦੇ ਨਾਲ ਇਕ ਤਾਂ ਪੁਲਿਸ ਸਟੇਸ਼ਨ ਹੈ ਅਤੇ ਦੂਸਰਾ ਇਕ ਬੈਂਕ ਵੀ ਇਸ ਦੇ ਲਾਗੇ ਹੀ ਹੈ। ਤੀਸਰਾ, ਇਹ ਜੀ.ਟੀ.ਰੋਡ ਦੇ ਵੀ ਨੇੜੇ ਹੈ। ਅਸੀਂ ਕਈ ਵਾਰ ਅਖਬਾਰਾਂ ਵਿਚ ਪੜ੍ਹਦੇ ਹਾਂ ਕਿ ਗੌਰਮਿੰਟ ਦਾ ਖਜ਼ਾਨਾ ਹੁਣ ਬਹੁਤ ਭਰਿਆ ਪਿਆ ਹੈ। ਫਿਰ ਕੀ ਵਜ੍ਹਾ ਹੈ ਕਿ ਹੁਣ ਤੱਕ ਇਹ ਬਿਲਡਿੰਗ ਬਣੀ ਕਿਉਂ ਨਹੀਂ ?

**ਮੰਤਰੀ:** ਸਪੀਕਰ ਸਾਹਿਬ, ਗੌਰਮਿੰਟ ਦੇ ਖਜ਼ਾਨੇ ਬਾਰੇ ਤਾਂ ਇਨ੍ਹਾਂ ਨੂੰ ਪਤਾ ਹੀ ਹੈ ਜੋ ਇਹ ਛੱਡ ਕੇ ਗਏ ਸੀ (ਵਿਘਨ) ਸੀ.ਐਮ.ਸਾਹਿਬ ਦਾ ਤਹੱਈਆ ਸੀ ਕਿ ਅਸੀਂ ਕੁਰੱਪਸ਼ਨ ਦੂਰ ਕਰਨੀ ਹੈ ਅਤੇ ਉਨ੍ਹਾਂ ਦੀ ਹਿੰਮਤ ਸਦਕਾ ਅਸੀਂ ਕਾਫੀ ਤਰੱਕੀ ਕੀਤੀ ਹੈ ਜਿਸ ਕਰਕੇ ਤਿੰਨ ਸਾਲਾਂ ਵਿਚ 350 ਕਰੋੜ ਰੁਪਏ ਦਾ ਰੈਵੇਨਿਊ ਅਸੀਂ ਜ਼ਿਆਦਾ ਇੱਕਠਾ ਕੀਤਾ ਹੈ। ਸਾਡੇ ਮਹਿਕਮੇ ਵੱਲੋਂ ਐਫ.ਡੀ. ਨੂੰ ਰਿਕੁਐਸਟ ਕੀਤੀ ਗਈ ਹੈ ਕਿ ਅਸੀਂ ਤੁਹਾਨੂੰ ਇੰਨੇ ਜ਼ਿਆਦਾ ਪੈਸੇ ਕਮਾ ਕੇ ਦਿੱਤੇ ਹਨ, ਇਸ ਕਰਕੇ ਸਾਡੇ ਲਈ ਵੱਧ ਤੋਂ ਵੱਧ ਪੈਸਾ ਰੱਖਿਆ ਜਾਵੇ। ਸੀ.ਐਮ. ਸਾਹਿਬ ਨੂੰ ਵੀ ਅਸੀਂ ਰਿਕੁਐਸਟ ਕੀਤੀ ਹੈ। ਸਾਡੇ ਕੋਲ ਹੋਰ ਪੈਸੇ ਆ ਜਾਣਗੇ ਤਾਂ ਅਸੀਂ ਅਧੂਰੀਆਂ ਪਈਆਂ ਬਿਲਡਿੰਗਾਂ ਬਣਾ ਦਿਆਂਗੇ।

--------

## FUNDS FOR PURCHASE OF CARS

***1391. Sardar Gurbinder Singh Atwal :** Will the Finance Minister be pleased to state:

(a) the funds released for the purchase of vehicles for use of officers of the Government during the period from 1.4.05 to date.

Original with;
Punjab Vidhan Sabha
Digitized by;
Panjab Digital Library

(b) whether the vehicles replaced by the new ones were condemned; if not, the reasons for the purchase of new vehicles;

(c) the policy adopted by the Finance Department for the release of funds for the purchase of new cars ?

**Shri Surinder Singla** : (a) Funds to the tune of Rs. 1,39,14,834/- were released for the purchase of vehicles for use of officers of the Government during the period from 1.4.2005 to date.

(b) (i) 12 vehicles replaced by the new ones were condemned.

(ii) 2 new Ambassador Cars were provided to C.J.M. Mukatsar and Moga in order to comply with the norms fixed by the Supreme Court.

(iii) 17 vehicles replaced by the new vehicles have covered fixed K.Ms/ age as per the Guide Lines issued by the Motor Vehicle Board.

(c) Normally the Department of Finance releases funds for replacement of vehicles condemned as per norms.

**Sardar Gurbinder Singh Atwal** : How many cases are pending, Sir.

**Minister** : Sir, he is asking for information which is not readily available with me. But let him put another question. We will give complete answer.

**Sardar Gurbinder Singh Atwal** : What are the rules, CSR/PFR, and lastly, how much time the Finance Department will take to deal with all the cases.

**Minister** : Sir, there is no specific policy of the Finance Department for releasing funds for various departments for purchases but whenever each and every department applies, the case is or cases are determined on merit. The only criteria fixed is that the cars which are condemned are normally replaced in no time.

**Sardar Gurbinder Singh Atwal** : I just wanted to know how much time the Finance Department is going to take to clear the cases.

**Minister** : Whatever the cases have come to us, if the Administrative Department takes time, it takes time there only, otherwise we do not take any time in clearing the cases according to the policy which is laid down by the particular policy under the Vehicles Board.

**Sardar Gurbinder Singh Atwal** : Sir, this is no answer. I wanted to know the time frame. He has not replied to that question.

Original with;
Punjab Vidhan Sabha
Digitized by;
Panjab Digital Library

**Mr. Speaker :** Next Question. Shri Nand Lal .

---------------

ਨਿਸ਼ਾਨ ਵਾਲਾ ਪ੍ਰਸ਼ਨ ਨੰ: 1425

(ਸਬੰਧਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਰਕੇ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ ।)

---------

**ISSUE OF CASTE/DOMICILE CERTIFICATE**

***1366. Shri Tarlochan Singh :** Will the Minister of State for Welfare be pleased to state whether there is any proposal under consideration of the Government to authorize village Sarpanches/Numberdars for issuing Caste/Domicile Certificate; if so, the details thereof ?

**Shrimati Gurkanwal Kaur :** No please.

**ਸ਼੍ਰੀ ਤਰਲੋਚਨ ਸਿੰਘ :** ਸਪੀਕਰ ਸਾਹਿਬ, ਇਹ ਜਿਹੜਾ ਡੋਮੀਸਾਈਲ ਸਰਟੀਫਿਕੇਟ ਹੈ ਜਾਂ ਕਾਸਟ ਸਰਟੀਫਿਕੇਟ ਹੈ, ਇਹ ਇਸ਼ੂ ਤਾਂ ਐਸ.ਡੀ.ਐਮ. ਜਾਂ ਤਹਿਸੀਲਦਾਰ ਜਾਂ ਨਾਇਬ ਤਹਿਸੀਲਦਾਰ ਕਰਦਾ ਹੈ ਲੇਕਿਨ ਇਸ ਦੇ ਵਾਸਤੇ ਇਨਫਰਮੇਸ਼ਨ ਸਰਪੰਚ ਤੋਂ ਜਾਂ ਨੰਬਰਦਾਰ ਤੋਂ ਕੁਲੈਕਟ ਕੀਤੀ ਜਾਂਦੀ ਹੈ । ਸਾਡੀ ਸਰਕਾਰ ਦਾ ਇਹ ਵਾਅਦਾ ਹੈ ਕਿ ਹੇਠਲੇ ਪੱਧਰ ਦੇ ਜੋ ਮਹਿਕਮੇ ਹਨ ਅਤੇ ਜਿਨ੍ਹਾਂ ਦਾ ਸਿੱਧਾ ਸਬੰਧ ਪਿੰਡਾਂ ਵਾਲਿਆਂ ਨਾਲ ਹੈ, ਉਹ ਮਹਿਕਮੇ/ਅਧਿਕਾਰ ਪੰਚਾਇਤਾਂ ਨੂੰ ਦੇ ਦਿੱਤੇ ਜਾਣਗੇ । ਇਹ ਸਰਟੀਫਿਕੇਟ ਹਾਸਲ ਕਰਨ ਲਈ ਆਮ ਲੋਕਾਂ ਨੂੰ ਬਹੁਤ ਖੱਜਲ ਖੁਆਰ ਹੋਣਾ ਪੈਂਦਾ ਹੈ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਲੋਕਾਂ ਨੂੰ ਇਸ ਫਜ਼ੂਲ ਦੀ ਖੱਜਲ ਖੁਆਰੀ ਤੋਂ ਬਚਾਉਣ ਲਈ ਕੀ ਇਹ ਸਰਟੀਫਿਕੇਟ ਇਸ਼ੂ ਕਰਨ ਦਾ ਅਧਿਕਾਰ ਸਰਪੰਚਾਂ ਨੂੰ ਦੇਣ ਦਾ ਕੋਈ ਵਿਚਾਰ ਰੱਖਦੇ ਹਨ ?

**ਮਾਨਯੋਗ ਸਪੀਕਰ :** ਕੀ ਕੋਈ ਗੌਰ ਕਰੋਗੇ ?

**Minister :** I would like to mention here that at present there is no proposal for authorizing sarpanches and panches to issue caste certificates or domicile certificate in the State. However, it is relevant to mention here that the domicile certificates are issued as per instructions issued by the Department of

Original with;
Punjab Vidhan Sabha
Digitized by;
Panjab Digital Library

Personnel.ਜਿਹੜੇ ਸਰਪੰਚ ਹਨ ਜਾਂ ਨੰਬਰਦਾਰ ਹਨ, ਉਨ੍ਹਾਂ ਕੋਲ ਅਥਾਰਟੀ ਹੈ ਕਿ ਉਹ ਅਨੁਸੂਚਿਤ ਜਾਤੀਆਂ ਵਾਸਤੇ ਸਿਰਫ ਤਸਦੀਕ ਕਰ ਸਕਦੇ ਹਨ ਜਾਂ ਵੈਰੀਫਾਈ ਕਰ ਸਕਦੇ ਹਨ ਪਰੰਤੂ ਉਹ ਸਰਟੀਫਿਕੇਟ ਇਸ਼ੂ ਨਹੀਂ ਕਰ ਸਕਦੇ । Certificates can be issued only by the Distt. Magistrate/D.C., A.D.C..S.D.M.

**ਸਰਦਾਰ ਗੁਲਜ਼ਾਰ ਸਿੰਘ ਰਣੀਕੇ** : ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਜਿਹੜੇ ਨੰਬਰਦਾਰ ਜਾਂ ਸਰਪੰਚ ਹਨ ਉਨ੍ਹਾਂ ਕੋਲ ਸਿਰਫ ਤਸਦੀਕ ਕਰਨ ਦੇ ਅਧਿਕਾਰ ਹਨ । ਮੈਂ ਪੁੱਛਣਾ ਇਹ ਚਾਹੁੰਦਾ ਹਾਂ ਕਿ ਜਿਹੜੀਆਂ ਸਬ ਤਹਿਸੀਲਾਂ ਹਨ, ਪਿੰਡ ਹਨ, ਕਸਬਿਆਂ ਦੇ ਵਿੱਚ ਨਾਇਬ ਤਹਿਸੀਲਦਾਰ ਹੁੰਦੇ ਹਨ ਕੀ ਇਹ ਉਨ੍ਹਾਂ ਨੂੰ ਅਧਿਕਾਰ ਦੇ ਦੇਣਗੇ ? ਕਿਉਂਕਿ ਲੋਕਾਂ ਦੀ ਬਹੁਤ ਖੱਜਲ ਖਰਾਬੀ ਹੁੰਦੀ ਹੈ । ਲੋਕਾਂ ਨੂੰ ਪਿੰਡਾਂ ਤੋਂ 30-40 ਕਿਲੋਮੀਟਰ ਦੂਰ ਜਾਣਾ ਪੈਂਦਾ ਹੈ ।

**ਮਾਨਯੋਗ ਸਪੀਕਰ** : ਇਹ ਪੁੱਛਦੇ ਹਨ ਕਿ ਕੀ ਨਾਇਬ ਤਹਿਸੀਲਦਾਰ ਨੂੰ ਅਥਾਰਿਟੀ ਮਿਲ ਸਕਦੀ ਹੈ ?

**ਮੰਤਰੀ** : ਹਾਂ ਜੀ । ਇਸ ਤੇ ਵਿਚਾਰ ਕਰ ਲਵਾਂਗੇ । ਜਿਹੜਾ ਇਨ੍ਹਾਂ ਨੇ ਦੱਸਿਆ ਹੈ ਕਿ ਲੋਕਾਂ ਨੂੰ ਦਿੱਕਤ ਪੇਸ਼ ਆਉਂਦੀ ਹੈ, ਉਸ ਨੂੰ ਸੁਲਝਾਵਾਂਗੇ ।

**Mr. Speaker :** Next Question.

---------------

## PURCHASE OF SUGARCANE BY PRIVATE SUGAR MILLS

***1364. 1. Sh. Raj Khurana**
**2. Sh. Rumal Chand**
**3. Sh. Tarlochan Singh**
**4. Sardar Gurbinder Singh Atwal :** Will the Chief Minister be pleased to state whether the Govt. has issued any instructions to Private Sugar Mills to purchase Sugarcane directly from farmers without involving the Sugarcane Production Co-operative Societies as a middleman. if so, the reasons therefor ?

**Captain Amarinder Singh :** Yes please. Such instructions were issued by the office of the Cane Commissioner, Punjab on 26.9.2005. These instructions were issued in compliance of Hon'ble Punjab and Haryana High Court, Chandigarh's orders dated 6.2.1997 in Civil Writ Petition No. 18379 of 1996.

Original with;
Punjab Vidhan Sabha
Digitized by;
Panjab Digital Library

ਸਰਦਾਰ ਗੁਰਬਿੰਦਰ ਸਿੰਘ ਅਟਵਾਲ : ਸਪੀਕਰ ਸਾਹਿਬ, ਮੈਨੂੰ ਬੜੇ ਦੁਖ ਦੇ ਨਾਲ ਕਹਿਣਾ ਪੈਂਦਾ ਹੈ ਕਿ ਕੀ ਮਾਨਯੋਗ ਮੁੱਖ ਮੰਤਰੀ ਸਾਹਿਬ ਜਿਹੜੀ ਜਜਮੈਂਟ ਹੈ ਉਹ ਇਸ ਹਾਊਸ ਨੂੰ ਪੜ੍ਹ ਕੇ ਸੁਣਾਉਣ ਦੀ ਖੇਚਲ ਕਰਨਗੇ ਕਿ ਹਾਈਕੋਰਟ ਨੇ ਕੀ ਫੈਸਲਾ ਕੀਤਾ ?

ਮਾਨਯੋਗ ਸਪੀਕਰ : ਕੀ ਤੁਹਾਨੂੰ ਜਜਮੈਂਟ ਦੀ ਕਾਪੀ ਮਿਲ ਗਈ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਜਮੈਂਟ ਦੀ ਕਾਪੀ ਤਾਂ ਇਸ ਵੇਲੇ ਮੇਰੇ ਕੋਲ ਨਹੀਂ ਹੈ ਲੇਕਿਨ I can tell you this ਕਿ ਸਰਦਾਰ ਹਰਚਰਨ ਸਿੰਘ ਬਰਾੜ ਜੀ ਦੇ ਟਾਈਮ ਤੇ ਇਹ ਇਸ਼ੂ ਆਇਆ ਸੀ ਔਰ ਉਨ੍ਹਾਂ ਨੇ ਕੁਝ ਫੈਸਲਾ ਕੀਤਾ ਸੀ । ਫਿਰ ਇਹ ਮਾਮਲਾ ਹਾਈਕੋਰਟ ਵਿੱਚ ਚਲਿਆ ਗਿਆ । ਹਾਈਕੋਰਟ ਨੇ ਸਰਕਾਰ ਤੇ ਛੱਡ ਦਿੱਤਾ ਕਿ ਸਰਕਾਰ ਆਪ decision ਲੈ ਸਕਦੀ ਹੈ । ਸਰਕਾਰ ਨੇ ਫੈਸਲਾ ਕੀਤਾ ਕਿ ਮਿੱਲ ਡਾਇਰੈਕਟਲੀ ਫਾਰਮਰਜ਼ ਨਾਲ ਗੱਲਬਾਤ ਕਰਕੇ ਖਰੀਦ ਸਕਦੀ ਹੈ ਔਰ ਜਿਹੜੀਆਂ ਇਹ ਸ਼ੂਗਰ ਕੇਨ ਗਰੋਅਰ ਸੋਸਾਇਟੀਆਂ ਹਨ they will act in advisory role only.

ਸਰਦਾਰ ਗੁਰਬਿੰਦਰ ਸਿੰਘ ਅਟਵਾਲ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਹਾਈਕੋਰਟ ਨੇ ਫੈਸਲਾ, ਇਨ੍ਹਾਂ ਦੇ ਕਹਿਣ ਮੁਤਾਬਿਕ, ਔਰ ਇਸ ਜਜਮੈਂਟ ਦੇ ਮੁਤਾਬਿਕ ਸਰਕਾਰ ਤੇ ਛੱਡ ਦਿੱਤਾ । ਸਰਦਾਰ ਹਰਚਰਨ ਸਿੰਘ ਬਰਾੜ ਤੋਂ ਬਾਅਦ ਚਾਰ ਪੰਜ ਸਰਕਾਰਾਂ ਬਦਲ ਗਈਆਂ ਹਨ, ਮਿੱਲਾਂ ਦਾ ਕੰਟਰੋਲ ਕਿ ਕਿੰਨਾ ਗੰਨਾ ਖਰੀਦਣਾ ਹੈ, ਕਿੰਨੀ ਖੰਡ ਬਣਾਉਣੀ ਹੈ, ਕਿੰਨਾ ਤੋਲਣਾ ਹੈ, ਕਿੱਥੇ ਵੇਚਣਾ ਹੈ, ਕਿੱਥੋਂ ਖਰੀਦਣਾ ਹੈ ਇਸ ਸਬੰਧੀ ਇਹ ਸਾਰਾ ਕੰਟਰੋਲ ਸੋਸਾਇਟੀ ਕੋਲ ਸੀ ਔਰ ਸੋਸਾਇਟੀ ਕਿਸਾਨਾਂ ਦੇ ਹੱਕ ਦੀ ਰਾਖੀ ਕਰਦੀ ਸੀ। These Societies were acting independently in their own areas, ਉਸ ਤੋਂ ਬਾਅਦ 6 ਚਿੱਠੀਆਂ ਕੇਨ ਕਮਿਸ਼ਨਰ ਕਿਸਾਨਾਂ ਨੂੰ ਕੱਢ ਚੁੱਕੇ ਹਨ ਪਰ ਸਾਡੀ ਸਰਕਾਰ ਦੇ ਸਿਰ ਤੇ ਕੀ ਭਾਰ ਪੈ ਰਿਹਾ ਹੈ ਜਿਸ ਨਾਲ ਇਨ੍ਹਾਂ ਨੇ ਕਿਸਾਨਾਂ ਦੇ ਢਿੱਡ ਤੇ ਲੱਤ ਮਾਰਨ ਦਾ ਫੈਸਲਾ ਕੀਤਾ ਹੈ। ਇਸ ਬਾਰੇ ਮੁੱਖ ਮੰਤਰੀ ਸਾਹਿਬ ਜਵਾਬ ਦੇਣ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਗੱਲ ਦੱਸ ਦਿੱਤੀ ਹੈ ਕਿ ਇਹ ਕਿਸ ਚੀਜ਼ ਤੇ ਬੇਸਿਡ ਹੈ ਅਗਰ ਇਨ੍ਹਾਂ ਨੂੰ 2005 ਦੇ ਆਰਡਰਾਂ ਤੇ ਕੋਈ ਔਖ ਹੈ ਤਾਂ ਇਹ ਸਾਨੂੰ ਦੱਸ ਦੇਂਦੇ we will look at it again. ਪਰ ਇਸ ਦੇ ਵਿਚ ਜੋ ਅਸਲੀ ਪੁਜੀਸ਼ਨ ਹੈ that I have put before the House.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਤਰਲੋਚਨ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਹੜੀਆਂ ਸਹਿਕਾਰੀ ਸਭਾਵਾਂ ਹਨ ਜਿਨ੍ਹਾਂ ਦੇ ਰਾਹੀਂ ਜ਼ਿਮੀਦਾਰ ਗੰਨਾਂ ਮਿੱਲਾਂ ਨੂੰ ਵੇਚਦੇ ਸਨ, ਕੀ ਸਹਿਕਾਰੀ ਸਭਾਵਾਂ ਰਾਹੀਂ ਫਿਰ ਗੰਨਾ ਲੈਣ ਨੂੰ ਤਿਆਰ ਹਨ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਇਹ ਪ੍ਰਾਈਵੇਟ ਮਿੱਲਾਂ ਨੂੰ ਅਧਿਕਾਰ ਦਿੱਤਾ ਗਿਆ ਹੈ ਜਾਂ ਦੂਜੀਆਂ ਮਿੱਲਾਂ ਨੂੰ ਕਿ ਤੁਸੀਂ ਡਾਇਰੈਕਟਲੀ ਪਰਚੇਜ਼ ਕਰੋ ਔਰ ਇਹ ਐਡਵਾਈਜ਼ਰੀ ਕੈਪੇਸਿਟੀ ਵਿੱਚ ਸੀ। ਮੈਂ ਇਨ੍ਹਾਂ ਨੂੰ ਕਿਹਾ ਸੀ ਕਿ ਜੇ ਇਨ੍ਹਾਂ ਨੂੰ ਕੋਈ ਔਖ ਲਗਦੀ ਹੈ ਤਾਂ ਇਹ ਦੱਸ ਦੇਣ we will look into the request.

----------

## TRADE WITH PAKISTAN THROUGH HUSSAINIWALA BORDER

***1381. Sardar Sukhpal Singh** :- Will the Finance Minister be pleased to state the details of steps taken by the Govt. for getting the Hussainiwala Border opened for trade with Pákistan?

**Chief Minister** (Captain Amarinder Singh) : The issue regarding opening of Hussainiwala border for trade with Pakistan relates to Government of India. However, State Government has also been endeavouring to facilitate trade between India and Pakistan. A meeting of representatives of Industry from Punjab was organised with Chaudhary Parvaiz Elahi, Chief Minister Punjab (Pakistan) and his entourage during their visit to India in December, 2004. Thereafter, I led a trade delegation to Pakistan from 14th March, 2005 to 17th March, 2005 to meet the various trade and industrial associations with the objective to explore the possibility of increasing trade and business between the two countries. Further, the State Government is also facilitating the Indo-Pak International Expo being organised by PHD Chamber of Commerce & Industry at Amritsar in December, 2005.

**ਸਰਦਾਰ ਸੁਖਪਾਲ ਸਿੰਘ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ, ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਇਹ ਮਾਮਲਾ ਸੈਂਟਰ ਗੌਰਮਿੰਟ ਦਾ ਹੈ । ਜਿਹੜਾ ਫ਼ਿਰੋਜ਼ਪੁਰ ਦਾ ਬਾਰਡਰ ਹੈ, ਉਹ ਪੰਜਾਬ ਵਿਚ ਪੈਂਦਾ ਹੈ । ਕੀ ਪੰਜਾਬ ਸਰਕਾਰ ਵੱਲੋਂ ਕੋਈ ਰੀਪਰੀਜੈਂਟੇਸ਼ਨ ਸੈਂਟਰ ਦੀ ਸਰਕਾਰ ਨੂੰ ਭੇਜੀ ਗਈ ਹੈ ਤਾਂ ਜੋ ਇਹ ਬਾਰਡਰ ਟਰੇਡ ਵਾਸਤੇ ਖੁਲ੍ਹ ਸਕੇ । ਜੇਕਰ ਭੇਜੀ ਗਈ ਹੈ ਤਾਂ ਉਸ ਦਾ ਕੀ ਫਾਲੋ-ਅੱਪ ਕੀਤਾ ਗਿਆ ਹੈ ।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਸਾਡੇ ਮੈਂਬਰ ਸਾਹਿਬ ਨੂੰ ਸ਼ਾਇਦ ਇਸ ਬਾਰੇ ਪੁਜ਼ੀਸ਼ਨ ਪਤਾ ਨਹੀਂ ਹੈ । ਇਸ ਦੀ ਸ਼ੁਰੂਆਤ ਹੀ ਪੰਜਾਬ ਨੇ ਕੀਤ੍ਹੀ ਹੈ । ਪਹਿਲਾਂ ਉਧਰਲੇ ਪੰਜਾਬ ਦੇ ਮੁੱਖ ਮੰਤਰੀ ਨੂੰ ਇਨਵਾਈਟ ਕੀਤਾ ਗਿਆ । ਉਥੇ ਉਨ੍ਹਾਂ ਦੇ ਚੈਂਬਰ ਆਫ ਕਾਮਰਸ ਨੂੰ ਇਨਵਾਈਟ ਕੀਤਾ ਗਿਆ, ਉਹ ਇਧਰ ਆਏ । ਇਹ ਸਾਡੇ ਐਫਰਟਸ ਫਿਰੋਜ਼ਪੁਰ ਦਾ ਬਾਰਡਰ ਖੋਲ੍ਹਣ ਵਾਸਤੇ ਹੀ ਹਨ ਤਾਂ ਜੋ ਪੰਜਾਬ ਵਿਚ ਫਿਰੋਜ਼ਪੁਰ, ਗੁਰਦਾਸਪੁਰ ਅਤੇ ਅੰਮ੍ਰਿਤਸਰ ਜਿਥੇ ਕਿ ਬਿਲਕੁਲ ਕੋਈ ਟ੍ਰੇਡ ਨਹੀਂ ਸੀ ਰਹਿ ਗਈ ਅਤੇ ਹਾਲਾਤ ਆਰਥਿਕ ਪੱਖੋਂ ਕਮਜ਼ੋਰ ਹੋ ਰਹੇ ਹਨ, ਥੋੜ੍ਹਾ-ਬਹੁਤਾ ਟਰੇਡ ਸ਼ੁਰੂ ਹੋ ਸਕੇ । ਸਾਡੇ ਪ੍ਰਾਈਮ ਮਨਿਸਟਰ ਨੇ ਦੋ ਵਿਜ਼ਟਸ ਵੀ ਕੀਤੀਆਂ ਹਨ ਅਤੇ ਉਧਰ ਦੇ ਪ੍ਰਾਈਮ ਮਨਿਸਟਰ ਨੇ ਵੀ ਵਿਜ਼ਟ ਕੀਤੀ ਹੈ । ਇਸ ਵਾਸਤੇ ਗਰੁੱਪਸ ਵੀ ਸੈਟ-ਅੱਪ ਕੀਤੇ ਹੋਏ ਹਨ । ਉਨ੍ਹਾਂ ਦੀਆਂ ਮੀਟਿੰਗਾਂ ਵੀ ਹੋ ਚੁੱਕੀਆਂ ਹਨ । ਥੋੜ੍ਹੀ-ਬਹੁਤ ਸ਼ੁਰੂਆਤ ਹੋ ਗਈ ਹੈ ਅਤੇ ਕੁਝ ਆਈਟਮਾਂ ਜਿਸ ਤਰ੍ਹਾਂ ਵੈਜੀਟੇਬਲਜ਼ ਦੀ ਟਰੇਡ ਸ਼ੁਰੂ ਹੋ ਚੁੱਕੀ ਹੈ । ਇਕ ਨਾ ਇਕ ਦਿਨ, ਕੁਝ ਦੇਰ ਬਾਅਦ, ਸਾਡੇ ਹੁੰਦਿਆਂ ਹੀ ਇਹ ਸਾਰੀਆਂ ਗੱਲਾਂ ਦੀ ਸ਼ੁਰੂਆਤ ਹੋ ਜਾਵੇਗੀ ਅਤੇ ਹੁਸੈਨੀ ਵਾਲਾ ਬਾਰਡਰ ਤੋਂ ਵੀ ਟਰੇਡ ਸ਼ੁਰੂ ਹੋ ਜਾਵੇਗੀ ।

**ਸਰਦਾਰ ਸੁਖਪਾਲ ਸਿੰਘ** : ਸਪੀਕਰ ਸਾਹਿਬ, ਮੈਂ ਤਾਂ ਪੁੱਛਿਆ ਹੈ ਕਿ ਪੰਜਾਬ ਵੱਲੋਂ ਕੋਈ ਰੀਪਰੀਜ਼ੈਂਟੇਸ਼ਨ ਭੇਜੀ ਗਈ ਹੈ ? ਜੇ ਭੇਜੀ ਗਈ ਹੈ ਤਾਂ ਉਸ ਦੀ ਕਾਪੀ ਇਥੇ ਦਿੱਤੀ ਜਾਵੇ ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਰੀਪਰੀਜ਼ੈਂਟੇਸ਼ਨ ਤਾਂ ਕਰੀਏ ਜੇਕਰ ਅਸੀਂ ਉਨ੍ਹਾਂ ਦਾ ਇੰਟਰਸਟ ਜਗਾਉਣਾ ਹੋਵੇ । ਅਸੀਂ ਤਾਂ ਆਪ ਖੁਦ ਹੀ ਇੰਟਰਸਟ ਲਿਆ ਹੋਇਆ ਹੈ ਇਸ ਕਰਕੇ ਸਾਨੂੰ ਕੋਈ ਰੀਪਰੀਜ਼ੈਂਟੇਸ਼ਨ ਭੇਜਣ ਦੀ ਲੋੜ ਨਹੀਂ ਹੈ । We have taken up this issue with the Govt. of India.

----------------

## ਕਿਸਾਨਾਂ ਅਤੇ ਅਨੁਸੂਚਿਤ ਜਾਤੀਆਂ ਲਈ ਬਿਜਲੀ ਦੀ ਮੁਫ਼ਤ ਸਪਲਾਈ

*1362. **ਸ਼੍ਰੀ ਤਿਕਸ਼ਨ ਸੂਦ** : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਰਾਜ ਬਿਜਲੀ ਬੋਰਡ ਨੂੰ ਕਿਸਾਨਾਂ ਅਤੇ ਅਨੁਸੂਚਿਤ ਜਾਤੀਆਂ ਲਈ ਬਿਜਲੀ ਦੀ ਮੁਫ਼ਤ ਸਪਲਾਈ ਕਰਵਾਈ ਜਾਣ ਕਾਰਣ ਸਾਲਾਨਾ ਕਿੰਨਾ ਘਾਟਾ ਪਵੇਗਾ ਅਤੇ ਇਸ ਘਾਟੇ ਨੂੰ ਕਿਹੜੇ ਸਾਧਨਾਂ ਤੋਂ ਪੂਰਾ ਕੀਤਾ ਜਾਵੇਗਾ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਲਾਲ ਸਿੰਘ** : ਸਰਕਾਰ ਵੱਲੋਂ ਸਬਸਿਡੀ ਦੇਣ ਕਾਰਨ ਪੰਜਾਬ ਰਾਜ ਬਿਜਲੀ ਬੋਰਡ ਨੂੰ ਕੋਈ ਘਾਟਾ ਸਹਿਣ ਨਹੀਂ ਕਰਨਾ ਪਵੇਗਾ, ਕਿਉਂਕਿ ਸਰਕਾਰ ਇਸ ਦੀ ਬਜਟ ਰਾਹੀਂ ਅਦਾਇਗੀ ਕਰੇਗੀ ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੁੱਲ ਕਿੰਨੇ ਫਾਰਮਰ ਬੈਨੀਫਿਸ਼ਰੀਜ਼ ਹਨ ਅਤੇ ਉਨ੍ਹਾਂ ਦਾ ਕਿੰਨਾ ਪੈਸਾ ਮੁਆਫ ਹੋਣਾ ਹੈ ? ਇਸੇ ਤਰ੍ਹਾਂ ਕਿੰਨੇ ਦਲਿਤ ਬੈਨੀਫਿਸ਼ਰੀਜ਼ ਹਨ ਤੇ ਉਨ੍ਹਾਂ ਦਾ ਕਿਤਨਾ ਪੈਸਾ ਮੁਆਫ ਹੋਣਾ ਹੈ ਜਿਹੜਾ ਕਿ ਪੀ.ਐਸ.ਈ.ਬੀ.ਨੂੰ ਦੇਣਾ ਹੈ ।

**ਮੰਤਰੀ** : ਫਾਰਮਰਜ਼ ਵਾਸਤੇ ਪਹਿਲਾਂ ਹੀ ਬਹੁਤ ਘੱਟ ਰੇਟ ਰੱਖਿਆ ਹੋਇਆ ਸੀ । ਰੈਗੂਲੇਟਰੀ ਕਮਿਸ਼ਨ ਨੇ ਪਹਿਲਾਂ ਵੀ 208 ਰੁ: ਪ੍ਰਤੀ ਹਾਰਸ ਪਾਵਰ ਫਿਕਸ ਕੀਤਾ ਸੀ ਅਤੇ ਅਸੀਂ ਸਿਰਫ 60 ਰੁ: ਪ੍ਰਤੀ ਹਾਰਸ ਪਾਵਰ ਲੈ ਰਹੇ ਸੀ । ਇਸ ਤਰ੍ਹਾਂ 148 ਰ: ਪ੍ਰਤੀ ਹਾਰਸ ਪਾਵਰ ਪਹਿਲਾਂ ਵੀ ਸਰਕਾਰ ਦੇ ਰਹੀ ਹੈ । ਹੁਣ ਸਾਰਾ ਮੁਆਫ ਕਰ ਦਿੱਤਾ ਗਿਆ ਹੈ । ਇਸ ਦੇ ਨਾਲ 36 ਕਰੋੜ ਰੁਪਿਆ ਪ੍ਰਤੀ ਮਹੀਨਾ ਬਣਦਾ ਹੈ ਜਿਸ ਦਾ ਕਿ ਸਰਕਾਰ ਉਤੇ ਬੋਝ ਹੋਰ ਪਵੇਗਾ । ਇਹ ਇਕ ਸਾਲ ਦਾ 432 ਕਰੋੜ ਰੁਪਿਆ ਬਣਦਾ ਹੈ । ਜਿਹੜੇ ਇਸ ਸਾਲ ਦੇ 7 ਮਹੀਨੇ ਰਹਿ ਗਏ ਹਨ ਉਸ ਸਮੇਂ ਦਾ 253 ਕਰੋੜ ਰੁਪਇਆ ਬਣਦਾ ਹੈ । ਉਹ ਸਰਕਾਰ ਅਦਾ ਕਰੇਗੀ ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਤਾਂ ਫਾਰਮਰਜ਼ ਬੈਨੀਫਿਸ਼ਰੀਜ਼ ਦੀ ਗਿਣਤੀ ਪੁੱਛੀ ਹੈ ਅਤੇ ਉਨ੍ਹਾਂ ਦੀ ਅਮਾਊਂਟ ਪੁੱਛੀ ਹੈ । ਇਸੇ ਤਰ੍ਹਾਂ ਦਲਿਤ ਬੈਨੀਫਿਸ਼ਰੀਜ਼ ਦੀ ਗਿਣਤੀ ਅਤੇ ਅਮਾਊਂਟ ਪੁੱਛੀ ਹੈ ।

**ਮੰਤਰੀ** : ਸਪੀਕਰ ਸਾਹਿਬ, ਇਸ ਵੇਲੇ ਇਹ ਫਿਗਰਾਂ ਮੇਰੇ ਕੋਲ ਅਵੇਲੇਬਲ ਨਹੀਂ ਹਨ । ਇਹ ਜਿਹੜੀ ਅਮਾਊਂਟ ਦੱਸੀ ਹੈ ਇਹ ਫਾਰਮਰਜ਼ ਦੀ ਗਿਣਤੀ ਦੇ ਹਿਸਾਬ ਨਾਲ ਹੀ ਕੱਢੀ ਹੈ ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਕਿ ਬਜਟ ਵਿਚੋਂ ਘਾਟਾ ਪੂਰਾ ਕਰਾਂਗੇ । ਇਨ੍ਹਾਂ ਕੋਲ ਲਾਭਪਾਤਰੀਆਂ ਦੀ ਗਿਣਤੀ ਹੋਣੀ ਚਾਹੀਦੀ ਹੈ, ਅਮਾਊਂਟ ਹੋਣੀ ਚਾਹੀਦੀ ਹੈ । ਮੇਰੇ ਹਿਸਾਬ ਨਾਲ ਦਲਿਤ ਵਰਗ ਤਾਂ ਬਿਲਕੁਲ ਨਿਗਲੀਜੀਬਲ ਫਿੱਗਰ ਵਿੱਚ ਹੈ । ਚਲੋ ਮੇਰਾ ਅਗਲਾ ਸਵਾਲ ਹੈ ਕਿ ਪਿਛੇ ਸਾਡੇ ਪ੍ਰਧਾਨ ਮੰਤਰੀ ਜੀ ਇੱਥੇ ਆਏ ਸਨ ਅਤੇ ਉਹ ਇਨ੍ਹਾਂ ਨੂੰ ਅੱਖਾਂ ਦਿਖਾ ਗਏ ਹਨ, ਕੀ ਇਹ ਉਨ੍ਹਾਂ ਤੋਂ ਡਰਦੇ ਹੋਏ ਇਹ ਫੈਸਲਾ ਵਾਪਸ ਤਾਂ ਨਹੀਂ ਲੈ ਲੈਣਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੂੰ ਅੱਖਾਂ ਦਿਖਾਈਆਂ ਹੋਣਗੀਆਂ, ਮੇਰੇ ਸਾਹਮਣੇ ਤਾਂ ਨਹੀਂ ਦਿਖਾਈਆਂ। ਇਸ ਦਾ ਜਵਾਬ ਮੁੱਖ ਮੰਤਰੀ ਜੀ ਨੇ ਵੀ ਦਿੱਤਾ ਹੈ ਅਤੇ ਅਖਬਾਰਾਂ ਵਿੱਚ ਵੀ ਛਪਿਆ ਹੈ ਕਿ ਅਸੀਂ ਜਿਹੜੀ ਬਿਜਲੀ ਮੁਆਫ ਕੀਤੀ ਹੈ, ਉਸ ਨੂੰ ਵਿਦਡਰਾਅ ਨਹੀਂ ਕਰਾਂਗੇ।

**ਸਰਦਾਰ ਗੁਰਦੇਵ ਸਿੰਘ ਬਾਦਲ :** ਮਾਨਯੋਗ ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਬਿਜਲੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵੇਲੇ ਵੀ ਮੁਆਫ ਕੀਤੀ ਗਈ ਸੀ ਅਤੇ ਇਨ੍ਹਾਂ ਨੇ ਕਿਸਾਨਾਂ ਤੋਂ ਚਾਰ ਸਾਲ ਉਗਰਾਹੀ ਕੀਤੀ ਹੈ। ਕੀ ਸਰਕਾਰ ਉਗਰਾਹੀ ਕੀਤੀ ਰਕਮ ਕਿਸਾਨਾਂ ਨੂੰ ਵਾਪਸ ਕਰਨ ਵਾਸਤੇ ਕੋਈ ਕਾਰਵਾਈ ਕਰੇਗੀ?

**ਮਾਨਯੋਗ ਸਪੀਕਰ :** ਹਾਂ ਜੀ, ਲਏ ਹੋਏ ਪੈਸੇ ਵਾਪਸ ਕਰੋਗੇ?

**ਮੰਤਰੀ :** ਸਪੀਕਰ ਸਾਹਿਬ, ਅਸੀਂ ਇਕ ਸਾਲ ਵਿੱਚ ਕਿਸਾਨਾਂ ਤੋਂ ਤਕਰੀਬਨ 350 ਕਰੋੜ ਰੁਪਏ ਵਸੂਲ ਕਰਦੇ ਸੀ ਜਦ ਕਿ ਬਣਦੇ 1200 ਕਰੋੜ ਰੁਪਏ ਸੀ, ਬਾਕੀ ਰਕਮ ਪੰਜਾਬ ਸਰਕਾਰ ਪੇਅ ਕਰਦੀ ਸੀ ਪਰੰਤੂ ਇਨ੍ਹਾਂ ਦੀ ਸਰਕਾਰ ਵੇਲੇ ਤਾਂ ਦੋ ਦੋ, ਢਾਈ ਢਾਈ ਘੰਟੇ ਤੋਂ ਵੱਧ ਬਿਜਲੀ ਨਹੀਂ ਆਉਂਦੀ ਰਹੀ। (ਵਿਘਨ) ਮੈਂ ਜਵਾਬ ਦੇਣ ਲੱਗਿਆ ਹਾਂ। ਸਪੀਕਰ ਸਾਹਿਬ, ਸਾਡੇ ਮੁੱਖ ਮੰਤਰੀ ਜੀ ਨੇ ਪੰਜਾਬ ਦੇ ਕਿਸਾਨਾਂ ਨਾਲ ਵਾਇਦਾ ਕੀਤਾ ਸੀ ਕਿ ਅਸੀਂ 8 ਘੰਟੇ ਲਗਾਤਾਰ ਬਿਜਲੀ ਦੇਵਾਂਗੇ। ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਦ ਪਿਛਲੇ ਸਾਲ ਸੋਕਾ ਪਿਆ ਸੀ, ਉਸ ਵੇਲੇ ਅਸੀਂ ਸੋਕੇ ਨੂੰ ਮੀਟ-ਆਊਟ ਕਰਨ ਵਾਸਤੇ ਜਦ ਕਿ ਡੈਮਾਂ ਦਾ ਪਾਣੀ 95 ਫੁੱਟ ਥੱਲੇ ਚਲਾ ਗਿਆ ਸੀ ਅਤੇ ਬਾਰਸ਼ ਨਹੀਂ ਪਈ ਸੀ, ਉਸ ਵੇਲੇ ਅਸੀਂ 2300 ਕਰੋੜ ਰੁਪਏ ਦੀ ਬਿਜਲੀ ਖਰੀਦੀ ਸੀ ਅਤੇ ਅਸੀਂ ਇਕੱਠੇ ਕੀਤੇ ਸੀ 350 ਕਰੋੜ ਰੁਪਏ। ਇਸ ਤੋਂ ਪਹਿਲਾਂ 1400 ਕਰੋੜ ਰੁਪਏ ਦੀ ਬਿਜਲੀ ਕਿਸਾਨਾਂ ਨੂੰ ਦੇਣ ਵਾਸਤੇ ਖਰੀਦੀ ਅਤੇ 700 ਕਰੋੜ ਰੁਪਏ ਦੀ ਬਿਜਲੀ ਇਕ ਸੀਜ਼ਨ ਵਿੱਚ ਕਿਸਾਨਾਂ ਨੂੰ ਖਰੀਦ ਕੇ ਦਿੱਤੀ ਜਦ ਕਿ ਅਸੀਂ 350 ਕਰੋੜ ਰੁਪਏ ਲੈਂਦੇ ਰਹੇ ਹਾਂ ਅਤੇ ਇਕ ਸੀਜ਼ਨ ਵਿੱਚ 750 ਕਰੋੜ ਰੁਪਏ ਦੀ ਬਿਜਲੀ ਖਰੀਦ ਕੇ ਪੰਜਾਬ ਦੇ ਕਿਸਾਨ ਨੂੰ ਦਿੰਦੇ ਰਹੇ ਹਾਂ। ਸਪੀਕਰ ਸਾਹਿਬ, ਅਸੀਂ ਇਕ ਸਾਲ ਵਿੱਚ 2300 ਕਰੋੜ ਰੁਪਏ ਦੀ ਬਿਜਲੀ ਕਿਸਾਨਾਂ ਨੂੰ ਖਰੀਦ ਕੇ ਦਿੱਤੀ। ਸਪੀਕਰ ਸਾਹਿਬ, ਜਦੋਂ ਅਸੀਂ ਸਰਕਾਰ ਦੀ ਵਾਗਡੋਰ ਸੰਭਾਲੀ ਤਾਂ ਉਸ ਵੇਲੇ ਪੰਜਾਬ ਰਾਜ ਬਿਜਲੀ ਬੋਰਡ 2600 ਕਰੋੜ ਰੁਪਏ ਦੇ ਘਾਟੇ ਵਿੱਚ ਸੀ।

Original with;
Punjab Vidhan Sabha
Digitized by;
Panjab Digital Library

ਪਹਿਲੇ ਸਾਲ ਅਸੀਂ ਕੁਝ ਘਾਟਾ ਘਟਾਇਆ ਅਤੇ ਦੂਸਰੇ ਸਾਲ ਅਸੀਂ ਬਿਜਲੀ ਬੋਰਡ ਨੂੰ ਮੁਨਾਫੇ ਵਿੱਚ ਲੈ ਕੇ ਆਏ ਹਾਂ। ਸਪੀਕਰ ਸਾਹਿਬ, ਬਿਜਲੀ ਤਾਂ ਇਨ੍ਹਾਂ ਨੇ ਫਰੀ ਕਰ ਦਿਤੀ ਸੀ ਪਰ ਬਿਜਲੀ ਬੋਰਡ ਨੂੰ ਸਰਕਾਰ ਵੱਲੋਂ ਕੋਈ ਪੈਸਾ ਨਹੀਂ ਦਿੱਤਾ ਗਿਆ, ਅਸੀਂ ਹਰ ਸਾਲ ਬਿਜਲੀ ਬੋਰਡ ਨੂੰ ਪੈਸੇ ਅਦਾ ਕਰਦੇ ਹਾਂ। ਮੇਰੇ ਕੋਲ ਫਿਗਰਜ਼ ਹਨ। ਇਹ ਤਾਂ ਬਿਜਲੀ ਬੋਰਡ ਨੂੰ ਬੰਦ ਹੀ ਕਰਵਾਉਣਾ ਚਾਹੁੰਦੇ ਸਨ। ਅਸੀਂ 350 ਕਰੋੜ ਰੁਪਏ ਪਹਿਲੇ ਸਾਲ ਲਏ ਹਨ ਪਰੰਤੂ 850 ਕਰੋੜ ਰੁਪਏ ਪਹਿਲੇ ਸਾਲ ਸਬਸਿਡੀ ਸਰਕਾਰ ਨੇ ਦਿੱਤੀ ਅਤੇ 2003-2004 ਵਿੱਚ 307 ਕਰੋੜ ਰੁਪਏ ਸਬਸਿਡੀ ਦਿੱਤੀ ਅਤੇ ਪਿਛਲੇ ਸਾਲ 852 ਕਰੋੜ ਰੁਪਏ ਦਿੱਤੇ। ਅਸੀਂ ਤਾਂ ਹਰ ਸਾਲ ਬਿਜਲੀ ਬੋਰਡ ਨੂੰ ਪੈਸੇ ਦਿੰਦੇ ਰਹੇ ਹਾਂ ਅਤੇ ਇਨ੍ਹਾਂ ਨੇ ਤਾਂ ਕੱਖ ਵੀ ਨਹੀਂ ਦਿੱਤਾ। ਇਨ੍ਹਾਂ ਦੀ ਕਰਤੂਤ ਨਾਲ ਤਾਂ ਬਿਜਲੀ ਬੋਰਡ ਬੰਦ ਹੀ ਹੋ ਜਾਣਾ ਸੀ।

**ਸਰਦਾਰ ਗੁਰਦੇਵ ਸਿੰਘ ਬਾਦਲ** : ਸਪੀਕਰ ਸਾਹਿਬ, ਦੋ ਟੁੱਕ ਗੱਲ ਸੀ। ਵਜ਼ੀਰ ਸਾਹਿਬ ਨੇ ਤਾਂ ਉਹ ਗੱਲ ਕੀਤੀ ਹੈ ਕਿ:

"ਮੁੰਡਾ ਕਹਿੰਦਾ ਜਲੇਬੀ ਲੈਣੀ ਹੈ ਅਤੇ ਪਿਓ ਕਹਿੰਦਾ ਚੱਲ ਤੈਨੂੰ ਅੰਦਰ ਦਿਖਾ ਲਿਆਵਾਂ"

ਸਪੀਕਰ ਸਾਹਿਬ, ਮੈਂ ਤਾਂ ਪੁੱਛਿਆ ਸੀ ਕਿ ਕੀ ਪਿਛਲੇ ਚਾਰ ਸਾਲ ਦੀ ਉਗਰਾਹੀ ਵਾਪਸ ਕਰਨ ਲਈ ਤਿਆਰ ਹੋ ਜਾਂ ਨਹੀਂ, ਇਹ ਜਵਾਬ ਦੇਣ ਦੀ ਥਾਂ ਵਾਰਸ਼ ਸ਼ਾਹ ਦੀ ਹੀਰ ਛੇੜ ਕੇ ਬਹਿ ਗਏ ਹਨ ।

**ਮੰਤਰੀ** : ਸਪੀਕਰ ਸਾਹਿਬ, ਅਸੀਂ ਸਾਢੇ ਤਿੰਨ ਸਾਲ ਵਿੱਚ 1050 ਕਰੋੜ ਰੁਪਏ ਇਕੱਠੇ ਕੀਤੇ ਹਨ ਪਰ 2300 ਕਰੋੜ ਰੁਪਏ ਦੀ ਬਿਜਲੀ ਅਸੀਂ ਇਕ ਸਾਲ ਵਿੱਚ ਖਰੀਦ ਕੇ ਕਿਸਾਨਾਂ ਨੂੰ ਦਿੱਤੀ ਹੈ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਇਕ ਤਾਂ ਸਾਡੇ ਤੇ ਸਵਾਲਾਂ ਵੇਲੇ ਬੜੀ ਪਾਬੰਦੀ ਹੈ ਲੇਕਿਨ ਜਦੋਂ ਮੰਤਰੀ ਜੀ ਜਵਾਬ ਦੇਣ ਲਗਦੇ ਹਨ ਤਾਂ ਉਹ ਰਾਜਨੀਤਿਕ ਭਾਸ਼ਣ ਦੇਣ ਲੱਗ ਜਾਂਦੇ ਹਨ।

**ਮਾਨਯੋਗ ਸਪੀਕਰ** : ਦੋਵੇਂ ਪਾਸਿਆਂ ਤੋਂ ਗੱਲ ਅਜਿਹੀ ਹੀ ਹੁੰਦੀ ਹੈ। ਕੁਐਸਚਨ ਆਵਰ ਦੀ ਸੈਂਕਟਿਟੀ ਰਹਿਣੀ ਚਾਹੀਦੀ ਹੈ।

Original with;
Punjab Vidhan Sabha
Digitized by;
Panjab Digital Library

**ਕੈਪਟਨ ਕੰਵਲਜੀਤ ਸਿੰਘ** : ਮੈਂ ਸਵਾਲ ਕਰ ਰਿਹਾ ਹਾਂ। ਇਨ੍ਹਾਂ ਨੂੰ ਪਹਿਲਾਂ ਸਵਾਲ ਕੀਤਾ ਸੀ ਕਿ ਪੈਸੇ ਵਾਪਸ ਕਰੋਗੇ ਕਿ ਨਹੀਂ। ਉਹ ਜਵਾਬ ਨਹੀਂ ਦਿੱਤਾ ਲੇਕਿਨ ਮੇਰਾ ਸਵਾਲ ਹੋਰ ਹੈ। ਇਨ੍ਹਾਂ ਨੇ ਐਲਾਨ ਕਰਿਆ ਹੈ ਕਿ ਸਰਕਾਰ ਦਲਿਤਾਂ ਦੇ ਘਰਾਂ ਦੀ ਬਿਜਲੀ ਦੇ 200 ਯੂਨਿਟ ਮੁਆਫ ਕਰੇਗੀ ਲੇਕਿਨ ਉਸ ਦੇ ਨਾਲ ਸ਼ਰਤ ਵੀ ਲਗਾ ਦਿੱਤੀ ਕਿ ਇੰਨੇ ਮੈਗਾਵਾਟ ਬਿਜਲੀ ਹੋਣੀ ਚਾਹੀਦੀ ਹੈ। ਮੇਰਾ ਸਵਾਲ ਇਹ ਹੈ ਕਿ ਇਹ ਜਿਹੜੀ ਮੁਆਫ ਬਿਜਲੀ 200 ਮੈਗਾਵਾਟ ਦਲਿਤਾਂ ਨੂੰ ਜਾਣੀ ਸੀ....

( ਆਵਾਜ਼ਾਂ : ਮੈਗਾਵਾਟ ਨਹੀਂ, ਯੂਨਿਟ ਹਨ)

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ।

**ਕੈਪਟਨ ਕੰਵਲਜੀਤ ਸਿੰਘ** : 200 ਯੂਨਿਟ ਮੁਆਫ ਕਰਨੀ ਸੀ। ਕੀ ਉਹ ਸਕੀਮ ਲਾਗੂ ਹੋ ਕੇ ਦਲਿਤਾਂ ਨੂੰ ਬਿਜਲੀ ਮੁਆਫ ਹੋ ਚੁੱਕੀ ਹੈ ਕਿ ਨਹੀਂ ਹੋ ਚੁੱਕੀ । ਜੇ ਨਹੀਂ ਹੋ ਚੁੱਕੀ ਤਾਂ, ਸਪੀਕਰ ਸਾਹਿਬ, ਕਿਉਂ ਨਹੀਂ ਹੋਈ ? ਜੇ ਹੋਈ ਹੈ ਤਾਂ ਕਿਹੜੀ ਤਰੀਕ ਤੋਂ ਹੋਈ ਹੈ ?

**ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਗਾਵਾਟ ਕੀ ਹੁੰਦੀ ਹੈ, ਕਿਲੋਵਾਟ ਕੀ ਹੁੰਦੀ ਹੈ, ਯੂਨਿਟ ਕੀ ਹੁੰਦੀ ਹੈ। ਇਨ੍ਹਾਂ ਨੂੰ ਇਸ ਗੱਲ ਦੀ ਸਮਝ ਨਹੀਂ.....

**Captain Kanwaljit Singh** : What is this ? I can teach him. ਇਹ ਮੈਨੂੰ ਕੀ ਪੜ੍ਹਾਏਗਾ।

**ਮੰਤਰੀ** : ਮੈਂ ਇਨ੍ਹਾਂ ਨੂੰ ਸਮਝਾ ਰਿਹਾ ਹਾਂ। ਤੁਸੀਂ ਰਿਕਾਰਡ ਕਢਵਾ ਕੇ ਦੇਖ ਲਓ।

**ਕੈਪਟਨ ਕੰਵਲਜੀਤ ਸਿੰਘ** : ਇਹ ਮੈਨੂੰ ਕੀ ਪੜ੍ਹਾਏਗਾ, ਮੈਂ ਇਸ ਨੂੰ ਪੜ੍ਹਾਵਾਂਗਾ।

**Mr. Speaker** : I feel the sanctity of the House ਬਣਾ ਕੇ ਰੱਖੀ ਜਾਵੇ। ਹੋਰ ਗੱਲਾਂ ਕਰਕੇ ਇੱਕ ਦੂਜੇ ਨੂੰ ਛੇੜੋ ਨਾ।

**ਕੈਪਟਨ ਕੰਵਲਜੀਤ ਸਿੰਘ** : ਪੰਜਵੀ ਜਮਾਤ ਪੜ੍ਹਿਆ ਮੈਨੂੰ ਕੀ ਪੜ੍ਹਾ ਲਵੇਗਾ।

Original with;
Punjab Vidhan Sabha
Digitized by;
Panjab Digital Library

**Mr. Speaker :** Please take your seat. ਬੈਠ ਜਾਓ।

**ਮੰਤਰੀ :** ਮੈਂ ਕਹਾਂਗਾ ਕਿ ਇਨ੍ਹਾਂ ਦਾ ਰਿਕਾਰਡ ਕਢਵਾ ਕੇ ਦੇਖ ਲਓ। ਇਨ੍ਹਾਂ ਨੇ ਕਿਹਾ ਸੀ 200 ਮੈਗਾਵਾਟ। ਇਹ ਜਿਹੜਾ ਰਿਕਾਰਡ ਹੋਇਆ ਹੈ, ਮੈਂ ਇਨ੍ਹਾਂ ਨੂੰ ਦਰੁਸਤ ਕਰ ਰਿਹਾ ਹਾਂ, ਇਹ ਭੜਕਦੇ ਕਿਉਂ ਹੰਨ। ਜੇਕਰ ਚੱਜ ਦੀ ਗੱਲ ਦੱਸਦੇ ਹਾਂ ਤਾਂ ਸਮਝ ਲੈਣਾ ਚਾਹੀਦਾ ਹੈ। ਭੜਕਦੇ ਕਿਉਂ ਹਨ ।

**ਮਾਨਯੋਗ ਸਪੀਕਰ :** ਤੁਸੀਂ ਸ਼ਡਿਊਲਡ ਕਾਸਟਾਂ ਬਾਰੇ ਦੱਸੋ ?

**ਮੰਤਰੀ :** ਮੈਂ ਜਵਾਬ ਦੇਣ ਲੱਗਿਆ ਹਾਂ ਕਿ ਅਸੀਂ ਦਲਿਤਾਂ ਦੀ 200 ਵਾਟ ਮੁਆਫ ਕੀਤੀ ਹੈ ।

(ਆਵਾਜ਼ਾਂ : ਤੁਸੀਂ ਵੀ ਇਹੀ ਕਹਿ ਰਹੇ ਹੋ।) (ਹਾਸਾ) (ਵਿਘਨ) ** **

**ਕੈਪਟਨ ਕੰਵਲਜੀਤ ਸਿੰਘ :** ਇਹ ਆਪ ਹੀ ਕਹਿ ਰਹੇ ਹਨ।

**ਮਾਨਯੋਗ ਸਪੀਕਰ :** ਜੋ ਕੁਝ ਰੌਲੇ ਵਿੱਚ ਕਿਹਾ ਜਾ ਰਿਹਾ ਹੈ, ਉਸ ਨੂੰ ਐਕਸਪੰਜ ਕਰ ਦਿੱਤਾ ਜਾਵੇ। ਬੈਠੋ ਪਲੀਜ਼। Take your seat. ਮੈਂ ਹਾਊਸ ਦੇ ਆਨਰੇਬਲ ਮੈਂਬਰਜ਼ ਨੂੰ ਕਹਾਂਗਾ ਕਿ ਕਮ-ਸੇ-ਕਮ ਕੁਐਸਚਨ ਆਵਰ ਦੀ ਸੈਂਕਟਿਟੀ ਕਾਇਮ ਰਹਿਣੀ ਚਾਹੀਦੀ ਹੈ। ਚੁਭਵੀਆਂ ਗੱਲਾਂ ਇੱਕ ਦੂਜੇ ਨੂੰ ਨਾ ਕੀਤੀਆਂ ਜਾਣ। ਬਾਅਦ ਦੇ ਵਿੱਚ ਇਹ ਸਾਰੀਆਂ ਗੱਲਾਂ ਹੁੰਦੀਆਂ ਰਹਿਣੀਆਂ ਹਨ।

**ਮੰਤਰੀ :** 300 ਵਾਟ ਦੀ ਪਾਬੰਦੀ ਹਟੀ ਹੈ। 200 ਯੂਨਿਟ ਮੁਆਫ ਕੀਤੀ ਹੈ। ਇਨ੍ਹਾਂ ਨੇ ਨਾਲ ਕਿਹਾ ਸੀ ਕਿ ਜਿਹੜੀ 300 ਵਾਟ ਦੀ ਪਾਬੰਦੀ ਹੈ, ਮੈਂ ਉਸ ਦਾ ਜਵਾਬ ਦੇ ਰਿਹਾ ਹਾਂ । ਇਹ ਭੜਕਦੇ ਕਿਉਂ ਹਨ ।

**ਮਾਨਯੋਗ ਸਪੀਕਰ :** ਤੁਸੀਂ ਜਵਾਬ ਦਿਓ ।

**ਮੰਤਰੀ :** ਮੈਂ ਜਵਾਬ ਦੇ ਰਿਹਾ ਹਾਂ ਕਿ ਅਸੀਂ ਜੋ ਮੁਆਫ ਕੀਤੀ ਹੈ, ਉਸ ਦੀ ਲਿਸਟ ਬਣ ਰਹੀ ਹੈ। ਕਿਉਂਕਿ ਜਿਹੜੇ ਫਾਰਮ ਭਰੇ ਜਾਂਦੇ ਹਨ, ਉਸ ਵਿੱਚ ਇਹ ਨਹੀਂ

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਿੰਚਾਈ ਅਤੇ ਬਿਜਲੀ ਮੰਤਰੀ]

ਲਿਖਿਆ ਹੁੰਦਾ ਕਿ ਕੌਣ ਐਸ.ਸੀ. ਹੈ ਅਤੇ ਕੌਣ ਜਨਰਲ ਹੈ। ਇਸ ਕਰਕੇ ਦਿੱਕਤ ਹੋਈ ਹੈ। ਥੋੜ੍ਹੇ ਦਿਨਾਂ ਦੇ ਵਿੱਚ ਸਾਰੀ ਪੜਤਾਲ ਕਰਕੇ ਲਿਸਟ ਬਣ ਜਾਵੇਗੀ। ਜੋ ਕੁਮਿਟਮੈਂਟ ਕੀਤੀ ਹੈ, ਜੋ ਅਨਾਊਂਸ ਕੀਤਾ ਹੈ, ਉਹ ਪੂਰਾ ਹੋਵੇਗਾ।

**ਮਾਨਯੋਗ ਸਪੀਕਰ** : ਅਜੇ ਤੱਕ ਨਹੀਂ ਕੀਤੀ, ਲਿਸਟ ਬਣ ਰਹੀ ਹੈ।

**ਕੈਪਟਨ ਕੰਵਲਜੀਤ ਸਿੰਘ** : ਮੈਂ ਸਵਾਲ ਕਰਨਾ ਚਾਹਾਂਗਾ ਕਿ ਅਨਾਊਂਸਮੈਂਟ ਕਰਨ ਤੋਂ ਪਹਿਲਾਂ.......

**ਮੰਤਰੀ** : ਅਨਾਊਂਸਮੈਂਟ ਜਿਹੜੀ ਡੇਟ ਤੋਂ ਹੋਈ ਹੈ, ਇਹ ਉਸ ਡੇਟ ਤੋਂ ਹੀ ਲਾਗੂ ਹੋਵੇਗੀ।

**ਮਾਨਯੋਗ ਸਪੀਕਰ** : ਹੁਣ ਉਹ (ਕੈਪਟਨ ਕੰਵਲਜੀਤ ਸਿੰਘ) ਖੜ੍ਹੇ ਹਨ, ਉਨ੍ਹਾਂ ਨੂੰ ਸੁਣ ਲਓ।

**ਕੈਪਟਨ ਕੰਵਲਜੀਤ ਸਿੰਘ** : ਜੋ ਜਵਾਬ ਮੰਤਰੀ ਜੀ ਨੇ ਦਿੱਤਾ ਹੈ, ਇਸ ਦਾ ਮਤਲਬ ਕਿ ਅਨਾਊਂਸਮੈਂਟ ਕਰਨ ਤੋਂ ਪਹਿਲਾਂ ਕੋਈ ਗਰਾਊਂਡ ਵਰਕ ਨਹੀਂ ਕੀਤਾ ਗਿਆ ਅਤੇ ਅਨਾਊਂਸਮੈਂਟ ਕਰਨ ਤੋਂ ਬਾਅਦ...

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ। ਤੁਸੀਂ ਪੁੱਛ ਲਵੋ ਕਿ ਪਹਿਲਾਂ ਕਿਉਂ ਗੌਰ ਨਹੀਂ ਕੀਤਾ । ਲੈਕਚਰ ਨਾ ਦਿਓ ।

**ਕੈਪਟਨ ਕੰਵਲਜੀਤ ਸਿੰਘ** : ਜੋ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਫਲਾਣੇ ਹੁਕਮ ਨਾਲ 200 ਯੂਨਿਟ ਮੁਆਫ ਕੀਤੇ ਹਨ, ਉਹ ਪਹਿਲੀ ਸਤੰਬਰ ਤੋਂ ਲਾਗੂ ਕਰਾਂਗੇ, ਤਾਂ ਉਹ ਲਾਗੂ ਕਿਉਂ ਨਹੀਂ ਹੋਏ ?

**ਮਾਨਯੋਗ ਸਪੀਕਰ** : ਮੰਤਰੀ ਜੀ ਜਵਾਬ ਦੇ ਚੁੱਕੇ ਹਨ , ਫਿਰ ਦੇ ਦਿਓ ।

Original with;
Punjab Vidhan Sabha
Digitized by;
Panjab Digital Library

**ਮੰਤਰੀ :** ਜੋ ਫੈਸਲਾ ਕੀਤਾ ਹੈ, ਉਹ 1 ਸਤੰਬਰ ਤੋਂ ਲਾਗੂ ਹੋਏਗਾ । ਸਿਰਫ ਦਿੱਕਤ ਇਹ ਹੈ ਕਿ ਜਿਹੜੇ ਫਾਰਮ ਐਪਲੀਕੇਸ਼ਨ ਵੇਲੇ ਦਿੱਤੇ ਹਨ, ਉਥੇ ਐਸ.ਸੀ. ਦਾ ਕਾਲਮ ਨਹੀਂ ਹੈ । ਇਸ ਕਰਕੇ ਥੋੜ੍ਹੀ ਦਿੱਕਤ ਹੋਈ ਹੈ । ਉਸ ਦੀ ਲਿਸਟ ਫਾਈਨਲ ਕਰਕੇ ਇੱਕ ਸਤੰਬਰ ਤੋਂ ਲਾਗੂ ਕਰਾਂਗੇ ।

**Mr. Speaker :** Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਡੂੰਘੇ ਟਿਊਬਵੈੱਲਾਂ ਲਈ ਬਿਜਲੀ ਦੇ ਕੁਨੈਕਸ਼ਨ

*1424. **ਚੌਧਰੀ ਨੰਦ ਲਾਲ :** ਕੀ ਸਿੰਚਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਤਹਿਸੀਲ ਬਲਾਚੌਰ, ਜ਼ਿਲ੍ਹਾ ਨਵਾਂ ਸ਼ਹਿਰ ਵਿਚ ਪੈਂਦੇ ਪਿੰਡਾਂ ਕਰੀਮਪੁਰ ਧਿਆਨੀ, ਕਟਵਾਰਾ, ਚਾਂਦਪੁਰ ਰੁੜਕੀ, ਟੋਰੋਵਾਲ, ਸਿੰਘਪੁਰ, ਝੰਡੂਪੁਰ, ਕੁੱਕੜ ਸੂਹਾਂ ਅਤੇ ਨਾਨੋਵਾਲ ਵਿਚ ਪੰਚਾਇਤਾਂ ਦੁਆਰਾ ਲਗਾਏ ਗਏ ਡੂੰਘੇ ਟਿਊਬਵੈੱਲਾਂ ਲਈ ਬਿਜਲੀ ਦੇ ਕੁਨੈਕਸ਼ਨ ਦੇ ਦਿੱਤੇ ਗਏ ਹਨ, ਜੇਕਰ ਅਜਿਹਾ ਹੋਵੇ, ਤਾਂ ਇਹ ਕਿਸ ਮਿਤੀ ਤੋਂ ਦਿੱਤੇ ਗਏ ਹਨ ?

**ਸਰਦਾਰ ਲਾਲ ਸਿੰਘ :** ਵੇਰਵਾ ਅਨੁਲੱਗ ਅਨੁਸਾਰ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

Original with;
Punjab Vidhan Sabha
Digitized by;
Panjab Digital Library

[ਸਿੰਚਾਈ ਅਤੇ ਬਿਜਲੀ ਮੰਤਰੀ]

## ਅਨੁਲੱਗ

ਤਹਿਸੀਲ ਬਲਾਚੌਰ, ਜ਼ਿਲ੍ਹਾ ਨਵਾਂ ਸ਼ਹਿਰ ਦੀਆਂ ਪੰਚਾਇਤਾਂ ਲਈ ਡੂੰਘੇ ਟਿਊਬਵੈੱਲਾਂ ਨੂੰ ਬਿਜਲੀ ਦੇ ਕੁਨੈਕਸ਼ਨ ਦੇਣ ਦੀ ਸਥਿਤੀ ਹੇਠ ਲਿਖੇ ਅਨੁਸਾਰ ਹੈ :-

| ਲੜੀ ਨੰ : | ਪਿੰਡ ਦਾ ਨਾਂ | ਬਿਨੈ ਪੱਤਰ ਦੀ ਮਿਤੀ | ਮੰਗ ਪੱਤਰ ਦੀ ਮਿਤੀ | ਟੈਸਟ ਰਿਪੋਰਟ ਦੀ ਮਿਤੀ | ਕੁਨੈਕਸ਼ਨ ਜਾਰੀ ਕਰਨ ਦੀ ਮਿਤੀ |
|---|---|---|---|---|---|
| 1. | ਕਰੀਮਪੁਰ ਧਿਆਨੀ | ਪ੍ਰਾਪਤ ਨਹੀਂ ਹੋਇਆ | -- | -- | -- |
| 2. | ਕਟਵਾਰਾ | 13-12-04 | 7-2-05 | ਪ੍ਰਾਪਤ ਨਹੀਂ ਹੋਇਆ | -- |
| 3. | ਚਾਂਦਪੁਰ ਰੁੜਕੀ | ਪ੍ਰਾਪਤ ਨਹੀਂ ਹੋਇਆ | -- | -- | -- |
| 4. | ਟੋਰੋਵਾਲ | 23-9-05 | ਅਜੇ ਜਾਰੀ ਨਹੀਂ ਕੀਤਾ | -- | -- |
| 5. | ਸਿੰਘਪੁਰ | 23-12-04 | 7-2-05 | ਅਜੇ ਪ੍ਰਾਪਤ ਨਹੀਂ ਹੋਈ | -- |
| 6. | ਝੰਡੂਪੁਰ | ਪ੍ਰਾਪਤ ਨਹੀਂ ਹੋਇਆ | -- | -- | -- |
| 7. | ਕੁਕੜ ਸੂਹਾ | 12-10-04 | 7-3-05 | 5-4-05 | 2 ਮਹੀਨੇ ਵਿੱਚ ਜਾਰੀ ਕਰ ਦਿੱਤਾ ਜਾਵੇਗਾ । |
| 8. | ਨਾਨੋਵਾਲ | ਪ੍ਰਾਪਤ ਨਹੀਂ ਹੋਇਆ | -- | -- | -- |

Original with;
Punjab Vidhan Sabha
Digitized by;
Panjab Digital Library

## REPAIR OF RAYYA-KHADOOR SAHIB ROAD

*1401 **Sardar Manjit Singh :** Will the Public Works (B&R) Minister be pleased to state whether there is any proposal under consideration of the Govt. to repair the Rayya-Khadoor Sahib (via Jalalabad) Road ; if so, the time by which it is likely to be repaired ?

**Sardar Partap Singh Bajwa :** Yes please. There is a proposal to complete the repair of this road by 31-3-2006.

---

## ਨਿਸ਼ਾਨ ਵਾਲਾ ਪ੍ਰਸ਼ਨ ਨੰ: 1437**

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ)

---

UNSTARRED QUESTIONS AND ANSWERS

## ਮਿਊਂਸਿਪਲ ਕੌਂਸਲ ਫ਼ਿਰੋਜ਼ਪੁਰ ਸ਼ਹਿਰ ਦੀਆਂ ਜਾਇਦਾਦਾਂ

191. **ਸਰਦਾਰ ਸੁਖਪਾਲ ਸਿੰਘ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਿਊਂਸਿਪਲ ਕੌਂਸਲ, ਫਿਰੋਜ਼ਪੁਰ ਸ਼ਹਿਰ ਦੀਆਂ ਜਾਇਦਾਦਾਂ ਦੇ ਵੇਰਵੇ ਕੀ ਹਨ ਅਤੇ ਇਹ ਕਿੱਥੇ ਕਿੱਥੇ ਹਨ ਅਤੇ ਅਜਿਹੀਆਂ ਜਾਇਦਾਦਾਂ ਦੇ ਵੇਰਵੇ ਕੀ ਹਨ ਜਿਹੜੀਆਂ ਕਿ ਨਜਾਇਜ਼ ਕਬਜ਼ੇ ਹੇਠ ਹਨ ਅਤੇ ਇਨ੍ਹਾਂ ਨੂੰ ਖਾਲੀ ਕਰਵਾਉਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ ?

**ਚੌਧਰੀ ਜਗਜੀਤ ਸਿੰਘ :** ਨਗਰ ਕੌਂਸਲ, ਫਿਰੋਜ਼ਪੁਰ ਦੀਆਂ ਜਾਇਦਾਦਾਂ ਅਤੇ ਉਹ ਕਿਥੇ ਸਥਿਤ ਹਨ ਦੀ ਸੂਚੀ ਅਨੁਲੱਗ-1 ਤੇ ਨੱਥੀ ਕੀਤੀ ਜਾਂਦੀ ਹੈ।

ਨਗਰ ਕੌਂਸਲ ਫਿਰੋਜ਼ਪੁਰ ਦੀਆਂ ਉਹ ਜਾਇਦਾਦਾਂ ਜਿਨ੍ਹਾਂ ਤੇ ਨਜਾਇਜ਼ ਕਬਜ਼ੇ ਹਨ ਅਤੇ ਉਹਨਾਂ ਨੂੰ ਖਾਲੀ ਕਰਾਉਣ ਲਈ ਕੀਤੀ ਗਈ ਕਾਰਵਾਈ ਸਬੰਧੀ ਸੂਚੀ ਅਨੁਲੱਗ-2 ਨਾਲ ਨੱਥੀ ਕੀਤੀ ਜਾਂਦੀ ਹੈ ।

---

**For Starred Q. N. 1437 and reply thereto, please see Appendix to this debates.

Original with;
Punjab Vidhan Sabha
Digitized by;
Panjab Digital Library

[ਸਥਾਨਕ ਸਰਕਾਰ ਮੰਤਰੀ]

## ਅਨੁਲੱਗ-I

## ਨਗਰ ਕੌਂਸਲ, ਫਿਰੋਜ਼ਪੁਰ ਦੀ ਜਾਇਦਾਦ ਦਾ ਵੇਰਵਾ

| ਲੜੀ ਨੰ: | ਜਾਇਦਾਦ ਦਾ ਵੇਰਵਾ | ਗਿਣਤੀ | ਜਾਇਦਾਦ ਦੀ ਲੋਕੇਸ਼ਨ |
|---|---|---|---|
| 1 | 2 | 3 | 4 |
| 1. | ਦੁਕਾਨਾਂ ਜੋ ਕਿਰਾਏ ਤੇ ਦਿੱਤੀਆਂ ਹਨ | 129 | ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ |
| 2. | ਪਲਾਟ | 15 | ਬਸਤੀ ਟੈਂਕਾਂ ਵਾਲੀ |
| 3. | ਬੂਥ | 12 | ਪ੍ਰੈਸ ਰੋਡ |
| 4. | ਪਲਾਟ ਜੋ ਲੀਜ਼ ਤੇ ਦਿੱਤੇ ਹੋਏ ਹਨ | 44 | ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ |
| 5. | ਖਾਲੀ ਪਲਾਟ | 1 | ਜਲਾਲਾਬਾਦ ਰੋਡ |
| 6. | ਖਾਲੀ ਪਲਾਟ | 1 | ਮੱਖੂ ਗੇਟ ਦੇ ਬਾਹਰ |
| 7. | ਚੁੰਗੀ ਵਾਲੀ ਜਗ੍ਹਾ | 1 | ਅੰਮ੍ਰਿਤਸਰੀ ਗੇਟ |
| 8. | ਖਾਲੀ ਜਗ੍ਹਾ | 1 | ਜੀਰਾ ਗੇਟ ਦੇ ਬਾਹਰ |
| 9. | ਖਾਲੀ ਪਲਾਟ | 1 | ਮਾਲ ਰੋਡ |
| 10. | ਖਾਲੀ ਜਗ੍ਹਾ | 1 | ਤੂੜੀ ਬਾਜ਼ਾਰ |
| 11. | ਖਾਲੀ ਜਗ੍ਹਾ | 1 | ਮਨਜੀਤ ਪੈਲੇਸ ਦੇ ਸਾਹਮਣੇ |
| 12. | ਮਿਊਂਸਿਪਲ ਪਾਰਕ | 1 | ਨੇੜੇ ਦਿੱਲੀ ਗੇਟ |
| 13. | ਪੁਰਾਣੀ ਝਲਾਰ ਵਾਲੀ ਜਗ੍ਹਾ | 1 | ਜੀਰਾ ਗੇਟ ਦੇ ਬਾਹਰ |
| 14. | ਸ਼ਮਸ਼ਾਨ ਭੂਮੀ ਵਾਲੀ ਜਗ੍ਹਾ | 1 | ਜੀਰਾ ਗੇਟ ਦੇ ਬਾਹਰ |
| 15. | ਗਾਂਧੀ ਬਾਗ | 1 | ਬਾਹਰਵਰ ਮੱਖੂ ਗੇਟ |
| 16. | ਚੁੰਗੀ ਵਾਲੀ ਜਗ੍ਹਾ | 1 | ਬਾਂਸੀ ਗੇਟ |
| 17. | ਦਫਤਰ ਟਾਊਨ ਹਾਲ | 1 | ਮਾਲ ਰੋਡ |
| 18. | ਮਿਊਂਸਿਪਲ ਪਾਰਕ | 1 | ਬਸਤੀ ਟੈਂਕਾਂ ਵਾਲੀ |
| 19. | ਮਿਊਂਸਿਪਲ ਲਾਇਬਰੇਰੀ | 1 | ਚੁੰਗੀ ਖਾਨਾ ਰੋਡ |
| 20. | ਪਾਣੀ ਦੇ ਟਿਊਬਵੈੱਲਾਂ ਵਾਲੀ ਜਗ੍ਹਾ | 24 | ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ |
| 21. | ਯੂਰੀਨਲ ਵਾਲੀ ਜਗ੍ਹਾ | 1 | ਮਾਲ ਰੋਡ |
| 22. | ਚੁੰਗੀ ਨਾਕੇ | 7 | ਵੱਖ ਵੱਖ ਜਗ੍ਹਾ ਤੇ |

Original with;
Punjab Vidhan Sabha
Digitized by;
Punjab Digital Library

## ਅਨੁਲੱਗ-II

ਨਗਰ ਕੌਂਸਲ, ਫਿਰੋਜ਼ਪੁਰ ਦੀ ਜਾਇਦਾਦ, ਜਿਸ ਤੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ ਅਤੇ ਨਜਾਇਜ਼ ਕਬਜ਼ੇ ਨੂੰ ਦੂਰ ਕਰਨ ਲਈ ਕੀਤੀ ਗਈ ਕਾਰਵਾਈ ਸਬੰਧੀ ਵੇਰਵਾ :-

(ਪ੍ਰਸ਼ਨ ਨੰ: 191)

| ਲੜੀ ਨੰ: | ਨਜਾਇਜ਼ ਕਬਜ਼ੇ ਵਾਲੀ ਜਗ੍ਹਾ | ਲੁਕੇਸ਼ਨ | ਨਜਾਇਜ਼ ਕਬਜ਼ਾਕਾਰ | ਦਫ਼ਤਰ ਵਲੋਂ ਕੀਤੀ ਗਈ ਕਾਰਵਾਈ |
|---|---|---|---|---|
| 1 | 2 | 3 | 4 | 5 |
| 1. | ਚੁੰਗੀ ਵਾਲੀ ਜਗ੍ਹਾ | ਅੰਮ੍ਰਿਤਸਰੀ ਗੇਟ | ਮੰਦਰ ਦੀ ਉਸਾਰੀ | ਕਬਜ਼ਾਕਾਰ ਨੂੰ ਨੋਟਿਸ ਜਾਰੀ ਕਰਨ ਉਪਰੰਤ ਡਿਪਟੀ ਕਮਿਸ਼ਨਰ, ਫਿਰੋਜ਼ਪੁਰ ਦੇ ਹੁਕਮਾਂ ਅਨੁਸਾਰ ਕਾਰਵਾਈ ਕੀਤੀ ਜਾ ਰਹੀ ਹੈ । |
| 2. | ਚੁੰਗੀ ਵਾਲੀ ਜਗ੍ਹਾ | ਬਾਂਸੀ ਗੇਟ | ਮੰਦਰ ਦੀ ਉਸਾਰੀ | ਕਬਜ਼ਾਕਾਰ ਨੂੰ ਨੋਟਿਸ ਜਾਰੀ ਕਰਨ ਉਪਰੰਤ ਡਿਪਟੀ ਕਮਿਸ਼ਨਰ, ਫਿਰੋਜ਼ਪੁਰ ਦੇ ਹੁਕਮਾਂ ਅਨੁਸਾਰ ਕਾਰਵਾਈ ਕੀਤੀ ਜਾ ਰਹੀ ਹੈ । |
| 3. | ਪਿਸ਼ਾਬ ਘਰ | ਮਾਲ ਰੋਡ | ਦੁਕਾਨਦਾਰਾਂ ਵਲੋਂ ਕਬਜ਼ਾ ਕੀਤਾ ਗਿਆ ਹੈ । | ਕਬਜ਼ਾਕਾਰ ਦੇ ਖਿਲਾਫ ਫਿਰੋਜ਼ਪੁਰ ਵਿਖੇ ਕੋਰਟ ਕੇਸ ਚਲਦਾ ਹੈ । |

Original with;
Punjab Vidhan Sabha
Digitized by;
Punjab Digital Library

## ਬਾਗਬਾਨੀ ਅਧੀਨ ਰਕਬਾ

192. **ਸ੍ਰੀ ਤਿਕਸ਼ਨ ਸੂਦ** : ਕੀ ਬਾਗਬਾਨੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2002-03, 2003-04, 2004-05 ਅਤੇ ਹੁਣ ਤੱਕ ਰਾਜ ਵਿਚ ਮੁੱਖ ਫਲਾਂ ਅਤੇ ਹੋਰ ਫਲਾਂ ਦੀ ਖੇਤੀ ਅਧੀਨ ਕਿੰਨਾ ਰਕਬਾ ਹੈ ?

**ਸਰਦਾਰ ਜਸਜੀਤ ਸਿੰਘ ਰੰਧਾਵਾ** : ਸਾਲ 2002-03, 2003-04, 2004-05 ਅਤੇ ਇਸ ਸਮੇਂ ਵੱਖ ਵੱਖ ਫਲਾਂ ਅਧੀਨ ਰਕਬੇ ਸਬੰਧੀ ਸੂਚਨਾ ਹੇਠ ਲਿਖੇ ਅਨੁਸਾਰ ਹੈ :-

(ਰਕਬਾ ਹੈਕਟੇਅਰਾਂ ਵਿਚ)

| ਫਲ ਦਾ ਨਾਂ | 2002-03 | 2003-04 | 2004-05 | ਖੜ੍ਹਾ ਰਕਬਾ 31-8-2005 ਤੱਕ |
|---|---|---|---|---|
| ਕਿਨੂੰ ਅਤੇ ਦੂਜੇ ਸੰਤਰੇ .. | 15155 | 17189 | 19360 | 21016 |
| ਮਾਲਟਾ .. | 2799 | 2553 | 2466 | 2469 |
| ਨਿੰਬੂ/ਗਲਗਲ.. | 667 | 669 | 662 | 641 |
| ਅੰਬ .. | 6040 | 6210 | 6374 | 6487 |
| ਲੀਚੀ .. | 1177 | 1221 | 1263 | 1264 |
| ਅਮਰੂਦ .. | 5958 | 6690 | 7309 | 7552 |
| ਨਾਖ .. | 2190 | 2257 | 2450 | 2438 |
| ਆੜੂ .. | 1238 | 1317 | 1281 | 1253 |
| ਆਲੂਚਾ .. | 154 | 158 | 168 | 167 |
| ਅੰਗੂਰ .. | 1324 | 1248 | 1196 | 1141 |
| ਬੇਰ .. | 2411 | 2669 | 2873 | 2813 |
| ਹੋਰ ਦੂਜੇ ਫਲ .. | 1368 | 1510 | 1685 | 1743 |
| ਕੁੱਲ ਜੋੜ .. | 40289 | 43721 | 47087 | 48984 |

Original with;
Punjab Vidhan Sabha
Digitized by;
Panjab Digital Library

## AREA UNDER CULTIVATION OF AGRO FORESTRY CROPS

**193. Shri Tikshan Sud :** Will the Chief Minister be pleased to state area under cultivation of Main Agro-forestry crops, separately, in the State during the years 2002-03, 2003-04 and 2004-05 ?

**Captain Amarinder Singh:** During the year 2002-03, 2003-04 and 2004-05 the area under main Agro-Forestry crops was as under :--

| Sr. No. | Year | | Area (hects.) |
|---|---|---|---|
| 1. | 2002-03 | .. | 3838 |
| 2. | 2003-04 | .. | 6314 |
| 3. | 2004-05 | .. | 3560 |

## RELIEF FOR VICTIMS FOR TERRORISM

**194. Shri Tarlochan Singh :** Will the Chief Minister be pleased to state:--

(a) the district-wise details of those killed by terrorists in the State from 1982 to 1995 ;

(b) whether there is any proposal under consideration of the Government to review the relief provided to the victims referred to in part (a) above, if so, the details thereof ?

**Captain Amarinder Singh :** (a) Statement as per Annexure-A is placed on the table of the House.

(b) No, Sir.

Original with;
Punjab Vidhan Sabha
Digitized by;
Panjab Digital Library

[Chief Minister]

## ANNEXURE-'A'

| District | | 1982 | 1983 | 1984 | 1985 | 1986 | 1987 | 1988 | 1989 | 1990 | 1991 | 1992 | 1993 | 1994 | 1995 | Total |
|---|---|---|---|---|---|---|---|---|---|---|---|---|---|---|---|---|
| Amritsar | .. | 2 | 16 | 27 | 5 | 40 | 91 | 178 | 41 | 159 | 163 | 99 | 0 | 1 | 0 | 822 |
| Tarn Taran | .. | 0 | 6 | 20 | 8 | 75 | 150 | 307 | 287 | 355 | 296 | 90 | 4 | 1 | 0 | 1599 |
| Majitha | .. | 0 | 0 | 8 | 5 | 9 | 31 | 206 | 237 | 264 | 248 | 169 | 5 | 2 | 1 | 1185 |
| Gurdaspur | .. | 0 | 1 | 41 | 4 | 23 | 47 | 76 | 22 | 130 | 38 | 26 | 0 | 0 | 0 | 408 |
| Batala | .. | 0 | 1 | 20 | 2 | 36 | 39 | 161 | 103 | 351 | 215 | 92 | 5 | 1 | 0 | 1026 |
| Jalandhar | .. | 0 | 1 | 21 | 9 | 57 | 108 | 172 | 45 | 93 | 129 | 74 | 3 | 0 | 0 | 712 |
| Hoshiarpur | .. | 1 | 0 | 14 | 9 | 33 | 62 | 81 | 25 | 64 | 78 | 16 | 0 | 0 | 0 | 383 |
| Kapurthala | .. | 0 | 21 | 13 | 2 | 26 | 15 | 78 | 12 | 39 | 37 | 17 | 0 | 0 | 0 | 260 |
| Nawanshehar | .. | 0 | 0 | 6 | 1 | 3 | 18 | 37 | 16 | 15 | 47 | 15 | 2 | 0 | 0 | 160 |
| Patiala | .. | 0 | 0 | 14 | 1 | 12 | 52 | 96 | 52 | 91 | 63 | 69 | 0 | 0 | 0 | 451 |
| Sangrur | .. | 0 | 0 | 1 | 1 | 4 | 3 | 11 | 5 | 35 | 149 | 122 | 0 | 0 | 0 | 331 |
| Barnala | .. | 0 | 1 | 0 | 2 | 0 | 6 | 14 | 6 | 29 | 111 | 153 | 8 | 0 | 1 | 331 |
| Fateghgarh Sahib | .. | 0 | 0 | 1 | 0 | 0 | 2 | 29 | 9 | 28 | 51 | 23 | 4 | 0 | 0 | 147 |
| Ludhiana | .. | 0 | 1 | 12 | 15 | 14 | 9 | 59 | 26 | 107 | 254 | 72 | 3 | 0 | 0 | 572 |
| Jagraon | .. | 1 | 0 | 0 | 1 | 7 | 10 | 13 | 15 | 60 | 215 | 146 | 9 | 0 | 0 | 477 |
| Khanna | .. | 0 | 4 | 6 | 0 | 8 | 7 | 6 | 10 | 8 | 18 | 13 | 2 | 0 | 1 | 83 |
| Ropar | .. | 0 | 0 | 0 | 1 | 2 | 14 | 52 | 27 | 123 | 111 | 76 | 2 | 0 | 0 | 408 |
| Ferozepur | .. | 0 | 2 | 21 | 21 | 39 | 26 | 93 | 137 | 257 | 115 | 12 | 0 | 0 | 0 | 723 |
| Muktsar | .. | 1 | 1 | 6 | 0 | 7 | 3 | 2 | 5 | 25 | 14 | 7 | 0 | 0 | 1 | 72 |
| Moga | .. | 9 | 6 | 22 | 6 | 17 | 49 | 25 | 56 | 61 | 58 | 48 | 3 | 2 | 1 | 363 |
| Faridkot | .. | 0 | 0 | 3 | 1 | 16 | 4 | 27 | 13 | 38 | 38 | 4 | 1 | 0 | 0 | 145 |
| Bathinda | .. | 1 | 0 | 7 | 1 | 3 | 6 | 30 | 14 | 51 | 51 | 78 | 3 | 0 | 0 | 245 |
| Mansa | .. | 0 | 0 | 4 | 0 | 0 | 1 | 3 | 11 | 12 | 95 | 61 | 1 | 0 | 0 | 188 |
| GRP | .. | 0 | 3 | 4 | 4 | 7 | 1 | 17 | 23 | 34 | 144 | 6 | 2 | 0 | 0 | 245 |
| Total | .. | 15 | 64 | 271 | 99 | 438 | 754 | 1773 | 1197 | 2429 | 2738 | 1488 | 58 | 7 | 5 | 11336 |

Original with;
Punjab Vidhan Sabha
Digitized by;
Panjab Digital Library

## OBITUARY REFERENCE

**Chief Minister** (Captain Amarinder Singh) : Sir, I am sorry that I got up while Hon'ble Member was already on his legs. I rise to express heart-felt sympathies and condolences to the bereaved families of Jammu & Kashmir, Pakistan-occupied Kashmir and some parts of Pakistan which were badly affected as a result of the severe earthquake on the 8th October, 2005. As per available information in Jammu & Kashmir, 1195 persons have died 5,886 have been injured and the property of about 32,335 people has been damaged. It is also gathered, about 40,000 people are homeless in Jammu & Kashmir. The damage caused by the earth-quake in Pakistan-occupied Kashmir and some parts of Pakistan has been considerably more. On our part we have extended all possible help to the people of Jammu & Kashmir. We have so far sent 8 plane-loads and six trucks carrying 529 tents, 1778 carpaute, 54,740 blankets and 10,000 shawls and jerseys to Jammu & Kashmir. In addition, one truck of medicines, 42 tonnes of sugar. I have also conveyed the sympathies of the people of Punjab to my counter-part Chaudhary Parvez Elahi, Chief Minister, Punjab of Pakistan assuring him of all the possible help. We are in touch with the Punjab of Pakistan, if they desire help Mr. Speaker, Sir I assure this august House that the State Government would make all efforts to help the people of Jammu and Kashmir in this hour grief. If the House agrees we could have a two minutes silence in the memory of those who have killed in the terrible earth-quakes.

(At this stage the Members of the House stood in silence for two minutes)

---------------

## MATTERS RAISED DURING ZERO HOUR

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਆਪ ਜੀ ਦੀ ਮਾਰਫਤ ਇਸ ਸਦਨ ਦੇ ਵਿੱਚ ਇੱਕ ਬਹੁਤ ਹੀ ਸੰਗੀਨ ਮਸਲਾ ਲਿਆਉਣਾ ਚਾਹੁੰਦਾ ਹਾਂ ਕਿ 1952 ਤੋਂ ਜਦੋਂ ਤੋਂ ਇਹ ਮੁਅੱਜ਼ਿਜ਼ ਹਾਊਸ ਵਜੂਦ ਵਿਚ ਆਇਆ ਹੈ, ਇਹ ਮਸਲਾ ਸਦਨ ਵਿਚ ਪਹਿਲਾਂ ਕਦੇ ਵੀ ਨਹੀਂ ਆਇਆ ਹੈ । ਇਸ ਮਸਲੇ ਵੱਲ ਮੈਂ ਖਾਸ ਤੌਰ ਤੇ ਸੀ. ਐਮ. ਸਾਹਿਬ ਦਾ ਧਿਆਨ ਦਿਵਾਉਂਦਾ ਹਾਂ ਕਿ ਇਹ ਦੁਸ਼ਮਣਾਂ ਦੇ ਖਿਲਾਫ ਖੜ੍ਹੇ ਹੋਣ ਦੀ ਬੜੀ ਦਲੇਰੀ ਦਿਖਾਉਂਦੇ ਹਨ does he have the courage to stand up against his associates and friends ? ਟਾਈਮਜ਼ ਆਫ਼ ਇੰਡੀਆ ਅਖਬਾਰ ਦੇ ਵਿੱਚ ਇੱਕ ਖਬਰ ਛਾਇਆ ਹੋਈ ਹੈ ਕਿ ਜੋ ਮਨਿਸਟਰਜ਼ ਸਾਹਿਬਾਨ ਨੂੰ ਗਵਰਨਰ ਸਾਹਿਬ ਵਲੋਂ ਸੀਕਰੇਸੀ ਦੀ ਓਥ ਚੁਕਵਾਈ ਜਾਂਦੀ ਹੈ, ਉਸ ਦੀ ਬਹੁਤ ਉਲੰਘਣਾ ਹੋਈ ਹੈ । ਇੱਕ ਪ੍ਰਾਈਵੇਟ ਆਦਮੀ ਕੈਪਟਨ ਜਸਬੀਰ ਸਿੰਘ ਜਿਹੜਾ ਕਿ ਸਟੇਟ ਮਨਿਸਟਰ ਦੀ ਨੋਟਿੰਗ ਲਿਖਦਾ ਹੈ........

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਜੇਕਰ ਅਖਬਾਰ ਵਿਚ ਆ ਗਈ ਤਾਂ ਡਿਸਕਸ਼ਨ ਦੀ ਲੋੜ ਨਹੀਂ ।

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਇਕ ਮਿੰਟ ਸੁਣ ਤਾਂ ਲਓ । ਇਹ ਜ਼ੀਰੋ ਆਵਰ ਹੈ ।

**ਮਾਨਯੋਗ ਸਪੀਕਰ :** ਤੁਹਾਡੀ ਗੱਲ ਆ ਗਈ ਹੈ ।

**Sardar Manpreet Singh Badal :** Sir, I am making statement on the floor of the House. If this is true, then it is a serious allegation.

**Mr. Speaker :** Please take your seat. yes, Captain Kanwaljit Singh.

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਸਰਕਾਰ ਦੀ ਕਾਰਗੁਜ਼ਾਰੀ ਬਾਰੇ, Chief Minister should make a statement.

**Chief Minister :** I have not read that Report. If there is such Report, we will enquire this.

**Sardar Manpreet Singh Badal :** I lay it on the Table of the House.

(At this time Sardar Manpreet Singh Badal placed the news item on the Table of the House)

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਮੇਰਾ ਨਾਂ ਕਾਲ ਕੀਤਾ ਸੀ । ਲਹਿਰਾ ਟਰੱਕ ਯੂਨੀਅਨ ਦੀ ਚੋਣ ਦਾ ਗੰਭੀਰ ਮਸਲਾ ਹੈ । ਉਥੇ ਚੋਣ ਹੋਈ ਲੇਕਿਨ ਉਸ ਨੂੰ ਰੋਕਿਆ ਗਿਆ । ਇਸ ਤੋਂ ਬਾਅਦ ਉਥੇ ਬਹੁਤ ਵੱਡਾ ਤਨਾਅ ਪੈਦਾ ਹੋਇਆ ਅਤੇ ਇਸ ਸਬੰਧ ਵਿਚ ਆਪਸੀ ਮਤਭੇਦ ਦੌਰਾਨ ਦੋ ਬੰਦਿਆ ਦਾ ਕਤਲ ਹੋ ਚੁੱਕਿਆ ਹੈ । ਜਰਨੈਲ ਸਿੰਘ ਤੇ ਮਿੱਠੂ ਸਿੰਘ ਦਾ । ਲੇਕਿਨ ਅਫ਼ਸੋਸ ਇਸ ਗੱਲ ਦਾ ਹੈ ਕਿ ਇਨ੍ਹਾਂ ਦੋ ਬੰਦਿਆਂ ਦੇ ਕਤਲ ਸਬੰਧੀ......

**ਮਾਨਯੋਗ ਸਪੀਕਰ :** ਇਹ ਤਾਂ ਐਡਮਨਿਸਟ੍ਰੇਟਿਵ ਮਸਲਾ ਹੈ ।

**ਕੈਪਟਨ ਕੰਵਲਜੀਤ ਸਿੰਘ :** ਇਨ੍ਹਾਂ ਦੋ ਬੰਦਿਆਂ ਦੇ ਕਤਲ ਦੇ ਸਬੰਧ ਵਿਚ ਹਾਲੇ ਤੱਕ ਸੰਗਰੂਰ ਤੇ ਲਹਿਰਾ ਦੀ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ ।

**ਮਾਨਯੋਗ ਸਪੀਕਰ :** ਤੁਹਾਡੀ ਗੱਲ ਆ ਗਈ ਹੈ । Take your seat.

Original with;
Punjab Vidhan Sabha
Digitized by;
Panjab Digital Library

**ਕੈਪਟਨ ਕੰਵਲਜੀਤ ਸਿੰਘ** : ਇਸ ਸਬੰਧ ਵਿੱਚ ਕਾਰਵਾਈ ਕਰਨ ਲਈ ਕੀ ਮੁੱਖ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ? ਕੀ ਦੋਸ਼ੀਆਂ ਦੇ ਖਿਲਾਫ਼ ਫੌਰੀ ਤੌਰ ਤੇ ਕਾਰਵਾਈ ਹੋਵੇਗੀ ?

**Mr. Speaker :** You take your seat. Yes, Mr. Sood.

**ਕੈਪਟਨ ਕੰਵਲਜੀਤ ਸਿੰਘ** : ਇਹ ਲਾਅ ਐਂਡ ਆਰਡਰ ਦਾ ਅਹਿਮ ਮਾਮਲਾ ਹੈ, ਸਪੀਕਰ ਸਾਹਿਬ ।

**ਮਾਨਯੋਗ ਸਪੀਕਰ** : ਸੂਦ ਸਾਹਿਬ, ਤੁਸੀਂ ਕੀ ਕਹਿਣਾ ਚਾਹੁੰਦੇ ਹੋ ?

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਨੂੰ ਅੱਜ ਵੀ ਇਨਫਰਮੇਸ਼ਨ ਆਈ ਹੈ ਕਿ ਹੁਸ਼ਿਆਰਪੁਰ ਦੀ ਜਿਹੜੀ ਦਾਣਾ ਮਾਰਕੀਟ ਹੈ, ਉਸ ਵਿਚੋਂ ਹਾਲੇ ਤੱਕ ਪੈਡੀ ਦੀ ਖਰੀਦ ਨਹੀਂ ਕੀਤੀ ਗਈ । ਆਲੇ ਦੁਆਲੇ ਦੀਆਂ ਛੋਟੀਆਂ-ਮੋਟੀਆਂ ਮਾਰਕੀਟਾਂ ਤੋਂ ਪੈਡੀ ਚੁੱਕੀ ਜਾ ਰਹੀ ਹੈ ।

**ਮਾਨਯੋਗ ਸਪੀਕਰ** : ਤੁਹਾਡੀ ਗੱਲ ਆ ਗਈ ਹੈ ।

**ਸ਼੍ਰੀ ਤਿਕਸ਼ਨ ਸੂਦ** : ਹੁਸ਼ਿਆਰਪੁਰ ਦੀ ਦਾਣਾ ਮੰਡੀ ਹੈ.....

**ਮਾਨਯੋਗ ਸਪੀਕਰ** : ਹੁਸ਼ਿਆਰਪੁਰ ਦੀ ਗੱਲ ਆ ਗਈ ਹੈ ।

**ਸ਼੍ਰੀ ਤਿਕਸ਼ਨ ਸੂਦ** : ਮੇਨ ਮੰਡੀ ਵਿਚੋਂ ਪਰਚੇਜ਼ ਨਹੀਂ ਹੋ ਰਹੀ । ਛੋਟੀਆਂ ਮੋਟੀਆਂ ਮੰਡੀਆਂ ਵਿਚੋਂ ਹੋ ਰਹੀ ਹੈ ।

**ਮਾਨਯੋਗ ਸਪੀਕਰ** : ਹਾਂ ਜੀ, ਬਾਦਲ ਸਾਹਿਬ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਸਾਡੇ ਵਲੋਂ ਕੋਈ ਉਠਦਾ ਹੈ ਤਾਂ ਤੁਸੀਂ ਉਸ ਨੂੰ ਗੱਲ ਨਹੀਂ ਕਰਨ ਦਿੰਦੇ, ਆ ਗਈ ਗੱਲ, ਇਸ ਦੀ ਲੋੜ ਨਹੀਂ ਕਹਿ ਕੇ ਕੱਟ ਦਿੰਦੇ ਹੋ । ਹੁਣ 3-4 ਬੜੇ ਅਹਿਮ ਮਸਲੇ ਉਠਾਏ ਗਏ । ਮਨਪ੍ਰੀਤ ਨੇ ਸੀਰੀਅਸ ਮਸਲਾ ਉਠਾਇਆ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਹੈ। ਦੂਸਰੇ ਸਾਥੀਆਂ ਨੇ ਵੀ ਮਸਲੇ ਉਠਾਏ ਹਨ, ਉਸ ਦਾ ਹੱਲ ਕੀ ਹੋਇਆ । ਕੁਝ ਨਾ ਕੁਝ ਤਾਂ ਜਵਾਬ ਹੋਣਾ ਚਾਹੀਦਾ ਹੈ ਨਹੀਂ ਤਾਂ ਜ਼ੀਰੋ ਆਵਰ ਦਾ ਫਾਇਦਾ ਕੀ ਹੈ । ਅਗਲੇ ਨੇ ਗੱਲ ਕਹਿ ਦਿੱਤੀ ਪਰ ਉਸ ਦਾ ਅਸਰ ਕੋਈ ਨਹੀਂ । ਇਹ ਸੀਰੀਅਸ ਮੈਟਰ ਹੈ ਕਿ ਮੰਤਰੀ ਸਾਹਿਬ ਨੇ ਆਪਣਾ ਆਦਮੀ ਰੱਖਿਆ ਹੈ ਅਤੇ ਉਹ ਸਾਰੇ ਸਰਕਾਰੀ ਕੰਮ ਕਰ ਰਿਹਾ ਹੈ । ਸਰਕਾਰ ਦੇ ਸੀਕਰੇਟਸ ਹੁੰਦੇ ਹਨ, ਕੀ ਇਸ ਸਬੰਧੀ ਇਹ ਜਵਾਬ ਦੇਣਗੇ ਕਿ ਗੱਲ ਕੀ ਹੈ ? ਇਸ ਸਬੰਧੀ ਤਹਿਕੀਕਾਤ ਕਰਨਗੇ ।

**ਮਾਨਯੋਗ ਸਪੀਕਰ :** ਲਿਖ ਕੇ ਦੇ ਦਿਓ, ਉਹ ਇਨਕੁਆਰੀ ਕਰਨਗੇ । ਉਨ੍ਹਾਂ ਨੇ ਕਹਿ ਦਿੱਤਾ ਹੈ । ਕਾਲ ਅਟੈਂਸ਼ਨ ਸਰਦਾਰ ਬੀਰ ਦਵਿੰਦਰ ਸਿੰਘ ਜੀ ।

**ਸਰਦਾਰ ਬੀਰ ਦਵਿੰਦਰ ਸਿੰਘ :** ਸਪੀਕਰ ਸਾਹਿਬ, ਮੈਂ ਜ਼ੀਰੋ ਆਵਰ ਦਾ ਇਸਤੇਮਾਲ ਕਰ ਰਿਹਾ ਹਾਂ । Zero hour is not the monopoly of Opposition only. This is zero Hour of the House.

**ਮਾਨਯੋਗ ਸਪੀਕਰ :** ਤੁਹਾਨੂੰ ਜ਼ੀਰੋ ਆਵਰ ਵਾਸਤੇ ਟਾਈਮ ਨਹੀਂ ਦਿੱਤਾ ।

**ਸਰਦਾਰ ਬੀਰ ਦਵਿੰਦਰ ਸਿੰਘ :** ਇਹ ਟਾਈਮ ਸਿਰਫ਼ ਆਪੋਜੀਸ਼ਨ ਵਾਸਤੇ ਨਹੀਂ ਹੈ ।

**ਮਾਨਯੋਗ ਸਪੀਕਰ :** ਦੱਸੋ, ਜੋ ਕਹਿਣਾ ਹੈ, ਕਹਿ ਲਓ ।

**ਸਰਦਾਰ ਬੀਰ ਦਵਿੰਦਰ ਸਿੰਘ :** ਮੇਰੇ ਐਡਮਿਟਡ ਕੁਐਸਚਨ 24 ਹਨ....

**ਮਾਨਯੋਗ ਸਪੀਕਰ :** ਇਹ ਕੋਈ ਜ਼ੀਰੋ ਆਵਰ ਵਾਲੀ ਗੱਲ ਨਹੀਂ ਹੈ ?

**ਸਰਦਾਰ ਬੀਰ ਦਵਿੰਦਰ ਸਿੰਘ :** ਫੇਰ ਕਿੱਥੇ ਉਠਾਈਏ ?

**ਮਾਨਯੋਗ ਸਪੀਕਰ :** ਮੇਰੇ ਚੈਂਬਰ ਵਿਚ ਆ ਜਾਣਾ ।

**ਸਰਦਾਰ ਬੀਰ ਦਵਿੰਦਰ ਸਿੰਘ :** ਠੀਕ ਹੈ ਜੀ ।

**ਮਾਨਯੋਗ ਸਪੀਕਰ :** ਹਾਂ ਜੀ, ਕਾਲ ਅਟੈਂਸ਼ਨ, ਬੀਰ ਦਵਿੰਦਰ ਸਿੰਘ ਜੀ ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਰਮੇਸ਼ ਦੱਤ ਸ਼ਰਮਾ :** ਸਪੀਕਰ ਸਾਹਿਬ, ਮੈਨੂੰ ਵੀ ਜ਼ੀਰੋ ਆਵਰ ਟਾਈਮ ਦਿੱਤਾ ਜਾਵੇ ।

**ਮਾਨਯੋਗ ਸਪੀਕਰ :** ਬੀਰ ਦਵਿੰਦਰ ਸਿੰਘ ਜੀ, ਆਪਣੀ ਕਾਲ ਅਟੈਂਸ਼ਨ ਪੜ੍ਹੋ ।

**ਸਰਦਾਰ ਬੀਰ ਦਵਿੰਦਰ ਸਿੰਘ :** ਸਪੀਕਰ ਸਾਹਿਬ, ਇਹ ਕੁਝ ਕਹਿਣਾ ਚਾਹੁੰਦੇ ਹਨ । ਮੰਧਰੇ ਬੰਦਿਆਂ ਦੀ ਵੀ ਸੁਣ ਲਿਆ ਕਰੋ । ਖੜ੍ਹੇ ਬੈਠੇ ਇਕ ਬਰਾਬਰ ਹਨ ।

**ਮਾਨਯੋਗ ਸਪੀਕਰ :** ਤੁਸੀਂ ਕਾਲ ਅਟੈਂਸ਼ਨ ਪੜ੍ਹੋ । ਨਹੀਂ ਤਾਂ ਨੈਕਸਟ ।

--------

CALL ATTENTION NOTICES UNDER RULE 66

**(SERIAL NO. 16)**

**Sardar Bir Devinder Singh :** Sir, I beg to draw the attention of the Government towards a matter of urgent public importance namely, unprecedented hike in the water supply and sewerage charge by the Municipal Council of S.A.S. Nagar, Mohali, District Ropar resulting in great discontentment amongst the residents in the area of Municipal Council, who have taken resort to all round agitations and protests because of befty water supply and sewerage bills which is beyond the capacity of the common people to pay.

Keeping in view the obvious and urgent importance of the matter, the Minister concerned may please be asked to make a statement on the floor of the House.

**ਸਥਾਨਕ ਸਰਕਾਰ, ਸੰਸਦੀ ਮਾਮਲੇ ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ (ਚੌਧਰੀ ਜਗਜੀਤ ਸਿੰਘ) :** ਪੰਜਾਬ ਵਿਚ ਵੱਖ-ਵੱਖ ਨਗਰ ਕੌਂਸਲਾਂ, ਨਗਰ ਪੰਚਾਇਤਾਂ ਵਲੋਂ ਵੱਖ-ਵੱਖ ਦਰਾਂ ਤੇ ਪਾਣੀ ਅਤੇ ਸੀਵਰੇਜ਼ ਦੇ ਰੇਟ ਲਾਏ ਜਾ ਰਹੇ ਹਨ ਜੋ ਕਿ ਬਹੁਤ ਸਮੇਂ ਤੋਂ ਵਧਾਏ ਨਹੀਂ ਗਏ ਸਨ । ਇਸ ਤੋਂ ਇਲਾਵਾ ਰੇਟ ਬਹੁਤ ਘੱਟ ਸਨ ਅਤੇ ਮੇਨਟੀਨੈਂਸ ਦੇ ਖਰਚੇ ਵੀ ਪੂਰੇ ਨਹੀਂ ਸਨ ਹੁੰਦੇ ਅਤੇ ਇਸ ਸਾਰੇ ਮਾਮਲੇ

Original with;
Punjab Vidhan Sabha
Digitized by;
Panjab Digital Library

[ਸਥਾਨਕ ਸਰਕਾਰ, ਸੰਸਦੀ ਮਾਮਲੇ ਕਿਰਤ ਤੇ ਰੁਜ਼ਗਾਰ ਅਤੇ ਚੋਣਾਂ ਮੰਤਰੀ]

ਨੂੰ ਕੈਬਨਿਟ ਸਬ ਕਮੇਟੀ ਆਨ ਫਿਸਕਲ ਮੈਨੇਜਮੈਂਟ ਵਲੋਂ ਵਿਚਾਰ ਕਰਨ ਉਪਰੰਤ ਮਈ, 2003 ਨੂੰ ਰੇਟਾਂ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ । ਮਿਤੀ 27.2.2004 ਨੂੰ ਇਸ ਨੋਟੀਫਿਕੇਸ਼ਨ ਤੇ ਸਟੇਅ ਲਗਾਈ ਗਈ ਜੋ ਦਸੰਬਰ, 28,2004 ਨੂੰ ਉਠਾਈ ਗਈ । ਮੋਹਾਲੀ, ਨਗਰ ਕੌਂਸਲ ਨੇ ਨਵੇਂ ਰੇਟ ਇੱਕ ਅਗਸਤ, 2005 ਨੂੰ ਆਪਣੇ ਰੈਜ਼ੋਲਿਊਸ਼ਨ ਨੰਬਰ 2/993 ਮਿਤੀ 29.7.2005 ਰਾਹੀਂ ਅਡਾਪਟ ਕੀਤੇ ਹਨ । ਸਾਲ 2003-04 ਤੋਂ ਅੱਗੇ ਆਉਣ ਵਾਲੇ ਹਰ ਸਾਲ ਵਿਚ ਇਨ੍ਹਾਂ ਰੇਟਾਂ ਵਿਚ ਕੁਝ ਪ੍ਰਤੀਸ਼ਤ ਵਾਧਾ ਕੀਤਾ ਗਿਆ ਹੈ ਜਿਸ ਨਾਲ ਸਾਲ 2007-08 ਤੱਕ ਇਹ ਰੇਟ ਹਾਸਲ ਕਰਨ ਨਾਲ ਜੋ ਮਿਊਂਸਿਪਲ ਕਮੇਟੀ ਦੇ ਖਰਚੇ ਹੁੰਦੇ ਹਨ, ਉਹ ਮਸੀਂ ਹੀ ਪੂਰੇ ਹੋਣਗੇ ।

**ਸਰਦਾਰ ਬੀਰ ਦਵਿੰਦਰ ਸਿੰਘ :** ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਕੈਬਨਿਟ ਸਬ ਕਮੇਟੀ ਨੇ ਵਾਟਰ ਸਪਲਾਈ ਅਤੇ ਸੀਵਰੇਜ਼ ਬਿਲ ਵਿਚ ਵਾਧਾ ਕਰਨ ਵੇਲੇ ਮੋਹਾਲੀ ਦੇ ਗਰੀਬ ਲੋਕਾਂ ਦੀ ਜੋ ਅਵੇਲੇਬਿਲਟੀ ਬਿਲ ਪੇਅ ਕਰਨ ਦੀ ਹੈ, ਉਸ ਨੂੰ ਧਿਆਨ ਵਿਚ ਨਹੀਂ ਰੱਖਿਆ । ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਨੂੰ ਤੁਰੰਤ ਰਿਵਿਊ ਕਰਨ ਦੀ ਕੋਈ ਗੁੰਜਾਇਸ਼ ਹੈ? ਕਿਉਂਕਿ ਮਿਊਂਸਿਪਲ ਕੌਂਸਲ ਨੇ ਤਾਂ ਸਰਕਾਰ ਦੀਆਂ ਡਾਇਰੈਕਸ਼ਨਜ਼ ਦੇ ਆਧਾਰ ਤੇ ਰੈਜ਼ੋਲਿਊਸ਼ਨ ਕੀਤਾ ਹੈ । ਹੁਣ ਕਿਉਂਕਿ ਸਾਰੇ ਸ਼ਹਿਰ ਵਿਚ ਹਾਹਾਕਾਰ ਮਚੀ ਹੋਈ ਹੈ, ਕੀ ਇਸ ਨੂੰ ਰਿਵਿਊ ਕਰਨ ਦੀ ਕੋਈ ਗੁੰਜਾਇਸ਼ ਹੈ ?

**ਮੰਤਰੀ :** ਸਪੀਕਰ ਸਾਹਿਬ, ਇਸ ਤਰ੍ਹਾਂ ਦੀ ਕੋਈ ਵਿਚਾਰ ਨਹੀਂ ਹੈ ।

--------

**(SERIAL NO. 17)**

**Sardar Bir Devinder Singh :** Sir, I beg to draw the attention of the Government towards a matter of urgent public importance, namely, shortage of LPG cooking gas cylinders in the State of Punjab and the withholding of stocks by the LPG Gas Agencies. This has resulted in steep hike in price of the LPG cylinders. Since the LPG cooking gas is an essential commodity of daily use, the unfair practice adopted by the Distributors has caused widespread sense of the disquiet and anguish amongst the poor people. Acute shortage of cooking gas is creating difficulties for the common man as the shortage of cooking gas is created by the LPG Gas Agencies who are selling the cylinders clandestinely in the black market.

Original with;
Punjab Vidhan Sabha
Digitized by;
Punjab Digital Library

In the light of the obvious importance and seriousness of the situation, The Minister concerned may please be asked to make a statement on the floor of the House.

**ਖੁਰਾਕ ਤੇ ਸਿਵਲ ਸਪਲਾਈ ਅਤੇ ਜਨ ਸਿਹਤ ਮੰਤਰੀ** (ਸ਼੍ਰੀ ਅਵਤਾਰ ਹੈਨਰੀ) : ਸਪੀਕਰ ਸਾਹਿਬ, ਮੈਂ ਮਾਨਯੋਗ ਸਦਨ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਸਤੰਬਰ ਮਹੀਨੇ ਦੌਰਾਨ ਸਾਰੇ ਦੇਸ਼ ਵਿੱਚ ਰਸੋਈ ਗੈਸ ਦੀ ਕੁਝ ਘਾਟ ਮਹਿਸੂਸ ਕੀਤੀ ਗਈ ਸੀ । ਇਹ ਘਾਟ ਮੁੱਖ ਤੌਰ ਤੇ ਹਿੰਦੁਸਤਾਨ ਪੈਟਰੋਲੀਅਮ ਅਤੇ ਭਾਰਤ ਪੈਟਰੋਲੀਅਮ ਕੰਪਨੀਆਂ ਨਾਲ ਸਬੰਧਤ ਸੀ । ਇਹ ਘਾਟ ਜਾਮ ਨਗਰ ਰਿਲਾਇੰਸ ਰੀਫਾਈਨਰੀ ਦੇ ਲੱਗਭੱਗ ਡੇਢ ਮਹੀਨੇ ਵਾਸਤੇ ਜ਼ਰੂਰੀ ਮੁਰੰਮਤ ਲਈ ਬੰਦ ਹੋਣ ਕਾਰਨ ਆਈ ਸੀ । ਇਸ ਘਾਟ ਦੇ ਮੱਦੇਨਜ਼ਰ ਪ੍ਰਮੁੱਖ ਸਕੱਤਰ, ਖੁਰਾਕ ਸਪਲਾਈ ਵਿਭਾਗ, ਪੰਜਾਬ ਵਲੋਂ ਸਤੰਬਰ ਮਹੀਨੇ ਵਿਚ ਤੇਲ ਕੰਪਨੀਆਂ ਦੇ ਉਚ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਘਾਟ ਦਾ ਜਾਇਜ਼ਾ ਲਿਆ ਗਿਆ ਸੀ ਜਿਸ ਉਪਰੰਤ ਇੰਡੀਅਨ ਆਇਲ ਕਾਰਪੋਰੇਸ਼ਨ ਦੇ ਉਚ ਅਧਿਕਾਰੀਆਂ ਨੂੰ ਮੁੰਬਈ ਵਿਖੇ ਪੰਜਾਬ ਰਾਜ ਲਈ ਰਸੋਈ ਗੈਸ ਦੀ ਸਪਲਾਈ ਲੋੜ ਅਨੁਸਾਰ ਯਕੀਨੀ ਬਣਾਉਣ ਲਈ ਭੇਜਿਆ ਗਿਆ ਸੀ । ਇੱਥੇ ਇਹ ਦੱਸਣਾ ਵੀ ਯੋਗ ਹੋਵੇਗਾ ਕਿ ਭਾਰਤ ਸਰਕਾਰ ਦੀਆਂ ਤੇਲ ਕੰਪਨੀਆਂ ਦੁਆਰਾ ਪ੍ਰਤੀ ਖਪਤਕਾਰ ਦੇ ਕੋਟੇ ਤੇ ਕਟੌਤੀ ਲਾਉਣ ਦੀ ਤਜਵੀਜ਼ ਪੇਸ਼ ਕੀਤੀ ਗਈ ਸੀ ਜਿਸ ਦਾ ਕਿ ਰਾਜ ਸਰਕਾਰ ਵਲੋਂ ਵਿਰੋਧ ਕਰਨ ਤੇ ਇਹ ਤਜਵੀਜ਼ ਵਾਪਸ ਲੈ ਲਈ ਗਈ ।

ਤੇਲ ਕੰਪਨੀਆਂ ਦੁਆਰਾ ਰਾਜ ਸਰਕਾਰ ਨੂੰ ਸੂਚਿਤ ਕੀਤਾ ਗਿਆ ਹੈ ਕਿ ਸਤੰਬਰ ਮਹੀਨੇ ਵਿਚ 24 ਹਜ਼ਾਰ ਮੀਟਰਕ ਟਨ ਰਸੋਈ ਗੈਸ ਪ੍ਰਤੀ ਮਹੀਨਾ ਸਪਲਾਈ ਦੀ ਥਾਂ 22 ਹਜ਼ਾਰ ਮੀਟਰਕ ਟਨ ਦੀ ਸਪਲਾਈ ਹੀ ਦਿੱਤੀ ਗਈ ਸੀ ਜਿਸ ਕਾਰਨ ਇਹ ਘਾਟ ਆਈ ਸੀ ਪਰੰਤੂ ਹੁਣ ਰਾਜ ਸਰਕਾਰ ਦੇ ਯਤਨਾਂ ਸਦਕਾ ਮੁੜ ਤੋਂ 24 ਹਜ਼ਾਰ ਮੀਟਰਕ ਟਨ ਪ੍ਰਤੀ ਮਹੀਨਾ ਰਸੋਈ ਗੈਸ ਦੀ ਸਪਲਾਈ ਪੰਜਾਬ ਰਾਜ ਲਈ ਬਹਾਲ ਕਰ ਦਿੱਤੀ ਗਈ ਹੈ, ਜਿਸ ਨਾਲ ਇਹ ਘਾਟ ਖਤਮ ਹੋ ਗਈ ਹੈ ਅਤੇ ਹੁਣ ਕਿਸੇ ਵੀ ਖਪਤਕਾਰ ਨੂੰ ਰਸੋਈ ਗੈਸ ਪ੍ਰਾਪਤ ਕਰਨ ਲਈ ਕੋਈ ਔਕੜ ਪੇਸ਼ ਨਹੀਂ ਆਵੇਗੀ । ਇੱਥੇ ਇਹ ਦੱਸਣਾ ਵੀ ਯੋਗ ਹੋਵੇਗਾ ਕਿ ਮਾਨਯੋਗ ਕੇਂਦਰੀ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਜੀ ਵਲੋਂ ਵੀ ਦੇਸ਼ ਅੰਦਰ ਐਲ.ਪੀ.ਜੀ. ਦੀ ਸਪਲਾਈ ਸਬੰਧੀ ਸਮੀਖਿਆ ਕੀਤੀ ਗਈ ਹੈ ਅਤੇ ਇਹ ਫੈਸਲਾ ਕੀਤਾ ਹੈ ਕਿ ਜ਼ਰੂਰਤ ਅਨੁਸਾਰ ਐਲ.ਪੀ.ਜੀ. ਗੈਸ ਅਯਾਤ ਕੀਤੀ ਜਾਵੇਗੀ ਤਾਂ ਜੋ ਖਪਤਕਾਰਾਂ ਨੂੰ ਰਸੋਈ ਗੈਸ ਪਹਿਲਾਂ ਦੀ ਤਰ੍ਹਾਂ ਮੁਹੱਈਆ ਕਰਵਾਈ ਜਾ ਸਕੇ ।

Original with;
Punjab Vidhan Sabha
Digitized by;
Panjab Digital Library

[ਖੁਰਾਕ ਤੇ ਸਿਵਲ ਸਪਲਾਈ ਅਤੇ ਜਨ ਸਿਹਤ ਮੰਤਰੀ]

ਜਿਥੋਂ ਤੱਕ ਰਸੋਈ ਗੈਸ ਦੀ ਬਲੈਕ ਮਾਰਕੀਟਿੰਗ ਦਾ ਸਬੰਧ ਹੈ, ਮੈਂ ਮਾਨਯੋਗ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਘਰੇਲੂ ਰਸੋਈ ਗੈਸ ਦੀ ਦੁਰਵਰਤੋਂ ਰੋਕਣ ਸਬੰਧੀ ਵਿਭਾਗ ਵਲੋਂ ਰੈਗੂਲਰ ਤੌਰ ਤੇ ਇੰਸਪੈਕਸ਼ਨਾਂ ਅਤੇ ਛਾਪੇ ਮਾਰੇ ਜਾਂਦੇ ਹਨ । ਪਿਛਲੇ ਸਮੇਂ ਦੌਰਾਨ ਰਾਜ ਅੰਦਰ 13 ਪੁਲਿਸ ਕੇਸ ਦਰਜ਼ ਕੀਤੇ ਗਏ ਹਨ ਅਤੇ 2000 ਤੋਂ ਵੱਧ ਸਿਲੰਡਰ ਜ਼ਬਤ ਕੀਤੇ ਗਏ ਹਨ । ਛਾਪੇ ਮਾਰਨ ਦੀ ਇਹ ਮੁਹਿੰਮ ਜਾਰੀ ਰਹੇਗੀ ਅਤੇ ਕਿਸੇ ਵੀ ਵਿਅਕਤੀ ਨੂੰ ਰਸੋਈ ਗੈਸ ਦੀ ਕਾਲਾ-ਬਾਜ਼ਾਰੀ ਲਈ ਬਖਸ਼ਿਆ ਨਹੀਂ ਜਾਵੇਗਾ । ਗੈਸ ਡੀਲਰਾਂ ਨੂੰ ਆਪਣੇ ਦਫਤਰਾਂ ਅਤੇ ਗੁਦਾਮਾਂ ਵਿਚ ਹਰ ਰੋਜ਼ ਸਟਾਕ ਪੋਜੀਸ਼ਨ ਅਤੇ ਰੇਟ ਡਿਸਪਲੇਅ ਕਰਨ ਦੀ ਹਦਾਇਤ ਕੀਤੀ ਗਈ ਹੈ । ਇਸ ਕੰਮ ਲਈ ਖਪਤਕਾਰ ਸੰਸਥਾਵਾਂ ਦੀ ਮੱਦਦ ਵੀ ਲਈ ਜਾ ਰਹੀ ਹੈ ਤਾਂ ਜੋ ਖਪਤਕਾਰਾਂ ਦੀ ਰਾਖੀ ਕੀਤੀ ਜਾ ਸਕੇ ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਗੈਸ ਸਪਲਾਈ ਘੱਟ ਹੋਣ ਕਰਕੇ ਅਤੇ ਗੈਸ ਦੀ ਕਿੱਲਤ ਕਰਕੇ ਪੰਜਾਬ ਦੀਆਂ ਬਹੁਤ ਸਾਰੀਆਂ ਦੁਕਾਨਾਂ ਤੇ ਗੈਸ ਦੇ ਸਿਲੰਡਰਾਂ ਵਿਚੋਂ ਚੋਰੀ ਕਰਕੇ ਗੈਸ ਵੇਚੀ ਜਾ ਰਹੀ ਹੈ ਅਤੇ ਬਲੈਕ ਵਿਚ ਵਿੱਕ ਰਹੀ ਹੈ । ਇਸ ਨੂੰ ਰੋਕਣ ਲਈ ਸਰਕਾਰ ਵਲੋਂ ਵਿਸ਼ੇਸ ਤੌਰ ਤੇ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ ਤਾਂ ਕਿ ਲੋਕਾਂ ਨੂੰ ਸਹੀ ਗੈਸ ਬਿਨਾਂ ਬਲੈਕ ਤੋਂ ਮਿਲ ਸਕੇ ।

**ਮੰਤਰੀ** : ਸਪੀਕਰ ਸਾਹਿਬ, ਮੈਂ ਸਦਨ ਦੇ ਅਤੇ ਮੈਂਬਰ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਬਲੈਕ ਕਰਦੇ ਗੈਸ ਸਿਲੰਡਰਾਂ ਸਬੰਧੀ ਪੁਲਿਸ ਨੇ ਕੇਸ ਦਰਜ ਕੀਤੇ ਹਨ ਅਤੇ ਮੈਂ ਸਦਨ ਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੀ ਚੋਰੀ ਨਹੀਂ ਹੋਣ ਦਿੱਤੀ ਜਾਵੇਗੀ ਅਤੇ ਬਲੈਕ ਨੂੰ ਰੋਕਣ ਦੀ ਪੂਰੀ ਕੋਸਿਸ਼ ਕੀਤੀ ਜਾਵੇਗੀ । ਇਸ ਨੂੰ ਰੋਕਣ ਲਈ ਮਨਿਸਟਰ ਫਲਾਈਂਗ ਸੁਕੈਡ ਬਣਾਈ ਗਈ ਹੈ । ਛਾਪੇ ਮਾਰੇ ਜਾ ਰਹੇ ਹਨ ਅਤੇ ਗੈਸ ਦੀ ਚੋਰੀ ਅਤੇ ਬਲੈਕ ਵਿਚ ਗੈਸ ਵੇਚਣ ਦੀ ਇਜਾਜ਼ਤ ਬਿਲਕੁਲ ਸਟੇਟ ਵਿਚ ਨਹੀਂ ਦਿੱਤੀ ਜਾਵੇਗੀ ਅਤੇ ਇਸ ਨੂੰ ਸਖਤੀ ਨਾਲ ਨਜਿੱਠਿਆ ਜਾਵੇਗਾ ।

---------

Original with;
Punjab Vidhan Sabha
Digitized by;
Panjab Digital Library

(ਕ੍ਰਮ ਨੰ : 20)

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਰਾਜ ਵਿੱਚ ਅਪਗ੍ਰੇਡਿਡ ਸਕੂਲਾਂ ਦੇ ਲੈਕਚਰਾਰਾਂ ਅਤੇ ਅਧਿਕਾਰੀਆਂ ਨੂੰ ਪਿਛਲੇ 6 ਮਹੀਨਿਆਂ ਤੋਂ ਤਨਖਾਹ ਦੀ ਅਦਾਇਗੀ ਨਹੀਂ ਕੀਤੀ ਗਈ । ਤਨਖਾਹਾਂ ਨਾ ਮਿਲਣ ਕਰਕੇ ਸਮਾਜ ਦਾ ਇਹ ਬਹੁਤ ਹੀ ਜ਼ਰੂਰੀ ਅੰਗ ਜਿਨ੍ਹਾਂ ਨੇ ਦੇਸ਼ ਦੇ ਭਵਿੱਖ ਦੇ ਨਿਰਮਾਣ ਵਿੱਚ ਉਘਾ ਹਿੱਸਾ ਪਾਉਣਾ ਹੈ ਉਨ੍ਹਾਂ ਵਿੱਚ ਭਾਰੀ ਮਾਯੂਸੀ ਪਾਈ ਜਾ ਰਹੀ ਹੈ ਅਤੇ ਉਹ ਗੰਭੀਰ ਮਾਇਕ ਤੰਗੀ ਮਹਿਸੂਸ ਕਰ ਰਹੇ ਹਨ ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਧਿਆਨ ਦੇਣ ਦੀ ਖੇਚਲ ਕਰਨ ।

**ਸਿੱਖਿਆ ਮੰਤਰੀ** (ਸ਼੍ਰੀ ਹਰਨਾਮ ਦਾਸ ਜੌਹਰ) : ਸਪੀਕਰ ਸਾਹਿਬ, ਹਾਂ ਜੀ । ਸਾਲ 2001 ਵਿਚ ਸਰਕਾਰ ਨੇ 176 ਸਕੂਲ ਪ੍ਰਾਇਮਰੀ ਤੋਂ ਮਿਡਲ, ਮਿਡਲ ਤੋਂ ਹਾਈ ਅਤੇ ਹਾਈ ਤੋਂ ਸੀਨੀਅਰ ਸੈਕੰਡਰੀ ਅੱਪਗਰੇਡ ਕੀਤੇ ਸਨ । ਇਨ੍ਹਾਂ ਸਕੂਲਾਂ ਲਈ ਵਿੱਤ ਵਿਭਾਗ ਵਲੋਂ ਅਧਿਆਪਕਾਂ ਅਤੇ ਲੈਕਚਰਾਰਾਂ ਦੀ ਕੋਈ ਵੀ ਪੋਸਟ ਪ੍ਰਵਾਨ ਨਹੀਂ ਕੀਤੀ ਗਈ ਸੀ । ਫਿਰ ਵੀ ਲੋਕ ਹਿੱਤ ਵਿਚ ਕੁਝ ਅਧਿਆਪਕਾਂ ਅਤੇ ਲੈਕਚਰਾਰਾਂ ਨੂੰ ਬਦਲ ਕੇ ਇਨ੍ਹਾਂ ਸਕੂਲਾਂ ਵਿਚ ਲਗਾਇਆ ਗਿਆ ਸੀ ਅਤੇ ਉਨ੍ਹਾਂ ਨੂੰ 31-3-2005 ਤੱਕ ਲਗਾਤਾਰ ਤਨਖਾਹ ਦਿੱਤੀ ਗਈ । ਇਨ੍ਹਾਂ ਦੀ ਤਨਖਾਹ ਹੋਰ ਸਕੂਲਾਂ ਵਿਚ ਅਧਿਆਪਕਾਂ ਅਤੇ ਲੈਕਚਰਾਰਾਂ ਦੀਆਂ ਖਾਲੀ ਪਈਆਂ ਅਸਾਮੀਆਂ ਤੋਂ ਕਢਵਾਈ ਗਈ ਸੀ । ਸਾਲ 2005-06 ਲਈ ਵਿੱਤ ਵਿਭਾਗ ਨੇ ਕੇਵਲ ਉਨ੍ਹਾਂ ਅਧਿਆਪਕਾਂ/ਲੈਕਚਰਾਰਾਂ ਦੀ ਤਨਖਾਹ ਦਾ ਬਜਟ ਅਲਾਟ ਕੀਤਾ ਹੈ ਜਿਹੜੇ ਕਿ ਪ੍ਰਵਾਨਿਤ ਪੋਸਟਾਂ ਤੇ ਕੰਮ ਕਰਦੇ ਸਨ ਜਦੋਂ ਕਿ ਖਾਲੀ ਅਸਾਮੀਆਂ ਲਈ ਕੋਈ ਬਜਟ ਅਲਾਟ ਨਹੀਂ ਕੀਤਾ ਗਿਆ । ਇਸ ਕਾਰਨ ਬਿਨਾਂ ਅਸਾਮੀ ਤੋਂ ਕੰਮ ਕਰ ਰਹੇ 66 ਲੈਕਚਰਾਰਾਂ/ਮਾਸਟਰਾਂ ਦੀ ਤਨਖਾਹ ਨਹੀਂ ਕਢਵਾਈ ਜਾ ਸਕੀ । ਇਨ੍ਹਾਂ ਕਰਮਚਾਰੀਆਂ ਦੀ ਤਨਖਾਹ ਖਾਲੀ ਅਸਾਮੀਆਂ ਤੋਂ ਕਢਵਾਉਣ ਲਈ ਮਨਜ਼ੂਰੀ ਪ੍ਰਾਪਤ ਕਰਨ ਦਾ ਮਾਮਲਾ ਵਿੱਤ ਵਿਭਾਗ ਪਾਸ ਉਠਾਇਆ ਗਿਆ ਹੈ । ਜਿਉਂ ਹੀ ਵਿੱਤ ਵਿਭਾਗ ਤੋਂ ਇਹ ਪ੍ਰਵਾਨਗੀ ਪ੍ਰਾਪਤ ਹੋ ਜਾਵੇਗੀ ਤੁਰੰਤ ਹੀ ਇਨ੍ਹਾਂ ਲੈਕਚਰਾਰਾਂ/ਮਾਸਟਰਾਂ ਦੀ ਤਨਖਾਹ ਉਨ੍ਹਾਂ ਨੂੰ ਅਦਾ ਕਰ ਦਿੱਤੀ ਜਾਵੇਗੀ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਮਨਪ੍ਰੀਤ ਸਿੰਘ ਬਾਦਲ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਕੇਵਲ 66 ਸਕੂਲ ਲੈਕਚਰਾਰ ਹਨ ਜਿਨ੍ਹਾਂ ਦੀ ਤਨਖਾਹ ਦਾ ਬਕਾਇਆ ਰਹਿੰਦਾ ਹੈ, ਦਰਅਸਲ ਇਨ੍ਹਾਂ ਦੀ ਤਦਾਦ 300 ਟੀਚਰਜ਼ ਦੇ ਕਰੀਬ ਹੈ ਜਿਨ੍ਹਾਂ ਦਾ ਬਕਾਇਆ ਬਣਦਾ ਹੈ । ਇਹ ਪਿਛਲੇ 7 ਮਹੀਨਿਆਂ ਤੋਂ ਬਿਨਾਂ ਤਨਖਾਹ ਕੰਮ ਕਰ ਰਹੇ ਹਨ । ਮੇਰੀ ਕਾਲ ਅਟੈਂਸ਼ਨ ਨੋਟਿਸ ਸਦਨ ਵਿਚ ਦੇਣ ਦਾ ਮਤਲਬ ਇਹ ਸੀ ਕਿ ਤਕਰੀਬਨ 30 ਹਜ਼ਾਰ ਟੀਚਰਜ਼ ਪੰਜਾਬ ਦੇ ਸਕੂਲਾਂ ਵਿਚੋਂ ਗੈਰ ਹਾਜ਼ਰ ਹਨ ਅਤੇ 1300 ਟੀਚਰਜ਼ ਸੀਨੀਅਰ ਸੈਕੰਡਰੀ ਸਕੂਲਾਂ ਵਿਚੋਂ ਗੈਰ ਹਾਜ਼ਰ ਹਨ ਅਤੇ 1000 ਹੋਰ ਟੀਚਰ ਹਾਈ ਸਕੂਲ ਦੇ ਨਹੀਂ ਹਨ । ਕੱਲ੍ਹ ਸਦਨ ਵਿਚ ਜਵਾਬ ਦਿੰਦੇ ਹੋਏ ਮਨਿਸਟਰ ਸਾਹਿਬ ਨੇ ਮੰਨਿਆ ਸੀ ਕਿ ਪੁੱਡਾ ਨੇ ਗੌਰਮਿੰਟ ਸਕੂਲ ਸਾਈਟਸ, ਜਿਹੜੀ ਅਰਬਾਂ ਰੁਪਏ ਦੀ ਸੀ, ਨੂੰ ਰਿਜ਼ਿਊਮ ਕਰ ਲਿਆ ਹੈ ਕਿਉਂਕਿ ਸਰਕਾਰ ਪੁੱਡਾ ਨੂੰ ਪੈਸੇ ਅਦਾ ਨਹੀਂ ਕਰ ਸਕੀ ਪਰ ਸਰਕਾਰ ਹੁਣ ਕਹਿ ਰਹੀ ਹੈ ਕਿ ਅਸੀਂ ਉਪਰਾਲੇ ਕਰ ਰਹੇ ਹਾਂ । ਜਿਨ੍ਹਾਂ ਟੀਚਰਜ਼ ਨੂੰ 7 ਮਹੀਨਿਆਂ ਤੋਂ ਤਨਖਾਹ ਨਹੀਂ ਮਿਲ ਰਹੀ, ਇਹ ਕੋਈ ਨਵੇਂ ਟੀਚਰ ਨਹੀਂ ਹਨ ਬਲਕਿ 10-10 ਸਾਲ ਪੁਰਾਣੇ ਟੀਚਰ ਹਨ । ਸਰਕਾਰ ਨੂੰ ਹਾਊਸ ਦੇ ਵਿਚ ਆਸ਼ਵਾਸਨ ਦੇਣਾ ਚਾਹੀਦਾ ਹੈ ਕਿ ਇਨ੍ਹਾਂ ਨੂੰ ਤਨਖਾਹਾਂ ਕਦੋਂ ਤੱਕ ਮਿਲ ਜਾਣਗੀਆਂ ਕਿਉਂਕਿ ਇਹ ਟੀਚਰਜ਼ ਸਰਕਾਰ ਦੇ ਖਿਲਾਫ ਹਾਈ ਕੋਰਟ ਦੇ ਵਿਚ ਚਲੇ ਗਏ ਹਨ । ਕੀ ਸਰਕਾਰ ਇਸ ਗੱਲ ਦਾ ਵਿਸ਼ਵਾਸ ਸਦਨ ਵਿਚ ਦੇਣ ਲਈ ਤਿਆਰ ਹੈ ਕਿ ਇਨ੍ਹਾਂ ਟੀਚਰਜ਼ ਨੂੰ ਬਿਨਾਂ ਦੇਰੀ ਤਨਖਾਹ ਦੇ ਦਿੱਤੀ ਜਾਵੇਗੀ ।

**ਮਾਨਯੋਗ ਸਪੀਕਰ :** ਹਾਂ ਜੀ, ਮੰਤਰੀ ਜੀ ।

**ਮੰਤਰੀ :** ਸਪੀਕਰ ਸਾਹਿਬ, ਮੈਂ ਯਾਦ ਕਰਵਾ ਦਿੰਦਾ ਹਾਂ ਕਿ ਬਾਦਲ ਸਰਕਾਰ ਸਾਲ 2001 ਵਿਚ 176 ਸਕੂਲ ਅਪਗ੍ਰੇਡ ਕਰ ਗਈ ਪਰ ਨਾਲ ਉਨ੍ਹਾਂ ਦਾ ਕੋਈ ਬੰਦੋਬਸਤ ਨਹੀਂ ਕਰ ਕੇ ਗਈ ਕਿ ਤਨਖਾਹ ਕਿਥੋਂ ਮਿਲੇਗੀ । (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਤੁਸੀਂ ਤਾਂ ਇਹ ਦੱਸੋ ਕਿ ਹੁਣ ਮਿਲੇਗੀ ਕਿ ਨਹੀਂ ?

**ਮੰਤਰੀ :** ਗੱਲ ਤਾਂ ਪੂਰੀ ਸੁਣ ਲਓ ਜੀ । ਤੁਹਾਡਾ ਸਾਰਿਆਂ ਦਾ ਸ਼ੱਕ ਦੂਰ ਹੋ ਜਾਵੇਗਾ । No post of teachers and lecturers was sanctioned for these upgraded schools by the Finance department . ਫਿਰ ਵੀ ਅਸੀਂ ਜਿਹੜੀਆਂ ਖਾਲੀ ਪੋਸਟਾਂ ਪਈਆਂ ਹਨ, ਉਨ੍ਹਾਂ ਦੇ ਖਿਲਾਫ ਤਨਖਾਹ ਕਢਾ ਕੇ ਦਿੰਦੇ ਰਹੇ ਲੇਕਿਨ

Original with;
Punjab Vidhan Sabha
Digitized by;
Panjab Digital Library

ਫਾਈਨਾਂਸ ਡਿਪਾਰਟਮੈਂਟ ਨੇ ਸਮਝਿਆ ਕਿ ਉਨ੍ਹਾਂ ਦੀਆਂ ਸੈਂਕਸ਼ਨਾਂ ਹੋਣੀਆਂ ਚਾਹੀਦੀਆਂ ਹਨ ਔਰ ਉਹ ਸੈਂਕਸ਼ਨਾਂ ਲਈ ਅਸੀਂ ਦਰਖਾਸਤ ਦਿੱਤੀ ਹੋਈ ਹੈ । ਉਨ੍ਹਾਂ ਨੂੰ ਰਿਕੁਐਸਟ ਕੀਤੀ ਹੋਈ ਹੈ । ਉਪਰਾਲੇ ਇਹੀ ਕਰ ਰਹੇ ਹਾਂ ਕਿ ਜਦੋਂ ਸੈਂਕਸ਼ਨ ਆ ਜਾਵੇਗੀ, ਉਨ੍ਹਾਂ ਨੂੰ ਵੀ ਤਨਖਾਹ ਦਿੱਤੀ ਜਾਵੇਗੀ ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ........

**Mr. Speaker** : No question .

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਦੋ ਸਪਲੀਮੈਂਟਰੀਆਂ ਕਰ ਸਕਦੇ ਹਾਂ ।

**Mr. Speaker** : Discussion not allowed. No more question.

-----------------

PAPERS LAID ON THE TABLE

**Mr. Speaker** : Minister to lay Papers on the Table.

**Local Government, Parliamentary Affairs, Labour & Employment and Elections Minister** (Chaudhary Jagjit Singh) : Sir, I beg to lay on the Table-

1. (i) The Punjab School Education Board (Amendment) Ordinance, 2005 (Punjab Ordinance No. 8 of 2005); and

   (ii) The Punjab Industrial Facilitation Ordinance, 2005 (Punjab Ordinance No. 10 of 2005).

   as required under Article 213 (2) (a) of the Constitution of India.

2. (i) Finance Accounts of Government of Punjab for the year 2004-05; and

   (ii) Appropriation Accounts of Government of Punjab for the year 2004-05,

   as required under Article 151 (2) of the Constitution of India.

Original with;
Punjab Vidhan Sabha
Digitized by;
Panjab Digital Library

[Local Government, Parliamentary Affairs, Labour & Employment and Elections Minister]

3. Audit Report on the Accounts of Punjab Water Supply and Sewerage Board for the year 2000-01 and 2001-02, as required under Section 45 of the Punjab Water Supply and Sewerage Board Act, 1976.

---

## LEGISLATIVE BUSINESS

### i. THE PUNJAB PLASTIC CARRY BAGS (MANUFACTURE, USAGE AND DISPOSAL) CONTROL BILL, 2005 *(REPLACING ORDINANCE).*

**Mr. Speaker :** Chaudhary Sahib.

**Local Government, Parliamentary Affairs, Labour & Employment and Elections Minister** (Chaudhary Jagjit Singh) : Sir, I beg to introduce the Punjab Plastic Carry Bags (Manufacture, Usage and Disposal) Control Bill.

Sir, I also beg to move-

That the Punjab Plastic Carry Bags (Manufacture, Usage and Disposal) Control Bill be taken into consideration at once.

**Mr. Speaker :** Motion moved-

That the Punjab Plastic Carry Bags (Manufacture, Usage and Disposal) Control Bill be taken into consideration at once.

Discussion.

**ਸ਼੍ਰੀ ਤਿਕਸ਼ਨ ਸੂਦ** (ਹੁਸ਼ਿਆਰਪੁਰ) : ਸਪੀਕਰ ਸਾਹਿਬ, ਅੱਜ 10 ਬਿਲਾਂ ਦੀ ਇਕੱਠੀ ਲਿਸਟ ਆ ਗਈ ਹੈ । ਬਿਲ ਕੱਲ੍ਹ ਮਿਲੇ ਹਨ, ਆਰਡੀਨੈਂਸ ਪਹਿਲਾਂ ਮਿਲੇ ਸਨ । ਅਸੀਂ ਅੱਗੇ ਵੀ ਕਹਿੰਦੇ ਰਹੇ ਹਾਂ ਕਿ ਹਾਊਸ ਲੰਬਾ ਚਲੇ ਤਾਂ ਜ਼ਿਆਦਾ ਠੀਕ ਹੈ । ਹਾਊਸ ਦਾ ਮੇਨ ਫੰਕਸ਼ਨ ਲੈਜਿਸਲੇਟਿਵ ਬਿਜ਼ਨਸ ਹੈ । ਕਾਨੂੰਨ ਬਣਾਉਣਾ ਹਾਊਸ ਦਾ ਮੁੱਖ ਕੰਮ ਹੈ । ਕਈ ਮੈਂਬਰ ਸਾਹਿਬਾਨ ਤਾਂ ਬਿਲ ਪੜ੍ਹ ਹੀ ਨਹੀਂ ਪਾਉਂਦੇ । ਸਾਡਾ ਐਕਸਪੀਰੀਐਂਸ ਹੈ ਕਿ ਕਈ ਦਫਾ ਕਨਸਰਨਡ ਮਨਿਸਟਰ ਨੇ ਵੀ ਚੰਗੀ ਤਰ੍ਹਾਂ ਬਿਲ ਨੂੰ ਪੜ੍ਹਿਆ ਨਹੀਂ ਹੁੰਦਾ, ਸਮਝਿਆ ਨਹੀਂ ਹੁੰਦਾ । ਪਿੱਛੇ ਇਕ ਵੈਟ ਦਾ ਬਿਲ

Original with;
Punjab Vidhan Sabha
Digitized by;
Panjab Digital Library

ਆਇਆ ਸੀ । ਉਸ ਵਿਚ ਮੌਕੇ ਤੇ ਹੀ ਸਰਕਾਰ ਨੂੰ ਕਈ ਅਮੈਂਡਮੈਂਟਸ ਕਰਨੀਆਂ ਪਈਆਂ । ਬਿਲ ਠੀਕ ਟਾਈਮ ਸਿਰ ਨਾ ਦੇਣ ਦਾ ਇਹ ਸਿਲਸਿਲਾ ਅਜੇ ਵੀ ਜਾਰੀ ਹੈ। ਇਹ ਲੈਜਿਸਲੇਟਿਵ ਬਿਜ਼ਨੈਸ ਹੈ ਅਤੇ ਅੱਜ 11 ਬਿਲ ਸਾਡੇ ਸਾਹਮਣੇ ਹਨ । ਇਨ੍ਹਾਂ ਵਿਚੋਂ ਕਈ ਤਾਂ 30-30,40-40 ਸਫਿਆਂ ਦੇ ਵੀ ਹਨ । ਜੇ ਮੈਂਬਰ ਸਾਹਿਬਾਨ ਇਨ੍ਹਾਂ ਨੂੰ ਅੱਛੀ ਤਰ੍ਹਾਂ ਪੜ੍ਹ ਨਹੀਂ ਲੈਂਦੇ ਤਾਂ ਇਨ੍ਹਾਂ ਦੀਆਂ ਇੰਪਲੀਕੇਸ਼ਨਜ਼ ਨੂੰ ਉਹ ਸਮਝ ਨਹੀਂ ਸਕਦੇ । ਕੁਝ ਫੀਡ ਬੈਕ ਅਸੀਂ ਪਬਲਿਕ ਤੋਂ ਵੀ ਲੈਣੀ ਹੁੰਦੀ ਹੈ । ਜੇ ਅਸੀਂ ਇਨ੍ਹਾਂ ਬਿਲਾਂ ਨੂੰ ਚੰਗੀ ਤਰ੍ਹਾਂ ਸਟੱਡੀ ਨਹੀਂ ਕਰ ਸਕਦੇ ਤਾਂ ਬੀਇੰਗ ਲੈਜਿਸਲੇਟਰ ਜਿਹੜੀ ਇਕ ਡਿਊਟੀ ਸਾਡੇ ਤੇ ਪਬਲਿਕ ਨੇ ਇੰਪੋਜ਼ ਕੀਤੀ ਹੈ, ਉਸ ਨੂੰ ਅਸੀਂ ਜਸਟੀਫਾਈ ਨਹੀਂ ਕਰ ਸਕਦੇ । ਜਿਥੋਂ ਤੱਕ ਇਸ ਆਰਡੀਨੈਂਸ ਦਾ ਸਵਾਲ ਹੈ, ਸਾਡਾ ਵਿਚਾਰ ਇਸ ਨੂੰ ਡਿਸਓਨ ਕਰਨ ਦਾ ਸੀ । ਅੱਜ ਇਸ ਤੇ ਬਿਲ ਪੇਸ਼ ਹੋ ਗਿਆ ਹੈ । ਇਸ ਦੇ ਬਾਰੇ ਮੈਂ ਸੈਂਕਸ਼ਨ 14 ਤਹਿਤ ਇਕ ਅਮੈਂਡਮੈਂਟ ਵੀ ਦਿੱਤੀ ਹੈ । ਜੇ ਇਜਾਜ਼ਤ ਦਿਓ ਤਾਂ ਉਸ ਬਾਰੇ ਡਿਸਕਸ਼ਨ ਕਰ ਲੈਂਦੇ ਹਾਂ ।

**ਮਾਨਯੋਗ ਸਪੀਕਰ** : ਆਰਡੀਨੈਂਸ ਨੇ ਹੀ ਬਿਲ ਬਣਨਾ ਹੁੰਦਾ ਹੈ । ਹੁਣ ਤੁਸੀ ਇਸ ਤੇ ਬੋਲਣਾ ਚਾਹੁੰਦੇ ਹੋ ?

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੋਜ਼ਗਾਰ ਅਤੇ ਚੋਣਾਂ ਮੰਤਰੀ** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ ਕਿਹਾ ਹੈ ਕਿ ਬਿਲ ਅੱਜ ਜ਼ਿਆਦਾ ਹਨ । ਜੇ ਇਹ ਸਮਝਦੇ ਹਨ ਕਿ ਇਨ੍ਹਾਂ ਨੂੰ ਤਿਆਰੀ ਕਰਨ ਦਾ ਪੂਰਾ ਮੌਕਾ ਨਹੀਂ ਮਿਲਿਆ ਤਾਂ ਇਸ ਦਾ ਹਲ ਇਹ ਹੋ ਸਕਦਾ ਹੈ ਕਿ ਜਿੰਨੇ ਕੁ ਬਿਲ ਅੱਜ ਪਾਸ ਹੋ ਸਕਦੇ ਹਨ, ਕਰ ਲਏ ਜਾਣ ਅਤੇ ਬਾਕੀ ਦੇ ਬਿਲ 18 ਤਰੀਕ ਨੂੰ ਕਰ ਲਏ ਜਾਣ ।

**ਮਾਨਯੋਗ ਸਪੀਕਰ** : ਜਿਹੜੇ ਬਿਲ ਇਨ੍ਹਾਂ ਨੇ ਪੜ੍ਹੇ ਹੋਏ ਹਨ, ਉਹ ਅੱਜ ਪਾਸ ਕਰ ਲਏ ਜਾਣ ਅਤੇ ਬਾਕੀ ਦੇ 18 ਤਰੀਕ ਨੂੰ ਕਰ ਲਏ ਜਾਣ ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਸਵਾਲ ਇਕੱਲੇ ਮੇਰੇ ਦਾ ਨਹੀਂ ਹੈ । ਸਵਾਲ ਤਾਂ ਸਮੁੱਚੇ ਹਾਊਸ ਦਾ ਹੈ । ਬਿਲ ਕੱਲ੍ਹ ਸ਼ਾਮ ਨੂੰ ਲੇਅ ਹੋਏ ਹਨ । ਇਹ ਪਰਾਪਰ ਟਾਈਮ ਤੇ ਮੈਂਬਰਾਂ ਨੂੰ ਮਿਲਣੇ ਚਾਹੀਦੇ ਸਨ ਤਾਂ ਕਿ ਸਾਰੇ ਮੈਂਬਰਾਂ ਦੀ ਇਸ ਵਿਚ ਪਾਰਟੀਸਿਪੇਸ਼ਨ ਹੋ ਸਕਦੀ ।

**ਮਾਨਯੋਗ ਸਪੀਕਰ** : ਤੁਸੀ ਇਸ ਬਿਲ ਬਾਰੇ ਕੁਝ ਕਹਿਣਾ ਹੈ?

Original with;
Punjab Vidhan Sabha
Digitized by;
Panjab Digital Library

**ਸ਼੍ਰੀ ਤਿਕਸ਼ਨ ਸੂਦ** : ਜਦੋਂ ਬਿਲ ਤੇ ਡਿਸਕਸ਼ਨ ਹੋਵੇਗੀ, ਉਦੋਂ ਬੋਲਾਂਗਾ । ਸਵਾਲ ਤਾਂ ਫੀਡ ਬੈਕ ਦਾ ਹੈ । ਇਸ ਦੇ ਵਾਸਤੇ ਪਰਾਪਰ ਟਾਈਮ ਤੇ ਬਿਲ ਮਿਲਣੇ ਚਾਹੀਦੇ ਹਨ ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਨੇ ਕਿਹਾ ਹੈ ਕਿ ਜਿੰਨੇ ਸੰਭਵ ਹੋ ਸਕਦੇ ਹਨ, ਉਨੇ ਬਿਲ ਪਾਸ ਕਰ ਲੲੇ ਜਾਣ ਅਤੇ ਬਾਕੀ ਦੇ 18 ਤਰੀਕ ਨੂੰ ਕਰ ਲਏ ਜਾਣ । ਇਹ ਫੈਸਲਾ ਕਰ ਲੈਣ ਕਿ ਕਿਹੜਾ ਬਿਲ ਅੱਜ ਪਾਸ ਕਰਨਾ ਹੈ ਅਤੇ ਕਿਹੜਾ ਕਿਹੜਾ 18 ਤਰੀਕ ਨੂੰ ਕਰਨਾ ਹੈ ਤਾਂ ਕਿ ਮੈਂਬਰ ਉਸ ਮੁਤਾਬਿਕ ਆਪਣੀ ਤਿਆਰੀ ਕਰ ਲੈਣ । ਲਵਲੀ ਯੂਨੀਵਰਸਿਟੀ ਦਾ ਬਿਲ ਕਾਫੀ ਇੰਪਾਰਟੈਂਟ ਬਿਲ ਹੈ ਅਤੇ ਉਹ 50-60 ਪੇਜ਼ ਦਾ ਹੈ । ਐਡੇ ਵੱਡੇ ਬਿਲ ਨੂੰ ਸਟੱਡੀ ਕਰਨ ਵਾਸਤੇ ਟਾਈਮ ਚਾਹੀਦਾ ਹੈ । ਇਸੇ ਤਰ੍ਹਾਂ ਐਜੂਕੇਸ਼ਨ ਬੋਰਡ ਦਾ ਬਿਲ ਵੀ ਇੰਪਾਰਟੈਂਟ ਹੈ । ਸਾਨੂੰ ਪਤਾ ਲੱਗ ਜਾਵੇ ਕਿ ਕਿਹੜਾ ਬਿਲ ਅੱਜ ਪਾਸ ਹੋਣਾ ਹੈ ਅਤੇ ਕਿਹੜਾ 18 ਤਰੀਕ ਨੂੰ ਹੋਣਾ ਹੈ ਤਾਂ ਅਸੀਂ ਉਸ ਮੁਤਾਬਿਕ ਆਪਣੀ ਤਿਆਰੀ ਕਰ ਸਕੀਏ ।

**ਮਾਨਯੋਗ ਸਪੀਕਰ** : ਤੁਹਾਡੀ ਗੱਲ ਠੀਕ ਹੈ । ਦੋ ਬਿਲ-ਇਕ ਐਜੂਕੇਸ਼ਨ ਬੋਰਡ ਦਾ ਅਤੇ ਇਕ ਲਵਲੀ ਯੂਨੀਵਰਸਿਟੀ ਦਾ, 18 ਤਰੀਕ ਨੂੰ ਲੈ ਲਏ ਜਾਣ ਅਤੇ ਬਾਕੀ ਅੱਜ ਲੈ ਲਏ ਜਾਣ । ਕੀ ਹਾਊਸ ਇਸ ਗੱਲ ਤੇ ਐਗਰੀ ਕਰਦਾ ਹੈ ?

(ਆਵਾਜ਼ਾਂ : ਠੀਕ ਹੈ ਜੀ, ਠੀਕ ਹੈ ।)

ਠੀਕ ਹੈ । ਸੂਦ ਸਾਹਿਬ, ਇਹ ਜਿਹੜਾ ਬਿਲ ਹੁਣ ਪੇਸ਼ ਹੋਇਆ ਹੈ, ਤੁਸੀਂ ਇਸ ਤੇ ਕੁਝ ਕਹਿਣਾ ਚਾਹੁੰਦੇ ਹੋ ? ਐਜੂਕੇਸ਼ਨ ਬੋਰਡ ਅਤੇ ਲਵਲੀ ਯੂਨੀਵਰਸਿਟੀ ਵਾਲੇ ਦੋਵੇਂ ਬਿਲ 18 ਤਰੀਕ ਨੂੰ ਲੈ ਲਵਾਂਗੇ ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਅੱਜ ਇਥੇ ਪੰਜਾਬ ਪਲਾਸਟਿਕ ਕੈਰੀ ਬੈਗਜ਼ (ਮੈਨੂਫੈਕਚਰ, ਯੂਜੇਜ਼/ਐਂਡ ਡਿਸਪੋਜ਼ਲ) ਕੰਟਰੋਲ ਬਿਲ ਪੇਸ਼ ਹੋਇਆ ਹੈ । ਵਾਕਈ ਪਲਾਸਟਿਕ ਦੇ ਲਿਫਾਫੇ ਇਕ ਬੜੀ ਵੱਡੀ ਨਿਊਸੈਂਸ ਸੀ ਅਤੇ ਹੈਲਥ ਹੈਜ਼ਰਡ ਸੀ । ਇਨ੍ਹਾਂ ਦੀ ਵਜ੍ਹਾ ਕਰਕੇ ਹਰ ਪਾਸੇ ਗੰਦਗੀ ਵਿਖਾਈ ਦਿੰਦੀ ਸੀ । ਇਸ ਤੋਂ ਪਹਿਲਾਂ 4 ਹੋਰ ਸਟੇਟਾਂ ਨੇ ਵੀ ਇਸ ਨੂੰ ਬੰਦ/ਕੰਟਰੋਲ ਕਰਨ ਦਾ ਇੰਤਜ਼ਾਮ ਕੀਤਾ ਹੈ ਅਤੇ ਅੱਜ ਇਸ ਸਟੇਟ ਨੇ ਵੀ ਇਹ ਬਿਲ ਇਸ ਮਕਸਦ ਵਾਸਤੇ ਲਿਆਂਦਾ ਹੈ । ਮੈਂ

Original with;
Punjab Vidhan Sabha
Digitized by;
Panjab Digital Library

ਕਹਿਣਾ ਚਾਹੁੰਦਾ ਹਾਂ ਕਿ ਜੇ ਇਹ ਬਿਲ ਟਾਈਮ ਸਿਰ ਮਿਲ ਜਾਂਦਾ ਤਾਂ ਅਸੀਂ ਇਸ ਨੂੰ ਬਰੀਕੀ ਨਾਲ ਸਟੱਡੀ ਕਰ ਲੈਂਦੇ । ਇਸ ਤੋਂ ਪਹਿਲਾਂ ਕਿ ਅਸੀਂ ਪਬਲਿਕ ਵਿਚ ਜਾਂਦੇ ਅਤੇ ਸਾਨੂੰ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ, ਅਸੀਂ ਪਹਿਲਾਂ ਹੀ ਸਾਰਾ ਕੁਝ foresee ਕਰ ਲੈਂਦੇ ਤਾਂ ਅੱਛਾ ਹੁੰਦਾ । ਇਸ ਨੂੰ ਬਰੀਕੀ ਨਾਲ ਪੜ੍ਹਿਆ ਹੁੰਦਾ ਤਾਂ ਚੰਗਾ ਹੁੰਦਾ । ਇਨ੍ਹਾਂ ਪਲਾਸਟਿਕ ਦੇ ਲਿਫਾਫਿਆਂ ਦਾ ਬੜਾ ਮਲਟੀਫੇਰੀਅਸ ਯੂਜ਼ ਹੋ ਚੁੱਕਾ ਹੈ । ਇਸ ਕਰਕੇ ਜੇ ਇਕ ਦਮ ਇਸ ਨੂੰ ਮਾਰਕੀਟ ਵਿਚੋਂ ਕੱਢ ਦੇਈਏ ਤਾਂ ਬੜੀ ਮੁਸ਼ਕਲ ਹੋ ਜਾਵੇਗੀ । ਜਿਹੜੇ ਲੋਕ ਇਸ ਕੰਮ ਨਾਲ ਰੋਜ਼ੀ ਰੋਟੀ ਲਈ ਜੁੜੇ ਹੋਏ ਹਨ, ਉਨ੍ਹਾਂ ਬਾਰੇ ਸਾਨੂੰ ਸੋਚਣਾ ਪਵੇਗਾ । ਜੇ ਅਸੀਂ ਇਨ੍ਹਾਂ ਲਿਫਾਫਿਆਂ ਨੂੰ ਨਹੀਂ ਕੱਢਦੇ ਤਾਂ ਇਨਵਾਇਰਮੈਂਟ ਨੂੰ ਨੁਕਸਾਨ ਹੁੰਦਾ ਹੈ ਅਤੇ ਜੇ ਕੱਢਦੇ ਹਾਂ ਤਾਂ ਜਿਨ੍ਹਾਂ ਦੀ ਰੋਜ਼ੀ ਰੋਟੀ ਖਤਮ ਹੁੰਦੀ ਹੈ, ਉਨ੍ਹਾਂ ਤੋਂ ਅਸੀਂ ਬੁਰੇ ਬਣਦੇ ਹਾਂ । ਸਪੀਕਰ ਸਾਹਿਬ, ਇਸ ਬਿਲ ਦੇ ਵਿੱਚ ਜਿਹੜੀਆਂ ਦੋ-ਤਿੰਨ ਗੱਲਾਂ ਮੈਂ ਕਹਿਣ ਵਾਲਾ ਹਾਂ ਉਹ ਇਸ ਬਿਲ ਦੇ Provisions of Enforcement ਨਾਲ ਸਬੰਧਤ ਹਨ । ਸਭ ਤੋਂ ਪਹਿਲਾਂ **ਸੈਕਸ਼ਨ 13 ਅਤੇ 14** ਬਾਰੇ ਕਹਿਣਾ ਹੈ, ਇਹ important ਸੈਕਸ਼ਨਜ਼ ਹਨ । **ਸੈਕਸ਼ਨ 14 ਦੇ ਵਿੱਚ** Penalties ਦੇ ਪਰੋਵੀਜ਼ਨ ਹਨ ।

In Section 14 it is provided that whoever contravenes the provisions of sections 3, 4 or 5 or fails to comply with any order or direction given under this Act, shall be punishable with imprisonment for a term, which shall not be less than three months and which may extend to one year or with fine of not less than twenty-five thousand rupees or with both.

ਸਪੀਕਰ ਸਾਹਿਬ, ਇਹ ਜਿਹੜਾ ਬਿਲ ਹੈ ਇਹਦੇ ਵਿੱਚ ਮੈਨੂੰ ਬੜੀ ਹੈਰਾਨਗੀ ਹੋਈ ਜਿਸ ਵੇਲੇ ਮੈਂ ਇਹ ਨੂੰ ਪੜ੍ਹਿਆ ਕਿ ਇਹਦੇ ਵਿੱਚ ਮਿਨੀਮਮ ਸਜ਼ਾ ਦੀ ਪਰੋਵੀਜ਼ਨ ਕੀਤੀ ਹੈ । ਜਿਹੜੇ ਬਹੁਤ ਹੀਨੀਅੱਸ ਕ੍ਰਾਈਮਜ਼ ਹੁੰਦੇ ਹਨ, ਸਪੀਕਰ ਸਾਹਿਬ, ਉਨ੍ਹਾਂ ਵਿੱਚ ਘੱਟ ਤੋਂ ਘੱਟ ਸਜ਼ਾ ਬਾਰੇ ਗੱਲ ਕੀਤੀ ਜਾਂਦੀ ਹੈ । ਸਾਡਾ ਪੂਰਾ ਇੰਡੀਅਨ ਪੀਨਲ ਕੋਡ ਭਰਿਆ ਪਿਆ ਹੈ । ਇਹਦੇ ਵਿੱਚ ਕੋਈ ਅਜਿਹਾ ਐਕਸੈਪਸ਼ਨਲ ਸੈਕਸ਼ਨ ਹੁੰਦਾ ਹੈ, ਜਿਸ ਦੇ ਵਿੱਚ ਘੱਟ ਤੋਂ ਘੱਟ ਸਜ਼ਾ ਦੀ ਪਰੋਵੀਜ਼ਨ ਹੁੰਦੀ ਹੈ । ਉਸ ਦੇ ਨਾਲ, ਸਪੀਕਰ ਸਾਹਿਬ, ਕਿਉਂਕਿ ਕਈ ਵਾਰ ਬੰਦੇ ਦੀ ਇਨਟੈਨਸ਼ਨ ਦੀ ਡਿਗਰੀ ਏਨੀ ਜ਼ਿਆਦਾ ਨਹੀਂ ਹੁੰਦੀ, ਜਿੰਨਾ ਕਿ ਉਹਦੇ ਸਿਰ ਦੇ ਉਤੇ ਜੁਰਮ ਪੈ ਜਾਂਦਾ ਹੈ । ਸੋ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੈਨਲਟੀ ਦੀ ਕਲਾਜ਼ ਬੜੀ ਹਾਰਸ਼ ਹੈ ਅਤੇ ਅਦਾਲਤ ਨੂੰ ਡਿਸਕ੍ਰਿਸ਼ਨ ਦਾ ਸਕੋਪ ਬਹੁਤ ਘੱਟ ਦਿੱਤਾ ਗਿਆ ਹੈ ਔਰ ਇਹਦੇ ਵਿੱਚ ਅਫ਼ਸਰਸ਼ਾਹੀ ਆਪਣੀ ਪਾਵਰ ਨੂੰ ਮਿਸਯੂਜ਼ ਕਰੇਗੀ ਅਤੇ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਤਿਕਸ਼ਨ ਸੂਦ]

ਆਪਣੀਆਂ ਪਾਵਰਜ਼ ਦਾ ਉਹ ਨਜਾਇਜ਼ ਫਾਇਦਾ ਉਠਾਏਗੀ ਕਿਉਂਕਿ ਉਸ ਨੇ ਕਹਿਣਾ ਹੈ ਕਿ ਜੇ ਇਹ ਕੀਤਾ ਤਾਂ ਤਿੰਨ ਮਹੀਨੇ ਲਈ ਬੰਨ੍ਹ ਦਿਆਂਗੇ । ਬਾਅਦ ਵਿੱਚ ਜਦੋਂ ਉਹ ਕੋਰਟ ਦੇ ਵਿੱਚ ਜਾਏਗਾ ਉਥੇ ਕੋਈ ਨਤੀਜਾ ਨਿਕਲੇ ਜਾਂ ਨਾ ਨਿਕਲੇ । ਸੋ, ਇਸੇ ਤਰ੍ਹਾਂ ਕਲਾਜ਼ 2 ਹੈ, ਸੈਕਸ਼ਨ 14 ਦੀ । ਉਹਦੇ ਵਿੱਚ ਹੈ ਕਿ whoever contravenes the provisions of sections 6 or 7 or of any rule, notification or order made, issued or given under this Act, shall be punishable with imprisonment for a term, which may extend to one month or with fine, which may extend to one thousand rupees or with both. ਸੋ, ਸਪੀਕਰ ਸਾਹਿਬ, ਇਹਦੇ ਵਿੱਚ ਇਕੱਲਾ ਸੈਕਸ਼ਨ 6 ਅਤੇ 7 ਕਵਰ ਕੀਤਾ ਗਿਆ ਹੈ ਔਰ ਜਿਹੜੀ ਮੈਨਡੇਟਰੀ ਪਰੋਵੀਜ਼ਨ ਹੈ ਕਿ ਕੋਈ ਬੰਦਾ ਇਹ ਕੰਮ ਨਹੀਂ ਕਰੇਗਾ, ਉਸ ਬਾਰੇ ਸੈਕਸ਼ਨ 10, 11 ਅਤੇ 12 ਵਿੱਚ ਜਿਹੜੀਆਂ ਪਾਬੰਦੀਆਂ ਲਾਈਆਂ ਹਨ, ਉਹਦੇ ਵਿੱਚ ਸਜ਼ਾ ਬਾਰੇ ਕੋਈ ਪਰੋਵੀਜ਼ਨ ਨਹੀਂ ਹੈ । ਸਪੀਕਰ ਸਾਹਿਬ, ਜਿਵੇਂ ਮੈਂ ਪਹਿਲਾਂ ਬੇਨਤੀ ਕੀਤੀ ਸੀ ਕਿ ਇਹ ਜਿਹੜਾ ਪਲਾਸਟਿਕ ਦਾ ਬੈਗ/ਲਿਫਾਫਾ ਹੈ ਇਹਦੇ ਵਾਸਤੇ ਬਣਾਉਣ ਵਾਲੇ ਨੂੰ ਖਾਸ ਪਾਬੰਦੀ ਹੈ । ਉਸਦਾ ਸਾਈਜ਼, ਮੋਟਾਈ ਇਨ੍ਹਾਂ ਸਾਰੀਆਂ ਗੱਲਾਂ ਦਾ ਜ਼ਿਕਰ ਹੈ । ਮੈਂ ਇਸ ਬਾਰੇ ਅਮੈਂਡਮੈਂਟ ਵੀ ਮੂਵ ਕੀਤੀ ਹੈ ਕਿ ਪਲਾਂਟ ਸੀਡਲਿੰਗਜ਼ ਲਈ ਪ੍ਰਾਈਵੇਟ ਨਰਸਰੀਆਂ ਵਾਲੇ ਲੋਕ ਲਾਉਂਦੇ ਹਨ, ਉਸਦਾ ਸਾਈਜ਼ 8×12 ਹੈ ਜਾਂ ਜਿਹੜਾ ਗੌਰਮਿੰਟ ਨੇ ਪ੍ਰੈਸਕ੍ਰਾਈਬ ਕੀਤਾ ਹੋਇਆ ਹੈ । ਜਦੋਂ ਕੋਈ ਲਿਫਾਫੇ ਵਿੱਚ ਬੂਟਾ ਲੈ ਕੇ ਤੁਰਿਆ ਹੋਵੇ ਤਾਂ ਉਸ ਤੇ ਪ੍ਰੋਵੀਜ਼ਨ ਸੈਕਸ਼ਨ 14 ਬੀ ਐਪਲੀਕੇਬਲ ਹੋ ਜਾਵੇਗੀ । ਇਸ ਕਰਕੇ ਕੁਝ ਚੀਜ਼ਾਂ ਤੇ ਸਾਨੂੰ ਵਿਚਾਰ ਕਰਕੇ ਇਸ ਨੂੰ ਕਾਨੂੰਨ ਦੀ ਜੱਦ ਵਿੱਚੋਂ ਕੱਢਣਾ ਬਹੁਤ ਜ਼ਰੂਰੀ ਹੋਵੇਗਾ । ਨਹੀਂ ਤਾਂ ਆਮ ਲੋਕਾਂ ਨੂੰ ਕਿਤੇ ਵੀ ਟ੍ਰੈਪ ਕੀਤਾ ਜਾ ਸਕਦਾ ਹੈ । ਜਿਹੜੇ ਅਫ਼ਸਰ ਇਸ ਐਕਟ ਦੇ ਅਧੀਨ ਕੰਮ ਕਰਨਗੇ ਉਹ ਇਸ ਦਾ ਨਜਾਇਜ਼ ਫਾਇਦਾ ਉਠਾਉਣਗੇ । ਏਸੇ ਤਰ੍ਹਾਂ ਸੈਕਸ਼ਨ 13 ਵਿੱਚ ਜਿਹੜੀ ਪ੍ਰੋਵੀਜ਼ਨ ਦਿੱਤੀ ਹੈ, ਉਹ ਹੈ ਸੈਕਸ਼ਨ 10, 11 ਅਤੇ 12 ਦੀ ਜਿਹੜੀ ਮੈਨਡੇਟਰੀ ਪ੍ਰੋਵੀਜ਼ਨ ਹੈ, ਉਸਦੀ ਇੰਪਲੀਮੈਂਟੇਸ਼ਨ ਲਈ ਲੋਕਲ ਅਥਾਰਟੀ ਨੂੰ ਪਾਵਰ ਦਿੱਤੀ ਗਈ ਹੈ। ਸਪੀਕਰ ਸਾਹਿਬ, ਉਸ ਰੈਮਡੀ ਲਈ ਕੋਈ ਟਾਈਮ ਬਾਊਂਡ ਪ੍ਰੋਗਰਾਮ ਹੋਣਾ ਚਾਹੀਦਾ ਹੈ। ਤਾਂ ਕਿ ਲੋਕਲ ਅਥਾਰਟੀ ਲੋਕਾਂ ਨੂੰ ਤੰਗ ਨਾ ਕਰੇ ਉਸਦੀ ਐਕਸਪਲੇਨੇਸ਼ਨ ਬਹੁਤ ਜ਼ਰੂਰੀ ਹੈ। ਇਸ ਤਰ੍ਹਾਂ ਦੀਆਂ ਛੋਟੀਆਂ ਮੋਟੀਆਂ ਖਾਮੀਆਂ ਹਨ, ਇਨ੍ਹਾਂ ਨੂੰ ਜਦੋਂ ਤੱਕ ਅਸੀਂ ਦੂਰ ਨਹੀਂ ਕਰਦੇ ਮੈਂ ਸਮਝਦਾ ਹਾਂ ਕਿ ਨਾ ਇਸ ਐਕਟ ਬਣਾਉਣ ਦੀ ਸ਼ਾਨੂੰ ਪੂਰਾ ਫਾਇਦਾ ਹੋਣਾ ਹੈ ਅਤੇ ਨਾ ਇਸ ਐਕਟ ਬਣਾਉਣ ਤੋਂ ਬਾਅਦ ਇਸ ਦਾ ਪੂਰਾ ਲਾਭ ਲੈ ਸਕਦੇ ਹਾਂ । ਜਿਹੜਾ ਇਹ ਬਿਲ ਪੇਸ਼ ਹੋਇਆ ਹੈ ਮੈਂ ਕਹਾਂਗਾ, ਸਰਕਾਰ ਕੋਲ ਇਹ

Original with;
Punjab Vidhan Sabha
Digitized by;
Panjab Digital Library

ਇਕ ਬਹੁਤ ਵਧੀਆ ਤਰੀਕਾ ਹੈ ਕਿ ਇਸ ਬਿੱਲ ਨੂੰ ਇਸ ਹਾਊਸ ਦੀ ਸਿਲੈਕਟ ਕਮੇਟੀ ਕੋਲ ਦੇ ਦਿੱਤਾ ਜਾਵੇ ਤਾਂ ਜੋ ਮੈਂਬਰ ਸਾਹਿਬਾਨ ਵਿਚਾਰ ਕਰ ਸਕਣ। ਸਾਰੀਆਂ ਪਾਰਟੀਆਂ ਵਿਚਾਰ ਕਰ ਸਕਣ। ਇਹ ਮਸਲਾ ਪਬਲਿਕ ਦੇ ਨਾਲ ਜੁੜਿਆ ਹੋਇਆ ਹੈ। ਇਕ ਗਰੀਬ ਤੋਂ ਲੈ ਕੇ ਭਾਵੇਂ ਉਹ ਸੇਲਜ਼ਮੈਨ ਹੈ ਜਾਂ ਪਰਚੇਜ਼ ਕਰਨ ਵਾਲਾ ਹੈ, ਸਾਰਿਆਂ ਦੇ ਨਾਲ ਹੀ ਇਹ ਜੁੜਿਆ ਹੋਇਆ ਹੈ । ਇਸ ਵਿਚ ਜਿਹੜੀ ਸਜ਼ਾ ਦੀ ਪ੍ਰੋਵੀਜ਼ਨ ਹੈ ਉਹ ਕਿਸੇ ਨੂੰ ਕਾਬੂ ਕਰ ਸਕਦੀ ਹੈ। ਇਨ੍ਹਾਂ ਸਾਰੀਆਂ ਪ੍ਰੋਵੀਜ਼ਨ ਤੋਂ ਪਬਲਿਕ ਵਿਚ ਡਿਬੇਟ ਹੋ ਜਾਵੇ, ਮੈਂਬਰਾਂ ਰਾਹੀਂ ਹੋ ਜਾਵੇ ਤਾਂ, ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਸ ਦਾ ਅੱਛਾ ਫਾਇਦਾ ਹੋ ਸਕਦਾ ਹੈ। ਇਸ ਦੇ ਨਾਲ ਹੀ ਸਪੀਕਰ ਸਾਹਿਬ, ਮੈਂ ਤੁਹਾਡਾ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਮੈਨੂੰ ਇਸ ਉਤੇ ਬੋਲਣ ਦਾ ਮੌਕਾ ਦਿੱਤਾ ਹੈ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** (ਗਿੱਦੜਬਾਹਾ) : ਸਪੀਕਰ ਸਾਹਿਬ, ਇਹ ਜੋ ਬਿਲ ਪੇਸ਼ ਕੀਤਾ ਗਿਆ ਹੈ, ਮੈਂ ਇਸ ਦਾ ਖ਼ੈਰ-ਮਕਦਮ ਕਰਦਾ ਹਾਂ । ਇਹ ਬਿਲ 10 ਸਾਲ ਬਾਅਦ ਆਇਆ ਹੈ। ਜੇਕਰ ਇਹ 10 ਸਾਲ ਪਹਿਲਾਂ ਆ ਜਾਂਦਾ ਤਾਂ ਪੰਜਾਬ ਵਿਚ ਇਸ ਕਿਸਮ ਦੀ ਦੁਰਦਸ਼ਾ ਨਹੀਂ ਸੀ ਹੋਣੀ। ਸਾਡੇ ਮਨ ਵਿਚ ਜਿਹੜਾ ਥੋੜ੍ਹਾ ਜਿਹਾ ਖਦਸ਼ਾ ਹੈ ਉਹ ਇਹ ਹੈ. ਕਿ ਸਾਡੇ ਗੁਆਂਢੀ ਸੂਬੇ ਹਿਮਾਚਲ ਨੇ ਤਕਰੀਬਨ 3-4 ਸਾਲ ਪਹਿਲਾਂ ਇਕ ਬਿਲ ਲਿਆ ਕੇ ਕਾਨੂੰਨ ਬਣਾਇਆ ਹੈ। ਹਿਮਾਚਲ ਦਾ ਇਹ ਤਜਰਬਾ ਹੈ ਕਿ ਕਾਨੂੰਨ ਤਾਂ ਜ਼ਰੂਰ ਬਣ ਜਾਂਦੇ ਹਨ ਲੇਕਿਨ ਉਨ੍ਹਾਂ ਦੀ ਇਨਫੋਰਸਮੈਂਟ ਨਹੀਂ ਹੁੰਦੀ। ਪਾਰਲੀਮਾਨੀ ਮੰਤਰੀ ਇਸ ਬਿਲ ਨੂੰ ਲੈ ਕੇ ਆਏ ਹਨ। ਇਸ ਬਾਰੇ ਪਹਿਲਾਂ ਆਰਡੀਨੈਂਸ ਵੀ ਜਾਰੀ ਕੀਤਾ ਗਿਆ ਹੈ ਪਰ ਮੈਂ ਉਸ ਆਰਡੀਨੈਂਸ ਦਾ ਅਮਲ ਕਿਧਰੇ ਵੀ, ਮੰਡੀਆਂ ਵਿਚ, ਪਿੰਡਾਂ ਵਿਚ ਜਾਂ ਸ਼ਹਿਰਾਂ ਵਿਚ ਨਹੀਂ ਵੇਖਿਆ। ਜਿਵੇਂ ਸ਼੍ਰੀ ਤਿਕਸ਼ਨ ਸੂਦ ਜੀ ਨੇ ਬਿਆਨ ਕੀਤਾ ਹੈ, ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਨਰਸਰੀ ਵਿਚ ਪਲਾਂਟਸ ਵਿਚ ਪਲਾਸਟਿਕ ਬੈਗ ਵਰਤੋਂ ਵਿਚ ਆਉਂਦੇ ਹਨ ਉਸ ਬਾਰੇ ਜ਼ਰੂਰ ਥੋੜ੍ਹਾ-ਬਹੁਤ ਸੋਚਣਾ ਪਵੇਗਾ। ਜਿਹੜੀਆਂ ਪੀਨਲ ਕਲਾਜ਼ਾਂ ਹਨ ਉਹ ਠੀਕ ਹਨ, ਬਿਨਾਂ ਪੈਨਲਟੀ ਤੋਂ ਇਨਫੋਰਸਮੈਂਟ ਨਹੀ ਹੁੰਦੀ। ਬਾਕੀ ਪੰਜਾਬ ਵਿਚ ਕਾਨੂੰਨ ਮਿਸਯੂਜ਼ ਤਾਂ ਕਿਤੇ ਵੀ ਹੋ ਸਕਦੇ ਹਨ। ਸ਼੍ਰੋਮਣੀ ਅਕਾਲੀ ਦਲ ਇਸ ਬਿਲ ਦਾ ਸਮਰਥਨ ਕਰਦਾ ਹੈ। ਇਸ ਨੂੰ ਪਾਸ ਕੀਤਾ ਜਾਵੇ ।

**ਮੁੱਖ ਮੰਤਰੀ** (ਕੈਪਟਨ ਅਮਰਿੰਦਰ ਸਿੰਘ) : ਸਪੀਕਰ ਸਾਹਿਬ, ਦੋ-ਤਿੰਨ ਗੱਲਾਂ ਹਨ । ਹਾਊਸ ਇਸ ਨੂੰ ਪਾਸ ਕਰਨ ਲਈ ਯੂਨਾਨੀਮਸ ਹੈ । ਇਹ ਬਿਲ ਇੰਪਾਰਟੈਂਟ ਇਸ ਕਰਕੇ ਹੈ ਕਿ ਕੰਟਰੀ-ਸਾਈਡ ਤੇ ਕੋਈ ਨਾਲਾ ਆਦਿਕ ਅਜਿਹਾ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਨਹੀਂ ਹੈ ਜਿਥੇ ਕਿ ਸੀਵਰੇਜ਼ ਸਿਸਟਮ ਕਲਾਗ ਨਾ ਹੋਇਆ ਹੋਵੇ। ਲੋਕੀ ਬਿਨਾਂ ਕਿਸੇ ਸੋਚ-ਸਮਝ ਤੋਂ ਪਲਾਸਟਿਕ ਲਿਫਾਫੇ ਸੁੱਟ ਦਿੰਦੇ ਹਨ। ਉਹ ਇਹ ਨਹੀਂ ਸਮਝਦੇ ਕਿ ਇਸ ਤਰ੍ਹਾਂ ਕਰਨ ਨਾਲ ਗਰੀਨ-ਹਾਊਸ ਅਫੈਕਟ ਹੋਵੇਗਾ। ਹੁਣ ਓਜ਼ੋਨ ਲੇਅਰ ਘੱਟ ਹੁੰਦੀ ਜਾ ਰਹੀ ਹੈ ਅਤੇ ਸਕਿਨ ਕੈਂਸਰ ਦੇ ਕੇਸ ਵਧਦੇ ਜਾ ਰਹੇ ਹਨ। ਇਸ ਦੇ ਨਾਲ ਹੀ ਵਾਟਰ ਡਿਪਲੀਸ਼ਨ ਹੋ ਰਹੀ ਹੈ। ਗਲੇਸ਼ੀਅਰ ਮੈਲਟ ਹੋ ਰਹੇ ਹਨ। ਇਸ ਬਾਰੇ ਅਸੀਂ ਪਹਿਲਾਂ ਪਾਣੀ ਉਤੇ ਵੀ ਬਹਿਸ ਕੀਤੀ ਹੈ। We have had a situation that in the Himalayan region all major glaciers are shrinking and ice-caps are also melting.. ਇਸ ਨੂੰ ਸਾਨੂੰ ਅੰਡਰਸਟੈਂਡ ਕਰਨਾ ਚਾਹੀਦਾ ਹੈ ਅਤੇ ਇਸ ਮਸਲੇ ਨੂੰ ਪੂਰੀ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਅਸੀਂ ਪਹਿਲਾਂ ਹੀ ਆਰਡੀਨੈਂਸ ਜਾਰੀ ਕੀਤਾ ਹੈ। 6 ਮਹੀਨੇ ਦਾ ਟਾਈਮ ਲੋਕਾਂ ਨੂੰ ਪਹਿਲਾਂ ਹੀ ਦੇ ਦਿੱਤਾ ਹੋਇਆ ਹੈ। ਹੁਣ ਸਾਨੂੰ ਇਸ ਨੂੰ ਸਖਤੀ ਨਾਲ ਇੰਪਲੀਮੈਂਟ ਕਰਨਾ ਪਵੇਗਾ। ਜਿਹੜੀਆਂ ਇਨਫੋਰਸਮੈਂਟ ਦੀਆਂ ਕਲਾਜ਼ਾਂ ਹਨ ਉਨ੍ਹਾਂ ਨੂੰ ਲਾਗੂ ਕਰਨ ਲਈ we will have to be tough in implementation of the same. ਜਿਵੇਂ ਕਿ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਨੇ ਨਰਸਰੀਆਂ ਬਾਰੇ ਕਿਹਾ ਹੈ। ਜਿਸ ਤਰ੍ਹਾਂ ਪੋਲੈਂਡ ਵਿਚ ਨਰਸਰੀਆਂ ਵਿਚ ਪਲਾਸਟਿਕ ਬੈਗਜ਼ ਦਾ ਬੈਨ ਹੈ। ਉਹ ਬਾਇਓ-ਡੀਗਰੇਡਏਬਲ ਮੈਟੀਰੀਅਲ ਵਰਤਦੇ ਹਨ ਜਿਹੜਾ ਕਿ ਆਪਣੇ ਆਪ ਹੀ ਕੰਪਲੀਟਲੀ ਡੀਕੰਪੋਜ਼ ਹੋ ਜਾਂਦਾ ਹੈ। ਉਸੇ ਤਰ੍ਹਾਂ ਦਾ ਸਿਸਟਮ ਸਾਡੇ ਇਥੇ ਹਿੰਦੁਸਤਾਨ ਵਿਚ ਵੀ ਇਧਰ ਸ਼ੁਰੂ ਹੋ ਜਾਵੇਗਾ। ਹਿਮਾਚਲ ਸਰਕਾਰ ਇਸ ਨੂੰ ਪਹਿਲਾਂ ਹੀ ਪਾਸ ਕਰ ਚੁੱਕੀ ਹੈ। ਇਹ ਬਹੁਤ ਇੰਪਾਰਟੈਂਟ ਹੈ ਅਤੇ ਮੈਨੂੰ ਖੁਸ਼ੀ ਹੈ ਕਿ ਇਸ ਉਤੇ ਯੂਨਾਨੀਮਸ ਰਾਏ ਬਣੀ ਹੈ। ਇਸ ਨੂੰ ਇੰਪਲੀਮੈਂਟ ਕਰਨ ਵਾਸਤੇ ਸਾਨੂੰ semblance of unanimity towards environment ਦਿਖਾਉਣੀ ਚਾਹੀਦੀ ਹੈ ਤਾਂ ਜੋ ਅਸੀਂ ਪੰਜਾਬ ਵਿਚ ਇਕ ਅੱਛਾ ਇਨਵਾਇਰਮੈਂਟ ਲਿਆ ਸਕੀਏ।

**Mr. Speaker:** Question is--

> That The Punjab Plastic Carry Bags (Manufacture, Usage and Disposal) Control Bill be taken into consideration.

*The motion was carried.*

**Mr. Speaker:** Now the House will proceed to consider the Bill Clause-by-Clause.

***Sub-clause (2) of Clause 1.***

Original with;
Punjab Vidhan Sabha
Digitized by;
Panjab Digital Library

**Mr. Speaker :** Question is--

That Sub clause(2) of Clause 1 stand part of the Bill.

*The motion was carried.*

### Clauses 2-13

**Mr. Speaker :** As there is no amendment to Clauses 2 to 13, if the House agrees, these Clauses be put to the Vote of the House together.

( Voices : Yes, Yes )

**Mr. Speaker :** Question is-

That Clauses 2 to 13 stand part of the Bill.

*The Motion was carried.*

### Clause 14

**Mr. Speaker :** There is an amendment to Clause 14, notice of which has been given by Shri Tikshan Sud.

**Shri Tikshan Sud :** Sir, I beg to move--

"That after Sub-clause (3) of Clause 14 of the Punjab Plastic Carry Bags (Manufacture, Usage and Disposal) Control Bill, 2005, the following may be added:-

"(4) Provided that the provisions of this Section shall not apply to the plastic bags under use for plant saplings."

**Mr. Speaker :** Motion moved--

"That after sub- clause (3) of clause 14 of the Punjab Plastic Carry Bags ( Manufacture, Usage and Disposal) Control Bill, 2005, the following may be added:-

"(4) Provided that the provisions of this Section shall not apply to the plastic bags under use for plant saplings."

Original with;
Punjab Vidhan Sabha
Digitized by;
Panjab Digital Library

**Mr. Speaker :** Question is--

" That after sub- clause (3) of clause 14 of the Punjab Plastic Carry Bags(Manufacture, Usage and Disposal) Control Bill,2005, the following may be added:-

"(4) Provided that the provisions of this Section shall not apply to the plastic bags under use for plant saplings."

*The motion was lost.*

**Mr. Speaker:** Question is--

That clause 14 stand part of the Bill.

*The motion was carried.*

**CLAUSES 15-26**

**Mr. Speaker:** As there is no amendment to Clauses 15 to 26, if the House agrees, these Clauses be put to the vote of the House together.

(Voices : Yes, Yes)

**Mr. Speaker:** Question is--

That Clauses 15-26 stand part of the Bill.

*The motion was carried.*

**SUB CLAUSE (1) OF CLAUSE 1**

**Mr. Speaker:** Question is--

That Sub-Clause(1) of Clause 1 stand part of the Bill.

*The motion was carried.*

**TITLE**

**Mr. Speaker :** Question is--

That title be the Title of the Bill.

*The motion was carried.*

Original with;
Punjab Vidhan Sabha
Digitized by;
Panjab Digital Library

**Minister For Local Govt., Parliamentary Affairs, Labour and Employment and Elections** (Chaudhary Jagjit Singh) : Sir. I beg to move-

That the Punjab Plastic, Carry Bags (Manufacture. Usage and Disposal) Control Bill be passed.

**Mr. Speaker:** Motion moved:-

That the Punjab Plastic Carry Bags (Manufacture, Usage and Disposal) Control Bill be passed.

**Mr. Speaker:** Question is--

That the Punjab Plastic Carry Bags (Manufacture, Usage, and Disposal) Control Bill be passed .

*The motion was carried unanimously.*

-------------

## ii. THE PUNJAB DISTRICT PLANNING COMMITTEES BILL, 2005.

**Minister For Finance & Planning and Institutional Finance & Banking** (Shri Surinder Singla): Sir, I beg to introduce the Punjab District Planning Committees Bill.

Sir, I also beg to move-

That the Punjab District Planning Committees Bill be taken into consideration at once.

**Mr. Speaker :** Motion moved-

That the Punjab District Planning Committees Bill be taken into consideration at once.

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ ਲੈਜਿਸਲੇਟਿਵ ਬਿਜ਼ਨਿਸ ਹਾਊਸ ਕਨਸਿਡਰ ਕਰ ਰਿਹਾ ਹੈ ਤੇ ਸਾਡੇ ਟਰੈਜਰੀ ਬੈਂਚਿਜ਼ ਬਿਜ਼ਨਿਸ ਵੱਲ ਕੋਈ ਧਿਆਨ ਨਹੀਂ ਦੇ ਰਹੇ। ਉਹ ਆਪਸ ਵਿੱਚ ਗੱਲਾਂ ਕਰ ਰਹੇ ਹਨ। That is their seriousness towards the Legislative Business of the House they have brought.

**ਮਾਨਯੋਗ ਸਪੀਕਰ:** ਤੁਸੀਂ ਇਸ ਬਿਲ ਤੇ ਕੁਝ ਕਹਿਣਾ ਚਾਹੋਗੇ ?

Original with;
Punjab Vidhan Sabha
Digitized by;
Panjab Digital Library

ਸਰਦਾਰ ਅਦੇਸ਼ ਪ੍ਰਤਾਪ ਸਿੰਘ ਕੈਰੋਂ (ਪੱਟੀ) : ਸਪੀਕਰ ਸਾਹਿਬ, ਇਹ ਜੋ ਬਿਲ ਲਿਆਂਦਾ ਜਾ ਰਿਹਾ ਹੈ, ਇਹ ਕਾਂਸਟੀਚਿਊਸ਼ਨ ਦੀ ਅਮੈਂਡਮੈਂਟ ਕਰਕੇ ਲਿਆਂਦਾ ਜਾ ਰਿਹਾ ਹੈ ਅਤੇ ਇਸ ਵਿਚ ਜੋ ਨਵੀਆਂ ਚੀਜ਼ਾਂ ਪਾਈਆਂ ਜਾ ਰਹੀਆਂ ਹਨ, ਉਸ ਵਿੱਚ ਕੋਈ ਇਨਸ਼ੋਅਰ ਨਹੀਂ ਕੀਤਾ ਜਾ ਰਿਹਾ ਕਿ ਜਿਹੜੀ ਕਮੇਟੀ ਦੀ ਕਾਂਸਟੀਚਿਊਂਸੀ ਅਤੇ ਡਿਸਟ੍ਰਿਕਟ ਪਲੈਨਿੰਗ ਕਮੇਟੀ ਜਿਹੜੀ ਬਣੇਗੀ, ਉਹ ਰਿਪ੍ਰੇਜ਼ੈਂਟ ਹੋਵੇ । 4/5th will be elected from the Members of the Panchayats or ਕਮੇਟੀ ਵਿੱਚ ਕੋਈ ਇਨਸ਼ੋਅਰ ਨਹੀਂ ਹੋਏਗਾ ਕਿ ਕਾਂਸਟੀਚਿਊਂਸੀ ਕਿਸ ਤਰ੍ਹਾਂ (ਰਿਪ੍ਰੇਜ਼ੈਂਟ ਹੋਏਗੀ) ਉਥੇ ਐਮ. ਐਲ. ਏ. ਅਤੇ ਐਮ.ਪੀ. ਬਾਰੇ ਲਿਖਿਆ ਹੈ--they may be nominated by the State Govt. they are included in the Bill but there is no assurance that they will be nominated. ਮੈਂ ਸਮਝਦਾ ਹਾਂ ਕਿ ਜਿਹੜੀ ਐਮ.ਐਲ.ਏ. ਦੀ ਡਿਊਟੀ ਹੈ, ਰਿਸਪਾਂਸੇਬਿਲਟੀ ਹੈ, ਉਹ ਸਹੀ ਤਰ੍ਹਾਂ ਪੂਰੀ ਨਹੀਂ ਕੀਤੀ ਜਾ ਸਕਦੀ ਜੇਕਰ ਇਹ ਬਿਲ ਇੰਪਲੀਮੈਂਟ ਹੋ ਗਿਆ, ਕਿਉਂਕਿ ਉਸ ਨੇ ਰਿਪ੍ਰੇਜ਼ੈਂਟ ਨਹੀਂ ਕਰ ਸਕਣਾ ।

ਨੰਬਰ ਦੋ, ਜੋ ਫੈਸਲੇ ਹੁੰਦੇ ਹਨ, ਉਥੇ ਲੋਕਲ ਬਾਡੀਜ਼ ਆਪ ਦੀ ਅਥਾਰਿਟੀ ਹੁੰਦੀਆਂ ਹਨ ਅਤੇ ਆਪ ਹੀ ਕਨਸੀਡਿਰੇਸ਼ਨ ਹੁੰਦੀ ਹੈ। ਜੋ ਫੈਸਲੇ ਹੁੰਦੇ ਹਨ, ਉਨ੍ਹਾਂ ਦੀ ਇੰਪਲੀਮੈਂਟੇਸ਼ਨ ਪ੍ਰੇਜ਼ੀਡੈਂਟ ਨੇ ਮਿਜਾਰਿਟੀ ਨਾਲ ਕਰਨੀ ਹੁੰਦੀ ਹੈ। It will not be binding. ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਕਨਸੀਡਿਰੇਸ਼ਨ ਕੀਤੀ ਜਾ ਰਹੀ ਹੈ, it will not be able to achieve the possibility for which this entire exercise has been set out in the first instance. ਕਿਉਂਕਿ ਇਹ ਬੜਾ ਲੰਬਾ ਚੌੜਾ ਬਿਲ ਹੈ ਅਤੇ ਕੱਲ੍ਹ ਹੀ ਬਿੱਲ ਮਿਲਿਆ ਹੈ ਅਤੇ ਇੰਨੇ ਥੋੜ੍ਹੇ ਸਮੇਂ ਵਿੱਚ ਰਿਐਕਟ ਕਰਨਾ ਔਖਾ ਹੈ। It is too short a time to react effectively to it. ਇਸੇ ਤਰ੍ਹਾਂ ਅੱਗੇ ਪ੍ਰੇਜ਼ੀਡੈਂਟ ਦੀ ਚੋਣ ਬਾਰੇ ਇਹ ਬਣਾ ਦਿੱਤਾ ਕਿ ਅਸੀਂ ਵੰਨ ਈਅਰ ਦੀ ਟਰਮ ਦੇਵਾਂਗੇ। ਹੁਣ ਉਸ ਤੋਂ ਬਾਅਦ ਇਹ ਨਹੀਂ ਲਿਖਿਆ ਗਿਆ, ਇਹ ਡਿਫਰੈਂਸ਼ੀਏਟ ਨਹੀਂ ਕੀਤਾ ਗਿਆ ਕਿ ਰੂਰਲ ਅਤੇ ਅਰਬਨ ਵਿੱਚ ਪ੍ਰਸੈਂਟੇਜ਼ ਡਿਸਾਈਡ ਕਰਕੇ ਫਿਰ ਚੂਜ਼ ਕਰਾਂਗੇ ਕਿ ਕਿੰਨੇ ਸਮੇਂ ਲਈ ਅਰਬਨ ਤੋਂ ਪ੍ਰੇਜ਼ੀਡੈਂਟ ਹੋਵੇ ਅਤੇ ਕਿੰਨੇ ਸਮੇਂ ਲਈ ਰੂਰਲ ਤੋਂ ਹੋਵੇ। Why not differentiate between the urban and rural. If the President is from urban, then the Vice President should be from the rural side.Let it not be repetitive that ਜੇ ਇੱਕ ਵਾਰ ਪ੍ਰੇਜ਼ੀਡੈਂਟ ਅਰਬਨ ਵਿਚੋਂ ਹੈ ਤਾਂ ਦੂਸਰੀ ਵਾਰ ਪ੍ਰੇਜ਼ੀਡੈਂਟ ਰੂਰਲ ਵਿਚੋਂ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਅਲਟਰਨੇਟਿਵ ਰਿਪ੍ਰੇਜ਼ੈਂਟਟੇਸ਼ਨ ਹੋਣੀ ਚਾਹੀਦੀ ਹੈ। ਦੂਜੀ ਵਾਰੀ ਇਹ ਇਨਸ਼ੋਅਰ ਹੋਣਾ ਚਾਹੀਦਾ ਹੈ ਕਿ ਨੇਕਸਟ ਟਾਈਮ it should be the other person and not the same person. ਜੇ ਪਹਿਲੀ ਵਾਰ ਅਰਬਨ ਵਿਚੋਂ ਹੈ ਤਾਂ ਦੂਸਰੀ ਵਾਰ

Original with;
Punjab Vidhan Sabha
Digitized by;
Panjab Digital Library

ਰੂਰਲ ਵਿਚੋਂ ਹੋਵੇ । ਨਹੀਂ ਤਾਂ ਇੱਕ ਹੀ, ਅਰਬਨ ਜਾਂ ਰੂਰਲ ਦੇ ਵਿਊ ਬਾਰ ਬਾਰ ਐਕਸਪ੍ਰੈਸ ਹੋਈ ਜਾਣਗੇ। The absence of MLAs, MPs, this is for very serious consideration.

**ਸ਼੍ਰੀ ਤਿਕਸ਼ਨ ਸੂਦ** (ਹੁਸ਼ਿਆਰਪੁਰ) : ਸਪੀਕਰ ਸਾਹਿਬ, ਜਿਹੜਾ ਬਿਲ ਪੇਸ਼ ਕੀਤਾ ਹੈ, ਪੰਜਾਬ ਡਿਸਟ੍ਰਿਕਟ ਪਲੈਨਿੰਗ ਕਮੇਟੀਜ਼ ਬਿਲ, ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਨੇ 74ਵੀਂ ਅਮੈਂਡਮੈਂਟ ਦੀ ਕਲਾਜ਼ 243 (ਜ਼ੈਡ) ਦੀ ਆਬਲੀਗੇਸ਼ਨ ਪੂਰੀ ਕਰਨ ਲਈ ਕੀਤਾ ਹੈ । ਸਪੀਕਰ ਸਾਹਿਬ, ਕੈਰੋਂ ਸਾਹਿਬ ਨੇ ਜਿਹੜੇ ਮੁੱਦੇ ਚੁੱਕੇ ਹਨ, ਉਹ ਕਾਫੀ ਵਾਜਬ ਹਨ। ਸਪੀਕਰ ਸਾਹਿਬ, spirit of the Constitutional Amendment ਇਹ ਸੀ ਕਿ ਖਾਸ ਤੌਰ ਤੇ for running of affairs of local committees, Pancyayati Raj Bodies. ਜੋ ਸਿਵਿਕ ਬਾਡੀਜ਼ ਹਨ, ਉਸ ਵਿਚ ਪਬਲਿਕ ਪਾਰਟੀਸਿਪੇਸ਼ਨ, ਪਬਲਿਕ ਰਿਪ੍ਰੇਜ਼ੈਂਟੇਸ਼ਨ ਵੱਧ ਤੋਂ ਵੱਧ ਹੋਵੇ। ਇਹ ਇਨਸ਼ੋਅਰ ਕੀਤਾ ਜਾਵੇ ਕਿ ਸਰਕਾਰ ਇਸ ਨੂੰ ਇਗਨੋਰ ਨਹੀਂ ਕਰ ਰਹੀ ਬਲਕਿ ਸਰਕਾਰ ਉਨ੍ਹਾਂ ਨੂੰ ਸਪੋਰਟ ਕਰ ਰਹੀ ਹੈ, ਸਟਰੈਂਥਨ ਕਰ ਰਹੀ ਹੈ। ਪਰ, ਸਪੀਕਰ ਸਾਹਿਬ, ਬਿਲ ਦੇਖ ਕੇ ਨਿਰਾਸ਼ਾ ਹੋਈ ਹੈ। ਇਸ ਵਿੱਚ ਬਿੱਲ ਬਣਾਉਣ ਵਾਲੇ ਭੁੱਲ ਜਾਂਦੇ ਹਨ ਕਿ ਸਰਕਾਰ ਪਤਾ ਨਹੀਂ ਸਾਡੀ ਹੀ ਰਹਿਣੀ ਹੈ, ਅਸੀਂ ਜੋ ਮਰਜ਼ੀ ਨਾਮੀਨੇਟ ਕਰਦੇ ਜਾਵਾਂਗੇ। ਅੱਜ ਇਨ੍ਹਾਂ ਨੇ ਇਹ ਬਿਲ ਲਿਆਂਦਾ ਹੈ, ਸ਼ਾਇਦ ਕੱਲ੍ਹ ਨੂੰ ਇਹ ਪਛਤਾਉਣ ਵੀ। ਜੇ ਫੇਅਰਲੀ ਚਲਣਾ ਹੋਵੇ, ਫੇਅਰਲੀ ਗੱਲ ਕਰਨੀ ਹੋਵੇ ਜਾਂ ਕਾਂਸਟੀਚਿਊਸ਼ਨ ਦੀ ਸਪਿਰਟ ਮੁਤਾਬਿਕ ਗੱਲ ਕਰਨੀ ਹੋਵੇ ਤਾਂ ਇਹ ਜ਼ਰੂਰੀ ਹੈ ਕਿ ਇਹ ਜਿਹੜੀਆਂ ਨਾਮੀਨੇਸ਼ਨਾਂ ਦੀਆਂ ਕਲਾਜ਼ਾਂ ਹਨ, ਉਨ੍ਹਾਂ ਦੇ ਬਾਰੇ ਜ਼ਰੂਰ ਵਿਚਾਰ ਕਰਨਾ ਚਾਹੀਦਾ ਹੈ ਇਸ ਨੂੰ ਰੋਕਣਾ ਪਵੇਗਾ ਕਿਉਂਕਿ ਇਹ ਕਾਂਸਟੀਚਿਊਸ਼ਨ ਦੀ ਸਪਿਰਟ ਨੂੰ ਪੂਰੀਆਂ ਨਹੀਂ ਕਰਦੀਆਂ। ਸਪੀਕਰ ਸਾਹਿਬ, ਮੈਬਰਾਂ ਲਈ ਸੈਕਸ਼ਨ 3 ਦੀ ਕਲਾਜ਼ 6 ਹੈ, ਉਸ ਵਿਚ ਲਿਖਿਆ ਹੈ 1/5 of the total number of members of the Committee which may include the Members of Legislative Assembly and other persons also shall be nominated by the State Government. Sir, this clause is an offence to the institution of MLAs. ਐਮ.ਐਲ.ਏ. ਜਿਹੜੀ ਕਿ ਆਪਣੇ ਇਲਾਕੇ ਦੀ ਪਰਸਨੈਲਿਟੀ ਹੁੰਦੀ ਹੈ ਔਰ ਆਪਣੇ ਇਲਾਕੇ ਦੀ ਡਿਵੈਲਪਮੈਂਟ ਲਈ ਉਸ ਦੀ ਜ਼ਿੰਮੇਵਾਰੀ ਹੁੰਦੀ ਹੈ, ਜੇਕਰ ਐਮ.ਐਲ.ਏ. ਨੂੰ ਉਸ ਇਲਾਕੇ ਦੀ ਯੋਜਨਾਬੰਦੀ ਕਰਨ ਦੇ ਵਿੱਚ ਇਨਵਾਲਵ ਨਹੀਂ ਕਰੋਗੇ ਤਾਂ ਐਮ.ਐਲ.ਏ. ਦਾ ਸਿਗਨੀਫਿਕੈਂਸ ਟੋਟਲੀ ਖਤਮ ਹੋ ਜਾਵੇਗਾ । ਸਪੀਕਰ ਸਾਹਿਬ, ਜਿਹੜਾ ਪਹਿਲਾਂ ਪਲਾਨਿੰਗ ਬੋਰਡ ਸੀ ਉਸ ਦੇ ਵਿੱਚ ਐਮ.ਐਲ.ਏ. ਆਪਣੇ ਇਲਾਕੇ ਨੂੰ ਰਿਪ੍ਰੇਜ਼ੈਂਟ ਕਰਦਾ ਸੀ ਔਰ ਉਹ ਕਾਂਸਟੀਚਿਊਸ਼ਨ ਦੀ ਸਪਿਰਟ ਨੂੰ ਜ਼ਿਆਦਾ ਫੁੱਲ-ਫਿੱਲ ਕਰਦਾ ਸੀ, ਇਹ ਜਿਹੜਾ ਬਿਲ ਆ ਰਿਹਾ ਹੈ, ਸਪੀਕਰ ਸਾਹਿਬ, ਇਸ ਦੇ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਤਿਕਸ਼ਨ ਸੂਦ]

ਵਿਚ ਆਬਜੈਕਸ਼ਨੇਬਲ ਪ੍ਰੋਵੀਜ਼ਨ ਹੈ ਕਿ 1/5 ਮੈਂਬਰਾਂ ਐਮ.ਐਲ.ਏਜ਼. ਵਿਚੋਂ ਨਾਮੀਨੇਟ ਕਰਨੇ ਹਨ ਤਾਂ ਇਸ ਦਾ ਮਤਲਬ ਇਹ ਹੋਇਆ ਕਿ ਜਿਹੜੇ ਰੂਲਿੰਗ ਪਾਰਟੀ ਦੇ ਐਮ.ਐਲ.ਏ. ਹੋਣਗੇ ਉਹ ਆ ਜਾਣਗੇ ਅਤੇ ਦੂਜਾ ਅਦਰ ਪਰਸਨ ਲਿਖਿਆ ਹੈ। ਅਦਰ ਪਰਸਨ ਦੇ ਬਾਰੇ ਕੁਝ ਨਹੀਂ ਲਿਖਿਆ ਗਿਆ ਕਿ ਉਸ ਦਾ ਲੈਵਲ ਤੇ ਕੁਆਲੀਫਿਕੇਸ਼ਨ ਕੀ ਹੋਵੇਗਾ। ਫਿਰ ਤਾਂ ਇਹ ਹੋਵੇਗਾ ਕਿ ਜਿਹੜਾ ਬੰਦਾ ਚਾਰ ਵਾਰੀ ਹਾਰ ਚੁੱਕਾ ਹੋਵੇ ਔਰ ਉਸ ਨੂੰ ਪਬਲਿਕ ਵਲੋਂ ਰਿਜੈਕਟ ਕਰ ਦਿੱਤਾ ਗਿਆ ਹੋਵੇ ਤਾਂ ਉਹੀ ਬੰਦਾ ਪਲਾਨਿੰਗ ਕਰਵਾਉਣ ਲਈ ਬੈਠਾ ਹੋਵੇਗਾ । ਪਰ ਜਿਹੜਾ ਬੰਦਾ ਲੋਕਾਂ ਵਲੋਂ ਚੁਣਿਆ ਹੋਵੇ ਤੇ ਲੋਕ ਉਸ ਬਾਰੇ ਕਹਿੰਦੇ ਹੋਣ ਕਿ ਤੁਸੀਂ ਇਲਾਕੇ ਦੀ ਬਿਹਤਰੀ ਕਰਵਾਉਣੀ ਹੈ, ਵੈਲਫੇਅਰ ਕਰਵਾਉਣੀ ਹੈ ਉਹ ਬਾਹਰ ਬੈਠਾ ਹੋਵੇ ਤਾਂ ਇਹ ਬੜਾ ਆਫੈਂਸਿਵ ਪ੍ਰੋਵੀਜ਼ਨ ਇਸ ਵਿਚ ਹੈ। ਇਸ ਦੇ ਉਤੇ ਜ਼ਰੂਰ ਵਿਚਾਰ ਕੀਤੀ ਜਾਣੀ ਚਾਹੀਦੀ ਹੈ। ਮੈਂ ਤਾਂ ਸਮਝਦਾ ਹਾਂ ਕਿ ਇਹ ਬਿਲ ਤੁਸੀਂ ਐਂਟੀ ਕਾਂਸਟੀਚਿਊਸ਼ਨ ਪਾਸ ਕਰ ਦਿਓਗੇ। ਦੂਜਾ ਸਪੀਕਰ ਸਾਹਿਬ, ਜਿਹੜੀ ਪ੍ਰਧਾਨ ਦੀ ਇੱਕ ਸਾਲ ਦੀ ਟਰਮ ਹੈ, ਉਹ ਬਹੁਤ ਥੋੜ੍ਹੀ ਹੈ। ਆਪਾਂ ਸਾਰਿਆਂ ਨੂੰ ਪਤਾ ਹੀ ਹੈ ਕਿ ਇਕ ਸਾਲ ਦੇ ਵਿਚ ਕਈ ਵਾਰੀ ਇੱਕ ਹੀ ਮੀਟਿੰਗ ਹੁੰਦੀ ਹੈ ਤੇ ਕਦੇ ਕਦੇ ਦੋ ਵੀ ਹੋ ਜਾਂਦੀਆਂ ਹਨ। ਉਨ੍ਹਾਂ ਵਿਚੋਂ ਇੱਕ ਤਾਂ ਇੰਟਰੋਡਕਟਰੀ ਹੋ ਜਾਂਦੀ ਹੈ ਅਤੇ ਦੂਜੀ ਫੇਅਰਵੈਲ ਹੋ ਜਾਂਦੀ ਹੈ। ਇਸ ਲਈ ਪਲਾਨਿੰਗ ਦਾ ਪ੍ਰਾਸੈਸ ਜੋ ਹੈ ਉਹ ਕਾਂਟੀਨਿਊਅਸ ਹੋਣਾ ਚਾਹੀਦਾ ਹੈ। ਇਕ ਸਾਲ ਦੀ ਟਰਮ ਤਾਂ ਬਹੁਤ ਥੋੜ੍ਹੀ ਹੈ ਔਰ ਇਸ ਦੀ ਸਿਲੈਕਸ਼ਨ ਵੀ ਬੜੀ ਆਬਜੈਕਸ਼ਨੇਬਲ ਹੈ। ਇਸ ਦੇ ਬਾਰੇ ਮੁੜ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਸਪੀਕਰ ਸਾਹਿਬ, ਤੁਹਾਨੂੰ ਵੀ ਪਤਾ ਹੀ ਹੈ, ਤੇ ਅਫਸੋਸ ਵੀ ਹੈ ਕਿ ਪਹਿਲਾਂ ਹੀ ਪਲਾਨਿੰਗ ਬੋਰਡ ਹਨ ਅਤੇ ਉਨ੍ਹਾਂ ਦੀ ਮੀਟਿੰਗ ਸਾਲ ਵਿਚ ਇੱਕ ਇੱਕ ਹੀ ਹੁੰਦੀ ਹੈ। ਸੋ, ਸਪੀਕਰ ਸਾਹਿਬ, ਜੇਕਰ ਆਪਾਂ ਫੇਅਰ ਹੋ ਕੇ ਔਰ ਸਚਮੁੱਚ ਹੀ ਪਬਲਿਕ ਦੀ ਰਿਪ੍ਰੇਜ਼ੈਂਟੇਸ਼ਨ ਚਾਹੁੰਦੇ ਹਾਂ ਤਾਂ ਇਸ ਦੇ ਬਾਰੇ ਦੁਬਾਰਾ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਜਿਹੜੀ ਗੱਲ ਪ੍ਰਧਾਨ ਦੀ ਹੈ, ਜੇਕਰ ਕੋਈ ਵਾਰ ਵਾਰ ਚੁਣਿਆ ਜਾਵੇ, ਚਾਹੇ ਉਹ ਪੈਸੇ ਦੇ ਜ਼ੋਰ ਨਾਲ ਚੁਣਿਆ ਜਾਵੇ ਜਾਂ ਪੁਲੀਟੀਕਲੀ ਸਾਊਂਡ ਹੋਣ ਕਰਕੇ ਆਪਣੇ ਆਪ ਨੂੰ ਫਿੱਟ ਕਰ ਲਵੇਗਾ ਪਰ ਇਹ ਸੰਵਿਧਾਨ ਤਾਂ ਕਹਿੰਦਾ ਨਹੀਂ। ਸੰਵਿਧਾਨ ਤਾਂ ਇਹ ਕਹਿੰਦਾ ਹੈ ਕਿ ਜਿਹੜੀ ਲੋਕਾਂ ਦੀ ਰਿਪ੍ਰੇਜ਼ੈਂਟੇਸ਼ਨ ਹੈ, ਉਹ ਲੋਕਲ ਲੈਵਲ ਦੀ ਹੋਵੇ। ਸੋ, ਇਸ ਬਿਲ ਨੂੰ ਅਪਰੂਵ ਨਹੀਂ ਕੀਤਾ ਜਾਣਾ ਚਾਹੀਦਾ। ਇਸ ਬਾਰੇ ਜ਼ਰੂਰ ਦੁਬਾਰਾ ਵਿਚਾਰ ਹੋਣਾ ਚਾਹੀਦਾ ਹੈ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਤੇ ਬੈਂਕਿੰਗ ਮੰਤਰੀ** (ਸ਼੍ਰੀ ਸੁਰਿੰਦਰ ਸਿੰਗਲਾ): ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਨੇ ਦੋ ਮੁੱਦੇ ਰੱਖੇ ਹਨ ਕਿ

Original with;
Punjab Vidhan Sabha
Digitized by;
Panjab Digital Library

ਇਹ ਡੈਮੋਕਰੇਟਿਕ ਰਿਪ੍ਰੇਜ਼ੈਂਟੇਸ਼ਨਜ਼ ਨੂੰ ਐਕਸੈਪਟ ਨਹੀਂ ਕਰਦਾ। ਦੂਜਾ ਮੁੱਦਾ ਸੂਦ ਸਾਹਿਬ ਨੇ ਰੱਖਿਆ ਹੈ ਕਿ ਜਿਹੜੀ ਪ੍ਰਧਾਨ ਦੀ ਇਕ ਸਾਲ ਦੀ ਟਰਮ ਹੈ, ਉਹ ਬਹੁਤ ਥੋੜ੍ਹੀ ਹੈ। ਤੀਜਾ ਮੁੱਦਾ ਨਾਮੀਨੇਸ਼ਨ ਦਾ ਰੱਖਿਆ ਹੈ। ਪਰੰਤੂ ਜੇਕਰ ਇਸ ਬਿਲ ਨੂੰ ਕਲਾਜ਼ ਬਾਏ ਕਲਾਜ਼ ਪੜ੍ਹਿਆ ਜਾਵੇ ਤਾਂ ਦੇਖੋਗੇ ਕਿ ਅਸੀਂ ਡਿਸਟ੍ਰਿਕਟ ਪਲਾਨਿੰਗ ਕਮੇਟੀ under the 73 amendment of consitution of India. ਬਣਾ ਰਹੇ ਹਾਂ। ਨੰਬਰ 1, ਸਪੀਕਰ ਸਾਹਿਬ, ਇਸ ਦਾ ਮੁੱਦਾ ਇਹ ਹੈ ਕਿ ਟੋਟਲ ਇਲੈਕਟੋਰਲ ਕਾਲਜ ਇਲੈਕਟਿਡ ਹੋਵੇ। ਇਹ ਇਸ ਵਿਚ ਇਸ ਕਰਕੇ ਹੈ ਕਿ ਜਿੰਨੀਆਂ ਵੀ ਡਿਸਟ੍ਰਿਕਟਸ ਦੀਆਂ ਪੰਚਾਇਤਾਂ ਜਾਂ ਮਿਉਂਸਿਪੈਲਟੀਆਂ ਹਨ, ਉਨ੍ਹਾਂ ਦੀ ਰਿਪ੍ਰੇਜ਼ੈਂਟੇਸ਼ਨ ਇਸ ਇਲੈਕਟੋਰਲ ਕਾਲਜ ਵਿਚ ਹੋਵੇ 4/5 member would be only elected members ਸਿਰਫ ਵਨ ਫਿਫਥ ਹਨ, ਉਸ ਵਿਚ ਵੀ ਇਲੈਕਟਿਡ ਐਮ.ਐਲ.ਏ. ਹੋ ਸਕਦਾ ਹੈ ਤੇ ਕਿਸੇ ਹੋਰ ਅਦਾਰੇ ਦਾ ਇੰਪਾਰਟੈਂਟ ਆਦਮੀ ਵੀ ਹੋ ਸਕਦਾ ਹੈ। ਮੈਂ ਸਮਝਦਾ ਹਾਂ ਕਿ 80% ਸਾਰੀਆਂ ਡਿਸਟ੍ਰਿਕਟ ਪਲਾਨਿੰਗ ਕਮੇਟੀਆਂ ਵਿਚ ਅਸੀਂ ਰਿਪ੍ਰੇਜ਼ੈਂਟੇਸ਼ਨ ਦੇ ਰਹੇ ਹਾਂ। ਪਾਪੂਲੇਸ਼ਨ ਚਾਹੇ ਅਰਬਨ ਹੋਵੇ, ਚਾਹੇ ਰੂਰਲ ਹੋਵੇ, ਇਸ ਵਿਚ ਇਹ ਵੀ ਖਿਆਲ ਰੱਖਿਆ ਗਿਆ ਹੈ। ਜੇ ਕਿਸੇ ਡਿਸਟ੍ਰਿਕਟ ਦੀ ਪਾਪੂਲੇਸ਼ਨ ਵਿਚ ਰੂਰਲ ਪਾਪੂਲੇਸ਼ਨ ਜ਼ਿਆਦਾ ਹੈ, ਉਥੇ ਪੰਚਾਇਤ ਦੀ ਰਿਪ੍ਰੇਜ਼ੈਂਟੇਸ਼ਨ ਜ਼ਿਆਦਾ ਹੋਵੇਗੀ ਅਤੇ ਮਿਉਂਸਿਪਲ ਕਮੇਟੀ ਦੀ ਰਿਪ੍ਰੇਜ਼ੈਂਟੇਸ਼ਨ ਘੱਟ ਹੋਵੇਗੀ। ਇਸੇ ਤਰ੍ਹਾਂ ਹੀ ਇਸ ਵਿਚ ਖਿਆਲ ਰੱਖਿਆ ਗਿਆ ਹੈ ਕਿ ਅਗਰ ਡਿਸਟ੍ਰਿਕਟ ਰੂਰਲ ਹੈ, ਉਥੇ ਮੈਨੂੰ ਨਹੀਂ ਲਗਦਾ ਕੋਈ ਚਾਂਸ ਹੋਵੇ ਕਿ ਮਿਉਂਸਿਪਲ ਕਮੇਟੀ ਦਾ ਕੋਈ ਹੈਡ ਉਸ ਨੂੰ ਡਾਮੀਨੇਟ ਕਰ ਸਕੇ, ਉਹ ਤਾਂ ਰੂਰਲ ਸੈਕਟਰ ਤੋਂ ਹੀ ਡਾਮੀਨੇਟ ਹੋਵੇਗੀ। ਇਸ ਗੱਲ ਦੀ ਚਿੰਤਾ ਨਹੀਂ ਹੋਣੀ ਚਾਹੀਦੀ। ਦੂਜੀ ਗੱਲ ਆਈ ਹੈ ਨਾਮੀਨੇਸ਼ਨ ਦੀ। ਇਸ ਵਿਚ ਜਿਸ ਤਰ੍ਹਾਂ ਮੈਂ ਕਿਹਾ ਹੈ ਸਿਰਫ ਅਸੀਂ ਵਨ ਫਿਫਥ ਰੱਖਿਆ ਹੈ, ਉਸ ਨਾਮੀਨੇਸ਼ਨ ਵਿਚ ਐਮ.ਐਲ.ਏ. ਵੀ ਹੈ, ਉਹ ਇਲੈਕਟਿਡ ਹੈ। ਰਿਪ੍ਰੇਜ਼ੈਂਟੇਸ਼ਨ ਪਾਪੂਲੇਸ਼ਨ ਦੇ ਹਿਸਾਬ ਨਾਲ ਰੱਖੀ ਗਈ ਹੈ। ਇਹ ਡਿਸਟ੍ਰਿਕਟ ਦੇ ਵਿਚ ਪਾਪੂਲੇਸ਼ਨ ਦੇ ਮੁਤਾਬਿਕ 1/5 ਰੱਖੀ ਹੈ। ਇਸ ਵਿਚ ਲਿਖਿਆ ਗਿਆ ਹੈ ਕਿ ਜੇਕਰ ਦੱਸ ਲੱਖ ਤੋਂ ਜ਼ਿਆਦਾ ਪਾਪੂਲੇਸ਼ਨ ਹੋਵੇ ਤਾਂ ਕਿੰਨੇ ਹੋਣਗੇ, 15 ਲੱਖ ਤੋਂ ਜ਼ਿਆਦਾ ਹੋਵੇ ਕਿੰਨੇ ਹੋਣਗੇ, 20 ਲੱਖ ਤੋਂ ਜ਼ਿਆਦਾ ਹੋਵੇ ਤਾਂ ਕਿੰਨੇ, ਪਰ ਵੱਧ ਤੋਂ ਵੱਧ 40 ਮੈਂਬਰ ਹੋਣਗੇ। ਇਸ ਕਰਕੇ ਇਹ ਟੋਟਲ ਰਿਪ੍ਰੇਜ਼ੈਂਟੇਸ਼ਨ ਕਰੈਕਟਰ ਹੈ, ਡੈਮੋਕ੍ਰੇਸੀ ਨੂੰ ਬਹਾਲ ਕਰਨ ਦਾ ਸਭ ਤੋਂ ਚੰਗਾ ਤਰੀਕਾ ਹੈ। ਨਾਲ ਹੀ ਨਾਮੀਨੇਸ਼ਨ ਬਾਰੇ ਕਾਂਸਟੀਚਿਊਸ਼ਨ ਵਿਚ ਪ੍ਰੋਵੀਜ਼ਨ ਹੈ। ਇਸ ਵਿਚ ਇਹ ਹੈ ਕਿ ਕੋਈ ਵੀ ਕਿਸੇ ਤਰ੍ਹਾਂ ਦਾ ਗੈਰ ਕਾਨੂੰਨੀ ਕੰਮ ਅਸੀਂ ਨਹੀਂ ਕਰਨ ਜਾ ਰਹੇ। ਕਾਂਸਟੀਚਿਊਸ਼ਨਲ ਅਮੈਂਡਮੈਂਟ ਦਾ ਖਿਆਲ ਰੱਖ ਕੇ ਚੇਅਰਮੈਨ ਹੀ ਬਣ ਸਕਦਾ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਤਿਕਸ਼ਨ ਸੂਦ]

ਹੈ ਅਤੇ ਅਖੀਰ ਵਿਚ ਕਿਹਾ ਗਿਆ ਹੈ ਕਿ ਇਕ ਸਾਲ ਦੀ ਟਰਮ ਇਹ ਇਕ ਸਾਲ ਨਹੀਂ ਹੈ । ਇਵੇਂ ਨਹੀਂ ਹੈ ਕਿ ਉਹ ਦੁਬਾਰਾ ਨਹੀਂ ਬਣ ਸਕਦਾ। ਜੇਕਰ ਕਮੇਟੀ ਮਹਿਸੂਸ ਕਰੇ ਤਾਂ ਟਰਮ ਰਿਨਿਊ ਕੀਤੀ ਜਾ ਸਕਦੀ ਹੈ। ਇਹ ਰਿਨਿਊਲ ਚੇਅਰਮੈਨ ਦੀ ਅਤੇ ਸਾਰੀ ਕਮੇਟੀ ਦੀ ਕੀਤੀ ਜਾ ਸਕਦੀ ਹੈ । ਇਹ ਕੋਈ ਫਿਕਸ ਨਹੀਂ ਕਿ ਇਕ ਸਾਲ ਤੋਂ ਬਾਅਦ ਹੀ ਕਮੇਟੀ ਬਦਲੀ ਜਾਵੇ । ਇਸ ਤੋਂ ਜ਼ਿਆਦਾ ਡੈਮੋਕ੍ਰੇਟਿਕ ਗੱਲ ਹੋਰ ਕੀ ਹੋ ਸਕਦੀ ਹੈ । ਇਹ ਬਣਾਇਆ ਵੀ ਇਸ ਕਰਕੇ ਹੈ । ਸਪੀਕਰ ਸਾਹਿਬ, ਇਹ ਪਹਿਲੀ ਵਾਰ ਹੈ ਕਿ ਪਲਾਨਿੰਗ ਬਿਲੋਅ ਤੋਂ ਸਟਾਰਟ ਹੋਵੇ । ਉਪਰੋਂ ਆਈਡੀਆ ਨਾ ਜਾਵੇ ਬਲਕਿ ਥੱਲਿਓਂ ਲੋਕੀਂ ਦੱਸਣ ਕਿ ਪਿੰਡਾਂ ਜਾਂ ਸ਼ਹਿਰਾਂ ਨੂੰ ਕਿਹੜੇ ਪ੍ਰਾਜੈਕਟ ਚਾਹੀਦੇ ਹਨ । ਜਦੋਂ ਬਿਲੋਅ ਤੋਂ, ਪਿੰਡਾਂ ਜਾਂ ਛੋਟੇ ਕਸਬਿਆਂ ਤੋਂ, ਸ਼ਹਿਰਾਂ ਤੋਂ ਪ੍ਰਾਜੈਕਟ ਆਉਣਗੇ ਅਤੇ ਉਹ ਪਲੈਨ ਦਾ ਇਕ ਹਿੱਸਾ ਬਣਨਗੇ ਤਾਂ ਜਿਵੇਂ ਮੇਰੇ ਆਨਰੇਬਲ ਮੈਂਬਰ ਸੂਦ ਸਾਹਿਬ ਨੇ ਐਮ.ਐਲ.ਏ. ਬਾਰੇ ਕਿਹਾ ਹੈ, ਉਸ ਨੂੰ ਫੇਰ ਵੀ ਪੂਰੀ ਡੈਮੋਕ੍ਰੇਸੀ ਵਿਚ ਇਜਾਜ਼ਤ ਹੈ । ਇਹ ਤਾਂ ਹੁਣ ਵੀ ਹੈ ਕਿ ਆਪਣੇ ਵਿਚਾਰ ਰੱਖ ਸਕਦਾ ਹੈ, ਪਾਰਟੀਸੀਪੇਟ ਕਰ ਸਕਦਾ ਹੈ, ਉਸ ਦੇ ਵਿਚਾਰ ਤਾਂ ਆਪਣੇ ਆਪ ਮਿਲਣੇ ਹੀ ਮਿਲਣੇ ਹਨ । ਇਸ ਕਰਕੇ ਮੈਂ ਸਮਝਦਾ ਹਾਂ ਕਿ ਇਸ ਤੋਂ ਜ਼ਿਆਦਾ ਡੈਮੋਕ੍ਰੇਟਿਕ ਰਿਪ੍ਰੇਜ਼ੈਂਟੇਸ਼ਨ ਦਾ ਪਾਰਟ ਕਦੇ ਅੱਜ ਤੱਕ ਰਿਹਾ ਨਹੀਂ ਹੈ । ਮੈਂ ਲੰਬੀ ਹਿਸਟਰੀ ਨਹੀਂ ਦੱਸਣਾ ਚਾਹੁੰਦਾ । 13 ਸਾਲ ਇਸ ਕਾਂਸਟੀਚਿਊਸ਼ਨਲ ਅਮੈਂਡਮੈਂਟ ਨੂੰ ਪਾਸ ਹੋਇਆਂ ਨੂੰ ਹੋ ਗਏ ਹਨ ਲੇਕਿਨ ਪਿਛਲੀਆਂ ਦੋ ਸਰਕਾਰਾਂ ਵਿਚ ਇਹ ਨਹੀਂ ਹੋਇਆ । ਇਹ ਖਿਆਲ ਰੱਖਦਿਆਂ ਹੋਇਆਂ ਅਸੀਂ ਕਾਂਗਰਸ ਦੀ ਸਰਕਾਰ ਨੇ ਹੀ 74ਵੀਂ ਕਾਂਸਟੀਚਿਊਸ਼ਨਲ ਅਮੈਂਡਮੈਂਟ ਲਿਆਂਦੀ ਹੈ, ਜਿਸ ਰਾਹੀਂ ਪਲਾਨਿੰਗ ਕਮੇਟੀਆਂ ਬਣਾਈਆਂ ਜਾ ਸਕਣ, ਲੋਕਾਂ ਤੋਂ ਥੱਲਿਓਂ ਵਿਚਾਰ ਲਏ ਜਾ ਸਕਣ, ਉਹੀ ਫੈਸਲਾ ਕਰਨ ਕਿ ਰਿਸੋਰਸਿਜ਼ ਜਿਹੜੇ ਹਨ ਉਹ ਕਿਵੇਂ ਖਰਚਣੇ ਹਨ । ਇਸ ਕਰਕੇ ਇਸ ਬਿਲ ਲਈ ਜੇ ਤੁਹਾਡੀ ਕੋਈ ਹੋਰ ਵਧੀਆ ਸੁਜੈਸ਼ਨ ਹੁੰਦੀ ਜੋ ਇਸ ਵਿਚ ਕਵਰ ਨਾ ਹੁੰਦੀ, ਉਹ ਅਸੀਂ ਐਕਸੈਪਟ ਕਰ ਸਕਦੇ ਸੀ । ਸਰ, ਇਸ ਕਰਕੇ ਮੈਂ ਤੁਹਾਨੂੰ ਅਪੀਲ ਕਰਾਂਗਾ, now this Bill be considered to be passed.

**Mr. Speaker :** Question is-

That the Punjab District Planning Committees Bill be taken into consideration at once.

*The motion was carried.*

Original with;
Punjab Vidhan Sabha
Digitized by;
Panjab Digital Library

**Mr. Speaker :** Now the House will proceed to consider the Bill Clause by Clause.

**Sub-Clause (2) of Clause 1**

**Mr. Speaker :** Question is-

That Sub-Clause (2) of Clause 1 stand part of the Bill.

*The motion was carried.*

**Clauses 2 to 12**

**Mr. Speaker :** As there is no amendment to Clauses 2 to 12, if the House agrees, these clauses be put together to the vote of the House.

(Voices : Yes, Yes)

**Mr. Speaker :** Question is-

That Clauses 2 to 12 stand part of the Bill.

*The motion was carried.*

**Sub-Clause (1) of Clause 1**

**Mr. Speaker :** Question is-

That Sub-Clause (1) of Clause 1 stand part of the Bill.

*The motion was carried.*

**Title**

**Mr. Speaker :** Question is-

That title be the title of the Bill.

*The motion was carried.*

**Mr. Speaker :** Now, the Minister to move that the Bill be passed.

**Minister for Finance & Planning and Institutional Finance and Banking** (Shri Surinder Singla) : Sir, I beg to move-

That the Punjab District Planning Committees Bill be passed.

*Original with;*
Punjab Vidhan Sabha
*Digitized by;*
Panjab Digital Library

**Mr. Speaker :** Motion moved-

That the Punjab District Planning Committees Bill be passed.

**Mr. Speaker :** Question is-

That the Punjab District Planning Committees Bill be passed.

*The motion was carried.*

--------------

**Mr. Speaker :** The Bills at Sr. No. 3 and 4 of the List of Business i.e. the Lovely Professional University Bill, 2005 (Replacing Ordinance) and the Punjab School Education Board (Amendment) Bill, 2005 (Replacing Ordinance), have been postponed for 18th October, 2005.

iii. THE PUNJAB MECHANICAL VEHICLES (BRIDGES AND ROADS) TOLLS (AMENDMENT) BILL, 2005 *(Replacing ordinance)*

**Mr. Speaker :** Bajwa Sahib.

**Public works (B&R) Minister** (Sardar Partap Singh Bajwa) : Sir, I beg to introduce the Punjab Mechanical Vehicles (Bridges and Roads Tolls) (Amendment) Bill.

Sir, I also beg to move-

That The Punjab Mechanical Vehicles (Bridges and Roads Tolls) (Amendment) Bill be taken into consideration at once.

**Mr. Speaker :** Motion moved :

That The Punjab Mechanical Vehicles (Bridges and Roads Tolls) (Amendment) Bill be taken into consideration at once.

ਬਿਲ ਡਿਸਕਸ਼ਨ ਵਾਸਤੇ ਆ ਗਿਆ ਹੈ । ਕੀ ਕੋਈ ਮੈਂਬਰ ਕੁਝ ਬੋਲਣਾ ਚਾਹੁੰਦਾ ਹੈ ?

**ਕੈਪਟਨ ਕੰਵਲਜੀਤ ਸਿੰਘ** (ਬਨੂੜ) : ਮਾਨਯੋਗ ਸਪੀਕਰ ਸਾਹਿਬ, ਇਹ ਜਿਹੜਾ ਬਿਲ ਪੇਸ਼ ਹੋਇਆ ਹੈ, ਜਿਸ ਦੇ ਵਿਚ ਮੁੱਖ ਰੂਪ ਵਿਚ ਕਾਂਗਰਸ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਹੁਣ ਲੋਕਾਂ ਨੂੰ ਸੜਕਾਂ ਦੇ ਉੱਪਰ ਚਲਣ ਲਈ ਵੀ ਟੈਕਸ ਦੇਣਾ ਪਵੇਗਾ । ਇਹ ਬੜੇ ਹੀ ਅਫ਼ਸੋਸ ਦੀ ਗੱਲ ਹੈ । ਇਹ ਬਹੁਤ ਹੀ ਹੈਰਾਨੀ ਵਾਲਾ ਫੈਸਲਾ ਇਨ੍ਹਾਂ ਨੇ ਕੀਤਾ ਹੈ । ਮੈਂ ਹੁਣ ਸੈਕਸ਼ਨ 4 ਦੇ ਵਿਚੋਂ ਪੜ੍ਹ ਕੇ ਸੁਣਾਵਾਂਗਾ :

Original with;
Punjab Vidhan Sabha
Digitized by;
Panjab Digital Library

**Section-4, Sub- Clause (i)**

"to any person by invitation of bids for a period, not exceeding one year at a time, where such bridge or road, as the case may be, was constructed, developed or maintained by the State Government."

ਜਿਹੜੀਆਂ ਸੜਕਾਂ ਤੇ ਇਹ ਟੈਕਸ ਲਗਾਇਆ ਜਾਣਾ ਹੈ, ਉਨ੍ਹਾਂ ਦਾ ਇਸ ਵਿਚ ਜ਼ਿਕਰ ਨਹੀਂ ਕੀਤਾ ਗਿਆ ਅਤੇ ਜਿਹੜੇ ਪਬਲਿਕ ਮਨੀ ਦੇ ਨਾਲ ਪੁਲ ਬਣਾਏ ਜਾ ਰਹੇ ਹਨ, ਉਨ੍ਹਾਂ ਉਤੇ ਵੀ ਸਰਕਾਰ ਟੈਕਸ ਲਗਾ ਰਹੀ ਹੈ । ਇਨ੍ਹਾਂ ਸੜਕਾਂ ਅਤੇ ਬ੍ਰਿਜਿਜ਼ ਤੇ ਟੋਲ ਟੈਕਸ ਲਗਾ ਕੇ ਸਰਕਾਰ ਮਨੀ ਇਕੱਠੀ ਕਰਨਾ ਚਾਹੁੰਦੀ ਹੈ । ਇਹ ਪਹਿਲੀ ਦਫਾ ਹੋਇਆ ਹੈ ਕਿ ਪਬਲਿਕ ਮਨੀ ਦੇ ਨਾਲ ਬਣੇ ਹੋਏ ਪੁਲਾਂ ਤੇ ਸਰਕਾਰ ਟੈਕਸ ਨਵੇਂ ਤਰੀਕੇ ਨਾਲ ਲਗਾ ਰਹੀ ਹੈ ।

| |
|---|
| *12-05 ਵਜੇ ਬਾਅਦ ਦੁਪਹਿਰ |

(ਇਸ *ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਡਿਪਟੀ ਸਪੀਕਰ ਸਾਹਿਬ, ਸਰਕਾਰ ਨਵੇਂ ਨਵੇਂ ਤਰੀਕੇ ਨਾਲ ਟੋਲ ਟੈਕਸ ਲਗਾ ਰਹੀ ਹੈ । ਇਕ ਪਾਸੇ ਸਰਕਾਰ ਕਹਿ ਰਹੀ ਹੈ ਕਿ ਖਜ਼ਾਨੇ ਦੀ ਹਾਲਤ ਬੜੀ ਵਧੀਆ ਹੈ ਅਤੇ ਪੈਸੇ ਦੀ ਕੋਈ ਕਮੀ ਨਹੀਂ ਹੈ । ਸਾਡਾ ਖਜ਼ਾਨਾ ਭਰਿਆ ਹੋਇਆ ਹੈ ਪਰ ਦੂਜੇ ਪਾਸੇ ਸਰਕਾਰ ਲੋਕਾਂ ਉਤੇ ਨਵੇਂ ਨਵੇਂ ਤਰੀਕੇ ਨਾਲ ਟੈਕਸ ਲਗਾ ਰਹੀ ਹੈ । ਹੈਰਾਨਗੀ ਵਾਲੀ ਗੱਲ ਹੈ ਕਿ ਜਿਹੜੇ ਪੁਲਾਂ ਨੂੰ ਪਬਲਿਕ ਮਨੀ ਨਾਲ ਬਣਾਇਆ ਹੋਇਆ ਹੈ, ਉਨ੍ਹਾਂ ਉਤੇ ਵੀ ਸਰਕਾਰ ਟੈਕਸ ਲਗਾ ਰਹੀ ਹੈ । ਜੇਕਰ ਕਿਸੇ ਪ੍ਰਾਈਵੇਟ ਕੰਪਨੀ ਰਾਹੀਂ ਕਿਸੇ ਸੜਕ ਨੂੰ ਜਾਂ ਪੁਲ ਨੂੰ ਲੋਨਜ਼ ਰਾਹੀਂ ਬਣਾਇਆ ਹੋਵੇ, ਉਥੇ ਸਰਕਾਰ ਉਸ ਦੀ ਕਾਸਟ ਪੂਰੀ ਹੋਣ ਤੱਕ ਟੈਕਸ ਲਗਾ ਸਕਦੀ ਹੈ ਪਰ ਇਥੇ ਤਾਂ ਪਬਲਿਕ ਮਨੀ ਵਾਲੇ ਪੁਲਾਂ ਉਤੇ ਵੀ ਟੈਕਸ ਲਗਾਇਆ ਜਾ ਰਿਹਾ ਹੈ । ਫੇਰ ਪਬਲਿਕ ਮਨੀ ਵਾਲੇ ਅਤੇ ਪ੍ਰਾਈਵੇਟ ਮਨੀ ਵਾਲੇ ਪੁਲਾਂ ਅਤੇ ਸੜਕਾਂ ਦਾ ਕੀ ਫਰਕ ਹੋਵੇਗਾ । ਇਸ ਆਰਡੀਨੈਂਸ ਨੂੰ ਸਰਕਾਰ ਹੁਣ ਬਿਲ ਦੀ ਸ਼ਕਲ ਵਿਚ ਸਦਨ ਵਿਚ ਲਿਆਈ ਹੈ । ਇਸ ਦੇ ਨਾਲ ਸਰਕਾਰ ਕਿਸੇ ਵੀ ਸੜਕ ਅਤੇ ਪੁਲ ਉਤੇ ਟੈਕਸ ਲਗਾ ਸਕਦੀ ਹੈ ਪਰ ਦੇਖਣ ਵਾਲੀ ਗੱਲ ਇਹ ਹੈ ਕਿ ਜਿਹੜੀਆਂ ਸੜਕਾਂ ਤੇ ਟੋਲ ਟੈਕਸ ਲਗਾਇਆ ਜਾ ਰਿਹਾ ਹੈ, ਉਨ੍ਹਾਂ ਸੜਕਾਂ ਅਤੇ ਪੁਲਾਂ ਦਾ ਇਸ ਬਿਲ ਵਿਚ ਜ਼ਿਕਰ ਤੱਕ ਨਹੀਂ ਕੀਤਾ ਗਿਆ । ਇਸ ਤਰ੍ਹਾਂ ਦਾ ਟੋਲ ਟੈਕਸ ਨੈਸ਼ਨਲ ਹਾਈਵੇ ਦੇ ਪੁਲਾਂ ਅਤੇ ਸੜਕਾਂ ਤੇ ਲਗਾਇਆ ਜਾਂਦਾ ਹੈ, ਜਿਥੇ ਹੈਵੀ ਟ੍ਰੈਫਿਕ ਹੁੰਦੀ ਹੈ ਅਤੇ ਪ੍ਰਾਈਵੇਟ ਕੰਪਨੀਜ਼ ਰਾਹੀਂ ਬਣਾਇਆ ਜਾਂਦਾ ਹੈ ਪਰ ਇਸ ਤਰ੍ਹਾਂ

Original with;
Punjab Vidhan Sabha
Digitized by;
Panjab Digital Library

[ਕੈਪਟਨ ਕੰਵਲਜੀਤ ਸਿੰਘ]

ਦੀ ਕਿਧਰੇ ਵਿਵਸਥਾ ਨਹੀਂ ਹੈ ਕਿ ਜਿਹੜੀਆਂ ਸੜਕਾਂ ਅਤੇ ਪੁਲਾਂ ਨੂੰ ਪਬਲਿਕ ਮਨੀ ਦੇ ਨਾਲ ਬਣਾਇਆ ਗਿਆ ਹੋਵੇ ਉਨ੍ਹਾਂ ਉਤੇ ਟੈਕਸ ਲਗਾਇਆ ਜਾਵੇ । ਪੰਜਾਬ ਦੇ ਵਿਚ ਐਸੀ ਕੋਈ ਸੜਕ ਨਹੀਂ ਹੈ ਜਿਥੇ ਮਲਟੀ ਐਂਟਰੀ ਨਾ ਹੁੰਦੀ ਹੋਵੇ । ਚਾਹੇ ਉਹ ਸੜਕ ਪਟਿਆਲਾ, ਚੰਡੀਗੜ੍ਹ ਦੀ ਹੋਵੇ । ਕਿਉਂਕਿ ਪੰਜਾਬ ਵਿਚ ਲਿੰਕ ਸੜਕਾਂ ਰਾਹੀਂ ਐਂਟਰੀ ਹੋ ਸਕਦੀ ਹੈ, ਸ਼ਹਿਰਾਂ ਦੀਆਂ ਸੜਕਾਂ ਰਾਹੀਂ ਐਂਟਰੀ ਹੋ ਸਕਦੀ ਹੈ ਇਸ ਤਰ੍ਹਾਂ ਦਾ ਐਂਟਰੀ ਟੈਕਸ ਸਿਸਟਮ ਲਾਗੂ ਕਰਕੇ ਲੋਕਾਂ ਦੀ ਆਵਾਜਾਈ ਵਿਚ ਖਾਸ ਤੌਰ ਤੇ ਰੁਕਾਵਟ ਪੈਦਾ ਹੋਵੇਗੀ ਅਤੇ ਟੋਲ ਟੈਕਸ ਨਾਲ ਲੋਕਾਂ ਦੀਆਂ ਦਿੱਕਤਾਂ ਵਧਣਗੀਆਂ । ਇਸ ਨਾਲ ਐਂਟਰੀ ਦੇ ਹਰ ਪੁਆਇੰਟਸ ਤੇ ਲੋਕਾਂ ਨੂੰ ਟੋਲ ਟੈਕਸ ਦੇਣਾ ਪਵੇਗਾ ਅਤੇ ਲੋਕਾਂ ਦੇ ਆਉਣ ਜਾਣ ਵਿਚ ਦਿੱਕਤ ਪੈਦਾ ਹੋ ਜਾਵੇਗੀ ਅਤੇ ਲੋਕਾਂ ਵਿਚ ਹਰਾਸਮੈਂਟ ਯਕੀਨਨ ਵਧੇਗੀ । ਮਨਿਸਟਰ ਸਾਹਿਬ ਆਪਣੇ ਜਵਾਬ ਦਿੰਦੇ ਸਮੇਂ ਸਦਨ ਨੂੰ ਇਸ ਗੱਲ ਦੀ ਜਾਣਕਾਰੀ ਦੇਣ । ਇਥੇ ਸਰਕਾਰ ਵਲੋਂ ਹਾਲੇ ਤੱਕ ਇਹ ਹੀ ਕਿਹਾ ਗਿਆ ਹੈ ਕਿ ਸਰਕਾਰ ਕੋਲ ਫੰਡਜ਼ ਦੀ ਕੋਈ ਕਮੀ ਨਹੀਂ ਹੈ । ਸਾਡਾ ਖਜ਼ਾਨਾ ਭਰਿਆ ਹੋਇਆ ਹੈ ਫੇਰ ਸਰਕਾਰ ਇਸ ਤਰ੍ਹਾਂ ਦੇ ਨਵੇਂ ਨਵੇਂ ਟੈਕਸ ਲੋਕਾਂ ਉਤੇ ਕਿਉਂ ਲਗਾ ਰਹੀ ਹੈ । ਜੇਕਰ ਤੁਹਾਡੇ ਵਿੱਤੀ ਹਾਲਾਤ ਸੁਧਰ ਗਏ ਹਨ ਫੇਰ ਤੁਹਾਨੂੰ ਲੋਕਾਂ ਉਤੇ ਟੈਕਸ ਨਹੀਂ ਲਗਾਉਣੇ ਚਾਹੀਦੇ । ਸਰਕਾਰ ਵਲੋਂ ਇਹ ਗਲਤ ਟੋਲ ਟੈਕਸ ਲਗਾਇਆ ਜਾ ਰਿਹਾ ਹੈ । ਤੁਸੀਂ ਤਾਂ ਲੋਕਾਂ ਦੇ ਤੁਰਨ ਤੇ ਵੀ ਟੈਕਸ ਲਗਾ ਦਿੱਤਾ ਹੈ । ਹੁਣ ਪੁਲਾਂ ਨੂੰ ਕਰਾਸ ਕਰਨ ਤੇ ਵੀ ਟੈਕਸ ਦੇਣਾ ਪਵੇਗਾ ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ :** ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੇ ਡੇਰਾ ਬੱਸੀ ਵਿਚ ਟੋਲ ਟੈਕਸ ਲਗਾਇਆ ਹੋਇਆ ਹੈ ।

**ਕੈਪਟਨ ਕੰਵਲਜੀਤ ਸਿੰਘ :** ਡਿਪਟੀ ਸਪੀਕਰ ਸਾਹਿਬ, ਅੰਬਾਲਾ-ਜ਼ੀਰਕਪੁਰ ਅਤੇ ਚੰਡੀਗੜ੍ਹ-ਕਾਲਕਾ ਨੈਸ਼ਨਲ ਹਾਈਵੇ ਹੈ ਉਥੇ ਪ੍ਰਾਈਵੇਟ ਕੰਪਨੀ ਨੇ ਸੈਂਟਰਲ ਗੌਰਮਿੰਟ ਦੇ ਨਾਲ ਮਿਲ ਕੇ ਪੁਲ ਬਣਾਇਆ ਹੈ । ਉਹ ਹੀ ਟੈਕਸ ਲੈਂਦੇ ਹਨ । ਉਸਦੇ ਵਿਚ ਸਟੇਟ ਗੌਰਮਿੰਟ ਦਾ ਕੋਈ ਪਾਰਟ ਨਹੀਂ ਹੈ । ਨਾ ਹੀ ਪੰਜਾਬ ਗੌਰਮਿੰਟ ਨੇ ਉਸ ਨੂੰ ਬਣਾਇਆ ਸੀ । ਸਰਕਾਰ ਨੇ ਇਸ ਤਰ੍ਹਾਂ ਦਾ ਟੈਕਸ ਲਗਾ ਕੇ ਲੋਕਾਂ ਦੀ ਹਰਾਸਮੈਂਟ ਵਿਚ ਵਾਧਾ ਕੀਤਾ ਹੈ । ਮੈਂ ਆਪਣੀ ਪਾਰਟੀ ਵਲੋਂ ਸਖ਼ਤ ਜ਼ੋਰਦਾਰ ਢੰਗ ਨਾਲ ਇਸ ਦੀ ਵਿਰੋਧਤਾ ਕਰਦਾ ਹਾਂ । ਇਸ ਵਿਚ ਕੁਝ ਨਹੀਂ ਦੱਸਿਆ ਗਿਆ ਕਿ ਇਸ ਟੋਲ ਟੈਕਸ ਤੋਂ ਕਿੰਨਾ ਰੈਵੇਨਿਊ ਪੰਜਾਬ ਦੇ ਖਜ਼ਾਨੇ ਵਿਚ ਆਵੇਗਾ ਅਤੇ

Original with;
Punjab Vidhan Sabha
Digitized by;
Panjab Digital Library

ਕਿਹੜੀਆਂ-ਕਿਹੜੀਆਂ ਸੜਕਾਂ ਅਤੇ ਪੁਲਾਂ ਉਤੇ ਇਹ ਟੋਲ ਟੈਕਸ ਲਗਾਇਆ ਜਾਵੇਗਾ । ਕਿਉਂਕਿ ਬੇਸੀਕਲੀ ਜੇ ਕੋਈ ਨਵਾਂ ਪ੍ਰਾਜੈਕਟ ਬਣਾਇਆ ਹੋਵੇ, ਉਸ ਪ੍ਰਾਜੈਕਟ ਦੀ ਕਾਸਟ ਕਵਰ ਕਰਨ ਵਾਸਤੇ ਇਸ ਤਰ੍ਹਾਂ ਦੀ ਪਾਲਿਸੀ ਬਣਾਈ ਜਾਂਦੀ ਹੈ ਲੇਕਿਨ ਜਿਹੜੀਆਂ ਸੜਕਾਂ ਆਲਰੇਡੀ ਬਣੀਆਂ ਹੋਈਆਂ ਹਨ, ਇਹ ਕਹਿੰਦੇ ਹਨ ਕਿ ਉਨ੍ਹਾਂ ਤੇ ਵੀ ਟੈਕਸ ਲਾਵਾਂਗੇ । ਜਿਨ੍ਹਾਂ ਸੜਕਾਂ ਤੇ ਇਨ੍ਹਾਂ ਨੇ ਚੇਪੀਆਂ ਲਾ ਦਿੱਤੀਆਂ, ਥੋੜ੍ਹੀ ਬਹੁਤ ਰਿਪੇਅਰ ਕਰ ਦਿੱਤੀ, ਉਨ੍ਹਾਂ ਸੜਕਾਂ ਵਾਸਤੇ ਵੀ ਟੋਲ ਟੈਕਸ ਦੀ ਤਜਵੀਜ਼ ਕਰ ਦਿੱਤੀ । ਜਿਨ੍ਹਾਂ ਸੜਕਾਂ ਦਾ 4 ਸਾਲਾਂ ਵਿਚ ਕੁਝ ਵੀ ਨਹੀਂ ਕੀਤਾ ਗਿਆ, ਜਿਵੇਂ ਕਿਹਾ ਜਾਂਦਾ ਹੈ ਕਿ ਖਾਲੀ ਨੀਂਹ ਪੱਥਰ ਰਖੇ ਹਨ, ਇਹ ਉਨ੍ਹਾਂ ਨੀਂਹ ਪੱਥਰਾਂ ਦਾ ਖਰਚਾ ਵੀ ਲੋਕਾਂ ਤੋਂ ਲੈਣਗੇ । ਇਸ ਕਰਕੇ ਮੈਂ ਇਸ ਤਜਵੀਜ਼ ਦਾ ਆਪਣੀ ਪਾਰਟੀ ਵਲੋਂ ਜ਼ੋਰਦਾਰ ਵਿਰੋਧ ਕਰਦਾ ਹਾਂ ਤੇ ਇਸ ਨੂੰ ਰੱਦ ਕਰਨ ਦੀ ਤਜਵੀਜ਼ ਕਰਦਾ ਹਾਂ ।

**Mr. Deputy Speaker.** Public Works (B&R) Minister. *(Interruption)*

**ਸ਼੍ਰੀ ਤਿਕਸ਼ਨ ਸੂਦ :** ਡਿਪਟੀ ਸਪੀਕਰ ਸਾਹਿਬ..........

**Mr. Deputy Speaker : No, please take your seat.** *(Interruption)* Let him answer now. we have enough. ਬਾਅਦ ਵਿਚ ਦੇਖ ਲੈਣਾ ।

**ਲੋਕ ਨਿਰਮਾਣ (ਭਵਨ ਤੇ ਮਾਰਗ), ਸੱਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ ਮੰਤਰੀ** (ਸਰਦਾਰ ਪ੍ਰਤਾਪ ਸਿੰਘ ਬਾਜਵਾ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਗੱਲ ਇਸ ਤਰ੍ਹਾਂ ਹੈ ਕਿ ਜੋ ਮੈਂਬਰ ਸਾਹਿਬ ਨੇ ਆਪਣੀ ਗੱਲ ਰੱਖੀ ਹੈ, ਇਨ੍ਹਾਂ ਨੂੰ ਵੀ ਪਤਾ ਹੈ, ਇਹ ਵੀ ਬਾਹਰਲੇ ਮੁਲਕਾਂ ਵਿਚ ਜਾ ਚੁਕੇ ਹਨ, ਉਥੇ ਸੜਕਾਂ ਦੀ ਕੁਆਲਿਟੀ ਕਿਸ ਕਿਸਮ ਦੀ ਹੈ ਤੇ ਉਹ ਟੋਲ ਰੋਡਜ਼ ਹਨ। ਜਿਥੇ ਜ਼ਿਆਦਾ ਟੋਲ ਦੀ ਪ੍ਰਾਬਲਮ ਹੋਈ, ਉਹ ਸਾਡੇ ਸਟੇਟ ਹਾਈਵੇਜ਼ ਹਨ। ਸਾਡੀਆਂ ਸੜਕਾਂ ਦੀ ਲੰਬਾਈ 75000 ਕਿਲੋਮੀਟਰ ਦੇ ਲਗਭਗ ਹੈ । ਇਨ੍ਹਾਂ ਦੀ ਮੇਨਟੀਨੈਂਸ ਵਾਸਤੇ ਪਿਛਲੇ 15 ਸਾਲਾਂ ਤੋਂ ਜਦੋਂ ਅੱਤਵਾਦ ਦਾ ਜ਼ੋਰ ਰਿਹਾ, ਜਿਹੜੇ ਪੈਸੇ ਸਾਨੂੰ ਮਿਲਣੇ ਹੁੰਦੇ ਸੀ, ਉਹ ਵੀ ਨਹੀਂ ਮਿਲ ਪਾਏ ਜਿਸ ਕਾਰਨ ਇਸ ਤਰ੍ਹਾਂ ਦੀ ਪਾਲਿਸੀ ਬਣਾ ਕੇ ਸੋਚਿਆ ਗਿਆ ਕਿ ਲੋਕਾਂ ਨੂੰ ਟਰੈਵਲ ਕਰਨ ਵਾਸਤੇ ਬੇਹਤਰੀਨ ਸੜਕਾਂ ਬਣਾ ਕੇ ਦੇ ਸਕੀਏ ਤਾਂ ਚੰਗਾ ਹੋਵੇਗਾ। ਇਸ ਨਾਲ 2-3 ਚੀਜ਼ਾਂ ਦਾ ਵੈਸੇ ਹੀ ਬਚਾਓ ਹੋ ਜਾਂਦਾ ਹੈ। ਪਹਿਲਾਂ ਤਾਂ ਮਨੁੱਖੀ ਜਾਨ ਬਚਦੀ ਹੈ ਕਿਉਂਕਿ ਚੰਗੀਆਂ ਸੜਕਾਂ ਹੋਣ ਨਾਲ ਐਕਸੀਡੈਂਟਸ ਘਟਦੇ ਹਨ । ਦੂਜਾ ਟਰੈਵਲਿੰਗ ਟਾਈਮ ਬਚਦਾ ਹੈ ਤੇ ਤੀਜਾ

Original with;
Punjab Vidhan Sabha
Digitized by;
Panjab Digital Library

[ਲੋਕ ਨਿਰਮਾਣ (ਭਵਨ ਤੇ ਮਾਰਗ), ਸੱਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ ਮੰਤਰੀ]

ਪੈਟਰੋਲ ਤੇ ਡੀਜ਼ਲ ਦੋਨੋਂ ਚੀਜ਼ਾਂ ਬਚਦੀਆਂ ਹਨ । ਬਾਕੀ ਗੱਡੀਆਂ ਦੀ ਘਸ-ਘਸਾਈ ਵੱਖਰੀ ਗੱਲ ਹੈ । ਅੱਜ ਦੇਖ ਲਓ, ਜਲੰਧਰ ਤੋਂ ਜਿਹੜੀ ਨਵੀਂ ਸੜਕ ਚੰਡੀਗੜ੍ਹ ਤੱਕ ਬਣੀ ਹੈ, ਜਿਥੇ ਪਹਿਲਾਂ ਢਾਈ ਘੰਟੇ ਦਾ ਟਰੈਵਲਿੰਗ ਟਾਈਮ ਲਗਦਾ ਸੀ, ਉਥੇ ਹੁਣ 2 ਘੰਟੇ ਵਿਚ ਗੱਡੀ ਆ ਜਾਂਦੀ ਹੈ । ਇਸੇ ਤਰ੍ਹਾਂ ਸੋਚਿਆ ਗਿਆ ਕਿ ਅੱਧੇ ਘੰਟੇ ਦਾ ਟਾਈਮ ਬਚਾ ਲਓ ਤੇ ਟੋਲ ਟੈਕਸ ਲਾ ਲਓ । ਇਸ ਤਰ੍ਹਾਂ ਨਾਲ ਤਾਂ ਬਲਕਿ ਪੈਸੇ ਬਚਦੇ ਹਨ (ਵਿਘਨ) (ਸ਼ੋਰ)

**ਸਰਦਾਰ ਤੋਤਾ ਸਿੰਘ** : ਸੜਕਾਂ ਦਾ ਤਾਂ ਬੁਰਾ ਹਾਲ ਹੈ, ਟੈਕਸ ਲਾਉਣ ਨੂੰ ਫਿਰਦੇ ਹਨ.......(ਵਿਘਨ)

**ਮਾਨਯੋਗ ਡਿਪਟੀ ਸਪੀਕਰ** : ਮੰਤਰੀ ਜੀ ਤੁਸੀਂ ਬੋਲੋ । (ਵਿਘਨ)

**ਲੋਕ ਨਿਰਮਾਣ (ਭਵਨ ਤੇ ਮਾਰਗ), ਸੱਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ ਮੰਤਰੀ** : ਕਿਰਪਾ ਕਰਕੇ ਸੁਣੋ, ਤੋਤਾ ਸਿੰਘ ਜੀ । ਤੁਹਾਡੇ ਵਾਲੀਆਂ ਸੜਕਾਂ ਵੀ ਬਣਾਵਾਂਗੇ । ਬਿਨਾਂ ਗੱਲੋਂ ਹੀ ਤੁਹਾਡੇ ਤੋਤੇ ਉਡੇ ਰਹਿੰਦੇ ਹਨ । ਕੁਝ ਦੂਜਿਆਂ ਦੀ ਗੱਲ ਵੀ ਸੁਣ ਲਿਆ ਕਰੋ । (ਵਿਘਨ) ਸੁਣ ਲਓ, ਤੋਤਾ ਸਿੰਘ ਜੀ । ਅਗਲੀ ਗੱਲ ਹੈ ਕਿ ਇਸ ਦੇ ਵਿਚ ਵਰਲਡ ਓਵਰ ਜਿਥੇ ਵੀ ਡਿਵੈਲਪਡ ਮੁਲਕ ਹਨ, ਅੱਛੀਆਂ ਇਕਾਨਮੀਜ਼ ਹਨ, ਭਾਵੇਂ ਅਮਰੀਕਾ ਦੀ ਗੱਲ ਹੈ, ਯੂਰਪ, ਕੈਨੇਡਾ ਤੇ ਇੰਗਲੈਂਡ ਚਲੇ ਜਾਉ, ਸਾਰੀਆਂ ਜਗ੍ਹਾ ਤੇ ਟੋਲ ਰੋਡਜ਼ ਹਨ । ਇਥੇ ਵੀ ਇਹ ਪ੍ਰੋਗਰਾਮ ਲੋਕਾਂ ਦੀ ਬੇਹਤਰੀ ਵਾਸਤੇ ਬਣਾਇਆ ਜਾ ਰਿਹਾ ਹੈ । ਇਸ ਵਿਚ ਕੋਈ ਗਲਤ ਕੰਮ ਨਹੀਂ ਹੈ । ਇਨ੍ਹਾਂ ਨੂੰ ਫਿਕਰ ਕਰਨ ਦੀ ਲੋੜ ਨਹੀਂ। ਇਹ ਅਮੈਂਡਮੈਂਟਾਂ ਇਸ ਕਰਕੇ ਵੀ ਆ ਰਹੀਆਂ ਹਨ ਕਿਉਂਕਿ ਸਾਡੇ ਇਥੇ ਵਰਲਡ ਬੈਂਕ ਆ ਰਿਹਾ ਹੈ । ਉਹ ਵੀ ਸਾਨੂੰ ਤਕਰੀਬਨ 1100 ਕਰੋੜ ਰੁਪਿਆ ਦੇ ਰਹੇ ਹਨ । ਉਨ੍ਹਾਂ ਨੇ ਸਾਡੀਆਂ 1100 ਕਿਲੋਮੀਟਰ ਨਵੀਆਂ ਸੜਕਾਂ ਈਯਰਮਾਰਕ ਕੀਤੀਆਂ ਹਨ ਜਿਹੜੀਆਂ ਹੁਣ ਬਣਨੀਆਂ ਹਨ । ਉਨ੍ਹਾਂ ਦੀਆਂ ਵੀ ਕੁਝ ਡਾਇਰੈਕਸ਼ਨਜ਼ ਹਨ, ਉਨ੍ਹਾਂ ਦੇ ਮੁਤਾਬਿਕ ਵੀ ਬਹੁਤ ਕੁਝ ਹੋ ਰਿਹਾ ਹੈ । ਮੈਂ ਸਦਨ ਨੂੰ ਇਹ ਵੀ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਦੀ ਗੌਰਮਿੰਟ ਲੋਕਾਂ ਦੀ ਵੈਲਫੇਅਰ ਵੱਲ ਜ਼ਿਆਦਾ ਧਿਆਨ ਕਰਦੀ ਹੈ । ਇਹ ਬਹੁਤ ਅੱਛੀਆਂ ਰੋਡਜ਼ ਬਣਨਗੀਆਂ । ਅਸੀਂ ਚੇਪੀਆਂ ਲਾ ਕੇ ਟੋਲ ਨਹੀਂ ਲਾਵਾਂਗੇ, ਬਕਾਇਦਾ ਨਵੀਆਂ ਸੜਕਾਂ ਬਣਨਗੀਆਂ । ਕਈ ਸੜਕਾਂ ਸਟਰੈਂਥਨ ਵੀ ਹੋ ਰਹੀਆਂ ਹਨ । ਜਿਨ੍ਹਾਂ ਸੜਕਾਂ ਤੇ ਬਹੁਤ ਸਾਰੇ ਵਹੀਕਲਜ਼ ਟਰੈਵਲ

Original with;
Punjab Vidhan Sabha
Digitized by;
Panjab Digital Library

ਕਰਦੇ ਹਨ ਪਰ ਉਨ੍ਹਾਂ ਵਿਚ ਏਨਾ ਲੋਡ ਲੈਣ ਦੀ ਤਾਕਤ ਨਹੀਂ, ਉਹੀ ਸੜਕਾਂ ਟੁਟਦੀਆਂ ਹਨ, ਜ਼ਿਆਦਾ ਡੈਮੇਜ ਹੁੰਦੀਆਂ ਹਨ । ਉਨ੍ਹਾਂ ਸੜਕਾਂ ਤੇ ਟਰੱਕ 20-20 ਟਨ ਮਾਲ ਲੈ ਕੇ ਚਲ ਰਹੇ ਹਨ ਜਦ ਕਿ ਉਨ੍ਹਾਂ ਵਿਚ 8-10 ਟਨ ਤੋਂ ਜ਼ਿਆਦਾ ਲੋਡ ਲੈਣ ਦੀ ਵੀ ਤਾਕਤ ਨਹੀਂ । ਅਸੀਂ ਉਨ੍ਹਾਂ ਸੜਕਾਂ ਵਾਸਤੇ ਵੀ ਪ੍ਰਬੰਧ ਕਰ ਰਹੇ ਹਾਂ ਕਿ ਉਨ੍ਹਾਂ ਤੇ ਓਵਰਲੋਡਿਡ ਗੱਡੀਆਂ ਨਾ ਆਉਣ, ਜੇ ਆਉਣ ਤਾਂ ਉਨ੍ਹਾਂ ਤੇ ਟੋਲ ਲੱਗੇ । ਇਹ ਸੜਕਾਂ ਵੀ ਤਾਂ ਹੀ ਠੀਕ ਰਹਿਣਗੀਆਂ ਜੇ ਪੈਸਾ ਆਵੇਗਾ । ਇਹ ਪੈਸੇ ਦਾ ਪ੍ਰਬੰਧ ਹੀ ਕੀਤਾ ਹੈ ਜਿਹੜੀਆਂ ਚੇਂਜਿਜ਼ ਲਿਆ ਰਹੇ ਹਾਂ । ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਸ ਐਨ.ਡੀ.ਏ. ਗੌਰਮਿੰਟ ਵਿਚ ਤੁਸੀਂ ਵੀ ਭਾਗੀਦਾਰ ਰਹੇ ਹੋ, ਉਨ੍ਹਾਂ ਨੇ ਵੀ ਜਿਹੜੀਆਂ ਵਧੀਆ ਸੜਕਾਂ ਬਣਾ ਕੇ ਦਿੱਤੀਆਂ ਹਨ, ਉਨ੍ਹਾਂ ਤੇ ਟੋਲ ਲੱਗੇ ਹਨ । ਗੌਰਮਿੰਟ ਦੀ ਇਹ ਪਾਲਿਸੀ ਹੈ ਅਤੇ ਇਹ ਬੜੀ ਪ੍ਰਾਗਰੈਸਿਵ ਪਾਲਿਸੀ ਹੈ । ਇਹ ਕੋਈ ਇਹੋ ਜਿਹੀ ਪਾਲਿਸੀ ਨਹੀਂ ਹੈ ਜਿਹੜੀ ਕਿ ਸਟੇਟ ਨੂੰ ਪਿਛਾਂਹ ਨੂੰ ਲੈ ਕੇ ਜਾ ਰਹੀ ਹੈ । ਇਸ ਤਰ੍ਹਾਂ ਹੋਣ ਨਾਲ ਲੋਕਾਂ ਦਾ ਤੇਲ ਦਾ ਖ਼ਰਚਾ ਵੀ ਬਚੇਗਾ । ਅੱਜ ਪੈਟ੍ਰੋਲ 50 ਰੁਪਏ ਪ੍ਰਤੀ ਲੀਟਰ ਹੋ ਗਿਆ ਹੈ । ਇਸ ਚੀਜ਼ ਦੇ ਹੋ ਜਾਣ ਨਾਲ ਕੇਵਲ 35 ਪੈਸੇ ਪਰ ਕਿਲੋਮੀਟਰ ਟੋਲ ਲੱਗੇਗਾ । ਇਹ ਕੋਈ ਬਹੁਤ ਜ਼ਿਆਦਾ ਲੰਮੀਆਂ ਚੌੜੀਆਂ ਨਹੀਂ ਹਨ । ਇਹ ਕੋਈ 50-60 ਕਿਲੋਮੀਟਰ ਲੰਮੀਆਂ ਸੜਕਾਂ ਹੀ ਹੋਣਗੀਆਂ । ਇਸ ਦੇ ਵਾਸਤੇ ਜੇ ਲੋਕਾਂ ਨੂੰ 20-25 ਜਾਂ 30 ਪੈਸੇ ਦੇਣੇ ਵੀ ਪੈਣਗੇ ਤਾਂ ਇਹ ਉਨ੍ਹਾਂ ਵਾਸਤੇ ਕੋਈ ਮਹਿੰਗਾ ਸੌਦਾ ਨਹੀਂ ਹੋਵੇਗਾ । ਇਸ ਦੇ ਨਾਲ ਉਨ੍ਹਾਂ ਦਾ ਪੈਟ੍ਰੋਲ ਵੀ ਬਚੇਗਾ ਅਤੇ ਟਾਈਮ ਵੀ ਬਚੇਗਾ । ਸਾਡੀ ਬਦਕਿਸਮਤੀ ਇਹ ਹੈ ਕਿ ਜੇਕਰ ਸਟੇਟ ਦੀ ਬਿਹਤਰੀ ਵਾਸਤੇ ਵੀ ਕੋਈ ਕੰਮ ਕੀਤਾ ਜਾਂਦਾ ਹੈ ਤਾਂ ਉਸ ਨੂੰ ਵੀ ਪੁਲੀਟੀਕਲ ਨਜ਼ਰ ਨਾਲ ਵੇਖਿਆ ਜਾਂਦਾ ਹੈ । ਸਗੋਂ ਚੰਗੇ ਕੰਮ ਦੀ ਤਾਂ ਐਪਰੀਸ਼ੀਏਸ਼ਨ ਕਰਨੀ ਚਾਹੀਦੀ ਹੈ । ਇਨ੍ਹਾਂ ਸੜਕਾਂ ਤੇ ਇਕੱਲੇ ਅਸੀਂ ਹੀ ਟਰੈਵਲ ਨਹੀਂ ਕਰਨਾ, ਤੁਸੀਂ (ਆਪੋਜ਼ੀਸ਼ਨ) ਵੀ ਅਤੇ ਪੰਜਾਬ ਦੇ ਲੋਕਾਂ ਨੇ ਵੀ ਟਰੈਵਲ ਕਰਨਾ ਹੈ । ਇਸ ਤੋਂ ਇਲਾਵਾ ਹੋਰ ਕੋਈ ਤਰੀਕਾ ਵੀ ਨਹੀਂ ਹੈ । ਟੋਲ ਨਹੀਂ ਲਾਵਾਂਗੇ ਤਾਂ ਸੜਕਾਂ ਦਾ ਸੁਧਾਰ ਕਿਵੇਂ ਹੋਵੇਗਾ । ਇਥੇ ਕ੍ਰਿਟੀਸਿਜ਼ਮ ਹੁੰਦੀ ਹੈ ਕਿ ਟੋਲ ਬਹੁਤ ਮਾੜਾ ਹੈ । ਇਹ ਕਿਵੇਂ ਮਾੜਾ ਹੈ ? ਇਸ ਦੇ ਨਾਲ ਲੋਕਾਂ ਦਾ ਟਾਈਮ ਬਚਦਾ ਹੈ, ਲੋਕਾਂ ਦੀਆਂ ਜਾਨਾਂ ਬਚਦੀਆਂ ਹਨ ਅਤੇ ਲੋਕਾਂ ਦੇ ਵਹੀਕਲ ਬਚਦੇ ਹਨ । ਇਹ ਸਾਰਾ ਕੁਝ ਸਟੇਟ ਦੇ ਹੱਕ ਵਿਚ ਹੀ ਹੋਵੇਗਾ, ਸਟੇਟ ਦੇ ਇੰਟਰਸਟ ਵਿਚ ਹੀ ਹੋਵੇਗਾ । ਇਸ ਕਰਕੇ ਮੇਰੀ ਬੇਨਤੀ ਹੈ ਕਿ ਇਸ ਅਮੈਂਡਮੈਂਟ ਨੂੰ ਪਾਸ ਕਰਨਾ ਚਾਹੀਦਾ ਹੈ । ਕੋਈ ਸੀਰੀਅਸ ਗੱਲ ਇਸ ਵਿਚ ਹੈ ਹੀ ਨਹੀਂ ਜਿਸ ਤੇ ਇਨ੍ਹਾਂ ਨੂੰ ਕੋਈ ਇਤਰਾਜ ਹੋਵੇ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਅਦੇਸ਼ ਪ੍ਰਤਾਪ ਸਿੰਘ ਕੈਰੋਂ** : ਸਪੀਕਰ ਸਾਹਿਬ, ਇਸ ਦੇ ਵਿਚ ਇਕ ਦੋ ਚੀਜ਼ਾਂ ਅਮੈਂਡ ਕਰ ਲਓ ਤਾਂ ਠੀਕ ਰਹੇਗਾ ਜਿਸ ਤਰ੍ਹਾਂ ਕਿ no toll shall be levied on Defence Services vehicles. Physically handicapped and Physically challenged ਲੋਕਾਂ ਨੂੰ ਵੀ ਇਸ ਵਿਚ ਇਨਕਲੂਡ ਕਰ ਲਵੋ ਤਾਂ ਕੋਈ ਬੁਰੀ ਗੱਲ ਨਹੀਂ । ਦੂਸਰਾ, ਵਰਲਡ ਬੈਂਕ ਦੀਆਂ ਕੰਡੀਸ਼ਨਜ਼ ਵੀ ਹਾਊਸ ਵਿਚ ਰੱਖ ਦਿੰਦੇ ਤਾਂ ਚੰਗਾ ਹੁੰਦਾ ।

**ਲੋਕ ਨਿਰਮਾਣ (ਭਵਨ ਤੇ ਮਾਰਗ), ਸੱਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ ਮੰਤਰੀ** : ਸਪੀਕਰ ਸਾਹਿਬ, ਅਸੀਂ ਬਹੁਤ ਸਾਰੇ ਲੋਕਾਂ ਨੂੰ ਆਲਰੇਡੀ ਇਸ ਵਿਚ ਛੋਟ ਦਿੱਤੀ ਹੋਈ ਹੈ । ਪੰਜਾਬ ਇਕ ਐਗਰੀਕਲਚਰ ਸਟੇਟ ਹੈ । ਜ਼ਿਮੀਂਦਾਰ ਭਰਾ ਜਿੰਨੀ ਵੀ ਫਸਲ ਟਰਾਲੀਆਂ ਤੇ ਲੈ ਕੇ ਆਉਂਦੇ ਹਨ-ਕਪਾਹ, ਝੋਨਾ, ਕਮਾਦ ਜਾਂ ਕਣਕ ਵਗੈਰਾ, ਉਹ ਸਾਰੀ ਟੋਲ ਫਰੀ ਹੈ । ਮਿਲਟਰੀ ਨਾਲ ਕੋਈ ਵੀ ਅਫਸਰ ਕੁਨੈਕਟਿਡ ਹੈ, ਉਸ ਦੇ ਵਹੀਕਲ ਤੇ ਟੋਲ ਨਹੀਂ ਲੱਗੇਗਾ । ਟੂ-ਵ੍ਹੀਲਰ ਤੇ ਵੀ ਟੋਲ ਨਹੀਂ ਲੱਗੇਗਾ । ਇਸ ਤਰ੍ਹਾਂ ਕਰਕੇ ਕੋਈ 50-60 ਫੀ ਸਦੀ ਲੋਕਾਂ ਨੂੰ ਟੋਲ ਫੀ ਤੋਂ ਰਾਹਤ ਦਿੱਤੀ ਗਈ ਹੈ । ਬਾਕੀ ਜਿਥੋਂ ਤੱਕ ਹੈਂਡੀਕੈਪਡ ਲੋਕਾਂ ਦਾ ਸਵਾਲ ਹੈ, ਇਸ ਦੇ ਵਾਸਤੇ ਅਜੇ ਮੈਂ ਪ੍ਰਾਮਿਸ ਤਾਂ ਨਹੀਂ ਕਰ ਸਕਦਾ, ਇਸ ਨੂੰ ਸਟੱਡੀ ਜ਼ਰੂਰ ਕਰ ਲਵਾਂਗੇ । ਇਹ ਇਕ ਅੱਛਾ ਸੁਝਾਅ ਹੈ ।

**ਸ਼੍ਰੀ ਤਿਕਸ਼ਨ ਸੂਦ** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ..............

**ਮਾਨਯੋਗ ਡਿਪਟੀ ਸਪੀਕਰ** : ਬੋਲਣ ਦਾ ਟਾਈਮ ਨਹੀਂ ਦਿੱਤਾ । ਮਨਿਸਟਰ ਸਾਹਿਬ ਬੋਲ ਚੁੱਕੇ ਹਨ । ਹੁਣ ਤੁਸੀਂ ਸਿਰਫ ਇਨਫਰਮੇਸ਼ਨ ਸੀਕ ਕਰ ਸਕਦੇ ਹੋ ।

**ਸ਼੍ਰੀ ਤਿਕਸ਼ਨ ਸੂਦ** : ਡਿਪਟੀ ਸਪੀਕਰ ਸਾਹਿਬ, ਐਕਟ ਤੇ ਬੋਲਣ ਲਈ ਮੈਂ ਪਹਿਲਾਂ ਵੀ ਟਾਈਮ ਮੰਗਿਆ ਸੀ..........

**ਮਾਨਯੋਗ ਡਿਪਟੀ ਸਪੀਕਰ** : ਮੈਂ ਸਿਰਫ ਤੁਹਾਨੂੰ ਇਨਫਰਮੇਸ਼ਨ ਲੈਣ ਵਾਸਤੇ ਮੌਕਾ ਦਿੱਤਾ ਹੈ । Now take your seat.

**Mr. Deputy Speaker :** Question is--

Original with;
Punjab Vidhan Sabha
Digitized by;
Panjab Digital Library

That the Punjab Mechanical Vehicles (Bridges and Roads Tolls) (Amendment) Bill be taken into consideration at once.

*The motion was carried.*

**Mr. Deputy Speaker :** Now the House will proceed to consider the Bill Clause by Clause.

**Sub-Clause (2) of Clause 1**

**Mr. Deputy Speaker :** Question is--

That Sub-Clause (2) of Clause 1 stand part of the Bill.

*The motion was carried.*

**Clauses 2 to 7**

**Mr. Deputy Speaker :** As there is no amendment to Clauses 2 to 7, if the House agrees, these clauses be put together to the vote of the House.

(Voices : Yes, Yes.)

**Mr. Deputy Speaker :** Question is--

That Clauses 2 to 7 stand part of the Bill.

*The motion was carried.*

**Sub-Clause (1) of Clause 1**

**Mr. Deputy Speaker :** Question is--

That Sub-Clause (1) of Clause 1 stand part of the Bill.

*The motion was carried.*

**TITLE**

**Mr. Deputy Speaker :** Question is--

That Title be the Title of the Bill.

*The motion was carried.*

**Mr. Deputy Speaker :** Minister to move that the Bill be passed.

*Original with;*
Punjab Vidhan Sabha
*Digitized by;*
Panjab Digital Library

**Public Works (B & R) Cultural Affairs and Archeology And Museums Minister** (Sardar Partap Singh Bajwa) : Sir, I beg to move-

That the Punjab Mechanical Vehicles (Bridges and Roads Tools) (Amendment) Bill, be passed.

**Mr. Deputy Speaker :** Motion moved.--

That the Punjab Mechanical Vehicles (Bridges and Roads Tolls) (Amendment) Bill be passed.

**Mr. Deputy Speaker:** Question is--

That the Punjab Mechanical Vehicles (Bridges and Roads Tolls) (Amendment) Bill, be passed.

*The motion was carried.*

**Shri Tikshan Sud :** Sir, Point of Order.

**Mr. Deputy Speaker :** Yes, Mr. Sud.

**Shri Tikshan Sud :** ** ** **

**Mr. Deputy Speaker :** Whatever is being said by Mr. Tikshan Sud should not be recorded.

**Shri Tikshan Sud :** ** ** **, ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਵਿੱਚ ਵੀ ਆਪਣਾ ਪੁਆਇੰਟ ਆਫ ਆਰਡਰ ਕੀਤਾ ਸੀ। ਮੈਂ ਆਪਣੀ ਪਾਰਟੀ ਦਾ ਵਿਊ ਪੁਆਇੰਟ ਰੱਖਣਾ ਚਾਹੁੰਦਾ ਹਾਂ। Sir, I have a right to speak on the Bill as well as on the Ordinance. So, I stood up. I was told that after the Minister, you can speak. ਇਸ ਤਰ੍ਹਾਂ ਮੈਨੂੰ ਅਲਾਓ ਨਾ ਕਰਕੇ ਸਾਡਾ ਰਾਈਟ ਖੋਹਿਆ ਗਿਆ ਹੈ।

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੋਜ਼ਗਾਰ ਅਤੇ ਚੋਣਾਂ ਮੰਤਰੀ** (ਚੌਧਰੀ ਜਗਜੀਤ ਸਿੰਘ) : ਡਿਪਟੀ ਸਪੀਕਰ ਸਾਹਿਬ, ਇਹ ਤਾਂ ਹੁਣ ਹਾਊਸ ਦਾ ਟਾਈਮ ਜਾਇਆ ਕਰ ਰਹੇ ਹਨ।

**Mr. Deputy Speaker :** No discussion on the Bill now.

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

WALK--OUT

(At this stage, Mr. Tikshan Sud walked out of the House for not allowing him to speak.)

---

iv. THE PUNJAB ROADS AND BRIDGES DEVELOPMENT BOARD (AMENDMENT) BILL, 2005 *(Replacing ordinance)*

**Mr. Deputy Speaker :** Minister to move the Bill.

**Public Works (B&R), Cultural Affairs And Archaeology And Museums Minister** (Sardar Partap Singh Bajwa) : Sir, I beg to introduce the Punjab Roads and Bridges Development Board (Amendment) Bill.

Sir, I also beg to move.

That the Punjab Roads and Bridges Development Board (Amendment) Bill be taken into consideration at once.

**Mr. Deputy Speaker :** Motion moved--

That the Punjab Roads and Bridges Development Board (Amendment) Bill be taken into consideration at once.

Discussion if any. Yes, Sardar Manpreet Singh Badal.

**ਸਰਦਾਰ ਮਨਪ੍ਰੀਤ ਸਿੰਘ ਬਾਦਲ** (ਗਿੱਦੜਬਾਹਾ) : ਡਿਪਟੀ ਸਪੀਕਰ ਸਾਹਿਬ, ਜੋ ਮਨਿਸਟਰ ਸਾਹਿਬ ਨੇ ਪੰਜਾਬ ਰੋਡਜ਼ ਐਂਡ ਬ੍ਰਿਜਿਜ਼ ਡਿਵੈਲਪਮੈਂਟ ਬੋਰਡ (ਅਮੈਂਡਮੈਂਟ) ਬਿਲ, 2005 ਇਸ ਸਦਨ ਦੇ ਵਿੱਚ ਪੇਸ਼ ਕੀਤਾ ਹੈ, ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਤੋਂ ਇਕ ਦੋ ਕਲੈਰੀਫਿਕੇਸ਼ਨਜ ਲੈਣੀਆਂ ਚਾਹੁੰਦਾ ਹਾਂ। ਇਸਦੇ ਬਾਰੇ ਇਕ ਤਾਂ ਇਹ ਹੈ ਕਿ ਰੋਡਜ਼ ਐਂਡ ਬ੍ਰਿਜਿਜ਼ ਡਿਵੈਲਪਮੈਂਟ ਬੋਰਡ ਬਣਾਇਆ ਗਿਆ ਹੈ ਅਤੇ ਰੋਡਜ਼ ਅਤੇ ਬ੍ਰਿਜਿਜ਼ ਡਿਵੈਲਪਮੈਂਟ ਬੋਰਡ ਦੇ ਅਧੀਨ ਅੰਡਰ-ਪਾਸ, ਬਾਈ-ਪਾਸ, ਓਵਰ ਬ੍ਰਿਜਿਜ਼ ਵਗੈਰਾ ਸਭ ਆ ਗਏ ਹਨ ਅਤੇ ਇਹ ਸਭ ਇਨ੍ਹਾਂ ਦੀ ਜ਼ਿੰਮੇਂਵਾਰੀ ਹੈ। ਇਨ੍ਹਾਂ ਕੋਲ ਪੈਸਾ ਆਉਣ ਲੱਗ ਪਿਆ ਹੈ। ਪਰ ਹੈਰੀਟੇਜ ਬਿਲਡਿੰਗਾਂ ਦਾ ਸਾਰਾ ਕੰਮ ਵੀ ਇਸ ਦੇ ਅਧੀਨ ਲਿਆਉਣਾ ਕੋਈ ਤੁਕ ਨਹੀਂ ਬਣਦੀ। ਰੋਡਜ਼ ਦੇ ਮੁਤੱਲਕ ਜੋ ਮਰਜੀ ਇਹ ਕਰਨ, ਟੋਲ ਟੈਕਸ ਲਗਾਉਣ। ਪਰ ਹੈਰੀਟੇਜ ਬਿਲਡਿੰਗਾਂ ਨੂੰ ਇਸ ਵਿਚ ਕਿਉਂ ਇਨਕਲੂਡ ਕੀਤਾ ਗਿਆ ਹੈ। ਇਸ ਬਾਰੇ ਮੈਂ ਮੰਤਰੀ ਜੀ ਕੋਲੋਂ ਕਲੈਰੀਫਿਕੇਸ਼ਨ ਲੈਣੀ ਚਾਹਾਂਗਾ। ਦੂਸਰਾ, ਡਿਪਟੀ ਸਪੀਕਰ ਸਾਹਿਬ, ਕਲਾਜ਼-3 ਦੇ ਪੈਰ੍ਹਾ-13 ਦੀ ਸਬ ਕਲਾਜ਼-7 ਵਿਚ ਬਿਆਨ ਕੀਤਾ ਗਿਆ

Original with;
Punjab Vidhan Sabha
Digitized by;
Panjab Digital Library

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਹੈ ਕਿ ਇਕ ਐਗਜ਼ੈਕਟਿਵ ਕਮੇਟੀ ਰੋਡਜ਼ ਤੇ ਬ੍ਰਿਜਿਜ਼ ਡਿਵੈਲਪਮੈਂਟ ਬੋਰਡ ਦੀ ਬਣੇਗੀ ਜਿਸ ਵਿਚ ਚੀਫ ਸੈਕਟਰੀ ਹੋਣਗੇ, ਫਾਈਨਾਂਸ ਸੈਕਟਰੀ ਹੋਣਗੇ, ਪ੍ਰਿੰਸੀਪਲ ਸੈਕਟਰੀ ਟੂ ਸੀ.ਐਮ. ਹੋਣਗੇ, ਪਲਾਨਿੰਗ ਸੈਕਟਰੀ ਹੋਣਗੇ, ਪੀ.ਡਬਲਯੂ. ਡੀ. ਸੈਕਟਰੀ ਹੋਣਗੇ। ਮੇਰੇ ਕਹਿਣ ਦਾ ਮਤਲਬ ਹੈ ਕਿ ਸਾਰੀ ਦੀ ਸਾਰੀ ਐਗਜ਼ੈਕਟਿਵ ਕਮੇਟੀ ਬਿਊਰੋਕਰੇਸੀ ਦੀ ਹੈ। ਜਿਹੜੀ ਬੋਰਡ ਦੀ ਡੇ-ਟੂ-ਡੇ ਦੀ ਫੰਕਸ਼ਨਿੰਗ ਹੋਵੇਗੀ ਉਹ ਵੀ ਇਹੋ ਕਮੇਟੀ ਵੇਖੇਗੀ। ਇਸ ਵਿਚ ਕੋਈ ਵੀ ਕੈਬਨਿਟ ਦਾ ਮੰਤਰੀ ਜਾਂ ਕੋਈ ਐਮ.ਐਲ.ਏ. ਨਹੀਂ ਹੈ। ਸੀ.ਐਮ. ਕੋਲ ਤਾਂ ਖੈਰ ਟਾਈਮ ਹੀ ਨਹੀਂ ਹੈ । ਇਸ ਵਿਚ ਸਬੰਧਤ ਮੰਤਰੀ ਨੂੰ ਖੁਦ ਚੇਅਰਮੈਨ ਹੋਣਾ ਚਾਹੀਦਾ ਹੈ। ਜੇਕਰ ਸਾਰਾ ਕੁਝ ਇਸੇ ਕਮੇਟੀ ਨੇ ਹੀ ਕਰਨਾ ਹੈ ਤਾਂ ਪੀ.ਡਬਲਯੂ.ਡੀ. ਮਨਿਸਟਰ ਬਣਨ ਦਾ ਵੀ ਕੋਈ ਫਾਇਦਾ ਨਹੀਂ ਹੈ। ਇਹ ਦੋ, ਕਲੈਰੀਫਿਕੇਸ਼ਨਾਂ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਕੋਲੋਂ ਚਾਹੁੰਦਾ ਹਾਂ।

**ਲੋਕ ਨਿਰਮਾਣ (ਭਵਨ ਤੇ ਮਾਰਗ), ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ ਮੰਤਰੀ** (ਸਰਦਾਰ ਪ੍ਰਤਾਪ ਸਿੰਘ ਬਾਜਵਾ) ਡਿਪਟੀ ਸਪੀਕਰ ਸਾਹਿਬ, ਇਹ ਬਹੁਤ ਹੀ ਅੱਛੀ ਸੁਜੈਸ਼ਨ ਦਿੱਤੀ ਗਈ ਹੈ। ਬਿਲ ਵਿਚ ਹੈ ਕਿ ਕਮੇਟੀ ਸੀ.ਐਸ. ਦੇ ਅੰਡਰ ਹੋਵੇਗੀ। ਮੈਂ ਸਮਝਦਾ ਹਾਂ ਕਿ ਸਾਰਾ ਕੁਝ ਬਿਊਰੋਕਰੇਸੀ ਦੇ ਹੱਥ ਵਿਚ ਵੀ ਦੇਣਾ ਚੰਗਾ ਨਹੀਂ ਹੋਵੇਗਾ। ਇਸ ਬਾਰੇ ਜ਼ਰੂਰ ਅਮੈਂਡਮੈਂਟ ਲਿਆਂਦੀ ਜਾਵੇਗੀ। ਦੂਸਰੀ ਗੱਲ, ਹੈਰੀਟੇਜ ਬਿਲਡਿੰਗਾਂ ਦੀ ਕੀਤੀ ਗਈ ਹੈ । ਜਿਥੇ ਪਬਲਿਕ ਵਰਕਸ ਡਿਪਾਰਟਮੈਂਟ ਵਿਚ ਬਿਲਡਿੰਗਾਂ ਆਉਂਦੀਆਂ ਹਨ ਤਾਂ ਉਥੇ ਹੈਰੀਟੇਜ ਬਿਲਡਿੰਗਾਂ ਵੀ ਆਉਂਦੀਆਂ ਹਨ। ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਕਈ ਜ਼ਿਲ੍ਹਿਆਂ ਵਿਚ ਬੜੀਆਂ ਹੀ ਖੂਬਸੂਰਤ ਹੈਰੀਟੇਜ ਬਿਲਡਿੰਗਾਂ ਹਨ। ਜਿਵੇਂ ਪਟਿਆਲੇ ਵਿਚ ਹਨ, ਕਪੂਰਥਲੇ ਵਿਚ ਹਨ, ਫਰੀਦਕੋਟ ਵਿਚ ਹਨ, ਅੰਮ੍ਰਿਤਸਰ ਅਤੇ ਬਠਿੰਡੇ ਵਿਚ ਹਨ। ਬਠਿੰਡੇ ਵਿਚ ਪੁਰਾਣਾ ਬਹੁਤ ਵੱਡਾ ਕਿਲਾ ਹੈ। ਇਨ੍ਹਾਂ ਸਾਰੀਆਂ ਬਿਲਡਿੰਗਾਂ ਨੂੰ ਬਚਾਉਣਾ ਜਰੂਰੀ ਸਮਝਿਆ ਗਿਆ ਹੈ। ਜਿਸ ਕਾਰਨ ਇਹ ਜਿਹੜਾ ਬੋਰਡ ਬਣਨਾ ਹੈ, ਉਸ ਵਿਚ ਸਾਡੇ ਕੋਲ ਇਕ ਸਪੈਸ਼ਲ ਐਕਸਪਰਟੀਜ਼ ਵਿੰਗ ਹੈ । ਅਜਿਹੀਆਂ ਬਿਲਡਿੰਗਾਂ ਨੂੰ ਸੰਭਾਲਣ ਦਾ ਕੰਮ ਹਰ ਆਦਮੀ ਦਾ ਨਹੀਂ ਸੀ। ਸਾਡੇ ਇੰਜੀਨੀਅਰਜ਼ ਬਾਹਰਲੇ ਮੁਲਕਾਂ ਵਿਚ ਜਾ ਕੇ ਆਏ ਹਨ ਅਤੇ ਐਕਸਪਰਟ ਹਨ ਅਤੇ ਇਨ੍ਹਾਂ ਹੈਰੀਟੇਜ ਬਿਲਡਿੰਗਾਂ ਨੂੰ ਸੁਰੱਖਿਅਤ ਰੱਖ ਸਕਦੇ ਹਨ। ਇਸੇ ਕਾਰਨ ਇਨ੍ਹਾਂ

Original with;
Punjab Vidhan Sabha
Digitized by;
Panjab Digital Library

ਨੂੰ ਬਚਾਉਣ ਦੀ ਖਾਤਰ ਹੀ ਇਹ ਜ਼ਰੂਰੀ ਸਮਝਿਆ ਗਿਆ ਹੈ। ਬਾਕੀ ਅਸੀਂ ਕਮੇਟੀ ਦੀ ਅਮੈਂਡਮੈਂਟ ਜਰੂਰ ਕਰਾਂਗੇ।

**Mr. Deputy Speaker** : Question is--

That the Punjab Roads and Bridges Development Board (Amendment) Bill be taken into consideration at once.

*The motion was carried.*

**Mr. Deputy Speaker:** Now the House will proceed to consider the Bill, clause-by-clause.

**Sub Clause (2) Of Clause 1**

**Mr. Deputy Speaker :** Question is--

That Sub Clause (2) of Clause 1 stand part of the Bill

*The motion was carried.*

**Clause 2**

**Mr. Deputy Speaker :** Question is--

That Clause 2 stand part of the Bill

*The motion was carried.*

**Clause 3**

**Mr. Deputy Speaker:** There is an amendment to this Clause. The Minister to move the amendment.

**Minister for Public Works (B&R), Cultural Affairs, Archaeology & Museums** (Sardar Partap Singh Bajwa) : Sir, I beg to move--

That the Minister for Public Works (B&R) would be the Chairman of the Executive Committee of the Board instead of Chief Secretary as provided in Sub-clause (B) of Clause 3.

**Mr. Deputy Speaker:** Motion moved--

That the Minister for Public Works (B&R) would be the Chairman of the Executive Committee of the Board instead of Chief Secretary as provided in Sub-clause (B) of Clause 3.

Original with;
Punjab Vidhan Sabha
Digitized by;
Panjab Digital Library

**Mr. Deputy Speaker :** Question is--

That the Minister for Public Works (B&R) would be the Chairman of the Executive Committee of the Board instead of Chief Secretary as provided in Sub-clause (B) of Clause 3.

*The Motion was carried.*

**Mr. Deputy Speaker :** Question is--

That Clause 3, as amended stand part of the Bill.

*The motion was carried.*

**CLAUSES 4 TO 7**

**Mr. Deputy Speaker:** As there is no amendment to Clauses 4 to 7, if the House agrees, these Clauses be put together to the vote of the House.

(Voices : Yes, yes )

**Mr. Deputy Speaker:** Question is--

That Clauses 4 to 7 stand part of the Bill.

*The motion was carried.*

**Sub-Clause (1) of Clause 1**

**Mr. Deputy Speaker:** Question is--

That Sub-Clause (1) of Clause 1 stand part of the Bill.

*The motion was carried.*

**TITLE**

**Mr. Deputy Speaker :** Question is--

That Title be the Title of the Bill.

*The motion was carried.*

**Minister for Public works (B & R) Cultural Affairs, Archaeology & Museums** (Sardar Partap Singh Bajwa): Sir, I beg to move--

That the Punjab Roads and Bridges Development Board (Amendment) Bill as amended be passed.

Original with;
Punjab Vidhan Sabha
Digitized by;
Panjab Digital Library

**Mr. Deputy Speaker :** Motion moved--

That the Punjab Roads and Bridges Development Board (Amendment) Bill as amended be passed. -

**Mr. Deputy Speaker :** Question is--

That the Punjab Roads and Bridges Development Board (Amendment) Bill as amended be passed.

*The motion was carried.*

---

**v. The Punjab Technical University (Amendment) Bill, 2005**

**Deputy Chief Minister** (Shrimati Rajinder Kaur Bhattal) : Sir, I beg to introduce the Punjab Technical University (Amendment) Bill.

Sir, I also m

That the Punjab Technical University( Amendment)Bill be taken into consideration at once.

**Mr. Deputy Speaker :** Motion moved--

That the Punjab Technical University (Amendment)Bill be taken into consideration at once.

Discussion, if any.

(At this stage, no Hon. Member rose to speak.)

**Mr. Deputy Speaker :** Question is--

That the Punjab Technical University (Amendment)Bill be taken into consideration at once.

*The motion was carried.*

**Mr. Deputy Speaker :** Now the House will proceed to consider the Bill Clause-by-Clause.

**Sub Clause (2) of Clause 1**

**Mr. Deputy Speaker :** Question is--

That Sub-clause (2) of Clause 1 stand part of the Bill.

*The motion was carried.*

*Original with;*
Punjab Vidhan Sabha
*Digitized by;*
Panjab Digital Library

**Clauses 2-6**

**Mr. Deputy Speaker :** As there is no amendment to Clauses 2-6, if the House agrees, these Clauses be put to the vote of the House together.

(Voices : Yes, yes)

**Mr. Deputy Speaker :** Question is--

That Clauses 2-6 stand part of the Bill.

*The motion was carried.*

**Sub-clause (1) of Clause 1**

**Mr. Deputy Speaker:** Question is--

That Sub-Clause (1) of Clause 1 stand part of the Bill.

*The motion was carried.*

**Title**

**Mr. Deputy Speaker:** Question is--

That Title be the Title of the Bill.

*The motion was carried.*

**Deputy Chief Minister** (Shrimati Rajinder Kaur Bhattal) : Sir, I beg to move--

That the Punjab Technical University (Amendment)Bill be passed.

**Mr.Deputy Speaker :** Motion moved--

That the Punjab Technical University(Amendment)Bill be passed.

**Mr. Deputy Speaker:** Question is--

That the Punjab Technical University (Amendment)Bill be passed.

*The motion was carried unanimously.*

------------

Original with;
Punjab Vidhan Sabha
Digitized by;
Panjab Digital Library

vi. THE PUNJAB TAX ON LOTTERIES BILL, 2005.

**Minister For Excise & Taxation and Printing & Stationery** (Sardar Sardul Singh) : Sir, I beg to introduce the Punjab Tax on Lotteries Bill.

Sir, I also move-

That the Punjab Tax on Lotteries Bill be taken into consideration at once

**Mr. Deputy Speaker:** Motion moved--

That the Punjab Tax on Lotteries Bill be taken into consideration at once.

Discussion if any. Yes, Adesh Ji.

**ਸਰਦਾਰ ਅਦੇਸ਼ ਪ੍ਰਤਾਪ ਸਿੰਘ ਕੈਰੋਂ** (ਪੱਟੀ) : ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਜਦੋਂ ਇਹ ਐਕਟ ਬਣਿਆ ਸੀ ਤਾਂ ਕਿਹਾ ਗਿਆ ਸੀ ਕਿ ਇਹ ਵੈਟ ਐਕਟ ਠੀਕ ਹੈ ਪਰ ਇਸ ਨੂੰ ਪ੍ਰਿੰਸੀਪਲੀ ਲਿਆਉਣਾ ਕਿਵੇਂ ਹੈ, ਇਸ ਤੇ ਬੜੇ ਸੋਚ ਸਮਝ ਕੇ ਕਦਮ ਚੁਕਣੇ ਚਾਹੀਦੇ ਹਨ। ਅੱਜ ਦੇਖੋ ਆਪਣੇ ਅੱਗੇ ਮੌਕਾ ਆ ਗਿਆ ਹੈ ਅਤੇ ਇਹ ਸੋਚਿਆ ਗਿਆ ਹੈ ਕਿ ਵੈਟ ਨੂੰ ਰਿਮੂਵ ਕਰਕੇ ਲਾਟਰੀ ਤੇ ਲੰਪਸੰਮ ਟੈਕਸ ਲਗਾਇਆ ਜਾਵੇ ਇਸ ਦੇ ਕਾਰਨ ਕੀ ਹਨ ? ਕਾਰਨ ਇਹ ਹਨ ਕਿ ਸਹੀ ਤਰੀਕੇ ਨਾਲ ਵੈਟ ਬਣਿਆ ਹੀ ਨਹੀਂ ਸੀ ਕਿ ਇਸ ਨੂੰ ਇਸ ਤੇ ਲਾਗੂ ਕੀਤਾ ਜਾ ਸਕੇ। ਅਵੇਜ਼ਨ ਹੋਣੀ ਸ਼ੁਰੂ ਹੋ ਗਈ ਹੈ। ਬਾਹਰਲੀ ਸਟੇਟ ਤੋਂ ਪਾਰਟੀਆਂ ਨੇ ਲੋਅਰ ਸੇਲ, ਲੋਅਰ ਵੈਲਿਯੂ ਐਡੀਸ਼ਨ ਦਾ ਕੰਪੋਨੈਂਟ ਦਿਖਾ ਕੇ ਮੇਰਾ ਖਿਆਲ ਪੰਜਾਬ ਲਾਟਰੀਜ਼ ਨੂੰ ਇੱਕ ਤਰ੍ਹਾਂ ਖਤਮ ਹੀ ਕਰ ਦੇਣਾ ਹੈ। ਸੋ, ਜੋ ਇਹ ਲਿਆਉਣ ਦਾ ਵੇਲਾ ਮਿਲਿਆ ਹੈ, ਮੈਂ ਸਮਝਦਾ ਹਾਂ ਇਹ ਠੀਕ ਹੈ ਪਰ ਇਹ ਬੜੇ ਸਟੈਟਿਕ ਜਿਹੇ ਫਿਗਰਜ਼ ਕੋਟ ਕੀਤੇ ਗਏ ਹਨ, ਇਨ੍ਹਾਂ ਫਿੱਗਰਾਂ ਬਾਰੇ ਇਹ ਕਹਿਣਾ ਕਿ ਇਹੀ ਲਾਗੂ ਰਹਿਣਗੀਆਂ, I think it is necessary for the department also to monitor the sale, ਕਿ ਸੇਲ ਬਾਹਰ ਦੀ ਕਿੰਨੀ ਹੋ ਰਹੀ ਹੈ ਅਤੇ ਟੈਕਸ ਕਿੰਨਾ ਬਣ ਰਿਹਾ ਹੈ। ਜਿਹੜੇ ਬਾਹਰੋਂ ਸਟੇਟ ਤੋਂ ਆ ਕੇ ਵੇਚਦੇ ਹਨ, ਉਨ੍ਹਾਂ ਨੂੰ ਟੈਕਸ ਦਾ ਇੰਸੀਡੈਂਸ ਕੀ ਬਣ ਰਿਹਾ ਹੈ। So that ਘੱਟੋ ਘੱਟ ਜਿਵੇਂ ਜਿਵੇਂ ਲਾਟਰੀ ਗਰੋਅ ਕਰਦੀ ਹੈ ਜਾਂ ਸੇਲ ਗਰੋਅ ਕਰਦੀ ਹੈ ਉਵੇਂ these figures stand need to be revised. ਨੰਬਰ ਦੋ ਇਸ ਤੋਂ ਅੱਗੇ ਇਹ ਵੀ ਗੱਲ ਦੇਖਣਯੋਗ ਹੈ ਕਿ ਇੱਕ ਤਰ੍ਹਾਂ ਇੰਨਾ ਵੱਡਾ ਬਫਰ ਬਣ ਗਿਆ ਹੈ ਕਿ ਨਵਾਂ ਇੰਟਰੈਂਟ ਇੰਟਰ ਹੀ ਨਹੀਂ ਕਰ ਸਕੇਗਾ। ਬੰਪਰ ਲਾਟਰੀ ਤੇ ਜੀ ਇੱਕ ਕਰੋੜ ਰੁਪਏ ਦਾ ਹੈ ਕਿ ਤੁਸੀਂ ਇੱਕ ਕਰੋੜ

Original with;
Punjab Vidhan Sabha
Digitized by;
Panjab Digital Library

[ਸਰਦਾਰ ਅਦੇਸ਼ ਪ੍ਰਤਾਪ ਸਿੰਘ ਕੈਰੋਂ]
ਰੁਪਿਆ ਦਿਓ ਤਾਂ ਤੁਸੀਂ ਆ ਕੇ ਇਸ ਵਿੱਚ ਡਰਾਅ ਕਰ ਸਕਦੇ ਹੋ। ਅਗਰ ਤੁਹਾਡਾ ਕਿਰਿਟੀਕਲ ਮੈਚ ਬਣ ਜਾਵੇ, ਇੰਨੀ ਤੁਹਾਡੀ ਸੇਲ ਬਣ ਜਾਵੇ ਕਿ ਤੁਸੀਂ ਇੱਕ ਕਰੋੜ ਰੁਪਿਆ ਪੇਅ ਕਰਕੇ ਵੀ ਵਾਇਬਲ ਰਹਿ ਸਕੋ, ਤਾਂ ਤੁਸੀਂ ਇੰਟਰ ਕਰੋਗੇ। ਕਿਤੇ ਇਹ ਨਾ ਹੁੰਦਾ ਹੋਵੇ ਕਿ ਦੁਬਾਰਾ ਇੱਕ ਮਨਾਪਲੀ ਹੀ ਬਣ ਜਾਵੇ ਇਥੇ ਕਿ ਓਨਲੀ ਇੱਕ ਜਾਂ ਦੋ ਲਾਟਰੀਜ਼ ਚੱਲ ਸਕਣ ਅਤੇ ਬਾਕੀ ਚੱਲ ਹੀ ਨਾ ਸਕਣ ਤੇ ਉਹ ਵੀ ਮੈਂ ਸਮਝਦਾ ਹਾਂ ਕਿ ਸਟੇਟ ਦੇ ਰੈਵੇਨਿਊ ਵਾਸਤੇ ਗਲਤ ਹੋ ਜਾਵੇਗਾ। ਸੋ, ਮੈਂ ਇਹ ਫੀਲ ਕਰਦਾ ਹਾਂ ਕਿ it is good ਕਿ ਜੇ ਵੈਟ ਦੇ ਮਿਸਯੂਜ਼ ਦੇ ਨਾਲ ਸਟੇਟ ਦੀ ਰੈਵੇਨਿਊ ਘਟ ਰਹੀ ਸੀ, ਤਾਂ ਇਹ ਲੰਪਸੰਮ ਸਿਸਟਮ ਲਿਆਂਦਾ ਗਿਆ ਹੈ,which is good ਕਿ ਹੁਣ ਪੈਸੇ ਬਚ ਰਹੇ ਹਨ। ਪਰ ਨਾਲ ਦੀ ਨਾਲ ਇਹ ਵੀ ਅੰਡਰ ਕੰਸੀਡਰੇਸ਼ਨ ਰੱਖਣ ਕਿ ਜਿਸ ਤਰ੍ਹਾਂ ਟਰੇਡ ਗਰੋਅ ਕਰ ਰਹੀ ਹੈ, ਉਸੇ ਤਰ੍ਹਾਂ ਹਰ ਇੱਕ ਦੀ ਸੇਲ ਨੂੰ ਮੋਨੀਟਰ ਕੀਤਾ ਜਾਵੇ । ਇੰਸੀਡੈਂਸ ਟੈਕਸ ਵਰਕ ਆਊਟ ਕੀਤਾ ਜਾਵੇ ਔਰ ਨਿਊ ਇੰਟਰੈਂਟਸ ਨੂੰ ਲਿਆਉਣ ਵਾਸਤੇ ਕੋਈ ਨਾ ਕੋਈ ਸਕੀਮ ਜ਼ਰੂਰ ਰੱਖੀ ਜਾਵੇ । ਕੰਪੀਟੀਟਿਵ ਜਿੰਨਾ ਰੱਖਾਂਗੇ ਜੀ ਉਨਾਂ ਹੀ ਪ੍ਰਾਈਸ ਮਨੀ ਦਾ ਕੰਪੋਨੈਂਟ ਹਾਇਰ ਰਹੇਗਾ। ਨਹੀਂ ਤਾਂ ਹੋਏਗਾ ਕੀ ਜੀ, ਜੇ ਮਨਾਪਲੀ ਬਣ ਗਈ ਤਾਂ ਜਿਹੜੀ ਪ੍ਰਾਈਸ ਮਨੀ ਹੁੰਦੀ ਹੈ, ਉਹ ਇੱਕ ਰੁਪਏ ਵਿਚੋਂ ਜੋ 85 ਪੈਸੇ, 90 ਪੈਸੇ ਲੇਅ ਡਾਊਨ ਹੈ, ਉਹ ਪਾਰਟੀਜ਼ ਘਟਾ ਕੇ ਹੌਲੀ ਹੌਲੀ 70 ਪੈਸੇ ਤੇ ਲੈ ਜਾਣਗੀਆਂ । ਕਿਉਂਕਿ ਵੈਲਿਯੂ ਐਡੀਸ਼ਨ ਜੇ ਵੱਧ ਵੀ ਗਿਆ, ਟੈਕਸ ਤਾਂ ਲੰਪਸੰਮ ਹੈ, ਸੋ ਪ੍ਰਾਈਸ ਦਾ ਜਿਹੜਾ ਕੰਪੋਨੈਂਟ ਹੈ, there are temptation ਕਿ ਉਹ ਕੰਪੋਨੈਂਟ ਜਿਹੜਾ ਹੈ, ਉਹ ਰਿਡਿਊਸ ਕੀਤਾ ਜਾਵੇਗਾ । ਉਸ ਚੀਜ਼ ਤੋਂ ਬਚਣ ਵਾਸਤੇ ਕੋਈ ਨਾ ਕੋਈ ਸੇਫ ਗਾਰਡ ਜ਼ਰੂਰ ਰੱਖਣੇ ਚਾਹੀਦੇ ਹਨ ਕਿ how to safeguard ਕਿ ਜਿਹੜੇ ਬੰਦੇ ਲਾਟਰੀ ਟਿਕਟ ਖਰੀਦ ਰਹੇ ਹਨ, ਉਨ੍ਹਾਂ ਨੂੰ ਪ੍ਰਾਈਸ ਦਾ ਕੰਪੋਨੈਂਟ ਜਾਂ ਹੋਰ ਕੰਪੋਨੈਂਟ ਕਿਵੇਂ ਇਨਸ਼ੋਰ ਕੀਤੇ ਜਾਣਗੇ ।

**ਆਬਕਾਰੀ ਤੇ ਕਰ ਅਤੇ ਛਪਾਈ ਅਤੇ ਲਿਖਣ ਸਮੱਗਰੀ ਮੰਤਰੀ** (ਸਰਦਾਰ ਸਰਦੂਲ ਸਿੰਘ) : ਸਪੀਕਰ ਸਾਹਿਬ, ਜੋ ਆਨਰੇਬਲ ਕੈਰੋਂ ਸਾਹਿਬ ਨੇ ਸੁਝਾਅ ਦਿੱਤਾ ਹੈ, ਇਹ ਬਿਲਕੁੱਲ ਠੀਕ ਹੈ ਕਿ ਪੰਜਾਬ ਦੇ ਵਿੱਚ ਇਹ ਬਿੱਲ ਤਾਂ ਲਿਆਉਣ ਦੀ ਲੋੜ ਪਈ ਕਿ ਬਾਹਰਲੇ ਰਾਜਾਂ ਵਿੱਚ ਲਾਟਰੀ ਚਲਾਉਣ ਵਾਲੇ ਲੋਕ ਜਦੋਂ ਪੰਜਾਬ ਵਿੱਚ ਲਾਟਰੀ ਚਲਾਉਂਦੇ ਸਨ ਤਾਂ ਟੈਕਸ ਬੜਾ ਚੋਰੀ ਹੋ ਜਾਂਦਾ ਸੀ ਔਰ ਉਹ ਆਪਣੇ ਕਈ ਏਜੰਟਾਂ ਰਾਹੀਂ ਲਾਟਰੀ ਸਿਸਟਮ ਚਲਾ ਰਹੇ ਸੀ। ਕੋਈ ਟੈਕਸ ਦੇ ਨਹੀਂ ਸੀ ਰਿਹਾ। ਇਸ ਕਰਕੇ ਇਸ ਐਕਟ ਨੂੰ ਅੱਜ ਅਲਾਹਿਦਾ ਲਿਆਉਣ ਦੀ ਲੋੜ ਪਈ ਹੈ । ਪੰਜਾਬ

Original with;
Punjab Vidhan Sabha
Digitized by;
Panjab Digital Library

ਰਾਜ ਦੇ ਵਿੱਚ ਇਸ ਐਕਟ ਨੂੰ ਲਿਆਉਣ ਦੇ ਨਾਲ ਸਾਡੇ ਰੈਵੇਨਿਊ ਵਿੱਚ ਕਾਫੀ ਵਾਧਾ ਹੋਵੇਗਾ। ਪਰ ਜੋ ਮੈਂਬਰ ਸਾਹਿਬ ਨੇ ਸੁਝਾਅ ਦਿੱਤਾ ਹੈ, ਅਸੀਂ ਇਹ ਜ਼ਰੂਰ ਵਿਚਾਰ ਕਰਾਂਗੇ ਕਿ ਜਿਹੜੇ ਰੇਟ ਹਨ, ਉਹ ਇਸ ਵਿੱਚ ਜ਼ਰੂਰ ਵਧਾਏ ਜਾਣ।

**Mr. Deputy Speaker :** Question is--

That the Punjab Tax on Lotteries Bill be taken into consideration at once.

*The motion was carried.*

**Mr. Deputy Speaker :** Now the House will proceed to consider the Bill Clause by Clause.

**Sub-clause (2) of Clause 1**

**Mr. Deputy Speaker :** Question is--

That Sub-clause (2) of Clause 1 stand part of the Bill.

*The motion was carried.*

**Clauses 2 to 41**

**Mr. Deputy Speaker :** As there is no amendment to Clauses 2 to 41, if the House agrees, these Clauses be put together to the vote of the House.

(Voices : Yes, Yes)

**Mr.Deputy Speaker :** Question is--

That Clauses 2 to 41 stand part of the Bill.

*The motion was carried.*

**SCHEDULE**

**Mr. Deputy Speaker :** Question is--

That Schedule be the Schedule of the Bill.

*The motion was carried.*

Sub-clause (1) of Clause 1.

Original with;
Punjab Vidhan Sabha
Digitized by;
Panjab Digital Library

**Mr. Deputy Speaker :** Question is--

That Sub-Clause (1) of Clause 1 stand part of the Bill.

*The motion was carried.*

**Title**

**Mr.Deputy Speaker :** Question is--

That Title be the Title of the Bill.

*The motion was carried.*

**Minister For Excise And Taxation And Printing and Stationery** (Sardar Sardul Singh) : Sir,I beg to move-

That the Punjab Tax on Lotteries Bill be passed.

**Mr. Deputy Speaker :** Motion moved--

That the Punjab Tax on Lotteries Bill be passed.

**Mr. Deputy Speaker :** Question is--

That the Punjab Tax on Lotteries Bill be passed.

*The motion was carried.*

--------------

vii. THE PUNJAB VALUE ADDED TAX (AMENDMENT) BILL, 2005
*(Replacing ordinance)*

**Minister For Excise And Taxation And Printing & Stationery** (Sardar Sardul Singh) : Sir, I beg to introduce the Punjab Value Added Tax (Amendment) Bill.

Sir, I also beg to move-

That the Punjab Value Added Tax (Amendment) Bill be taken into consideration at once.

**Mr. Deputy Speaker :** Motion moved--

That the Punjab Value Added Tax (Amendment) Bill be taken into consideration at once.

Any body who want to speak on the Bill ? Yes, Capt. Kanwaljit Singh Ji.

Original with;
Punjab Vidhan Sabha
Digitized by;
Panjab Digital Library

**ਕੈਪਟਨ ਕੰਵਲਜੀਤ ਸਿੰਘ** (ਬਨੂੜ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਇਸ ਸਦਨ ਦੇ ਵਿੱਚ ਵਿਚਾਰ ਗੋਚਰੇ ਹੈ, ਇਸ ਵਿੱਚ ਸਰਕਾਰ ਵਲੋਂ ਵੈਲਿਯੂ ਏਡਿਡ ਟੈਕਸ 1 ਅਪ੍ਰੈਲ, 2005 ਤੋਂ ਲਾਗੂ ਕੀਤਾ ਗਿਆ ਹੈ। ਇਸ ਵਿੱਚ 11 ਤਰਮੀਮਾਂ ਪੇਸ਼ ਕੀਤੀਆਂ ਗਈਆਂ ਹਨ ਅੌਰ ਇਸ ਤੋਂ ਪਹਿਲਾਂ 16 ਮਈ 2005 ਨੂੰ ਬਹੁਤ ਸਾਰੀਆਂ ਤਰਮੀਮਾਂ ਕੀਤੀਆਂ ਗਈਆਂ ਸਨ, ਰੇਟਾਂ ਵਿਚ ਵੀ ਕੀਤੀਆਂ ਸਨ, ਹੋਰ ਵੀ ਕੀਤੀਆਂ ਸਨ। ਡਿਪਟੀ ਸਪੀਕਰ ਸਾਹਿਬ, ਇਸ ਟੈਕਸ ਪ੍ਰਣਾਲੀ ਨੂੰ ਲਾਗੂ ਹੋਇਆਂ ਹਾਲੇ 4-5 ਮਹੀਨੇ ਹੀ ਹੋਏ ਹਨ ਪਰ ਇਕ ਤੋਂ ਬਾਅਦ ਇਕ ਅਮੈਂਡਮੈਂਟਸ ਆ ਰਹੀਆਂ ਹਨ। ਇਹ ਤਰਮੀਮਾਂ ਇਸ ਗੱਲ ਨੂੰ ਦਰਸਾਉਂਦੀਆਂ ਹਨ ਕਿ ਪੰਜਾਬ ਦੀ ਕਾਂਗਰਸ ਸਰਕਾਰ ਨੇ ਇਸ ਵੈਟ ਪ੍ਰਣਾਲੀ ਨੂੰ ਬਗੈਰ ਸੋਚੇ ਸਮਝੇ, ਬਗੈਰ ਗੰਭੀਰਤਾ ਨਾਲ ਵਿਚਾਰ ਕੀਤਿਆਂ, ਬੜੀ ਜਲਦਬਾਜ਼ੀ ਨਾਲ ਅੌਰ ਬਿਨਾਂ ਤਿਆਰੀ ਤੋਂ ਲਾਗੂ ਕੀਤਾ ਹੈ, ਇਹ ਨਹੀਂ ਸੋਚਿਆ ਕਿ ਇਸ ਦੇ ਕੀ ਸਿੱਟੇ ਨਿਕਲਣਗੇ ਇਹ ਜੋ ਵੈਟ ਦੀ ਚਰਚਾ ਹੈ, ਇਹ, ਡਿਪਟੀ ਸਪੀਕਰ ਸਾਹਿਬ, ਐਨ.ਡੀ.ਏ. ਸਰਕਾਰ ਵੇਲੇ ਸ਼ੁਰੂ ਹੋਈ ਸੀ ਅੌਰ ਉਸ ਵੇਲੇ 8 ਸੂਬਿਆਂ ਦੇ ਵਿੱਤ ਮੰਤਰੀਆਂ ਦੀ ਇੰਪਾਵਰਡ ਕਮੇਟੀ ਬਣਾਈ ਗਈ ਸੀ ਜਿਸ ਵਿਚ ਸਾਰੀਆਂ ਗੱਲਾਂ ਦੇ ਵੱਲ ਧਿਆਨ ਦੇਣ ਵਾਸਤੇ ਬਹਿਸ ਹੋਈ ਸੀ। ਮੈਨੂੰ ਵੀ ਮਾਣ ਸੀ ਕਿਉਂਕਿ ਮੈਂ ਵੀ ਉਸ ਕਮੇਟੀ ਦਾ ਮੈਂਬਰ ਸੀ। ਮੈਂ ਉਸ ਕਮੇਟੀ ਵਿਚ ਇਹ ਪ੍ਰੋਵੀਜ਼ਨ ਕਰਵਾਈ ਸੀ ਕਿ ਜਿਹੜੀ ਸੇਲਜ਼ ਟੈਕਸ ਪ੍ਰਣਾਲੀ 1948 ਤੋਂ ਲਾਗੂ ਹੈ ਅੌਰ ਇਸ ਨੂੰ ਨਵੀਂ ਪ੍ਰਣਾਲੀ ਵਿਚ ਤਬਦੀਲ ਕਰਨ ਲਈ, ਵੈਟ ਵਿਚ ਤਬਦੀਲ ਕਰਨ ਲਈ ਬਹੁਤ ਕਠਿਨਾਈਆਂ, ਮੁਸ਼ਕਲਾਂ ਅਤੇ ਸਮੱਸਿਆਵਾਂ ਆਉਣਗੀਆਂ। ਇਸ ਕਰਕੇ ਇਸ ਪ੍ਰਣਾਲੀ ਨੂੰ ਵਿਚਾਰ-ਵਟਾਂਦਰੇ ਤੋਂ ਬਾਅਦ ਲਾਗੂ ਕੀਤਾ ਜਾਵੇ। ਜਿਹੜੇ ਵਪਾਰੀ ਹਨ ਜਾਂ ਸਨਅਤਕਾਰ ਹਨ, ਉਨ੍ਹਾਂ ਦੇ ਨਾਲ ਵਿਆਪਕ ਰੂਪ ਵਿੱਚ, ਵਿਆਪਕ ਗੋਸ਼ਟੀ ਕਰਕੇ, ਉਨ੍ਹਾਂ ਦੇ ਸੁਝਾਅ ਲੈ ਕੇ ਐਕਟ ਬਣਾਇਆ ਜਾਵੇ ਅੌਰ ਇਸ ਪ੍ਰਣਾਲੀ ਉਤੇ ਜਿਹੜੇ ਐਕਸਾਈਜ਼ ਐਂਡ ਟੈਕਸੇਸ਼ਨ ਡਿਪਾਰਟਮੈਂਟ ਦੇ ਅਧਿਕਾਰੀ/ਮੁਲਾਜ਼ਮ ਹਨ ਉਨ੍ਹਾਂ ਨੂੰ ਟਰੇਨਿੰਗ ਦਿੱਤੀ ਜਾਵੇ। ਲੇਕਿਨ ਸਰਕਾਰ ਨੇ ਇਸ ਨੂੰ ਲਾਗੂ ਕਰ ਦਿੱਤਾ ਅਤੇ ਲਾਗੂ ਕਰਨ ਤੋਂ ਬਾਅਦ ਨਾ ਵਪਾਰੀ ਨੂੰ ਪਤਾ ਸੀ ਨਾ ਸਨਅਤਕਾਰ ਨੂੰ ਪਤਾ ਸੀ, ਅਫਸੋਸ ਦੀ ਗੱਲ ਹੈ ਕਿ ਨਾ ਇਨ੍ਹਾਂ ਦੇ ਮਹਿਕਮੇ ਦੇ ਅਫ਼ਸਰਾਂ ਨੂੰ ਪਤਾ ਸੀ ਕਿ ਅਸੀਂ ਕੀ ਲਾਗੂ ਕੀਤਾ ਹੈ। ਅੱਜ ਤਕਰੀਬਨ 6-7-8 ਮਹੀਨੇ ਹੋ ਗਏ ਹਨ, ਲੇਕਿਨ ਅਫਸੋਸ ਇਸ ਗੱਲ ਦਾ ਹੈ, ਡਿਪਟੀ ਸਪੀਕਰ ਸਾਹਿਬ, ਕਿ ਜਿਹੜੀਆਂ ਇਹ ਤਰਮੀਮਾਂ ਲਿਆਂਦੀਆਂ ਹਨ, ਇਸ ਪ੍ਰਣਾਲੀ ਨੂੰ ਬਿਨਾਂ ਵਿਚਾਰੇ, ਬਿਨਾਂ ਸੋਚੇ ਸਮਝੇ ਲਾਗੂ ਕਰਨ ਨਾਲ ਪੰਜਾਬ ਦਾ ਜਿਹੜਾ ਵਪਾਰ ਹੈ ਜਾਂ ਸਨਅਤ ਹੈ, ਉਸ ਨੂੰ ਬੇਹੱਦ ਮੁਸ਼ਕਲਾਂ ਤੇ ਕਠਿਨਾਈਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਇਸ

Original with;
Punjab Vidhan Sabha
Digitized by;
Panjab Digital Library

[ਕੈਪਟਨ ਕੰਵਲਜੀਤ ਸਿੰਘ]

ਨਾਲ ਜੇ ਮੈਂ ਕਹਾਂ ਕਿ ਸਮੁੱਚੇ ਪੰਜਾਬ ਦਾ ਜਿਹੜਾ ਵਪਾਰ ਹੈ, ਉਸ ਨੂੰ ਭਾਰੀ ਸੱਟ ਵੱਜੀ ਹੈ, ਇਹ ਝੂਠ ਨਹੀਂ ਹੋਵੇਗਾ। ਦੂਸਰੀ ਗੱਲ, ਡਿਪਟੀ ਸਪੀਕਰ ਸਾਹਿਬ, ਮੈਂ ਅੱਜ ਇਹ ਮੰਗ ਕਰਾਂਗਾ ਮਾਨਯੋਗ ਮੰਤਰੀ ਜੀ ਤੋਂ, ਕਿ ਬਹੁਤ ਸਾਰੀਆਂ ਐਸੀਆਂ ਸਮੱਸਿਆਵਾਂ ਹਨ ਜਿਨ੍ਹਾਂ ਨੂੰ ਮੈਂ ਸਦਨ ਵਿਚ ਰੱਖਾਂਗਾ ਔਰ ਇਹ ਉਨ੍ਹਾਂ ਉਪਰ ਆਪਣੀ ਕੁਮਿਟਮੈਂਟ, ਆਪਣਾ ਫੈਸਲਾ, ਆਪਣਾ ਰਿਪਲਾਈ ਦੇਣ ਦੀ ਖੇਚਲ ਕਰਨ। ਪਹਿਲੀ ਗੱਲ ਇਹ ਹੈ ਕਿ ਵੈਟ ਲਾਗੂ ਕਰ ਦਿੱਤਾ ਗਿਆ ਹੈ ਪਰ ਵੈਟ ਦੀ ਆੜ ਵਿਚ, ਡਿਪਟੀ ਸਪੀਕਰ ਸਾਹਿਬ, ਇਸ ਸਰਕਾਰ ਨੇ ਗਰੀਬ ਜਨਤਾ ਉਪਰ, ਦਲਿਤਾਂ ਉਪਰ ਬੋਝ ਪਾਇਆ ਹੈ। ਜਿਹੜੀ ਮੈਂ ਸਪੱਸ਼ਟ ਕਰਕੇ ਦੱਸਾਂਗਾ। ਆਮ ਤੌਰ ਤੇ ਕਾਂਗਰਸ ਵਾਲੇ ਕਹਿੰਦੇ ਹਨ ਕਿ ਕਾਂਗਰਸ ਕਾ ਹਾਥ ਆਮ ਆਦਮੀ ਕੇ ਸਾਥ। ਮੈਨੂੰ ਅਫ਼ਸੋਸ ਇਸ ਗੱਲ ਦਾ ਹੈ ਕਿ ਇਸ ਟੈਕਸ ਪ੍ਰਣਾਲੀ ਨਾਲ ਜੋ ਸੱਟ ਮਾਰੀ ਹੈ ਤਾਂ ਸਭ ਤੋਂ ਵੱਧ ਗਰੀਬ ਆਦਮੀ ਉਪਰ ਉਹ ਲੱਗੀ ਹੈ । ਮੈਂ ਆਖਾਂਗਾ ਕਿ ਮੰਤਰੀ ਸਾਹਿਬ ਇਸ ਨੂੰ ਵਿਚਾਰਨ, ਇਸ ਉਪਰ ਆਪਣਾ ਫੈਸਲਾ ਅੱਜ ਹੀ ਸਦਨ ਵਿਚ ਦੇ ਕੇ ਜਾਣ। ਗਰੀਬ ਆਦਮੀ ਨੇ ਆਟੇ ਦੀ ਰੋਟੀ ਖਾਣੀ ਹੈ। ਸਾਡੀ ਸਰਕਾਰ ਵੇਲੇ ਆਟੇ ਦੇ ਉਪਰ ਟੈਕਸ ਐਗਜ਼ੰਪਟਡ ਸੀ, ਕੋਈ ਟੈਕਸ ਨਹੀਂ ਸੀ ਲੇਕਿਨ ਅੱਜ ਆਮ ਆਦਮੀ ਦੇ ਸਾਥ ਵਾਲੀ ਸਰਕਾਰ ਨੇ ਇਸ ਉਪਰ 4% ਟੈਕਸ ਲਾ ਦਿੱਤਾ ਹੈ। ਫੇਰ ਇਹ ਕਹਿਣਗੇ ਕਿ ਬ੍ਰਾਂਡਿਡ ਆਟਾ ਹੈ। ਅੱਜ ਕੋਈ ਵੀ ਚੱਕੀ, ਕੋਈ ਵੀ ਫਲੋਰ ਮਿੱਲ ਜਾਂ ਕੋਈ ਪਿੰਡ ਦੀ ਛੋਟੀ ਤੋਂ ਛੋਟੀ ਦੁਕਾਨ ਦੇ ਥੈਲੇ ਉਪਰ ਦੇਖੋ ਬ੍ਰਾਂਡ ਲੱਗਾ ਹੁੰਦਾ ਹੈ, ਉਹ ਬ੍ਰਾਂਡਿਡ ਹੋ ਗਿਆ। ਇਹ ਡਾਈਵਰਸੀਫਿਕੇਸ਼ਨ ਦੀ ਗੱਲ ਕਰਦੇ ਹਨ ਕਿ ਡਾਈਵਰਸੀਫਿਕੇਸ਼ਨ ਦੇ ਰਾਹੀਂ ਗੰਨਾ ਲਗਾਵਾਂਗੇ। ਸਾਡੇ ਵੇਲੇ ਗੰਨੇ ਤੇ 1% ਟੈਕਸ ਸੀ, ਇਨ੍ਹਾਂ ਨੇ ਉਸ ਉਪਰ ਵੀ 4% ਟੈਕਸ ਲਾ ਦਿੱਤਾ ਹੈ। ਗਰੀਬ ਆਦਮੀ ਕਹਿੰਦਾ ਹੈ ਕਿ ਥੋੜ੍ਹਾ ਪੈਸਾ ਹੈ ਚਲੋ ਦਾਲ ਰੋਟੀ ਖਾ ਕੇ ਸਾਰ ਲਾਵਾਂਗਾ। ਇਨ੍ਹਾਂ ਨੇ ਆਟਾ ਮਹਿੰਗਾ ਕਰ ਦਿੱਤਾ, ਰੋਟੀ ਮਹਿੰਗੀ ਕਰ ਦਿੱਤੀ । ਡਿਪਟੀ ਸਪੀਕਰ ਸਾਹਿਬ, ਅਫ਼ਸੋਸ ਹੈ ਕਿ ਇਨ੍ਹਾਂ ਨੇ ਦਾਲ ਵੀ ਮਹਿੰਗੀ ਕਰ ਦਿੱਤੀ। ਸਾਡੇ ਵੇਲੇ ਦਾਲਾਂ ਉਪਰ ਟੈਕਸ ਸੀ 1% ਪਰ ਇਨ੍ਹਾਂ ਨੇ ਕਰ ਦਿੱਤਾ 4%, ਸਭ ਤੋਂ ਵੱਧ ਇਨ੍ਹਾਂ ਨੇ ਦਾਲਾਂ ਉਪਰ ਟੈਕਸ ਲਾਇਆ ਹੈ। (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਚੌਧਰੀ ਸਾਹਿਬ ਇਸ ਗੱਲ ਤੇ ਹੱਸਦੇ ਹਨ, ਤੁਹਾਡੇ ਦਲਿੱਤ ਵਰਗ ਨੂੰ ਤੁਹਾਡੀ ਸਰਕਾਰ ਨੇ ਸਭ ਤੋਂ ਵੱਧ ਰਗੜਾ ਲਾਇਆ ਹੈ। ਇਸ ਦਾਲ ਨੂੰ ਕੌਣ ਜ਼ਿਆਦਾ ਖਾਂਦਾ ਹੈ ?

(ਇਸ ਸਮੇਂ ਰੂਲਿੰਗ ਪਾਰਟੀ ਅਤੇ ਆਪੋਜ਼ੀਸ਼ਨ ਪਾਰਟੀ ਦੇ ਮੈਂਬਰ ਆਪਸ ਵਿਚ ਗੱਲਾਂ ਕਰ ਰਹੇ ਸਨ।) (ਹਾਸਾ)

Original with;
Punjab Vidhan Sabha
Digitized by;
Panjab Digital Library

**ਮਾਨਯੋਗ ਡਿਪਟੀ ਸਪੀਕਰ :** ਕੈਪਟਨ ਸਾਹਿਬ, Please address the chair.

**ਕੈਪਟਨ ਕੰਵਲਜੀਤ ਸਿੰਘ :** ਉਧਰੋਂ ਇੰਟਰਵੈਂਸ਼ਨ ਆ ਗਈ ਫੇਰ ਦੇਖੋ, ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਅੰਦਰ ਇਕ ਪਾਸੇ ਇਹ ਕਹਿੰਦੇ ਹਨ ਕਿ ਡਾਈਵਰਸੀਫਿਕੇਸ਼ਨ ਕਰਨੀ ਹੈ । ਉਸ ਡਾਈਵਰਸੀਫਿਕੇਸ਼ਨ ਦੇ ਵਿਚ ਡੇਅਰੀ ਫਾਰਮਿੰਗ ਇਕ ਬਹੁਤ ਮਹੱਤਵਪੂਰਨ ਅੰਗ ਹੈ । ਕੈਟਲ ਫੀਡ ਵਾਸਤੇ ਸ਼ੀਰਾ (ਮੋਲੇਸਿਜ਼) ਵਿਆਪਕ ਰੂਪ ਵਿਚ ਵਰਤਿਆ ਜਾਂਦਾ ਹੈ । ਸਾਡੀ ਸਰਕਾਰ ਵੇਲੇ ਇਸ ਉਪਰ 20% ਟੈਕਸ ਸੀ ਪਰ ਇਨ੍ਹਾਂ ਨੇ 22% ਕਰ ਦਿੱਤਾ ਹੈ। ਪੈਟਰੋਲ ਮਹਿੰਗਾ ਕਰ ਦਿੱਤਾ ਹੈ। ਮੰਤਰੀ ਸਾਹਿਬ ਕਹਿ ਰਹੇ ਸੀ ਕਿ ਪੈਟਰੋਲ ਮਹਿੰਗਾ ਹੋ ਗਿਆ। ਇਹ ਇੰਟਰਨੈਸ਼ਨਲ ਕਰੂਡ ਪ੍ਰਾਇਸਿਜ਼ ਦਾ ਕੰਮ ਨਹੀਂ, ਸਾਡੇ ਵੇਲੇ 25% ਟੈਕਸ ਸੀ, ਇਨ੍ਹਾਂ ਨੇ ਚੁੱਕ ਕੇ ਪੈਟਰੋਲ ਉਪਰ 27% ਟੈਕਸ ਕਰ ਦਿੱਤਾ ਹੈ।

ਇਸੇ ਤਰ੍ਹਾਂ ਹੀ ਡਿਪਟੀ ਸਪੀਕਰ ਸਾਹਿਬ, ਇੱਕ ਪਾਸੇ ਮੰਗ ਹੁੰਦੀ ਹੈ ਕਿ ਬੱਚਿਆਂ ਨੂੰ ਖੇਡਾਂ ਦੇ ਵਿਚ ਦਿਲਚਸਪੀ ਹੋਣੀ ਚਾਹੀਦੀ ਹੈ। ਖੇਡਾਂ ਦੇ ਪ੍ਰਬੰਧ ਹੋਣੇ ਚਾਹੀਦੇ ਹਨ। ਸਾਡੇ ਵੇਲੇ ਸਪੋਰਟਸ ਗੁੱਡਜ਼ ਤੇ 3% ਟੈਕਸ ਸੀ ਔਰ ਅੱਜ ਇਹ 4% ਹੋ ਗਿਆ ਹੈ। ਅੱਜ ਜਲੰਧਰ ਦੀ ਸਾਰੀ ਸਪੋਰਟਸ ਇੰਡਸਟਰੀ ਨੂੰ ਜਿੱਥੇ ਕਿ ਸਾਰਾ ਸਮਾਨ ਸਪੋਰਟਸ ਦਾ ਬਣਦਾ ਹੈ,ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਉਸ ਲਈ ਮੁਸ਼ਕਿਲ ਖੜ੍ਹੀ ਕਰ ਦਿੱਤੀ ਹੈ ਕਿ ਜਿਹੜੀ ਕੋਈ ਗੁੱਡਜ਼ ਕਿਸੇ ਸਪੈਸੇਫਿਕ ਕੈਟਾਗਰੀ ਦੇ ਥੱਲੇ ਮੈਨਸ਼ਨ ਨਹੀਂ ਹੈ, ਉਸ ਤੇ 12½% ਟੈਕਸ ਲਗੇਗਾ । ਸਾਡੇ ਵੇਲੇ ਇਹ ਟੈਕਸ 8% ਸੀ। ਇਸ ਦੇ ਨਾਲ ਹੀ ਮੈਂ ਕਹਾਂਗਾ ਕਿ ਜਿੱਥੇ ਇਹ ਇੱਕ ਸੱਚਾਈ ਹੈ ਕਿ ਮਹਿੰਗਾਈ ਇੰਨੀ ਹੋ ਗਈ ਹੈ ਕਿ ਗਰੀਬ ਆਦਮੀ ਦਾ ਜਿਉਣਾ ਮੁਸ਼ਕਿਲ ਹੋ ਗਿਆ ਔਰ ਇਸ ਦੇ ਨਾਲ ਹੀ ਇੱਕ ਭਾਰੀ ਸੰਕਟ ਪੰਜਾਬ ਦੀ ਗਰੀਬ ਜਨਤਾ ਤੇ ਆ ਗਿਆ ਹੈ। ਮੈਂ ਇਹ ਗੱਲ ਵੀ ਕਹਾਂਗਾ ਕਿ ਇਸ ਸਰਕਾਰ ਨੇ ਚਾਰ ਸਾਲਾਂ ਦੇ ਦੌਰਾਨ ਐਸੀ ਟੈਕਸ ਪਾਲਿਸੀ ਅਡਾਪਟ ਕੀਤੀ ਹੈ, ਜਿਸ ਪਾਲਿਸੀ ਦੇ ਅਡਾਪਟ ਕਰਨ ਨਾਲ ਗਰੀਬ ਜਨਤਾ ਵਾਸਤੇ ਟੈਕਸ ਦੇ ਉਪਰ ਟੈਕਸ ਲਗਾਇਆ ਗਿਆ ਹੈ। ਹੁਣ ਗਰੀਬ ਆਦਮੀ ਦੀ ਜ਼ਿੰਦਗੀ ਮਹਿੰਗੀ ਹੈ ਅਤੇ ਸਰਕਾਰ ਨੇ ਅਮੀਰ ਜਨਤਾ ਨੂੰ, ਅਮੀਰ ਵਰਗ ਦੇ ਲੋਕਾਂ ਨੂੰ ਟੈਕਸਾਂ ਵਿਚ ਵੱਡੀਆਂ ਵੱਡੀਆਂ ਰਿਆਇਤਾਂ ਦੇ ਦਿੱਤੀਆਂ ਹਨ। ਇਹ ਗੱਲ ਮੈਂ ਇੱਥੇ ਵੀ ਕਹਿੰਦਾ ਹਾਂ ਔਰ ਇਹ ਗੱਲ ਅੱਜ ਪੰਜਾਬ ਦੇ ਅੰਦਰ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਕਿਉਂਕਿ ਜੇਕਰ ਇਹ ਗੱਲ ਮੈਂ ਹੀ ਕਹਾਂ ਜਾਂ ਮੇਰੇ ਸਾਥੀ ਹੀ ਕਹਿਣ ਤਾਂ ਸ਼ਾਇਦ ਕੋਈ ਇਤਰਾਜ਼ਯੋਗ ਗੱਲ ਲਗ ਸਕਦੀ ਹੈ ਪਰ ਹੁਣ ਤਾਂ ਕਾਂਗਰਸ ਪਾਰਟੀ ਨੇ ਵੀ ਖੁਦ ਇਹ

Original with;
Punjab Vidhan Sabha
Digitized by;
Panjab Digital Library

[ਕੈਪਟਨ ਕੰਵਲਜੀਤ ਸਿੰਘ]
ਗੱਲ ਪ੍ਰਵਾਨ ਕਰ ਲਈ ਹੈ ਕਿ ਕਾਂਗਰਸ ਪਾਰਟੀ ਹੁਣ ਗਰੀਬ ਜਨਤਾ ਦੀ ਪਾਰਟੀ ਨਹੀਂ ਹੈ ਬਲਕਿ ਕਾਂਗਰਸ ਪਾਰਟੀ ਹੁਣ ਸਰਮਾਏਦਾਰਾਂ ਦੀ ਪਾਰਟੀ ਬਣ ਚੁੱਕੀ ਹੈ। ਇਹ ਮੇਰਾ ਬਿਆਨ ਨਹੀਂ ਹੈ ਬਲਕਿ ਇਹ ਤਾਂ ਕਾਂਗਰਸ ਪਾਰਟੀ ਦੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸਰਦਾਰ ਸਮਸ਼ੇਰ ਸਿੰਘ ਦੂਲੋਂ ਦਾ ਹੈ। ਇਨ੍ਹਾਂ ਸਰਮਾਏਦਾਰਾਂ ਨੇ ਹੁਣ ਦਾਲਾਂ ਵੀ ਮਹਿੰਗੀਆਂ ਕਰ ਦਿੱਤੀਆਂ ਹਨ ਕਿਉਂਕਿ ਇਹ ਆਪ ਤਾਂ ਹੁਣ ਦਾਲਾਂ ਖਾਂਦੇ ਨਹੀਂ ਹਨ। ਇਹ ਤਾਂ ਹੁਣ ਚਿਕਨ/ਮੁਰਗੇ ਵਗੈਰਾ ਹੀ ਖਾਂਦੇ ਹਨ....

**ਮਾਨਯੋਗ ਡਿਪਟੀ ਸਪੀਕਰ** : ਵਾਈਂਡ ਅੱਪ ਕਰੋ ਜੀ। ਹੋਰ ਕਿੰਨਾ ਸਮਾਂ ਲਵੋਗੇ?

**ਕੈਪਟਨ ਕੰਵਲਜੀਤ ਸਿੰਘ** : ਸਰ, ਮੈਂ ਤਕਰੀਬਨ 10 ਕੁ ਮਿੰਟ ਦਾ ਸਮਾਂ ਹੋਰ ਲਵਾਂਗਾ । ਡਿਪਟੀ ਸਪੀਕਰ ਸਾਹਿਬ, ਹੋਰ ਵੇਖੋ ਕਿ ਹੈਰਾਨੀ ਦੀ ਗੱਲ ਹੈ ਕਿ ਇਹੋ ਜਿਹੀ ਸਰਕਾਰ ਸ਼ਾਇਦ ਇਹ ਆਪਣੀ ਹੀ ਹੋਵੇਗੀ, ਸਾਰੀ ਦੁਨੀਆਂ ਦੇ ਵਿਚ, ਜਿਸ ਨੇ ਕਿ ਟੈਕਸਾਂ ਦੇ ਉਪਰ ਟੈਕਸ ਲਗਾ ਦਿੱਤੇ ਹਨ। ਵੈਟ ਪ੍ਰਣਾਲੀ ਰਾਹੀਂ ਆਮ ਹਿੰਦੁਸਤਾਨ ਅਤੇ ਦੁਨੀਆਂ ਦੇ ਅਰਥਸ਼ਾਸ਼ਤਰੀ ਮੰਨਦੇ ਹਨ ਕਿ it should be a single tax system. ਲੇਕਿਨ ਜੇ ਅੱਜ ਪੰਜਾਬ ਦੇ ਬਾਰੇ ਗੱਲ ਕਰੀਏ, ਇੱਥੇ ਜਿੱਥੇ ਟੈਕਸ ਲੱਗਿਆ ਹੈ, ਉਸ ਦੇ ਨਾਲ ਸੈਂਟਰਲ ਸੇਲਜ ਟੈਕਸ ਵੀ ਲੱਗਿਆ ਹੈ, ਉਸ ਦੇ ਨਾਲ ਐਕਸਾਈਜ਼ ਡਿਊਟੀ ਵੀ ਲੱਗੀ ਹੈ ਔਰ ਉਸ ਦੇ ਨਾਲ ਔਕਟਰਾਏ ਵੀ ਲੱਗੀ ਹੈ। ਇਹ ਤਿੰਨ ਤਰ੍ਹਾਂ ਦੇ ਟੈਕਸ ਉਸ ਤੋਂ ਇਲਾਵਾ ਲੱਗੇ ਹਨ ਔਰ, ਡਿਪਟੀ ਸਪੀਕਰ ਸਾਹਿਬ, ਹੈਰਾਨੀ ਦੀ ਗੱਲ ਹੈ ਕਿ ਇਹ ਟੈਕਸ ਭਰ ਕੇ ਜਦੋਂ ਕੋਈ ਵਪਾਰੀ ਮਾਲ ਵੇਚਦਾ ਹੈ ਤਾਂ ਉਸ ਦੇ ਮਾਲ ਦੇ ਵਿਚ ਵੈਲਿਊ ਐਡੀਸ਼ਨ ਵੀ ਹੁੰਦੀ ਹੈ ਔਰ ਇਸ ਤਰ੍ਹਾਂ ਉਨ੍ਹਾਂ ਟੈਕਸਾਂ ਦੇ ਖਰਚੇ ਦੇ ਵਿਚ ਵੈਲਿਊ ਐਡੀਸ਼ਨ ਦਾ ਖਰਚਾ ਵੀ ਲਗਦਾ ਹੈ ਯਾਨੀ ਡਬਲ, ਭਾਵ ਦੁੱਗਣਾ ਟੈਕਸ ਲਗਾ ਕੇ ਮਹਿੰਗਾਈ ਦੇ ਵਿਚ ਵਾਧਾ ਕੀਤਾ ਗਿਆ ਹੈ। ਇਹੋ ਜਿਹੇ ਟੈਕਸ ਲਗਾ ਕੇ ਇਨ੍ਹਾਂ ਨੇ ਪੰਜਾਬ ਦੀ ਜਨਤਾ ਦੇ ਉਪਰ ਇੰਨਾਂ ਮਹਿੰਗਾਈ ਦਾ ਵਜ਼ਨ ਪਾ ਦਿੱਤਾ ਹੈ, ਜਿਸ ਨਾਲ ਉਨ੍ਹਾਂ ਦਾ ਜਿਉਣਾ ਮੁਸ਼ਕਿਲ ਹੋ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਸ਼ਾਇਦ ਇਹ ਪਹਿਲੀ ਵਾਰ ਹੀ ਕਿਧਰੇ ਹੋਇਆ ਹੈ ਕਿ ਡਬਲ ਟੈਕਸੇਸ਼ਨ ਪਾਲਿਸੀ ਲਾਗੂ ਹੈ, ਸ਼ਾਇਦ ਇਸ ਤਰ੍ਹਾਂ ਪਹਿਲਾਂ ਕਿਤੇ ਵੀ ਨਾ ਹੋਇਆ ਹੋਵੇ ਕਿ ਟੈਕਸ ਦੇ ਉਪਰ ਟੈਕਸ ਲਗਾਇਆ ਗਿਆ ਹੋਵੇ। ਡਿਪਟੀ ਸਪੀਕਰ ਸਾਹਿਬ, ਐਨ.ਡੀ.ਏ.. ਦੀ ਸਰਕਾਰ ਵਲੋਂ ਇਸ ਗੱਲ ਨੂੰ ਮਹਿਸੂਸ ਕੀਤਾ ਗਿਆ ਹੈ ਕਿ ਸੂਬਿਆਂ ਦੇ ਅੰਦਰ ਸੇਲਜ਼ ਟੈਕਸ ਨੂੰ ਲੈ

Original with;
Punjab Vidhan Sabha
Digitized by;
Punjab Digital Library

ਕੇ ਇੱਕ ਖਿੱਚੋਤਾਣ ਬਣੀ ਹੋਈ ਹੈ। ਇਹ ਇੱਕ ਟੈਕਸ ਵਾਰ ਹੈ। ਇੱਕ ਦੂਜੇ ਦੇ ਮੁਕਾਬਲੇ ਵਿਚ ਸੇਲਜ਼ ਟੈਕਸ ਘਟਾ ਵਧਾ ਕੇ ਸਨਅੱਤ ਨੂੰ ਬਚਾਉਣ ਲਈ ਸੂਬੇ ਦੀਆਂ ਸਰਕਾਰਾਂ ਇੱਕ ਦੂਜੇ ਨਾਲ ਕੰਪੀਟ ਕਰਦੀਆਂ ਹਨ। ਇਸ ਨੂੰ ਟੈਕਸ ਵਾਰ ਕਿਹਾ ਜਾਂਦਾ ਹੈ। ਇਸ ਦੇ ਨਾਲ ਸੂਬਿਆਂ ਦੇ ਵਿਕਾਸ ਅਤੇ ਆਰਥਿਕਤਾ ਭਾਵ ਵਿੱਤੀ ਹਾਲਾਤਾਂ ਤੇ ਮਾੜਾ ਅਸਰ ਪੈਂਦਾ ਹੈ। ਇਸ ਲਈ ਜਿਵੇਂ ਮੈਂ ਪਹਿਲਾਂ ਵੀ ਆਖਿਆ ਹੈ ਕਿ ਇੱਕ ਸੂਬਿਆਂ ਦੇ ਵਿੱਤ ਮੰਤਰੀਆਂ ਦੀ ਇੰਪਾਵਰਡ ਕਮੇਟੀ ਬਣਾਈ ਗਈ ਸੀ, ਜਿਸ ਦਾ ਕਿ ਮੈਨੂੰ ਮਾਣ ਸੀ। ਉਸ ਕਮੇਟੀ ਨੇ ਇੱਕ ਸਾਲ ਤੋਂ ਵੱਧ ਸਮਾਂ ਵਿਚਾਰ ਕਰਕੇ ਮੀਟਿੰਗਾਂ ਕਰ-ਕਰ ਕੇ ਸਾਰਿਆਂ ਨੂੰ ਪਰਸਿਉ ਕਰਕੇ ਸਾਰੇ ਹਿੰਦੁਸਤਾਨ ਦੇ ਵਿਚ ਸੇਲਜ਼ ਟੈਕਸ ਦੇ ਅੰਦਰ ਤਕਰੀਬਨ 98% ਇਕਸਾਰਤਾ ਲਿਆਂਦੀ ਸੀ। ਜਿਸ ਨਾਲ ਕਿ ਸਰਕਾਰਾਂ ਦੇ ਵਿੱਤੀ ਹਾਲਾਤ ਵੀ ਸੁਧਰੇ ਸਨ ਔਰ ਵਪਾਰ ਦੇ ਵਿਚ ਵੀ ਸੁਧਾਰ ਆਇਆ ਸੀ। ਇਸ ਸਮੇਂ ਪੰਜਾਬ ਵਿੱਚ ਵਪਾਰ ਖਤਮ ਹੁੰਦਾ ਜਾ ਰਿਹਾ ਹੈ । ਪੰਜਾਬ ਵਿਚ ਵੈਟ ਸਿਸਟਮ ਨੂੰ ਪਲੈਨਿੰਗ ਕਰਕੇ ਲਾਗੂ ਨਹੀਂ ਕੀਤਾ ਗਿਆ, ਜਿਸ ਕਰਕੇ ਪੰਜਾਬ ਦੇ ਲੋਕਾਂ ਨੂੰ ਇਸ ਮਾਰ ਨੂੰ ਸਹਿਣਾ ਪੈ ਰਿਹਾ ਹੈ। ਕਈ ਸੂਬਿਆਂ ਦੇ ਵਿਚ ਇਸ ਵਿਚ ਡੇਵੀਏਸ਼ਨ ਆਫ ਪ੍ਰੋਵੀਜ਼ਨਜ਼ ਵੀ ਹੈ। ਪੰਜਾਬ ਵਿਚ ਕਈ ਆਈਟਮਾਂ ਤੇ ਟੈਕਸ ਲਗਾ ਹੋਇਆ ਹੈ ਪਰ ਹਰਿਆਣਾ ਵਿਚ ਟੈਕਸਟਾਈਲ ਤੇ ਟੈਕਸ ਨਹੀਂ ਹੈ। ਪਾਨੀਪੱਤ ਟੈਕਸਟਾਈਲਜ਼ ਵੈਟ ਰਾਹੀਂ ਕੋਈ ਟੈਕਸ ਅਦਾ ਨਹੀਂ ਕਰਦੇ ਜਦ ਕਿ ਪੰਜਾਬ ਵਿਚ ਲੁਧਿਆਣਾ ਅਤੇ ਜਲੰਧਰ ਸ਼ਹਿਰਾਂ ਵਿਚ ਸ਼ਾਲਾਂ ਅਤੇ ਕੰਬਲਾਂ ਤੇ 4% ਵੈਟ ਲਾਗੂ ਹੈ। ਇਸ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਇਸ ਦੇ ਨਾਲ ਪੰਜਾਬ ਦਾ ਵਪਾਰ ਤਬਾਹ ਹੋ ਰਿਹਾ ਹੈ ਅਤੇ ਵਪਾਰੀਆਂ ਨੂੰ ਨੁਕਸਾਨ ਹੋ ਰਿਹਾ ਹੈ। ਜਿਸ ਵਕਤ ਪੰਜਾਬ ਵਿਚ ਵੈਟ ਨੂੰ ਲਾਗੂ ਕਰਨਾ ਸੀ ਤਾਂ ਸਰਕਾਰ ਨੇ ਵਿਸ਼ੇਸ ਤੌਰ ਤੇ ਇਹ ਗੱਲ ਕਹੀ ਸੀ ਕਿ ਅਸੀਂ ਟੈਕਸਟਾਈਲਜ਼ ਅਤੇ ਸ਼ੂਗਰ ਵੈਟ ਤੋਂ ਫਰੀ ਰੱਖਾਂਗੇ ਪਰ ਬਾਅਦ ਵਿਚ ਸਰਕਾਰ ਨੇ ਇਨ੍ਹਾਂ ਉਤੇ ਵੀ 4% ਟੈਕਸ ਲਗਾ ਦਿੱਤਾ। ਜਿਸ ਦੇ ਨਾਲ ਉਨ੍ਹਾਂ ਲੱਖਾਂ ਲੋਕਾਂ ਦੀ ਰੋਜ਼ੀ ਰੋਟੀ ਤੇ ਸੱਟ ਵੱਜੀ ਹੈ। ਇਹ ਜਿਹੜਾ 4% ਟੈਕਸ ਇਨ੍ਹਾਂ ਤੋ ਲਿਆ ਜਾ ਰਿਹਾ ਹੈ ਸਰਕਾਰ ਨੂੰ ਮੁਆਫ ਕਰ ਦੇਣਾ ਚਾਹੀਦਾ ਹੈ। ਹੁਣ ਸਰਕਾਰ ਵਲੋਂ ਮੁੱਖ ਮੰਤਰੀ ਸਾਹਿਬ ਨੇ ਐਲਾਨ ਕੀਤਾ ਹੈ ਕਿ ਇਹ 4% ਟੈਕਸ ਮੁਆਫ ਕਰ ਦਿੱਤਾ ਜਾਵੇਗਾ ਪਰ ਹਾਲੇ ਤੱਕ ਸਰਕਾਰ ਵਲੋਂ ਇਸ ਸਬੰਧੀ ਕੋਈ ਨੋਟੀਫਿਕੇਸ਼ਨ ਜਾਰੀ ਨਹੀਂ ਕੀਤੀ ਗਈ । ਜਿਸ ਦੇ ਨਾਲ ਇਨ੍ਹਾਂ ਵਪਾਰੀਆਂ ਨੂੰ ਨੁਕਸਾਨ ਹੋ ਰਿਹਾ ਹੈ ਕਿਉਂਕਿ ਇਨ੍ਹਾਂ ਵਪਾਰੀਆਂ ਦਾ ਬਿਜ਼ਨੈਸ ਸਤੰਬਰ ਤੋਂ ਦਸੰਬਰ ਮਹੀਨੇ ਤੱਕ ਦਾ ਹੁੰਦਾ ਹੈ। ਇਹ ਨੋਟੀਫਿਕੇਸ਼ਨ ਨਾ ਹੋਣ ਕਰਕੇ ਜਿਹੜਾ ਵਪਾਰੀਆਂ ਦਾ ਨੁਕਸਾਨ ਹੋ ਰਿਹਾ ਹੈ, ਇਸ ਦੇ ਲਈ ਕੌਣ ਜਿੰਮੇਵਾਰ ਹੋਵੇਗਾ। ਹਰਿਆਣਾ ਸਰਕਾਰ ਨੇ ਟੈਕਸਟਾਈਲਜ਼ ਤੇ ਟੈਕਸ ਮੁਆਫ ਕੀਤਾ ਹੈ ਅਤੇ

Original with;
Punjab Vidhan Sabha
Digitized by;
Panjab Digital Library

[ਕੈਪਟਨ ਕੰਵਲਜੀਤ ਸਿੰਘ]

ਹਰਿਆਣਾ ਵਾਂਗ ਹੋਰ ਵੀ ਕਈ ਸਟੇਟਸ ਨੇ ਟੈਕਸਟਾਈਲ ਨੂੰ ਵੈਟ ਤੋਂ ਛੋਟ ਦਿੱਤੀ ਹੋਈ ਹੈ। ਯੂ.ਪੀ. ਵਿਚ ਵੈਟ ਹਾਲੇ ਤੱਕ ਲਾਗੂ ਨਹੀਂ ਕੀਤਾ ਗਿਆ। ਦੇਸ਼ ਦੇ ਹਰ ਸੂਬੇ ਦੀ ਇਹ ਕੋਸ਼ਿਸ਼ ਹੁੰਦੀ ਹੈ ਕਿ ਉਨ੍ਹਾਂ ਦੇ ਪ੍ਰਾਂਤ ਦਾ ਮਾਲ ਵੱਧ ਤੋਂ ਵੱਧ ਐਕਸਪੋਰਟ ਹੋਵੇ। ਸਟੇਟ ਜਿੰਨਾ ਮਾਲ ਜ਼ਿਆਦਾ ਐਕਸਪੋਰਟ ਕਰਦੀ ਹੈ, ਉਤਨੀ ਹੀ ਜ਼ਿਆਦਾ ਅੱਛੀ ਸਟੇਟ ਗਿਣੀ ਜਾਂਦੀ ਹੈ। ਇਹ ਠੀਕ ਹੈ ਕਿ ਸਰਕਾਰ ਨੇ ਵੈਟ ਲਾਗੂ ਕਰਨ ਵੇਲੇ ਇਸ ਚੀਜ਼ ਦੀ ਪ੍ਰੋਵੀਜ਼ਨ ਕੀਤੀ ਹੋਈ ਹੈ ਜਿੰਨਾਂ ਮਾਲ ਐਕਸਪੋਰਟ ਹੋਏਗਾ, ਉਸ ਦੇ ਉਪਰ ਸੈਟ-ਆਫ ਦੇਵਾਂਗੇ ਲੇਕਿਨ 7 ਮਹੀਨੇ ਹੋ ਗਏ ਹਨ। ਐਕਸਪੋਰਟਰਾਂ ਨੇ ਕੱਚਾ ਮਾਲ ਖਰੀਦਿਆਂ, ਵੈਟ ਭਰਿਆ, ਇਹ ਜਿਸ ਵਾਸਤੇ ਵਚਨਬੱਧ ਹਨ ਕਿ ਅਸੀਂ ਦੋ ਮਹੀਨੇ ਦੇ ਅੰਦਰ-ਅੰਦਰ ਸੈਟ-ਆਫ ਦੇਵਾਂਗੇ। ਲੇਕਿਨ ਵੈਟ ਲਾਗੂ ਹੋਏ ਨੂੰ ਸੱਤ ਮਹੀਨੇ ਹੋ ਗਏ ਹਨ ਲੇਕਿਨ ਉਸ ਕੱਚੇ ਮਾਲ ਦੇ ਅਗੇਂਸਟ ਹਾਲੇ ਤੱਕ ਸੈਟ ਆਫ ਨਹੀਂ ਦਿੱਤਾ ਗਿਆ, ਜਿਸ ਦੇ ਕਾਰਨ ਪੰਜਾਬ ਵਿਚੋਂ ਐਕਸਪੋਰਟ ਨਹੀਂ ਹੋ ਰਿਹਾ ਅਤੇ ਪੰਜਾਬ ਦੀ ਆਰਥਿਕਤਾ ਨੂੰ ਸੱਟ ਵੱਜ ਰਹੀਂ ਹੈ। ਪੰਜਾਬ ਦਾ ਐਕਸਪੋਰਟਰ ਭਾਰੀ ਸੰਕਟ ਵਿਚ ਫਸਿਆ ਹੋਇਆ ਹੈ। ਇਸ ਗੱਲ ਨੂੰ ਸਾਰੀ ਦੁਨੀਆਂ ਜਾਣਦੀ ਹੈ ਕਿ ਸੀ.ਐਸ.ਟੀ. ਦੇ ਨਾਲ ਵੈਟ ਨੂੰ ਲਾਗੂ ਨਹੀਂ ਕੀਤਾ ਜਾਣਾ ਚਾਹੀਦਾ। ਜਿਥੇ ਸਰਕਾਰ ਨੇ ਸਟੇਟ ਵਿਚ ਵੈਟ ਨੂੰ ਲਾਗੂ ਕੀਤਾ ਸੀ ਉਥੇ ਸੀ.ਐਸ.ਟੀ. ਨੂੰ ਵਾਪਸ ਕਰ ਲੈਣਾ ਚਾਹੀਦਾ ਸੀ। ਇਸ ਵੈਟ ਦੇ ਨਾਲ ਸੀ.ਐਸ.ਟੀ. ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਦਿੱਲੀ ਵਿਚ ਵੀ ਤੁਹਾਡੀ ਸਰਕਾਰ ਹੈ ਅਤੇ ਪੰਜਾਬ ਵਿਚ ਵੀ ਤੁਹਾਡੀ ਹੀ ਸਰਕਾਰ ਹੈ। ਇਸ ਕਰਕੇ ਮਨਿਸਟਰ ਸਾਹਿਬ ਨੂੰ ਇਸ ਹਾਊਸ ਦੇ ਵਿਚ ਅਮੈਂਡਮੈਂਟ ਲਿਆ ਕੇ ਪਾਸ ਕਰਵਾਉਣੀ ਚਾਹੀਦੀ ਹੈ ਕਿ ਸੀ.ਐਸ.ਟੀ. ਪੰਜਾਬ ਵਿਚ ਵਾਪਸ ਲਿਆ ਜਾਂਦਾ ਹੈ। ਬਹੁਤ ਸਾਰੇ ਸੂਬਿਆਂ ਦੇ ਵਿਚ ਇਸ ਤਰ੍ਹਾਂ ਪ੍ਰੋਵੀਜ਼ਨ ਕੀਤੀ ਹੋਈ ਹੈ। ਜਿਥੇ ਵੈਟ ਸੂਬਿਆਂ ਵਿਚ ਲਾਗੂ ਨਹੀਂ ਹੈ, ਉਨ੍ਹਾਂ ਦੇ ਵਾਪਾਰੀਆਂ. ਨੂੰ ਰਜਿਸਟ੍ਰੇਸ਼ਨ ਨੰਬਰ ਨਹੀਂ ਮਿਲਿਆ ਹੋਇਆ। ਜਦੋਂ ਉਨ੍ਹਾਂ ਨੇ ਪੰਜਾਬ. ਵਿਚੋਂ ਮਾਲ ਖਰੀਦਣਾ ਹੋਵੇ ਤਾਂ ਉਨ੍ਹਾਂ ਕੋਲ ਰਜਿਸਟ੍ਰੇਸ਼ਨ ਨੰਬਰ ਨਾ ਹੋਣ ਕਰਕੇ ਉਹ ਪੰਜਾਬ ਵਿਚੋਂ ਮਾਲ ਨਹੀਂ ਖਰੀਦ ਸਕਦੇ। ਜੇਕਰ ਉਹ ਮਾਲ ਪੰਜਾਬ ਵਿਚੋਂ ਖਰੀਦਦੇ ਹਨ ਤਾਂ ਉਨ੍ਹਾਂ ਨੂੰ ਇੰਟਰ ਸਟੇਟ ਸੇਲਜ਼ ਟੈਕਸ ਦੇਣਾ ਪੈਂਦਾ ਹੈ, ਜਿਸ ਨਾਲ ਪੰਜਾਬ ਦਾ ਮਾਲ ਮਹਿੰਗਾ ਹੋ ਜਾਂਦਾ ਹੈ। ਇਸ ਕਰਕੇ ਵਪਾਰੀ ਪੰਜਾਬ ਵਿਚੋਂ ਮਾਲ ਨਹੀਂ ਖਰੀਦਦਾ। ਇਸ ਨਾਲ ਪੰਜਾਬ ਦੇ ਵਪਾਰ ਉਤੇ ਭਾਰੀ ਸੱਟ ਵੱਜ ਰਹੀ ਹੈ।

Original with;
Punjab Vidhan Sabha
Digitized by;
Panjab Digital Library

ਏਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਅੰਦਰ ਤਿੰਨ ਸ਼ਹਿਰ ਹਨ- ਗੁਰਾਇਆ, ਫਗਵਾੜਾ ਤੇ ਲੁਧਿਆਣਾ ਜਿਨ੍ਹਾਂ ਦੇ ਅੰਦਰ ਬਹੁਤ ਵੱਡੀ ਆਟੋ ਇੰਡਸਟਰੀ ਪ੍ਰਫੁੱਲਤ ਹੋਈ ਹੈ। ਇਸ ਨੂੰ ਅਸੀਂ ਸਮਾਲ ਤੇ ਮੀਡੀਅਮ ਲੈਵਲ ਇੰਡਸਟਰੀ ਵਿਚ ਗਿਣਦੇ ਹਾਂ। ਇਹ ਪੰਜਾਬ ਦੀ ਆਰਥਿਕਤਾ ਲਈ, ਸਟੇਟ ਦੀ ਟੈਕਸ ਕੁਲੈਕਸ਼ਨ ਲਈ ਬਹੁਤ ਵੱਡਾ ਮਾਲ ਪੈਦਾ ਕਰਦੇ ਹਨ ਲੇਕਿਨ ਕਿਉਂਕਿ ਇਥੇ ਪੂਰੀ ਗੱਡੀ ਨਹੀਂ ਬਣਦੀ, ਇਥੇ ਸਿਰਫ ਆਟੋ ਸਪੇਅਰ ਪਾਰਟਸ ਜਾਂ ਕੰਪੋਨੈਂਟਸ ਬਣਦੇ ਹਨ, ਇਹ ਕੰਪੋਨੈਂਟਸ ਨੋਇਡਾ ਜੋ ਯੂ.ਪੀ. ਵਿਚ ਹੈ, ਗੁੜਗਾਉਂ ਜੋ ਹਰਿਆਣਾ ਵਿਚ ਹੈ ਜਾਂ ਦੇਸ਼ ਦੇ ਹੋਰ ਬਹੁਤ ਸਾਰੇ ਸੂਬਿਆਂ ਵਿਚ ਜਾਂਦੇ ਹਨ ਤੇ ਇਸ ਕਰਕੇ ਉਨ੍ਹਾਂ ਨੂੰ ਇਹ ਇੰਟਰ-ਸਟੇਟ ਟੈਕਸ 4% ਪੇਅ ਕਰਨ ਦੀ ਲੋੜ ਪੈਂਦੀ ਹੈ। ਕਿਉਂਕਿ ਉਥੇ ਉਨ੍ਹਾਂ ਦੇ ਉਪਰ ਟੈਕਸ ਮੁਆਫ ਹੈ, ਇਸ ਗੱਲ ਤੇ ਵੀ ਵਿਚਾਰ ਕਰਕੇ ਇਨ੍ਹਾਂ ਤਿੰਨਾਂ ਸ਼ਹਿਰਾਂ ਨੂੰ ਤਬਾਹੀ ਤੋਂ ਬਚਾਉਣ ਲਈ ਮਨਿਸਟਰ ਸਾਹਿਬ ਇਥੇ ਐਲਾਨ ਕਰਕੇ ਜਾਣ।

ਦੂਸਰੀ ਗੱਲ, ਸਾਡੀ ਸਰਕਾਰ ਵਪਾਰ ਦੀਆਂ ਤੇ ਲੋਕਾਂ ਦੀਆਂ ਤਕਲੀਫਾਂ ਪ੍ਰਤੀ ਬਹੁਤ ਸੈਂਸਿਟਿਵ ਸੀ। (ਹਾਸਾ) ਮੇਰੇ ਕਹਿਣ ਦਾ ਭਾਵ ਇਹ ਹੈ ਕਿ ਅਸੀਂ ਚਾਹੁੰਦੇ ਸੀ ਕਿ ਜਿੰਨਾ ਵੱਧ ਤੋਂ ਵੱਧ ਵਪਾਰ ਨੂੰ ਅਸੀਂ ਇੰਸਪੈਕਟਰੀ ਰਾਜ ਤੋਂ ਬਚਾ ਸਕੀਏ, ਉਨਾ ਹੀ ਬੇਹਤਰ ਹੋਵੇਗਾ। ਇਸੇ ਕਰਕੇ ਇੰਸਪੈਕਟਰੀ ਰਾਜ ਨੂੰ ਘਟਾਉਣ ਵਾਸਤੇ ਤੇ ਸਟੇਟ ਦੇ ਟੈਕਸ ਰੈਵੇਨਿਊ ਨੂੰ ਵਧਾਉਣ ਵਾਸਤੇ ਅਸੀਂ ਭੱਠਿਆਂ ਤੇ ਸਟੋਨ ਕਰੈਸ਼ਰਾਂ ਲਈ ਇਕ-ਮੁਸ਼ਤ, ਲੰਪਸਮ ਟੈਕਸ ਲਾਗੂ ਕੀਤਾ ਸੀ । ਹੁਣ ਵੈਟ ਦੇ ਲਾਗੂ ਹੋਣ ਨਾਲ ਇਕ-ਮੁਸ਼ਤ, ਲੰਪਸਮ ਪੇਮੈਂਟ ਬੰਦ ਹੋ ਗਈ ਹੈ, ਉਹੀ ਇੰਸਪੈਕਟਰੀ ਰਾਜ ਅੱਜ ਭੱਠਿਆਂ ਉਪਰ ਵੀ ਤੇ ਕਰੈਸ਼ਰਾਂ ਉਪਰ ਵੀ ਕਾਬਜ਼ ਹੋ ਗਿਆ ਹੈ। ਹੁਣ ਤਾਂ ਇਹ ਅੱਗੇ ਜਾ ਕੇ ਪੈਟਰੋਲੀਅਮ ਦੇ ਉਪਰ ਵੀ ਲਾਗੂ ਹੈ। ਪੈਟਰੋਲੀਅਮ ਪ੍ਰਾਡਕਟਸ ਦੇ ਉੱਪਰ ਸਾਡੀ ਸਰਕਾਰ ਵੇਲੇ ਐਟ ਸੋਰਸ ਟੈਕਸ ਸੀ। ਅਸੀਂ ਟੈਕਸ ਪੈਟਰੋਲੀਅਮ ਕੰਪਨੀਆਂ ਤੋਂ ਲੈਂਦੇ ਸੀ। ਇਸ ਦਾ ਲਾਭ ਸੀ ਕਿ ਇਕ ਤਾਂ ਉਨ੍ਹਾਂ ਦੀ ਟੈਕਸ ਅਦਾਇਗੀ 100% ਹੁੰਦੀ ਸੀ ਤੇ ਦੂਜਾ ਟਾਈਮ ਸਿਰ ਹੁੰਦੀ ਸੀ। ਇਸ ਦੇ ਨਾਲ ਸਟੇਟ ਦੀ ਵਿੱਤੀ ਹਾਲਤ ਜੋ ਸੀ, ਫਾਈਨਾਂਸ਼ਲ ਸਿਚੂਏਸ਼ਨ, ਉਹ ਬੇਹਤਰ ਹੋਈ ਪਰ ਅੱਜ ਉਹ ਵੀ ਇਨ੍ਹਾਂ ਨੇ ਬੰਦ ਕਰ ਦਿੱਤੀ ਹੈ। ਅੱਜ ਪੰਜਾਬ ਅੰਦਰ ਪੈਟਰੋਲ ਪੰਪ ਹਜ਼ਾਰਾਂ ਦੀ ਗਿਣਤੀ ਵਿਚ ਹਨ। ਇਨ੍ਹਾਂ ਨੇ ਫੇਰ ਉਨ੍ਹਾਂ ਨੂੰ ਇੰਸਪੈਕਟਰੀ ਰਾਜ ਦੇ ਘੇਰੇ ਵਿਚ ਪਾ ਦਿੱਤਾ ਹੈ। ਹੁਣ ਐਟ ਸੋਰਸ ਟੈਕਸ, ਲੰਪਸੰਮ ਪੇਮੈਂਟ ਨੂੰ ਇਨ੍ਹਾਂ ਨੇ ਖਤਮ ਕਰਕੇ ਪੈਟਰੋਲ ਪੰਪਾਂ ਤੇ ਵੀ ਵੈਟ ਲਗਾ ਦਿੱਤਾ ਹੈ ਤੇ ਅੱਜ ਉਨ੍ਹਾਂ ਨੂੰ ਵੀ ਇੰਸਪੈਕਟਰ ਤੰਗ ਕਰ ਰਹੇ ਹਨ, ਪਰੇਸ਼ਾਨ ਕਰ ਰਹੇ ਹਨ । ਹਰ ਆਦਮੀ ਜਾਣਦਾ ਹੈ ਕਿ ਪੈਟਰੋਲ ਤੇ ਡੀਜ਼ਲ ਦੀ ਕੀਮਤ, ਪੈਟਰੋਲੀਅਮ

Original with;
Punjab Vidhan Sabha
Digitized by;
Panjab Digital Library

[ਕੈਪਟਨ ਕੰਵਲਜੀਤ ਸਿੰਘ]
ਪ੍ਰਾਡਕਟਸ ਦੀ ਕੀਮਤ ਸੈਂਟਰਲੀ ਕੰਟਰੋਲਡ ਹੈ, ਇਨ੍ਹਾਂ ਦੀਆਂ ਕੀਮਤਾਂ ਬੰਨ੍ਹੀਆਂ ਹੋਈਆਂ ਹਨ ਤੇ ਪੰਪਾਂ ਵਾਲੇ ਕੁਝ ਨਹੀਂ ਕਰ ਸਕਦੇ ਤੇ ਨਾ ਪੈਟਰੋਲ ਪੰਪਾਂ ਵਾਲਿਆਂ ਕੋਲ ਕੁਝ ਕਰਨ ਦੀ ਗੁੰਜਾਇਸ਼ ਹੈ। ਮੰਤਰੀ ਜੀ ਇਸ ਗੱਲ ਨੂੰ ਵੀ ਦੇਖਣ।

ਆਖਿਰ ਵਿਚ, ਇੱਕ ਗੱਲ ਆਖਣੀ ਚਾਹੁੰਦਾ ਹਾਂ ਕਿ ਅੱਜ ਅਕਤੂਬਰ ਮਹੀਨਾ ਹੋ ਗਿਆ ਹੈ ਤੇ ਵੈਟ ਅਪ੍ਰੈਲ ਤੋਂ ਲਾਗੂ ਹੋਇਆ ਹੈ, ਇਹ ਇਸ ਵਿਚ ਵਾਰ ਵਾਰ ਤਰਮੀਮਾਂ ਕਰਦੇ ਜਾ ਰਹੇ ਹਨ। ਇਸ ਕਾਰਨ ਵਪਾਰ ਵੀ ਭੰਬਲਭੂਸੇ ਵਿਚ ਹੈ ਤੇ ਸਨਅੱਤ ਵੀ ਭੰਬਲਭੂਸੇ ਵਿਚ ਹੈ ਤੇ ਜੇ ਮੈਂ ਕਹਾਂ ਕਿ ਇਹ ਤਬਾਹੀ ਦੇ ਕਿਨਾਰੇ ਖੜ੍ਹੀਆਂ ਹਨ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਮੈਂ ਇਹ ਵੀ ਆਖਾਂਗਾ ਕਿ ਸਰਕਾਰ ਨੇ ਇਸ ਵਾਸਤੇ ਇਕ ਸਬ-ਕਮੇਟੀ ਬਣਾਈ ਸੀ ਜਿਹੜੀ ਵਪਾਰ ਦੀਆਂ, ਸਨਅੱਤ ਦੀਆਂ ਮੁਸ਼ਕਲਾਂ ਸੁਣੇਗੀ ਤੇ ਉਨ੍ਹਾਂ ਦਾ ਹੱਲ ਦੇਵੇਗੀ। ਲੇਕਿਨ 7 ਮਹੀਨੇ ਦੇ ਵਿਚ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਕਿੰਨੀਆਂ ਮੀਟਿੰਗਾਂ ਕੀਤੀਆਂ, ਸਿਰਫ ਇਕ ਮੀਟਿੰਗ ਹੋਈ ਹੈ। ਬਹੁਤ ਅਫਸੋਸ ਦੀ ਗੱਲ ਹੈ। ਮੈਂ ਵਿਅਕਤੀਗਤ ਤੌਰ ਤੇ, ਜ਼ਾਤੀ ਤੌਰ ਤੇ ਤਾਂ ਨਹੀਂ ਜਾਣਦਾ ਲੇਕਿਨ ਅਖਬਾਰ ਵਿਚ ਵਿੱਤ ਮੰਤਰੀ ਜੀ ਦਾ ਬਿਆਨ ਜ਼ਰੂਰ ਪੜ੍ਹਿਆ ਹੈ ਕਿ ਇਹ ਜਿਹੜੀ ਵੈਟ ਦੀ ਕੈਬਿਨੇਟ ਸਬ-ਕਮੇਟੀ ਹੈ, ਮੈਂ ਅੱਗੇ ਤੋਂ ਉਸ ਵਿੱਚ ਨਹੀਂ ਆਵਾਂਗਾ,ਉਸਦਾ ਬਾਈਕਾਟ ਕਰਾਂਗਾ।

ਇਹ ਮੈਂ ਅਖਬਾਰਾਂ ਵਿਚ ਛਪੇ ਬਿਆਨ ਨੂੰ ਕੋਟ ਕਰ ਰਿਹਾ ਹਾਂ ਹਾਲਾਂ ਕਿ ਜ਼ਾਤੀ ਤੌਰ ਤੇ ਮੈਨੂੰ ਇਸ ਦੇ ਬਾਰੇ ਪਤਾ ਨਹੀਂ ਹੈ। ਇਨ੍ਹਾਂ ਦਾ ਇਹ ਬਿਆਨ ਆਇਆ ਜ਼ਰੂਰ ਹੈ........

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ** (ਬੈਠੇ ਬੈਠੇ) : ਮੈਂ ਇਸ ਦਾ ਜਵਾਬ ਦਿਆਂਗਾ।

**ਕੈਪਟਨ ਕੰਵਲਜੀਤ ਸਿੰਘ** : ਮੈਨੂੰ ਇਸ ਗੱਲ ਦਾ ਕੀ ਪਤਾ ਹੈ, ਮੈਂ ਅਖਬਾਰਾਂ ਵਿਚੋਂ ਤੁਹਾਡਾ ਬਿਆਨ ਪੜ੍ਹਨ ਵਾਲਾ ਹਾਂ।

**Mr. Deputy Speaker :** Captain Sahib, please address the Chair.

Original with;
Punjab Vidhan Sabha
Digitized by;
Panjab Digital Library

**ਕੈਪਟਨ ਕੰਵਲਜੀਤ ਸਿੰਘ** : ਡਿਪਟੀ ਸਪੀਕਰ ਸਾਹਿਬ, ਇਹ ਸਰਕਾਰ ਵਪਾਰ ਅਤੇ ਸਨਅੱਤ ਵਾਸਤੇ ਬੜੀ ਦਿਲਚਸਪੀ ਵਿਖਾਉਂਦੀ ਹੈ ਲੇਕਿਨ ਇਨ੍ਹਾਂ ਗੱਲਾਂ ਤੋਂ ਪਤਾ ਲੱਗ ਜਾਂਦਾ ਹੈ ਕਿ ਇਹ ਵਪਾਰੀਆਂ ਅਤੇ ਸਨਅੱਤਕਾਰਾਂ ਦੇ ਕਿੰਨੇ ਕੁ ਮਿੱਤਰ ਹਨ। ਇਨ੍ਹਾਂ ਨੇ ਤਰਮੀਮਾਂ ਜ਼ਰੂਰ ਕੀਤੀਆਂ ਹਨ। ਕਲਾਜ਼ 4 ਦੇ ਸਬ ਸੈਕਸ਼ਨ 1 ਵਿਚ ਇਨ੍ਹਾਂ ਨੇ ਕਿਹਾ ਹੈ ਕਿ 30 ਲੱਖ ਰੁਪਏ ਨੂੰ 50 ਲੱਖ ਰੁਪਏ ਨਾਲ ਸਬਸੀਚਿਊਟ ਕੀਤਾ ਜਾਵੇ। ਇਸੇ ਤਰ੍ਹਾਂ ਸਬ ਸੈਕਸ਼ਨ 2 ਵਿਚ ਵੀ ਇਨ੍ਹਾਂ ਨੇ ਕਿਹਾ ਹੈ ਕਿ 30 ਲੱਖ ਰੁਪਏ ਨੂੰ 50 ਲੱਖ ਰੁਪਏ ਨਾਲ ਸਬਸੀਚਿਊਟ ਕੀਤਾ ਜਾਵੇ। ਮੈਂ ਸਮਝਦਾ ਹਾਂ ਕਿ ਇਹ ਬਹੁਤ ਥੋੜ੍ਹਾ ਹੈ। ਮੈਂ ਮੰਗ ਕਰਾਂਗਾ ਕਿ 50 ਲੱਖ ਰੁਪਏ ਨੂੰ ਵਧਾ ਕੇ ਇਕ ਕਰੋੜ ਰੁਪਿਆ ਜ਼ਰੂਰ ਕਰ ਦਿੱਤਾ ਜਾਵੇ। ਇਸੇ ਤਰ੍ਹਾਂ ਕਲਾਜ਼ 6 ਵਿਚ ਇਨ੍ਹਾਂ ਨੇ ਕਿਹਾ ਹੈ ਕਿ for the words three fourth of one per cent and ninety days, the words half per cent and sixty days shall be substituted. ਮੈਂ ਮੰਗ ਕਰਦਾ ਹਾਂ ਕਿ ਇਸ ਨੂੰ ਘਟਾ ਕੇ 1/4% ਕਰਨ ਦਾ ਇਹ ਜ਼ਰੂਰ ਐਲਾਨ ਕਰਨ । ਡਿਪਟੀ ਸਪੀਕਰ ਸਾਹਿਬ, ਇਹ ਜਿਹੜੀਆਂ ਗੱਲਾਂ ਮੈਂ ਆਖੀਆਂ ਹਨ, ਇਹ ਬੜੀਆਂ ਗੰਭੀਰ ਹਨ ਅਤੇ ਇਨ੍ਹਾਂ ਨਾਲ ਪੰਜਾਬ ਦੀ ਆਰਥਿਕਤਾ ਤੇ ਬਹੁਤ ਵਜ਼ਨ ਪਿਆ ਹੈ। ਮੈਂ ਚਾਹੁੰਦਾ ਹਾਂ ਕਿ ਇਨ੍ਹਾਂ ਤਰਮੀਮਾਂ ਤੇ ਵੀ ਅਤੇ ਸਾਰੀ ਵੈਟ ਪ੍ਰਣਾਲੀ ਤੇ ਵੀ ਇਹ ਮੁੜ ਕੇ ਵਿਚਾਰ ਕਰਨ ਅਤੇ ਸਨਅੱਤਕਾਰਾਂ ਅਤੇ ਵਪਾਰੀਆਂ ਨੂੰ ਭਰੋਸੇ ਵਿਚ ਲੈ ਕੇ ਜਿਹੜੀਆਂ ਉਨ੍ਹਾਂ ਦੀਆਂ ਮੁਸ਼ਕਲਾਂ ਹਨ, ਉਨ੍ਹਾਂ ਨੂੰ ਦੂਰ ਕਰਨ। ਇਸ ਦੇ ਨਾਲ ਹੀ ਮੈਂ ਚਾਹੁੰਦਾ ਹਾਂ ਕਿ ਅਮੈਂਡਮੈਂਟਸ ਬਾਰੇ ਮਨਿਸਟਰ ਸਾਹਿਬ ਆਪਣਾ ਬਿਆਨ ਵੀ ਦੇਣ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ** (ਸ਼੍ਰੀ ਸੁਰਿੰਦਰ ਸਿੰਗਲਾ) : ਡਿਪਟੀ ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਆਪਣੀ ਪਰਸਨਲ ਐਕਸਪਲੇਨੇਸ਼ਨ ਦੇਣ ਵਾਸਤੇ ਖੜ੍ਹਾ ਹੋਇਆ ਹਾਂ। ਮੈਂ ਇਸ ਤਰ੍ਹਾਂ ਦਾ ਕੋਈ ਬਿਆਨ ਨਹੀਂ ਦਿੱਤਾ ਕਿ ਮੈਂ ਕਮੇਟੀ ਦਾ ਬਾਈਕਾਟ ਕਰਾਂਗਾ। ਮੇਰਾ ਇਸ ਤਰ੍ਹਾਂ ਦਾ ਕੋਈ ਬਿਆਨ ਨਹੀਂ ਹੈ।

ਡਿਪਟੀ ਸਪੀਕਰ ਸਾਹਿਬ, ਕੁਝ ਸਵਾਲ ਇੰਪਾਵਰਡ ਕਮੇਟੀ ਨਾਲ ਰਿਲੇਟਿਡ ਹਨ ਜਿਹੜੀ ਕਿ ਫਾਈਨਾਂਸ ਮਨਿਸਟਰਾਂ ਦੀ ਬਣੀ ਹੋਈ ਹੈ ਅਤੇ ਜਿਸ ਦਾ ਮੈਂ ਵੀ ਮੈਂਬਰ ਹਾਂ ਅਤੇ ਸਰਦਾਰ ਸਰਦੂਲ ਸਿੰਘ ਜੀ ਵੀ ਮੈਂਬਰ ਹਨ। ਇਹ ਬਾਰ-ਬਾਰ ਵੈਟ ਦੀ ਗੱਲ ਕਰਦੇ ਹਨ। 6 ਸਾਲ ਲਗਾਤਾਰ ਐਨ.ਡੀ.ਏ. ਦੀ ਸਰਕਾਰ ਸੈਂਟਰ ਵਿਚ ਰਹੀ ਅਤੇ ਇਹ ਅਕਾਲੀ ਦਲ ਵਾਲੇ ਉਸ ਦੇ ਭਾਈਵਾਲ ਸਨ । ਵੈਟ ਨੂੰ ਐਨ.ਡੀ.ਏ. ਦੀ

Original with;
Punjab Vidhan Sabha
Digitized by;
Punjab Digital Library

[ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ]

ਸਰਕਾਰ ਨੇ ਲਿਆਂਦਾ ਜਿਸ ਦਾ ਮਤਲਬ ਇਹ ਹੈ ਕਿ ਵੈਟ ਨੂੰ ਲਿਆਉਣ ਵਾਲੇ ਇਹੀ ਹਨ। ਵੈਟ ਦਾ ਜਦੋਂ ਵਾਈਟ ਪੇਪਰ ਹਿੰਦੁਸਤਾਨ ਦੇ ਲੋਕਾਂ ਨੂੰ ਵਿਖਾਇਆ ਗਿਆ ਤਾਂ ਉਸ ਵੇਲੇ ਬੀ.ਜੇ.ਪੀ. ਸਰਕਾਰਾਂ ਦੇ ਜਿੰਨੇ ਵੀ ਫਾਈਨਾਂਸ ਮਨਿਸਟਰ ਹਾਜ਼ਰ ਸਨ, ਸਾਰਿਆਂ ਨੇ ਕਿਹਾ ਕਿ ਅਸੀਂ ਵੈਟ ਸਿਸਟਮ ਨੂੰ ਲਾਗੂ ਕਰਨਾ ਹੈ। ਉਸ ਤੋਂ ਪਹਿਲਾਂ ਵੀ ਐਨ.ਡੀ.ਏ. ਦੇ ਮਨਿਸਟਰ ਜਸਵੰਤ ਸਿੰਘ ਨੇ ਭਰੋਸਾ ਦਿੱਤਾ ਸੀ ਕਿ ਅਸੀਂ ਵੈਟ ਸਿਸਟਮ ਇੰਟਰੋਡਿਊਸ ਕਰਨਾ ਹੈ ਅਤੇ ਜਿਹੜੀਆਂ ਸਟੇਟਾਂ ਇਸ ਦੀ ਵਜ੍ਹਾ ਕਰਕੇ ਲਾਸ ਵਿਚ ਜਾਣਗੀਆਂ, ਉਨ੍ਹਾਂ ਨੂੰ ਅਸੀਂ ਕੰਪਨਸੇਸ਼ਨ ਦਿਆਂਗੇ। ਇਸ ਤੋਂ ਬਾਦ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਰੇਟ ਸ਼ਡਿਊਲ ਸਟੇਟ ਗੌਰਮਿੰਟ ਨੇ ਨਹੀਂ ਬਣਾਏ ਹਨ। ਇਹ ਰੇਟ ਸ਼ਡਿਊਲ ਫਾਈਨਾਂਸ ਮਨਿਸਟਰਾਂ ਦੀ ਜਿਹੜੀ ਇੰਪਾਵਰਡ ਕਮੇਟੀ ਹੈ, ਉਸ ਨੇ ਬਣਾਏ ਹਨ। ਇਹ ਅਸੀਂ ਨਹੀਂ ਬਣਾਏ ਹਨ । ਹਿਸਟੋਰੀਕਲ ਸੱਚ ਇਹ ਹੈ ਕਿ ਸੇਲਜ ਟੈਕਸ ਦੇ ਰੇਟ ਸਾਊਦਰਨ ਸਟੇਟਸ ਵਿਚ ਹਾਈ ਸਨ ਅਤੇ ਨਾਰਦਰਨ ਸਟੇਟਸ ਵਿਚ ਘੱਟ ਸਨ । ਸਾਡੀ ਲੜਾਈ ਇਹ ਹੈ ਕਿ ਇਹ ਰੇਟ ਇਕੋ ਜਿਹੇ ਹੋਣੇ ਚਾਹੀਦੇ ਹਨ । ਜਿਥੇ 12% ਰੇਟ ਸਨ, ਉਹ ਘਟਾ ਕੇ ਅਸੀਂ 4% ਲਿਆਂਦੇ ਹਨ। ਇੰਡਸਟਰੀਅਲ ਇਨਪੁਟਸ ਤੇ ਟੈਕਸ 12% ਸੀ, ਉਹ ਹੁਣ 4% ਤੇ ਆ ਰਿਹਾ ਹੈ। ਇੰਡਸਟਰੀ ਅਤੇ ਟਰੇਡ ਨੂੰ ਇਸ ਦੇ ਨਾਲ ਫਾਇਦਾ ਹੋ ਰਿਹਾ ਹੈ। ਮੈਂ ਇੰਨ੍ਹਾਂ ਨੂੰ (ਵਿਰੋਧੀ ਧਿਰ ਵੱਲ ਇਸ਼ਾਰਾ) ਦੱਸ ਦਿੰਦਾ ਹਾਂ। ਇਨ੍ਹਾਂ ਨੂੰ ਬੜਾ ਮਾਣ ਹੈ ਕਿ ਕੇਂਦਰ ਲੈਵਲ ਤੇ ਇਕ 8 ਮੈਂਬਰੀ ਇੰਪਾਵਰਡ ਕਮੇਟੀ ਬਣੀ ਸੀ ਔਰ ਉਸ ਕਮੇਟੀ ਦੇ ਪੰਜਾਬ ਤੋਂ ਇਹ ਮੈਂਬਰ ਸਨ। ਪਹਿਲਾਂ ਤਾਂ ਹਾਊਸ ਇਨ੍ਹਾਂ ਨੂੰ ਪੁੱਛੇ ਕਿ ਇਨ੍ਹਾਂ ਨੇ ਉਸ ਕਮੇਟੀ ਦੀਆਂ ਕਿੰਨੀਆਂ ਮੀਟਿੰਗਾਂ ਅਟੈਂਡ ਕੀਤੀਆਂ ਹਨ ਜਾਂ ਇਹ ਮੈਨੂੰ ਦੱਸ ਦੇਣ। ਮੈਂ ਸਾਰੀ ਡਿਟੇਲ ਦੱਸ ਦਿਆਂਗਾ। ਉਥੇ ਇਨ੍ਹਾਂ ਨੇ ਆਪ ਕੋਈ ਮੀਟਿੰਗ ਅਟੈਂਡ ਨਹੀਂ ਕੀਤੀ ਔਰ ਪੰਜਾਬ ਦਾ ਵਿਊ ਪੁਆਇੰਟ ਉਥੇ ਨਹੀਂ ਗਿਆ। ਦੂਜੀ ਗੱਲ ਇਨ੍ਹਾਂ ਨੇ ਜ਼ੋਰਦਾਰ ਕਹੀ ਹੈ ਕਿ ਜਦੋਂ ਵੈਟ ਆ ਜਾਵੇ ਤਾਂ ਆਕਟ੍ਰਾਏ ਨਹੀਂ ਹੁੰਦੀ। ਡਿਪਟੀ ਸਪੀਕਰ ਸਾਹਿਬ, ਇਕ ਮੀਟਿੰਗ ਵਿੱਚ ਇਹ ਆਯੋਜ਼ ਕਰਕੇ ਆਏ ਹਨ । ਗੱਲ ਸਹੀ ਹੈ ਕਿ ਜਦੋਂ ਸਟੇਟ ਵੈਟ ਹੈ ਤਾਂ ਨੈਸ਼ਨਲ ਵੈਟ ਨਹੀਂ ਹੈ। ਜੇਕਰ ਸਟੇਟ ਵੈਟ ਹੋ ਸਕਦੀ ਹੈ ਤਾਂ ਲੋਕਲ ਟੈਕਸ ਲੱਗ ਸਕਦਾ ਹੈ ਪਰੰਤੂ ਜੇਕਰ ਨੈਸ਼ਨਲ ਵੈਟ ਹੈ ਤਾਂ ਉਥੇ ਕੋਈ ਲੋਕਲ ਟੈਕਸ ਨਹੀਂ ਲੱਗੇਗਾ। ਬੋਲਣ ਤੋਂ ਪਹਿਲਾਂ ਸੋਚ ਲਿਆ ਕਰੋ ਕਿ ਇਹ ਸਟੇਟ ਵੈਟ ਹੈ, ਨੈਸ਼ਨਲ ਵੈਟ ਨਹੀਂ ਹੈ। ਜਿਸ ਵੇਲੇ ਇਹ ਹੋ ਜਾਵੇਗਾ ਉਸ ਵੇਲੇ ਲੋਕਲ ਟੈਕਸ ਨਹੀਂ ਲੱਗਣਗੇ। ਜਿਸ ਦਿਨ ਨੈਸ਼ਨਲ ਵੈਟ ਲੱਗਣਗੇ ਉਸੇ ਦਿਨ ਫੈਡਰਲ ਕਾਂਸਟੀਚਿਊਸ਼ਨ ਵਿੱਚ ਅਮੈਂਡਮੈਂਟ ਕਰਨੀ ਪਵੇਗੀ। ਫਾਇਨਾਂਸ਼ਲ ਆਟੋਨਮੀ ਰੱਖਣ ਵਾਸਤੇ ਸਟੇਟਾਂ ਨੇ ਨੈਸ਼ਨਲ ਵੈਟ ਨਹੀਂ

Original with;
Punjab Vidhan Sabha
Digitized by;
Panjab Digital Library

ਮੰਨਿਆ। ਉਸਦਾ ਕਾਰਨ ਇਹ ਹੈ। ਫਿਰ ਇਨ੍ਹਾਂ ਨੇ ਸੀ.ਐਸ.ਟੀ. ਦੀ ਗੱਲ ਕੀਤੀ ਹੈ। ਇਨ੍ਹਾਂ ਦਾ ਰਿਕਾਰਡ ਹੈ। ਪੰਜਾਬ ਸਰਕਾਰ 450 ਕਰੋੜ ਰੁਪਿਆ ਸੀ.ਐਸ.ਟੀ. ਤੋਂ ਇੱਕਠਾ ਕਰਦੀ ਹੈ। ਇਹ ਰਿਕਾਰਡ ਤੇ ਹੈ। ਅਸੀਂ ਅਪੋਜ਼ ਕਰਦੇ ਰਹੇ ਹਾਂ। ਅਸੀਂ ਚਾਹੁੰਦੇ ਹਾਂ, ਪੰਜਾਬ ਸਰਕਾਰ ਸੀ.ਐਸ.ਟੀ. ਹਟਾਉਣ ਨੂੰ ਤਿਆਰ ਹੈ ਕਿਉਂਕਿ ਸਾਨੂੰ ਸਭ ਤੋਂ ਘੱਟ ਫਾਇਦਾ ਹੁੰਦਾ ਹੈ । ਅਸੀਂ ਸੀ.ਐਸ.ਟੀ. ਤੋਂ 430 ਕਰੋੜ ਰੁਪਿਆ ਇਕੱਠਾ ਕਰਦੇ ਹਾਂ। ਅਸੀਂ ਚਾਹੁੰਦੇ ਹਾਂ ਇਸ ਨੂੰ ਫੇਜ਼ ਆਊਟ ਕਰੀਏ ਔਰ ਕੇਂਦਰ ਸਾਨੂੰ 100% ਕੰਪਨਸੇਸ਼ਨ ਦੇਵੇ ਜਿਸ ਦਾ ਫੈਸਲਾ ਅਗਲੀ ਮੀਟਿੰਗ ਵਿੱਚ ਹੋ ਜਾਵੇਗਾ। ਗੌਰਮਿੰਟ ਆਫ ਇੰਡੀਆ ਨੇ ਇਹ ਪ੍ਰਿੰਸੀਪਲੀ ਐਗਰੀ ਕਰ ਲਿਆ ਹੈ ਕਿ ਇਹ ਸੀ.ਐਸ.ਟੀ. ਦੋ ਸਾਲਾਂ ਵਿੱਚ ਫੇਜ਼ ਆਊਟ ਕਰ ਦਿਓ। ਪਹਿਲੇ ਸਾਲ 100% ਕੰਪਨਸੇਸ਼ਨ, ਅਗਲੇ ਸਾਲ 50% ਕੰਪਨਸੇਸ਼ਨ ਮਿਲ ਜਾਵੇਗਾ। ਮੈਂ ਸਮਝਦਾ ਹਾਂ ਕਿ ਫਿਰ ਇਹ ਬਹੁਤ ਵੱਡਾ ਮੁੱਦਾ ਨਹੀਂ ਰਹੇਗਾ । ਤੀਜੀ ਗੱਲ ਇਹ ਹੈ ਕਿ ਜਿੰਨੀ ਟ੍ਰੇਡ ਇੰਡਸਟਰੀ ਹੈ । ਟ੍ਰੇਨਿੰਗ ਪ੍ਰੋਗਰਾਮ ਅਫ਼ਸਰਾਂ ਦਾ ਵੀ ਏਥੇ ਲੱਗਿਆ ਹੈ ਔਰ 150 ਮੀਟਿੰਗਾਂ ਕੀਤੀਆਂ ਹਨ। ਉਨ੍ਹਾਂ ਦੇ ਮਸਲੇ ਹੱਲ ਕਰਨ ਵਾਸਤੇ ਵੀ ਔਰ ਉਸ ਤੋਂ ਪਹਿਲਾਂ ਲਾਉਣ ਤੇ ਵੀ। ਉਸ ਦੇ ਬਾਵਜੂਦ ਅਸੀਂ ਇੰਪਾਵਰਡ ਕਮੇਟੀ ਤੋਂ ਫੈਸਲਾ ਕਰਾ ਦਿੱਤਾ ਹੈ ਕਿ ਇਕ ਸਾਲ ਅਸੀਂ ਕੋਈ ਪੀਨਲ ਕਲਾਜ਼, ਜਿਹੜੀ ਐਕਟ ਦੇ ਵਿੱਚ ਅਵੇਲੇਬਲ ਹੈ, ਉਸ ਨੂੰ ਸਸਪੈਂਡ ਰੱਖਾਂਗੇ ਅਤੇ ਲੋਕਾਂ ਤੇ ਸਖ਼ਤੀ ਨਹੀਂ ਕਰਾਂਗੇ ਬਲਕਿ ਲੋਕ ਇਹ ਆਪਸ ਵਿੱਚ ਸਿੱਖ ਲੈਣ ਅਤੇ ਜਿਹੜਾ ਟੈਕਸ ਪੇਅਰ ਹੈ ਅਤੇ ਜਿਹੜੀਆਂ ਟੈਕਸ ਕੁਲੈਕਸ਼ਨ ਏਜੰਸੀਆਂ ਹਨ, ਉਨ੍ਹਾਂ ਵਿੱਚ ਕੋਈ ਕੰਫਰੰਟ੍ਰੇਸ਼ਨ ਨਾ ਹੋਵੇ। ਇਸ ਕਰਕੇ ਕੋਈ ਪੀਨਲ ਕਲਾਜ਼ ਨਾ ਲਾਈ ਜਾਵੇ। ਉਹ ਹਾਲੇ ਆਨ ਹੈ। ਇਸ ਕਰਕੇ ਮੈਂ ਕਹਿੰਦਾ ਹਾਂ ਕਿ 95% ਪੰਜਾਬ ਦੇ ਟਰੇਡਰ ਅਤੇ ਇੰਡਸਟਰੀ ਦਾ ਕੋਈ ਮਸਲਾ ਵੈਟ ਤੇ ਨਹੀਂ ਹੈ। ਕੁਝ ਮੁੱਦੇ ਇੰਪਾਵਰਡ ਕਮੇਟੀ ਕੋਲ ਹਨ, ਜਿਨ੍ਹਾਂ ਵਿੱਚੋਂ ਡੇਵੀਏਸ਼ਨ ਦੀ ਗੱਲ ਵੀ ਕੀਤੀ ਹੈ। ਇੰਪਾਵਰਡ ਕਮੇਟੀ ਦੇ ਆਲਰੇਡੀ ਫੈਸਲਾ ਕਰਨ ਦੇ ਬਾਵਜੂਦ ਵੀ ਕੁਝ ਸਟੇਟਾਂ ਨੇ ਡੇਵੀਏਸ਼ਨ ਕੀਤੀ। ਇਨ੍ਹਾਂ ਨੇ ਸ਼ਾਲ ਔਰ ਕੰਬਲ ਦਾ ਜ਼ਿਕਰ ਕੀਤਾ। ਸਾਡੇ ਸ਼ਡਿਊਲ ਵਿੱਚ 4% ਹੈ, ਹਰਿਆਣਾ ਵਿੱਚ ਵੀ 4% ਹੈ। ਲੇਕਿਨ ਹਰਿਆਣਾ ਇਹ ਚਾਰਜ ਨਹੀਂ ਕਰਦਾ ਔਰ ਇਹ ਮੁੱਦਾ ਇੰਪਾਵਰਡ ਕਮੇਟੀ ਵਿੱਚ ਰੇਜ਼ ਕੀਤਾ ਗਿਆ ਕਿ ਜਾਂ ਤਾਂ ਉਨ੍ਹਾਂ ਨੂੰ ਕਹੋ ਕਿ ਉਹ 4% ਲਵੇ, ਜੇਕਰ ਨਹੀਂ ਲੈਂਦੇ ਤਾਂ ਉਸ ਕਾਰਨ ਮਜਬੂਰਨ ਇਹ ਵੈਟ ਅਸੀਂ ਵੀ ਚਾਰਜ ਨਹੀਂ ਕਰਾਂਗੇ। ਇਸ ਦੀ ਨੋਟੀਫਿਕੇਸ਼ਨ ਹੋ ਗਈ ਹੈ। ਉਸ ਨੋਟੀਫਿਕੇਸ਼ਨ ਦੀ ਕਾਪੀ ਤੁਹਾਨੂੰ ਭੇਜ ਦੇਵਾਂਗੇ। ਮਾਨਯੋਗ ਮੁੱਖ ਮੰਤਰੀ ਜੀ ਦਾ ਕਿਹਾ ਹੋਇਆ ਇਕ ਇਕ ਸ਼ਬਦ ਆਰਡਰ ਬਣ ਜਾਂਦਾ ਹੈ। ਤੁਹਾਡਾ ਤੇ ਆਰਡਰ ਨਹੀਂ ਸੀ ਬਣਦਾ। ਤੁਸੀਂ ਤਾਂ ਐਫ.ਐਮ. ਦੇ ਤੌਰ ਤੇ (ਕੈਪਟਨ ਕੰਵਲਜੀਤ ਸਿੰਘ ਵੱਲ

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ]

ਇਸ਼ਾਰਾ) ਐਡਮਨਿਸਟਰੇਸ਼ਨ ਹੀ ਨਹੀਂ ਕੀਤੀ। ਐਫ.ਐਮ. ਤਾਂ ਖੁਦ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹੀ ਸਨ। ਉਹ ਸੰਗਤ ਦਰਸ਼ਨ ਕਰਦੇ ਸਨ। ਨਾ ਕਿਧਰੇ ਅਸੈਂਬਲੀ ਵਿਚੋਂ ਉਹ ਪੈਸਾ ਪਾਸ ਹੋਇਆ ਅਤੇ ਨਾ ਹੀ ਕਦੇ ਐਫ.ਐਮ. ਨੇ ਉਸ ਉਤੇ ਦਸਤਖਤ ਕੀਤੇ ਸਨ । ...(ਸ਼ੋਰ..ਵਿਘਨ) ਇਹ ਸਭ ਸੀ.ਏ.ਜੀ. ਦੀ ਰਿਪੋਰਟ ਵਿਚ ਆ ਜਾਵੇਗਾ ।

(ਵਿਰੋਧੀ ਧਿਰ ਵੱਲੋਂ ਇਕ ਅਵਾਜ਼ : ਇਨ੍ਹਾਂ ਨੂੰ ਤਾਂ ਪੰਗਾ ਲੈਣ ਦੀ ਆਦਤ ਹੈ।)

ਪੰਗਾ ਨਾ ਕਹੋ। ਮੈਂ ਤਾਂ ਤੁਹਾਡੇ ਸਮਝਦਾਰ (ਕੈਪਟਨ ਕੰਵਲਜੀਤ ਸਿੰਘ ਵੱਲ ਇਸ਼ਾਰਾ) ਵਿਅਕਤੀ ਨੂੰ ਸਮਝਾ ਰਿਹਾ ਹਾਂ। ਤੁਹਾਡੀਆਂ ਪਾਵਰਜ਼ ਵੀ ਯੂਸਰਪ (Usurp) ਹੋਈਆਂ ਹਨ। ਕੈਪਟਨ ਅਮਰਿੰਦਰ ਸਿੰਘ ਵੱਲੋਂ ਇਹ ਨੋਟੀਫਿਕੇਸ਼ਨ ਜਾਰੀ ਹੋ ਚੁੱਕਾ ਹੈ । ਮੈਂ ਆਪਣੇ ਕੁਲੀਗਜ਼ ਨੂੰ ਕਹਾਂਗਾ ਕਿ ਇਨ੍ਹਾਂ ਨੂੰ ਇਕ ਕਾਪੀ ਭੇਜ ਦੇਣਾ। ਅਸਲ ਮੁੱਦਾ ਪੁਲੀਟੀਕਲ ਹੈ। ਤੁਹਾਡੀ ਜਿਹੜੀ ਹੋਂਦ ਹੈ, ਉਹ ਬੀ.ਜੇ.ਪੀ. ਨਾਲ ਇਕੱਠੀ ਹੈ। ਉਨ੍ਹਾਂ ਨੇ ਫੈਸਲਾ ਕੀਤਾ ਕਿ ਵੈਟ ਨਹੀਂ ਲਗਾਉਣਾ। ਤੁਸੀਂ ਤਾਂ ਐਵੇਂ ਹੀ ਚਰਚਾ ਕਰੀ ਜਾਂਦੇ ਹੋ ਕਿ ਅਸੀਂ ਆਵਾਂਗੇ ਤੇ ਹਟਾ ਦੇਵਾਂਗੇ। ਤੁਸੀਂ ਇਹ ਦੱਸੋ ਕਿ ਬੀ.ਜੇ.ਪੀ. ਦੇ ਦੋ ਚੀਫ ਮਨਿਸਟਰਾਂ ਸ਼੍ਰੀ ਨਰਿੰਦਰ ਮੋਦੀ ਅਤੇ ਸ਼੍ਰੀ ਬਾਬੂ ਲਾਲ ਗੌੜ ਨੇ ਕਿਹਾ ਹੈ ਕਿ ਉਹ ਆਪਣੇ ਆਪਣੇ ਸੂਬੇ ਵਿਚ ਵੈਟ ਨੂੰ ਇੰਟਰੋਡਿਊਸ ਕਰਨ ਜਾ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਗਲਤ ਬਿਆਨੀ ਕਿਉਂ ਕਰਦੇ ਹਨ ਕਿ ਜਦੋਂ ਆਵਾਂਗੇ ਤਾਂ ਹਟਾ ਦੇਵਾਂਗੇ। ਤੁਸੀਂ ਤਾਂ ਆਉਣਾ ਹੀ ਨਹੀਂ, ਚਿੰਤਾ ਕਿਉਂ ਕਰਦੇ ਹੋ। ਤੁਸੀਂ ਇਹ ਚਿੰਤਾ ਹਟਾ ਦਿਉ ਨਹੀਂ ਤਾਂ ਪੰਜਾਬ ਦੇ ਲੋਕਾਂ ਨੇ ਤੁਹਾਡੀ ਚਿੰਤਾ ਆਪੇ ਹੀ ਮਿਟਾ ਦੇਣੀ ਹੈ। ਮੈਂ ਬਠਿੰਡੇ ਵਿਚ ਬੋਲਦਿਆਂ ਹੋਇਆਂ ਵੀ ਕਿਹਾ ਸੀ ਕਿ ਬਾਦਲ ਦੇ ਜ਼ਮਾਨੇ ਵਿਚ ਕੇਵਲ 350 ਕਰੋੜ ਤੋਂ 450 ਕਰੋੜ ਰੁਪਏ ਦੀ ਕਮਾਹ ਹੁੰਦੀ ਸੀ ਜਿਹੜੀ ਕਿ ਹੁਣ ਵਧ ਕੇ 2000 ਕਰੋੜ ਰੁਪਏ ਤੱਕ ਹੋ ਗਈ ਹੈ। ਲੋਕ ਆਪਣਾ 400 ਕਰੋੜ ਰੁਪਿਆ ਕਿਉਂ ਲੈਣਗੇ ਤੇ 1600 ਕਰੋੜ ਰੁਪਏ ਦਾ ਘਾਟਾ ਕਿਉਂ ਖਾਣਗੇ। ਖੈਰ ਇਸ ਗੱਲ ਦੀ ਮੈਂ ਇਥੇ ਚਰਚਾ ਨਹੀਂ ਕਰਨੀ। ਡਿਪਟੀ ਸਪੀਕਰ ਸਾਹਿਬ, ਮੈਂ ਕਹਿ ਰਿਹਾ ਹਾਂ ਕਿ ਬੀ.ਜੇ.ਪੀ. ਸਟੇਟਾਂ ਇਸ ਨੂੰ ਲਾਗੂ ਕਰਨ ਜਾ ਰਹੀਆਂ ਹਨ, ਕਿਉਂਕਿ ਵੈਟ ਸਟੇਟ ਅਤੇ ਨਾਨ-ਵੈਟ ਸਟੇਟ ਦਾ ਇਨਪੁੱਟ ਕਰੈਡਿਟ ਹੈ, ਉਹ ਇਨਪੁੱਟ ਇੰਡਸਟਰੀ ਨੂੰ ਨਹੀਂ ਮਿਲਿਆ ਜਿਸ ਕਾਰਨ ਇੰਡਸਟਰੀ ਕੰਪੀਟੀਟਵ ਨਹੀਂ ਰਹੀ। ਇਸ ਕਰਕੇ ਮਜਬੂਰੀ ਵੱਸ ਬੀ.ਜੇ.ਪੀ. ਸਟੇਟਾਂ ਗੁਜਰਾਤ ਤੇ ਮੱਧ ਪ੍ਰਦੇਸ਼ ਨੂੰ ਵੈਟ ਲਗਾਉਣਾ ਪੈ ਰਿਹਾ ਹੈ। ਭਾਵੇਂ ਉਹ ਲਗਾਉਣਾ ਤਾਂ ਨਹੀਂ ਚਾਹੁੰਦੇ

Original with;
Punjab Vidhan Sabha
Digitized by;
Panjab Digital Library

ਪਰ ਉਥੋਂ ਇੰਡਸਟਰੀ ਜਾ ਰਹੀ ਹੈ। ਇਸ ਲਈ ਇਸ ਤਰ੍ਹਾਂ ਦੇ ਪ੍ਰਾਪੇਗੰਡੇ ਵਿਚ ਕੁਝ ਨਹੀਂ ਪਿਆ। ਇਹ ਇੰਡਸਟਰੀ ਦੇ ਦੁਸ਼ਮਣ ਤਾਂ ਕਹੇ ਜਾ ਸਕਦੇ ਹਨ, ਮਿੱਤਰ ਨਹੀਂ। ਇਸ ਦੀ ਸਭ ਤੋਂ ਵੱਡੀ ਮਿਸਾਲ ਮੈਂ ਤੁਹਾਨੂੰ ਦੇ ਰਿਹਾ ਹਾਂ। (ਇਸ ਸਮੇਂ ਮਾਨਯੋਗ ਵਿੱਤ ਮੰਤਰੀ ਜੀ ਆਪਣੇ ਕੁਝ ਕਾਗਜ਼ ਫਰੋਲ ਰਹੇ ਸਨ ਤੇ ਸਪੀਚ ਰੁਕ ਗਈ ਸੀ।) ਸੌਰੀ ਸਰ, ਮੈਂ ਮਿਸਾਲ ਦੇ ਰਿਹਾ ਹਾਂ ਕਿ ਪੰਜਾਬ ਦਾ ਸਭ ਤੋਂ ਵੱਡਾ ਦੁਸ਼ਮਣ ਨੰਬਰ ਵੰਨ ** ** (ਸ਼ੋਰ...ਵਿਘਨ)

**ਸ਼੍ਰੀ ਤਿਕਸ਼ਨ ਸੂਦ** : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ । ਇਨ੍ਹਾਂ ਨੇ ** ** ਦਾ ਨਾਂ ਲਿਆ ਹੈ । ਉਹ ਤਾਂ ਇਥੇ ਹਾਊਸ ਵਿਚ ਨਹੀਂ ਹਨ ਅਤੇ ਉਹ ਜਵਾਬ ਨਹੀਂ ਦੇ ਸਕਦੇ । ਇਸ ਨੂੰ ਐਕਸਪੰਜ ਕਰਵਾਉ।

**Mr. Deputy Speaker :** Al right.

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ** : ਚਲੋ, ਮੈਂ ਪੁਰਾਣਾ ਪ੍ਰਧਾਨ ਮੰਤਰੀ ਕਹਿ ਦਿੰਦਾ ਹਾਂ । ਉਨ੍ਹਾਂ ਨੇ ਹਿਲਜ਼ ਏਰੀਏ ਵਿੱਚ ਇੰਡਸਟਰੀ ਨੂੰ 100% ਸੈਂਟਰਲ ਐਕਸਾਈਜ਼ ਕਨਸੈਸ਼ਨ ਦਿੱਤੀ ਹੋਈ ਸੀ ਤੇ ਛੋਟ ਦਿੱਤੀ ਹੋਈ ਸੀ । ਕੀ ਉਦੋਂ ਇਹ ਸੁੱਤੇ ਹੋਏ ਸੀ ? ਪੰਜਾਬ ਦੀ ਸਾਰੀ ਇੰਡਸਟਰੀ ਹਰਿਆਣੇ ਵਿਚ ਤੇ ਹੋਰ ਥਾਵਾਂ ਤੇ ਜਾ ਰਹੀ ਸੀ । ਜਦੋਂ ਵਾਜਪਾਈ ਜੀ ਨੇ ਇਹ ਕਨਸੈਸ਼ਨ ਦਿੱਤੀ ਸੀ ਤਾਂ ਉਦੋਂ ਇਨ੍ਹਾਂ ਨੇ ਅਵਾਜ਼ ਕਿਉਂ ਨਹੀਂ ਉਠਾਈ । ਇਨ੍ਹਾਂ ਨੇ ਪੰਜਾਬ ਦੀ ਇੰਡਸਟਰੀ ਬਰਬਾਦ ਕਰਕੇ ਰੱਖ ਦਿੱਤੀ । ਇਹ ਵੱਡੇ ਹਮਦਰਦ ਬਣੀ ਫਿਰਦੇ ਹਨ। ਤੁਸੀਂ ਸੈਂਟਰਲ ਐਕਸਾਈਜ਼ ਟੈਕਸ ਦੀ ਛੋਟ ਵਾਸਤੇ ਅਵਾਜ਼ ਨਹੀਂ ਉਠਾਈ ਜਦੋਂ ਕਿ ਤੁਸੀਂ ਵਾਜਪਾਈ ਸਰਕਾਰ ਦੇ ਮੈਂਬਰ ਸੀ । ਤੁਸੀਂ ਕਹਿੰਦੇ ਕਿ ਤੁਸੀਂ ਇੰਡਸਟਰੀਅਲ ਟਰੇਡਰ ਦੇ ਸਪੋਰਟਰ ਹੋ, ਤੁਸੀਂ ਤਾਂ ਇਸ ਪੰਜਾਬ ਦੀ ਸਟੇਟ ਇੰਡਸਟਰੀ ਦੇ ਦੁਸ਼ਮਣ ਨੰਬਰ 1 ਹੋ । ਇਸ ਲਈ ਇਨ੍ਹਾਂ ਦੀ ਕੋਈ ਗੱਲ ਕੰਸਿਡਰ ਕਰਨ ਦੀ ਲੋੜ ਨਹੀਂ । ਮੈਂ ਆਪਣੇ ਕੁਲੀਗਜ਼ ਨੂੰ ਕਹਾਂਗਾ ਕਿ ਇਨ੍ਹਾਂ ਦੀ ਕੋਈ ਗੱਲ ਸੁਣਨ ਦੀ ਜ਼ਰੂਰਤ ਨਹੀਂ ਹੈ।

**ਕੈਪਟਨ ਕੰਵਲਜੀਤ ਸਿੰਘ** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਵਿੱਤ ਮੰਤਰੀ ਸਾਹਿਬ ਨੇ ਬੜੀ ਗਲਤ ਬਿਆਨ-ਬਾਜ਼ੀ ਕੀਤੀ ਹੈ ਕਿ ਮੈਂ ਕਿਸੇ ਇਕ ਵੀ ਇੰਪਾਵਰਡ ਕਮੇਟੀ ਦੀ ਮੀਟਿੰਗ ਵਿੱਚ ਨਹੀਂ ਗਿਆ ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ** : ਮੈਂ ਇਹ ਨਹੀਂ ਕਿਹਾ, ਮੈਂ ਕਿਹਾ ਹੈ ਕਿ ਕਈ ਮੀਟਿੰਗਾਂ ਵਿੱਚ ਹਾਜ਼ਰ ਨਹੀਂ ਹੋਏ ।

**ਕੈਪਟਨ ਕੰਵਲਜੀਤ ਸਿੰਘ** : ਡਿਪਟੀ ਸਪੀਕਰ ਸਾਹਿਬ, ਇਹ ਬੜੇ ਐਕਸਾਈਟ ਹੋ ਜਾਂਦੇ ਹਨ, ਇਨ੍ਹਾਂ ਨੂੰ ਐਕਸਾਈਟਮੈਂਟ ਦੇ ਬਰਖਿਲਾਫ ਦਵਾਈ ਖੁਆ ਕੇ ਲਿਆਇਆ ਕਰੋ ਜੀ । ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿੰਨੀਆਂ ਵੀ ਇੰਪਾਵਰਡ ਕਮੇਟੀ ਦੀਆਂ ਮੀਟਿੰਗਾਂ ਹੋਈਆਂ ਹਨ, ਮੈਂ ਇਕ ਵੀ ਮਿਸ ਨਹੀਂ ਕੀਤੀ, ਇਹ ਸਾਬਤ ਕਰ ਦੇਣ ਤਾਂ ਜੋ ਮਰਜ਼ੀ ਸਜ਼ਾ ਦੇ ਦੇਣਾ । ਦੂਜਾ ਇਨ੍ਹਾਂ ਨੇ ਕਿਹਾ ਹੈ ਕਿ ਪਾਵਰ ਵਿੱਚ ਅਸੀਂ ਆਵਾਂਗੇ ਤਾਂ ਇਹ ਕਰਾਂਗੇ, ਉਹ ਕਰਾਂਗੇ । ਡਿਪਟੀ ਸਪੀਕਰ ਸਾਹਿਬ, ਲੀਡਰ ਆਫ ਦਿ ਹਾਊਸ ਇਥੇ ਬੈਠੇ ਹਨ, ਇਹ ਅੱਜ ਹੀ ਵਿਧਾਨ ਸਭਾ ਨੂੰ ਡਿਜ਼ਾਲਵ ਕਰਨ ਦੀ ਅਨਾਊਂਸਮੈਂਟ ਕਰ ਦੇਣ, ਹਾਊਸ ਡਿਜ਼ਾਲਵ ਕਰਕੇ ਇਨ੍ਹਾਂ ਨੂੰ ਕੱਲ੍ਹ ਨੂੰ ਪਤਾ ਲਗ ਜਾਵੇਗਾ, ਇਹ ਚੈਲੰਜ ਕਰਕੇ ਤਾਂ ਦੇਖਣ । ਡਿਪਟੀ ਸਪੀਕਰ ਸਾਹਿਬ, ਅਸੀਂ ਹੁਣੇ ਹੀ ਚੈਲੰਜ ਅਕਸੈਪਟ ਕਰਦੇ ਹਾਂ । Let them dissolve the House.

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ** : ਡੇਰਾ ਬੱਸੀ ਵਾਂਗ ਨਾ ਭੱਜ ਜਾਣਾ ।

**ਸਰਦਾਰ ਬੀਰ ਦਵਿੰਦਰ ਸਿੰਘ** : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਕੈਪਟਨ ਕੰਵਲਜੀਤ ਸਿੰਘ ਹੁਰਾਂ ਦਾ ਤਾਂ ਅਸੀਂ ਤਾਜ਼ਾ ਤਾਜ਼ਾ ਕੱਦੂਕੱਸ਼ ਕੀਤਾ ਹੈ ਅਤੇ ਲੋਕ ਸਭਾ ਦੀਆਂ ਚੋਣਾਂ ਵਿੱਚ ਖਰਖਰਾ ਕੀਤਾ ਹੈ, ਹੁਣ ਇਹ ਫਿਰ ਕਹਿੰਦੇ ਹਨ ।

**ਆਬਕਾਰੀ ਤੇ ਕਰ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ** (ਸਰਦਾਰ ਸਰਦੂਲ ਸਿੰਘ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮਈ ਦੇ ਮਹੀਨੇ ਵਿੱਚ ਬੜੇ ਵੱਡੇ ਵੱਡੇ ਵਪਾਰੀ ਅਤੇ ਟਰੇਡਰ ਮੈਨੂੰ ਮਿਲੇ ਸਨ, ਜਿਨ੍ਹਾਂ ਨੇ ਆਪਣੀਆਂ ਡਿਮਾਂਡਜ਼ ਰੱਖੀਆਂ ਜਿਨ੍ਹਾਂ ਚੀਜ਼ਾਂ ਤੇ ਅਪ੍ਰੈਲ ਵਿੱਚ 12½%, 4% ਅਤੇ 8% ਟੈਕਸ ਲੱਗਦਾ ਸੀ ਉਨ੍ਹਾਂ ਨੂੰ ਅਸੀਂ ਘਟਾ ਕੇ 12½% ਤੋਂ 4% ਕੀਤਾ ਅਤੇ ਇਸੇ ਤਰ੍ਹਾਂ 8% ਤੋਂ ਵੀ ਟੈਕਸ ਘਟਾਇਆ ਅਤੇ ਸਾਡੇ ਮੁੱਖ ਮੰਤਰੀ ਜੀ ਨੇ 350 ਕਰੋੜ ਰੁਪਏ ਦੀਆਂ ਰਿਆਇਤਾਂ ਵਪਾਰੀਆਂ ਨੂੰ ਦਿੱਤੀਆਂ । ਅੱਜ ਵੀ ਜਿੰਨੀਆਂ ਅਮੈਂਡਮੈਂਟਸ ਰੱਖੀਆਂ ਗਈਆਂ ਹਨ, ਇਹ ਵੀ ਵਪਾਰੀਆਂ ਦੀਆਂ ਸਹੂਲਤਾਂ ਲਈ ਲਿਆਂਦੀਆਂ

Original with;
Punjab Vidhan Sabha
Digitized by;
Panjab Digital Library

ਗਈਆਂ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਪੰਜਾਬ ਦਾ ਸੂਬਾ ਹੈ, ਇਸ ਦਾ ਜੇ ਦੂਜੇ ਸਾਰੇ ਸੂਬਿਆਂ ਦੇ ਨਾਲ ਮੁਕਾਬਲਾ ਕਰੀਏ ਤਾਂ ਪੰਜਾਬ ਦੇ ਕਿਸਾਨਾਂ ਨੂੰ ਸਭ ਤੋ ਵੱਧ ਸਹੂਲਤਾਂ ਦਿੱਤੀਆਂ ਗਈਆਂ ਹਨ ਅਤੇ ਸਾਡੇ ਮੁੱਖ ਮੰਤਰੀ ਜੀ ਨੇ 8.8% ਡੀਜ਼ਲ ਤੇ ਰੇਟ ਆਫ ਟੈਕਸ ਲਗਾਇਆ ਹੈ ਜਿਹੜਾ ਕਿ ਮਹਾਰਾਸ਼ਟਰ ਵਿੱਚ 34% ਹੈ ਅਤੇ ਨੈਸ਼ਨਲ ਕੰਸੈਂਸਿਜ਼ ਵਿੱਚ 20% ਹੈ । ਇਹ ਚੀਜ਼ ਸਾਬਤ ਕਰਦੀ ਹੈ ਕਿ ਸਾਡੇ ਮੁੱਖ ਮੰਤਰੀ ਜੀ ਕਿਸਾਨਾਂ ਦੇ ਬੜੇ ਵੱਡੇ ਮਸੀਹਾ ਹਨ । ਮੈਂ ਇਹ ਗੱਲ ਵੀ ਦਸੱਣੀ ਚਾਹੁੰਦਾ ਹਾਂ ਕਿ ਪੈਸਟੀਸਾਈਡਜ਼ ਉਤੇ ਜ਼ੀਰੋ ਪ੍ਰਤੀਸ਼ਤ ਟੈਕਸ ਹੈ । ਇਹ ਅਸੀਂ ਜ਼ੀਰੋ ਕੀਤਾ ਹੈ ਜਦੋਂ ਕਿ ਨੈਸ਼ਨਲ ਕੰਸੈਂਸਿਜ਼ ਵਿੱਚ ਇਹ 4 ਪ੍ਰਤੀਸ਼ਤ ਹੈ । ਫਰਟੇਲਾਈਜ਼ਰ ਦੀ ਨੈਸ਼ਨਲ ਕੰਸੈਂਸਿਜ਼ ਚਾਰ ਪ੍ਰਤੀਸ਼ਤ ਹੈ, ਅਸੀਂ ਜ਼ੀਰੋ ਪ੍ਰਤੀਸ਼ਤ ਟੈਕਸ ਰੱਖਿਆ ਹੈ । ਇਸੇ ਤਰ੍ਹਾਂ ਜੋ ਤੁਸੀਂ ਸੇਲਜ਼ ਟੈਕਸ ਵਾਲੀ ਗੱਲ ਕਹੀ ਹੈ, ਉਹ ਅਸੀਂ ਸੈਂਟਰ ਸਰਕਾਰ ਨੂੰ ਲਿਖ ਦਿੱਤਾ ਹੈ ਕਿ ਜਿਹੜਾ ਆਪਣਾ ਸੈਂਟਰਲ ਸੇਲਜ਼ ਟੈਕਸ ਹੈ, ਇਸ ਨੂੰ ਖਤਮ ਕਰ ਦਿੱਤਾ ਜਾਵੇ । ਔਰ ਦੂਸਰੀ ਗੱਲ ਜਿਹੜੀ ਇਨ੍ਹਾਂ ਨੇ ਕਲਾਜ਼ 4 ਦੇ ਸਬ-ਸੈਕਸ਼ਨ 1 ਅਤੇ 2 ਬਾਰੇ ਕੀਤੀ ਹੈ ਕਿ ਪਹਿਲਾਂ ਪੰਜ ਤੋਂ 30 ਲੱਖ ਕੀਤੀ ਸੀ, ਹੁਣ 30 ਤੋਂ 50 ਤੱਕ ਹੈ, ਉਹ ਤੁਹਾਡੀਆਂ ਸਾਰੀਆਂ ਸੁਜੈਸ਼ਨਾਂ ਆ ਗਈਆਂ ਹਨ । ਇਹ ਮੈਂ ਨੋਟ ਕਰ ਲਈਆਂ ਹਨ । ਆਟਾ, ਸ਼ੂਗਰਕੇਨ, ਦਾਲਾਂ, ਡੇਅਰੀ ਫਾਰਮਿੰਗ, ਸਪੋਰਟਸ ਬਾਰੇ ਸਾਡੇ ਕੋਲ ਰੋਜ਼ ਵਪਾਰੀਆਂ ਦੇ ਮੈਮੋਰੰਡਮ ਆਉਂਦੇ ਰਹਿੰਦੇ ਹਨ ਔਰ ਅਸੀ ਜਿਹੜੇ ਜੈਨੂਅਨ ਹਨ, ਉਨ੍ਹਾਂ ਤੇ ਵਿਚਾਰ ਕਰਕੇ ਜ਼ਰੂਰ ਸਹੂਲਤਾਂ ਦੇਵਾਂਗੇ । ਮੇਰੇ ਖਿਆਲ ਵਿੱਚ ਇਸ ਐਕਟ ਵਿੱਚ ਵਪਾਰੀਆਂ ਨੂੰ ਸਭ ਤੋਂ ਵੱਧ ਸਹੂਲਤਾਂ ਦਿੱਤੀਆਂ ਗਈਆਂ ਹਨ । ਮੈਂ ਬੇਨਤੀ ਕਰਾਂਗਾ ਡਿਪਟੀ ਸਪੀਕਰ ਸਾਹਿਬ ਨੂੰ ਕਿ ਇਸ ਐਕਟ ਨੂੰ ਯੂਨਾਨੀਮਸਲੀ ਪਾਸ ਕਰਨਾ ਚਾਹੀਦਾ ਹੈ ।

**ਕੈਪਟਨ ਕੰਵਲਜੀਤ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਕਲੈਰੀਫਿਕੇਸ਼ਨ ਲੈਣੀ ਚਾਹੁੰਦਾ ਹਾਂ । ਮੰਤਰੀ ਜੀ ਨੇ ਭਰੋਸਾ ਦਿੱਤਾ ਹੈ ਕਿ ਜੋ ਮੈਂ ਕਿਹਾ ਹੈ, ਉਹ ਲਾਗੂ ਕਰਨਗੇ । ਇਸ ਲਈ ਬੜਾ ਧੰਨਵਾਦ ਹੈ । ਲੇਕਿਨ ਇੱਕ ਇਨ੍ਹਾਂ ਨੇ ਰੇਟਸ ਬਾਰੇ ਕਿਹਾ ਹੈ ਕਿ ਡੀਜ਼ਲ ਉਪਰ ਸਿਰਫ ਅੱਠ ਪ੍ਰਤੀਸ਼ਤ ਹੈ, ਪੈਸਟੀਸਾਈਡਜ਼ ਉਤੇ ਜ਼ੀਰੋ ਪ੍ਰਤੀਸ਼ਤ ਹੈ ਔਰ ਇਹ ਇਨ੍ਹਾਂ ਨੇ ਕੀਤਾ ਹੈ, ਜਿਸ ਕਰਕੇ ਇਸ ਸਰਕਾਰ ਨੇ ਵਧੀਆਂ ਕੰਮ ਕੀਤਾ ਹੈ। ਮੈਂ ਮੰਗ ਕਰਾਂਗਾ ਕਿ ਜਿਹੜਾ ਅਕਾਲੀ-ਬੀ.ਜੇ.ਪੀ. ਸਰਕਾਰ ਵੇਲੇ ਡੀਜ਼ਲ ਤੇ ਅੱਠ ਪ੍ਰਤੀਸ਼ਤ ਟੈਕਸ ਸੀ, ਪੈਸਟੀਸਾਈਡਜ਼ ਉਤੇ ਕੋਈ ਸੇਲ ਟੈਕਸ ਨਹੀਂ ਸੀ, ਉਹ ਵੀ ਪੜ੍ਹ ਕੇ ਸੁਣਾ ਦਿਓ ।

**Chief Minister** (While Sitting) : What do you mean to say ?

*Original with;*
Punjab Vidhan Sabha
*Digitized by;*
Panjab Digital Library

**Captain Kanwaljit Singh :** I mean to say these were exempted by us.

**ਮਾਨਯੋਗ ਡਿਪਟੀ ਸਪੀਕਰ :** ਕੰਬਲਾਂ ਅਤੇ ਸ਼ਾਲਾਂ ਦੀ ਨੋਟੀਫਿਕੇਸ਼ਨ ਬਾਰੇ ਕੀ ਕੀਤਾ ਹੈ ?

**ਆਬਕਾਰੀ ਤੇ ਕਰ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ** (ਸਰਦਾਰ ਸਰਦੂਲ ਸਿੰਘ) : ਸਰ, ਕੰਬਲਾਂ ਅਤੇ ਸ਼ਾਲਾਂ ਦੀ ਨੋਟੀਫਿਕੇਸ਼ਨ ਹੋ ਚੁੱਕੀ ਹੈ । ਮੈਂ ਤੁਹਾਨੂੰ ਨੋਟੀਫਿਕੇਸ਼ਨ ਜ਼ਰੂਰ ਪਹੁੰਚਾ ਦੇਵਾਂਗਾ ।

**Mr. Deputy Speaker :** Question is --

That the Punjab Value Added Tax (Amendment) Bill be taken into consideration at once.

*The motion was carried*

**Mr. Deputy Speaker :** Now the House will proceed to consider the Bill Clause-by-Clause.

**Sub-clause (2) of Clause 1**

**Mr. Deputy Speaker :** Question is --

That Sub clause (2) of Clause 1 stand part of the Bill.

*The motion was carried*

**Clauses 2 to10**

**Mr. Deputy Speaker :** As there is no amendment to Clauses 2 to 10, if the House agrees, theses Clauses be put together to the vote of the House.

(Voices : Yes, Yes)

**Mr. Deputy Speaker :** Question is --

That Clauses 2 to 10 stand part of the Bill.

*The motion was carried*

**Sub-clause (1) of Clause 1**

**Mr. Deputy Speaker :** Question is --

Original with;
Punjab Vidhan Sabha
Digitized by;
Panjab Digital Library

That Sub-clause (1) of Clause 1 stand part of the Bill.

*The motion was carried*

**Title**

**Mr. Deputy Speaker :** Question is --

**That Title be the Title of the Bill.**

*The motion was carried*

**Minister for Excise & Taxation and Printing & Stationery** (Sardar Sardul Singh) : Sir, I beg to move.......

That the Punjab Value Added Tax (Amendment) Bill be passed.

**Mr. Deputy Speaker :** Motion moved--

That the Punjab Value Added Tax (Amendment) Bill be passed.

**Mr. Deputy Speaker :** Question is--

That the Punjab Value Added Tax (Amendment) Bill be passed.

*The motion was carried*

----------------

viii. THE PUNJAB ENTERTAINMENT DUTY (AMENDMENT) BILL, 2005

**Minister for Excise & Taxation and Printing & Stationery** (Sardar Sardul Singh) : Sir, I beg to introduce the Punjab Entertainment Duty (Amendment) Bill.

Sir, I also beg to move--

That the Punjab Entertainment Duty (Amendment) Bill be taken into consideration at once.

**Mr. Deputy Speaker :** Motion moved--

That the Punjab Entertainment Duty (Amendment) Bill be taken into consideration at once.

Discussion.

**ਸਰਦਾਰ ਅਦੇਸ਼ ਪ੍ਰਤਾਪ ਸਿੰਘ ਕੈਰੋਂ** (ਪੱਟੀ) : **ਡਿਪਟੀ ਸਪੀਕਰ ਸਾਹਿਬ,** ਜਿਵੇਂ ਇੱਕ ਪਿਲ ਸਾਰੀ ਬਿਮਾਰੀ ਦਾ ਇਲਾਜ ਹੁੰਦੀ ਹੈ, ਉਸੇ ਤਰ੍ਹਾਂ ਹੀ ਇਹ ਜਿਹੜੇ ਰੇਟ ਹਨ ਇਹ ਪੂਰੇ ਪੰਜਾਬ ਵਾਸਤੇ ਸੇਮ ਰੱਖੇ ਗਏ ਹਨ । ਇਹ ਅਸੀਂ ਸਾਰੇ ਜਾਣਦੇ ਹੀ

Original with;
Punjab Vidhan Sabha
Digitized by;
Punjab Digital Library

[ਸਰਦਾਰ ਅਦੇਸ਼ ਪ੍ਰਤਾਪ ਸਿੰਘ ਕੈਰੋਂ]

ਹਾਂ ਕਿ ਇਹ ਸ਼ਹਿਰਾਂ ਦੇ ਵਿੱਚ ਲਗਾਉਣੇ ਤਾਂ ਪਾਸੀਬਲ ਹੋ ਸਕਦੇ ਹਨ ਲੇਕਿਨ ਜੇਕਰ ਕੋਈ ਪਿੰਡਾਂ ਦੇ ਵਿਚ ਜਾਂ ਬੈਕਵਰਡ ਏਰੀਆਜ਼ ਦੇ ਵਿਚ ਲਗਾਉਣਾ ਚਾਹਵੇ ਤਾਂ ਇਹ ਐਕਟ ਡਿਸਕਰੇਜਮੈਂਟ ਕਰੇਗਾ ਔਰ ਕੋਈ ਲਗਾਏਗਾ ਵੀ ਨਹੀਂ । ਮੇਰਾ ਕਹਿਣ ਦਾ ਭਾਵ ਇਹ ਹੈ ਕਿ ਇਹ ਜਿਹੜੇ ਰੇਟਸ ਰੱਖੇ ਗਏ ਹਨ, ਇਹ ਏਰੀਆਜ਼ ਦੇ ਹਿਸਾਬ ਨਾਲ ਲਗਾਏ ਜਾਣੇ ਚਾਹੀਦੇ ਹਨ । ਸ਼ਹਿਰਾਂ ਦੇ ਵਿੱਚ ਉਨ੍ਹਾਂ ਦੇ ਮੁਤਾਬਿਕ ਅਤੇ ਪਿੰਡਾਂ ਦੇ ਵਿੱਚ ਉਨ੍ਹਾਂ ਦੇ ਹਿਸਾਬ ਨਾਲ ਹੀ ਰੇਟਸ ਲਗਾਏ ਜਾਣੇ ਚਾਹੀਦੇ ਹਨ ਔਰ ਜਿਹੜੇ ਬਾਰਡਰ ਦੇ ਇਲਾਕੇ ਹਨ, ਉਨ੍ਹਾਂ ਦੇ ਲਈ ਰੇਟਸ ਉਸੇ ਹਿਸਾਬ ਨਾਲ ਹੀ ਲਾਗੂ ਕੀਤੇ ਜਾਣੇ ਚਾਹੀਦੇ ਹਨ । ਵੈਸੇ ਤਾਂ easy to administer ਜੇਕਰ ਰੇਟਸ ਇੱਕਠਾ ਹੀ ਹੋਵੇ, ਲੰਪਸੰਮ ਹੋਵੇ ਤਾਂ ਚੰਗੀ ਚੀਜ਼ ਹੈ । ਇਸ ਤਰ੍ਹਾਂ ਹੋਣ ਨਾਲ ਅਫ਼ਸਰਾਂ ਦੇ ਕੋਲ ਲੋਕਾਂ ਨੂੰ ਵਾਰ ਵਾਰ ਚੱਕਰ ਲਗਾਉਣ ਦੀ ਲੋੜ ਨਹੀਂ ਹੁੰਦੀ ਕਿਉਂਕਿ ਪੈਸੇ ਇਕੱਠੇ ਆ ਜਾਂਦੇ ਹਨ । ਪਰ ਇਸ ਦੇ ਨਾਲ ਨਾਲ ਕਈ ਮੁਸ਼ਕਲਾਂ ਵੀ ਨਾਲ ਜੁੜ ਜਾਂਦੀਆਂ ਹਨ, ਜਿਨ੍ਹਾਂ ਨੂੰ ਇਸ ਬਿਲ ਦੇ ਨਾਲ ਹੀ ਐਡਰੈੱਸ ਕਰਨਾ ਚਾਹੀਦਾ ਹੈ । ਇਕ ਤਾਂ ਮੈਂ ਹਾਈਲਾਈਟ ਕੀਤੀ ਹੈ । ਨੰਬਰ ਦੋ ਜਿਸ ਤਰ੍ਹਾਂ ਮੇਲੇ ਲੱਗਦੇ ਹਨ, ਮੇਲੇ ਸਾਰਾ ਸਾਲ ਰੰਨ ਨਹੀਂ ਕਰਦੇ, ਫਿਰ ਉਨ੍ਹਾਂ ਦੇ ਉਤੇ ਨੰਬਰ ਆਫ਼ ਡੇਜ਼ ਦੇ ਮੁਤਾਬਿਕ ਲਗਾਇਆ ਜਾਵੇਗਾ। ਫਿਰ ਇਕ ਹੋਰ ਗੱਲ ਇਹ ਵੀ ਹੈ ਕਿ ਕਈ ਵਾਰੀ ਤਿਉਹਾਰਾਂ ਦਾ ਸੀਜ਼ਨ ਹੁੰਦਾ ਹੈ, ਜਿਵੇਂ ਦੀਵਾਲੀ ਹੈ, ਤਾਂ ਉਦੋਂ ਬਿਜ਼ਨਿਸ ਵਧ ਹੁੰਦਾ ਹੈ, ਗਰਮੀਆਂ ਜਾਂ ਬਰਸਾਤਾਂ ਦੇ ਦਿਨਾਂ ਦੇ ਵਿੱਚ ਬਿਜ਼ਨਿਸ ਘੱਟ ਜਾਂਦਾ ਹੈ । ਫਿਰ ਇਹ ਕਿਵੇਂ ਡਿਸਾਈਡ ਕਰਨਗੇ । ਜੇਕਰ ਪੀਰੀਅਡ ਇਕ ਸਾਲ ਤੋਂ ਘੱਟ ਹੋਵੇ, ਇਹ ਟੈਕਸ ਨੂੰ ਕਿਸ ਤਰ੍ਹਾਂ ਡਿਸਾਈਡ ਕਰਨਗੇ । ਇਸ ਦੇ ਨਾਲ ਨਾਲ ਇਹ ਸਮਅੱਪ ਕੀਤਾ ਹੋਇਆ ਹੈ ਕਿ ਕਈ ਰਾਈਡਜ਼ ਹਨ । ਜਿਵੇਂ ਗੋ ਕਾਰਟ ਜਾਂ ਹੋਰ ਹਨ । ਇਸ ਵਿਚ ਕੁਆਂਟਮ ਕਿੰਨਾ ਹੈ ? ਕੀ 10 ਗੋ ਕਾਰਟ ਦਾ ਵੀ ਇਹੀ ਰੇਟ ਹੈ, ਇਹ ਰਾਈਡਜ਼ ਨਾਲ ਇਹ ਦੋ ਦਾ ਹੈ, ਕੀ ਛੇ ਦਾ ਹੈ ਜਾਂ ਕਿੰਨੀਆਂ ਦਾ ਇਹ ਰੇਟ ਹੈ । ਮੈਨਸ਼ਨ ਨਹੀਂ ਕੀਤਾ ਗਿਆ ਕਿ ਇਕ ਯੂਨਿਟ ਦੇ ਵਿੱਚ ਕਿੰਨੇ ਰਾਈਡ ਕਾਂਸਟਚਿਊਟ ਕੀਤੇ ਜਾਣਗੇ ਅਤੇ ਉਸ ਯੂਨਿਟ ਦਾ ਇਹ ਰੇਟ ਹੋਵੇਗਾ । ਫਿਰ ਲੋਕੇਸ਼ਨ ਦੇ ਬਾਰੇ ਕਿਸ ਤਰ੍ਹਾਂ ਫੈਸਲਾ ਕੀਤਾ ਜਾਵੇਗਾ ਕਿ ਇਹ ਲੋਕੇਸ਼ਨ ਕਿਸ ਦੇ ਲਈ ਐਪਲੀਕੇਬਲ ਹੈ, ਜਾਂ ਕੀ ਇਹ ਪੰਜਾਬ ਦੇ ਵਿਚ ਯੂਨੀਫਾਰਮ ਹੈ । ਫਿਰ ਕੀ ਵਾਪਰੇਗਾ ਕਿ ਜਦੋਂ ਸਮਾਂ ਇੱਕ ਸਾਲ ਤੋਂ ਘੱਟ ਹੋਵੇ । ਫਿਰ ਜੇਕਰ ਕੋਈ ਰਾਈਡ ਬੰਦ ਕਰਨਾ ਚਾਹਵੇ ਤਾਂ ਉਹ ਕਿਸ ਤਰ੍ਹਾਂ ਡਿਸਾਈਡ ਹੋਵੇਗਾ, ਉਸ ਦੇ ਨਾਲ ਕੀ ਵਾਪਰੇਗਾ ? ਜਿਸ ਤਰ੍ਹਾਂ ਸਿਨੇਮਾ ਹਾਲਾਂ ਦੇ ਵਿਚ ਪਰਮਿਸ਼ਨ ਹੀ ਨਹੀਂ ਮਿਲਦੀ ਕਿ ਜੇਕਰ ਤੁਸੀਂ ਬੰਦ ਵੀ ਕਰ ਲਵੋ ਤਾਂ ਵੀ ਤੁਹਾਨੂੰ ਟੈਕਸ ਲੱਗੇਗਾ ।

Original with;
Punjab Vidhan Sabha
Digitized by;
Panjab Digital Library

ਕੀ ਇਸ ਤਰ੍ਹਾਂ ਦਾ ਹਾਲ ਇਥੇ ਤਾਂ ਨਹੀਂ ਹੋਵੇਗਾ ਜੀ । ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਨਾਲ ਦੀ ਨਾਲ ਹੀ ਕੰਸੀਡਰ ਕਰਨਾ ਜ਼ਰੂਰੀ ਹੈ । ਹਾਲਾਂ ਕਿ ਇਸ ਦੇ ਕੰਸੈਪਟ ਦੇ ਨਾਲ ਮੈਂ ਕਾਫ਼ੀ ਹੱਦ ਤੱਕ ਐਗਰੀ ਕਰਦਾ ਹਾਂ ਕਿ ਇਹ easy to administer ਕਰਨਾ ਹੈ, ਇਹ ਸਾਰਾ ਕੁਝ ਠੀਕ ਹੈ ਪਰ ਨਾਲ ਹੀ ਇਸ ਐਕਟ ਦੇ ਵਿੱਚ ਕਈ ਅਜਿਹੀਆਂ ਚੀਜ਼ਾਂ ਨੂੰ ਸੈਟ ਕਰਨਾ ਜ਼ਰੂਰੀ ਹੈ । ਇਹ ਐਕਟ ਪਾਸ ਕਰਨ ਤੋਂ ਪਹਿਲਾਂ ਇਨ੍ਹਾਂ ਦੇ ਬਾਰੇ ਵਿਚਾਰ ਕਰਨਾ ਬਹੁਤ ਜ਼ਰੂਰੀ ਹੈ ਜੀ ।

**ਆਬਕਾਰੀ ਤੇ ਕਰ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ** (ਸਰਦਾਰ **ਸਰਦੂਲ ਸਿੰਘ**) : ਡਿਪਟੀ ਸਪੀਕਰ ਸਾਹਿਬ, ਐਮਿਊਜ਼ਮੈਂਟ ਪਾਰਕ ਦੇ ਵਿੱਚ ਪਹਿਲਾ ਜੋ ਐਕਟ ਸੀ, ਉਸ ਦੇ ਅਨੁਸਾਰ 60 ਹਜ਼ਾਰ ਰੁਪਿਆ ਸਾਲਾਨਾ ਲੰਪਸੰਮ ਲਿਆ ਜਾਂਦਾ ਸੀ । ਇਸ ਦੇ ਵਿਚ ਅਮੈਂਡਮੈਂਟ ਕਰਕੇ 'ਪਰ ਰਾਈਡ' ਲਫਜ਼ ਪਾਇਆ ਹੈ । ਇਹ 'ਪਰ ਰਾਈਡ' ਦਾ ਲਫ਼ਜ਼ ਰਹਿ ਗਿਆ ਸੀ ਔਰ ਇਹ ਇਸ ਦੇ ਵਿੱਚ ਐਡ ਕੀਤਾ ਗਿਆ ਹੈ ਜਿਸ ਦੇ ਮੁਤਾਬਿਕ ਹਰ ਰਾਈਡ ਦੇ ਹਿਸਾਬ ਨਾਲ ਫੀਸ ਲਈ ਜਾਵੇਗੀ । ਜੋ ਕੈਰੋਂ ਸਾਹਿਬ ਨੇ ਪਿੰਡਾਂ ਤੇ ਸ਼ਹਿਰਾਂ ਦੇ ਬਾਰੇ ਕਿਹਾ ਹੈ, ਉਸ ਦੇ ਬਾਰੇ ਅਸੀਂ ਵਿਚਾਰ ਕਰ ਲਵਾਂਗੇ ਔਰ ਰੇਟ ਟੈਕਸ ਬਾਰੇ ਵਿਚਾਰ ਹਨ, ਉਸ ਤੇ ਵਿਚਾਰ ਕਰ ਲਵਾਂਗੇ । ਇਹ ਰੈਵੇਨਿਊ ਵਧਾਉਣ ਦਾ ਅੱਛਾ ਸਾਧਨ ਹੈ । ਸੋ, ਇਹ ਸਰਕਾਰ ਨੂੰ ਪਾਸ ਕਰਨਾ ਚਾਹੀਦਾ ਹੈ ।

**Mr. Deputy Speaker :** Question is-

That the Punjab Entertainment Duty (Amendment) Bill be taken into consideration at once.

*The motion was carried.*

**Mr. Deputy Speaker :** Now the House will proceed to consider the Bill Clause by Clause.

**Sub-Clause (2) of Clause 1**

**Mr. Deputy Speaker :** Question is-

That Sub-Clause (2) of Clause 1 stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

**Clauses 2 and 3**

**Mr. Deputy Speaker :** As there is no amendment to Clauses 2 and 3, if the House agrees, these clauses be put together to the vote of the House.

(Voices : Yes, Yes)

**Mr. Deputy Speaker :** Question is-

That Clauses 2 and 3 stand part of the Bill.

*The motion was carried.*

**Schedule**

**Mr. Deputy Speaker :** Question is-

That Schedule stand part of the Bill.

*The motion was carried.*

**Sub-Clause (1) of Clause 1**

**Mr. Deputy Speaker :** Question is-

That Sub-Clause (1) of Clause 1 stand part of the Bill.

*The motion was carried.*

**Title**

**Mr. Deputy Speaker :** Question is-

That Title be the Title of the Bill.

*The motion was carried.*

**Minister for Excise and Taxation and Printing & Stationery** (Sardar Sardool Singh) : Sir, I beg to move--

That the Punjab Entertainment Duty (Amendment) Bill be passed.

**Mr. Deputy Speaker :** Motion moved-

That the Punjab Entertainment Duty (Amendment) Bill be passed.

Original with;
Punjab Vidhan Sabha
Digitized by;
Panjab Digital Library

**Mr. Deputy Speaker :** Question is-

That the Punjab Entertainment Duty (Amendment) Bill be passed.

*The motion was carried.*

---------------

## ix. THE PUNJAB INDUSTRIAL FACILITATION BILL, 2005
(Replacing Ordinance)

**Local Government, Parliamentary Affairs, Labour & Employment and Elections Minister** (Chaudhary Jagjit Singh) : Sir, I beg to introduce the Punjab Industrial Facilitation Bill.

Sir, I also beg to move-

That the Punjab Industrial Facilitation Bill be taken into consideration at once.

**Mr. Deputy Speaker :** Motion moved-

That the Punjab Industrial Facilitation Bill be taken into consideration at once.

Anybody who wish to speak ?

**ਸਰਦਾਰ ਮਨਪ੍ਰੀਤ ਸਿੰਘ ਬਾਦਲ** (ਗਿੱਦੜਬਾਹਾ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਸਭ ਤੋਂ ਪਹਿਲਾਂ ਇਹ ਕਹਿਣਾ ਚਾਹਾਂਗਾ it is a good Bill. ਇਹ ਅੱਛਾ ਬਿੱਲ ਹੈ (ਰੂਲਿੰਗ ਪਾਰਟੀ ਵਲੋਂ ਥੰਪਿੰਗ) ਜ਼ਰੂਰ ਇਹ ਨੇਕ ਇਰਾਦਿਆਂ ਨਾਲ ਲਿਆਂਦਾ ਗਿਆ ਹੈ, ਪਰ ਮੈਂ ਆਪ ਜੀ ਦੇ ਮਾਰਫ਼ਤ ਮਾਨਯੋਗ ਚੀਫ਼ ਮਨਿਸਟਰ ਸਾਹਿਬ ਨੂੰ ਕਹਾਂਗਾ ਕਿਉਂਕਿ ਇਹ ਆਪ ਇਸ ਦਾ ਰੀਜ਼ਨ ਲਿਖਦੇ ਹਨ ਕਿ ਇਹ ਕਿਉਂ ਲਿਆਉਣਾ ਪਿਆ । ਉਸ ਦੇ ਵਿਚ ਹੈ ਕਿ ਪੰਜਾਬ ਦੀ ਇੰਡਸਟ੍ਰੀਅਲ ਡਿਵੈੱਲਪਮੈਂਟ ਵਿਚ ਡੈਕਲਾਈਨ ਆ ਚੁੱਕੀ ਹੈ । ਇਹ ਆਪ ਜ਼ਿਕਰ ਕਰਦੇ ਹਨ ਕਿ ਵਰਲਡ ਬੈਂਕ ਦੀ ਰਿਪੋਰਟ ਸਾਨੂੰ ਮਿਲੀ ਹੈ, ਉਸ ਵਿਚ ਵਰਲਡ ਬੈਂਕ ਨੇ ਸੁਝਾਅ ਦਿੱਤਾ ਹੈ ਕਿ ਡਿਵੈੱਲਪਮੈਂਟ ਨੂੰ ਟਾਈਮ ਬਾਊਂਡ ਕੀਤਾ ਜਾਵੇ ਅਤੇ ਨਾਨ ਡਿਸਕ੍ਰੀਸ਼ਨਰੀ ਅਪਰੂਵਲ ਦੇ ਨਾਲ ਇਨਵੈਸਟਮੈਂਟ ਕਲੀਅਰੈਂਸਜ਼ ਦਿੱਤੀਆਂ ਜਾਣ । ਇਸ ਕਰਕੇ ਮੇਰਾ ਸੁਝਾਅ ਹੈ ਕਿ ਇਸ ਬਿਲ ਦਾ ਸੈਕਸ਼ਨ-3 ਜੋ ਹੈ ਜਿਥੇ ਡਿਸਟ੍ਰਿਕਟ ਸਿੰਗਲ ਵਿੰਡੋ ਕਲੀਅਰੈਂਸ ਕਮੇਟੀ ਇਨ੍ਹਾਂ ਨੇ ਬਣਾਈ ਹੈ ਉਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ,

Original with;
Punjab Vidhan Sabha
Digitized by;
Panjab Digital Library

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਜਿਹੜਾ ਅੱਗੇ ਸੈਕਸ਼ਨ-5 ਹੈ ਜਿਥੇ ਇੰਪਾਵਰਡ ਕਮੇਟੀ ਬਣਾਈ ਹੈ ਕਿਉਂਕਿ ਡਿਸਟ੍ਰਿਕਟ ਲੈਵਲ ਤੇ ਕਿੰਨੀਆਂ ਕੁ ਅਰਜ਼ੀਆਂ ਆਉਣੀਆਂ ਹਨ, ਜ਼ਿਆਦਾ ਅਰਜ਼ੀਆਂ ਇੰਪਾਵਰਡ ਕਮੇਟੀ ਲੈਵਲ ਤੇ ਆਉਣਗੀਆਂ । ਇੰਪਾਵਰਡ ਕਮੇਟੀ ਕੀ ਹੈ-ਚੀਫ਼ ਸੈਕ੍ਰੇਟਰੀ, ਡਿਪਾਰਟਮੈਂਟ ਆਫ਼ ਇੰਡਸਟ੍ਰੀਜ ਦਾ ਸੈਕ੍ਰੇਟਰੀ, ਫਾਈਨਾਂਸ ਦਾ ਸੈਕ੍ਰੇਟਰੀ, ਪਾਵਰ ਦਾ ਸੈਕ੍ਰੇਟਰੀ, ਸਾਇੰਸ ਐਂਡ ਟੈਕਨਾਲੋਜੀ, ਲੇਬਰ, ਫਾਰੈਸਟ, ਪਬਲਿਕ ਵਰਕਸ ਐਟਸੈਟਰਾ, ਐਟਸੈਟਰਾ-ਮਤਲਬ ਜੇ ਸਿਸਟਮ ਕੰਮ ਕਰਦਾ ਹੁੰਦਾ ਤਾਂ ਇਹ ਚੀਜ਼ ਬਣਾਉਣ ਦੀ ਲੋੜ ਹੀ ਨਹੀਂ ਸੀ । ਕਿਉਂਕਿ ਇਸ ਵਿਚ ਕੋਈ ਪੁਲੀਟੀਕਲ ਇਨਪੁੱਟ ਨਹੀਂ ਹੈ । The Chairman of Empowered Committee is going to be the Chief Secretary. ਤੇ ਇਹ ਨਵਾਂ ਬਿਲ ਲਿਆਉਣ ਦੀ ਜ਼ਰੂਰਤ ਤਾਂ ਪਈ ਕਿਉਂਕਿ the system was not working in a faster on which was required ਅਤੇ ਉਸ ਤੇਜ਼ੀ ਨਾਲ ਇਹ ਕੰਮ ਨਹੀਂ ਕਰ ਰਿਹਾ ਸੀ । ਇਸ ਕਰਕੇ ਮੇਰਾ ਆਪਣਾ ਤਜਰਬਾ ਹੈ ਕਿ ਪੰਜਾਬ ਦੀ ਇਨਵੈਸਟਮੈਂਟ ਨੂੰ ਵਧਾਉਣ ਵਾਸਤੇ It will not come from any bureaucratic input. Bureaucrats are liable to change. ਇਹ ਬਦਲ ਜਾਂਦੇ ਹਨ Investors need the comfort that we know somebody at the top, we know the Minister, we know the Chief Minister ਉਨ੍ਹਾਂ ਦੀਆਂ ਐਸੋਰੈਂਸਿਜ਼ ਬਹੁਤ ਜ਼ਰੂਰੀ ਹਨ, ਇਸ ਕਰਕੇ ਸੁਝਾਅ ਇਹ ਹੈ ਕਿ ਇਹ ਜਿਹੜੀ ਇੰਪਾਵਰਡ ਕਮੇਟੀ ਹੈ which will be dealing in a day to day basis, ਮਨਿਸਟਰ ਫਾਰ ਇੰਡਸਟਰੀ ਅਤੇ ਫਾਈਨਾਂਸ ਮਨਿਸਟਰ ਵੀ ਇਸ ਕਮੇਟੀ ਦੇ ਮੈਂਬਰ ਜ਼ਰੂਰ ਹੋਣੇ ਚਾਹੀਦੇ ਹਨ । ਕਿਉਂਕਿ ਅਦਰਵਾਈਜ਼ ਪੂਰੇ ਬਿਲ ਦੇ ਵਿਚ ਜੋ ਕਿ ਤੁਸੀਂ ਨਵਾਂ ਲੈ ਕੇ ਆ ਰਹੇ ਹੋ, ਇਸ ਦੇ ਵਿਚ ਕੋਈ ਟਾਈਮ ਫਿਕਸ ਨਹੀਂ ਹੈ, There is no time fix ਕਿ ਜੋ ਸਾਡੇ ਕੋਲ ਕੋਈ ਐਪਲੀਕੇਸ਼ਨ ਆਉਂਦੀ ਹੈ ਤਾਂ in how much time this application or this thing will be cleared. ਫ਼ਰਜ਼ ਕਰ ਲਵੋ ਇਸੇ ਤਰ੍ਹਾਂ ਇੰਪਾਵਰਡ ਕਮੇਟੀ ਵੀ ਜੋ ਛੇ ਮਹੀਨੇ ਜਾਂ ਸਾਲ ਦਾ ਸਮਾਂ ਰੱਖੀ ਰੱਖੇ । So we would welcome that the Empowered Committees can grant any amount of concession. ਮੈਂ ਤਾਂ ਕਹਿੰਦਾ ਹਾਂ ਕਿ ਸਾਰੀ ਕਨਸੈਸ਼ਨ ਕਰ ਦਿਓ, ਪੰਜਾਬ ਦੇ ਕਾਰਖਾਨਿਆਂ ਦੇ ਵਿਚੋਂ ਇੱਕ ਵਾਰ ਫਿਰ ਧੂੰਆਂ ਨਿਕਲਣਾ ਚਾਹੀਦਾ ਹੈ । ਨਵੇਂ ਕਾਰਖਾਨੇ ਪੰਜਾਬ ਦੇ ਵਿਚ ਲੱਗਣ । We would welcome that. ਕੋਈ ਕਨਸੈਸ਼ਨ ਦੇ ਦਿਓ । I do not think ਕਿ ਕੋਈ ਵੀ ਮੈਂਬਰ ਐਸਾ ਹੋਵੇਗਾ ਜਿਹੜਾ ਕਿ ਸ਼ੱਕ ਕਰੇਗਾ ਕਿ Empowered Committees will not work. But bureaucracy will not work. ਇਸ ਦੇ ਵਿਚ ਇਹ ਲਾਜ਼ਮੀ ਹੈ ਕਿ ਜਿਹੜੇ ਕੈਬਨਿਟ ਜਾਂ ਲੈਜਿਸਲੇਟਿਵ ਦੇ ਬੰਦੇ ਹਨ, ਉਹ ਐਟਲੀਸਟ ਇੰਪਾਵਰਡ ਕਮੇਟੀ ਵਿਚ ਜ਼ਰੂਰ ਹੋਣ । ਬਹੁਤ-ਬਹੁਤ ਧੰਨਵਾਦ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਅਦੇਸ਼ ਪ੍ਰਤਾਪ ਸਿੰਘ ਕੈਰੋਂ** (ਪੱਟੀ) : ਸਰ, ਮੈਂ ਥੋੜ੍ਹਾ ਜਿਹਾ ਹੋਰ ਐਡ ਕਰਨਾ ਚਾਹੁੰਦਾ ਹਾਂ । ਮੈਂ ਇਹ ਸੁਜ਼ੈਸ਼ਨ ਦਿਆਂਗਾ ਕਿ ਕਿਉਂਕਿ ਜਿਹੜੀ ਇੰਡਸਟਰੀ ਹੈ it has the time horizon running into 10 to 15 years. ਫਿਰ ਉਸ ਤੋਂ ਬਾਅਦ ਚੇਂਜ ਹੁੰਦਾ ਹੈ, ਇੰਡਸਟਰੀ ਬਦਲਦੀ ਰਹਿੰਦੀ ਹੈ ਅਤੇ ਡਾਇਨਾਮਿਕ ਸਟੇਜ ਵੀ ਹੁੰਦੀ ਹੈ । ਜਿਹੜੀਆਂ ਇਹ ਪਾਲਿਸੀਜ਼ ਹਨ, ਇਨ੍ਹਾਂ ਦੇ ਵਿਚ ਅਗਰ ਕੋਈ ਆਪੋਜ਼ੀਸ਼ਨ ਵਲੋਂ ਵੀ ਇਸ ਕਮੇਟੀ ਦੇ ਵਿਚ ਇਨਵਾਈਟ ਕੀਤਾ ਜਾਵੇ ਤਾਂ ਉਹ ਗੱਲ ਵੀ ਅੱਛੀ ਹੋਵੇਗੀ ਕਿਉਂਕਿ ਉਹ ਵੀ ਇੱਕ ਕੰਟੀਨਿਊਟੀ ਆਫ਼ ਪਾਲਿਸੀਜ਼ ਬਣ ਜਾਂਦੀਆਂ ਹਨ ।

**ਸ਼੍ਰੀ ਤਿਕਸ਼ਨ ਸੂਦ** (ਹੁਸ਼ਿਆਰਪੁਰ) : ਡਿਪਟੀ ਸਪੀਕਰ ਸਾਹਿਬ, ਜਿਹੜਾ ਇਹ ਪੰਜਾਬ ਇੰਡਸਟਰੀਅਲ ਫੈਸਲੀਟੇਸ਼ਨ ਬਿਲ, 2005 ਆਇਆ ਹੈ, ਇਸ ਤਰ੍ਹਾਂ ਦੇ ਬਿਲ ਦੀ ਲੋੜ ਸੀ । ਕਿਉਂਕਿ ਜਿਹੜੇ ਸਾਡੇ ਐਨ.ਆਰ.ਆਈਜ਼ ਹਨ, ਉਹ ਮਹਿਸੂਸ ਕਰਦੇ ਸੀ ਕਿ ਇਥੇ ਜੇ ਉਹ ਇੰਡਸਟਰੀ ਲਾਉਣ ਤਾਂ ਬਹੁਤ ਖੱਜਲ ਖੁਆਰ ਹੋਣਾ ਪੈਂਦਾ ਹੈ । ਡਿਪਟੀ ਸਪੀਕਰ ਸਾਹਿਬ, ਇਹ ਮੇਨਲੀ ਉਨ੍ਹਾਂ ਲੋਕਾਂ ਨਾਲ ਡੀਲ ਕਰਨ ਵਾਲਾ ਬਿਲ ਹੈ ਜਿਨ੍ਹਾਂ ਨੇ ਇੱਥੇ ਇੰਡਸਟਰੀ ਲਾਉਣੀ ਹੈ । ਅੱਜ ਪੰਜਾਬ ਦੀ ਜਿਹੜੀ ਐਗਜਿਸਟਿੰਗ ਇੰਡਸਟਰੀ ਹੈ, ਜੇ ਆਪਾਂ ਉਸ ਦੇ ਲਈ ਥੋੜ੍ਹਾ ਜਿਹਾ ਸੰਜੀਦਾ ਹੋਈਏ ਤਾਂ ਸਭ ਤੋਂ ਪਹਿਲਾਂ ਲੋੜ ਉਸ ਇੰਡਸਟਰੀ ਨੂੰ ਰੀਵਾਈਵ ਕਰਨ ਦੀ ਹੈ । ਸਿੱਕ ਯੂਨਿਟਸ ਨੂੰ ਮੁੜ ਕੇ ਖੜ੍ਹੇ ਕਰਨ ਦੀ ਲੋੜ ਹੈ । ਇਸ ਦੇ ਨਾਲ ਨਾਲ ਜਿੱਥੇ ਕਾਗਜ਼ੀ ਕਾਰਵਾਈ ਦੀ ਅੜਿਚਨ ਇਹ ਬਿਲ ਦੂਰ ਕਰ ਰਿਹਾ ਹੈ, ਇਸ ਦੇ ਨਾਲ ਨਾਲ ਗੌਰਮਿੰਟ ਨੂੰ ਇੱਕ ਐਸਾ ਅਟਮੋਸਫੀਅਰ ਤਿਆਰ ਕਰਨ ਦੀ ਲੋੜ ਹੈ ਜਾਂ ਹੋਰ ਫੈਸਿਲਿਟੀ ਦੇਣ ਦੀ ਲੋੜ ਹੈ ਜਿਵੇਂ ਕਿ ਫੋਕਲ ਪੁਆਇੰਟ ਬਣਾਏ ਜਾਣ, ਇਨ੍ਹਾਂ ਚੀਜ਼ਾਂ ਦੀ ਇਸ ਬਿਲ ਲਿਆਉਣ ਤੋਂ ਵੀ ਕਿਤੇ ਜ਼ਿਆਦਾ ਲੋੜ ਹੈ । ਇਸ ਬਿਲ ਦੇ ਵਿਚ ਜਿਸ ਤਰ੍ਹਾਂ ਸੁਝਾਅ ਆਏ ਹਨ ਕਿ ਪਬਲਿਕ ਰਿਪਰੈਜ਼ੈਂਟੇਟਿਵ ਦੀ ਪਾਰਟੀਸੀਪੇਸ਼ਨ ਜਾਂ ਉਨ੍ਹਾਂ ਦੀ ਮੋਨੀਟਰਿੰਗ ਜਾਂ ਉਨ੍ਹਾਂ ਦੀ ਹੈਲਪ ਹੋਵੇ, ਇਹ ਤਾਂ ਬਹੁਤ ਜ਼ਰੂਰੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਕੋਲੋਂ ਨਾਲ ਨਾਲ ਇਹ ਵੀ ਮੰਗ ਕਰਨੀ ਚਾਹਵਾਂਗਾ ਅਤੇ ਇਹ ਵੀ ਚਾਹਵਾਂਗਾ ਕਿ ਕਿਉਂਕਿ ਇਹ ਬਿਲ ਸੀ.ਐਮ. ਸਾਹਿਬ ਵਲੋਂ ਆਇਆ ਹੈ, ਉਹ ਵੀ ਐਸ਼ੋਰੈਂਸ ਦੇਣ ਕਿ ਜਿਹੜੀ ਇੰਡਸਟਰੀਲਿਸਟਾਂ ਦੀ ਤਕਰੀਬਨ 600 ਕਰੋੜ ਰੁਪਏ ਦੀ ਸਬਸਿਡੀ ਪੁਰਾਣੀ ਪਈ ਹੈ, ਇਸ ਦੇ ਬਾਰੇ ਬੜੀ ਵਾਰੀ ਘੋਸ਼ਣਾਵਾਂ ਤਾਂ ਹੋਈਆਂ ਹਨ ਪਰ ਇਹ ਹਾਲੇ ਤੱਕ ਉਨ੍ਹਾਂ ਨੂੰ ਮਿਲੀ ਨਹੀਂ ਹੈ । ਇਸੇ ਤਰ੍ਹਾਂ ਬਹੁਤ ਸਾਰੇ ਸਿੱਕ ਯੂਨਿਟਸ ਹਨ ਜਿਹੜੇ ਕਿ ਆਖਰੀ ਸਾਹਵਾਂ ਤੇ ਹਨ ਅਤੇ ਮਸ਼ੀਨਰੀ ਪਈ ਹੈ, ਉਹ

Original with;
Punjab Vidhan Sabha
Digitized by;
Punjab Digital Library

[ਸ਼੍ਰੀ ਤਿਕਸ਼ਨ ਸੂਦ]

ਮਸ਼ੀਨਰੀ ਵੀ ਕਿਸੇ ਕੰਮ ਨਹੀਂ ਆ ਰਹੀ । ਸੋ, ਜਿਸ ਤਰ੍ਹਾਂ ਇਹ ਬਿਲ ਲਿਆਂਦਾ ਹੈ, ਇਸੇ ਤਰ੍ਹਾਂ ਜਿਹੜੀਆਂ ਪੁਰਾਣੀਆਂ ਐਗਜਿਸਟਿੰਗ ਇੰਡਸਟਰੀਜ਼ ਹਨ, ਉਨ੍ਹਾਂ ਨੂੰ ਖੜ੍ਹਾ ਕਰਨ ਬਾਰੇ ਸਰਕਾਰ ਨੂੰ ਜ਼ਿਆਦਾ ਸੋਚਣ ਅਤੇ ਵਿਚਾਰ ਕਰਨ ਦੀ ਲੋੜ ਹੈ ਤਾਂ ਕਿ ਪੰਜਾਬ ਦੀ ਇੰਡਸਟਰੀ ਮੁੜ ਕੇ ਖੜ੍ਹੀ ਹੋ ਸਕੇ । ਸੋ, ਜਿੱਥੋਂ ਤੱਕ ਇਸ ਬਿਲ ਦਾ ਕਨਸਰਨ ਹੈ, ਮੈਂ ਕਹਾਂਗਾ ਕਿ ਸਾਡੀ ਪਾਰਟੀ ਵੀ ਇਸ ਨੂੰ ਸਪੋਰਟ ਕਰਦੀ ਹੈ । ਪਰ ਜ਼ਰੂਰ ਜਿਸ ਤਰ੍ਹਾਂ ਅਦੇਸ਼ ਪ੍ਰਤਾਪ ਜੀ.ਨੇ ਅਤੇ ਮਨਪ੍ਰੀਤ ਬਾਦਲ ਜੀ ਨੇ ਆਖਿਆ ਹੈ, ਮੈਂ ਵੀ ਉਨ੍ਹਾਂ ਨਾਲ ਸਹਿਮਤ ਹਾਂ ਕਿ ਇੰਨੀ ਵੱਡੀ ਗਿਣਤੀ ਦੇ ਵਿਚ ਇਹ ਜਿਹੜੇ ਪ੍ਰਿੰਸੀਪਲ ਸੈਕਟਰੀਜ਼ ਜਾਂ ਬਿਊਰੋਕਰੇਟਸ ਹਨ, ਇਹ ਕਦੇ ਵੀ ਇਕੱਠੇ ਨਹੀਂ ਬੈਠਣਗੇ । ਥੱਲਿਓਂ ਜਿਹੜੀ ਡਿਸਟ੍ਰਿਕਟ ਕਮੇਟੀ ਦੀ ਰਿਕੂਮੈਂਡੇਸ਼ਨ ਇੰਪਾਵਰਡ ਕਮੇਟੀ ਕੋਲ ਜਾਵੇਗੀ, ਉਹ ਕਦੇ ਛੇਤੀ ਲੰਘਣ ਵਾਲੀ ਨਹੀਂ ਹੋਵੇਗੀ । ਸੋ, ਬਰਾਬਰ ਦੀ ਅੜਿਚਨ ਜਿਸ ਤਰ੍ਹਾਂ ਕਿ ਅਸੀਂ ਸੌਲਵ ਕਰਨੀ ਚਾਹੁੰਦੇ ਹਾਂ, ਸ਼ਾਇਦ ਇਸ ਦੇ ਨਾਲ ਉਹ ਪਰਪਜ਼ ਸੌਲਵ ਨਾ ਹੋਵੇ । ਇਸ ਸਬੰਧੀ ਜ਼ਰੂਰ ਵਿਚਾਰ ਕਰਨਾ ਚਾਹੀਦਾ ਹੈ ।

**ਸਰਦਾਰ ਬੀਰ ਦਵਿੰਦਰ ਸਿੰਘ** (ਖਰੜ) : ਡਿਪਟੀ ਸਪੀਕਰ ਸਾਹਿਬ, ਜੋ ਕੁਝ ਆਨਰੇਬਲ ਮੈਂਬਰਜ਼ ਵਲੋਂ ਇਸ ਤੇ ਤੌਖਲਾ ਪ੍ਰਗਟ ਕੀਤਾ ਗਿਆ ਹੈ, ਮੈਂ ਵੀ ਇਨ੍ਹਾਂ ਦੇ ਨਾਲ ਸਹਿਮਤ ਹਾਂ । ਕਿਉਂਕਿ ਜਿਸ ਤਰ੍ਹਾਂ ਦੀ ਕੰਪੋਜ਼ੀਸ਼ਨ ਹੈ, ਕਮੇਟੀ ਦੀ, ਮੈਂ ਸਮਝਦਾ ਹਾਂ ਕਿ ਕੋਈ ਬਹੁਤ ਇਸ ਦਾ ਯੂਜਫੁੱਲ ਪਰਪਜ਼ ਸੌਲਵ ਨਹੀਂ ਹੋਵੇਗਾ, ਕਿਉਂਕਿ ਅਸੀਂ ਮਹਿਸੂਸ ਕਰਦੇ ਹਾਂ ਕਿ ਅੱਜ ਸਾਨੂੰ ਬਹੁਤ ਵੱਡਾ ਨੁਕਸਾਨ ਇਨਪੁੱਟਸ ਇੰਡਸਟਰੀ ਵਲੋਂ ਅਤੇ ਇਨਵੈਸਟਰਜ਼ ਵਲੋਂ ਮਿਲ ਰਿਹਾ ਹੈ । ਪੰਜਾਬ ਵਿਚ ਬਿਊਰੋਕਰੇਸੀ ਵਲੋਂ ਜਿਹੜਾ ਰਵੱਈਆਂ ਅਖਤਿਆਰ ਕੀਤਾ ਹੋਇਆ ਹੈ, ਉਹ ਪੰਜਾਬ ਲਈ ਠੀਕ ਨਹੀਂ ਹੈ। ਅਫ਼ਸਰਸ਼ਾਹੀ ਵਲੋਂ ਇਫਸ ਐਂਡ ਬੱਟਸ ਨਾਲ ਇਨਆਰਡੀਨਰੀ ਡੀਲੇਅ ਹੁੰਦੀ ਹੈ । ਇਨ੍ਹਾਂ ਅਫਸਰਾਂ ਵੱਲੋਂ ਮਿਲਣ ਅਤੇ ਗੱਲਬਾਤ ਲਈ ਟਾਈਮ ਨਾ ਦੇਣਾ, ਇਹ ਵੀ ਬੜੀ ਮੁਸ਼ਕਲ ਦਾ ਕਾਰਣ ਹੈ । ਮੈਂ ਸਮਝਦਾ ਹਾਂ ਕਿ ਸਾਡੀ ਅਫ਼ਸਰਸ਼ਾਹੀ ਦਾ ਰੱਵਈਆ ਪੰਜਾਬ ਪ੍ਰਤੀ ਦੋਸਤਾਨਾ ਨਹੀਂ ਹੈ । ਇਹੀ ਕਾਰਨ ਹੈ ਕਿ ਚੰਡੀਗੜ੍ਹ ਦੇ ਵਿਚ ਟੈਕਨਾਲੋਜੀ ਪਾਰਕ ਬਣ ਗਿਆ ਜਦਕਿ ਸਾਡੇ ਮੁਹਾਲੀ ਵਿਚ ਟੈਕਨਾਲੋਜੀ ਪਾਰਕ ਬਣਨਾ ਸੀ । ਜਿਹੜੇ ਲੋਕ ਉਥੇ ਕੰਮ ਕਰ ਰਹੇ ਸਨ, ਜਿਵੇਂ ਇਨਫੋਸਿਸ ਹੈ, ਉਹ ਪੰਜਾਬ ਨੂੰ ਛੱਡ ਕੇ ਚੰਡੀਗੜ੍ਹ ਵਿਚ ਚਲੇ ਗਏ ਹਨ ਜਿਸ ਦੇ ਨਾਲ ਪੰਜਾਬ ਦੇ ਲੋਕਾਂ ਦਾ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਹੈ । ਪੰਜਾਬ ਦੇ ਹਿੱਤਾਂ ਨੂੰ ਪੰਜਾਬ ਦੀ ਅਫ਼ਸਰਸ਼ਾਹੀ ਦੇ ਰਹਿਮੋ ਕਰਮ ਤੇ ਛੱਡ ਦੇਣਾ, ਇਹ ਬਿਲਕੁਲ ਠੀਕ ਨਹੀਂ ਹੋਵੇਗਾ ।

Original with;
Punjab Vidhan Sabha
Digitized by;
Panjab Digital Library

ਇਨ੍ਹਾਂ ਕੋਲੋਂ ਪੰਜਾਬ ਨੂੰ ਕੋਈ ਮਦਦ ਨਹੀਂ ਮਿਲ ਰਹੀ ਹੈ ਮੇਰਾ ਸੁਝਾਅ ਹੈ ਕਿ ਇੰਡਸਟਰੀ ਦੀ ਡਿਵੈਲਪਮੈਂਟ ਲਈ ਚੀਫ ਮਨਿਸਟਰ ਸਾਹਿਬ ਦੀ ਲੀਡਰਸ਼ਿਪ ਵਿਚ, ਮਨਿਸਟਰਜ਼ ਅਤੇ ਐਮ.ਐਲ.ਏਜ਼ ਅਤੇ ਅਫਸਰਾਂ ਦੀ ਇੰਪਾਵਰਡ ਕਮੇਟੀ ਬਣਾਈ ਜਾਵੇ । Bureaucrats are behaving as a spanner in the wheels of growth of development.

ਉਨ੍ਹਾਂ ਦਾ ਐਟੀਚਿਊਡ ਪੰਜਾਬ ਦੇ ਲੋਕਾਂ ਨਾਲ ਠੀਕ ਨਹੀਂ ਹੈ । ਇਨ੍ਹਾਂ ਉਤੇ ਚੈਕ ਐਂਡ ਬੈਲੰਸਡ ਸਿਸਟਮ ਨਾਲ ਕੰਮ ਕਰਨਾ ਚਾਹੀਦਾ ਹੈ ਅਤੇ ਹਰ ਗੱਲ ਦਾ ਫੈਸਲਾ ਚੀਫ ਮਨਿਸਟਰ ਸਾਹਿਬ ਦੀ ਲੀਡਰਸ਼ਿਪ ਵਿਚ ਕਰਨਾ ਚਾਹੀਦਾ ਹੈ । ਪੰਜਾਬ ਦਾ ਨੁਕਸਾਨ ਕਿਥੇ ਹੋ ਰਿਹਾ ਹੈ, ਇਸ ਨੂੰ ਵੀ ਵੇਖਣਾ ਚਾਹੀਦਾ ਹੈ ਅਤੇ ਸਾਰੇ ਕੰਮ ਨੂੰ ਵਿਊਂਤਬੰਦੀ ਨਾਲ ਲਾਗੂ ਕਰਨਾ ਚਾਹੀਦਾ ਹੈ । ਜਿਸ ਤਰ੍ਹਾਂ ਸਾਡੇ ਮੁਹਾਲੀ ਦਾ ਆਈ.ਟੀ.ਪਾਰਕ ਹੈ, ਐਲਟੋਪ ਹੈ । ਮੈਂ, ਹਾਊਸ ਦੇ ਨੋਟਿਸ ਵਿਚ ਲਿਆ ਰਿਹਾ ਹਾਂ ਕਿ ਗੌਰਮਿੰਟ ਆਫ ਇੰਡੀਆ ਦੀ ਇਕ ਏਜੰਸੀ ਹੈ ਜਿਹੜੇ ਆਈ.ਟੀ. ਸੈਕਟਰ ਵਿਚ ਮਾਨੀਟਰਿੰਗ ਕਰ ਰਹੇ ਹਨ ਉਨ੍ਹਾਂ ਦਾ ਹੈਡਕੁਆਟਰ ਤਾਂ ਮੁਹਾਲੀ ਹੈ ਪਰ ਸਾਡੀਆਂ ਆਈ.ਟੀ. ਸੈਕਟਰ ਦੀਆਂ ਜਿੰਨੀਆਂ ਏਜੰਸੀਆਂ ਕੰਮ ਕਰਨ ਵਾਲੀਆਂ ਹਨ ਉਹ ਸਾਰੀਆਂ ਚੰਡੀਗੜ੍ਹ ਬੈਠੀਆਂ ਹਨ । ਉਨ੍ਹਾਂ ਨੂੰ ਇਹ ਨਹੀਂ ਪਤਾ ਹੈ ਕਿ ਸਾਡੇ ਪਲਾਟ ਕਿਥੇ ਹਨ, ਉਥੇ ਸੜਕਾਂ ਦਾ ਕੀ ਹਾਲ ਹੈ । ਲਾਈਟਿੰਗ ਦਾ ਕੀ ਹਾਲ ਹੈ । ਉਥੇ ਇਨਫਰਾਸਟ੍ਰਕਚਰਜ਼ ਕੀ ਚਾਹੀਦਾ ਹੈ, ਉਥੇ ਕੀ ਪ੍ਰਾਬਲਮਜ਼ ਹਨ । ਉਥੇ ਜਾ ਕੇ ਕੋਈ ਅਫਸਰ ਦੇਖਦਾ ਹੀ ਨਹੀਂ ਹੈ । ਇਹ ਅਫ਼ਸਰਸ਼ਾਹੀ ਚੰਡੀਗੜ੍ਹ ਵਿਚ ਬੈਠੀ ਹੋਈ ਹੈ, ਮੁਹਾਲੀ ਕੋਈ ਜਾਂਦਾ ਨਹੀਂ ਹੈ । ਜਿਹੜੀ ਇੰਕੂਬੇਸ਼ਨ ਦੀ ਫੈਸਿਲਿਟੀ ਹੈ, ਮੈਨੂੰ ਖੁਦ ਆਈ.ਟੀ. ਸੈਕਟਰ ਦੇ ਇਨਵੈਸਟਰ ਨੇ ਕਿਹਾ ਹੈ ਕਿ ਪੰਜਾਬ ਨਾਲੋਂ ਸਾਨੂੰ ਚੰਡੀਗੜ੍ਹ ਦੇ ਅਫਸਰਾਂ ਨਾਲ ਘੱਟ ਪ੍ਰਾਬਲਮਜ਼ ਹਨ । ਪੰਜਾਬ ਵਿਚ ਜਿਹੜੀ ਬਿਊਰੋਕਰੇਸੀ ਹੈ, ਉਹ ਸਾਨੂੰ ਡੀਮਾਰੇਲਾਈਜ਼ ਕਰ ਰਹੀ ਹੈ । ਉਹ ਕਹਿੰਦੇ ਹਨ ਕਿ ਤੁਸੀਂ ਪੰਜਾਬ ਦੀ ਬਜਾਏ ਹਰਿਆਣੇ ਵਿਚ ਇੰਡਸਟਰੀ ਲਗਾਓ ਜਾਂ ਬੱਦੀ (ਹਿਮਾਚਲ ਪ੍ਰਦੇਸ਼) ਵਿਚ ਲਗਾਓ । ਪੰਜਾਬ ਵਿਚ ਇੰਡਸਟਰੀ ਸੈਟ ਨਾ ਕਰੋ ਬਜਾਏ ਇੰਡਸਟਰੀ ਨੂੰ ਪਰਮੋਟ ਕਰਨ ਦੇ ਉਹ ਡੀਮਾਰੇਲਾਈਜ਼ ਕਰ ਰਹੇ ਹਨ। ਸਾਡੇ ਚੀਫ ਮਨਿਸਟਰ ਸਾਹਿਬ ਨੇ ਕਾਫੀ ਹਿੰਮਤ ਕੀਤੀ ਹੈ ਇਨ੍ਹਾਂ ਨੇ ਕਾਫੀ ਆਈ.ਟੀ. ਸੈਕਟਰ ਦੀਆਂ ਕੰਪਨੀਆਂ ਨਾਲ ਗੱਲਬਾਤ ਕੀਤੀ ਹੈ ਅਤੇ ਉਹ ਆਉਣ ਲਈ ਤਿਆਰ ਵੀ ਹੋ ਗਈਆਂ ਹਨ । ਇਨਫੋਸਿਸ ਕੰਪਨੀ ਪੰਜਾਬ ਨੂੰ ਛੱਡ ਕੇ ਚੰਡੀਗੜ੍ਹ ਵਿਚ ਚਲੀ ਗਈ ਹੈ । ਚੰਡੀਗੜ੍ਹ ਵਿਚ ਉਨ੍ਹਾਂ ਨੇ ਪੰਜਾਬ ਇੰਜੀਨੀਅਰਿੰਗ ਕਾਲਜ ਦੇ ਵਿਚ ਸੈਂਟਰ ਬਣਾ ਦਿੱਤਾ । ਹੁਣ ਚੀਫ ਮਨਿਸਟਰ ਸਾਹਿਬ ਨੇ ਮਹਾਲੀ ਵਾਸਤੇ 200 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ । We have

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰ ਦਵਿੰਦਰ ਸਿੰਘ]

no incubation facility in Mohali. ਸਾਡੇ ਕੋਲ ਇਹ ਕੰਪਨੀਜ਼ ਕਿਉਂ ਨਹੀਂ ਆ ਰਹੀਆਂ । ਪਿਛਲੇ 10 ਸਾਲਾਂ ਦੇ ਵਿਚ ਕਿਉਂ ਨਹੀਂ, ਪੰਜਾਬ ਵਿਚ ਐਸਾ ਇਨਫਰਾਸਟ੍ਰਕਚਰ ਕਰੀਏਟ ਕੀਤਾ ਗਿਆ । ਇਹ ਸਾਰਾ ਕੁਝ ਬਿਊਰੋਕਰੇਸੀ ਦੇ ਰਹਿਮੋਕਰਮ ਤੇ ਛੱਡ ਦਿੱਤਾ ਗਿਆ ਹੈ । ਇਸ ਇੰਪਾਵਰਡ ਕਮੇਟੀ ਦੀ ਕੰਪੋਜੀਸ਼ਨ ਨੂੰ ਚੇਂਜ਼ ਕਰਨ ਦੀ ਲੋੜ ਹੈ । ਚੀਫ ਮਨਿਸਟਰ ਸਾਹਿਬ ਦੀ ਲੀਡਰਸ਼ਿਪ ਵਿਚ ਅਤੇ ਕੁਝ ਮਨਿਸਟਰ ਸਾਹਿਬਾਨ ਅਤੇ ਐਮ.ਐਲ.ਏਜ਼ ਪਾ ਕੇ ਇਸ ਦੀ ਕੰਪੋਜ਼ੀਸ਼ਨ ਨੂੰ ਬਣਾਇਆ ਜਾਵੇ ਤਾਂਕਿ ਪੰਜਾਬ ਦੇ ਇੰਟਰੈਸਟ ਨੂੰ ਵਾਚ ਕੀਤਾ ਜਾ ਸਕੇ ਅਤੇ ਪੰਜਾਬ ਦੇ ਇੰਟਰੈਸਟ ਨੂੰ ਵੇਖਦੇ ਹੋਏ, ਪੰਜਾਬ ਦੀ ਇੰਡਸਟਰੀ ਵਿਚ ਸੁਧਾਰ ਲਿਆਂਦਾ ਜਾ ਸਕੇ । I am afraid nothing will happen. Nothing happens here and nothing shall happen.

**ਸੰਸਦੀ ਸਕੱਤਰ, ਸਥਾਨਕ ਸਰਕਾਰ ਅਤੇ ਸੁਤੰਤਰਤਾ ਸੰਗਰਾਮੀ** (ਸ਼੍ਰੀ ਅਸ਼ਵਨੀ ਸੇਖੜੀ) : ਡਿਪਟੀ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਇਸ ਬਿਲ ਦਾ ਵੈਲਕਮ ਕਰਦਾ ਹਾਂ ਕਿ ਮੰਤਰੀ ਜੀ ਨੇ ਬਹੁਤ ਹੀ ਅੱਛਾ, ਇੰਡਸਟਰੀ ਦੀਆਂ ਅੱਜ ਦੀਆਂ ਨੀਡਜ਼ ਦੇ ਮੁਤਾਬਿਕ ਬਿਲ ਲਿਆਂਦਾ ਹੈ । ਇਸ ਦੇ ਵਿਚ ਮੈਂ ਇਕ ਛੋਟੀ ਜਿਹੀ ਸੁਜੈਸ਼ਨ ਦੇਣੀ ਚਾਹੁੰਦਾ ਹਾਂ ਕਿ ਅੱਜ ਦੀ ਪੰਜਾਬ ਦੀ ਸਮਾਲ ਸਕੇਲ ਇੰਡਸਟਰੀ ਤੇ ਮੀਡੀਅਮ ਸਕੇਲ ਇੰਡਸਟਰੀ ਦੀ ਬਹੁਤ ਵੱਡੀ ਪ੍ਰਾਬਲਮ ਹੈ ਕਿ in the present scenario ਵਿਚ ਕਿਸ ਤਰ੍ਹਾਂ ਸਰਵਾਈਵ ਕੀਤਾ ਜਾਵੇ । ਕਿਉਂਕਿ ਬਹੁਤ ਸਾਰੀਆਂ ਨੇਬਰਿੰਗ ਸਟੇਟਸ ਵਿਚ ਟੈਕਸ ਬੈਨੀਫਿਟ ਮਿਲੇ ਹੋਏ ਹਨ । ਇਸ ਬਿਲ ਦੇ ਵਿਚ ਡਿਸਟ੍ਰਿਕਟ ਲੈਵਲ ਕੋਆਰਡੀਨੇਸ਼ਨ ਕਮੇਟੀ ਦੇ ਸਬ-ਸੈਕਸ਼ਨ 6 ਵਿਚ ਜੋ ਕੰਮ ਦੱਸੇ ਗਏ ਹਨ, ਉਨ੍ਹਾਂ ਵਿਚ ਇਕ ਕੰਮ ਹੋਰ ਇਨਕਲੂਡ ਕਰਨਾ ਚਾਹੀਦਾ ਹੈ । ਜਿਹੜੀ ਜ਼ਿਲ੍ਹਾ ਲੈਵਲ ਦੀ ਐਗਜਿਸਟਿੰਗ ਇੰਡਸਟਰੀ ਹੈ, ਉਨ੍ਹਾਂ ਨੂੰ ਕਈ ਕਿਸਮ ਦੀਆਂ ਮਾਡਰਨਾਈਜ਼ੇਸ਼ਨ ਵਿਚ ਜੋ ਪ੍ਰਾਬਲਮਜ਼ ਆ ਰਹੀਆਂ ਹਨ, ਸਿੱਕਨੈਸ ਨੂੰ ਘਟਾਉਣ ਲਈ, ਵਰਕਰਾਂ ਦੀ ਬੇਹਤਰੀ ਲਈ ਜੋ ਕੰਮ ਉਨ੍ਹਾਂ ਨੇ ਕਰਨੇ ਹਨ, ਉਹ ਕੰਮ ਵੀ ਇਸ ਵਿਚ ਇਨਕਲੂਡ ਕਰਕੇ ਇਸ ਕਮੇਟੀ ਤੋਂ ਉਹ ਬੈਨੀਫਿਟ ਲੈਣ । Thank you.

**ਮੁੱਖ ਮੰਤਰੀ** (ਕੈਪਟਨ ਅਮਰਿੰਦਰ ਸਿੰਘ) : ਡਿਪਟੀ ਸਪੀਕਰ ਸਾਹਿਬ, ਕਈ ਸੁਜੈਸ਼ਨ ਆਏ ਹਨ। ਵੈਸੇ ਇਸ ਬਿਲ ਨੂੰ ਲਿਆਉਣ ਦਾ ਕੀ ਕਾਰਨ ਹੈ, ਉਹ ਵੀ ਮੇਰਾ ਖਿਆਲ ਹੈ ਕਿ ਸਾਰੇ ਮੈਂਬਰ ਸਾਹਿਬਾਨ ਨੂੰ ਪਤਾ ਹੈ ਕਿ ਅਸੀਂ ਇੰਡਸਟਰੀ ਨੂੰ ਕੁਝ ਇਮਪੈਟਸ ਦੇਣਾ ਚਾਹੁੰਦੇ ਸੀ ਜਿਹੜੀ ਕਈ ਸਾਲਾਂ ਤੋਂ ਸਟੈਗਨੇਟ ਹੋਈ ਹੈ । ਅਸੀਂ ਚਾਹੁੰਦੇ ਹਾਂ ਕਿ ਪੰਜਾਬ ਦਾ ਇੰਡਸਟਰੀਅਲ ਬੇਸ ਮਜ਼ਬੂਤ ਹੋਵੇ ਤੇ ਵਧੇ । ਇਸ ਵਾਸਤੇ

Original with;
Punjab Vidhan Sabha
Digitized by;
Panjab Digital Library

ਜੋ ਵੀ ਕਾਨੂੰਨ ਲਿਆਉਣ ਦੀ, ਚੇਜਿੰਜ਼ ਕਰਨ ਦੀ ਜਾਂ ਕੁਝ ਇੰਪਲੀਮੈਂਟ ਕਰਨ ਦੀ ਲੋੜ ਸੀ, ਅਸੀਂ ਕਰਨਾ ਚਾਹੁੰਦੇ ਸੀ । ਜਿਸ ਦਾ ਇਕ ਮੈਗਨੇਟ ਹੋਵੇ ਇੰਡਸਟਰੀ ਜਿਹੜੀ ਬਾਹਰਲੇ ਪਾਸੇ ਵਸੀ ਹੋਈ ਹੈ, ਉਸਨੂੰ ਵੀ ਡਰਾਅ ਕਰੇ । ਜਿਸ ਤਰ੍ਹਾਂ ਤੁਸੀਂ ਸੁਣਿਆ ਹੋਣਾ ਹੈ ਅੱਜ ਦੀ ਡਿਬੇਟ ਵਿਚ ਸੀ ਕਿ ਸਾਡੀਆਂ ਨੇਬਰਿੰਗ ਸਟੇਟਸ ਵਿਚ ਬੜੀਆਂ ਫੈਸਿਲਿਟੀਜ਼ ਦਿੱਤੀਆਂ ਜਾ ਰਹੀਆਂ ਹਨ । 10 ਸਾਲ ਲਈ ਕੋਈ ਟੈਕਸ, ਐਕਸਾਈਜ਼ ਡਿਊਟੀ ਨਹੀਂ ਦੇਣੀ ਵਗੈਰਾ ਅਤੇ ਹੋਰ ਕਈ ਤਰ੍ਹਾਂ ਦੀਆਂ ਫੈਸਿਲਿਟੀਜ਼ ਦਿੱਤੀਆਂ ਗਈਆਂ ਹਨ । ਜੰਮੂ ਅਤੇ ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਉਤਰਾਂਚਲ ਵਿਚ ਇਹ ਫੈਸਿਲਿਟੀਜ਼ ਦਿੱਤੀਆਂ ਗਈਆਂ ਸਨ ਤੇ ਸਾਡੀ ਇੰਡਸਟਰੀ ਵੀ ਉਧਰ ਨੂੰ ਖਿੱਚੀ ਜਾ ਰਹੀ ਸੀ । ਸਾਨੂੰ ਇਕ ਮਾਡਰਨ ਤਰਜ਼ ਤੇ ਐਕਟ ਲਿਆਉਣ ਦੀ ਲੋੜ ਮਹਿਸੂਸ ਹੋਈ । ਵੈਸੇ ਇਨ੍ਹਾਂ ਸਟੇਟਸ ਦੀਆਂ ਇਹ ਫੈਸਿਲਿਟੀਜ਼, ਮੈਨੂੰ ਪਤਾ ਹੈ, ਸਨ-ਸੈਟ ਕਲਾਜ਼ ਦੇ ਅੰਡਰ 2007 ਵਿਚ ਸਮਾਪਤ ਹੋ ਜਾਣੀਆਂ ਹਨ । ਫੇਰ ਵੀ ਜ਼ਰੂਰਤ ਮਹਿਸੂਸ ਹੋਈ ਕਿ ਅਸੀਂ ਵੀ ਇੰਡਸਟਰੀ ਵਾਸਤੇ ਕੁਝ ਕੰਡੀਸ਼ਨਜ਼ ਕਰੀਏਟ ਕਰੀਏ ਜਿਹੜੀਆਂ ਐਟਰੈਕਟਿਵ ਹੋਣ ।

ਇਥੇ ਆਈ.ਟੀ.ਦੀ ਗੱਲ ਚਲੀ ਸੀ । ਮੈਂ ਆਪ ਗਿਆ ਸੀ, ਅਸੀਂ ਬੰਗਲੌਰ ਵੀ ਗਏ ਤੇ ਹੈਦਰਾਬਾਦ ਵੀ ਗਏ । ਅਸੀਂ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਕਿ ਸਾਡੀ ਸਟੇਟ ਦੇ ਜਿਹੜੇ ਹਾਲਾਤ ਹਨ, ਇਨਫਰਾਸਟ੍ਰਕਚਰ ਹੈ, ਸਾਊਥ ਦੇ ਕੰਪੈਰੇਜ਼ਨ ਵਿਚ ਬਹੁਤ ਅੱਛੇ ਹਨ । ਮੈਂ, ਬੰਗਲੌਰ ਇਕ ਹੋਟਲ ਵਿਚ ਸੀ । ਸਾਨੂੰ ਇਥੋਂ ਮੁਹਾਲੀ ਜਾਣ ਲਈ ਜਿੰਨਾ ਸਮਾਂ ਲਗਦਾ ਹੈ, 15 ਕੁ ਮਿੰਟ ਲਗਦੇ ਹਨ, ਉਥੇ ਏਨੇ ਡਿਸਟੈਂਸ ਵਿਚ ਦੋ ਢਾਈ ਘੰਟੇ ਵਿਚ ਪਹੁੰਚਦੇ ਸੀ । ਉਨ੍ਹਾਂ ਦਾ ਇਨਫਰਾਸਟ੍ਰਕਚਰ ਬਰੇਕ ਡਾਊਨ ਹੋ ਗਿਆ ਹੈ । ਹੁਣੇ ਜਿਵੇਂ ਸਰਦਾਰ ਬੀਰ ਦਵਿੰਦਰ ਸਿੰਘ ਗੱਲ ਕਰ ਰਹੇ ਸੀ, ਮੈਂ, ਐਲਾਨ ਕੀਤਾ ਸੀ ਕਿ ਆਈ.ਟੀ.ਨੂੰ ਪ੍ਰਫੁੱਲਤ ਕਰਨ ਲਈ ਇਨਫਰਾਸਟ੍ਰਕਚਰ ਡਿਵੈਲਪਮੈਂਟ ਲਈ 200 ਕਰੋੜ ਰੁਪਿਆ ਦੇਵਾਂਗੇ ਤਾਂਕਿ ਸਾਡੀ ਇਨਫਰਾਸਟ੍ਰਕਚਰ ਡਿਮਾਂਡ ਨਾਲੋਂ ਅੱਗੇ ਹੋਵੇ, ਸਹੀ ਹੋਵੇ, ਅਸੀਂ ਨਹੀਂ ਚਾਹੁੰਦੇ ਕਿ ਸਾਡੀ ਇਨਫਰਾਸਟ੍ਰਕਚਰ ਵੀ ਸਾਊਥ ਵਾਂਗ ਕੋਲੈਪਸ ਕਰ ਜਾਵੇ । ਅੱਜ ਇਕ ਗੱਲ ਹੋਰ ਵੀ ਆਈ ਹੈ ਕਿ ਕੋਈ ਆਈ.ਟੀ. ਕੰਪਨੀ ਪੰਜਾਬ ਵਿਚ ਨਹੀਂ ਆ ਰਹੀ, ਇਹ ਗੱਲ ਸਹੀ ਨਹੀਂ ਹੈ । ਮੈਂ ਆਪ ਇੰਟਰ-ਐਕਸ਼ਨ ਕੀਤਾ ਹੈ । ਫੈਕਟ ਇਹ ਹੈ ਕਿ ਯੂ.ਟੀ. ਵਿਚ ਆਈ.ਟੀ. ਇੰਡਸਟਰੀ ਸਾਡੇ ਤੋਂ ਪਹਿਲਾਂ ਆਈ ਹੋਈ ਸੀ, ਵਿਪਰੋ, ਇਨਫੋਸਿਸ ਆਏ ਹੋਏ ਸੀ। ਉਨ੍ਹਾਂ ਨੂੰ ਜਦੋਂ ਅਸੀਂ ਮਿਲੇ ਤਾਂ ਉਨ੍ਹਾਂ ਨੇ ਕਿਹਾ ਕਿ ਅਸੀਂ ਪਹਿਲਾਂ ਇੰਪਲੀਮੈਂਟੇਸ਼ਨ ਚੰਡੀਗੜ੍ਹ ਵਿਚ ਕਰ ਲਈ ਹੈ । ਤੁਸੀਂ ਜ਼ਮੀਨ ਦੇ ਦਿਉ, ਸੈਕਿੰਡ ਸਟੇਜ ਵਿਚ ਮੁਹਾਲੀ ਆ ਜਾਵਾਂਗੇ । ਯੂ.ਟੀ. ਵਿਚ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਆਈ.ਟੀ. ਇੰਡਸਟਰੀ ਪੰਜਾਬ ਨਾਲੋਂ ਪਹਿਲਾਂ ਸ਼ੁਰੂ ਹੋ ਗਈ ਸੀ । ਅਸੀਂ 2002 ਵਿਚ ਆ ਕੇ ਸ਼ੁਰੂ ਕੀਤੀ ਤੇ ਅੱਜ ਪੰਜਾਬ ਵਿਚ ਇੰਪਲੀਮੈਂਟਸ਼ਨ ਅੱਛੀ ਹੋ ਰਹੀ ਹੈ ।

| *1.54 ਵਜੇ ਬਾਅਦ ਦੁਪਹਿਰ | (ਇਸ *ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।) |
|---|---|

ਅਸੀਂ 2 ਮਿਲੀਅਨ ਸੁਕੇਅਰ ਫੀਟ ਜਗ੍ਹਾ ਆਈ.ਟੀ.ਵਾਸਤੇ ਰੱਖੀ ਹੈ । ਹੁਣ ਕਈ ਕੰਪਨੀਜ਼ ਆਈਆਂ ਹਨ, ਮੇਰੇ ਪਾਸ ਇਸ ਸਮੇਂ ਲਿਸਟ ਨਹੀਂ ਹੈ, ਡੈਲ ਆਈ ਹੈ, ਕੁਆਰਕ ਤਾਂ ਪਾਰਕ ਡਿਵੈਲਪ ਕਰ ਰਹੀ ਹੈ, ਜਿਸ ਦੇ ਵਿਚ ਆਈ.ਟੀ.ਤੋਂ ਇਲਾਵਾ ਹੋਰ ਚੀਜ਼ਾਂ ਵੀ ਹੋਣਗੀਆਂ ਲੇਕਿਨ It is going to be the main hub. ਅਕਰੌਸ ਦੀ ਹਾਊਸ ਬਾਕੀ ਤਾਂ ਇਸ ਬਿਲ ਦੀ ਸਾਰੀ ਸ਼ਲਾਘਾ ਹੋਈ ਹੈ, ਇਕ ਸੁਜੈਸ਼ਨ ਆਈ ਸੀ ਮਨਪ੍ਰੀਤ ਸਿੰਘ ਬਾਦਲ ਜੀ ਦੀ ਕਿ Empowered Committee should be headed by somebody else than the Chief Secretary. ਮੈਂ ਇਸ ਦੇ ਨਾਲ ਸਹਿਮਤ ਹਾਂ । I think we should make it that the Industries Minister of Punjab ਇਸ ਨੂੰ ਹੈੱਡ ਕਰੇ । ਮੈਂ ਸਮਝਦਾ ਹਾਂ ਕਿ ਜਦੋਂ ਇਹ ਬਿਲ ਪਾਸ ਕੀਤਾ ਜਾਵੇਗਾ ਤਾਂ ਇਸ ਚੀਜ਼ ਨੂੰ ਵੀ ਇਸ ਵਿਚ ਇਨਕਾਰਪੋਰੇਟ ਕਰ ਲਿਆ ਜਾਵੇਗਾ ।

ਇਸ ਐਕਟ ਨਾਲ ਬੜੀਆਂ ਫੈਸਿਲਟੀਜ਼ ਹੋਣੀਆਂ ਹਨ । Industry will once again look at Punjab. ਸਾਡਾ ਜਿਹੜਾ ਪ੍ਰਾਇਮਰੀ ਸੈਕਟਰ ਐਗਰੀਕਲਚਰ ਹੈ, ਉਹ ਸਟੈਗਨੇਟ ਹੋ ਗਿਆ ਹੋਇਆ ਹੈ । ਉਸ ਦੀ ਗਰੋਥ ਨਹੀਂ ਹੋ ਰਹੀ ਹੈ। ਇਸ ਦੀ ਗਰੋਥ ਸਿਰਫ 3-4% ਹੀ ਹੈ ਜਦ ਕਿ ਸੈਕੰਡਰੀ ਸੈਕਟਰ ਦੀ ਗਰੋਥ 8% ਹੈ ਅਤੇ ਸਰਵਿਸਜ਼ ਸੈਕਟਰ ਦੀ 30-40% ਹੈ । ਇੰਡਸਟਰੀ ਨੂੰ ਅਸੀਂ ਫਾਸਟ ਮੂਵ ਕਰਨਾ ਹੈ ਅਤੇ ਉਸ ਦੇ ਨਾਲ ਜਾਬਜ਼ ਕਰੀਏਟ ਕਰਨੀਆਂ ਹਨ । We have to have an economic pace so that your own taxation structure, your revenue can grow. ਇਸ ਸੈਕਟਰ ਨੂੰ ਅਸੀਂ ਇੰਪਰੂਵ ਕਰਨਾ ਹੈ । We still have 8% unemployment. It is two million people who are unemployed. ਦੋ ਕਰੋੜ 40 ਲੱਖ ਦੀ ਸਾਡੀ ਆਬਾਦੀ ਹੈ । Therefore, Industry should be given preferene. Unfortunately, it was not being given preference earlier. ਅੱਤਵਾਦ ਦੇ ਸਮੇਂ ਵਿਚ ਪੰਜਾਬ ਅੱਤਵਾਦੀਆਂ ਹਾਟ ਬੈਡ ਬਣ ਗਿਆ ਸੀ । ਕਾਫੀ ਲੋਕ ਪੰਜਾਬ ਛੱਡ ਕੇ ਚਲੇ ਗਏ ਸਨ । ਇੰਡਸਟਰੀਅਲ ਯੂਨਿਟਸ ਵੀ ਬੰਦ ਹੋਣ ਲੱਗ ਪਏ ਸਨ । So we have given

Original with;
Punjab Vidhan Sabha
Digitized by;
Panjab Digital Library

confidence now. ਪੰਜਾਬ ਦੇ ਇੰਡਸਟਰੀਲਿਸਟਾਂ ਨੂੰ ਹੁਣ ਸਟੇਟ ਵਿਚ ਕਾਨਫੀਡੈਂਸ ਹੈ । I think now they are looking at us. The investors have confidence in the Punjab Government now and that is something we are proud of and I am glad that we have the appreciation from all the members of the House. Thank you.

**ਸ਼੍ਰੀ ਤਿਕਸ਼ਨ ਸੂਦ :** ਸਪੀਕਰ ਸਾਹਿਬ, ਪੰਜਾਬ ਦੀ ਤਰੱਕੀ ਵਾਸਤੇ ਅਸੀਂ ਸਾਰੇ ਕਨਸਰਨਡ ਹਾਂ । ਇਸ ਬਿਲ ਵਿਚ ਸਟੇਟ ਕਨਸੈਸ਼ਨ ਦੀ ਗੱਲ ਵੀ ਆ ਗਈ ਹੈ । ਸਾਡੇ ਮੌਜੂਦਾ ਪ੍ਰਾਈਮ ਮਨਿਸਟਰ, ਪੰਜਾਬ ਦੇ ਹਨ । ਉਹ ਦੋ ਵਾਰੀ ਇਥੇ ਫੇਰੀ ਵੀ ਪਾ ਗਏ ਹਨ । ਮੈਂ, ਮੁੱਖ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੇ ਉਨ੍ਹਾਂ ਨੂੰ ਪ੍ਰੈੱਸ ਕੀਤਾ ਹੈ ਕਿ ਪੰਜਾਬ ਸਟੇਟ ਨੂੰ ਵੀ ਬਾਕੀ ਕੁਝ ਸਟੇਟਾਂ ਵਾਂਗ ਕਨਸੈਸ਼ਨਜ਼ ਦਿੱਤੀਆਂ ਜਾਣ ਤਾਂ ਜੋ ਇੰਡਸਟਰੀ ਮੁੜ ਆਪਣੇ ਪੈਰਾਂ ਤੇ ਖੜ੍ਹੀ ਹੋ ਸਕੇ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਪ੍ਰਾਈਮ ਮਨਿਸਟਰ ਨੂੰ ਅਤੇ ਫਾਈਨਾਂਸ ਮਨਿਸਟਰ ਆਫ ਇੰਡੀਆ ਨੂੰ ਦਿੱਲੀ ਜਾ ਕੇ ਮਿਲਿਆ ਹਾਂ This is not our doing, this is the doing of the government before us i.e. the BJP. ਇਨ੍ਹਾਂ ਦੀ ਬੀ.ਜੇ.ਪੀ.ਨੇ ਹੀ ਇਹ ਗੱਲ ਕਰਾਈ ਸੀ । ਇਥੇ ਸਾਡੇ ਫਾਈਨਾਂਸ ਮਨਿਸਟਰ ਨੇ ਠੀਕ ਕਿਹਾ ਹੈ ਕਿ this is a retrograde step for Punjab's development. ਜਦੋਂ ਪੰਜਾਬ ਦੇ ਬਾਰਡਰ ਸਟੇਟਸ ਨੂੰ ਇੰਨੀਆਂ ਜ਼ਿਆਦਾ ਫੈਸਿਲਟੀਜ਼ ਦਿੱਤੀਆਂ ਜਾਣਗੀਆਂ ਤਾਂ ਫਿਰ ਪੰਜਾਬ ਵਿਚ ਆ ਕੇ ਕੌਣ ਰਹੇਗਾ ਜਾਂ ਆਪਣਾ ਕਾਰੋਬਾਰ ਕਰੇਗਾ। ਲੇਕਿਨ ਹੁਣ ਹਾਲਾਤ ਵਿਚ ਤਬਦੀਲੀ ਆ ਗਈ ਹੈ ਅਤੇ ਚੰਗੀ ਇੰਡਸਟਰੀ ਇਥੇ ਆ ਰਹੀ ਹੈ because they look at Punjab's future, they look that the infrastructure is good. ਮੈਂ ਤਾਂ ਪ੍ਰਾਈਮ ਮਨਿਸਟਰ/ਫਾਈਨਾਂਸ ਮਨਿਸਟਰ ਨੂੰ ਕਿਹਾ ਸੀ ਕਿ ਪੰਜਾਬ ਨੂੰ ਵੀ ਇਨ੍ਹਾਂ ਕਨਸੈਸ਼ਨਜ਼ ਵਾਸਤੇ ਇਨਕਾਰਪੋਰੇਟ ਕਰੋ because Punjab has also been through bad times. ਪ੍ਰੰਤੂ ਦਿੱਲੀ ਵਾਲਿਆਂ ਦਾ ਕਹਿਣਾ ਸੀ ਕਿ ਜੇ ਅੱਜ ਪੰਜਾਬ ਇਹ ਕਨਸੈਸ਼ਨਜ਼ ਕਲੇਮ ਕਰੇਗਾ ਤਾਂ ਕੱਲ੍ਹ ਰਾਜਸਥਾਨ ਵੀ ਕਰੇਗਾ ਅਤੇ ਪਰਸੋਂ ਕਈ ਹੋਰ ਸਟੇਟਾਂ ਵੀ ਕਰਨਗੀਆਂ । ਉਨ੍ਹਾਂ ਨੇ ਫੈਸਲਾ ਲੈ ਲਿਆ ਕਿ instead of giving concessions to all States, ਇਸ ਨੂੰ ਬੰਦ ਹੀ ਕਰ ਦਿੱਤਾ ਜਾਵੇ । They have put sun-set clause ਕਿ 31 ਮਾਰਚ, 2007 ਤੋਂ ਬਾਦ ਇਹ ਕਨਸੈਸ਼ਨਜ਼ ਕਲੋਜ਼ ਹੋ ਜਾਣਗੀਆਂ ।

**Mr. Speaker :** Question is -

That the Punjab industrial Facilitation Bill be taken into consideration at once.

*The motion was carried.*

Original with;
Punjab Vidhan Sabha
Digitized by;
Panjab Digital Library

**Mr. Speaker :** Now the House will proceed to consider the Bill clause by clause.

**Sub-Clause(2) Of Clause 1**

**Mr.Speaker :** Question is -

That Sub-Clause (2) of Clause 1 stand part of the Bill

*The motion was carried.*

**Clauses 2 to 4**

**Mr. Speaker :** As there is no amendment to Clauses 2 to 4, if the House agrees, these clauses be put together to the Vote of the House.

(Voices : Yes Yes.)

**Mr. Speaker :** Question is-

That Clauses 2 to 4 stand part of the Bill.

*The motion was carried unanimously.*

**CLAUSE 5**

**Mr. Speaker :** As suggested by the Hon'ble Chief Minister, the Minister for Parliamentary Affairs to move the necessary amendment to Clause 5.

**Local Bodies, Parliamentary Affairs, Labour & Employment and Elections Minister** (Chaudhary Jagjit Singh) : Sir, I beg to move--

That in item (a) of Sub-Clause (2) of Clause 5, the words "The Chief Secretary to Government of Punjab" be substituted with the words "Industries Minister of Punjab ;"

**Mr. Speaker :** Motion moved--

That in item (a) of Sub-Clause (2) of Clause 5, the words "The Chief Secretary to Government of Punjab" be substituted with the words "Industries Minister of Punjab ;"

Original with;
Punjab Vidhan Sabha
Digitized by;
Panjab Digital Library

**Mr. Speaker:** Question is--

That in item (a) of Sub-Clause (2) of Clause 5, the words "The Chief Secretary to Government of Punjab" be substituted with the words "Industries Minister of Punjab ;"

*The motion was carried unanimously.*

**Mr. Speaker:** Question is--

That clause 5, as amended, stands part of the Bill.

*The motion was carried unanimously.*

**Clauses 6 to 29**

**Mr. Speaker** : As there is no amendment to Clauses 6 to 29, if the House agrees, these clauses be put together to the vote of the House.

(Voices : Yes, Yes.)

**Mr. Speaker:** Question is--

That clauses 6 to 29 stand part of the Bill.

*The motion was carried unanimously.*

**Sub-Clause(1) of Clause 1**

**Mr. Speaker** : Question is -

That Sub-Clause (1) of Clause 1 stand part of the Bill

*The motion was carried unanimously.*

**TITLE**

**Mr. Speaker** : Question is-

That Title be the Title of the Bill.

*The motion was carried unanimously.*

Original with;
Punjab Vidhan Sabha
Digitized by;
Panjab Digital Library

**Mr. Speaker :** Minister to move that the Bill be passed.

**Local Bodies, Parliamentary Affairs, Labour & Employment And Elections Minister** (Chaudhary Jagjit Singh) : Sir, I beg to move-

That the Punjab Industrial Faciliation Bill, as amended, be passed.

**Mr. Speaker :** Motion moved--

That the Punjab Industrial Faciliation Bill, as amended, be passed.

**Mr.Speaker :** Question is-

That the Punjab Industrial Faciliation Bill, as amended, be passed.

*The motion was carried unanimously.*

**Mr. Speaker :** The House stands adjourned till 2.00 P.M. on Tuesday, the 18th October, 2005.

*2.01 P.M. (The Sabha *then adjourned till 2.00 P.M. on Tuesday, the 18th October, 2005.)

---------------

Original with;
Punjab Vidhan Sabha
Digitized by;
Panjab Digital Library

# APPENDIX
# TO
# PUNJAB VIDHAN SABHA
# DEBATES

*Friday, the 14th Oct., 2005*

Vol. X-No.3

## STARRED QUESTION AND ANSWER.
### Number of Corruption Cases.

***1437. Sardar Randeep Singh :** Will the Chief Minister be pleased to state the number and details of complaints of corruption/financial irregularities received by the Government against its officers/officials during the year 2003-04 and 2004-05 together with the action taken thereon ?

**ਕੈਪਟਨ ਅਮਰਿੰਦਰ ਸਿੰਘ :** ਸਾਲ 2003-04 ਅਤੇ 2004-05 ਦੌਰਾਨ ਪ੍ਰਾਪਤ ਹੋਈਆਂ ਸ਼ਿਕਾਇਤਾਂ ਦੀ ਗਿਣਤੀ ਕ੍ਰਮਵਾਰ 10027 ਅਤੇ 11388 ਹੈ, ਜਿਨ੍ਹਾਂ ਦੇ ਵੇਰਵੇ ਅਨੁਲੱਗ I ਅਤੇ II ਵਜੋਂ ਨਾਲ ਨੱਥੀ ਹਨ ।

**ਅਨੁਲੱਗ-I**

**ਸਾਲ 2003-04**

| ਲੜੀ ਨੰ: | ਵਿਭਾਗ ਦਾ ਨਾਂ | ਸ਼ਿਕਾਇਤਾਂ ਦੀ ਗਿਣਤੀ | ਕੀਤੀ ਗਈ ਕਾਰਵਾਈ |
|---|---|---|---|
| 1. | ਚੌਕਸੀ ਬਿਊਰੋ | 4170 | ਕੁੱਲ 4170 ਸ਼ਿਕਾਇਤਾਂ ਪ੍ਰਾਪਤ ਹੋਈਆਂ ਜਿਨ੍ਹਾਂ ਵਿੱਚੋਂ 870 ਸ਼ਿਕਾਇਤਾਂ ਮੁੱਢਲੀ ਪੜ੍ਹਤਾਲ ਉਪਰੰਤ ਫਾਈਲ ਕਰ ਦਿੱਤੀਆ ਗਈਆਂ । 2460 ਸ਼ਿਕਾਇਤਾਂ ਪ੍ਰਬੰਧਕੀ ਵਿਭਾਗਾਂ ਨੂੰ ਲੋੜੀਂਦੀ ਕਾਰਵਾਈ ਲਈ ਭੇਜੀਆਂ ਗਈਆਂ । 840 ਸ਼ਿਕਾਇਤਾਂ ਦੀਆਂ ਇਨਕੁਆਇਰੀਆਂ ਕੀਤੀਆਂ ਗਈਆਂ ਜਿਨ੍ਹਾਂ ਵਿੱਚੋਂ 592 ਸ਼ਿਕਾਇਤਾਂ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਵਿਭਾਗ ਦਾ ਨਾਂ | ਸ਼ਿਕਾਇਤਾਂ ਦੀ ਗਿਣਤੀ | ਕੀਤੀ ਗਈ ਕਾਰਵਾਈ |
|---|---|---|---|
| | | | ਕੀਤੀਆਂ ਗਈਆਂ ਅਤੇ 93 ਕੇਸ ਪ੍ਰਬੰਧਕੀ ਵਿਭਾਗਾਂ ਨੂੰ ਵਿਭਾਗੀ ਕਾਰਵਾਈ ਕਰਨ ਲਈ ਸੌਂਪੇ ਗਏ ਅਤੇ 9 ਕੇਸ ਅਜੇ ਪੜ੍ਹਤਾਲ ਅਧੀਨ ਹਨ । |
| 2. | ਜੰਗਲਾਤ | 19 | 17 ਵਿਚਾਰ ਅਧੀਨ ਹਨ ਅਤੇ 2 ਫਾਈਲ ਕੀਤੀਆਂ ਜਾ ਚੁੱਕੀਆਂ ਹਨ । |
| 3. | ਕਿਰਤ ਤੇ ਰੋਜ਼ਗਾਰ | 04 | ਪੜ੍ਹਤਾਲ ਉਪਰੰਤ ਫਾਈਲ ਕੀਤੀਆਂ ਗਈਆਂ । |
| 4. | ਸਿੰਚਾਈ ਵਿਭਾਗ | 104 | 66 ਕੇਸਾਂ ਵਿੱਚ 106 ਅਧਿਕਾਰੀਆਂ ਨੂੰ ਚਾਰਜਸ਼ੀਟ ਕੀਤਾ ਗਿਆ, 21 ਕੇਸ ਹਾਲੇ ਅਧੂਰੇ ਹਨ ਜਦੋਂ ਕਿ 17 ਕੇਸਾਂ ਨੂੰ ਫਾਈਲ ਕੀਤਾ ਜਾ ਚੁੱਕਾ ਹੈ । |
| 5. | ਸਥਾਨਕ ਸਰਕਾਰ | 01 | ਸ਼ਿਕਾਇਤ ਬੇਨਾਮੀ ਹੋਣ ਕਰਕੇ ਫਾਈਲ ਕਰਨ ਦੀ ਸਿਫਾਰਸ਼ ਕੀਤੀ ਗਈ, ਜੋ ਕਿ ਸਰਕਾਰ ਦੇ ਪੱਧਰ ਤੇ ਪੈਂਡਿੰਗ ਹੈ । |
| 6. | ਸਕੂਲ ਸਿੱਖਿਆ | 16 | 2 ਫਾਈਲ ਕੀਤੀਆਂ ਗਈਆਂ ਹਨ ਅਤੇ ਬਾਕੀ ਦੀਆਂ ਵਿਚਾਰ ਅਧੀਨ ਹਨ । |
| 7. | ਸਹਿਕਾਰਤਾ | 09 | ਵਿਚਾਰ ਅਧੀਨ ਹਨ । |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਵਿਭਾਗ ਦਾ ਨਾਂ | ਸ਼ਿਕਾਇਤਾਂ ਦੀ ਗਿਣਤੀ | ਕੀਤੀ ਗਈ ਕਾਰਵਾਈ |
|---|---|---|---|
| 8. | ਵਿੱਤ | 14 | 5 ਕੇਸ ਫਾਈਲ ਕੀਤੇ ਗਏ ਅਤੇ ਤਿੰਨ ਕੇਸਾਂ ਵਿੱਚ 3,4,3 ਸਾਲਾਨਾ ਤਰੱਕੀਆਂ ਰੋਕਣ ਅਤੇ ਰਿਕਵਰੀ ਕਰਨ ਦੀ ਸਜ਼ਾ ਦਿੱਤੀ ਗਈ । ਇੱਕ ਕੇਸ ਵਿੱਚ ਐਫ.ਆਈ.ਆਰ. ਦਰਜ ਕੀਤੀ ਗਈ ਅਤੇ ਬਾਕੀ ਕੇਸਾਂ ਵਿੱਚ ਕਾਰਵਾਈ ਪ੍ਰਗਤੀ ਅਧੀਨ ਹੈ । |
| 9. | ਖੁਰਾਕ ਤੇ ਸਪਲਾਈ ਵਿਭਾਗ | 08 | 7 ਕੇਸ ਫਾਈਲ ਕੀਤੇ ਗਏ ਅਤੇ 1 ਲੰਬਿਤ ਅਵਸਥਾ ਵਿੱਚ ਹੈ । |
| 10. | ਵਾਟਰ ਸਪਲਾਈ ਅਤੇ ਸੈਨੀਟੇਸ਼ਨ | 02 | ਪੜਤਾਲ ਅਧੀਨ ਹਨ । |
| 11. | ਸਿਹਤ ਤੇ ਪਰਿਵਾਰ ਭਲਾਈ ਵਿਭਾਗ | 04 | ਇੱਕ ਕੇਸ ਵਿੱਚ ਵੱਡੀ ਸਜ਼ਾ ਲਈ ਚਾਰਜਸ਼ੀਟ ਜਾਰੀ ਕੀਤੀ ਗਈ ਹੈ, 2 ਕੇਸਾਂ ਵਿੱਚ ਐਫ.ਆਈ.ਆਰ. ਦਰਜ ਕਰਵਾਈ ਗਈ ਅਤੇ ਚਾਰਜਸ਼ੀਟ ਜਾਰੀ ਕੀਤੀ ਗਈ। 4 ਕੇਸਾਂ ਵਿੱਚ ਮੁੱਢਲੀ ਪੜ੍ਹਤਾਲ ਕੀਤੀ ਜਾ ਰਹੀ ਹੈ । |
| 12. | ਸੈਨਿਕ ਭਲਾਈ | 01 | ਵਿਚਾਰ ਅਧੀਨ ਹੈ । |
| 13. | ਉਦਯੋਗ ਅਤੇ ਕਮਰਸ | 01 | ਸ਼ਿਕਾਇਤ ਵਾਪਸ ਲੈਣ ਕਾਰਨ ਫਾਈਲ ਕੀਤੀ ਗਈ ਹੈ । |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਵਿਭਾਗ ਦਾ ਨਾਂ | ਸ਼ਿਕਾਇਤਾਂ ਦੀ ਗਿਣਤੀ | ਕੀਤੀ ਗਈ ਕਾਰਵਾਈ |
|---|---|---|---|
| 14. | ਪ੍ਰਸੋਨਲ | 36 | 26 ਪੀ.ਸੀ.ਐਸ. ਅਤੇ 10 ਆਈ.ਏ.ਐਸ. ਅਧਿਕਾਰੀਆਂ ਵਿਰੁੱਧ ਦਰਜ ਸ਼ਿਕਾਇਤਾਂ ਵਿੱਚੋਂ ਕ੍ਰਮਵਾਰ 13 ਅਤੇ 4 ਫਾਈਲ ਕਰ ਦਿੱਤੀਆਂ ਗਈਆਂ । 2 ਪੀ.ਸੀ.ਐਸ. ਅਧਿਕਾਰੀਆਂ ਨੂੰ ਵੱਡੀ ਸਜ਼ਾ ਦੇਣ ਲਈ ਚਾਰਜਸ਼ੀਟ ਜਾਰੀ ਕੀਤੀ ਗਈ । ਦੂਜੇ ਕੇਸਾਂ ਵਿੱਚ ਵੱਖ-ਵੱਖ ਅਧਿਕਾਰੀਆਂ ਤੋਂ ਟਿੱਪਣੀ ਮੰਗੀ ਗਈ ਹੈ । |
| 15. | ਮੈਡੀਕਲ ਸਿੱਖਿਆ ਅਤੇ ਖੋਜ | 08 | ਪੜਤਾਲ ਦੌਰਾਨ ਦੋਸ਼ ਸਿੱਧ ਨਾ ਹੋਣ ਕਾਰਨ ਫਾਈਲ ਕੀਤੇ ਗਏ । |
| 16. | ਲੋਕ ਨਿਰਮਾਣ ਵਿਭਾਗ (ਭ. ਤੇ ਮ.) | 07 | ਕਾਰਵਾਈ ਅਧੀਨ । |
| 17. | ਆਬਕਾਰੀ ਤੇ ਕਰ ਵਿਭਾਗ | 07 | ਇੱਕ ਸ਼ਿਕਾਇਤ ਪੜਤਾਲ ਲਈ ਵਿਜੀਲੈਂਸ ਬਿਓਰੋ ਨੂੰ ਭੇਜੀ ਗਈ, ਦੋ ਕੇਸਾਂ ਵਿੱਚ ਚਾਰਜਸ਼ੀਟ ਜਾਰੀ ਕੀਤੀ ਗਈ ਅਤੇ ਉੱਤਰ ਪ੍ਰਾਪਤ ਹੋਣ ਉਪਰੰਤ ਫਾਈਲ ਕੀਤੇ ਗਏ, 4 ਕੇਸਾਂ ਵਿੱਚ ਤਾੜਨਾ ਜਾਰੀ ਕੀਤੀ ਗਈ । |
| 18. | ਟਰਾਂਸਪੋਰਟ | 01 | ਰੈਗੂਲਰ ਇਨਕੁਆਇਰੀ ਕੀਤੀ ਜਾ ਰਹੀ ਹੈ। |
| 19. | ਅਨੁਸੂਚਿਤ ਜਾਤੀ ਅਤੇ ਪਛੜੀਆਂ ਸ਼੍ਰੇਣੀਆਂ ਵਿਭਾਗ | 04 | ਅੰਤਿਮ ਫੈਸਲੇ ਲਈ ਲੰਬਿਤ ਹਨ । |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਵਿਭਾਗ ਦਾ ਨਾਂ | ਸ਼ਿਕਾਇਤਾਂ ਦੀ ਗਿਣਤੀ | ਕੀਤੀ ਗਈ ਕਾਰਵਾਈ |
|---|---|---|---|
| 20. | ਗ੍ਰਹਿ ਮਾਮਲੇ ਤੇ ਨਿਆਂ ਵਿਭਾਗ | 5417 | 5417 ਸ਼ਿਕਾਇਤਾਂ ਪ੍ਰਾਪਤ ਹੋਈਆਂ, ਜਿਨ੍ਹਾਂ ਵਿੱਚੋਂ 41 ਕਰਮਚਾਰੀ ਕਸੂਰਵਾਰ ਪਾਏ ਗਏ, ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ । |
| 21. | ਮਾਲ ਅਤੇ ਮੁੜ ਵਸਾਊ ਵਿਭਾਗ | 30 | 30 ਸ਼ਿਕਾਇਤਾਂ ਪ੍ਰਾਪਤ ਹੋਈਆਂ, ਜਿਨ੍ਹਾਂ ਵਿੱਚੋਂ 12 ਫਾਈਲ ਕਰ ਦਿੱਤੀਆਂ ਗਈਆਂ । 17 ਸ਼ਿਕਾਇਤਾਂ ਲੰਬਿਤ ਹਨ । ਇੱਕ ਕੇਸ ਵਿੱਚ ਦੋਸ਼ੀ ਅਧਿਕਾਰੀ ਨੂੰ ਤਾੜਨਾ ਜਾਰੀ ਕੀਤੀ ਗਈ ਹੈ । |
| 22. | ਚੌਕਸੀ ਵਿਭਾਗ | 164 | 164 ਪ੍ਰਾਪਤ ਸ਼ਿਕਾਇਤਾਂ ਵਿਚੋਂ 155 ਸ਼ਿਕਾਇਤਾਂ ਪ੍ਰਬੰਧਕੀ ਵਿਭਾਗ ਨੂੰ ਲੋੜੀਂਦੀ ਕਾਰਵਾਈ ਲਈ ਭੇਜੀਆਂ ਗਈਆਂ, 7 ਸ਼ਿਕਾਇਤਾਂ ਬੇਨਾਮੀ ਹੋਣ ਕਾਰਨ ਫਾਈਲ ਕਰ ਦਿੱਤੀਆਂ, 2 ਕੇਸਾਂ ਵਿਚ ਵਿਜੀਲੈਂਸ ਇਨਕੁਆਇਰੀਆਂ ਦਰਜ ਕੀਤੀਆਂ ਗਈਆਂ ਜੋ ਲੰਬਿਤ ਹਨ । |

Original with;
Punjab Vidhan Sabha
Digitized by;
Panjab Digital Library

## ਅਨੁਲੱਗ-II

### ਸਾਲ 2004-05

| ਲੜੀ ਨੰ: | ਵਿਭਾਗ ਦਾ ਨਾਂ | ਸ਼ਿਕਾਇਤਾਂ ਦੀ ਗਿਣਤੀ | ਕੀਤੀ ਗਈ ਕਾਰਵਾਈ |
|---|---|---|---|
| 1. | ਚੌਕਸੀ ਬਿਊਰੋ | 4421 | 1992 ਸ਼ਿਕਾਇਤਾਂ ਮੁੱਢਲੀ ਪੜਤਾਲ ਕਰਨ ਉਪਰੰਤ ਫਾਈਲ ਕੀਤੀਆਂ ਗਈਆਂ ਸਨ । 1863 ਸ਼ਿਕਾਇਤਾਂ ਪ੍ਰਬੰਧਕੀ ਵਿਭਾਗਾਂ ਨੂੰ ਵਿਭਾਗੀ ਕਾਰਵਾਈ ਕਰਨ ਲਈ ਭੇਜੀਆਂ ਗਈਆਂ ਸਨ । 636 ਸ਼ਿਕਾਇਤਾਂ ਦੀ ਪੜਤਾਲ ਕੀਤੀ ਗਈ, ਉਨ੍ਹਾਂ ਵਿੱਚੋਂ 366 ਸ਼ਿਕਾਇਤਾਂ ਫਾਈਲ ਕਰ ਦਿੱਤੀਆਂ ਗਈਆਂ, 25 ਕੇਸ ਰਜਿਸਟਰਡ ਕੀਤੇ ਗਏ ਅਤੇ 89 ਸ਼ਿਕਾਇਤਾਂ ਪ੍ਰਬੰਧਕੀ ਵਿਭਾਗਾਂ ਨੂੰ ਵਿਭਾਗੀ ਕਾਰਵਾਈ ਲਈ ਭੇਜੀਆਂ ਗਈਆਂ ਸਨ । |
| 2. | ਜੰਗਲਾਤ | 08 | ਕਾਰਵਾਈ ਅਧੀਨ । |
| 3. | ਕਿਰਤ ਤੇ ਰੋਜ਼ਗਾਰ | 03 | 2 ਸ਼ਿਕਾਇਤਾਂ ਫਾਈਲ ਕੀਤੀਆਂ ਗਈਆਂ ਅਤੇ ਇੱਕ ਸ਼ਿਕਾਇਤ ਫੈਸਲੇ ਲਈ ਪੈਂਡਿੰਗ ਹੈ । |
| 4. | ਸਿੰਚਾਈ ਵਿਭਾਗ | 100 | 51 ਕੇਸਾਂ ਵਿੱਚ ਪੜਤਾਲ ਮੁਕੰਮਲ ਹੋ ਚੁੱਕੀ ਹੈ ਜਿਸਦੇ ਸਿੱਟੇ ਵਜੋਂ 137 ਅਧਿਕਾਰੀਆਂ ਨੂੰ ਚਾਰਜਸ਼ੀਟ ਕੀਤਾ ਜਾ ਚੁੱਕਾ ਹੈ । 27 ਕੇਸ ਫਾਈਲ ਕਰ ਦਿੱਤੇ ਗਏ ਹਨ ਅਤੇ 22 ਅਜੇ ਵਿਚਾਰ ਅਧੀਨ ਹੈ । |

*Original with;*
Punjab Vidhan Sabha
*Digitized by;*
Panjab Digital Library

| ਲੜੀ ਨੰ: | ਵਿਭਾਗ ਦਾ ਨਾਂ | ਸ਼ਿਕਾਇਤਾਂ ਦੀ ਗਿਣਤੀ | ਕੀਤੀ ਗਈ ਕਾਰਵਾਈ |
|---|---|---|---|
| 5. | ਸਹਿਕਾਰਤਾ ਵਿਭਾਗ | 07 | ਵਿਚਾਰ ਅਧੀਨ । |
| 6. | ਵਿੱਤ ਵਿਭਾਗ | 23 | 1 ਕੇਸ ਵਿੱਚ ਐਫ. ਆਈ. ਆਰ. ਦਰਜ ਕੀਤੀ ਗਈ, 8 ਸ਼ਿਕਾਇਤਾਂ ਫਾਈਲ ਕੀਤੀਆਂ ਗਈਆਂ, 3 ਕੇਸਾਂ ਵਿੱਚ ਸਜ਼ਾ ਦਿੱਤੀ ਜਾ ਚੁੱਕੀ ਹੈ ਅਤੇ ਬਾਕੀ ਵਿਚਾਰ ਅਧੀਨ ਹਨ । |
| 7. | ਖੁਰਾਕ ਅਤੇ ਸਿਵਲ ਸਪਲਾਈ | 02 | 1 ਕੇਸ ਵਿੱਚ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਜਾ ਚੁੱਕਾ ਹੈ ਅਤੇ ਦੂਜੀ ਕਾਰਵਾਈ ਅਧੀਨ ਹੈ । |
| 8. | ਵਾਟਰ ਸਪਲਾਈ ਅਤੇ ਸੈਨੀਟੇਸ਼ਨ | 03 | ਪੜਤਾਲ ਅਧੀਨ ਹਨ । |
| 9. | ਸਿਹਤ ਤੇ ਪਰਿਵਾਰ ਭਲਾਈ ਵਿਭਾਗ | 01 | ਨੁਕਸਾਨ ਨੂੰ ਪੂਰਾ ਕਰਨ ਅਤੇ ਵੱਡੀ ਸਜ਼ਾ ਦੇਣ ਦਾ ਫੈਸਲਾ ਲਿਆ ਗਿਆ ਹੈ । |
| 10. | ਉਦਯੋਗ ਅਤੇ ਕਮਰਸ | 05 | ਇੱਕ ਕੇਸ ਫਾਈਲ ਕੀਤਾ ਗਿਆ ਹੈ ਅਤੇ ਬਾਕੀ ਦੇ ਵਿਚਾਰ ਅਧੀਨ ਹਨ । |
| 11. | ਖੇਡਾ ਅਤੇ ਯੁਵਕ ਸੇਵਾਵਾਂ ਮਾਮਲੇ | 01 | ਪੜਤਾਲ ਕੀਤੀ ਗਈ ਅਤੇ ਰਿਪੋਰਟ ਪ੍ਰਗਤੀ ਅਧੀਨ ਹੈ । |
| 12. | ਸਕੱਤਰੇਤ ਪ੍ਰਸ਼ਾਸਨ | 02 | ਇੱਕ ਕੇਸ ਵਿੱਚ ਤਾੜਨਾ ਕੀਤੀ ਗਈ ਹੈ ਅਤੇ ਦੂਜਾ ਕੇਸ ਚਾਰਜਸ਼ੀਟ ਉਪਰੰਤ ਪ੍ਰਗਤੀ ਅਧੀਨ ਹੈ । |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਵਿਭਾਗ ਦਾ ਨਾਂ | ਸ਼ਿਕਾਇਤਾਂ ਦੀ ਗਿਣਤੀ | ਕੀਤੀ ਗਈ ਕਾਰਵਾਈ |
| --- | --- | --- | --- |
| 13. | ਟਰਾਂਸਪੋਰਟ | 03 | ਵਿਚਾਰ ਅਧੀਨ ਹਨ । |
| 14. | ਪੇਂਡੂ ਵਿਕਾਸ ਤੇ ਪੰਚਾਇਤ | 01 | ਅਧਿਕਾਰੀ ਮੁਅੱਤਲ ਹਨ । ਵਿਭਾਗੀ ਕਾਰਵਾਈ ਪ੍ਰਗਤੀ ਅਧੀਨ ਹੈ । |
| 15. | ਪ੍ਰਸੋਨਲ | 46 | 27 ਆਈ.ਏ.ਐਸ. ਅਧਿਕਾਰੀਆਂ ਵਿਰੁੱਧ ਪ੍ਰਾਪਤ ਸ਼ਿਕਾਇਤਾਂ ਵਿੱਚੋਂ 13 ਫਾਈਲ ਕੀਤੀਆਂ ਜਾ ਚੁੱਕੀਆਂ ਹਨ । ਇੱਕ ਆਈ.ਏ.ਐਸ. ਅਧਿਕਾਰੀ ਨੂੰ ਦੋ ਕੇਸਾਂ ਵਿੱਚ ਚਾਰਜਸ਼ੀਟ ਕਰਨ ਦਾ ਫੈਸਲਾ ਲਿਆ ਗਿਆ ਹੈ । 19 ਸ਼ਿਕਾਇਤਾਂ ਪੀ.ਸੀ.ਐਸ. ਅਧਿਕਾਰੀਆਂ ਵਿਰੁੱਧ ਪ੍ਰਾਪਤ ਹੋਈਆਂ, ਜਿਨ੍ਹਾਂ ਵਿੱਚੋਂ 12 ਨੂੰ ਫਾਈਲ ਕਰ ਦਿੱਤਾ ਗਿਆ ਅਤੇ ਬਾਕੀ 7 ਸ਼ਿਕਾਇਤਾਂ ਵਿੱਚ ਫੈਸਲਾ ਲਿਆ ਜਾ ਰਿਹਾ ਹੈ । |
| 16. | ਮੈਡੀਕਲ ਸਿੱਖਿਆ ਅਤੇ ਖੋਜ | 13 | 8 ਸ਼ਿਕਾਇਤਾਂ ਪੜ੍ਹਤਾਲ ਉਪਰੰਤ ਫਾਈਲ ਕੀਤੀਆਂ ਗਈਆਂ । 2 ਕੇਸਾਂ ਵਿੱਚ ਐਫ.ਆਈ.ਆਰ. ਦਰਜ ਕਰਵਾਈ ਗਈ ਜਿਨ੍ਹਾਂ ਵਿੱਚੋਂ ਇੱਕ ਕੇਸ ਵਿੱਚ ਰਿਕਵਰੀ ਕਰਨ ਦੇ ਹੁਕਮ ਕੀਤੇ ਗਏ ਹਨ ਅਤੇ ਦੂਜੇ ਕੇਸ ਵਿੱਚ 7.17 ਲੱਖ ਰੁਪਏ ਹੁਣ ਤੱਕ ਰਿਕਵਰ ਕੀਤੇ ਜਾ ਚੁੱਕੇ ਹਨ ਅਤੇ ਤਿੰਨ ਕੇਸ ਅੰਤਿਮ ਫੈਸਲੇ ਲਈ ਪੈਂਡਿੰਗ ਹਨ । |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਵਿਭਾਗ ਦਾ ਨਾਂ | ਸ਼ਿਕਾਇਤਾਂ ਦੀ ਗਿਣਤੀ | ਕੀਤੀ ਗਈ ਕਾਰਵਾਈ |
|---|---|---|---|
| 17. | ਯੋਜਨਾਬੰਦੀ ਵਿਭਾਗ | 01 | ਕਰਮਚਾਰੀ ਮੁਅੱਤਲ ਕੀਤਾ ਜਾ ਚੁੱਕਾ ਹੈ ਅਤੇ ਪੜਤਾਲ ਪ੍ਰਗਤੀ ਅਧੀਨ ਹੈ । |
| 18. | ਲੋਕ ਨਿਰਮਾਣ ਵਿਭਾਗ (ਭ. ਤੇ ਮ.) | 07 | ਕਾਰਵਾਈ ਅਧੀਨ ਹਨ । ਇੱਕ ਜੇ.ਈ. ਨੂੰ ਮੁਅੱਤਲ ਕੀਤਾ ਜਾ ਚੁੱਕਾ ਹੈ । |
| 19. | ਸਮਾਜਿਕ ਸੁਰੱਖਿਆ, ਬਾਲ ਅਤੇ ਇਸਤਰੀ ਵਿਕਾਸ | 02 | ਚਾਰਜਸ਼ੀਟ ਜਾਰੀ ਕੀਤੀ ਜਾ ਚੁੱਕੀ ਹੈ । |
| 20. | ਖੇਤੀਬਾੜੀ ਵਿਭਾਗ | 01 | ਪੜਤਾਲ ਕੀਤੀ ਗਈ, ਕੇਸ ਸਰਕਾਰ ਕੋਲ ਪੈਂਡਿੰਗ ਹੈ । |
| 21. | ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ | 05 | ਅੰਤਿਮ ਫੈਸਲੇ ਲਈ ਲੰਬਿਤ ਹਨ । |
| 22. | ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ | 08 | ੳ) ਜੇਲ੍ਹਾਂ-8 ਸ਼ਿਕਾਇਤਾਂ ਪ੍ਰਾਪਤ ਹੋਈਆਂ ਜਿਨ੍ਹਾਂ ਵਿੱਚੋਂ ਇੱਕ ਵਿੱਚ ਮੁਕੱਦਮਾ ਦਰਜ ਕਰਵਾਇਆ ਗਿਆ ਹੈ । 4 ਵਿੱਚ ਚਾਰਜਸ਼ੀਟਾ ਜਾਰੀ ਕੀਤੀਆਂ ਗਈਆਂ ਹਨ । ਤਿੰਨ ਮੁੱਢਲੀ ਸਟੇਜ ਤੇ ਹਨ । |
| | | 6510 | ਅ) ਪੰਜਾਬ ਪੁਲਿਸ-6510 ਸ਼ਿਕਾਇਤਾਂ ਪ੍ਰਾਪਤ ਹੋਈਆਂ, ਜਿਨ੍ਹਾਂ ਵਿੱਚ 56 ਕਰਮਚਾਰੀ ਦੋਸ਼ੀ ਪਾਏ ਗਏ ਅਤੇ ਕਾਰਵਾਈ ਕੀਤੀ ਜਾ ਰਹੀ ਹੈ । |

Original with:
Punjab Vidhan Sabha
Digitized by:
Panjab Digital Library

| ਲੜੀ ਨੰ: | ਵਿਭਾਗ ਦਾ ਨਾਂ | ਸ਼ਿਕਾਇਤਾਂ ਦੀ ਗਿਣਤੀ | ਕੀਤੀ ਗਈ ਕਾਰਵਾਈ |
|---|---|---|---|
| 23. | ਮਾਲ ਅਤੇ ਮੁੜ ਵਸੇਬਾ ਵਿਭਾਗ | 68 | ਪ੍ਰਾਪਤ ਹੋਈਆਂ 68 ਸ਼ਿਕਾਇਤਾਂ ਵਿੱਚੋਂ 14 ਫਾਈਲ ਕਰ ਦਿੱਤੀਆਂ ਗਈਆਂ, 53 ਲੰਬਿਤ ਹਨ ਅਤੇ ਇੱਕ ਕੇਸ ਵਿੱਚ ਦੋਸ਼ੀ ਕਰਮਚਾਰੀ ਨੂੰ ਵਾਰਨਿੰਗ ਜਾਰੀ ਕੀਤੀ ਗਈ ਹੈ । |
| 24. | ਚੌਕਸੀ ਵਿਭਾਗ | 147 | 147 ਪ੍ਰਾਪਤ ਸ਼ਿਕਾਇਤਾਂ ਵਿਚੋਂ 134 ਸ਼ਿਕਾਇਤਾਂ ਪ੍ਰਬੰਧਕੀ ਵਿਭਾਗ ਨੂੰ ਸੌਂਪੀਆਂ ਗਈਆਂ ਹਨ, 7 ਸ਼ਿਕਾਇਤਾਂ ਫਾਈਲ ਕੀਤੀਆਂ ਗਈਆਂ ਅਤੇ 6 ਸ਼ਿਕਾਇਤਾਂ ਲੰਬਿਤ ਹਨ । |

3505-9-5-2006-305 Copies--Punjab Govt. Press, Patiala.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

© 2005

Published under the authority of the Punjab Vidhan Sabha and Printed by the Controller, Printing and Stationery, Punjab, at Pb. Govt. Press, Patiala.

*Original with;*
Punjab Vidhan Sabha
*Digitized by;*
Panjab Digital Library

4

# PUNJAB VIDHAN SABHA

## DEBATES

*Tuesday, the 18th October, 2005*

Vol. X - No. 4

OFFICIAL REPORT

CONTENTS


| | Page |
|---|---|
| Starred Questions and Answers | .. (4)1 |
| Matters raised during Zero Hour | .. (4)28 |
| Walk-Out | .. (4)31 |
| Call Attention Notices Under Rule 66 | .. (4)32 |
| Motion Under Rule 16 | .. (4)38 |
| Legislative Business— | .. (4)42 |
| Bill(s) | |
| (i) The Lovely Professional University Bill, 2005 (Replacing Ordinance) | .. (4)42 |
| (ii) The Punjab School Education Board (Amendment) Bill, 2005 (Replacing Ordinance) | .. (4)63 |
| (iii) The Punjab Fiscal Responsibility and Budget Management (Amendment) Bill, 2005 | .. (4)71 |
| Discussion on Roots and Causes of Terrorism which caused Huge Loss to Life and Property in the State of Punjab | .. (4)78 |
| Extension of Time of the Sitting | .. (4)80 |
| Discussion on Roots and Causes of Terrorism which caused Huge Loss to Life and Property in the State of Punjab *(Resumption)* | .. (4)81 |
| Extension of Time of the Sitting | .. (4)93 |
| Discussion on Roots and Causes of Terrorism which caused Huge Loss to Life and Property in the State of Punjab *(Resumption)* | .. (4)93 |
| Extension of Time of the Sitting | .. (4)110 |
| Discussion on Roots and Causes of Terrorism which caused Huge Loss to Life and Property in the State of Punjab *(Resumption)* | .. (4)110 |
| Appendix | .. (i) |


**Punjab Vidhan Sabha Secretariat, Chandigarh**

**Price : Rs. 242.00**

riginal with;
njab Vidhan Sabha
gitized by;
njab Digital Library

Original with;
Punjab Vidhan Sabha
Digitized by;

# PUNJAB VIDHAN SABHA

*Tuesday, the 18th October, 2005*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 2.00 P.M. Mr. Speaker (Doctor Kewal Krishan) in the Chair.*

---

## STARRED QUESTIONS AND ANSWERS

### ਵਾਧੂ ਆਬਕਾਰੀ ਕਰ ਦੀ ਅਦਾਇਗੀ ਨਾ ਕਰਨਾ

*1482. **ਸਰਦਾਰ ਗੋਬਿੰਦ ਸਿੰਘ ਲੌਂਗੋਵਾਲ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸ਼ਰਾਬ ਤੇ ਚੁੰਗੀ ਦੀ ਥਾਂ ਤੇ ਵਾਧੂ ਆਬਕਾਰੀ ਕਰ ਲਗਾਉਣ ਵਜੋਂ ਸਾਲਾਂ 2002-03, 2003-04 ਅਤੇ 2004-05 ਲਈ ਮਿਊਂਸਿਪਲ ਕੌਂਸਲ, ਲੌਂਗੋਵਾਲ ਨੂੰ ਅਦਾਇਗੀ ਕਰਨ ਲਈ ਸਾਲ-ਵਾਰ ਕਿੰਨੀ ਰਕਮ ਬਣਦੀ ਹੈ ਅਤੇ ਉਕਤ ਅਦਾਇਗੀ ਇਸ ਨੂੰ ਕਦੋਂ ਤਕ ਕੀਤੇ ਜਾਣ ਦੀ ਸੰਭਾਵਨਾ ਹੈ ?

**Chaudhary Jagjit Singh :** The amount payable to Municipal Council, Longowal on account of Additional Excise Duty in lieu of abolition of octroi for the year 2002-03 to 2004-05 is as under :—

| Sr. No | Year | Amount payable | Amount released | Balance |
|---|---|---|---|---|
| 1 | 2002-03 | 13,76,473 | 3,40,235 | 10,36,238 |
| 2 | 2003-04 | 14,55,017 | 1,81,000 | 12,74,017 |
| 3 | 2004-05 | 14,58,660 | 7,21,190 | 7,37,470 |
| | | 42,90,150 | 12,42,425 | 30,47,725 |

Out of Rs. 42,90,150 a sum of Rs. 5,21, 235 for the years 2002-03 and 2003-04 has been paid to the Council. A sum of Rs. 7,21,190 relating to the year 2004-05 is likely to be paid to the Council within next one month and the balance amount will be paid as and when the department of Finance releases the same.

**ਸਰਦਾਰ ਗੋਬਿੰਦ ਸਿੰਘ ਲੌਂਗੋਵਾਲ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਬੜੇ ਹੀ ਅਫਸੋਸ ਦੀ ਗੱਲ ਹੈ ਕਿ 3 ਸਾਲ ਬੀਤ ਗਏ ਹਨ ਲੇਕਿਨ ਅਜੇ ਤੱਕ 42,90,150 ਰੁਪਏ ਦੀ ਬਣਦੀ ਰਕਮ ਮਿਉਂਸਿਪਲ ਕਮੇਟੀ ਨੂੰ ਨਹੀਂ ਦਿੱਤੀ ਗਈ। ਮੰਤਰੀ ਜੀ ਨੇ ਕਿਹਾ ਹੈ ਕਿ 7,21,190 ਰੁਪਏ ਦੀ ਰਕਮ ਇਕ ਮਹੀਨੇ ਦੇ

Original with;
Punjab Vidhan Sabha
Digitized by;
Panjab Digital Library

**[ਸਰਦਾਰ ਗੋਬਿੰਦ ਸਿੰਘ ਲੌਂਗੋਵਾਲ]**

ਵਿੱਚ ਦੇ ਦਿੱਤੀ ਜਾਵੇਗੀ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਬਾਕੀ ਬਚਦੀ 30,47,725 ਰੁਪਏ ਦੀ ਰਕਮ ਨਗਰ ਕੌਂਸਲ ਲੌਂਗੋਵਾਲ ਨੂੰ ਕੀ ਇਸੇ ਵਿੱਤੀ ਸਾਲ ਵਿੱਚ ਦੇ ਦਿੱਤੀ ਜਾਵੇਗੀ ਜਾਂ ਇਸ ਨੂੰ ਸਮਾਂ ਬੱਧ ਕੀਤਾ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, 30,47,725 ਰੁਪਏ ਵਿਚੋਂ ਇਕ ਚੈੱਕ ਅੱਜ ਹੀ ਟਰੇਜ਼ਰੀ ਵਿੱਚ ਬਣਾਇਆ ਗਿਆ ਹੈ ਜਿਹੜਾ ਕਿ 12 ਲੱਖ ਰੁਪਏ ਦਾ ਹੈ। ਇਸ ਤਰ੍ਹਾਂ ਬਕਾਇਆ 18,47,725 ਰੁਪਏ ਜਿਵੇਂ ਹੀ ਵਿੱਤ ਵਿਭਾਗ ਵੱਲੋਂ ਰਿਲੀਜ ਕੀਤੇ ਜਾਣਗੇ, ਦੇ ਦਿੱਤੇ ਜਾਣਗੇ।

**ਸਰਦਾਰ ਗੋਬਿੰਦ ਸਿੰਘ ਲੌਂਗੋਵਾਲ** : ਸਪੀਕਰ ਸਾਹਿਬ, ਕੀ ਇਸੇ ਵਿੱਤੀ ਸਾਲ ਵਿਚ ਇਹ ਅਦਾਇਗੀ ਕਰ ਦਿੱਤੀ ਜਾਵੇਗੀ ?

**ਮੰਤਰੀ** : ਕੋਸ਼ਿਸ਼ ਤਾਂ ਜ਼ਰੂਰ ਹੈ ਕਿ ਇਸੇ ਸਾਲ ਵਿਚ ਹੀ ਦੇ ਦਿੱਤੀ ਜਾਵੇ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਜਦੋਂ ਵੀ ਕੋਈ ਸਵਾਲ ਆਉਂਦਾ ਹੈ ਤਾਂ ਇਹੋ ਜਵਾਬ ਦਿੱਤਾ ਜਾਂਦਾ ਹੈ ਕਿ ਵਿੱਤ ਵਿਭਾਗ ਵੱਲੋਂ ਜਦੋਂ ਪੈਸੇ ਰਿਲੀਜ ਕੀਤੇ ਜਾਣਗੇ, ਦੇ ਦਿਆਂਗੇ। ਅੱਜ ਤਾਂ ਵਿੱਤ ਮੰਤਰੀ ਜੀ ਵੀ ਇਥੇ ਬੈਠੇ ਹਨ। ਇਹ ਇਕ ਪਾਸੇ ਤਾਂ ਕਹਿੰਦੇ ਹਨ ਕਿ ਸਾਡੇ ਕੋਲ ਪੈਸਾ ਬਹੁਤ ਆ ਗਿਆ ਹੈ ਪਰ ਦੂਜੇ ਪਾਸੇ ਜਿਹੜੀਆਂ ਵੀ ਅਦਾਇਗੀਆਂ ਹਨ, ਚਾਹੇ ਤਨਖਾਹਾਂ ਹਨ, ਚਾਹੇ.....

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ।

**ਕੈਪਟਨ ਕੰਵਲਜੀਤ ਸਿੰਘ** : ਸਵਾਲ ਹੀ ਕਰ ਰਿਹਾ ਹਾਂ ਜੀ, ਜਾਂ ਜਿਹੜਾ ਵੀ ਮਿਉਂਸਿਪਲ ਕਮੇਟੀਆਂ ਨੂੰ ਪੈਸਾ ਦੇਣਾ ਹੈ, ਉਹ ਕਿਉਂ ਨਹੀਂ ਦਿੱਤਾ ਜਾ ਰਿਹਾ ? ਮੰਤਰੀ ਜੀ ਆਪ ਇਸ ਦਾ ਜਵਾਬ ਦੇਣ।

**ਮੰਤਰੀ** : ਜਦੋਂ ਇਹ ਆਪ ਵਿੱਤ ਮੰਤਰੀ ਹੁੰਦੇ ਸਨ ਤਾਂ ਉਦੋਂ ਵੀ ਇਸੇ ਤਰ੍ਹਾਂ ਹੀ ਹੁੰਦਾ ਸੀ (ਹਾਸਾ)

---

## ਮਿਉਂਸਿਪਲ ਕੌਂਸਲ ਦੇ ਚੋਣ ਨਤੀਜੇ ਦੀ ਅਧਿਸੂਚਨਾ

*1431. **ਸਰਦਾਰ ਮਲਕੀਤ ਸਿੰਘ ਕੀਤੂ** : ਕੀ ਚੋਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 9 ਮਾਰਚ, 2003 ਨੂੰ ਹੋਈ ਮਿਉਂਸਿਪਲ ਕੌਂਸਲ, ਬਰਨਾਲਾ ਦੇ ਵਾਰਡ ਨੰ: 2 ਦੀ ਚੋਣ ਦਾ ਨਤੀਜਾ ਰਿਟਰਨਿੰਗ ਅਫ਼ਸਰ ਦੁਆਰਾ ਕਿਸ ਮਿਤੀ ਨੂੰ ਐਲਾਨਿਆ ਗਿਆ ਸੀ ਅਤੇ ਇਸ ਦੇ ਚੋਣ ਨਤੀਜੇ ਦੀ ਅਧਿਸੂਚਨਾ ਦੀ ਮਿਤੀ ਕੀ ਹੈ ?

**Chaudhary Jagjit Singh** : The Election to the Municipal Council, Barnala including Ward No. 2 was held on 9th March, 2003. The result of Ward No. 2 is deemed to have been declared on 20th August, 2004 and notification of the result was issued on 15th July, 2005.

Original with;
Punjab Vidhan Sabha
Digitized by;
Panjab Digital Library

**ਸਰਦਾਰ ਮਲਕੀਤ ਸਿੰਘ ਕੀਤੂ** : ਸਪੀਕਰ ਸਾਹਿਬ, ਮੈਂ, ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਦੋ ਸਾਲ ਇਸ ਇਲੈਕਸ਼ਨ ਦਾ ਰਿਜ਼ਲਟ ਡਿਕਲੇਅਰ ਨਹੀਂ ਕੀਤਾ ਗਿਆ, ਇਸ ਦੇ ਕੀ ਕਾਰਨ ਹਨ, ਕਿਹੜੇ ਕਿਹੜੇ ਅਫ਼ਸਰਾਂ ਦੀ ਅਣਗਹਿਲੀ ਹੈ, ਕੀ ਉਨ੍ਹਾਂ ਨੂੰ ਢੁਕਵੀਂ ਸਜ਼ਾ ਦਿੱਤੀ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਇਹ ਜਿਹੜੀ ਵਾਰਡ ਨੰਬਰ : 2 ਦੀ ਇਲੈਕਸ਼ਨ ਸੀ, ਇਸ ਵਿੱਚ ਅਮਰਜੀਤ ਕੌਰ ਪਟੀਸ਼ਨਰ ਹੈ, ਇਸ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਕੀਤੀ ਸੀ, ਹਾਈ ਕੋਰਟ ਦੇ ਹੁਕਮਾਂ ਨਾਲ ਸਟੇਅ ਕੀਤੀ ਗਈ ਸੀ।

**ਸਰਦਾਰ ਮਲਕੀਤ ਸਿੰਘ ਕੀਤੂ** : ਸਪੀਕਰ ਸਾਹਿਬ, ਹਾਈ ਕੋਰਟ ਦੇ ਹੁਕਮਾਂ ਤੋਂ ਬਾਅਦ 1 ਮਹੀਨੇ ਡਿਲੇਅ ਕੀਤੀ ਗਈ ਹੈ। ਉਸ ਬਾਰੇ ਮੰਤਰੀ ਜੀ ਕਾਰਨ ਦੱਸਣ ?

**ਮੰਤਰੀ** : ਸਪੀਕਰ ਸਾਹਿਬ, ਇਲੈਕਸ਼ਨ ਹਾਈ ਕੋਰਟ ਦੇ ਹੁਕਮਾਂ ਨਾਲ ਹੀ ਹੋਈ ਸੀ ਅਤੇ ਬਾਅਦ ਵਿੱਚ ਰਿਟਰਨਿੰਗ ਅਫਸਰ ਨੇ ਰਿਜ਼ਲਟ ਵੋਟਾਂ ਦੀ ਗਿਣਤੀ ਕਰਕੇ ਬੰਦ ਲਿਫਾਫੇ ਵਿੱਚ ਹਾਈ ਕੋਰਟ ਨੂੰ ਸੀਲ ਕਰਕੇ ਭੇਜ ਦਿੱਤਾ ਸੀ ਅਤੇ ਮਾਨਯੋਗ ਹਾਈ ਕੋਰਟ ਨੇ ਬਾਅਦ ਵਿੱਚ ਫੈਸਲਾ ਕਰਕੇ ਉਸ ਪਟੀਸ਼ਨ ਨੂੰ ਡਿਸਮਿਸ ਕਰ ਦਿੱਤਾ, ਇਸੇ ਕਰਕੇ ਡਿਲੇਅ ਹੋਈ ਹੈ।

**ਸਰਦਾਰ ਮਲਕੀਤ ਸਿੰਘ ਕੀਤੂ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਹਾਈ ਕੋਰਟ ਨੇ ਕਦੋਂ ਹੁਕਮ ਕੀਤੇ ਅਤੇ ਕਦੋਂ ਇਲੈਕਸ਼ਨ ਹੋਈ ?

**ਮੰਤਰੀ** : ਸਪੀਕਰ ਸਾਹਿਬ, ਮਿਤੀ 6 ਮਾਰਚ, 2003 ਨੂੰ ਹਾਈ ਕੋਰਟ ਦੇ ਹੁਕਮਾਂ ਨਾਲ ਇਹ ਵਾਰਡ ਨੰਬਰ: 2 ਦਾ ਰਿਜ਼ਲਟ ਸਟੇਅ ਹੋਇਆ ਸੀ ਅਤੇ ਹਾਈ ਕੋਰਟ ਦੇ ਹੁਕਮਾਂ ਮੁਤਾਬਿਕ 2004 ਵਿਚ ਇਲੈਕਸ਼ਨ ਕਰਾਉਣ ਉਪਰੰਤ ਇਸ ਦੀ ਗਿਣਤੀ ਕਰਕੇ ਨਤੀਜਾ/ ਰਿਜ਼ਲਟ ਬੰਦ ਲਿਫਾਫੇ ਵਿੱਚ ਸੀਲ ਕਰਕੇ ਹਾਈ ਕੋਰਟ ਨੂੰ ਭੇਜ ਦਿੱਤਾ ਸੀ। ਉਸ ਦੇ ਬਾਅਦ ਜਦੋਂ ਪਟੀਸ਼ਨ ਮਿਤੀ 20 ਅਗਸਤ, 2004 ਨੂੰ ਡਿਸਮਿਸ ਹੋਈ ਹੈ, ਉਦੋਂ ਤੋਂ ਇਹ ਰਿਜ਼ਲਟ ਡਿਕਲੇਅਰ ਹੋਇਆ ਹੈ।

**ਸਰਦਾਰ ਗਗਨਜੀਤ ਸਿੰਘ ਬਰਨਾਲਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਐਮ.ਐਲ.ਏ. ਸਾਹਿਬ ਦਾ ਸਵਾਲ ਬੜਾ ਸਪਸ਼ਟ ਹੈ ਕਿ ਜਿਹੜੇ ਅਫਸਰ ਡਿਲੇਅ ਲਈ ਰਿਸਪਾਂਸੀਬਲ ਹਨ ਕੀ ਉਨ੍ਹਾਂ ਦੀ ਜ਼ਿੰਮੇਵਾਰੀ ਫਿਕਸ ਕੀਤੀ ਜਾਵੇਗੀ ਅਤੇ ਉਨ੍ਹਾਂ ਦੇ ਖਿਲਾਫ ਐਕਸ਼ਨ ਲਿਆ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਜਿਹੜੀ ਡਿਲੇਅ ਹੋਈ ਹੈ ਉਹ ਇਸ ਕਰਕੇ ਹੋਈ ਹੈ ਕਿਉਂਕਿ ਜਿਹੜੇ ਅਫਸਰ ਹਨ, ਉਨ੍ਹਾਂ ਨੇ ਐਡਵੋਕੇਟ ਜਨਰਲ ਨਾਲ, ਡਿਪਟੀ ਕਮਿਸ਼ਨਰ ਨਾਲ ਅਤੇ ਐਸ.ਡੀ.ਐਮ. ਜਿਹੜੇ ਕਿ ਰਿਟਰਨਿੰਗ ਅਫਸਰ ਸਨ, ਉਹ ਆਪਸ ਵਿੱਚ ਇਕ ਦੂਜੇ ਨੂੰ ਪੁੱਛਦੇ ਰਹੇ ਹਨ ਕਿ ਕੀ ਕਰੀਏ। ਇਸ ਤਰ੍ਹਾਂ ਥੋੜ੍ਹੀ ਬਹੁਤ ਡਿਲੇਅ ਹੋਈ ਹੈ। ਮੈਂ ਅਰਜ਼ ਕਰ ਰਿਹਾ ਹਾਂ ਫਿਰ ਵੀ ਜਿਹੜੀ ਥੋੜ੍ਹੀ ਜਿਹੀ ਡਿਲੇਅ ਹੋਈ ਹੈ, ਅਸੀਂ ਉਸ ਸਬੰਧੀ ਡਿਪਾਰਟਮੈਂਟਲ ਇਨਕੁਆਰੀ ਕਰ ਰਹੇ ਹਾਂ ਅਤੇ ਇਨਕੁਆਰੀ ਤੋਂ ਬਾਅਦ ਦੱਸ ਦੇਵਾਂਗੇ ਜੀ।

Original with;
Punjab Vidhan Sabha
Digitized by;
Panjab Digital Library

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਜਿਹੜਾ ਮਾਨਯੋਗ ਮੰਤਰੀ ਜੀ ਨੇ ਕਿਹਾ ਹੈ ਕਿ ਅਸੀਂ ਡਿਪਾਰਟਮੈਂਟ ਰਾਹੀਂ ਇਨਕੁਆਰੀ ਕਰ ਰਹੇ ਹਾਂ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਡਿਪਾਰਟਮੈਂਟ ਦੀ ਇਨਕੁਆਰੀ ਰਿਪੋਰਟ ਹੋਵੇਗੀ ਕੀ ਉਸ ਦੀ ਕਾਪੀ ਸਾਡੇ ਐਮ.ਐਲ.ਏ. ਸਾਹਿਬ, ਨੂੰ ਪਹੁੰਚਾਉਣ ਦੀ ਖੇਚਲ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਇਸ ਦੀ ਕੋਈ ਜ਼ਰੂਰਤ ਨਹੀਂ ਹੈ ਜੀ।

---

## ਨਹਿਰੀ ਪਾਣੀ ਦਾ ਅਖੀਰ ਤੱਕ ਨਾ ਪਹੁੰਚਣਾ

*1484. **ਸਰਦਾਰ ਹਰਬੰਤ ਸਿੰਘ ਦਾਤੇਵਾਸ (ਸਰਦਾਰ ਬਲਵਿੰਦਰ ਸਿੰਘ ਭੂੰਦੜ ਵਲੋਂ ਪੇਸ਼ ਕੀਤਾ ਗਿਆ)** : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਮਾਨਸਾ ਵਿਚ ਸੁਨਾਮ ਅਤੇ ਬੁਢਲਾਡਾ ਵਿਚ ਖਾਸ ਤੌਰ ਤੇ ਪਿੰਡ ਬਹਾਦਰਪੁਰ-ਵਿਰਸੀਵਾਲਾ, ਮੱਲ ਸਿੰਘ ਵਾਲਾ (ਪਿੰਡ ਵਿਕਾਊ) ਵਿਚ ਪਿਛਲੇ ਦੋ ਸਾਲਾਂ ਤੋਂ ਮੁੱਖ ਨਹਿਰਾਂ ਦਾ ਪਾਣੀ ਅਖੀਰ ਤੱਕ ਨਹੀਂ ਪਹੁੰਚ ਰਿਹਾ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਸਬੰਧ ਵਿਚ ਸਰਕਾਰ ਦੁਆਰਾ ਕੀਤੀ ਜਾਣ ਵਾਲੀ ਤਜਵੀਜ਼ਤ ਕਾਰਵਾਈ ਦੇ ਵੇਰਵੇ ਕੀ ਹਨ?

**ਸਰਦਾਰ ਲਾਲ ਸਿੰਘ** : ਪਿਛਲੇ ਦੋ ਸਾਲਾਂ ਵਿੱਚ ਸੁਨਾਮ ਅਤੇ ਬੁਢਲਾਡਾ ਵਿੱਚ ਪੈਂਦੀਆਂ ਮੁੱਖ ਨਹਿਰਾਂ ਦਾ ਪਾਣੀ ਆਖਿਰ ਤਕ ਪਹੁੰਚਦਾ ਰਿਹਾ ਹੈ। ਪਰ ਕਈ ਵਾਰੀ ਪਾਣੀ ਦੀ ਘੱਟ ਉਪਲਬਧਤਾ ਕਾਰਨ, ਨਹਿਰਾਂ ਦੇ ਵਾਰੀ ਨਾਲ ਚਲਣ ਕਾਰਨ ਟੇਲਾਂ ਤੇ ਪੈਂਦਾ ਕਮਾਂਡ ਰਕਬਾ, ਜਿਸ ਵਿੱਚ ਪਿੰਡ ਬਹਾਦਰਪੁਰ, ਵਿਰਸੀਵਾਲਾ (ਸਿਰਸੀਵਾਲਾ) ਅਤੇ ਮੱਲ ਸਿੰਘ ਵਾਲਾ ਦਾ ਰਕਬਾ ਵੀ ਸ਼ਾਮਿਲ ਹੈ, ਪ੍ਰਭਾਵਤ ਹੋ ਜਾਂਦਾ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਜਾਣਨਾ ਚਾਹੁੰਦਾ ਹਾਂ ਕਿ ਇਹ ਜੋ ਸਾਰੀ ਮਾਲਵਾ ਬੈਲਟ ਹੈ, ਇਹ ਘੱਗਰ ਦਰਿਆ ਦੇ ਕਿਨਾਰੇ ਤੇ ਲਗਦੀ ਹੈ। ਇਸ ਏਰੀਏ ਵਿੱਚ ਸਬ-ਸਾਇਲ ਬਹੁਤ ਮਾੜੀ ਹੈ। ਮੈਂ, ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬ ਇਸ ਤਰ੍ਹਾਂ ਦਾ ਇੰਤਜ਼ਾਮ ਕਰਨਗੇ ਕਿ ਜਿਹੜੀ ਪਿਛਲੇ ਤਿੰਨ ਚਾਰ ਸਾਲਾਂ ਤੋਂ ਪਾਣੀ ਦੀ ਕਮੀ ਰਹੀ ਹੈ, ਪਿੰਡ ਗੋਪਾਲ ਦਾ ਬੁਰਾ ਹਾਲ ਹੈ। ਕੀ ਮੰਤਰੀ ਜੀ ਕੋਈ ਆਪ ਟਾਈਮ ਕੱਢ ਕੇ ਅਤੇ ਆਪਣੇ ਅਫਸਰਾਂ ਨੂੰ ਨਾਲ ਲੈ ਕੇ ਉਥੋਂ ਦੇ ਲੋਕਾਂ ਦੀ ਤਸੱਲੀ ਕਰਾਉਣ ਵਾਸਤੇ ਉਥੋਂ ਦਾ ਦੌਰਾ ਕਰਨਗੇ ਜਾਂ ਕੋਈ ਇੰਤਜ਼ਾਮ ਕਰਨਗੇ।

**ਮੰਤਰੀ** : ਸਪੀਕਰ ਸਾਹਿਬ, ਇਹ ਠੀਕ ਹੈ ਕਿ ਮਾਨਸਾ ਜ਼ਿਲ੍ਹੇ ਦਾ ਪਾਣੀ ਬਹੁਤ ਖਾਰਾ ਹੈ। ਉਹ ਨਾ ਪੀਣ ਦੇ ਕਾਬਲ ਹੈ ਅਤੇ ਨਾ ਹੀ ਸਿੰਚਾਈ ਦੇ ਕਾਬਲ ਹੈ। ਪਾਣੀ ਦੀ ਘਾਟ ਬਹੁਤ ਹੈ। ਇਸ ਮਸਲੇ ਨੂੰ ਹੱਲ ਕਰਨ ਵਾਸਤੇ ਅਸੀਂ ਇਕ ਪ੍ਰੋਗਰਾਮ ਬਣਾਇਆ ਹੈ

Original with;
Punjab Vidhan Sabha
Digitized by;
Panjab Digital Library

ਜਿਸ ਤੇ 60 ਲੱਖ ਰੁਪਏ ਖਰਚ ਹੋਣਗੇ। ਮੇਰੇ ਕੋਲ ਇਸ ਦੀ ਸਾਰੀ ਡਿਟੇਲ ਹੈ, ਮੈਂ ਇਨ੍ਹਾਂ ਨੂੰ ਭੇਜ ਦੇਵਾਂਗਾ। ਸਾਡੀ ਕੋਸ਼ਿਸ਼ ਹੈ ਕਿ ਜਲਦੀ ਤੋਂ ਜਲਦੀ ਇਹ 60 ਲੱਖ ਰੁਪਏ ਜਿਹੜੀ ਸੁਨਾਮ ਡਿਸਟਰੀਬਿਊਟਰੀ ਹੈ, ਬੁਢਲਾਡਾ ਮਾਈਨਰ ਹੈ, ਉਨ੍ਹਾਂ ਤੇ ਖਰਚਾ ਆਉਣਾ ਹੈ, ਉਥੇ ਥੋੜ੍ਹਾ ਬਹੁਤ ਖਰਚਾ ਪਹਿਲਾਂ ਵੀ ਕੀਤਾ ਹੈ ਲੇਕਿਨ ਉਸ ਨਾਲ ਮਸਲਾ ਹੱਲ ਨਹੀਂ ਹੋਇਆ। ਹੁਣ 60 ਲੱਖ ਰੁਪਿਆ ਹੋਰ ਭੇਜਾਂਗੇ। ਜਲਦੀ ਤੋਂ ਜਲਦੀ ਇਸ ਤੇ ਕਾਰਵਾਈ ਕੀਤੀ ਜਾ ਰਹੀ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮਸਲਾ ਉਹ ਨਹੀਂ ਜੋ ਮਨਿਸਟਰ ਸਾਹਿਬ ਨੇ ਜਵਾਬ ਦਿੱਤਾ ਹੈ। ਮਸਲਾ ਇਹ ਹੈ ਕਿ ਸਾਰੇ ਘੱਗਰ ਦੀ ਰਿਪੇਅਰ ਦੀ ਲੋੜ ਹੈ। 33 ਕਰੋੜ ਰੁਪਿਆ ਇਸ ਤੇ ਖਰਚਾ ਆਉਣਾ ਹੈ। ਇਸ ਦੀ ਸਟਰੈਂਥਨਿੰਗ ਦੀ ਲੋੜ ਹੈ। ਇਸ ਨੂੰ ਚੌੜਾ ਕਰਨ ਦੀ ਲੋੜ ਹੈ। ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਕੀ ਇਹ ਸਾਰੀ ਸਕੀਮ ਜੋ ਮੁਕੰਮਲ ਬਣੀ ਹੋਈ ਹੈ, ਉਸ ਨੂੰ ਜਲਦੀ ਤੋਂ ਜਲਦੀ ਲਾਗੂ ਕਰਕੇ ਮੁਕੰਮਲ ਕਰਨਗੇ ਭਾਵ ਕਿ ਛੇ ਮਹੀਨੇ ਦੇ ਅੰਦਰ-ਅੰਦਰ ਇਸ ਨੂੰ ਕੰਪਲੀਟ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਬਿਲਕੁਲ ਕਰਾਂਗੇ। ਇਮੀਜੀਏਟਲੀ ਕਰਾਂਗੇ।

**ਸਰਦਾਰ ਗੁਰਦੇਵ ਸਿੰਘ ਬਾਦਲ** : ਸਪੀਕਰ ਸਾਹਿਬ, ਮੇਰਾ ਸਵਾਲ ਮਾਨਸਾ ਨਾਲ ਨਹੀਂ ਬਲਕਿ ਸਾਰੇ ਪੰਜਾਬ ਦੇ ਸੂਏ, ਕੱਸੀਆਂ ਨਾਲ ਸਬੰਧਿਤ ਹੈ। ਪੰਜਾਬ ਦੀ ਕਿਸੇ ਟੇਲ ਤੇ ਚਾਰ ਸਾਲਾਂ ਤੋਂ ਪਾਣੀ ਨਹੀਂ ਗਿਆ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪੰਜਾਬ ਦੇ ਸੂਏ, ਕੱਸੀਆਂ ਜੰਗਲ ਬਣੇ ਹੋਏ ਹਨ, ਕੀ ਉਨ੍ਹਾਂ ਦੀ ਸਫਾਈ ਕਰਵਾਉਣਗੇ ਅਤੇ ਕੀ ਇਨ੍ਹਾਂ ਨੇ ਹੁਣ ਤੱਕ ਕਿਸੇ ਸੂਏ ਜਾਂ ਕੱਸੀ ਦੀ ਸਫਾਈ ਕਰਵਾਈ ਹੈ।

**ਮੰਤਰੀ** : ਅਸੀਂ ਬਹੁਤ ਸਾਰੀਆਂ ਕੱਸੀਆਂ, ਸੂਇਆਂ ਦੀ ਸਫਾਈ ਕੀਤੀ ਹੈ। ਇਹ ਪਰਟੀਕੁਲਰ ਦੱਸ ਦੇਣ ਕਿਸ ਬਾਰੇ ਪੁੱਛਣਾ ਚਾਹੁੰਦੇ ਹਨ।

---

## ਜ਼ਿਲ੍ਹਾ ਹੁਸ਼ਿਆਰਪੁਰ ਵਿਚ ਜਲ-ਨਿਕਾਸ ਮੰਤਵਾਂ ਲਈ ਫੰਡਜ਼

*1487. **ਸਰਦਾਰ ਸੋਹਣ ਸਿੰਘ ਠੰਡਲ** : ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਜਲ-ਨਿਕਾਸ ਪ੍ਰੋਜੈਕਟਾਂ ਲਈ ਚਾਲੂ ਵਿੱਤੀ ਸਾਲ ਦੇ ਦੌਰਾਨ ਕਿੰਨੇ ਫੰਡ ਜਾਰੀ ਕੀਤੇ ਗਏ ਅਤੇ ਇਨ੍ਹਾਂ ਫੰਡਾਂ ਨਾਲ ਪੂਰੇ ਕੀਤੇ ਗਏ ਕੰਮਾਂ ਦੇ ਵੇਰਵੇ ਕੀ ਹਨ ?

**ਸਰਦਾਰ ਲਾਲ ਸਿੰਘ** : ਸ਼੍ਰੀਮਾਨ ਜੀ, ਚਾਲੂ ਵਿੱਤੀ ਸਾਲ ਦੌਰਾਨ ਹੁਸ਼ਿਆਰਪੁਰ ਜ਼ਿਲ੍ਹੇ ਨੂੰ ਹੜ੍ਹ ਰੋਕੂ ਕੰਮ ਕਰਵਾਉਣ ਲਈ 229.99 ਲੱਖ ਰੁਪਏ ਜਾਰੀ ਕੀਤੇ ਗਏ ਹਨ। ਕਰਵਾਏ ਗਏ ਕੰਮਾਂ ਦੀ ਲਿਸਟ ਵਿਧਾਨ ਸਭਾ ਵਿੱਚ ਪੇਸ਼ ਕੀਤੀ ਜਾਂਦੀ ਹੈ।

Original with;
Punjab Vidhan Sabha
Digitized by;
Panjab Digital Library

[ਸਿੰਜਾਈ ਅਤੇ ਬਿਜਲੀ ਮੰਤਰੀ]

**ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਕੀਤੇ ਗਏ ਕੰਮਾਂ ਦਾ ਵੇਰਵਾ :**

**(ੳ) ਡਰੇਨਾਂ ਦੀ ਸਫਾਈ :**

ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਚਾਲੂ ਵਿੱਤੀ ਸਾਲ ਦੌਰਾਨ ਹੇਠ ਲਿਖੀਆਂ ਡਰੇਨਾਂ ਦੀ ਭੱਲ ਸਫਾਈ ਕਰਵਾਈ ਗਈ ਜਿਨ੍ਹਾਂ ਵਾਸਤੇ ਸਰਕਾਰ ਵੱਲੋਂ 35.50 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਸੀ।

| ਲੜੀ ਨੰ: | ਡਰੇਨਾਂ ਦੇ ਨਾਂ | ਹਲਕੇ ਦਾ ਨਾਂ |
|---|---|---|
| 1 | ਨਿਕਾਸ ਮਾਨਸਾ ਡਰੇਨ | ਮੁਕੇਰੀਆਂ |
| 2 | ਧੌਲ ਖੇੜਾ ਡਰੇਨ | -ਉਹੀ- |
| 3 | ਕੌਲਪੁਰ ਆਲੋ ਭੱਟੀ ਡਰੇਨ | -ਉਹੀ- |
| 4 | ਟਾਂਡਾ ਚੂੜੀਆਂ ਡਰੇਨ | -ਉਹੀ- |
| 5 | ਗੀਰਾ 1 ਅਤੇ 2 ਡਰੇਨ | -ਉਹੀ- |
| 6 | ਗੋਦੜਾ ਡਰੇਨ | -ਉਹੀ- |
| 7 | ਹਰੀਜਨ ਬਸਤੀ ਡਰੇਨ ਆਫ ਮੁਕੇਰੀਆਂ | -ਉਹੀ- |
| 8 | ਟਾਂਡਾ ਰਾਮਸਹਾਏ ਡਰੇਨ | -ਉਹੀ- |
| 9 | ਕਾਲਾ ਮੰਝ ਡਰੇਨ ਲੈਫਟ ਸਾਈਡ (ਬਾਊਂਡਰੀ ਮੈਸਟਰੀ ਵਾਲ) | -ਉਹੀ- |
| 10 | ਲਾਮੀਨ ਡਰੇਨ ਐਂਡ ਸਦਰਪੁਰ ਡਰੇਨ | ਦਸੂਹਾ |
| 11 | ਕਦਾਰੀ ਚੱਕ ਡਰੇਨ | ਟਾਂਡਾ |
| 12 | ਜਹੂੜਾ ਤਲਵੰਡੀ ਡਰੇਨ | -ਉਹੀ- |
| 13 | ਦੁਗਰੀ ਡਰੇਨ | -ਉਹੀ- |
| 14 | ਲੋਹਟ ਡਰੇਨ ਡਾਊਨ ਸਾਈਡ ਬਿਸਤ ਦੋਆਬ ਕੈਨਾਲ | ਬਲਾਚੌਰ |

**(ਅ) ਹੜ੍ਹ ਰੋਕੂ ਕੰਮ :**

ਸਰਕਾਰ ਦੁਆਰਾ ਜਾਰੀ ਕੀਤੇ ਗਏ 194.49 ਲੱਖ ਰੁਪਏ ਦੀ ਰਾਸ਼ੀ ਨਾਲ ਹੇਠ ਲਿਖੇ ਹੜ੍ਹ ਰੋਕੂ ਕੰਮ ਕਰਵਾਏ ਗਏ ਸਨ :—

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਕੰਮ ਦਾ ਨਾਂ |
|---|---|
| 1 | ਕੰਸਟਰਕਸ਼ਨ ਸਟੱਡ ਡਾਊਨ ਸਟਰੀਮ ਆਊਟ ਫਾਲ ਆਫ ਮੁਕੇਰੀਆਂ ਹਾਈਡਲ ਚੈਨਲ ਸਟੇਜ-1 ਅਲਾਂਗ ਲੈਫਟ ਸਾਈਡ ਆਫ ਰੀਵਰ ਬਿਆਸ ਇਨ ਡਿਸਟ੍ਰਿਕਟ ਹੁਸ਼ਿਆਰਪੁਰ। |
| 2 | ਪ੍ਰੋਟੈਕਟਿੰਗ ਸਪੱਰ ਨੰ: 4 ਐਂਡ ਸੀਰੀਜ ਆਫ ਈ.ਸੀ. ਬੈਗਜ਼ ਅੱਪ ਸਟਰੀਮ ਆਫ ਆਊਟ ਫਾਲ ਆਫ ਮੁਕੇਰੀਆਂ ਹਾਈਡਲ ਚੈਨਲ ਸਟੇਜ-II, ਅਲਾਂਗ ਲੈਫਟ ਸਾਈਡ ਆਫ ਰੀਵਰ ਬਿਆਸ ਇਨ ਡਿਸਟ੍ਰਿਕਟ ਹੁਸ਼ਿਆਰਪੁਰ। |
| 3 | ਪ੍ਰੋਵਾਇਡਿੰਗ ਸੀਰੀਜ਼ ਆਫ ਈ.ਸੀ. ਬੈਗਜ਼ ਸਟੱਡਜ਼ ਅੱਪ ਸਟਰੀਮ ਐਂਡ ਡਾਊਨ ਸਟਰੀਮ ਸਪੱਰ ਨੰ: 1, ਅੱਪ ਸਟਰੀਮ ਮੁਕੇਰੀਆਂ ਹਾਈਡਲ ਚੈਨਲ ਸਟੇਜ-1, ਅਲਾਂਗ ਲੈਫਟ ਸਾਈਡ ਆਫ ਰੀਵਰ ਬਿਆਸ ਇਨ ਡਿਸਟ੍ਰਿਕਟ ਹੁਸ਼ਿਆਰਪੁਰ। |
| 4 | ਪ੍ਰੋਵਾਇਡਿੰਗ ਸੀਰੀਜ਼ ਆਫ ਈ.ਸੀ. ਬੈਗਜ਼ ਸਟੱਡਜ਼ ਅੱਪ ਸਟਰੀਮ ਐਂਡ ਡਾਊਨ ਸਟਰੀਮ ਸਪੱਰ ਨੰ: 1, ਅੱਪ ਸਟਰੀਮ ਮੁਕੇਰੀਆਂ ਹਾਈਡਲ ਚੈਨਲ ਸਟੇਜ-1, ਅਲਾਂਗ ਲੈਫਟ ਸਾਈਡ ਆਫ ਰੀਵਰ ਬਿਆਸ ਇਨ ਡਿਸਟ੍ਰਿਕਟ ਹੁਸ਼ਿਆਰਪੁਰ। |
| 5 | ਪ੍ਰੋਵਾਇਡਿੰਗ ਸੀਰੀਜ਼ ਆਫ ਸਪੱਰਜ਼ ਡਾਊਨ ਸਟਰੀਮ ਆਫ ਆਊਟ ਫਾਲ ਮੁਕੇਰੀਆਂ ਹਾਈਡਲ ਚੈਨਲ ਸਟੇਜ-1, ਅਲਾਂਗ ਲੈਫਟ ਸਾਈਡ ਆਫ ਰੀਵਰ ਬਿਆਸ ਇਨ ਡਿਸਟ੍ਰਿਕਟ ਹੁਸ਼ਿਆਰਪੁਰ। |
| 6 | ਪ੍ਰੋਵਾਇਡਿੰਗ ਸੀਰੀਜ਼ ਆਫ ਈ.ਸੀ. ਬੈਗਜ਼ ਸਟੱਡਜ਼ ਐਂਡ ਸਪੱਰਜ਼ ਅੱਪ ਸਟਰੀਮ ਆਫ ਮੁਕੇਰੀਆਂ ਹਾਈਡਲ ਚੈਨਲ ਸਟੇਜ-1, ਅਲਾਂਗ ਲੈਫਟ ਸਾਈਡ ਆਫ ਰੀਵਰ ਬਿਆਸ ਇਨ ਡਿਸਟ੍ਰਿਕਟ ਹੁਸ਼ਿਆਰਪੁਰ। |
| 7 | ਪ੍ਰੋਵਾਇਡਿੰਗ ਪ੍ਰੋਟੈਕਸ਼ਨ ਟੂ ਲੈਫਟ ਸਾਈਡ ਬੰਧ ਅੱਪ ਸਾਈਡ ਬਾਈ ਪਾਸ ਬਰਿੱਜ ਬਾਈ ਪ੍ਰੋਵਾਇਡਿੰਗ ਬੋਲਡਰ ਸਟੋਨ ਕਰੇਟ ਬਾਰ ਬਿਟਵੀਨ ਆਰ.ਡੀ. 9000-10000. |
| 8. | ਪਲੱਗਿੰਗ ਗੈਪ ਐਂਡ ਸਟਰੈਨਥਨਿੰਗ ਲੈਫਟ ਸਾਈਡ ਬੰਧ ਆਫ ਨਸਰਾਲਾ ਚੋਅ ਅੱਪ ਸਟਰੀਮ ਸਾਈਡ ਬਾਈ ਪਾਸ ਬਰਿੱਜ ਬਿਟਵੀਨ ਆਰ.ਡੀ. 3200-3400 ਟੂ ਸੇਵ ਐਗਰੀਕਲਚਰ ਲੈਂਡ ਆਫ ਵਿਲੇਜ ਪੁਰਾਣੀ ਬੱਸੀ। |
| 9 | ਰਿਸੋਟਰਿੰਗ ਆਰਮਡ ਸਪੱਰ ਐਟ ਆਰ.ਡੀ. 28000 ਆਫ ਬੇਈਂ ਬੰਧ ਬਾਈ ਰੀਪੇਅਰਿੰਗ ਇਟਸ ਪੋਰਸ਼ਨ ਐਂਡ ਪ੍ਰੋਵਾਇਡਿੰਗ ਬਾਰ। |
| 10 | ਰਿਸੋਟਰਿੰਗ ਸਟੱਡ ਨੰ: 2 ਐਟ ਅੱਪ ਸਟਰੀਮ ਆਫ ਆਰਮਡ ਸਪੱਰ ਆਰ.ਡੀ. 25000 ਆਫ ਬੇਈਆਂ ਬੰਧ। |

Original with;
Punjab Vidhan Sabha
Digitized by;
Panjab Digital Library

[ਸਿੰਜਾਈ ਅਤੇ ਬਿਜਲੀ ਮੰਤਰੀ]

| ਲੜੀ ਨੰ: | ਕੰਮ ਦਾ ਨਾਂ |
|---|---|
| 11 | ਰਿਸੋਟਰਿੰਗ 3 ਨੰ: ਸਟੱਡਜ਼ ਔਨ ਲੈਫਟ ਸਾਈਡ ਆਫ ਰੀਵਰ ਬਿਆਸ ਡਾਊਨ ਸਟਰੀਮ ਸ੍ਰੀ ਹਰਗੋਬਿੰਦਪੁਰ ਬਰਿੱਜ ਸਾਈਟ। |
| 12 | ਰਿਸੋਟਰਿੰਗ 3 ਨੰ: ਸਟੱਡਜ਼ ਐਂਡ 1 ਨੰ: ਸਪੱਰ ਆਪੋਜ਼ਿਟ ਆਰ. ਡੀ. 60000 ਆਫ ਬੇਈਂ ਬੰਧ ਅੱਪ ਸਟਰੀਮ ਸ੍ਰੀ ਹਰਗੋਬਿੰਦਪੁਰ ਬਰਿੱਜ। |
| 13 | ਕੰਸਟਰਕੱਸ਼ਨ ਆਫ 2 ਨੰ: ਸਟੱਡ ਵਿਦ ਸ਼ੇਨਕ 1 ਨੰ: ਔਨ ਅੱਪ ਸਟਰੀਮ ਆਫ ਸਪੱਰ ਐਂਡ 1 ਨੰ: ਸਟੱਡ ਔਨ ਡਾਊਨ ਸਟਰੀਮ ਆਫ ਸਪੱਰ ਅੱਪ ਸਟਰੀਮ ਸ੍ਰੀ ਹਰਗੋਬਿੰਦਪੁਰ ਬਰਿੱਜ ਸਾਈਟ। |
| 14 | ਰਿਸੋਟਰਿੰਗ ਰਿੰਗ ਬੰਧ ਬਿਟਵੀਨ ਆਰ. ਡੀ.27500—30500 ਔਨ ਲੈਫਟ ਸਾਈਡ ਆਫ ਰਿਵਰ ਬਿਆਸ। |
| 15 | ਪ੍ਰੋਟੈਕਟਿੰਗ ਐਂਡ ਸਟਰੈਨਥਨਿੰਗ ਲੈਫਟ ਸਾਈਡ ਐਂਡ ਰਾਈਟ ਸਾਈਡ ਮਹਿਲਾਂ ਵਾਲੀ ਚੋਅ ਬਿਟਵੀਨ ਆਰ.ਡੀ. 43292—45500 ਟੂ ਸੇਵ ਸੀ-ਲੈਡ ਐਂਡ ਆਬਾਦੀਜ ਆਫ ਵਿਲੇਜ ਬੱਡਲਾ ਐਂਡ ਮੁਖਲੀਆਨਾ। |

**ਸਰਦਾਰ ਸੋਹਣ ਸਿੰਘ ਠੰਡਲ** : ਮਾਨਯੋਗ ਸਪੀਕਰ ਸਾਹਿਬ, 229.99 ਲੱਖ ਰੁਪਿਆ ਜ਼ਿਲ੍ਹਾ ਹੁਸ਼ਿਆਰਪੁਰ ਲਈ ਜਾਰੀ ਕੀਤਾ ਗਿਆ ਪਰ ਜਿਹੜੀ ਲਿਸਟ ਜਵਾਬ ਵਿੱਚ ਦਿੱਤੀ ਗਈ ਹੈ, ਉਸ ਵਿੱਚ ਦਰਸਾਇਆ ਗਿਆ ਹੈ ਕਿ ਸਿਰਫ ਮੁਕੇਰੀਆਂ ਤਹਿਸੀਲ ਲਈ ਪੈਸੇ ਜਾਰੀ ਕੀਤੇ ਗਏ ਔਰ ਜੋ ਕੰਮ ਤਹਿਸੀਲ ਦਸੂਹਾ ਵਿੱਚ ਦਰਸਾਏ ਗਏ ਹਨ, ਉਹ ਕੰਮ ਮੇਰੀ ਜਾਣਕਾਰੀ ਮੁਤਾਬਿਕ ਨਹੀਂ ਹੋਏ। ਮੈਂ, ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅਜਿਹਾ ਕੀ ਕਾਰਨ ਹੈ ਕਿ ਸਿਰਫ ਜ਼ਿਲ੍ਹਾ ਹੁਸ਼ਿਆਰਪੁਰ ਦੀ ਇੱਕੋ ਤਹਿਸੀਲ ਵਿੱਚ ਕੰਮ ਕਰਵਾਇਆ ਗਿਆ ਔਰ ਬਾਕੀ ਵਿੱਚ ਕੰਮ ਨਹੀਂ ਕਰਵਾਏ ਗਏ ?

**ਮੰਤਰੀ** : ਸਪੀਕਰ ਸਾਹਿਬ, ਲਿਸਟ ਨੱਥੀ ਕੀਤੀ ਗਈ ਹੈ ਕਿ ਕਿੱਥੇ-ਕਿੱਥੇ ਪੈਸਾ ਖਰਚ ਕੀਤਾ ਗਿਆ ਹੈ। ਬਾਕੀ ਜੇ ਇਹ ਡਿਟੇਲਡ ਲਿਸਟ ਚਾਹੁਣ ਤਾਂ ਉਹ ਵੀ ਲਿਖਤੀ ਤੌਰ ਤੇ ਇਨ੍ਹਾਂ ਨੂੰ ਦੇ ਦੇਵਾਂਗਾ। ਇਹ ਸਾਨੂੰ ਦੱਸਣ ਕਿ ਕਿੱਥੇ-ਕਿੱਥੇ ਪੈਸਾ ਨਹੀਂ ਲੱਗਿਆ, ਕਿੱਥੇ ਗੜਬੜ ਹੋਈ ਹੈ, ਉਸ ਤੇ ਕਾਰਵਾਈ ਕੀਤੀ ਜਾਵੇਗੀ।

**ਸਰਦਾਰ ਸੋਹਣ ਸਿੰਘ ਠੰਡਲ** : ਸਪੀਕਰ ਸਾਹਿਬ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਚਾਰ ਸਬ ਡਵੀਜ਼ਨਾਂ ਹਨ ਪਰ ਸਿਰਫ ਇੱਕ ਸਬ ਡਵੀਜ਼ਨ ਵਿੱਚ ਕੰਮ ਕੀਤਾ ਗਿਆ ਹੈ ਔਰ ਬਾਕੀ ਸਬ ਡਵੀਜ਼ਨਾਂ ਵਿੱਚ ਕੰਮ ਨਹੀਂ ਕੀਤਾ ਗਿਆ। ਮੇਰੇ ਸਾਥੀ ਐਮ.ਐਲ.ਏਜ਼ ਵੀ ਬੈਠੇ ਹਨ, ਕਿਸੇ ਨੂੰ ਪੁੱਛ ਲਓ, ਕਿਤੇ ਕੋਈ ਕੰਮ ਨਹੀਂ ਹੋਇਆ। ਇਸ ਲਈ, ਸਪੀਕਰ ਸਾਹਿਬ, ਕੀ ਮੰਤਰੀ ਜੀ ਇਨਕੁਆਰੀ ਕਰਵਾਉਣਗੇ ਕਿ ਜਿਹੜਾ ਦੋ ਕਰੋੜ ਉਨੱਤੀ ਲੱਖ ਰੁਪਿਆ ਖਰਚ ਕੀਤਾ ਗਿਆ ਹੈ, ਉਹ ਕਿੱਥੇ-ਕਿੱਥੇ ਖਰਚ ਕੀਤਾ ਗਿਆ ਹੈ ?

**ਮੰਤਰੀ** : ਠੀਕ ਹੈ ਜੀ। ਜੋ ਤੌਖਲਾ ਜ਼ਾਹਿਰ ਕੀਤਾ ਹੈ, ਉਸ ਦੀ ਇਨਕੁਆਰੀ ਕਰਵਾ ਲਵਾਂਗੇ।

---

Original with;
Punjab Vidhan Sabha
Digitized by;
Punjab Digital Library

## ਸੜਕਾਂ ਦੀ ਮੁਰੰਮਤ

*1432. **ਸਰਦਾਰ ਮਲਕੀਤ ਸਿੰਘ ਕੀਤੂ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਸੰਗਰੂਰ ਵਿਚ ਬਰਨਾਲਾ-ਸੇਖਾ, ਬਰਨਾਲਾ-ਸੰਗੇੜਾ ਅਤੇ ਬਰਨਾਲਾ-ਧਨੌਲਾ ਸੜਕਾਂ ਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਸੜਕਾਂ ਦੀ ਮੁਰੰਮਤ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**Sardar Partap Singh Bajwa** : No please.

The Barnala-Sekha Road has been improved with raising, widening and strenthening during 2004-05 under NABARD-VIII Scheme.

The Barnala-Sanghera Road is being repaired with Patch Work.

The Barnala-Dhanaula road is in good condition.

**ਸਰਦਾਰ ਮਲਕੀਤ ਸਿੰਘ ਕੀਤੂ** : ਸਪੀਕਰ ਸਾਹਿਬ, ਮਹਿਕਮੇ ਵਾਲੇ ਪਤਾ ਨਹੀਂ ਮੰਤਰੀ ਜੀ ਨੂੰ ਕੀ ਲਿਖ ਕੇ ਘੱਲ ਦਿੰਦੇ ਹਨ ਤੇ ਮੰਤਰੀ ਜੀ ਬੋਲ ਦਿੰਦੇ ਹਨ। ਸਪੀਕਰ ਸਾਹਿਬ, ਕਮੇਟੀ ਬਣਾਈ ਜਾਵੇ। ਇਨ੍ਹਾਂ ਤਿੰਨ ਸੜਕਾਂ ਤੋਂ ਗੱਡਾ ਨਹੀਂ ਲੰਘ ਸਕਦਾ। ਜੇ ਮੇਰੀ ਗੱਲ ਝੂਠੀ ਹੋਵੇ ਤਾਂ ਸਾਰਾ ਖਰਚਾ ਮੇਰੇ ਤੇ ਪਾ ਦਿਓ।

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ ਕਿ ਕੀ ਕੋਈ ਕਮੇਟੀ ਬਣਾਈ ਜਾਵੇਗੀ ?

**ਸਰਦਾਰ ਮਲਕੀਤ ਸਿੰਘ ਕੀਤੂ** : ਸਪੀਕਰ ਸਾਹਿਬ, ਕੀ ਇਹ ਕਮੇਟੀ ਬਣਾਉਣ ਲਈ ਤਿਆਰ ਹਨ ?

**ਮੰਤਰੀ** : ਜੇ ਇਹ ਠੀਕ ਸਮਝਦੇ ਹਨ ਤਾਂ ਅਸੀਂ ਕਮੇਟੀ ਬਣਾ ਦਿੰਦੇ ਹਾਂ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰ: 1515

(ਸਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

## ਨਿਸ਼ਾਨ ਵਾਲਾ ਪ੍ਰਸ਼ਨ ਨੰ: 1514

(ਸਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

Original with;
Punjab Vidhan Sabha
Digitized by;
Panjab Digital Library

## ਯਾਤਰੀ ਕਰ ਦੀ ਵਸੂਲੀ

***1499. ਕੈਪਟਨ ਕੰਵਲਜੀਤ ਸਿੰਘ** : ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਰੋਡਵੇਜ਼, ਪੀ.ਆਰ.ਟੀ.ਸੀ. ਅਤੇ ਪ੍ਰਾਈਵੇਟ ਟ੍ਰਾਂਸਪੋਰਟ ਕੰਪਨੀਆਂ ਦੇ ਵਿਰੁੱਧ ਬਣਦੇ ਬਕਾਇਆ ਯਾਤਰੀ ਕਰ ਦੇ ਵੱਖ-ਵੱਖ ਵੇਰਵੇ ਕੀ ਹਨ ਅਤੇ ਇਸ ਕਰ ਨੂੰ ਵਸੂਲ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ ?

**ਸ਼੍ਰੀ ਮਹਿੰਦਰ ਸਿੰਘ ਕੇ.ਪੀ.** : ਸ਼੍ਰੀਮਾਨ ਜੀ, ਯਾਤਰੀ ਕਰ ਦੇ ਬਕਾਏ ਹੇਠ ਲਿਖੇ ਅਨੁਸਾਰ ਹਨ :—

| ਉਪਰੇਟਰ ਦਾ ਨਾਂ | | ਯਾਤਰੀ ਕਰ ਦਾ ਬਕਾਇਆ (ਰਕਮ ਲੱਖਾਂ ਵਿੱਚ) |
|---|---|---|
| ਪੰਜਾਬ ਰੋਡਵੇਜ਼ | | 0.08 |
| ਪੀ.ਆਰ.ਟੀ.ਸੀ. | | 775.44 |
| ਪ੍ਰਾਈਵੇਟ ਟਰਾਂਸਪੋਰਟ ਕੰਪਨੀਆਂ | | 100.21 |
| | ਜੋੜ : | 875.73 |

ਰਾਜ ਦੇ ਲਾਈਸੰਸਿੰਗ ਅਫਸਰਾਂ (ਜ਼ਿਲ੍ਹਾ ਟਰਾਂਸਪੋਰਟ ਅਫਸਰਾਂ) ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਪੈਸੰਜਰ ਟੈਕਸਾਂ ਦੇ ਬਕਾਇਆਂ ਦੀ ਵਸੂਲੀ ਲਈ ਸਖਤ ਕੋਸ਼ਿਸਾਂ ਕਰਨ। ਬਕਾਇਆ ਟੈਕਸਾਂ ਦੀ ਵਸੂਲੀ ਦੀ ਸਥਿਤੀ ਨੂੰ ਮਹੀਨਾਵਾਰ ਮੀਟਿੰਗਾਂ ਵਿੱਚ ਰਿਵਿਊ ਕੀਤਾ ਜਾਂਦਾ ਹੈ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ 875 ਲੱਖ ਰੁਪਿਆ ਬਕਾਇਆ ਸਟੇਟ ਦੇ ਖਜ਼ਾਨੇ ਨੂੰ ਬਤੌਰ ਪੈਸੰਜਰ ਟੈਕਸ ਆਉਣਾ ਚਾਹੀਦਾ ਹੈ, ਉਹ ਕਿਉਂ ਨਹੀਂ ਆਇਆ ? ਕੀ ਮੰਤਰੀ ਜੀ ਇਸ ਦਾ ਜਵਾਬ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਜਿਵੇਂ ਮੈਂ ਦੱਸਿਆ ਹੈ ਕਿ ਪੰਜਾਬ ਰੋਡਵੇਜ਼ ਦਾ 8000 ਰੁਪਏ ਬਕਾਇਆ ਹੈ ਅਤੇ ਪ੍ਰਾਈਵੇਟ ਕੰਪਨੀਆਂ ਦਾ ਇੱਕ ਕਰੋੜ ਰੁਪਿਆ ਹੈ। 775 ਲੱਖ ਰੁਪਿਆ ਪੀ.ਆਰ.ਟੀ.ਸੀ. ਦਾ ਬਕਾਇਆ ਹੈ। ਪੀ.ਆਰ.ਟੀ.ਸੀ. ਨੂੰ ਅਸੀਂ ਗਰਾਂਟ-ਇਨ-ਏਡ ਦੇ ਰਹੇ ਹਾਂ, ਇਸ ਸਾਲ ਇਨ੍ਹਾਂ ਦਾ ਬਕਾਇਆ ਨਿੱਲ ਹੋ ਜਾਵੇਗਾ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ। ਮੈਂ ਇਨ੍ਹਾਂ ਨੂੰ ਪੁੱਛਿਆ ਹੈ ਕਿ 875.73 ਲੱਖ ਰੁਪਿਆ ਪੈਸੰਜਰ ਟੈਕਸ ਦਾ ਬਕਾਇਆ ਹੈ ਔਰ ਪੈਸੰਜਰ ਟੈਕਸ ਅਦਾ ਕੀਤੇ ਬਗੈਰ ਬੱਸਾਂ ਚਲਦੀਆਂ ਨਹੀਂ, ਫਿਰ ਇਹ ਬੱਸਾਂ ਕਿਉਂ ਚਲਦੀਆਂ ਹਨ ? ਇਹ ਰਿਕਵਰੀ ਕਰਨ ਵਾਸਤੇ ਸਰਕਾਰ ਕੀ ਕਰ ਰਹੀ ਹੈ ?

**ਮੰਤਰੀ** : ਸਪੀਕਰ ਸਾਹਿਬ, ਇਹ ਜਿਹੜਾ ਪੈਸੰਜਰ ਟੈਕਸ ਹੈ, ਇਹ ਜਦੋਂ ਸਪੈਸ਼ਲ ਰੋਡ ਟੈਕਸ ਲੱਗਿਆ ਸੀ, ਉਸ ਤੋਂ ਪਹਿਲਾਂ ਦਾ ਬਕਾਇਆ ਚੱਲਿਆ ਆ ਰਿਹਾ ਹੈ। ਹੁਣ

Original with;
Punjab Vidhan Sabha
Digitized by;
Panjab Digital Library

ਸਪੈਸ਼ਲ ਰੋਡ ਟੈਕਸ ਵਸੂਲ ਕਰ ਰਹੇ ਹਾਂ ਔਰ ਇਹ ਪਿਛਲਾ ਬਕਾਇਆ ਹੈ। ਸਿਰਫ਼ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦਾ 775 ਲੱਖ ਰੁਪਏ ਹੈ। ਬਾਕੀ ਇੱਕ ਕਰੋੜ ਰੁਪਿਆ ਪ੍ਰਾਈਵੇਟ ਕੰਪਨੀਆਂ ਦਾ ਹੈ। ਉਨ੍ਹਾਂ ਦੇ ਖਿਲਾਫ ਕਾਰਵਾਈ ਚੱਲ ਰਹੀ ਹੈ। ਜਿਹੜਾ ਪੀ.ਆਰ.ਟੀ.ਸੀ. ਦਾ 7.73 ਕਰੋੜ ਰੁਪਏ ਦਾ ਬਕਾਇਆ ਹੈ। ਉਹ ਅਸੀਂ ਗਰਾਂਟ-ਇਨ-ਏਡ ਵਿੱਚ ਐਡਜਸਟ ਕਰ ਰਹੇ ਹਾਂ।

---

## ਗੈਰ-ਕਾਨੂੰਨੀ ਤੌਰ ਤੇ ਬੱਸਾਂ ਚਲਾਉਣਾ

*1500. **ਕੈਪਟਨ ਕੰਵਲਜੀਤ ਸਿੰਘ** : ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੀ.ਟੀ.ਯੂ. ਦੀਆਂ ਬੱਸਾਂ ਪੰਜਾਬ ਦੇ ਖੇਤਰ ਵਿਚ ਬਿਨਾਂ ਪਰਮਿਟ ਤੋਂ ਚਲਾਈਆਂ ਜਾ ਰਹੀਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਇਸ ਸਬੰਧ ਵਿੱਚ ਕੀਤੀ ਜਾ ਰਹੀ ਕਾਰਵਾਈ ਦੇ ਵੇਰਵੇ ਕੀ ਹਨ ?

**ਸ਼੍ਰੀ ਮਹਿੰਦਰ ਸਿੰਘ ਕੇ.ਪੀ.** : ਹਾਂ ਜੀ, ਇਹ ਸੱਚ ਹੈ ਕਿ ਸੀ.ਟੀ.ਯੂ. ਦੀਆਂ ਬੱਸਾਂ ਪੰਜਾਬ ਰਾਜ ਵਿਚ ਬਿਨਾਂ ਪ੍ਰਤੀ-ਹਸਤਾਖਰ ਕਰਵਾਏ ਚੱਲ ਰਹੀਆਂ ਹਨ। ਇਹਨਾਂ ਸੀ.ਟੀ.ਯੂ. ਦੀਆਂ ਬੱਸਾਂ ਨੂੰ ਪੰਜਾਬ ਰਾਜ ਵਿਚ ਚੱਲਣ ਲਈ ਨਿਯਮਤ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸੀ.ਟੀ.ਯੂ. ਦੀਆਂ ਬੱਸਾਂ ਪੰਜਾਬ ਵਿੱਚ ਬਿਨਾਂ ਪਰਮਿਟ ਤੋਂ ਚਲਦੀਆਂ ਹਨ ? ਉਹ ਕਿਉਂ ਚਲਦੀਆਂ ਹਨ ? ਇਸ ਦੇ ਕਾਰਨ ਪੰਜਾਬ ਦੀ ਟਰਾਂਸਪੋਰਟ ਨੂੰ ਕਿੰਨਾਂ ਘਾਟਾ ਪਿਆ ਹੈ ਅਤੇ ਕਿਉਂ ਪਿਆ ਹੈ ?

**ਮੰਤਰੀ** : ਸਪੀਕਰ ਸਾਹਿਬ, ਇਹ ਘਾਟਾ ਕਿੰਨਾ ਪਿਆ ਹੈ, ਇਹ ਤਾਂ ਦੱਸਿਆ ਨਹੀਂ ਜਾ ਸਕਦਾ ਕਿਉਂਕਿ ਹੁਣ ਤੱਕ ਕੋਈ ਨਿਸ਼ਚਿਤ ਪਾਲਿਸੀ ਨਹੀਂ ਸੀ। ਜਦੋਂ ਤੋਂ ਪੰਜਾਬ, ਹਰਿਆਣਾ ਅਤੇ ਯੂ.ਟੀ. ਦੀ ਰੀਆਰਗੇਨਾਈਜੇਸ਼ਨ ਹੋਈ ਹੈ, 1966 ਤੋਂ ਲੈ ਕੇ ਕਿਸੇ ਵੀ ਪੱਖ ਤੋਂ ਕਦੇ ਕੋਈ ਐਗਰੀਮੈਂਟ ਦੋਨਾਂ ਸਟੇਟਾਂ ਵਿੱਚ ਨਹੀਂ ਹੋਇਆ। ਐਤਕੀਂ ਸਾਡੇ ਸਕੱਤਰ ਪੱਧਰ ਦੀ ਮੀਟਿੰਗ ਯੂ.ਟੀ. ਨਾਲ ਹੋਈ ਹੈ ਅਤੇ ਇਹ ਫੈਸਲਾ ਹੋਇਆ ਹੈ ਕਿ ਜਿੰਨੇ ਮਾਈਲੇਜ਼ ਸੀ.ਟੀ.ਯੂ. ਕਰੇਗੀ, ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਵੀ ਉਨੇ ਹੀ ਮਾਈਲੇਜ਼ ਕਰੇਗੀ। ਉਨ੍ਹਾਂ ਨਾਲ ਇਹ ਕਾਰਵਾਈ ਮੁਕੰਮਲ ਹੋ ਗਈ ਹੈ।

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਕੀ ਮੰਤਰੀ ਜੀ ਦੱਸਣਗੇ ਕਿ ਕੀ ਪੰਜਾਬ ਦੇ ਅੰਦਰ ਬਿਨਾਂ ਵੈਲਿਡ ਪਰਮਿਟ ਤੋਂ ਬੱਸਾਂ ਚੱਲ ਸਕਦੀਆਂ ਹਨ ?

**ਮੰਤਰੀ** : ਸਪੀਕਰ ਸਾਹਿਬ, ਪਰਮਿਟ ਤੋਂ ਬਿਨਾਂ ਕੋਈ ਬੱਸ ਨਹੀਂ ਚੱਲ ਸਕਦੀ ਲੇਕਿਨ ਜਿਹੜੀਆਂ ਬੱਸਾਂ ਚਲਦੀਆਂ ਹਨ, ਉਨ੍ਹਾਂ ਦਾ ਸਖਤੀ ਨਾਲ ਚਲਾਨ ਕੀਤਾ ਹੈ। ਮੈਂ ਦੱਸਣਾ ਚਾਹਾਂਗਾ ਕਿ ਪਿਛਲੇ ਦਿਨਾਂ ਵਿੱਚ ਕਿੰਨੀਆਂ ਬੱਸਾਂ ਫੜੀਆਂ ਗਈਆਂ ਹਨ ਅਤੇ ਕਿੰਨੇ ਚਲਾਨ ਕੀਤੇ ਗਏ ਹਨ। ਪਿਛਲੇ ਕੁਝ ਮਹੀਨਿਆਂ ਵਿੱਚ 2185 ਚਲਾਨ ਕੱਟੇ ਗਏ ਹਨ ਅਤੇ 50 ਲੱਖ 42 ਹਜ਼ਾਰ ਤੋਂ ਉਪਰ ਦੀ ਰਕਮ ਚਲਾਨਾਂ ਰਾਹੀਂ ਵਸੂਲੀ ਹੈ।

Original with;
Punjab Vidhan Sabha
Digitized by;
Panjab Digital Library

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੰਤਰੀ ਜੀ ਕੰਟਰਾਡਿਕਟ ਕਰ ਰਹੇ ਹਨ। ਇੱਕ ਪਾਸੇ ਤਾਂ ਕਹਿੰਦੇ ਹਨ ਕਿ ਕੋਈ ਐਗਰੀਮੈਂਟ ਨਹੀਂ ਅਤੇ ਦੂਸਰੇ ਪਾਸੇ ਕਹਿੰਦੇ ਹਨ ਕਿ ਪਰਮਿਟ ਤੋਂ ਬਗੈਰ ਬੱਸ ਚਲ ਨਹੀਂ ਸਕਦੀ। ਕੀ ਸੀ.ਟੀ.ਯੂ. ਬਗੈਰ ਪਰਮਿਟ ਤੋਂ ਬੱਸਾਂ ਨਹੀਂ ਚਲਾ ਰਹੀ ? ਉਸ ਨਾਲ ਪੰਜਾਬ ਰੋਡਵੇਜ਼ ਅਤੇ ਪ੍ਰਾਈਵੇਟ ਟਰਾਂਸਪੋਰਟਰਾਂ ਨੂੰ ਘਾਟਾ ਪੈ ਰਿਹਾ ਹੈ।

**ਮਾਨਯੋਗ ਸਪੀਕਰ** : ਤੁਹਾਡਾ ਮਤਲਬ ਜੁਰਮਾਨਾ ਭਰ ਕੇ ਚਲਾਉਣ ਦੀ ਇਜਾਜ਼ਤ ਹੈ।

**ਕੈਪਟਨ ਕੰਵਲਜੀਤ ਸਿੰਘ** : ਜੁਰਮਾਨਾ ਨਹੀਂ, ਸਾਡੀ ਸਟੇਟ ਨੂੰ ਵੀ ਅਤੇ ਪ੍ਰਾਈਵੇਟ ਕੰਪਨੀਆ ਨੂੰ ਵੀ ਘਾਟਾ ਪੈ ਰਿਹਾ ਹੈ। ਇਸ ਦੇ ਲਈ ਕੌਣ ਜ਼ਿੰਮੇਵਾਰ ਹੈ ?

**ਮੰਤਰੀ** : ਮੈਂ ਬੇਨਤੀ ਕੀਤੀ ਹੈ ਕਿ ਦੋਨਾਂ ਸਰਕਾਰਾਂ ਵਿੱਚ 1966 ਤੋਂ ਲੈ ਕੇ ਹੁਣ ਤੱਕ ਕੋਈ ਵੀ ਐਗਰੀਮੈਂਟ ਨਹੀਂ ਹੋਇਆ। ਹੁਣ ਅਸੀਂ ਬੜੀ ਸਖ਼ਤੀ ਨਾਲ ਦੋਨਾਂ ਐਡਮਨਿਸਟਰੇਸ਼ਨਾਂ ਨਾਲ ਕਦਮ ਚੁੱਕੇ ਹਨ ਔਰ ਐਗਰੀਮੈਂਟ ਹੋ ਗਿਆ ਹੈ। ਜਿਹੜੀਆਂ ਪਹਿਲਾਂ ਚੱਲ ਚੁੱਕੀਆਂ ਹਨ, ਉਨ੍ਹਾਂ ਦੇ ਚਲਾਨ ਕੀਤੇ ਹਨ ਅਤੇ ਅੱਗੇ ਤੋਂ ਸੀ.ਟੀ.ਯੂ. ਦੀਆਂ ਬੱਸਾਂ ਦਾ ਪੰਜਾਬ ਵਿੱਚ ਇਲਲੀਗਲ ਅਪ੍ਰੇਸ਼ਨ ਨਹੀਂ ਹੋਵੇਗਾ। ਇਸ ਲਈ ਸਰਕਾਰ ਸਖ਼ਤੀ ਨਾਲ ਕਦਮ ਚੁੱਕ ਰਹੀ ਹੈ।

**ਸਰਦਾਰ ਗਗਨਦੀਪ ਸਿੰਘ ਬਰਨਾਲਾ** : ਸਪੀਕਰ ਸਾਹਿਬ, ਇਹ ਬੜੀ ਅੱਛੀ ਗੱਲ ਹੋ ਗਈ ਹੈ ਕਿ ਜਿਹੜਾ ਐਗਰੀਮੈਂਟ 1966 ਤੋਂ ਨਹੀਂ ਸੀ ਹੋਇਆ, ਉਹ ਹੁਣ ਹੋ ਗਿਆ ਹੈ ਲੇਕਿਨ ਜਿਹੜਾ ਹੁਣ ਐਗਰੀਮੈਂਟ ਹੋਇਆ ਹੈ ਉਸ ਦੇ ਸਪੈਨ ਦੇ ਦੌਰਾਨ ਜਿਹੜੇ ਲਾਸਿਜ਼ ਹੋਏ ਹਨ ਉਸ ਬਾਰੇ ਮੰਤਰੀ ਜੀ ਕੀ ਕਾਰਵਾਈ ਕਰਨਗੇ, ਕੀ ਸਟੈਪ ਚੁਕਣਗੇ ?

**ਮੰਤਰੀ** : ਸਪੀਕਰ ਸਾਹਿਬ, ਜਿਹੜਾ ਐਗਰੀਮੈਂਟ ਹੋਇਆ ਹੈ ਉਹ ਇਸ ਤਰ੍ਹਾਂ ਸੀ ਕਿ ਪਹਿਲਾਂ ਸਾਡੇ ਪੰਜਾਬ ਦੇ ਵਿੱਚ ਸੀ.ਟੀ.ਯੂ. ਵਾਲਿਆਂ ਦੀਆਂ ਬੱਸਾਂ ਜ਼ਿਆਦਾ ਮਾਈਲੇਜ਼ ਉਪਰੇਸ਼ਨ ਕਰਦੀਆਂ ਸਨ ਅਤੇ ਸਾਡੀਆਂ ਬੱਸਾਂ ਘੱਟ ਕਰਦੀਆਂ ਸਨ ਲੇਕਿਨ ਹੁਣ ਇਸ ਤਰ੍ਹਾਂ ਐਗਰੀਮੈਂਟ ਕੀਤਾ ਗਿਆ ਹੈ ਜਿਸ ਦੇ ਤਹਿਤ ਉਤਨੀ ਹੀ ਮਾਈਲੇਜ਼ ਉਹ ਸਾਡੇ ਪੰਜਾਬ ਵਿੱਚ ਚਲਾਉਣ ਅਤੇ ਉਤਨੀ ਹੀ ਮਾਈਲੇਜ਼ ਅਸੀਂ ਚੰਡੀਗੜ੍ਹ ਵਿਖੇ ਚਲਾਵਾਂਗੇ।

**ਸਰਦਾਰ ਗੋਬਿੰਦ ਸਿੰਘ ਲੌਂਗੋਵਾਲ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਦਿਨਾਂ ਦੇ ਵਿੱਚ ਵੀ ਅਖਬਾਰਾਂ ਦੇ ਵਿੱਚ ਕਈ ਤਰ੍ਹਾਂ ਦੀਆਂ ਖਬਰਾਂ ਛਪੀਆਂ ਸਨ ਕਿ ਲੁਧਿਆਣਾ, ਜਲੰਧਰ ਰੂਟ ਦੇ ਉਤੇ ਬਿਨਾਂ ਪਰਮਿਟ ਤੋਂ ਬੱਸਾਂ ਚਲਦੀਆਂ ਪਾਈਆਂ ਗਈਆਂ ਸਨ, ਜਿਹੜੀਆਂ ਫੜ੍ਹੀਆਂ ਗਈਆਂ ਸਨ, ਉਨ੍ਹਾਂ ਬੱਸਾਂ ਦੀ ਗਿਣਤੀ ਕਿੰਨੀ ਸੀ।

**ਮੰਤਰੀ** : ਸਪੀਕਰ ਸਾਹਿਬ, ਇਹ ਸਪੈਸੇਫਿਕ ਸਵਾਲ ਕਰ ਦੇਣ ਮੈਂ ਜਵਾਬ ਦੇ ਦਿਆਂਗਾ ਲੇਕਿਨ 63 ਲੱਖ ਰੁਪਿਆ ਅਸੀਂ ਪਿਛਲੀਆਂ ਤਿੰਨ ਚੈਕਿੰਗਾਂ ਦੇ ਦੌਰਾਨ ਵਸੂਲ ਕੀਤਾ ਹੈ।

**ਮਾਨਯੋਗ ਸਪੀਕਰ** : ਨੈਕਸਟ ਕੁਐਸਚਨ, ਸਰਦਾਰ ਮਨਪ੍ਰੀਤ ਸਿੰਘ ਬਾਦਲ।

---

Original with;
Punjab Vidhan Sabha
Digitized by;
Panjab Digital Library

## ਸਹਾਇਤਾ ਪ੍ਰਾਪਤ ਸਕੂਲਾਂ ਨੂੰ ਸਹਾਇਤਾ ਗ੍ਰਾਂਟ ਦੀ ਵੰਡ

*1468. **ਸਰਦਾਰ ਮਨਪ੍ਰੀਤ ਸਿੰਘ ਬਾਦਲ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2002-03, 2003-04 ਅਤੇ 2004-05 ਦੇ ਦੌਰਾਨ ਰਾਜ ਵਿੱਚ ਸਹਾਇਤਾ ਪ੍ਰਾਪਤ ਸਕੂਲਾਂ ਨੂੰ ਸਹਾਇਤਾ ਗ੍ਰਾਂਟ ਵਜੋਂ ਸਾਲ-ਵਾਰ ਕਿੰਨੀ ਰਾਸ਼ੀ ਵੰਡੀ ਗਈ ?

**ਸ਼੍ਰੀ ਹਰਨਾਮ ਦਾਸ ਜੌਹਰ** : ਸੂਚਨਾ ਅਨੁਲੱਗ ਅਨੁਸਾਰ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

### ਅਨੁਲੱਗ

ਪੰਜਾਬ ਰਾਜ ਦੇ ਮਾਨਤਾ ਅਤੇ ਸਹਾਇਤਾ ਪ੍ਰਾਪਤ ਸਕੂਲਾਂ ਨੂੰ ਸਾਲ-ਵਾਰ ਵੰਡੀ ਗਈ ਗ੍ਰਾਂਟ-ਇੰਨ-ਏਡ ਦੀ ਰਕਮ ਹੇਠ ਲਿਖੇ ਅਨੁਸਾਰ ਹੈ :—

| ਸਾਲ | ਵੰਡੀ ਗਈ ਰਕਮ |
|---|---|
| 2002-2003 | 9608.67 ਲੱਖ |
| 2003-2004 | 9551.94 ਲੱਖ |
| 2004-2005 | 10583.31 ਲੱਖ |

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਗਰਾਂਟ-ਇੰਨ-ਏਡ ਸਕੂਲਜ਼ ਨੂੰ ਦਿੱਤੀ ਜਾਂਦੀ ਹੈ, ਜਿਸ ਤਰ੍ਹਾਂ ਪਿਛਲੇ ਸਵਾਲ ਦੇ ਵਿੱਚ ਟਰਾਂਸਪੋਰਟ ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਪੀ.ਆਰ.ਟੀ.ਸੀ. ਨੂੰ 875 ਲੱਖ ਰੁਪਏ ਦੀ ਗਰਾਂਟ-ਇੰਨ-ਏਡ ਦੇ ਦਿੱਤੀ ਜਾਵੇਗੀ। ਲੇਕਿਨ ਜਿਹੜੇ ਪ੍ਰਾਈਵੇਟ ਸਕੂਲ ਹਨ ਉਨ੍ਹਾਂ ਨੂੰ ਗ੍ਰਾਂਟ-ਇੰਨ-ਏਡ ਦੇਣ ਵਿੱਚ ਪਿਛਲੇ ਤਿੰਨ ਸਾਲਾਂ ਦੇ ਵਿੱਚ ਕਮੀ ਆਈ ਹੈ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਦੀ ਇਹ ਗਰਾਂਟ-ਇੰਨ-ਏਡ ਦੀ ਕੀ ਪਾਲਿਸੀ ਹੈ, ਕੀ ਇਹ ਇਸ ਦੇ ਵਿੱਚ ਇਜ਼ਾਫਾ ਕਰਨਗੇ ਜਾਂ ਇਸ ਸਕੀਮ ਨੂੰ ਬੰਦ ਕਰਨਗੇ, ਇਸ ਦੇ ਬਾਰੇ ਸਪੱਸ਼ਟ ਕਰਨ ?

**ਮੰਤਰੀ** : ਸਪੀਕਰ ਸਾਹਿਬ, ਇਹ ਗਰਾਂਟ-ਇੰਨ-ਏਡ ਸਾਲ 1967 ਤੋਂ ਸ਼ੁਰੂ ਹੋਈ ਸੀ ਔਰ ਉਸ ਵਕਤ ਜਿਹੜੇ 478 ਸਕੂਲ ਸਨ ਉਨ੍ਹਾਂ ਵਿੱਚ 9547 ਟੀਚਰ ਸਨ। ਉਨ੍ਹਾਂ ਦੀ ਡਿਮਾਂਡ ਆਉਣ ਤੇ ਉਨ੍ਹਾਂ ਨੂੰ ਇਹ ਦਿੱਤੀ ਜਾਂਦੀ ਸੀ। ਪਿਛਲੇ ਤਿੰਨ ਸਾਲਾਂ ਵਿਚ ਜਿੰਨੀ ਡਿਮਾਂਡ ਆਈ ਹੈ ਉਹ ਪੂਰੀ ਦਿੱਤੀ ਹੈ। ਇਸ ਸਾਲ ਦੇ ਅੰਦਰ ਤਿੰਨ ਮਹੀਨਿਆਂ ਦੀ ਡਿਮਾਂਡ ਹਾਲੇ ਪੂਰੀ ਨਹੀਂ ਹੋਈ, ਇਸ ਦਾ ਕਾਰਨ ਇਹ ਹੈ ਕਿ ਜਦੋਂ ਸਕੂਲਾਂ ਵਾਲੇ ਕਲੇਮ ਭੇਜਦੇ ਹਨ ਉਸ ਨੂੰ ਚੈਕ ਕੀਤਾ ਜਾਂਦਾ ਹੈ ਔਰ 15 ਦਿਨਾਂ ਦੇ ਅੰਦਰ-ਅੰਦਰ ਪੇਮੈਂਟ ਕੀਤੀ ਜਾਂਦੀ ਹੈ। ਹੁਣ ਤੱਕ ਸਾਰੇ ਪੰਜਾਬ ਦੇ ਵਿਚੋਂ ਸਿਰਫ 4 ਜ਼ਿਲ੍ਹਿਆਂ ਵਿਚੋਂ ਕਲੇਮ ਆਏ ਹਨ ਉਨ੍ਹਾਂ ਚਾਰਾਂ ਦੇ ਚਾਰਾਂ ਨੂੰ 15 ਦਿਨਾਂ ਦੇ ਅੰਦਰ-ਅੰਦਰ ਪੇਮੈਂਟ ਹੋ ਜਾਵੇਗੀ।

Original with;
Punjab Vidhan Sabha
Digitized by;
Panjab Digital Library

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਦੂਸਰਾ ਸਵਾਲ ਪੁੱਛ ਲੈਂਦਾ ਹਾਂ ਕਿ ਜਿਹੜੀ ਇਹ ਏਡ ਦਿੱਤੀ ਜਾਂਦੀ ਹੈ ਕਿ ਇਹ 95% ਹੈ ਜਾਂ 85% ਹੁੰਦੀ ਹੈ। ਜਿੰਨੀ ਸਕੂਲ ਗਰਾਂਟ-ਇੰਨ-ਏਡ ਕਲੇਮ ਕਰਦਾ ਹੈ ਉਹੀ ਦਿੱਤੀ ਜਾਂਦੀ ਹੈ ਅਤੇ ਕੀ ਸਰਕਾਰ ਫੀਸ ਫਿਕਸ ਕਰਦੀ ਹੈ ਜਾਂ ਸਕੂਲ ਵਾਲੇ ਆਪਣੀ ਮਰਜ਼ੀ ਮੁਤਾਬਿਕ ਜਿੰਨੀ ਮਰਜ਼ੀ ਲੈ ਸਕਦੇ ਹਨ ?

**ਮੰਤਰੀ** : ਜਿਹੜੀ ਏਡ ਸਕੂਲਾਂ ਨੂੰ ਦਿੱਤੀ ਜਾਂਦੀ ਹੈ ਉਹ 95% ਦਿੱਤੀ ਜਾਂਦੀ ਹੈ। ਜਿਹੜੀ ਫੀਸ ਫਿਕਸ ਕੀਤੀ ਜਾਂਦੀ ਹੈ ਉਹ ਉਸ ਤੋਂ ਵੱਧ ਨਹੀਂ ਲੈ ਸਕਦੇ।

**ਸਰਦਾਰ ਤੋਤਾ ਸਿੰਘ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ 478 ਸਕੂਲ ਹਨ, ਇਨ੍ਹਾਂ ਵਿੱਚ ਸਾਢੇ ਚਾਰ ਲੱਖ ਬੱਚੇ ਪੜ੍ਹਦੇ ਹਨ ਅਤੇ 10 ਹਜ਼ਾਰ ਟੀਚਰ ਕੰਮ ਕਰਦੇ ਹਨ। ਇਨ੍ਹਾਂ ਦੇ ਬਾਰੇ ਸਾਰਿਆਂ ਨੂੰ ਪਤਾ ਹੀ ਹੈ ਕਿ ਕਿੰਨੇ ਦਿਨ ਉਹ ਆਪਣੀਆਂ ਮੰਗਾਂ ਜਿਵੇਂ ਪੈਨਸ਼ਨ ਅਤੇ ਬਕਾਏ ਬਾਰੇ ਮਟਕਾ ਚੌਂਕ ਉਤੇ ਬੈਠੇ ਰਹੇ ਹਨ ਜਿਨ੍ਹਾਂ ਦੇ ਵਿੱਚ ਬੀਬੀਆਂ ਵੀ ਸ਼ਾਮਲ ਹੋਈਆਂ ਸਨ। ਮੰਤਰੀ ਜੀ ਇਨ੍ਹਾਂ ਟੀਚਰਾਂ ਦੀਆਂ ਪੈਨਸ਼ਨਾਂ ਤੇ ਬਕਾਏ ਬਾਰੇ ਕੀ ਕਾਰਵਾਈ ਕਰ ਰਹੇ ਹਨ ?

**ਮੰਤਰੀ** : ਸਪੀਕਰ ਸਾਹਿਬ, ਇਸ ਸਵਾਲ ਦਾ ਮੈਂ ਜਵਾਬ ਦੇ ਚੁੱਕਾ ਹਾਂ ਕਿ ਜਿਹੜੀਆਂ ਪੁਰਾਣੀਆਂ ਸਨ ਉਹ ਬੰਦ ਹੋ ਗਈਆਂ ਹਨ..... ਬੰਦ ਹੋ ਗਈਆਂ ਹਨ ਇਹੀ (ਵਿਰੋਧੀ ਧਿਰਾਂ ਵੱਲ ਇਸ਼ਾਰਾ) ਬੰਦ ਕਰਕੇ ਗਏ ਹਨ। ਇਸ ਤੋਂ ਬਾਅਦ ਨਵੀਂ ਪੈਨਸ਼ਨ ਸਕੀਮ ਅਸੀਂ ਭੇਜੀ ਹੋਈ ਹੈ ਉਹ ਜਦੋਂ ਮਨਜ਼ੂਰ ਹੋ ਗਈ, ਉਦੋਂ ਮਿਲ ਜਾਵੇਗੀ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਅਖੀਰਲਾ ਸਵਾਲ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ.......

**ਸਰਦਾਰ ਤੋਤਾ ਸਿੰਘ** : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਬਹੁਤ ਜ਼ਰੂਰੀ ਹੈ ਮੇਰਾ ਸਵਾਲ..........

**ਮਾਨਯੋਗ ਸਪੀਕਰ** : ਉਹ ਸਵਾਲ ਕਰ ਰਹੇ ਹਨ, ਸਪਲੀਮੈਂਟਰੀ ਕਰ ਰਹੇ ਹਨ, ਮਨਪ੍ਰੀਤ ਜੀ, ਮੈਂ ਉਨ੍ਹਾਂ ਨੂੰ ਹਟਾ ਥੋੜ੍ਹਾ ਸਕਦਾ ਹਾਂ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਮੇਰਾ ਅਖੀਰਲਾ ਸਵਾਲ ਮੰਤਰੀ ਜੀ ਨੂੰ ਇਹ ਹੈ ਕਿ 467 ਸਕੂਲ ਜਾਂ ਜਿੰਨੇ ਦੱਸੇ ਹਨ ਇਸ ਵਿਚ 1967 ਤੋਂ ਬਾਅਦ ਹੋਰ ਨਵੇਂ ਸਕੂਲ ਸ਼ਾਮਲ ਹੋਏ ਹਨ ਜਾਂ 1967 ਦੇ ਵੇਲੇ ਤੋਂ ਹੀ ਉਹੀ ਸਕੂਲ ਹਨ ?

**ਮੰਤਰੀ** : ਇਨ੍ਹਾਂ ਤੋਂ ਬਾਅਦ ਕੋਈ ਐਡ ਨਹੀਂ ਕੀਤਾ ਗਿਆ।

**ਮਾਨਯੋਗ ਸਪੀਕਰ** : ਨੈਕਸਟ ਕੁਐਸਚਨ, ਸਰਦਾਰ ਸੁਰਜੀਤ ਸਿੰਘ ਰੱਖੜਾ।

**ਸਰਦਾਰ ਤੋਤਾ ਸਿੰਘ** : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਬਹੁਤ ਜ਼ਰੂਰੀ ਸੀ।

**ਮਾਨਯੋਗ ਸਪੀਕਰ** : ਮੈਂ ਨੈਕਸਟ ਕੁਐਸਚਨ ਕਾਲ ਕਰ ਲਿਆ ਹੈ। ਹੁਣ ਨਹੀਂ ਜੀ। ਤੁਸੀਂ ਬੈਠੋ।

Original with;
Punjab Vidhan Sabha
Digitized by;
Panjab Digital Library

## ਦਿਹਾਤੀ ਵਿਕਾਸ ਲਈ ਸੀ.ਡੀ. 2.35 ਸਕੀਮ

*1483. **ਸਰਦਾਰ ਸੁਰਜੀਤ ਸਿੰਘ ਰੱਖੜਾ** : ਕੀ ਐਨ.ਆਰ.ਆਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਸੀ. ਡੀ. 2.35 ਸਕੀਮ ਨਾਲ ਸਬੰਧਤ ਕੰਮ ਪ੍ਰਵਾਸੀ ਭਾਰਤੀ (ਐਨ.ਆਰ.ਆਈ.) ਵਿਭਾਗ ਨੂੰ ਤਬਦੀਲ ਕਰ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਕਾਰਣ ਕੀ ਹਨ ;

(ਅ) ਕੀ ਸਰਕਾਰ ਨੂੰ 2.35 ਸੀ.ਡੀ. ਸਕੀਮ ਅਧੀਨ ਵਿਕਾਸ ਕੰਮਾਂ ਲਈ ਸੂਬੇਦਾਰ ਕਰਤਾਰ ਸਿੰਘ ਰਾਜ ਵਿਕਾਸ ਫੰਡ ਟਰੱਸਟ ਪਟਿਆਲਾ ਤੋਂ ਕੋਈ ਪ੍ਰਾਜੈਕਟ ਪ੍ਰਾਪਤ ਹੋਏ ਹਨ; ਜੇਕਰ ਅਜਿਹਾ ਹੋਵੇ, ਤਾਂ ਉਸ ਤੇ ਕੀ ਕਾਰਵਾਈ ਕੀਤੀ ਗਈ ?

**ਸਰਦਾਰ ਅਮਰਜੀਤ ਸਿੰਘ ਸਮਰਾ** : (ੳ) ਹਾਂ ਜੀ, ਪੰਜਾਬ ਦੇ ਪ੍ਰਵਾਸੀ ਭਾਰਤੀਆਂ ਦੀ ਮੰਗ, ਉਨ੍ਹਾਂ ਨੂੰ ਪ੍ਰਤੀਦਿਨ ਪੇਸ਼ ਆ ਰਹੀਆਂ ਸਮੱਸਿਆਵਾਂ ਅਤੇ ਪਲਾਨ ਸਕੀਮ ਸੀ.ਡੀ. 2.35 ਅਧੀਨ ਐਨ.ਆਰ.ਆਈ. ਸ਼ੇਅਰਡ ਪ੍ਰੋਜੈਕਟਾਂ ਨੂੰ ਕੁਆਰਡੀਨੇਟ ਕਰਨ ਲਈ ਇਹ ਸਕੀਮ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਤੋਂ ਨਵੇਂ ਬਣਾਏ ਗਏ ਪ੍ਰਵਾਸੀ ਭਾਰਤੀ ਮਾਮਲੇ ਵਿਭਾਗ ਨੂੰ ਤਬਦੀਲ ਕੀਤੀ ਜਾ ਚੁੱਕੀ ਹੈ।

(ਅ) ਹਾਂ ਜੀ, ਆਰਭੰਕ ਤੌਰ ਤੇ ਇਹ ਮਾਮਲਾ ਡੀ.ਸੀ. ਪਟਿਆਲਾ ਵੱਲੋਂ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨਾਲ ਉਠਾਇਆ ਗਿਆ ਸੀ ਉਸ ਵਿਭਾਗ ਵੱਲੋਂ ਡੀ.ਸੀ. ਪਟਿਆਲਾ ਨੂੰ ਸੂਚਿਤ ਕਰ ਦਿੱਤਾ ਗਿਆ ਸੀ ਕਿ ਉਹ ਇਹ ਮਾਮਲਾ ਪ੍ਰਵਾਸੀ ਭਾਰਤੀ ਮਾਮਲੇ ਵਿਭਾਗ ਨਾਲ ਉਠਾਉਣ, ਜਿਸ ਨੂੰ ਕਿ ਪਲਾਨ ਸਕੀਮ ਸੀ.ਡੀ. 2.35 ਵਿਚ ਤਬਦੀਲ ਕੀਤੀ ਜਾ ਚੁੱਕੀ ਸੀ। ਡੀ.ਸੀ. ਪਟਿਆਲਾ ਵੱਲ ਸੂਬੇਦਾਰ ਕਰਤਾਰ ਸਿੰਘ ਸਟੇਟ ਡਿਵੈਲਪਮੈਂਟ ਫੰਡ ਟਰੱਸਟ ਸਬੰਧੀ ਪ੍ਰੋਜੈਕਟਸ ਪਲਾਨ ਸਕੀਮ ਸੀ.ਡੀ. 2.35 ਅਧੀਨ ਜਾਰੀ ਹਦਾਇਤਾਂ ਅਨੁਸਾਰ ਇਸ ਵਿਭਾਗ ਵਿੱਚ ਹਾਲੇ ਤੱਕ ਪ੍ਰਾਪਤ ਨਹੀਂ ਹੋਏ।

**ਸਰਦਾਰ ਸੁਰਜੀਤ ਸਿੰਘ ਰੱਖੜਾ** : ਸਪਲੀਮੈਂਟਰੀ, ਸਪੀਕਰ ਸਾਹਿਬ, ਕੀ ਮੰਤਰੀ ਜੀ ਇਹ ਦੱਸਣਗੇ ਕਿ ਸਾਢੇ ਤਿੰਨ ਸਾਲ ਹੋ ਗਏ ਹਨ 80 ਲੱਖ ਰੁਪਿਆ ਐਨ.ਆਰ.ਆਈਜ਼ ਦਾ ਸਰਕਾਰ ਕੋਲ ਜਮ੍ਹਾਂ ਹੋ ਚੁੱਕਾ ਹੈ। ਇਸ ਨਾਲ ਸਰਕਾਰ ਦਾ ਵੀ ਨੁਕਸਾਨ ਹੈ ਅਤੇ ਐਨ.ਆਰ.ਆਈਜ਼ ਦਾ ਵੀ ਬਹੁਤ ਨੁਕਸਾਨ ਹੈ। ਐਨ.ਆਰ.ਆਈਜ਼ ਇਥੇ ਆ ਕੇ ਕੰਮ ਕਰਨਾ ਚਾਹੁੰਦੇ ਹਨ, ਪਿੰਡ ਦੀ ਡਿਵੈਲਪਮੈਂਟ ਵਿਚ ਹਿੱਸਾ ਪਾਉਣਾ ਚਾਹੁੰਦੇ ਹਨ ਪਰ ਸਾਢੇ ਤਿੰਨ ਸਾਲ ਹੋ ਚੁੱਕੇ ਹਨ, ਕੀ ਮੰਤਰੀ ਜੀ ਇਸ ਬਾਰੇ ਦੱਸਣਗੇ ਕਿ ਇਸ ਪ੍ਰਾਜੈਕਟ ਬਾਰੇ ਇਸ ਤਰ੍ਹਾਂ ਐਨ.ਆਰ.ਆਈਜ਼ ਕਿਵੇਂ ਕੰਮ ਕਰਨਗੇ ? ਕੀ ਇਹ ਇਸ ਬਾਰੇ ਟਾਈਮ ਬਾਊਂਡ ਕਰਨਗੇ ਕਿ ਜਦੋਂ ਐਨ.ਆਰ.ਆਈਜ਼ ਦਾ ਪੈਸਾ ਜਮ੍ਹਾ ਹੋ ਜਾਂਦਾ ਹੈ ਤਾਂ ਇਹ ਹਫ਼ਤੇ ਜਾਂ 10 ਦਿਨਾਂ ਦੇ ਅੰਦਰ ਉਹ ਪ੍ਰਾਜੈਕਟ ਨੂੰ ਸ਼ੁਰੂ ਕਰ ਦੇਣਗੇ।

**ਮੰਤਰੀ** : ਇਹ ਸਾਰਾ ਪ੍ਰਾਜੈਕਟ ਜੋ ਵੀ ਹੋਵੇ ਉਸ ਦੀ ਐਨ.ਆਰ.ਆਈ. ਡਿਪਾਰਟਮੈਂਟ ਕੋਲ ਜੋ ਵੀ ਇਸ ਤਰ੍ਹਾਂ ਦੀ ਸਕੀਮ ਆਉਂਦੀ ਹੈ ਇਸ ਸਬੰਧੀ ਸੀ.ਐਮ. ਸਾਹਿਬ ਨੇ 9 ਜੂਨ, 2005 ਨੂੰ ਮੀਟਿੰਗ ਕਰਕੇ ਇਸ ਸਬੰਧੀ ਹਾਈ ਲੈਵਲ ਦੀ ਕਮੇਟੀ ਬਣਾਈ ਹੈ। ਚੀਫ

Original with;
Punjab Vidhan Sabha
Digitized by;
Panjab Digital Library

[ਐਨ.ਆਰ.ਆਈਜ਼ ਮੰਤਰੀ]

ਸੈਕਟਰੀ ਸਾਹਿਬ ਕੋਲ ਉਹ ਸਕੀਮ ਆਵੇਗੀ, ਡੀ.ਸੀ. ਉਸ ਸਕੀਮ ਨੂੰ ਭੇਜਣਗੇ ਅਤੇ ਫੇਰ ਸਾਰਾ ਪ੍ਰਾਜੈਕਟ ਇਕ ਸਾਲ ਵਿਚ ਕੰਪਲੀਟ ਹੋ ਜਾਵੇਗਾ। ਜਿਹੜੇ ਨੇ ਵੀ ਪੂਰੇ ਕਾਗਜ਼ਾਤ ਕੰਪਲੀਟ ਕਰਕੇ ਅਪਲਾਈ ਕੀਤਾ ਉਸ ਦੀ ਸਕੀਮ ਸਿਰੇ ਚੜ੍ਹਾਈ ਗਈ ਹੈ। ਜਿਵੇਂ ਬ੍ਰਹਮਪੁਰਾ ਨੂੰ 24 ਲੱਖ ਦੇ ਚੁੱਕੇ ਹਾਂ। ਹੁਸ਼ਿਆਰਪੁਰ ਵਿਚ 14 ਲੱਖ 50 ਹਜ਼ਾਰ ਜਾਰੀ ਕਰ ਰਹੇ ਹਾਂ। ਨਵਾਂ ਸ਼ਹਿਰ ਵਿਚ ਪ੍ਰਾਜੈਕਟ ਪ੍ਰਵਾਨ ਹੋ ਗਿਆ ਹੈ। ਰੱਖੜਾ ਸਾਹਿਬ ਦਾ ਜਿਹੜਾ ਪ੍ਰਾਜੈਕਟ ਹੈ ਇਹ ਸਾਡੇ ਡਿਪਾਰਟਮੈਂਟ ਨੂੰ ਦੇਣ ਤਾਂ ਜਲਦੀ ਤੋਂ ਜਲਦੀ ਸਾਰਾ ਕੰਮ ਸਿਰੇ ਚਾੜ੍ਹ ਦੇਵਾਂਗੇ।

**ਸਰਦਾਰ ਸੁਰਜੀਤ ਸਿੰਘ ਰੱਖੜਾ** : ਸਪੀਕਰ ਸਾਹਿਬ, ਮੇਰਾ ਸਵਾਲ ਇਹ ਹੈ ਕਿ ਜਦੋਂ ਸਾਰੇ ਕਾਗਜ਼ ਕੰਪਲੀਟ ਹੋ ਜਾਂਦੇ ਹਨ, ਪੈਸੇ ਆ ਜਾਂਦੇ ਹਨ ਉਸ ਤੋਂ ਬਾਅਦ ਹਫ਼ਤੇ ਜਾਂ 10 ਦਿਨ ਲਈ ਇਹ ਟਾਈਮ ਬਾਊਂਡ ਕਰ ਦੇਣਗੇ ਤਾਂ ਕਿ ਕੰਮ ਸ਼ੁਰੂ ਹੋ ਜਾਣ ?

**ਮੰਤਰੀ** : ਹਫ਼ਤੇ ਜਾਂ 10 ਦਿਨ ਵਿਚ ਕੋਈ ਕੰਮ ਨਹੀਂ ਹੋ ਸਕਦਾ। ਇਸ ਦੀ ਮਹੱਤਤਾ ਨੂੰ ਦੇਖਦਿਆਂ ਹੋਇਆ ਸੀ.ਐਮ. ਸਾਹਿਬ ਨੇ ਜਦੋਂ ਤੋਂ ਅਹੁਦਾ ਸੰਭਾਲਿਆ ਹੈ ਐਨ.ਆਰ.ਆਈਜ਼ ਦਾ ਵੱਖਰਾ ਡਿਪਾਰਟਮੈਂਟ ਬਣਾ ਦਿਤਾ ਹੈ। ਇਸੇ ਤਰ੍ਹਾਂ ਐਨ.ਆਰ.ਆਈ. ਸਭਾ ਉਨ੍ਹਾਂ ਦੀ ਬਿਹਤਰੀ ਲਈ ਕੰਮ ਕਰ ਰਹੀ ਹੈ। ਇਨ੍ਹਾਂ ਦੀਆਂ ਜੋ ਜੋ ਮੰਗਾਂ ਹਨ ਜਿਵੇਂ ਲੰਬੜਦਾਰ ਬਣਾਉਣਾ ਜਿਸ ਪਿੰਡ ਦੇ 20 ਪਰਿਵਾਰ ਬਾਹਰ ਗਏ ਹੋਏ ਹਨ। ਇਸ ਦੇ ਨਾਲ ਹੀ ਫਾਸਟ ਟਰੈਕ ਕੋਰਟਾਂ, ਰੈਵੇਨਿਊ ਦੀ ਤਾਂ ਸ਼ੁਰੂ ਕਰ ਦਿਤੀ ਹੈ, ਦੂਜੀਆਂ ਦਾ ਮੈਟਰ ਟੇਕ ਅੱਪ ਕੀਤਾ ਹੈ ਉਸ ਦੀ ਹਾਲੇ ਪਰਮਿਸ਼ਨ ਨਹੀਂ ਮਿਲੀ। ਇਨ੍ਹਾਂ ਪ੍ਰਵਾਸੀ ਵੀਰਾਂ ਦੀ ਭਲਾਈ ਲਈ ਸਰਕਾਰ ਇਸ ਗੱਲੋਂ ਬੜੀ ਤਤਪਰ ਹੈ।

---

## ਸਹਿਕਾਰੀ ਖੰਡ ਮਿਲਾਂ ਦਾ ਨਿੱਜੀਕਰਣ

*1512. **ਸਰਦਾਰ ਸੁਰਜੀਤ ਸਿੰਘ ਰੱਖੜਾ** : ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿੱਚ ਸਹਿਕਾਰੀ ਖੰਡ ਮਿਲਾਂ ਦਾ ਨਿੱਜੀਕਰਣ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਉਕਤ ਮਿਲਾਂ ਵਿਚ ਕੰਮ ਕਰ ਰਹੇ ਕਾਮਿਆਂ ਨੂੰ ਐਡਜਸਟ ਕਰਨ ਲਈ ਕੀ ਤਜਵੀਜ਼ ਹੈ ?

**ਸਰਦਾਰ ਜਸਜੀਤ ਸਿੰਘ ਰੰਧਾਵਾ** : ਹਾਲੇ ਤੱਕ ਕੋਈ ਫੈਸਲਾ ਨਹੀਂ ਲਿਆ ਗਿਆ। ਇਹ ਮਾਮਲਾ ਵਿਚਾਰ ਅਧੀਨ ਹੈ।

**ਸਰਦਾਰ ਸੁਰਜੀਤ ਸਿੰਘ ਰੱਖੜਾ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਈ ਸ਼ੂਗਰ ਮਿੱਲਾਂ ਬੰਦ ਹੋਈਆਂ ਨੂੰ ਤਕਰੀਬਨ ਦੋ-ਦੋ ਸਾਲ ਦਾ ਸਮਾਂ ਹੋ ਗਿਆ ਹੈ। ਮੁਲਾਜ਼ਮਾਂ ਦੀ ਸੈਲਰੀ ਦਾ ਤਕਰੀਬਨ 22-22/23-23 ਲੱਖ ਰੁਪਿਆ ਮਹੀਨੇ ਦਾ ਪੈ ਰਿਹਾ ਹੈ। ਬਿਜਲੀ ਦੇ ਬਿੱਲ ਵੀ ਦੋ-ਢਾਈ ਲੱਖ ਰੁਪਏ ਦੇ ਆ ਰਹੇ ਹਨ। ਕਿਸਾਨਾਂ ਦਾ ਬਕਾਇਆ ਵੀ ਤਕਰੀਬਨ ਸਾਢੇ ਤਿੰਨ ਸਾਲ ਦਾ ਖੜ੍ਹਿਆ ਹੈ। ਲਾਇਬਿਲਟੀਜ਼ ਦਿਨ-ਬ-ਦਿਨ ਵਧ ਰਹੀਆਂ ਹਨ। ਕੀ ਇਹ ਕੋਈ ਫੈਸਲਾ ਕਰਨਗੇ ਕਿ ਇਹ ਮਿੱਲਾਂ ਚਲਾਉਣੀਆਂ ਹਨ ਜਾਂ ਨਹੀਂ ?

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਹਾਂ ਜੀ, ਦੱਸੋ, ਕੀ ਜਿਹੜੀਆਂ ਮਿੱਲਾਂ ਬੰਦ ਹਨ, ਉਹ ਚਲਾਉਗੇ ਜਾ ਨਹੀਂ ?

**ਮੰਤਰੀ** : ਸਪੀਕਰ ਸਾਹਿਬ, ਮਿਤੀ 28 ਦਸੰਬਰ, 2004 ਨੂੰ ਕੈਬਨਿਟ ਡਿਸਇਨਵੈਸਟਮੈਂਟ ਕਮੇਟੀ ਦੀ ਮੀਟਿੰਗ ਮਾਨਯੋਗ ਮੁੱਖ ਮੰਤਰੀ ਜੀ ਦੀ ਚੇਅਰਮੈਨਸ਼ਿਪ ਥੱਲੇ ਜਗਰਾਉਂ, ਜ਼ੀਰਾ, ਮਲੋਟ ਅਤੇ ਪਟਿਆਲਾ ਦੀਆ ਸ਼ੂਗਰ ਮਿੱਲਾਂ ਨੂੰ ਵੇਚਣ ਸਬੰਧੀ ਹੋਈ ਹੈ। ਪਿਛਲੇ ਸੀਜ਼ਨ ਵੇਲੇ ਪਟਿਆਲਾ ਅਤੇ ਜਗਰਾਉਂ ਦੀਆ ਮਿੱਲਾਂ ਨਹੀਂ ਚਲੀਆਂ। ਜ਼ੀਰਾ ਮਿੱਲ ਚਲ ਕੇ ਬੰਦ ਹੋ ਗਈ ਸੀ। ਪੰਜਾਬ ਵਿਚ ਖਾਸ ਕਰਕੇ ਇਨ੍ਹਾਂ ਤਿੰਨ ਮਿੱਲਾਂ ਵਿਚ ਗੰਨੇ ਦੀ ਬੜੀ ਸ਼ਾਰਟੇਜ ਰਹੀ ਹੈ। ਇਨ੍ਹਾਂ ਵਿਚੋਂ ਦੋ ਮਿੱਲਾਂ ਦੇ ਵਿੱਚ ਕੋਆਪਰੇਟਿਵ ਸੋਸਾਇਟੀ ਦੇ ਐਕਟ, 1961 ਦੇ ਸੈਕਸ਼ਨ 50 ਦੇ ਮੁਤਾਬਿਕ ਰਜਿਸਟਰਾਰ ਨੇ ਸਮਾਪਤੀ ਦਾ ਫੈਸਲਾ ਕਰ ਲਿਆ ਸੀ। ਬਾਕੀ ਦੀਆਂ ਜਿਹੜੀਆਂ ਮਿੱਲਾਂ ਹਨ, ਉਹ ਐਂਤਕੀਂ ਸੀਜ਼ਨ ਦੇ ਵਿਚ ਚਲਣਗੀਆਂ।

**ਸਰਦਾਰ ਮਨਪ੍ਰੀਤ ਸਿੰਘ ਬਾਦਲ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੀ ਮਾਰਫ਼ਤ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਜਿਹੜੇ ਕਿਸਾਨ ਘੁਲਾੜੀ ਤੇ ਗੁੜ ਬਣਾਉਂਦੇ ਹਨ, ਉਨ੍ਹਾਂ ਤੇ ਗੁੜ ਬਣਾਉਣ ਦੀ ਪਾਬੰਦੀ ਲਗਾ ਦਿੱਤੀ ਹੈ। ਗੁੜ ਗੈਰ-ਕਾਨੂੰਨੀ ਹੈ। ਪੰਜਾਬ ਦੇ ਵਿਚ ਹੁਣ ਕੋਈ ਗੁੜ ਨਹੀਂ ਬਣਾ ਸਕਦਾ। ਕੀ ਇਸ ਫੈਸਲੇ ਨੂੰ ਰੱਦ ਕਰਨ ਲਈ ਇਹ ਕੋਈ ਕਦਮ ਚੁੱਕਣਗੇ ?

**ਮੰਤਰੀ** : ਸਪੀਕਰ ਸਾਹਿਬ, ਇਸ ਸਮੇਂ ਕਿਸਾਨ ਘੁਲਾੜੀਆਂ ਤੇ ਗੁੜ ਬਣਾ ਰਹੇ ਹਨ ਅਤੇ ਕੋਈ ਪਾਬੰਦੀ ਨਹੀਂ ਲਗਾਈ ਹੋਈ।

(ਆਪੋਜੀਸ਼ਨ ਪਾਰਟੀ ਵਲੋਂ ਆਵਾਜ਼ਾਂ : ਪਰਚੇ ਹੋ ਗਏ ਸੀ, ਪਰਚੇ ਦਰਜ ਹੋ ਗਏ ਸੀ।)

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਤਿੰਨ ਮਿੱਲਾਂ ਵੇਚਣ ਦਾ ਫੈਸਲਾ ਕੀਤਾ ਗਿਆ ਹੈ ਜਿਸ ਦੇ ਵਿਚ ਜ਼ੀਰਾ ਦੀ ਖੰਡ ਮਿੱਲ ਵੀ ਇੱਕ ਹੈ। ਜਿਥੋਂ ਤੱਕ ਜ਼ੀਰਾ ਖੰਡ ਮਿੱਲ ਨੂੰ ਘਾਟਾ ਪੈਣ ਦਾ ਸਬੰਧ ਹੈ, ਇਹ 14ਵੇਂ ਨੰਬਰ ਤੇ ਹੈ। ਫਿਰ ਜ਼ੀਰਾ ਖੰਡ ਮਿੱਲ ਨੂੰ ਵੇਚਣ ਦਾ ਫੈਸਲਾ ਕਿਸ ਆਧਾਰ ਤੇ ਕੀਤਾ ਗਿਆ ਹੈ ? ਕਿਉਂਕਿ ਹੋਰ ਜਿਹੜੀਆਂ ਮਿੱਲਾਂ ਹਨ, ਉਹ ਇਸ ਤੋਂ ਵੀ ਵੱਧ ਘਾਟੇ ਵਿਚ ਹਨ ਅਤੇ ਉਨ੍ਹਾਂ ਕੋਲ ਗੰਨੇ ਦੀ ਬਰਾਮਦੀ ਵੀ ਘੱਟ ਹੈ ਪਰ ਉਨ੍ਹਾਂ ਨੂੰ ਵੇਚਿਆ ਨਹੀਂ ਜਾ ਰਿਹਾ। ਮੇਰਾ ਸਵਾਲ ਹੈ ਕਿ ਜ਼ੀਰਾ ਖੰਡ ਮਿੱਲ ਨੂੰ ਕਿਸ ਆਧਾਰ ਤੇ ਵੇਚਿਆ ਜਾ ਰਿਹਾ ਹੈ ? ਇਹ ਫੈਸਲਾ ਕਿਉਂ ਕੀਤਾ ਗਿਆ ਹੈ ?

**ਮੰਤਰੀ** : ਸਪੀਕਰ ਸਾਹਿਬ, ਜ਼ੀਰਾ ਖੰਡ ਮਿੱਲ ਚਲੀ ਨਹੀਂ ਹੈ। ਮਿਤੀ 24 ਮਾਰਚ, 2004 ਨੂੰ 9 ਕਰੋੜ 24 ਲੱਖ ਰੁਪਿਆ ਦੇਣਦਾਰੀਆਂ ਦਾ ਸੀ। ਮਿਤੀ 30 ਸਤੰਬਰ, 2005 ਤੱਕ ਪੰਜਾਬ ਸਰਕਾਰ ਤੇ ਸ਼ੂਗਰਫੈਡ ਨੇ ਆਪਣੇ ਵਸੀਲਿਆਂ ਤੋਂ 2 ਕਰੋੜ 40 ਲੱਖ ਰੁਪਿਆ ਦਿੱਤਾ ਹੈ। ਹੁਣ 6 ਕਰੋੜ 89 ਲੱਖ ਰੁਪਿਆ ਦੇਣਾ ਰਹਿੰਦਾ ਹੈ। ਇਸ ਮਿੱਲ ਦੀਆਂ ਦੇਣਦਾਰੀਆਂ ਜ਼ਿਆਦਾ ਰਹੀਆਂ ਹਨ। ਮੇਰਾ ਖਿਆਲ ਹੈ ਕਿ ਇਨ੍ਹਾਂ ਦੀ ਇਨਫਰਮੇਸ਼ਨ ਗਲਤ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਰਣਦੀਪ ਸਿੰਘ ਨਾਭਾ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਆਪ ਜੀ ਰਾਹੀਂ ਪੁੱਛਣਾ ਚਾਹੁੰਦਾ ਹਾਂ, ਪਿਛਲੀ ਵਾਰੀ ਵੀ ਮੈਂ ਜ਼ਿਕਰ ਕੀਤਾ ਸੀ ਕਿ ਵੈਸੇ ਤਾਂ 87 ਲੱਖ ਰੁਪਏ ਦੀ ਰੱਖੜਾ ਸ਼ੂਗਰ ਮਿੱਲ ਦੀ ਪੇਮੈਂਟ ਮੁਲਾਜ਼ਮਾਂ ਨੂੰ ਦੇਣ ਤੋਂ ਰਹਿੰਦੀ ਸੀ। ਇਸ ਵਿੱਚੋਂ ਕੁਝ ਪੇਮੈਂਟ ਤਾਂ ਹੋ ਗਈ ਸੀ ਪਰ ਬਾਕੀ ਰਹਿੰਦੀ ਪੇਮੈਂਟ ਕਦੋਂ ਤੱਕ ਪੂਰੀ ਹੋਣ ਦੀ ਸੰਭਾਵਨਾ ਹੈ ? ਇਸ ਮਿੱਲ ਦੀ ਕਾਫੀ ਦੁਰਦਸ਼ਾ ਹੈ। ਇਸ ਵਿਚ ਕੰਮ ਕਰਦੇ ਕਾਫੀ ਮੁਲਾਜ਼ਮ ਗਰੀਬ ਤਬਕੇ ਦੇ ਹਨ ਜਿਹੜੇ ਕਿ ਘਾਟਾ ਪੈਣ ਕਾਰਨ ਕਾਫੀ ਅਫੈਕਟਡ ਹਨ।

**ਮੰਤਰੀ** : ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਐਡਵਾਈਜ਼ਰ ਐਪੁਆਇੰਟ ਕਰਨ ਲਈ ਐਡਵਰਟਾਈਜ਼ਮੈਂਟ ਕੀਤੀ ਹੈ। ਜਦੋਂ ਐਡਵਾਈਜ਼ਰ ਐਪੁਆਇੰਟ ਹੋ ਜਾਵੇਗਾ ਤਾਂ ਉਹ ਇਨ੍ਹਾਂ ਮਿੱਲਾਂ ਦੀ ਸੇਲ ਵਾਸਤੇ ਫੈਸਲਾ ਕਰੇਗਾ ਅਤੇ ਕਮੇਟੀ ਨਿਰਧਾਰਤ ਕਰੇਗਾ। ਸੇਲ ਹੋਣ ਤੋਂ ਬਾਅਦ ਰੂਲਜ਼ ਅਤੇ ਰੈਗੂਲੇਸ਼ਨਜ਼ ਮੁਤਾਬਿਕ ਮੁਲਾਜ਼ਮਾਂ ਦੀਆਂ ਜਿਹੜੀਆਂ ਜਿਹੜੀਆਂ ਵੀ ਦੇਣਦਾਰੀਆਂ ਹੋਣਗੀਆਂ, ਉਹ ਦਿੱਤੀਆਂ ਜਾਣਗੀਆਂ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੈਂ ਆਪ ਜੀ ਦੀ ਮਾਰਫਤ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਵਿੱਚ ਜਿਹੜੀਆਂ ਪ੍ਰਾਈਵੇਟ ਖੰਡ ਮਿੱਲਾਂ ਹਨ ਉਨ੍ਹਾਂ ਵਿੱਚੋਂ ਇੱਕ ਵੀ ਮਿੱਲ ਬੰਦ ਨਹੀਂ ਹੋ ਰਹੀ। ਉਹ ਸਾਰੀਆਂ ਠੀਕ ਚਲ ਰਹੀਆਂ ਹਨ। ਕੀ ਸਰਕਾਰੀ ਖੇਤਰ ਵਿਚ ਕਿਸਾਨਾਂ ਦੀ ਹੋ ਰਹੀ ਲੁੱਟ ਨੂੰ ਰੋਕਣ ਵਾਸਤੇ ਅਤੇ ਡਾਈਵਰਸੀਫਿਕੇਸ਼ਨ ਕਰਨ ਵਾਸਤੇ ਇਹ ਆਪਣੀ ਮੈਨੇਜਮੈਂਟ ਨੂੰ ਠੀਕ ਹਾਲਤ ਵਿਚ ਕਰਕੇ ਇਨ੍ਹਾਂ ਮਿੱਲਾਂ ਨੂੰ ਚਾਲੂ ਕਰਨਗੇ, ਬਜਾਏ ਵੇਚਣ ਦੇ ?

**ਮੰਤਰੀ** : ਸਪੀਕਰ ਸਾਹਿਬ, ਮੈਨੇਜਮੈਂਟ ਦਾ ਸਵਾਲ ਨਹੀਂ ਹੈ। ਘਾਟੇ ਦਾ ਕਾਰਨ ਇੱਕ ਤਾਂ ਇਨ੍ਹਾਂ ਮਿੱਲਾਂ ਦੀ ਘੱਟ ਕੈਪੇਸਿਟੀ ਦਾ ਹੋਣਾ ਹੈ। ਕੁਝ ਮਿੱਲਾਂ ਦੀ ਕੈਪੇਸਿਟੀ 2500 ਟਨ ਹੈ ਅਤੇ ਕੁਝ ਦੀ ਸਾਢੇ 1200 ਟਨ ਹੈ। ਕੁਝ ਘਾਟਾ ਮਿੱਲਾਂ ਦੀ ਘੱਟ ਕੈਪੇਸਿਟੀ ਹੋਣ ਕਰਕੇ ਪਿਆ ਹੈ ਅਤੇ ਕੁਝ ਸ਼ੂਗਰਕੇਨ/ਗੰਨੇ ਦੀ ਘਾਟ ਹੋਣ ਕਰਕੇ ਪਿਆ ਹੈ। ਇਸ ਤੋਂ ਇਲਾਵਾ ਪ੍ਰਾਈਵੇਟ ਮਿੱਲਾਂ ਨਾਲੋਂ ਕੋਆਪਰੇਟ੍ਵਿ ਮਿੱਲਾਂ ਵਿਚ ਸਟਾਫ ਵੀ ਬਹੁਤ ਜ਼ਿਆਦਾ ਹੈ। ਜਿਸ ਕਾਰਨ ਇਸਟੈਬਲਿਸ਼ਮੈਂਟ ਦੇ ਖਰਚੇ ਵੀ ਉਨ੍ਹਾਂ ਨਾਲੋਂ ਬਹੁਤ ਜ਼ਿਆਦਾ ਪੈਂਦੇ ਹਨ। ਪਰ ਕੁਇੰਟਲ ਖਰਚਾ ਪ੍ਰਾਈਵੇਟ ਮਿੱਲਾਂ ਨਾਲੋਂ ਜ਼ਿਆਦਾ ਪੈ ਜਾਂਦਾ ਹੈ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹਾਂਗਾ ਕਿ ਗੰਨੇ ਦੀ ਅਤੇ ਸ਼ੂਗਰ ਮਿੱਲਾਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਪ੍ਰਾਬਲਮਜ਼ ਆ ਰਹੀਆਂ ਹਨ, ਕਿਤੇ ਗੁੜ ਬਣਾਉਣ ਉਤੇ ਪਾਬੰਦੀ ਹੈ, ਕਿਤੇ ਸ਼ੂਗਰ ਮਿੱਲ ਵਿੱਚ ਗੰਨਾ ਪੂਰਾ ਨਹੀਂ ਅਤੇ ਕਿਤੇ ਕਿਸਾਨ ਨੂੰ ਪੂਰੇ ਪੈਸੇ ਨਹੀਂ ਮਿਲਦੇ। ਮੈਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹਾਂਗਾ ਕਿ ਆਪਾਂ ਸ਼ੂਗਰਕੇਨ ਬਾਰੇ ਕੋਈ ਪੰਜਾਬ ਦੀ ਪਾਲਿਸੀ ਬਣਾ ਦੇਈਏ ਕਿ ਕਿੰਨਾ ਰਕਬਾ ਸਾਡੇ ਕੋਲ ਕਿੰਨੀਆਂ ਮਿੱਲਾਂ ਦੇ ਕੋਲ ਆ ਰਿਹਾ ਹੈ ਉੱਥੇ ਕਿਸ ਤਰ੍ਹਾਂ ਸੋਇੰਗ ਹੋਵੇਗੀ। ਕੀ ਆਪਾਂ ਪੰਜਾਬ ਵਿੱਚ ਹੀ ਸ਼ੂਗਰਕੇਨ ਪਾਲਿਸੀ ਬਣਾ ਸਕਦੇ ਹਾਂ ?

**ਮਾਨਯੋਗ ਸਪੀਕਰ** : ਹਾਂ ਜੀ, ਸੋਇੰਗ ਪਾਲਿਸੀ ਕੋਈ ਹੈ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਸਪੀਕਰ ਸਾਹਿਬ, ਪਾਲਿਸੀਆਂ ਤਾਂ ਬਣਦੀਆਂ ਰਹਿੰਦੀਆਂ ਹਨ ਲੇਕਿਨ ਜੋ ਇਨ੍ਹਾਂ ਨੇ ਗੱਲ ਕੀਤੀ ਹੈ ਸ਼ੂਗਰਕੇਨ ਅਧੀਨ ਏਰੀਆ ਘਟਿਆ ਹੈ, ਇਸ ਵਿੱਚ ਕੋਈ ਡਾਊਟ ਨਹੀਂ ਹੈ। ਜਿੱਥੋਂ ਤੱਕ ਫੰਕਸ਼ਨਿੰਗ ਆਫ਼ ਮਿਲਜ਼ ਦਾ ਸਵਾਲ ਹੈ ਔਰ ਇਕਾਨਮੀ ਆਨ ਦਾ ਸਕੇਲ ਹੈ, ਅੱਜ ਪ੍ਰਾਈਵੇਟ ਮਿੱਲਜ਼ 8 ਹਜ਼ਾਰ, 10 ਹਜ਼ਾਰ, 12 ਹਜ਼ਾਰ ਅਤੇ ਸਾਢੇ 12 ਹਜ਼ਾਰ ਟਨ ਦੀਆਂ ਚੱਲ ਰਹੀਆਂ ਹਨ with co-generation as part of the system. ਔਰ ਜਿਸ ਤਰ੍ਹਾਂ ਮੰਤਰੀ ਸਾਹਿਬ ਨੇ ਦੱਸਿਆ ਹੈ ਕਿ 1200 ਟਨ, ਜਾਂ 800 ਟਨ ਜਾਂ 3200 ਟਨ they are in capable of even reaching the break even point. ਔਰ ਜਦੋਂ ਤੱਕ ਮੈਸਿਵ ਇਨਵੈਸਟਮੈਂਟ ਨਹੀਂ ਹੁੰਦੀ ਜਿਹੜੀ 8 ਹਜ਼ਾਰ ਜਾਂ 10 ਹਜ਼ਾਰ ਤੱਕ ਨਹੀਂ ਲਿਜਾਂਦੇ ਅਤੇ ਨਾਲ ਦੀ ਨਾਲ ਕੋ-ਜੈਨਰੇਸ਼ਨ ਨਹੀਂ ਕਰਦੇ ਉਦੋਂ ਤੱਕ ਇਨ੍ਹਾਂ ਮਿੱਲਾਂ ਦਾ ਮੈਨੂੰ ਸਕਸੈਸਫੁੱਲ ਹੋਣਾ ਨਜ਼ਰ ਨਹੀਂ ਆਉਂਦਾ।

---

## ਅਨੁਸੂਚਿਤ ਕਬੀਲਿਆਂ ਦੀ ਸੂਚੀ ਵਿਚ ਸਾਂਸੀ ਕਬੀਲੇ ਨੂੰ ਸ਼ਾਮਿਲ ਕਰਨਾ

***1507. ਚੌਧਰੀ ਸੰਤੋਖ ਸਿੰਘ** : ਕੀ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅਨੁਸੂਚਿਤ ਕਬੀਲਿਆਂ ਦੀ ਸ਼੍ਰੇਣੀ ਵਿਚ ਸਾਂਸੀ ਕਬੀਲੇ ਨੂੰ ਸ਼ਾਮਿਲ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ?

**Mrs. Gurkanwal Kaur :** Yes, Sir. sir, according to the Constitution (Scheduled Castes) Order 1950, 38 Castes have been included in the list of Scheduled Castes in the Punjab State. Sansi community is included in the list of SCs., but there has been demand from these people to include this caste and its sub-castes in the list of STs. Accordingly, Government of Punjab has since recommended to include 'Sansi' alongwith its sub-castes and five Vimukat Jaties in the list of STs,—*vide* this office letter No. 11/8/92-WC5/4798, dated 7th July, 1995. But the Government of India has directed the State Government to get the ethnographic study of these castes done before considering this proposal. The project proposal prepared by the Punjabi University, Patiala, for study involves an expenditure of Rs. 5.86 lacs. Accordingly, the matter was separately taken up with the Finance Department for sanctioning the amount during the year 2003-2004, but the bill was not cleared by the Treasury. During the year 2004-2005, a bill was again sent to the Treasury, but the same was not cleared. The Finance Department has now again been approached to get the fund amounting to Rs. 5.86 lacs released during the year 2005-2006 for completion of study so that the report be sent to the Government of India.

Original with;
Punjab Vidhan Sabha
Digitized by;
Panjab Digital Library

**ਚੌਧਰੀ ਸੰਤੋਖ ਸਿੰਘ** : ਸਪੀਕਰ ਸਾਹਿਬ, ਇਹ ਸਟੱਡੀ ਕਦੋਂ ਤੱਕ ਮੁਕੰਮਲ ਹੋ ਜਾਵੇਗੀ ?

**ਰਾਜ ਮੰਤਰੀ** : ਸਪੀਕਰ ਸਾਹਿਬ, ਸਾਡੀ ਕੋਸ਼ਿਸ ਜਾਰੀ ਹੈ ਜਦੋਂ ਸਾਡੇ ਕੋਲ ਪੈਸਾ ਆ ਜਾਵੇਗਾ ਉਦੋਂ ਕਰਾਂਗੇ।

**ਸਰਦਾਰ ਸੋਹਣ ਸਿੰਘ ਠੰਡਲ** : ਸਪੀਕਰ ਸਾਹਿਬ, ਅਜ਼ਾਦੀ ਤੋਂ ਬਾਅਦ ਜਦੋਂ ਤੋਂ ਰਿਜ਼ਰਵੇਸ਼ਨ ਐਕਟ ਲਾਗੂ ਹੋਇਆ ਹੈ, ਬਹੁਤ ਸਾਰੀਆਂ ਜਾਤੀਆਂ ਅਤੇ ਕਬੀਲੇ ਐਸ.ਟੀ. ਲਿਸਟ ਵਿਚ ਸ਼ਾਮਲ ਕੀਤੀਆਂ ਗਈਆਂ ਹਨ ਤਾਂਕਿ ਇਨ੍ਹਾਂ ਲੋਕਾਂ ਨੂੰ ਰਿਜ਼ਰਵੇਸ਼ਨ ਐਕਟ ਅਧੀਨ ਨੌਕਰੀਆਂ ਵਿਚ ਅਤੇ ਭਰਤੀ ਵਿਚ ਫਾਇਦਾ ਹੋ ਸਕੇ। ਇਸ ਗੱਲ ਨੂੰ ਮੱਦੇ ਨਜ਼ਰ ਰਖਦੇ ਹੋਏ ਕੀ ਨੌਕਰੀਆਂ ਵਿੱਚ ਇਨ੍ਹਾਂ ਦੀਆਂ ਸੀਟਾਂ ਵਿਚ ਵਾਧਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਵੱਖਰਾ ਨੋਟਿਸ ਦੇ ਦੇਣ, ਮੈਂ ਜਵਾਬ ਦੇ ਦੇਵਾਂਗੀ।

---

## ਸਪੈਸ਼ਲ ਕੰਪੋਨੈਂਟ ਪਲਾਨ ਨੂੰ ਲਾਗੂ ਕਰਨਾ

*1508. **ਚੌਧਰੀ ਸੰਤੋਖ ਸਿੰਘ** : ਕੀ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਮਹਾਂਰਾਸ਼ਟਰਾ ਪੈਟਰਨ ਦੇ ਅਧਾਰ ਤੇ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਸਪੈਸ਼ਲ ਕੰਪੋਨੈਂਟ ਪਲਾਨ ਲਾਗੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ ?

**Mrs. Gurkanwal Kaur** : Yes sir, to avoid the diversion of Special Component Plan funds to general sector schemes and to make Special Component Plan size proportionate to the percentage of SC population in the State, Council of Ministers in its meeting held on 6th March, 2003 had decided that from the Financial Year 2003-04. Special Component Plan for SCs will be implemented as per "Maharashtra Model". According to "Maharashtra Model" funds proportionate to the percentage of SC population in the State are required to be booked in the budget demand of the Welfare Department and utilized on the Socio Economic Development Schemes for SCs in consultation with the implementing Departments. So, consequent upon the decision of COM, Special Component Plan for the year 2003-04, 2004-05 and 2005-06 were prepared on "Maharashtra pattern" and Department of Planning and Department of Finance were requested to provide Special Component Plan funds in the budget demand of Welfare Department. So, if you would like to know the details I will tell you.

Original with;
Punjab Vidhan Sabha
Digitized by;
Panjab Digital Library

The matter regarding placing of SCP funds in the budget demand of Welfare Department is under the process of Department of Planning and Finance. Hence, "Maharashtra Model" would come into force for its implementation as soon as the SCP funds are placed in the budget demand of Welfare Department by the Department of Planning and Finance. Implementation of "Maharashtra Model" is necessary to avoid diversion of SCP funds to the general sector and incoming required expenditure on the Socio Economic Development of Scheduled Castes because in the previous years expenditure under Special Component Plan remained very low as compared to the State Plan.

**ਚੌਧਰੀ ਸੰਤੋਖ ਸਿੰਘ** : ਸਪੀਕਰ ਸਾਹਿਬ, ਮੇਰਾ ਕੁਐਸਚਨ ਹੈ ਕਿ ਸਪੈਸ਼ਲ ਕੰਪੋਨੈਂਟ ਪਲਾਨ ਜੋ ਸਾਡੀ ਸਟੇਟ ਵਿਚ ਹੈ, ਉਹ 6 ਮਾਰਚ, 2003 ਵਿਚ ਕੈਬਿਨੇਟ ਵਿਚ ਅਪਰੂਵ ਹੋਇਆ ਸੀ ਤੇ ਉਸਨੂੰ ਕੈਬਿਨੇਟ ਨੇ ਮਹਾਰਾਸ਼ਟਰਾ ਮਾਡਲ ਦੇ ਮੁਤਾਬਿਕ ਅਡਾਪਟ ਕਰ ਲਿਆ ਸੀ। ਪਰ ਦੁੱਖ ਦੀ ਗੱਲ ਹੈ ਕਿ ਹਾਲੇ ਤੱਕ ਇਸ ਮਾਡਲ ਮੁਤਾਬਿਕ ਉਸਨੂੰ ਲਾਗੂ ਨਹੀਂ ਕੀਤਾ ਗਿਆ। ਮੈਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਹ ਕਿਹੜੇ ਕਾਰਨ ਹਨ ਜਿਨ੍ਹਾਂ ਕਰਕੇ ਪਿਛਲੇ 3 ਸਾਲਾਂ ਤੋਂ ਇਹ ਕੈਬਿਨੇਟ ਵਿਚ ਹੋਏ ਫੈਸਲੇ ਨੂੰ ਇੰਪਲੀਮੈਂਟ ਨਹੀਂ ਕਰਾ ਸਕੇ ?.

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦੀ ਹਾਂ ਕਿ ਉਦੋਂ ਇਹ ਇਸ ਮਹਿਕਮੇ ਦੇ ਮੰਤਰੀ ਸਨ। ਇਹ ਆਪ ਇਸ ਨੂੰ ਇੰਪਲੀਮੈਂਟ ਨਹੀਂ ਕਰਵਾ ਸਕੇ ਪਰ ਮੈਂ ਇਸ ਨੂੰ ਜਲਦੀ ਇੰਪਲੀਮੈਂਟ ਕਰਵਾ ਦੇਵਾਂਗੀ।

**ਮਾਨਯੋਗ ਸਪੀਕਰ** : ਅਗਲਾ ਸਵਾਲ, ਸ਼੍ਰੀ ਧੁੱਗਾ ਜੀ।

---

## ਥਾਣਾ-ਡੇਹਰੀਆਂ ਲਿੰਕ ਸੜਕ ਦੀ ਉਸਾਰੀ

*1371. **ਸ਼੍ਰੀ ਦੇਸ ਰਾਜ ਧੁੱਗਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੈਂਦੇ ਪਿੰਡਾਂ ਥਾਣਾ ਅਤੇ ਡੇਹਰੀਆਂ ਨੂੰ ਪੱਕੀ ਸੜਕ ਨਾਲ ਜੋੜਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਪਿੰਡਾਂ ਨੂੰ ਕਦੋਂ ਤੱਕ ਜੋੜ ਦਿੱਤੇ ਜਾਣ ਦੀ ਸੰਭਾਵਨਾ ਹੈ ?

**Captain Amarinder Singh :** There is no proposal to construct the road from village Thana to Dehrian falling in Tehsil Dasuya, District Hoshiarpur.

(ਇਸ ਸਮੇਂ ਹਾਊਸ ਅੰਦਰ ਕੁਝ ਮੋਬਾਈਲ ਫੋਨ ਵੱਜਣ ਦੀਆਂ ਆਵਾਜ਼ਾਂ ਆ ਰਹੀਆਂ ਸਨ।)

Original with;
Punjab Vidhan Sabha
Digitized by;
Panjab Digital Library

**Mr. Speaker :** I am sorry to observe, ਹਾਊਸ ਵਿਚ ਕੁਝ ਮੋਬਾਈਲ ਫੋਨ ਵਜ ਰਹੇ ਹਨ। ਇਨ੍ਹਾਂ ਦੇ ਸਵਿੱਚ ਆਫ ਕਰ ਦਿਉ। ਇਹ ਵਜਣੇ ਨਹੀਂ ਚਾਹੀਦੇ। ਹਾਂ ਜੀ, ਧੁੱਗਾ ਜੀ।

**ਸ਼੍ਰੀ ਦੇਸ ਰਾਜ ਧੁੱਗਾ :** ਸਪੀਕਰ ਸਾਹਿਬ, ਇਹ ਥਾਣਾ ਡੇਹਰੀਆਂ ਦੇ ਪਿੰਡ ਹਨ ਜਿਨ੍ਹਾਂ ਦੀ 90% ਦਲਿਤ ਆਬਾਦੀ ਹੈ। ਇਕ ਪਿੰਡ ਤੋਂ ਦੂਸਰੇ ਪਿੰਡ ਤੱਕ 10 ਕਿਲੋਮੀਟਰ ਦਾ ਰਸਤਾ ਪਾਣੀ ਵਿੱਚੋਂ ਤੁਰ ਕੇ ਪਾਰ ਕਰਨਾ ਪੈਂਦਾ ਹੈ। ਕੀ ਆਉਣ ਵਾਲੇ ਸਮੇਂ ਵਿੱਚ ਇਸ ਲਿੰਕ ਸੜਕ ਦੀ ਉਸਾਰੀ ਨੂੰ ਇਹ ਪਹਿਲ ਦੇ ਆਧਾਰ ਤੇ ਲੈਣਗੇ ?

**ਮੁੱਖ ਮੰਤਰੀ :** ਜ਼ਰੂਰ ਲਵਾਂਗੇ। ਸਪੀਕਰ ਸਾਹਿਬ, ਇਸ ਪਿੰਡ ਦੀ 454 ਦੀ ਆਬਾਦੀ ਹੈ ਤੇ ਇਹ ਸੜਕ 6 ਕਿਲੋਮੀਟਰ ਹੈ। ਇਸ ਸੜਕ ਨੂੰ ਅਸੀਂ ਪ੍ਰਾਈਮ ਮਨਿਸਟਰ ਸੜਕ ਯੋਜਨਾ ਅਧੀਨ ਲੈਣਾ ਚਾਹੁੰਦੇ ਸੀ ਪਰ ਨਹੀਂ ਲੈ ਸਕੇ। ਹੁਣ ਇਸ ਨੂੰ ਸਪੈਸ਼ਲ ਕੰਪੋਨੈਂਟ ਪਲਾਨ ਵਿਚ ਲੈ ਕੇ ਇਸ ਦੀ ਉਸਾਰੀ ਕਰਾ ਦੇਵਾਂਗੇ।

---

## ਰਾਜ ਵਿਚ ਉਦਯੋਗ ਸਥਾਪਿਤ ਕਰਨ ਲਈ ਮੈਮੋਰੰਡਮ ਆਫ਼ ਅੰਡਰਸਟੈਂਡਿੰਗ

*1486. **ਸਰਦਾਰ ਸੋਹਣ ਸਿੰਘ ਠੰਡਲ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਉਦਯੋਗ ਜਾਂ ਹੋਰ ਪ੍ਰਾਜੈਕਟ ਸਥਾਪਿਤ ਕਰਨ ਲਈ ਚਾਲੂ ਸਾਲ ਦੇ ਦੌਰਾਨ ਕੁੱਝ ਵਿਦੇਸ਼ੀ ਦੇਸ਼ਾਂ ਨਾਲ ਕੋਈ ਸਮਝੌਤਾ ਕੀਤਾ ਗਿਆ ਹੈ ; ਜੇਕਰ ਅਜਿਹਾ ਹੋਵੇ, ਤਾਂ ਉਸਦੇ ਵੇਰਵੇ ਕੀ ਹਨ ?

**Captain Amarinder Singh :** Yes sir. The details are given at Annexure-A which is laid on the table of the House.

### ANNEXURE-A

Punjab State Council for Science and Technology working under the Administrative Control of Department of Science, Technology and Environment has signed one MoU, with province of Saskatchewan, Canada during the current year for the development of sustained mutually beneficial relationship in agricultural and environmental biotechnology and bio-processing. Another MoU was signed between Punjab Biotechnology Park Ltd. and M/s UMA Engineering Saskatoon, Canada for preparing the conceptual Master Plan lay out for the development of infrastructure of Biotechnology Incubator and Biotechnology Park being set up at village Behra, Tehsil Dera Bassi, District Patiala.

No other Department of the State Government has entered in any agreement with any foreign country during the current year except above.

Original with;
Punjab Vidhan Sabha
Digitized by;
Panjab Digital Library

**ਸਰਦਾਰ ਸੋਹਣ ਸਿੰਘ ਠੰਡਲ** : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਹ ਜੋ ਸਮਝੌਤੇ ਕੈਨੇਡਾ ਸਰਕਾਰ ਨਾਲ ਹੋਏ ਹਨ, ਇਸ ਦੇ ਵਿਚ ਪੰਜਾਬ ਸਰਕਾਰ ਦਾ ਤੇ ਕੈਨੇਡਾ ਸਰਕਾਰ ਦਾ ਕਿੰਨਾਂ-ਕਿੰਨਾਂ ਹਿੱਸਾ ਹੈ ? ਹੁਣ ਤੱਕ ਜੇ ਕੋਈ ਕੰਮ ਸ਼ੁਰੂ ਕੀਤਾ ਗਿਆ ਹੈ ਤਾਂ ਕਿੰਨਾਂ-ਕਿੰਨਾਂ ਫੰਡ ਜਾਰੀ ਕੀਤਾ ਗਿਆ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਡੈਲੀਗੇਸ਼ਨ ਵਿਚ ਵੀ ਕਿਹਾ ਸੀ ਕਿ ਸਾਡੇ ਮਨਿਸਟਰ ਸ਼੍ਰੀ ਅਵਤਾਰ ਹੈਨਰੀ ਜੀ ਨੇ ਇਕ ਮੈਮੋਰੰਡਮ ਆਫ ਅੰਡਰਸਟੈਂਡਿੰਗ ਸਾਈਨ ਕੀਤਾ ਹੈ for mutual cooperation in Biotechnology field. ਇਸ ਦੇ ਵਿਚ ਇਕ ਪ੍ਰਾਈਵੇਟ ਕੰਪਨੀ ਭਾਟੀਆ ਗਰੁੱਪ ਹੈ ਤੇ ਦੂਜਾ ਇਕ ਪ੍ਰਾਈਵੇਟ ਕੰਪਨੀ ਮੈਸਰਜ਼ ਉਮਾ ਇੰਜੀਨੀਅਰਿੰਗ, ਸਸਕਾਟੂਨ, ਕੈਨੇਡਾ ਦੇ ਨਾਲ ਸਾਈਨ ਕੀਤਾ ਹੈ for the development of infrastructure of Biotechnology incubator and Biotechnology Park. There is no financial commitment. ਉਹ ਪ੍ਰਾਈਵੇਟ ਕੰਮ ਹੈ। ਇਸ ਕਰਕੇ ਸਾਡੀ ਗੌਰਮਿੰਟ ਟੂ ਗੌਰਮਿੰਟ either side ਕੋਈ ਫਾਇਨੈਂਸ਼ੀਅਲ ਕੁਮਿੱਟਮੈਂਟ ਨਹੀਂ ਹੈ।

**ਸਰਦਾਰ ਸੋਹਣ ਸਿੰਘ ਠੰਡਲ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਪਟਿਆਲੇ ਜ਼ਿਲ੍ਹੇ ਵਿੱਚ ਡੇਰਾ ਬਸੀ ਤਹਿਸੀਲ ਵਿੱਚ ਜਿਹੜਾ ਪਾਰਕ ਬਣਾਇਆ ਗਿਆ ਹੈ, ਕਿਉਂਕਿ ਸਵਾਲ ਦੇ ਜਵਾਬ ਵਿੱਚ ਦੱਸਿਆ ਗਿਆ ਹੈ, ਮੈਂ ਉਸ ਸਬੰਧ ਵਿੱਚ ਪੁੱਛਣਾ ਚਾਹੁੰਦਾ ਹਾਂ ਕਿ ਇਸ ਪਾਰਕ ਦੇ ਉਤੇ ਜਿਹੜਾ ਪੈਸਾ ਲੱਗਿਆ ਹੈ ਉਹ ਕਿੰਨਾ ਲੱਗਿਆ ਹੈ ? ਉਹ ਪੈਸਾ ਪੰਜਾਬ ਸਰਕਾਰ ਦਾ ਲੱਗਿਆ ਹੈ ਜਾਂ ਕਿਸੇ ਹੋਰ ਪ੍ਰਾਈਵੇਟ ਕੰਪਨੀ ਦਾ ਲੱਗਿਆ ਹੈ ?

**ਮੁੱਖ ਮੰਤਰੀ** : ਡੇਰਾਬਸੀ ਤੋਂ ਫਤਹਿਗੜ੍ਹ ਸਾਹਿਬ ਔਰ ਪਟਿਆਲੇ ਤੱਕ ਜਿਹੜਾ ਇਹ ਪਾਰਕ ਡਿਵੈਲਪ ਹੋ ਰਿਹਾ ਹੈ, it will be developed. ਵੱਖ-ਵੱਖ ਯੂਨਿਟਸ ਇਹਦੇ ਵਿੱਚ ਹੋਣਗੇ and we are doing it ourselves. At the moment ਕੋਈ ਥੋੜ੍ਹੀ ਜ਼ਮੀਨ ਐਕੁਆਇਰ ਹੋਈ ਹੈ ਪਰ ਕੋਈ ਜ਼ਿਆਦਾ ਡਿਵੈਲਪਮੈਂਟ ਹਾਲੇ ਨਹੀਂ ਹੋਈ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਸਸਕਾਟੂਨ ਵਿੱਚ ਐਮ.ਓ.ਯੂ. ਸਾਈਨ ਹੋਇਆ ਹੈ ਕੀ ਇਸ ਵਿੱਚ ਗੌਰਮਿੰਟ ਪ੍ਰਾਈਵੇਟ ਕੰਪਨੀਆਂ ਨੂੰ ਫੈਸਿਲੀਟੇਟ ਕਰ ਰਹੀ ਹੈ ? ਜੇਕਰ ਕਰ ਰਹੀ ਹੈ ਤਾਂ ਕਿਸ ਤਰੀਕੇ ਦੇ ਨਾਲ ਕਰ ਰਹੀ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਜਿਹੜਾ ਐਮ.ਓ.ਯੂ. ਸਾਈਨ ਕੀਤਾ ਹੈ ਐਗਰੋ ਫੀਲਡ ਵਿੱਚ ਉਸਦਾ ਕਾਫੀ ਐਡਵੈਂਟੇਜ ਹੈ। ਉਹ (ਸਸਕਾਟੂਨ) ਬਹੁਤ ਦੇਰ ਤੋਂ, ਕੋਈ 41 ਸਾਲਾਂ ਤੋਂ ਲੱਗੇ ਹੋਏ ਸਨ। ਆਬਜੈਕਟਿਵ ਇਹ ਹੈ ਕਿ ਪੰਜਾਬ ਉਨ੍ਹਾਂ ਨਾਲ ਟਾਈਅੱਪ ਕਰੇ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਜਾਂ ਕੋਈ ਹੋਰ, ਕੌਣ ਕਰੇ, ਇਸ ਬਾਰੇ ਸੋਚਾਂਗੇ। ਗੌਰਮਿੰਟ ਪੰਜਾਬ ਇਸ ਨੂੰ ਨਹੀਂ ਲਾਉਣਾ ਚਾਹੁੰਦੀ। We want to be the facilitator ਅਸੀਂ ਪ੍ਰਾਈਵੇਟਸ ਨੂੰ ਫੈਸਿਲੀਟੇਟ ਕਰਾਂਗੇ।

Original with;
Punjab Vidhan Sabha
Digitized by;
Panjab Digital Library

**ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਜ਼ਰੀਏ ਸੀ.ਐਮ. ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮਾਛੀਵਾੜੇ ਦੇ ਵਿੱਚ ਕੋਈ ਵਿਦੇਸ਼ੀ ਕੰਪਨੀ ਜਾਂ ਵਿਦੇਸ਼ ਨਾਲ ਕੋਈ ਬੀਅਰ ਦੀ ਫੈਕਟਰੀ ਲਗਾਉਣ ਲਈ ਪਿਛਲੇ 2-3 ਸਾਲਾਂ ਵਿੱਚ ਗੌਰਮਿੰਟ ਦਾ ਦਿੱਲੀ ਵਿੱਚ ਕੋਈ ਐਗਰੀਮੈਂਟ ਹੋਇਆ ਹੈ। ਇਸ ਦਾ ਪਰਚਾਰ ਵੀ ਹੋਇਆ ਹੈ, ਉਹ ਕਿਹੜੇ ਪਿੰਡ ਵਿੱਚ ਔਰ ਕਿੱਥੇ ਲੱਗ ਰਹੀ ਹੈ ? ਕੀ ਸੀ.ਐਮ. ਸਾਹਿਬ ਕਿਰਪਾ ਕਰਕੇ ਇਸ ਬਾਰੇ ਦੱਸ ਸਕਦੇ ਹਨ ?

**ਮਾਨਯੋਗ ਸਪੀਕਰ** : ਇਹ ਪ੍ਰਸ਼ਨ ਇਸ ਵਿੱਚੋਂ ਬਣਦਾ ਨਹੀਂ ਹੈ।

**Chief Minister :** I cannot answer this question. ਸਪੀਕਰ ਸਾਹਿਬ, ਮੈਨੂੰ ਇਸ ਬਾਰੇ ਪਤਾ ਨਹੀਂ ਹੈ ਕਿ ਬੀਅਰ ਫੈਕਟਰੀ ਕਿੱਥੇ ਲੱਗੇਗੀ।

**Mr. Speaker :** No need. Next Question.

---

## Starred Question No. 1469*

**Mr. Speaker :** Extension has been asked for in respect of Starred Question No. 1469 which I have allowed.

---

## "ਕੁਟੀਰ ਜਯੋਤੀ ਸਕੀਮ" ਅਧੀਨ ਬਿਜਲੀ ਦੀ ਸਪਲਾਈ

*1343. **ਸ਼੍ਰੀ ਦੇਸ ਰਾਜ ਧੁੱਗਾ** : ਕੀ ਸਿੰਜਾਈ ਅਤੇ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡ ਥਾਨਾ, ਤਹਿਸੀਲ ਦਸੂਹਾ (ਹੁਸ਼ਿਆਰਪੁਰ) ਦੇ ਉਨ੍ਹਾਂ ਨਿਵਾਸੀਆਂ, ਜਿਹੜੇ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ ਨੂੰ "ਕੁਟੀਰ ਜਯੋਤੀ ਸਕੀਮ" ਅਧੀਨ ਬਿਜਲੀ ਦੀ ਸਪਲਾਈ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਨੂੰ ਬਿਜਲੀ ਦੀ ਸਪਲਾਈ ਕਦੋਂ ਤੱਕ ਦਿੱਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਲਾਲ ਸਿੰਘ** : ਨਹੀਂ ਜੀ, ਕੁਟੀਰ ਜੋਤੀ ਸਕੀਮ ਮਿਤੀ 31 ਮਾਰਚ, 2005 ਤੋਂ ਬੰਦ ਕਰ ਦਿੱਤੀ ਗਈ ਹੈ। ਸਾਲ 2001 ਦੀ ਮਰਦਮਸ਼ੁਮਾਰੀ ਅਨੁਸਾਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਭੂੰਗਾ ਬਲਾਕ ਵਿੱਚ ਪੈਂਦੇ ਪਿੰਡ ਥਾਣਾ ਦੇ ਕੇਵਲ ਇੱਕ ਹੀ ਗਰੀਬੀ ਰੇਖਾ ਤੋਂ ਹੇਠਾਂ ਵਾਲੇ ਘਰ ਨੂੰ ਬਿਜਲੀ ਦੇਣੀ ਰਹਿੰਦੀ ਹੈ। ਇਹ ਜਲਦੀ ਹੀ ਦੇ ਦਿੱਤੀ ਜਾਵੇਗੀ।

**ਸ਼੍ਰੀ ਦੇਸ ਰਾਜ ਧੁੱਗਾ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿਉਂਕਿ ਮੰਤਰੀ ਸਾਹਿਬ ਨੇ ਜਵਾਬ ਵਿੱਚ ਕਿਹਾ ਹੈ ਕਿ 2001 ਦੀ ਮਰਦਮਸ਼ੁਮਾਰੀ ਵਿੱਚ ਉਥੇ ਗਰੀਬੀ ਘਟ ਗਈ ਹੈ, ਮੇਰਾ ਸਵਾਲ ਇਹ ਹੈ ਕਿ ਸਾਰੇ ਦੇਸ਼ ਵਿੱਚ ਗਰੀਬੀ ਵੱਧ ਰਹੀ ਹੈ ਪਰ ਮੈਨੂੰ ਸਮਝ ਨਹੀਂ ਆਈ ਕਿ ਉਹ ਪਿੰਡ ਜਿਹੜੇ ਪਿੰਡ ਵਿੱਚ ਦਲਿਤ ਛੰਨਾਂ ਵਿੱਚ ਜਾਂ ਕਾਨਿਆਂ ਦੀਆਂ ਕੁੱਲੀਆਂ ਵਿੱਚ ਰਹਿੰਦੇ ਹਨ, ਜਿਨ੍ਹਾਂ ਦੀ ਆਮਦਨ ਦਾ ਕੋਈ ਸਾਧਨ ਵੀ ਨਹੀਂ ਹੈ ਉਨ੍ਹਾਂ ਬਾਰੇ ਮੰਤਰੀ ਸਾਹਿਬ ਨੇ

* For Starred Question No. 1469 and reply thereto, please see Appendix to this Debates.

Original with;
Punjab Vidhan Sabha
Digitized by;
Panjab Digital Library

ਕਿਵੇਂ ਕਹਿ ਦਿੱਤਾ ਹੈ ਕਿ ਮਰਦਮਸ਼ੁਮਾਰੀ ਵੇਲੇ ਉਸ ਪਿੰਡ ਦੀ ਗਰੀਬੀ ਘਟ ਗਈ ਹੈ ? ਮੈਂ ਇਸ ਬਾਰੇ ਜਾਣਨਾ ਚਾਹੁੰਦਾ ਹਾਂ। ਜੇ ਇਨ੍ਹਾਂ ਨੂੰ ਪਿਛਲੀ ਜਾਣਕਾਰੀ ਨਹੀਂ ਤਾਂ ਮੇਰੀ ਬੇਨਤੀ ਹੈ ਕਿ ਇਸ ਹਾਊਸ ਦੀ ਇਕ ਟੀਮ ਬਣਾਈ ਜਾਵੇ ਜਿਹੜੀ ਉਨ੍ਹਾਂ ਲੋਕਾਂ ਦੀ ਹਾਲਤ ਜਾ ਕੇ ਦੇਖੇ ਔਰ ਉਨ੍ਹਾਂ ਦੀ ਸਾਰ ਲਵੇ.........

**ਮਾਨਯੋਗ ਸਪੀਕਰ** : ਠੀਕ ਹੈ ਜੀ, ਤੁਹਾਡਾ ਸਵਾਲ ਆ ਗਿਆ ਹੈ।

**ਮੰਤਰੀ** : ਸਪੀਕਰ ਸਾਹਿਬ, ਇਹ ਜਿਹੜੀ ਸਕੀਮ ਹੈ ਬੀ.ਪੀ.ਐਲ. ਦੀ ਇਹ ਗੌਰਮਿੰਟ ਆਫ ਇੰਡੀਆ ਦੀ ਸਕੀਮ ਹੈ। ਇਨ੍ਹਾਂ ਦੇ ਵੇਲੇ ਦੀ ਹੀ ਹੈ। ਸਾਲ 2001 ਵਿੱਚ ਮਰਦਮਸ਼ੁਮਾਰੀ ਕਰਵਾਈ ਗਈ ਹੈ। ਜਿਹੜੀ ਇਸ ਸਬੰਧੀ ਲਿਸਟ ਬਣਾਈ ਗਈ ਹੈ ਉਸਦੇ ਮੁਤਾਬਿਕ ਹੀ ਬੀ.ਪੀ.ਐਲ. ਵਾਲਿਆਂ ਦੀ ਆਬਾਦੀ ਗਿਣੀ ਜਾਂਦੀ ਹੈ। ਗਰੀਬੀ ਦੀ ਰੇਖਾ ਤੋਂ ਹੇਠਾਂ ਵਾਲੇ ਜਿਹੜੇ ਹਨ ਜਿਨ੍ਹਾਂ ਦੀ ਆਮਦਨ ਘੱਟ ਹੈ ਉਸਦਾ ਹਿਸਾਬ ਕਿਤਾਬ ਲੱਗ ਚੁੱਕਾ ਹੈ, ਉਸ ਤੋਂ ਬਾਅਦ ਇਹ ਕੋਰਟ ਦੇ ਵਿੱਚ ਸਟੇਅ ਹੋ ਗਿਆ ਹੈ, ਇਸ ਤੋਂ ਅੱਗੇ ਇਸ ਤੇ ਕਾਰਵਾਈ ਬੰਦ ਹੈ।

**ਸ਼੍ਰੀ ਦੇਸ ਰਾਜ ਧੁੱਗਾ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਇਨ੍ਹਾਂ ਨੇ ਕਿਹਾ ਹੈ ਕਿ ਇਨ੍ਹਾਂ ਵੇਲੇ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਤਾਂ ਪਹਿਲੀ ਵਾਰੀ ਐਮ.ਐਲ.ਏ. ਬਣਿਆ ਹਾਂ। ਮੈਂ ਪਹਿਲਾਂ ਐਮ.ਐਲ.ਏ. ਹੀ ਕਿੱਥੇ ਸੀ ? ਮੇਰੇ ਵੇਲੇ ਦੀ ਕਦੋਂ ਦੀ ਹੋਈ ਇਹ ?

(ਅਵਾਜ਼ਾਂ : ਜਦੋਂ ਤੁਹਾਡੀ ਪਾਰਟੀ ਦੀ ਸਰਕਾਰ ਸੀ, ਉਸ ਵੇਲੇ ਦੀ ਗੱਲ ਹੈ)

ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਹਾਊਸ ਦੀ ਐਮ.ਐਲ.ਏਜ਼ ਦੀ ਇਕ ਟੀਮ ਬਣਾਉਣ ਲਈ ਤਿਆਰ ਹਨ ਜਿਹੜੀ ਉਸ ਪਿੰਡ ਦੀ ਹਾਲਤ ਜਾ ਕੇ ਦੇਖੇ ਕਿ ਕੀ ਉਹ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ ਜਾਂ ਨਹੀਂ ?

**ਮਾਨਯੋਗ ਸਪੀਕਰ** : ਕੀ ਦੁਬਾਰਾ ਸੋਚਣ ਦਾ ਵਿਚਾਰ ਹੈ ?

**ਮੰਤਰੀ** : ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਇਹ ਸੁਪਰੀਮ ਕੋਰਟ ਵਿੱਚ ਸਟੇਅ ਹੋਇਆ ਹੈ। ਐਸਾ ਕੋਈ ਸਟੇਟ ਗੌਰਮਿੰਟ ਦਾ ਸਬਜੈਕਟ ਨਹੀਂ ਕਿ ਜੋ ਗੌਰਮਿੰਟ ਆਫ ਇੰਡੀਆ ਦੀ ਪਾਲਿਸੀ ਹੈ ਉਸ ਦੇ ਬਾਰੇ ਅਸੀਂ ਕੁਝ ਕਰ ਸਕੀਏ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਇਨ੍ਹਾਂ ਨੇ ਕਹਿ ਦਿੱਤਾ ਹੈ ਕਿ 2001 ਦੀ ਮਰਦਮਸ਼ੁਮਾਰੀ ਦੇ ਮੁਤਾਬਿਕ ਬੀ.ਪੀ.ਐਲ. ਬਣੀ ਹੋਈ ਹੈ। ਕੀ ਇਹ ਆਪ ਇਸ ਨਾਲ ਸੈਟਿਸਫਾਈਡ ਹਨ ਕਿਉਂਕਿ ਜਿਹੜੀ ਲਿਸਟ ਹੈ ਉਸ ਵਿੱਚ ਅਜਿਹੇ ਲੋਕ ਹਨ ਜਿਹੜੇ ਲੋਕ ਸ਼ਾਮਲ ਕੀਤੇ ਜਾ ਸਕਦੇ ਹਨ। ਜਿਥੋਂ ਤੱਕ ਕੁਟੀਰ ਜੋਤੀ ਸਕੀਮ ਦਾ ਸਵਾਲ ਹੈ ਉਹ ਸਟੇਅ ਹੋ ਗਈ ਹੈ, ਇਹ ਠੀਕ ਹੈ ਕਿ ਸਟੇਅ ਹੋਈ ਹੋਈ ਹੈ ਜਿਸ ਕਰਕੇ ਇਹ ਕੁਝ ਨਹੀਂ ਕਰ ਸਕਦੇ। ਪਰ ਕੀ ਸੈਂਟਰਲ ਗੌਰਮਿੰਟ ਦੀ ਜਿਹੜੀ ਲਿਸਟ ਹੈ ਕੀ ਇਹ ਪੀ.ਐਸ.ਈ.ਬੀ. ਦੇ ਨਾਰਮਜ਼ ਨੂੰ ਨਰਮ ਕਰ ਸਕਦੇ ਹਨ ਤਾਂ ਕਿ ਜਿਹੜੇ ਲਿਸਟ ਵਿੱਚ ਨਹੀਂ ਆ ਸਕੇ ਪਰ ਉਹ ਕੁਆਲੀਫਿਕੇਸ਼ਨਜ਼ ਫੁਲਫਿਲ ਕਰ ਰਹੇ ਹਨ, ਤਾਂ ਕਿ ਪੀ.ਐਸ.ਈ.ਬੀ. ਉਨ੍ਹਾਂ ਨੂੰ ਕੰਸਿਡਰ ਕਰੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, 1,49,000 ਘਰ ਰਹਿ ਗਏ ਹਨ। ਹੁਣ ਕੁਟੀਰ ਜੋਤੀ ਸਕੀਮ ਮਿਤੀ 31 ਮਾਰਚ, 2005 ਤੋਂ ਬੰਦ ਕਰ ਦਿੱਤੀ ਗਈ ਹੈ। ਇਸ ਦੀ ਥਾਂ ਤੇ ਇਕ ਨਵੀਂ ਸਕੀਮ ਆ ਰਹੀ ਹੈ, ਰਾਜੀਵ ਗਾਂਧੀ ਗ੍ਰਾਮੀਣ ਵਿਦੁੱਤੀਕਰਨ ਸਕੀਮ। ਉਸ ਦੇ ਤਹਿਤ 1,49,000 ਘਰ ਜਿਹੜੇ ਰਹਿ ਗਏ ਹਨ, ਉਨ੍ਹਾਂ ਨੂੰ ਕਵਰ ਕਰਨ ਵਾਸਤੇ ਆਰ.ਈ.ਸੀ. ਨੂੰ 22.35 ਕਰੋੜ ਰੁਪਏ ਦੀ ਸਕੀਮ ਬਣਾ ਕੇ ਭੇਜ ਦਿੱਤੀ ਹੈ। ਜਦੋਂ ਉਸ ਦੀ ਮਨਜ਼ੂਰੀ ਆ ਜਾਵੇਗੀ, ਇਹ ਬਾਕੀ ਰਹਿੰਦੇ ਘਰ ਵੀ ਅਤੇ ਦੂਸਰੇ ਵੀ ਕਵਰ ਕਰ ਦਿੱਤੇ ਜਾਣਗੇ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ। ਮੈਂ ਤਾਂ ਇਹ ਕਿਹਾ ਹੈ ਕਿ ਕੀ ਇਹ ਪੀ.ਐਸ.ਈ.ਬੀ. ਦੇ ਰੂਲ ਨਰਮ ਕਰਨਗੇ ਤਾਂ ਜੋ ਜਿਹੜੇ ਬੀ.ਪੀ.ਐਲ. ਦੀਆਂ ਕੰਡੀਸ਼ਨਾਂ ਪੂਰੀਆਂ ਨਹੀਂ ਕਰਦੇ ਕੀ ਉਨ੍ਹਾਂ ਨੂੰ ਵੀ ਇਹ ਕਵਰ ਕਰਨ ?

**ਮੰਤਰੀ** : ਸਪੀਕਰ ਸਾਹਿਬ, ਇਹ ਸਟੇਟ ਗੌਰਮਿੰਟ ਦੀ ਸਕੀਮ ਨਹੀਂ ਹੈ। ਇਹ ਗੌਰਮਿੰਟ ਆਫ ਇੰਡੀਆ ਦੀ ਸਕੀਮ ਹੈ। ਉਨ੍ਹਾਂ ਦੀਆਂ ਗਾਈਡਲਾਈਨਜ਼ ਦੇ ਮੁਤਾਬਿਕ ਹੀ ਕਵਰ ਕਰ ਸਕਦੇ ਹਾਂ। ਅਸੀਂ ਕੋਈ ਤਬਦੀਲੀ ਨਹੀਂ ਕਰ ਸਕਦੇ।

---

## ਰੇਤਗੜ੍ਹ-ਬਾਦਸ਼ਾਹਪੁਰ ਸੜਕ ਦੀ ਮੁਰੰਮਤ

***1492. ਸਰਦਾਰ ਨਿਰਮਲ ਸਿੰਘ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਪਟਿਆਲਾ ਵਿਚ ਰੇਤਗੜ੍ਹ-ਬਾਦਸ਼ਾਹਪੁਰ ਸੜਕ ਦੀ ਮੁਰੰਮਤ ਦਾ ਕੰਮ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

**Sardar Partap Singh Bajwa :** The repair work of Retgarh-Badshahpur Road in progress is likely to be completed by May, 2006.

**ਸਰਦਾਰ ਨਿਰਮਲ ਸਿੰਘ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਵੀ ਮੈਂ ਇਹ ਪ੍ਰਸ਼ਨ ਕੀਤਾ ਸੀ। ਪਿਛਲੇ ਸਾਲ ਜਦੋਂ ਭਾਰੀ ਬਾਰਸ਼ਾਂ ਪਈਆਂ ਸਨ, ਕਿਉਂਜੋ ਇਹ ਸੜਕ ਘੱਗਰ ਦੇ ਨਾਲ ਲਗਦੀ ਹੈ, ਇਹ ਬਿਲਕੁਲ ਟੁੱਟ ਗਈ ਸੀ। ਉਦੋਂ ਵੀ ਮੰਤਰੀ ਜੀ ਨੇ ਵਿਸ਼ਵਾਸ ਦਿਵਾਇਆ ਸੀ ਕਿ ਇਹ ਸੜਕ 2-4 ਮਹੀਨਿਆਂ ਵਿਚ ਬਣ ਜਾਵੇਗੀ। ਪਰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਹ ਕੰਮ ਪੂਰਾ ਨਹੀਂ ਕੀਤਾ ਗਿਆ। ਅਜੇ ਵੀ ਇਹ ਕੰਮ ਚਲ ਰਿਹਾ ਹੈ। ਕੀ ਮੰਤਰੀ ਜੀ ਹੁਣ ਭਰੋਸਾ ਦਿਵਾਉਣਗੇ ਕਿ ਹੁਣ ਕਦੋਂ ਕੁ ਤੱਕ ਬਣ ਜਾਵੇਗੀ ?

**ਮੰਤਰੀ** : ਅੱਧੀ ਸੜਕ ਦਾ ਕੰਮ ਤਾਂ ਇਸੇ ਮਹੀਨੇ ਦੀ 31 ਤਰੀਖ ਤੱਕ ਮੁਕੰਮਲ ਹੋ ਜਾਵੇਗਾ। ਨਵੰਬਰ ਵਿਚ ਪੀ.ਸੀ. ਦਾ ਕੰਮ ਸਰਦੀ ਕਾਰਨ ਨਹੀਂ ਹੁੰਦਾ। ਇਸ ਲਈ ਐਕਸਟਰਾ ਟਾਈਮ ਲਿਆ ਗਿਆ ਹੈ। ਪਰ ਇਹ ਜਲਦੀ ਹੀ ਮੁਕੰਮਲ ਹੋ ਜਾਵੇਗੀ।

Original with;
Punjab Vidhan Sabha
Digitized by;
Panjab Digital Library

**ਸਰਦਾਰ ਨਿਰਮਲ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਸੜਕ ਦੇ ਉਤੇ ਇਕ ਪਿੰਡ ਧਨੇਠਾ ਪੈਂਦਾ ਹੈ। ਉਸ ਪਿੰਡ ਦੀ ਫਿਰਨੀ ਉਤੇ ਲੋਕਾਂ ਨੇ ਆਪ ਮਿੱਟੀ ਪਾਈ ਹੋਈ ਹੈ। ਉਸ ਫਿਰਨੀ ਉਤੇ ਦੋ ਸਕੂਲ ਪੈਂਦੇ ਹਨ, ਇਕ ਪ੍ਰਾਇਮਰੀ ਅਤੇ ਦੂਸਰਾ ਹਾਈ ਸਕੂਲ, ਇਕ ਗੁਰਦੁਆਰਾ ਪੈਂਦਾ ਹੈ ਅਤੇ ਇਕ ਮੰਦਰ ਵੀ ਪੈਂਦਾ ਹੈ। ਕੀ ਮੰਤਰੀ ਜੀ ਉਥੇ ਕੰਮ ਪਹਿਲਾਂ ਸ਼ੁਰੂ ਕਰਵਾ ਦੇਣਗੇ ਤਾਂ ਜੋ ਲੰਘਦੇ ਲੋਕਾਂ ਉਤੇ ਬੜੀ ਧੂੜ-ਮਿੱਟੀ ਪੈਂਦੀ ਹੈ, ਕਿਸਾਨਾਂ ਨੂੰ ਵੀ ਬੜੀ ਮੁਸ਼ਕਲ ਆਉਂਦੀ ਹੈ, ਕੀ ਉਥੇ ਕੰਮ ਪਹਿਲਾਂ ਸ਼ੁਰੂ ਕਰਵਾ ਦੇਣਗੇ।

**ਮੰਤਰੀ** : ਸਪੀਕਰ ਸਾਹਿਬ, ਮੈਨੂੰ ਤਾਂ ਸਵਾਲ ਸਮਝ ਨਹੀਂ ਆਇਆ। ਜੇਕਰ ਤੁਹਾਨੂੰ ਆਇਆ ਹੈ ਤਾਂ ਤੁਸੀਂ ਮੈਨੂੰ ਦੱਸ ਦਿਓ।

**ਮਾਨਯੋਗ ਸਪੀਕਰ** : ਉਹ ਪੁੱਛਦੇ ਹਨ ਕਿ ਜਿਥੇ ਲੋਕਾਂ ਨੇ ਮਿੱਟੀ ਪਾਈ ਹੈ, ਉਥੇ ਕੰਮ ਸ਼ੁਰੂ ਕਦੋਂ ਹੋਵੇਗਾ ?

**ਮੰਤਰੀ** : ਇਨ੍ਹਾਂ ਦੀ ਮਿੱਟੀ ਨੂੰ ਬਿਲਕੁਲ ਠੀਕ ਕਰ ਦੇਵਾਂਗੇ। (ਹਾਸਾ)

---

## ਧਨੌਰੀ-ਸ਼ੇਰਗੜ੍ਹ ਸੜਕ ਦੀ ਮੁਰੰਮਤ

***1493. ਸਰਦਾਰ ਨਿਰਮਲ ਸਿੰਘ** : ਕੀ ਲੋਕ ਕਾਰਜ (ਭਵਨ ਅਤੇ ਮਾਰਗ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡ ਧਨੌਰੀ (ਜ਼ਿਲ੍ਹਾ ਸੰਗਰੂਰ) ਤੋਂ ਪਿੰਡ ਸ਼ੇਰਗੜ੍ਹ (ਜ਼ਿਲ੍ਹਾ ਪਟਿਆਲਾ) ਤੱਕ ਸੜਕ ਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੀ ਮੁਰੰਮਤ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**Sardar Partap Singh Bajwa :** Yes please.

There is a proposal under consideration to upgrade this road under Inter State Connectivity Scheme.

**ਸਰਦਾਰ ਨਿਰਮਲ ਸਿੰਘ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਸੜਕ ਸੰਗਰੂਰ ਜ਼ਿਲ੍ਹੇ ਤੋਂ ਲੈ ਕੇ ਪਟਿਆਲਾ ਜ਼ਿਲ੍ਹੇ ਵਿਚੋਂ ਦੀ ਹੁੰਦੀ ਹੋਈ ਅੱਗੇ ਹਰਿਆਣਾ ਨਾਲ ਜੁੜਦੀ ਹੈ। ਇਸ ਸੜਕ ਦੀ ਬਹੁਤ ਹੀ ਮਾੜੀ ਹਾਲਤ ਹੈ। ਇਹ ਵੀ ਘੱਗਰ ਦੇ ਏਰੀਆ ਦੇ ਨਾਲ ਲਗਣੀ ਹੈ। ਕੀ ਮੰਤਰੀ ਜੀ ਦੱਸਣਗੇ ਕਿ ਕਦੋਂ ਤੱਕ ਇਹ ਕੰਮ ਮੁਕੰਮਲ ਹੋ ਜਾਵੇਗਾ ਅਤੇ ਕਦੋਂ ਤੱਕ ਇਹ ਸੜਕ ਬਣ ਜਾਵੇਗੀ ?

**ਮੰਤਰੀ** : ਇਨ੍ਹਾਂ ਦੀ ਇਹ ਗੱਲ ਬਿਲਕੁਲ ਠੀਕ ਹੈ। ਇਸੇ ਗੱਲ ਕਰਕੇ ਹੀ ਇਸ ਸੜਕ ਨੂੰ ਇੰਟਰ ਸਟੇਟ ਕੁਨੈਕਟੀਵਿਟੀ ਸਕੀਮ ਅਧੀਨ ਲਿਆਂਦਾ ਗਿਆ ਹੈ। ਕੇਸ ਗੌਰਮਿੰਟ ਆਫ ਇੰਡੀਆ ਨੂੰ ਭੇਜਿਆ ਜਾ ਚੁੱਕਾ ਹੈ। ਜਦੋਂ ਵੀ ਇਸ ਦੀ ਮਨਜ਼ੂਰੀ ਆ ਗਈ, ਇਸ ਦਾ ਕੰਮ ਸ਼ੁਰੂ ਹੋ ਜਾਵੇਗਾ। ਅਸੀਂ ਇਸ ਦਾ ਫਾਲੋ-ਅੱਪ ਕਾਫੀ ਜ਼ੋਰ ਨਾਲ ਕਰ ਰਹੇ ਹਾਂ। ਮੇਰਾ ਖਿਆਲ ਹੈ ਕਿ ਇਸ ਨੂੰ ਕੋਈ ਜ਼ਿਆਦਾ ਟਾਈਮ ਨਹੀਂ ਲੱਗੇਗਾ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸੋਹਣ ਸਿੰਘ ਠੰਡਲ** : ਸਪੀਕਰ ਸਾਹਿਬ, ਮੈਂ ਜਾਣਨਾ ਚਾਹੁੰਦਾ ਹਾਂ ਕਿ ਸਾਰੇ ਪੰਜਾਬ ਵਿੱਚ ਖਾਸ ਕਰਕੇ ਵਿਰੋਧੀ ਐਮ.ਐਲ.ਏਜ਼. ਦੇ ਹਲਕਿਆਂ ਵਿੱਚ ਅਜਿਹੀਆਂ ਸੜਕਾਂ ਵੀ ਹਨ ਜਿਨ੍ਹਾਂ ਨੂੰ ਰੀਪੇਅਰ ਹੋਈਆਂ ਨੂੰ 7-7 ਸਾਲ ਹੋ ਗਏ ਹਨ ? ਕੀ ਮੰਤਰੀ ਜੀ ਉਨ੍ਹਾਂ ਨੂੰ ਵੀ ਰਿਪੇਅਰ ਕਰਾਉਣ ਦਾ ਇਹ ਵਿਚਾਰ ਰੱਖਦੇ ਹਨ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੇ ਇਕ ਗੱਲ ਤਾਂ ਕਬੂਲ ਕੀਤੀ ਹੈ ਕਿ ਇਨ੍ਹਾਂ ਦੀ ਆਪਣੀ ਸਰਕਾਰ ਦੇ ਤਿੰਨ ਸਾਲਾਂ ਵਿਚ ਵੀ ਕੁਝ ਨਹੀਂ ਹੋਇਆ ਸੀ। ਲੇਕਿਨ ਅਸੀਂ ਇਸ ਨਿਗਾਹ ਨਾਲ ਨਹੀਂ ਦੇਖਦੇ। ਸਪੀਕਰ ਸਾਹਿਬ, ਸਾਰੀਆਂ ਸੜਕਾਂ ਦਾ ਪੈਚ ਵਰਕ ਹੋ ਚੁੱਕਿਆ ਹੈ ਅਤੇ ਸਵਾ ਸਾਲ ਵਿੱਚ ਹੀ ਅਸੀਂ ਸਾਰੀਆਂ ਪਲਾਨਡ ਰੋਡਜ਼ ਜਿਹੜੀਆਂ ਹਨ ਉਨ੍ਹਾਂ ਨੂੰ ਟੇਕ-ਅੱਪ ਕਰ ਰਹੇ ਹਾਂ ਅਤੇ ਨਬਾਰਡ-11 ਅਤੇ ਨਬਾਰਡ-12 ਪ੍ਰੋਗਰਾਮ ਵਿੱਚ ਲੈ ਰਹੇ ਹਾਂ। ਇਨ੍ਹਾਂ ਨੂੰ ਤਾਂ ਅਸੀਂ ਬਿਲਕੁਲ ਬੇਗਾਨਾ ਨਹੀਂ ਸਮਝਦੇ ਅਸੀਂ ਤਾਂ ਆਪਣਾ ਹੀ ਸਮਝਦੇ ਹਾਂ।

**ਸਰਦਾਰ ਸੋਹਣ ਸਿੰਘ ਠੰਡਲ** : ਮਾਨਯੋਗ ਸਪੀਕਰ ਸਾਹਿਬ, ਇਹ ਸਾਡੇ ਜ਼ਿਲ੍ਹੇ ਦੇ ਪਲੈਨਿੰਗ ਬੋਰਡ ਦੇ ਚੇਅਰਮੈਨ ਵੀ ਹਨ। ਇਨ੍ਹਾਂ ਨੇ ਪਿਛਲੇ ਸਾਲ ਵੀ ਭਰੋਸਾ ਦਿਵਾਇਆ ਸੀ ਲੇਕਿਨ ਉਹ ਭਰੋਸਾ, ਭਰੋਸਾ ਹੀ ਰਹਿ ਗਿਆ। ਇਸ ਲਈ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਭਾਵੇਂ ਇਹ ਸਾਨੂੰ ਬੇਗਾਨਾ ਨਹੀਂ ਸਮਝਦੇ ਪਰ ਲੋਕਾਂ ਦੀ ਤਕਲੀਫ ਨੂੰ ਮੁੱਖ ਰੱਖਦੇ ਹੋਏ ਇਹ ਕਦੋਂ ਤੱਕ ਇਸ ਨੂੰ ਮੁਕੰਮਲ ਕਰਵਾ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਜਨਰਲ ਗੱਲ ਕੀਤੀ ਹੈ, ਵੈਸੇ ਇਹ ਬੇਗਾਨੇ ਨਹੀਂ, ਸਾਡੇ ਆਪਣੇ ਹਨ, ਜਿਸ ਦਿਨ ਇਹ ਹੁਕਮ ਕਰਨਗੇ ਉਸੇ ਦਿਨ ਕਰਵਾ ਦੇਵਾਂਗੇ ਜੀ।

**Mr. Speaker :** Questions are over. Now we will take up the next item on the agenda. Call Attention Notices. ਹਾਂ ਜੀ ਸਰਦਾਰ ਬੀਰ ਦਵਿੰਦਰ ਸਿੰਘ ਜੀ।

(ਇਸ ਸਮੇਂ ਡਾਕਟਰ ਰਮੇਸ਼ ਦੱਤ ਸ਼ਰਮਾ ਜੀ ਸਦਨ ਵਿੱਚ ਖੜ੍ਹੇ ਹੋਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

ਹਾਂ ਜੀ, ਡਾਕਟਰ ਰਮੇਸ਼ ਦੱਤ ਜੀ, ਤੁਹਾਡਾ ਕੀ ਪੁਆਇੰਟ ਆਫ ਆਰਡਰ ਹੈ ?

---

## MATTERS RAISED DURING ZERO HOUR

**ਡਾਕਟਰ ਰਮੇਸ਼ ਦੱਤ ਸ਼ਰਮਾ** : ਸਪੀਕਰ ਸਾਹਿਬ, ਮੇਰੇ ਧਿਆਨ ਵਿੱਚ ਆਇਆ ਹੈ ਅਤੇ ਤੁਸੀਂ ਵੀ ਦੇਖ ਰਹੇ ਹੋ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਕੀ ਕੋਈ ਕਾਲੇ ਕਪੜੇ ਪਾਕੇ, ਜਿਸ ਤੇ ਨਾਅਰੇ ਲਿਖੇ ਹੋਣ, ਸਲੋਗਨ ਲਿਖੇ ਹੋਣ, ਇਸ ਪਵਿੱਤਰ ਸਦਨ ਵਿੱਚ ਹਿੱਸਾ ਲੈ ਸਕਦਾ ਹੈ ਜਾਂ ਨਹੀਂ। ਮੇਰਾ ਖਿਆਲ ਹੈ ਕਿ ਇਸ ਤਰ੍ਹਾਂ ਨਾਅਰੇ ਲਿਖ ਕੇ ਸਦਨ ਵਿੱਚ ਨਹੀਂ ਆਇਆ ਜਾ ਸਕਦਾ ਅਤੇ ਨਾ ਹੀ ਪੜ੍ਹ ਕੇ ਕਿਹਾ ਜਾ ਸਕਦਾ ਹੈ। ਸਪੀਕਰ ਸਾਹਿਬ, ਇਹ ਗਲਤ ਰਵਾਇਤ ਹੈ ਅਤੇ ਇਸ ਤੇ ਬੈਨ ਹੋਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

**Mr. Speaker :** There is no ban. Please take your seat.

(ਇਸ ਸਮੇਂ ਸਰਦਾਰ ਬਲਵਿੰਦਰ ਸਿੰਘ ਭੂੰਦੜ ਕੁਝ ਕਹਿਣ ਲਈ ਆਪਣੀ ਸੀਟ ਤੇ ਖੜ੍ਹੇ ਸਨ।)

**ਮਾਨਯੋਗ ਸਪੀਕਰ :** ਮੈਂ ਡਾਕਟਰ ਸਾਹਿਬ ਨੂੰ ਜਵਾਬ ਦੇ ਦਿੱਤਾ ਹੈ ਕਿ ਇਸ ਤੇ ਕੋਈ ਬੈਨ ਨਹੀਂ। ਹਾਂ ਜੀ ਅਗਲੀ ਆਈਟਮ ਸਰਦਾਰ ਬੀਰ ਦਵਿੰਦਰ ਸਿੰਘ ਜੀ।

(ਇਸ ਸਮੇਂ ਸਰਦਾਰ ਬਲਵਿੰਦਰ ਸਿੰਘ ਭੂੰਦੜ ਖੜ੍ਹੇ ਸਨ ਅਤੇ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਹਾਂ ਜੀ ਚਲੋ ਭੂੰਦੜ ਸਾਹਿਬ ਤੁਸੀਂ ਦੱਸੋ, ਕੀ ਕਹਿਣਾ ਚਾਹੁੰਦੇ ਹੋ ?

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਮੈਂ ਆਪ ਜੀ ਦੀ ਇਜ਼ਾਜ਼ਤ ਨਾਲ ਕਹਿਣਾ ਚਾਹੁੰਦਾ ਹਾਂ ਕਿ ਜੇ ਤਾਂ ਅਸੀਂ ਹਾਊਸ ਦੇ ਵਿੱਚ ਗੱਲ ਕਰਦੇ ਹਾਂ ਕਿ ਇਸ ਸਬਜੈਕਟ ਤੇ ਡਿਸਕਸ਼ਨ ਕਰ ਲਓ, ਇਸ ਨੂੰ ਅਗਲੇ ਦਿਨ ਤੇ ਪਾ ਲਓ ਤਾਂ ਸਰਕਾਰ ਨਹੀਂ ਮੰਨਦੀ। ਸਰਕਾਰ ਪਾਵਰ ਵਿੱਚ ਹੈ ਅਤੇ ਜੋ ਮਰਜ਼ੀ ਬਿਆਨ ਦੇ ਸਕਦੀ ਹੈ। ਸਪੀਕਰ ਸਾਹਿਬ, ਬਠਿੰਡਾ ਵਿਖੇ ਨਰਮੇ ਦਾ ਕੀ ਹਾਲ ਹੋ ਰਿਹਾ ਹੈ, ਪਿੰਡ ਸਿੰਗੋ ਵਿੱਚ ਇਕ ਕਿਸਾਨ ਨੇ ਇਸੇ ਕਰਕੇ ਖੁਦਕੁਸ਼ੀ ਕਰ ਲਈ ਹੈ। ਪੈਡੀ 16-16 ਦਿਨਾਂ ਤੋਂ ਮੰਡੀਆਂ ਵਿਚ ਰੁਲ ਰਹੀ ਹੈ ਅਤੇ ਕਿਸਾਨ ਦਾ ਬੁਰਾ ਹਾਲ ਹੈ ਅਤੇ ਉਹ ਵੀ ਖੁਦਕੁਸ਼ੀਆਂ ਵੱਲ ਜਾ ਰਿਹਾ ਹੈ। ਸਰਕਾਰ ਵਲੋਂ ਪੈਡੀ ਦੀ ਸਪੈਸੀਫਿਕੇਸ਼ਨ ਵਿੱਚ ਕੋਈ ਵੀ ਢਿੱਲ੍ਹ ਨਹੀਂ ਦਿਤੀ ਗਈ। ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਇਸ ਤੇ ਧਿਆਨ ਦੇਵੇ।

**ਖੁਰਾਕ ਅਤੇ ਸਪਲਾਈ ਮੰਤਰੀ :** ਸਪੀਕਰ ਸਾਹਿਬ, ਸਰਦਾਰ ਬੀਰ ਦਵਿੰਦਰ ਸਿੰਘ ਜੀ ਦੀ ਕਾਲ ਅਟੈਂਸ਼ਨ ਆ ਰਹੀ ਹੈ, ਅਸੀਂ ਪੈਡੀ ਖਰੀਦੀ ਹੈ ਜਾਂ ਨਹੀਂ ਖਰੀਦੀ, ਇਸ ਬਾਰੇ ਸਾਰਾ ਕੁਝ ਡਿਟੇਲ ਵਿੱਚ ਦੱਸ ਦੇਵਾਂਗਾ ਅਤੇ ਤੁਹਾਡਾ ਵੀ ਸਾਰਾ ਪਤਾ ਲਗ ਜਾਵੇਗਾ।

(ਇਸ ਸਮੇਂ ਸਦਨ ਵਿੱਚ ਆਪੋਜ਼ੀਸ਼ਨ ਦੇ ਮੈਂਬਰ ਖੜ੍ਹੇ ਸਨ ਅਤੇ ਸਦਨ ਵਿੱਚ ਰੌਲਾ ਸੀ।)

**ਮਾਨਯੋਗ ਸਪੀਕਰ :** ਸਰਦਾਰ ਬੀਰ ਦਵਿੰਦਰ ਸਿੰਘ ਜੀ ਦੀ ਕਾਟਨ ਬਾਰੇ ਹੀ ਕਾਲ ਅਟੈਂਸ਼ਨ ਹੈ। ਤੁਸੀਂ ਬੈਠ ਕੇ ਸੁਣੋਂ ਤਾਂ ਸਹੀ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜ਼ੀਰੋ ਆਵਰ ਵਿੱਚ ਤੁਸੀਂ ਇਕ ਗੱਲ ਵੀ ਨਹੀਂ ਕਰਨ ਦੇ ਰਹੇ। ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਉਨ੍ਹਾਂ ਦੀ ਗੱਲ ਸੁਣ ਲਈ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਗੱਲ ਕਰਨੀ ਚਾਹੁੰਦਾ ਹਾਂ ਕਿ ਹਲਕਾ ਮੁਕਤਸਰ ਵਿਖੇ ਮਿਊਂਸਿਪਲ ਕੌਂਸਲ ਦੇ ਪ੍ਰੈਜ਼ੀਡੈਂਟ ਦੀ ਇਲੈਕਸ਼ਨ ਸੀ ਉਸ ਤੋਂ ਇੱਕ ਦਿਨ ਪਹਿਲਾਂ ਸਾਡੇ ਐਮ.ਐਲ.ਏ. ਮਰਾੜ ਸਾਹਿਬ ਦੇ ਖਿਲਾਫ਼ ਪਰਚਾ ਦਰਜ ਕਰ ਲਿਆ। ਚਲੋ ਪਰਚੇ ਨਾਲ ਤਾਂ ਨਿਪਟਿਆ ਜਾਊ। ਇਲੈਕਸ਼ਨ ਦੇ ਵੇਲੇ ਪਰਚਾ ਦਰਜ ਕੀਤਾ। ਇਸ ਲਈ ਇਥੇ ਚੀਫ਼ ਮਨਿਸਟਰ ਸਾਹਿਬ ਐਸ਼ਿਓਰ ਕਰਨ ਕਿ ਉਨ੍ਹਾਂ ਨੂੰ ਵੋਟ ਪਾ ਲੈਣ ਦਿੱਤੀ ਜਾਵੇਗੀ। ਇਹ ਕੋਈ ਡੈਮੋਕਰੇਟਿਕ ਤਰੀਕਾ ਨਹੀਂ। ਜੇ ਐਮ.ਐਲ.ਏ. ਨੂੰ ਹੀ ਵੋਟ ਪਾਉਣ ਦੀ ਇਜਾਜ਼ਤ ਨਹੀਂ ਹੋਵੇਗੀ ਤਾਂ ਫਿਰ ਆਮ ਵੋਟਰ ਦਾ ਕੀ ਹਾਲ ਹੋਵੇਗਾ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਕਿਸ ਇਸ਼ੂ ਤੇ ਪਰਚਾ ਦਰਜ ਕੀਤਾ ਹੈ, ਮੈਨੂੰ ਨਹੀਂ ਪਤਾ। ਮੈਨੂੰ ਦੱਸ ਦੇਣ। I will certainly examine it. I am not aware of this issue.

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਆਜ਼ਾਦ ਮੈਂਬਰ ਸਰਦਾਰ ਸੁਖਦਰਸ਼ਨ ਸਿੰਘ ਮਰਾੜ, ਸਰਦਾਰ ਹਰਮੀਤ ਸਿੰਘ ਸੰਧੂ, ਸਰਦਾਰ ਗੋਬਿੰਦ ਸਿੰਘ ਕਾਂਝਲਾ, ਸਰਦਾਰ ਗੁਰਪ੍ਰੀਤ ਸਿੰਘ ਕਾਂਗੜ ਸਦਨ ਵਿੱਚ ਖੜ੍ਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**Mr. Speaker :** I am standing. Please take your seats first. When the Speaker is standing, you are committing contempt of the House by standing. Please take your seats, I am on legs. ਸਾਰੇ ਬੈਠ ਜਾਓ। ਮਰਾੜ ਜੀ, ਦਸੋ ਤੁਸੀਂ ਕੀ ਕਹਿਣਾ ਚਾਹੁੰਦੇ ਹੋ ?

**ਸਰਦਾਰ ਸੁਖਦਰਸ਼ਨ ਸਿੰਘ ਮਰਾੜ** : ਸਪੀਕਰ ਸਾਹਿਬ, ਮੇਰੇ ਖਿਲਾਫ਼ ਫੂਡ ਸਪਲਾਈ ਮਹਿਕਮੇ ਵੱਲੋਂ ਪਰਚਾ ਦਿੱਤਾ ਗਿਆ। ਸਿਰਫ ਇਸ ਕਰਕੇ ਕਿ ਮੇਰੀ ਵੋਟ ਨਗਰ ਪੰਚਾਇਤ ਦੀ ਚੋਣ ਵਿੱਚ ਹੈ। ਅਸੀਂ ਸੱਤ ਮੈਂਬਰ ਹਾਂ ਅਤੇ ਸੀ.ਐਮ. ਸਾਹਿਬ ਦੇ ਪੰਜ ਮੈਂਬਰ ਹਨ। ਇਹ ਆਪਣਾ ਪ੍ਰੈਜ਼ੀਡੈਂਟ ਬਣਾਉਣਾ ਚਾਹੁੰਦੇ ਹਨ। ਸਾਨੂੰ ਰੋਕਣ ਵਾਸਤੇ ਸਾਡੇ ਤੇ ਪਰਚਾ ਦੇ ਦਿੱਤਾ ਗਿਆ ਹੈ। ਸਾਡੀ ਵੋਟ ਯਕੀਨੀ ਬਣਾਈ ਜਾਵੇ।

**ਮਾਨਯੋਗ ਸਪੀਕਰ** : ਠੀਕ ਹੈ। ਤੁਹਾਡੀ ਗੱਲ ਆ ਗਈ ਹੈ। ਸਰਦਾਰ ਬੀਰ ਦਵਿੰਦਰ ਸਿੰਘ ਜੀ ਹੁਣ ਤੁਸੀਂ ਬੋਲੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਆਜ਼ਾਦ ਮੈਂਬਰ ਸਰਦਾਰ ਸੁਖਦਰਸ਼ਨ ਸਿੰਘ ਮਰਾੜ, ਸਰਦਾਰ ਹਰਮੀਤ ਸਿੰਘ ਸੰਧੂ, ਸਰਦਾਰ ਗੋਬਿੰਦ ਸਿੰਘ ਕਾਂਝਲਾ, ਸਰਦਾਰ ਗੁਰਪ੍ਰੀਤ ਸਿੰਘ ਕਾਂਗੜ ਸਦਨ ਵਿੱਚ ਖੜ੍ਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

ਜੇ ਹਾਊਸ ਇਸੇ ਤਰਾਂ ਚਲਾਉਣਾ ਹੈ ਤਾਂ ਫਿਰ ਸੌਰੀ। ਤੁਸੀਂ ਕੋਆਪਰੇਟ ਕਰੋ। (ਵਿਘਨ) (ਸ਼ੋਰ) ਜੇ ਤੁਸੀਂ ਕਾਟਨ ਤੇ ਸੁਣਨਾ ਨਹੀਂ ਚਾਹੁੰਦੇ ਤਾਂ ਫਿਰ I am sorry for that ਜੇ ਤੁਸੀਂ ਇਸੇ ਤਰ੍ਹਾਂ ਖੜ੍ਹੇ ਹੋ ਕੇ ਬੋਲਣਾ ਹੈ ਤਾਂ ਫਿਰ ਹਾਊਸ ਐਡਜਰਨ ਕਰ ਦਿੰਦੇ ਹਾਂ। (ਵਿਘਨ) ਤੁਸੀਂ ਕਾਟਨ ਤੇ ਬਹਿਸ ਨਹੀਂ ਕਰਨੀ ਚਾਹੁੰਦੇ। ਪੈਡੀ ਤੇ ਕਾਟਨ ਦੀ ਗੱਲ ਆਈ ਹੈ। (ਵਿਘਨ) (ਸ਼ੋਰ) ਸਰਦਾਰ ਬੀਰ ਦਵਿੰਦਰ ਸਿੰਘ ਜੀ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਹਿੱਤ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ ਕਿ ਪੰਜਾਬ ਦੀ ਨਰਮਾ ਪੱਟੀ ਦੇ ਖੇਤਰ ਵਿੱਚ ਕਿਸਾਨਾਂ ਦੀ ਨਰਮੇ ਅਤੇ ਕਪਾਹ ਦੀ ਵਪਾਰੀਆਂ ਵੱਲ ਸ਼ਰੇਆਮ ਲੁੱਟ ਹੋ ਰਹੀ ਹੈ.....(ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਆਪਣੀਆਂ ਸੀਟਾਂ ਤੇ ਬੈਠੋ। ਬਾਦਲ ਸਾਹਿਬ, ਸੌਰੀ। You are obstructing the proceedings of the House. Sorry for that. (ਵਿਘਨ)

---

## WALK OUT

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਅਸੀਂ ਬੋਲਣ ਲਈ ਸਮਾਂ ਨਾ ਮਿਲਣ ਤੇ ਵਾਕ ਆਊਟ ਕਰਦੇ ਹਾਂ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਆਜ਼ਾਦ ਮੈਂਬਰ ਸਰਦਾਰ ਸੁਖਦਰਸ਼ਨ ਸਿੰਘ ਮਰਾੜ੍ਹ, ਸਰਦਾਰ ਹਰਮੀਤ ਸਿੰਘ ਸੰਧੂ, ਸਰਦਾਰ ਗੋਬਿੰਦ ਸਿੰਘ ਕਾਂਝਲਾ, ਸਰਦਾਰ ਗੁਰਪ੍ਰੀਤ ਸਿੰਘ ਕਾਂਗੜ ਸਦਨ ਵਿੱਚ ਸਰਦਾਰ ਸੁਖਦਰਸ਼ਨ ਸਿੰਘ ਮਰਾੜ੍ਹ, ਐਮ.ਐਲ.ਏ. ਨੂੰ ਵੋਟ ਨਾ ਪਾਉਣ ਦੇਣ ਦੇ ਮੁੱਦੇ ਤੇ ਸਮਾਂ ਨਾ ਮਿਲਣ ਕਾਰਨ ਨਾਅਰੇ** ਮਾਰਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ।)

**ਮਾਨਯੋਗ ਸਪੀਕਰ** : ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਇਨ੍ਹਾਂ ਨੂੰ ਜਾ ਲੈਣ ਦਿਓ ਕਿਉਂਕਿ ਅਸੀਂ ਕਿਸਾਨਾਂ ਦੀ ਗੱਲ ਕਰ ਰਹੇ ਹਾਂ ਅਤੇ ਇਹ ਜਾ ਰਹੇ ਹਨ। ਸਪੀਕਰ ਸਾਹਿਬ, ਸ਼ਰਮ ਦੀ ਗੱਲ ਹੈ ਕਿ ਕਿਸਾਨਾਂ ਦੀ ਕਪਾਹ ਦੀ ਕਾਲ ਅਟੈਨਸ਼ਨ.......

**ਮਾਨਯੋਗ ਸਪੀਕਰ** : ਤੁਸੀਂ ਕਪਾਹ ਤੇ ਬੋਲੋ।

**ਸਰਦਾਰ ਬੀਰ ਦਵਿੰਦਰ ਸਿੰਘ** : ਕਿਸਾਨਾਂ ਦੇ ਠੇਕੇਦਾਰ ਕਪਾਹ ਅਤੇ ਨਰਮੇ ਦੇ ਮੁੱਦੇ ਤੇ ਵਾਕ ਆਊਟ ਕਰ ਰਹੇ ਹਨ। ਬੜੇ ਅਫਸੋਸ ਦੀ ਗੱਲ ਹੈ।

**ਮਾਨਯੋਗ ਸਪੀਕਰ** : ਇਨ੍ਹਾਂ ਨੂੰ ਜਾ ਲੈਣ ਦਿਓ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ,

"ਮਿਰਾਸ ਮੇਂ ਲਾਏ ਹੈਂ ਯੇ ਮਜਲਸੇਂ ਅਕਵਾਮ
ਜਾਗੋ ਕੇ ਤਸੱਰਫ ਮੇਂ ਉਕਾਬੋਂ ਕੇ ਨਸ਼ੇਮਾਨ ਹੈਂ।"

---

** Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਸ਼ਰਦਾਰ ਬੀਰ ਦਵਿੰਦਰ ਸਿੰਘ]

ਬਾਜਾਂ ਦੇ ਆਲ੍ਹਣਿਆਂ ਵਿੱਚ ਕਾਵਾਂ ਦੀਆ ਡਾਰਾਂ ਬਹਿ ਗਈਆਂ ਹਨ, ਕੀ ਕਰੀਏ। ਕਾਵਾਂ ਦੀਆ ਡਾਰਾਂ ਕਾਂ-ਕਾਂ ਕਰਕੇ ਜਾ ਰਹੀਆਂ ਹਨ, ਨਰਮੇ ਦੀ ਕਾਲ ਅਟੈਨਸ਼ਨ ਤੇ....... ਨਰਮੇ ਦੀ ਕਾਲ ਅਟੈਨਸ਼ਨ ਤੇ। Very sad, very unfortunate. (interruption)

**ਮਾਨਯੋਗ ਸਪੀਕਰ** : ਜੋ ਸਲੋਗਨ ਲਗਾ ਰਹੇ ਹਨ, should not be recorded.

**ਸਰਦਾਰ ਬੀਰ ਦਵਿੰਦਰ ਸਿੰਘ** : ਅੱਜ ਇਨ੍ਹਾਂ ਨੇ ਫੋਟੋ ਖਿਚਵਾਉਣੀ ਹੈ। ਇੰਨੇ ਕੈਮਰੇ ਲਗਾ ਦਿੱਤੇ ਹਨ, ਇਨ੍ਹਾਂ ਨੇ ਸੋਚਿਆ। ਪਰਫਾਰਮੈਂਸ ਦਿਖਾ ਦੇਈਏ।

**ਮਾਨਯੋਗ ਸਪੀਕਰ** : ਤੁਸੀਂ ਇੱਕ ਵਾਰੀ ਫਿਰ ਪੜ੍ਹ ਦਿਓ।

---

## CALL ATTENTION NOTICES UNDER RULE 66
## (Serial No. 7)

**ਸਰਦਾਰ ਬੀਰ ਦਵਿੰਦਰ ਸਿੰਘ** : ਸ਼੍ਰੀਮਾਨ ਜੀ, ਮੈਂ, ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤੀ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ, ਕਿ ਪੰਜਾਬ ਦੀ ਨਰਮਾ ਪੱਟੀ ਦੇ ਖੇਤਰ ਵਿੱਚ ਕਿਸਾਨਾਂ ਦੀ ਨਰਮੇ ਅਤੇ ਕਪਾਹ ਦੀ ਵਪਾਰੀਆਂ ਵੱਲੋਂ ਸ਼ਰ੍ਹੇਆਮ ਲੁੱਟ ਹੋ ਰਹੀ ਹੈ ਅਤੇ ਕਿਸਾਨਾਂ ਦੀ ਜਿਣਸ ਦਾ ਸਰਕਾਰੀ ਭਾਅ ਘੱਟੋ-ਘੱਟ 1835/- ਰੁਪਏ ਪ੍ਰਤੀ ਕੁਇੰਟਲ ਤੈਅ ਹੋਣ ਦੇ ਬਾਵਜੂਦ ਵੀ ਬਠਿੰਡਾ, ਫਰੀਦਕੋਟ, ਫਾਜ਼ਿਲਕਾ, ਅਬੋਹਰ, ਗਿੱਦੜਬਾਹਾ, ਰਾਮਪੁਰਾ ਫੂਲ, ਮੁਕਤਸਰ ਅਤੇ ਉਸ ਦੀਆਂ ਇਰਦ-ਗਿਰਦ ਦੀਆਂ ਮੰਡੀਆਂ ਵਿੱਚ ਕਪਾਹ ਅਤੇ ਨਰਮਾ ਵਪਾਰੀਆਂ ਵੱਲੋਂ ਸਰਕਾਰੀ ਭਾਅ ਤੋਂ ਬਹੁਤ ਘੱਟ ਭਾਅ ਤੇ ਖਰੀਦੀਆਂ ਜਾ ਰਹੀਆਂ ਹਨ। ਬਹੁਤ ਸਾਰੀਆਂ ਮੰਡੀਆਂ ਵਿੱਚ ਸਰਕਾਰੀ ਏਜੰਸੀਆਂ, ਜਿਵੇਂ ਕਿ ਮਾਰਕਫੈੱਡ ਅਤੇ ਭਾਰਤੀ ਕਪਾਹ ਨਿਗਮ ਦੇ ਹਾਲੇ ਤੱਕ ਖਰੀਦ ਸ਼ੁਰੂ ਨਾ ਕਰਨ ਕਾਰਨ ਕਿਸਾਨਾਂ ਨੂੰ ਤਕਰੀਬਨ 100 ਤੋਂ 150 ਰੁਪਏ ਪ੍ਰਤੀ ਕੁਇੰਟਲ ਘਾਟਾ ਪਾ ਕੇ ਮਜਬੂਰੀ ਵੱਸ ਵਪਾਰੀਆਂ ਨੂੰ ਨਰਮਾ ਅਤੇ ਕਪਾਹ ਵੇਚਣੀ ਪੈ ਰਹੀ ਹੈ। ਵਪਾਰੀ ਸਰਕਾਰੀ ਏਜੰਸੀਆਂ ਦੀ ਗੈਰਹਾਜ਼ਰੀ ਦਾ ਫਾਇਦਾ ਉਠਾ ਕੇ ਕਿਸਾਨਾਂ ਦੀਆਂ ਨਰਮੇ ਅਤੇ ਕਪਾਹ ਦੀਆਂ ਫਸਲਾਂ ਆਪਣੇ ਰਾਜੀਂ ਵਿਉਂਤ ਰਹੇ ਹਨ। ਜਿਸ ਕਾਰਨ ਕਿਸਾਨਾਂ ਵਿੱਚ ਭਾਰੀ ਰੋਸ ਅਤੇ ਬੇਚੈਨੀ ਪਾਈ ਜਾ ਰਹੀ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਸਹਿਕਾਰਤਾ ਅਤੇ ਬਾਗਬਾਨੀ ਮੰਤਰੀ (ਸਰਦਾਰ ਜਸਜੀਤ ਸਿੰਘ ਰੰਧਾਵਾ)** : ਬੀ.ਟੀ. ਕਪਾਹ ਦੇ ਬੀਜ ਦੀ ਉਪਲਬੱਧੀ ਨਾਲ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਜ਼ਿਆਦਾ ਕਪਾਹ ਦੀ ਫਸਲ ਬੀਜੀ ਗਈ ਹੈ। ਆਪ ਜੀ ਦੀ ਜਾਣਕਾਰੀ ਹਿੱਤ ਦੱਸਿਆ ਜਾਂਦਾ ਹੈ ਕਿ ਪਿਛਲੇ ਸਾਲ 5.09 ਲੱਖ ਹੈਕਟੇਅਰ ਦੇ ਮੁਕਾਬਲੇ ਇਸ ਸਾਲ 5.8 ਲੱਖ ਹੈਕਟੇਅਰ ਰਕਬੇ ਤੇ ਕਪਾਹ ਦੀ ਫਸਲ ਬੀਜੀ ਗਈ। ਜਿਸ ਕਾਰਨ ਇਸ ਸਾਲ ਪਿਛਲੇ ਸਾਲ 17 ਲੱਖ ਗੱਠਾਂ ਦੇ

Original with;
Punjab Vidhan Sabha
Digitized by;
Panjab Digital Library

ਮੁਕਾਬਲੇ ਇਸ ਸਾਲ 22 ਲੱਖ ਗੱਠਾਂ ਦਾ ਉਤਪਾਦਨ ਹੋਣ ਦੀ ਸੰਭਾਵਨਾ ਹੈ। ਕਪਾਹ ਦੀ ਫਸਲ ਇਸ ਸਾਲ ਅਗਸਤ ਦੇ ਅਖੀਰਲੇ ਹਫਤੇ ਵਿੱਚ ਹੀ ਮੰਡੀਆਂ ਵਿਚ ਆਉਣੀ ਸ਼ੁਰੂ ਹੋ ਗਈ ਤੇ ਸਤੰਬਰ ਦੇ ਅਖੀਰਲੇ ਹਫਤੇ ਤੱਕ ਫਸਲ ਦੀ ਕੀਮਤ ਘੱਟੋ ਘੱਟ ਸਮਰਥਨ ਮੁੱਲ ਤੋਂ ਜ਼ਿਆਦਾ ਰਹੀ। ਇਸ ਲਈ 1 ਅਕਤੂਬਰ, 2005 ਤੋਂ ਸਰਕਾਰ ਦੁਆਰਾ ਖਰੀਦ ਸ਼ੁਰੂ ਹੋਣ ਤੋਂ ਪਹਿਲਾਂ ਕਿਸਾਨਾਂ ਨੂੰ ਕਿਸੇ ਵੀ ਕਿਸਮ ਦਾ ਕੋਈ ਆਰਥਿਕ ਨੁਕਸਾਨ ਨਹੀਂ ਹੋਇਆ।

ਇਸ ਸਮੇਂ ਪੰਜਾਬ ਵਿੱਚ ਕਪਾਹ ਦੀ ਫਸਲ 27 ਮੰਡੀਆਂ ਵਿਚ ਆ ਰਹੀ ਹੈ ਜਿਸ ਵਿੱਚ ਉਹ ਮੰਡੀ ਵੀ ਸ਼ਾਮਲ ਹੈ ਜਿਸ ਦਾ ਜ਼ਿਕਰ ਮਾਨਯੋਗ ਮੈਂਬਰ ਵਿਧਾਨ ਸਭਾ ਨੇ ਆਪਣੇ ਧਿਆਨ ਦਿਵਾਊ ਨੋਟਿਸ ਵਿੱਚ ਕੀਤਾ ਹੈ। ਇਨ੍ਹਾਂ ਸਾਰੀਆਂ 27 ਮੰਡੀਆਂ ਵਿੱਚ ਨੈਫੇਡ ਦੇ ਏਜੰਟ ਦੇ ਤੌਰ ਤੇ ਮਾਰਕਫੈੱਡ ਨੇ ਫਸਲ ਦੀ ਖਰੀਦ ਦਾ ਕੰਮ ਸ਼ੁਰੂ ਕੀਤਾ ਹੈ ਅਤੇ ਖਰੀਦ ਲਈ ਸਾਰੇ ਪ੍ਰਬੰਧ ਸਮੇਂ ਤੋਂ ਪਹਿਲਾਂ ਮੁਕੰਮਲ ਕਰ ਲਏ ਗਏ ਸਨ। ਇਨ੍ਹਾਂ 27 ਮੰਡੀਆਂ ਵਿਚੋਂ 14 ਮੰਡੀਆਂ ਵਿੱਚ ਭਾਰਤ ਸਰਕਾਰ ਦੀ ਏਜੰਸੀ ਕਾਟਨ ਕਾਰਪੋਰੇਸ਼ਨ ਆਫ ਇੰਡੀਆ ਵੱਲੋਂ ਵੀ ਫਸਲ ਦੀ ਖਰੀਦ ਕੀਤੀ ਜਾ ਰਹੀ ਹੈ। ਭਾਰਤ ਸਰਕਾਰ ਦੇ ਟੈਕਸਟਾਈਲ ਮੰਤਰਾਲੇ ਵੱਲੋਂ ਕਪਾਹ ਦੀ ਖਰੀਦ ਸਬੰਧੀ ਕੁਆਲਿਟੀ ਕੱਟ ਮਾਪਦੰਡ ਨਿਰਧਾਰਿਤ ਕੀਤੇ ਗਏ ਹਨ ਅਤੇ ਮਾਰਕਫੈੱਡ ਕੇਵਲ ਇਨ੍ਹਾਂ ਮਾਪਦੰਡਾਂ ਦੇ ਅਨੁਸਾਰ ਹੀ ਕਪਾਹ ਦੀ ਫਸਲ ਖਰੀਦ ਸਕਦੀ ਹੈ। ਕਪਾਹ ਦੀ ਫਸਲ ਜੋ ਅਕਤੂਬਰ ਦੇ ਪਹਿਲੇ ਹਫਤੇ ਵਿੱਚ ਮੰਡੀਆਂ ਵਿੱਚ ਆਉਣੀ ਸ਼ੁਰੂ ਹੋਈ ਉਹ ਇਨ੍ਹਾਂ ਮਾਪਦੰਡਾਂ ਤੇ ਪੂਰੀ ਨਹੀਂ ਉਤਰਦੀ ਸੀ। ਮਾਪਦੰਡ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

| ਲੜੀ ਨੰ: | ਮਾਪਦੰਡ | ਭਾਰਤ ਸਰਕਾਰ ਦੁਆਰਾ ਨਿਰਧਾਰਿਤ ਮਾਪਦੰਡ |
|---|---|---|
| 1 | ਲਿੰਟ ਰਿਕਵਰੀ | 33.50 |
| 2 | ਨਮੀ | 8 ਫੀਸਦੀ |
| 3 | ਮਾਈਕਰੋਨੇਅਰ ਵੈਲਯੂ | 3.8-4.7 |
| 4 | ਲਿੰਟ ਦੇ ਰੰਗ ਵਿੱਚ ਬਦਲਾਅ | |

ਮੰਡੀਆਂ ਵਿੱਚ ਘੱਟ ਮਿਆਰ ਵਾਲੀ ਫਸਲ ਆਉਣ ਦਾ ਵੱਡਾ ਕਾਰਨ ਕਪਾਹ ਉਗਾਉਣ ਵਾਲੇ ਇਲਾਕਿਆਂ ਵਿੱਚ ਸਤੰਬਰ ਦੇ ਅਖੀਰਲੇ ਮਹੀਨੇ ਵਿੱਚ ਜ਼ਿਆਦਾ ਬਾਰਸ਼ ਹੋਣਾ ਸੀ।

ਕਿਸਾਨਾਂ ਵੱਲੋਂ ਮਹਿੰਗੇ ਬੀਜ ਅਤੇ ਦਵਾਈਆਂ ਦੀ ਖਰੀਦ ਮਗਰੋਂ ਚੰਗੀ ਫਸਲ ਉਗਾਉਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਫਸਲ ਦੇ ਵਾਜਬ ਮੁੱਲ ਨਾ ਮਿਲਣ ਕਰਕੇ ਮੁੱਖ ਮੰਤਰੀ ਜੀ ਵੱਲੋਂ ਭਾਰਤ ਸਰਕਾਰ ਦੇ ਟੈਕਸਟਾਈਲ ਮੰਤਰਾਲੇ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਡਾਇਰੈਕਟਰ ਖੇਤੀਬਾੜੀ ਵਿਭਾਗ ਪੰਜਾਬ ਦੀਆਂ ਸਿਫਾਰਿਸ਼ਾਂ ਮੁਤਾਬਕ ਫਸਲ ਦੀ

Original with;
Punjab Vidhan Sabha
Digitized by;
Punjab Digital Library

[ਸਹਿਕਾਰਤਾ ਅਤੇ ਬਾਗਬਾਨੀ ਮੰਤਰੀ]

ਖਰੀਦ ਸਬੰਧੀ ਮਾਪਦੰਡਾਂ ਵਿੱਚ ਰਿਆਇਤ ਦੇਣ ਲਈ ਅਰਧ ਸਰਕਾਰੀ ਪੱਤਰ ਰਾਹੀਂ ਲਿਖਿਆ ਗਿਆ ਹੈ। ਮਾਪਦੰਡਾਂ ਸਬੰਧੀ ਤਜਵੀਜ਼ਤ ਰਿਆਇਤਾਂ ਹੇਠ ਲਿਖੇ ਅਨੁਸਾਰ ਕੀਤੀਆਂ ਗਈਆਂ ਹਨ।

| ਲੜੀ ਨੰ: | ਮਾਪਦੰਡ | ਭਾਰਤ ਸਰਕਾਰ ਦੁਆਰਾ ਨਿਰਧਾਰਿਤ ਮਾਪਦੰਡ | ਤਜਵੀਜ਼ਤ ਮਾਪਦੰਡ |
|---|---|---|---|
| 1 | ਲਿੰਟ ਰਿਕਵਰੀ | 33.50 | 32.50 |
| 2 | ਨਮੀ | 8 ਫੀਸਦੀ | 11 ਫੀਸਦੀ ਤੱਕ |
| 3 | ਮਾਈਕਰੋਨੇਅਰ ਵੈਲਯੂ | 3.8-4.7 | 5.0 ਤੱਕ |
| 4 | ਲਿੰਟ ਦੇ ਰੰਗ ਵਿੱਚ ਬਦਲਾਅ | — | ਹਲਕਾ ਪੀਲਾ |

ਭਾਰਤ ਸਰਕਾਰ ਵੱਲੋਂ ਅੱਜੇ ਤੱਕ ਮਾਪਦੰਡਾਂ ਵਿੱਚ ਰਿਆਇਤ ਨਹੀਂ ਦਿੱਤੀ ਗਈ।

ਇਸ ਸਮੇਂ ਦੌਰਾਨ ਭਾਰਤ ਸਰਕਾਰ ਦੇ ਖੇਤੀਬਾੜੀ ਮੰਤਰਾਲੇ ਵੱਲੋਂ ਨੈਫੇਡ ਨੂੰ ਪੰਜਾਬ ਵਿੱਚ ਕਪਾਹ ਦੀ ਫਸਲ ਦੀ ਖਰੀਦ ਰੋਕਣ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਪੰਜਾਬ ਦੇ ਕਪਾਹ ਦੇ ਫਸਲ ਵਾਲੇ ਇਲਾਕੇ ਦੇ ਕਿਸਾਨਾਂ ਨੂੰ ਇਨ੍ਹਾਂ ਹਦਾਇਤਾਂ ਕਾਰਨ ਆਉਣ ਵਾਲੇ ਸੰਕਟ ਨੂੰ ਧਿਆਨ ਵਿਚ ਰੱਖਦੇ ਹੋਏ ਮੁੱਖ ਮੰਤਰੀ, ਪੰਜਾਬ ਵੱਲੋਂ ਭਾਰਤ ਸਰਕਾਰ ਦੇ ਖੇਤੀਬਾੜੀ ਮੰਤਰਾਲੇ ਨੂੰ ਅਰਧ ਸਰਕਾਰੀ ਪੱਤਰ ਰਾਹੀਂ ਨੈਫੇਡ ਨੂੰ ਮੁੜ ਖਰੀਦ ਸ਼ੁਰੂ ਕਰਨ ਲਈ ਆਗਿਆ ਦੇਣ ਲਈ ਲਿਖਿਆ ਗਿਆ ਹੈ ਅਤੇ ਜਦੋਂ ਤੱਕ ਇਸ ਸਬੰਧੀ ਨਿਰਣਾ ਨਹੀਂ ਹੁੰਦਾ ਉਦੋਂ ਤੱਕ ਮਾਰਕਫੈੱਡ ਨੂੰ ਆਪਣੇ ਪੱਧਰ ਤੇ ਕਿਸਾਨਾਂ ਤੋਂ ਕਪਾਹ ਦੀ ਖਰੀਦ ਜਾਰੀ ਰੱਖਣ ਲਈ ਹਦਾਇਤ ਕੀਤੀ ਗਈ ਹੈ। ਮਾਰਕਫੈੱਡ ਇਨ੍ਹਾਂ ਹਦਾਇਤਾਂ ਮੁਤਾਬਿਕ ਪੰਜਾਬ ਦੀਆਂ ਮੰਡੀਆਂ ਵਿੱਚ ਕਪਾਹ ਆਪਣੀ ਜ਼ਿੰਮੇਵਾਰੀ ਤੇ ਖਰੀਦ ਕਰ ਰਹੀ ਹੈ ਤਾਂ ਕਿ ਕਿਸਾਨਾਂ ਨੂੰ ਫਸਲ ਦੀ ਸਹੀ ਕੀਮਤ ਮਿਲਦੀ ਰਹੇ।

ਪੰਜਾਬ ਦੀਆ ਮੰਡੀਆਂ ਵਿੱਚ ਕਪਾਹ ਦੀ ਫਸਲ ਦੀ ਖਰੀਦ ਸਬੰਧੀ ਮੌਜੂਦਾ ਸਥਿਤੀ ਤੋਂ ਸਪੱਸ਼ਟ ਹੈ ਕਿ ਸਰਕਾਰੀ ਏਜੰਸੀਆਂ ਅਤੇ ਵਪਾਰੀਆਂ ਵੱਲੋਂ ਮੰਡੀਆਂ ਵਿੱਚ ਆਉਣ ਵਾਲੀ ਸਾਰੀ ਫਸਲ ਦੀ ਖਰੀਦ ਕੀਤੀ ਜਾ ਰਹੀ ਹੈ ਅਤੇ ਮੰਡੀਆਂ ਵਿੱਚ ਇਸ ਸਮੇਂ ਫਸਲ ਦੀ ਕੀਮਤ 1750 ਰੁਪਏ ਤੋਂ 1850 ਰੁਪਏ ਪ੍ਰਤੀ ਕੁਇੰਟਲ ਕਿਸਾਨਾਂ ਨੂੰ ਮਿਲ ਰਹੀ ਹੈ, ਅਜਿਹਾ ਟਾਈਮਜ਼ ਆਫ ਇੰਡੀਆ ਦੇ 16 ਅਕਤੂਬਰ, 2005 ਦੇ ਐਡੀਸ਼ਨ ਦੇ ਪੰਨਾ ਨੰ: 6 ਤੇ ਛਪੀ ਖਬਰ ਮੁਤਾਬਕ ਜਿਸ ਵਿੱਚ ਕਿਸਾਨਾਂ ਨੂੰ ਇਸ ਫਸਲ ਲਈ 1775 ਤੋਂ 1835 ਪ੍ਰਤੀ ਕੁਇੰਟਲ ਭਾਅ ਮਿਲਣ ਦਾ ਜ਼ਿਕਰ ਹੈ, ਤੋਂ ਵੀ ਸਾਬਤ ਹੁੰਦਾ ਹੈ।

ਉਪਰੋਕਤ ਤੋਂ ਸਪੱਸ਼ਟ ਹੈ ਕਿ ਕਪਾਹ ਦੀ ਖਰੀਦ ਵਿੱਚ ਕੋਈ ਦੇਰੀ ਨਹੀਂ ਹੋ ਰਹੀ ਅਤੇ ਪੰਜਾਬ ਵਿੱਚ ਮੰਡੀਆਂ ਵਿੱਚ ਫਸਲ ਦਾ ਵਾਜਬ ਮੁੱਲ ਕਿਸਾਨਾਂ ਨੂੰ ਮਿਲ ਰਿਹਾ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਸਾਡਾ ਜਿਹੜਾ ਗਵਾਂਢੀ ਮੁਲਕ ਪਾਕਿਸਤਾਨ ਹੈ ਉਥੋਂ ਬਹੁਤ ਸਾਰੀ ਕਪਾਹ ਤੇ ਨਰਮੇ ਦੀ ਐਕਸਪੋਰਟ ਹੁੰਦੀ ਸੀ ਲੇਕਿਨ ਇਹ ਜੋ ਭੁਚਾਲ ਦੇ ਹਾਲਾਤ ਕਾਰਨ ਉਥੇ ਐਕਸਪੋਰਟ ਹੁੰਦੀ ਸੀ ਉਸ ਦੇ ਵਿੱਚ ਬਹੁਤ ਸਾਰੀ ਕਮੀ ਆਉਣ ਦੀ ਸੰਭਾਵਨਾ ਹੈ। ਸਵਾਲ ਇਹ ਹੈ ਕਿ ਬਹੁਤ ਸਾਰੇ ਬਾਹਰ ਵੱਡੇ ਟੈਕਸਟਾਈਲ ਯੂਨਿਟ ਅਤੇ ਹਿੰਦੁਸਤਾਨ ਦੇ ਵੀ ਖਾਸ ਕਰਕੇ ਪੰਜਾਬ ਦੀ ਜਿਹੜੀ ਨਰਮੇ ਦੀ ਪੱਟੀ ਹੈ ਉਥੋਂ ਦੀ ਕਪਾਹ ਤੇ ਨਰਮੇ ਵੱਲ ਵੇਖ ਰਹੇ ਹਨ। ਇਸ ਲਈ ਮੈਂ, ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਮਾਰਕਫੈੱਡ ਜਾਂ ਦੂਸਰੀਆਂ ਏਜੰਸੀਆਂ ਹਨ ਬਜਾਏ ਇਸ ਦੇ ਕਿ ਉਹ ਮਿਨੀਮਮ ਸਪੋਰਟ ਪ੍ਰਾਈਸ ਤੇ ਹੀ ਮੰਡੀਆਂ ਦੇ ਵਿੱਚ ਦਾਖਲ ਹੋ ਕੇ ਨਰਮਾ ਤੇ ਕਪਾਹ ਖਰੀਦਣ, ਬਿਹਤਰ ਇਹ ਹੋਵੇਗਾ ਕਿ ਇਸ ਤੋਂ ਵੱਧ ਭਾਅ ਦੇ ਕੇ ਵੀ ਜੇਕਰ ਇਸ ਦੀ ਖਰੀਦ ਕਰਨ ਤਾਂ ਇਸ ਦੇ ਨਾਲ ਕਿਸਾਨ ਦਾ ਫਾਇਦਾ ਹੋਵੇਗਾ। ਇਸ ਮਾਮਲੇ ਦੇ ਵਿੱਚ ਮੁੱਖ ਮੰਤਰੀ ਜੀ ਵੀ ਇੰਟਰਵੀਨ ਕਰਕੇ ਇਮੀਜੀਏਟਲੀ ਜਿਹੜੀਆਂ ਸੈਂਟਰਲ ਏਜੰਸੀਆਂ ਪੰਜਾਬ ਦੇ ਵਿੱਚ ਨਰਮੇ ਦੇ ਕਪਾਹ ਮਿਨੀਮਮ ਰੇਟ ਤੋਂ ਵੱਧ ਵੀ ਖਰੀਦ ਕਰਨ ਤਾਂ ਉਨ੍ਹਾਂ ਨੂੰ ਇਸ ਦਾ ਕੋਈ ਘਾਟਾ ਨਹੀਂ ਹੋਵੇਗਾ। ਇਸ ਲਈ ਕੀ ਇਸ ਨਵੇਂ ਪਹਿਲੂ ਵੱਲ ਧਿਆਨ ਦੇਣ ਦੀ ਖੇਚਲ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਮਸਲਾ ਤਾਂ ਕਿਸਾਨਾਂ ਦੇ ਹਿੱਤਾਂ ਦੇ ਖਿਆਲ ਰੱਖਣ ਦਾ ਹੈ ਉਸ ਦੇ ਉਤੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਪੂਰਾ ਪਹਿਰਾ ਦੇ ਰਹੀ ਹੈ। ਪਿਛਲੇ ਸਾਲ 17 ਲੱਖ ਬੇਲਜ਼ ਪੰਜਾਬ ਦੀਆਂ ਮੰਡੀਆਂ ਦੇ ਵਿੱਚ ਆਈ ਸੀ ਔਰ ਇਸ ਸਾਲ 22 ਲੱਖ ਬੇਲਜ਼ ਆਉਣ ਦੀ ਸੰਭਾਵਨਾ ਹੈ। ਜਿਥੋਂ ਤੱਕ ਐਮ.ਐਸ.ਪੀ. ਨੂੰ ਮੇਨਟੇਨ ਕਰਨ ਦੀ ਗੱਲ ਹੈ ਇਹ ਭਾਰਤ ਸਰਕਾਰ ਦੀ ਕਾਟਨ ਕਾਰਪੋਰੇਸ਼ਨ ਵੀ ਖਰੀਦ ਕਰ ਰਹੀ ਹੈ, ਗੌਰਮਿੰਟ ਆਫ ਇੰਡੀਆ ਦੀ ਏਜੰਸੀ ਖਰੀਦ ਕਰ ਰਹੀ ਹੈ। ਇਸ ਤੋਂ ਇਲਾਵਾ ਮਾਰਕਫੈੱਡ ਤੇ ਨੈਫੇਡ ਵੀ ਖਰੀਦ ਕਰ ਰਹੀ ਹੈ। ਜਿਹੜੀ ਫੇਅਰ ਐਵਰੇਜ ਕੁਆਲਿਟੀ ਹੈ, ਰੇਟ 1835 ਰੁਪਏ, ਬੀ.ਟੀ. ਕਾਟਨ ਦੇ ਰੇਟਸ ਹਨ 1834, ਇਸੇ ਤਰ੍ਹਾਂ ਦੇਸੀ ਕਪਾਹ 1310 ਰੁਪਏ ਹੈ। ਉਹ ਮੇਨਟੇਨ ਕਰਨ ਦਾ ਸਵਾਲ ਹੁੰਦਾ ਹੈ ਪਰ ਇਸ ਸਾਲ ਮੈਂ ਜਿਵੇਂ ਪੜ੍ਹ ਕੇ ਸੁਣਾਇਆ ਹੈ ਪੇਪਰ ਦੀ ਕਟਿੰਗ ਤੋਂ ਪਿਛਲੇ ਕੁਝ ਦਿਨਾਂ ਤੋਂ ਵਪਾਰੀ ਬੰਬਈ ਤੋਂ ਆ ਕੇ ਖਰੀਦ ਕਰ ਰਹੇ ਹਨ। ਐਮ.ਐਸ.ਪੀ. ਤੋਂ ਉਪਰ ਰੇਟ ਤੇ ਖਰੀਦ ਕਰ ਰਹੇ ਹਨ, ਕਿਸਾਨਾਂ ਦਾ ਪੂਰਾ ਖਿਆਲ ਰੱਖਿਆ ਜਾ ਰਿਹਾ ਹੈ। ਐਮ.ਐਸ.ਪੀ. ਥੱਲੇ ਆਵੇਗੀ ਤਾਂ ਜਿਹੜੀਆਂ ਗੌਰਮਿਂਟ ਦੀਆਂ ਏਜੰਸੀਆਂ ਹਨ ਉਹ ਇੰਟਰਵੀਨ ਕਰਨਗੀਆਂ। ਪਰ ਉਸ ਤੋਂ ਵੱਧ ਵਪਾਰੀ ਰੇਟ ਦੇ ਕੇ ਲਿਜਾ ਰਹੇ ਹਨ। ਵਪਾਰੀ ਕੁਮਿਟਿਡ ਹਨ ਉਨ੍ਹਾਂ ਨੇ ਬੰਗਲਾ ਦੇਸ਼ ਅਤੇ ਚਾਈਨਾ ਨੂੰ ਕਾਟਨ ਭੇਜਣੀ ਹੈ ਜਿਸ ਕਾਰਨ ਉਹ ਐਮ.ਐਸ.ਪੀ. ਤੋਂ ਵੱਧ ਦੇ ਰਹੇ ਹਨ। ਕਿਸਾਨਾਂ ਦਾ ਪੂਰੀ ਤਰ੍ਹਾਂ ਖਿਆਲ ਰੱਖਿਆ ਜਾ ਰਿਹਾ ਹੈ।

**ਮੁੱਖ ਮੰਤਰੀ** : ਸੌਰੀ, ਸਪੀਕਰ ਸਾਹਿਬ, ਮੈਂ ਇੰਟਰੱਪਟ ਕਰ ਰਿਹਾ ਹਾਂ। ਜਿਹੜੀ ਕਾਟਨ ਦੀ ਸਿਚੂਏਸ਼ਨ ਹੈ, ਅੱਜ ਚਾਈਨਾ ਦੀ ਕਰਾਪ ਟੋਟਲੀ ਫੇਲ੍ਹ ਹੋ ਚੁੱਕੀ ਹੈ। ਇਸ ਕਾਂਸੀਕੁਐਂਸਿਜ਼ ਵਿਚ ਸਾਡੇ ਮੰਡੀ ਪ੍ਰਾਈਸਿਜ਼ ਉਪਰ ਜਾ ਰਹੇ ਹਨ। Gujarat has been high for some time. ਪਿਛਲੇ 3–4 ਦਿਨਾਂ ਤੋਂ we are over MSP. ਜਿਹੜੀ ਕਾਟਨ ਕਾਰਪੋਰੇਸ਼ਨ ਹੈ ਇਹ ਗੌਰਮਿੰਟ ਦੀ ਏਜੰਸੀ ਹੈ ਜਿਵੇਂ ਪੈਡੀ ਵਾਸਤੇ ਐਫ.ਸੀ.ਆਈ. ਹੈ, ਸੀ.ਸੀ.ਆਈ. ਕਾਟਨ ਵਾਸਤੇ ਹੈ। But we will certainly ensure ਜਿਸ ਤਰੀਕੇ ਨਾਲ ਇਹ ਇੰਟਰਨੈਸ਼ਨਲ ਪ੍ਰਾਈਸਿਜ਼ ਜਾ ਰਹੀਆਂ ਹਨ Mandi prices should remain high.

Original with;
Punjab Vidhan Sabha
Digitized by;
Panjab Digital Library

(ਕ੍ਰਮ ਨੰ: 8)

**ਸਰਦਾਰ ਬੀਰ ਦਵਿੰਦਰ ਸਿੰਘ** : ਸ੍ਰੀਮਾਨ ਜੀ, ਮੈਂ, ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤੀ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਪੰਜਾਬ ਦੀਆਂ ਅਨਾਜ ਮੰਡੀਆਂ ਵਿੱਚ ਝੋਨੇ ਦੀ ਸਰਕਾਰੀ ਖਰੀਦ ਨੂੰ ਸ਼ੁਰੂ ਹੋਏ ਭਾਵੇਂ ਇੱਕ ਹਫਤਾ ਹੋ ਗਿਆ ਪਰ ਸਰਕਾਰੀ ਖਰੀਦ ਏਜੰਸੀਆਂ ਅਤੇ ਸ਼ੈਲਰ ਮਾਲਕਾਂ ਵੱਲੋਂ ਝੋਨੇ ਦੀ ਖਰੀਦ ਸਹੀ ਢੰਗ ਨਾਲ ਨਾ ਹੋਣ ਕਾਰਨ ਹਾਹਾਕਾਰ ਮੱਚ ਗਈ। ਪੰਜਾਬ ਦੀਆਂ ਵੱਡੀਆਂ-ਵੱਡੀਆਂ ਮੰਡੀਆਂ ਵਿੱਚ ਝੋਨੇ ਦੇ ਅੰਬਾਰ ਲੱਗੇ ਹੋਏ ਹਨ, ਪਰ ਖਰੀਦ ਟਾਵੀਂ-ਟਾਵੀਂ ਢੇਰੀ ਦੀ ਹੀ ਹੋ ਰਹੀ ਹੈ। ਜੇਕਰ ਸਥਿਤੀ ਇਸੇ ਤਰ੍ਹਾਂ ਦੀ ਬਣੀ ਰਹੀ ਤਾਂ ਆਉਣ ਵਾਲੇ ਦਿਨਾਂ ਵਿੱਚ ਇਹ ਮਾਮਲਾ ਗੰਭੀਰ ਸੰਕਟ ਦਾ ਰੂਪ ਧਾਰਨ ਕਰ ਸਕਦਾ ਹੈ। ਝੋਨੇ ਦੀ ਖਰੀਦ ਸਹੀ ਢੰਗ ਨਾਲ ਨਾ ਹੋਣ ਕਾਰਨ ਕਿਸਾਨਾਂ ਵਿੱਚ ਭਾਰੀ ਬੇਚੈਨੀ ਅਤੇ ਰੋਸ ਪਾਇਆ ਜਾ ਰਿਹਾ ਹੈ ਅਤੇ ਕਿਸਾਨ ਥਾਂ-ਥਾਂ ਸੜਕਾਂ ਤੇ ਆਵਾਜਾਈ ਠੱਪ ਕਰ ਰਹੇ ਹਨ ਅਤੇ ਮੰਡੀਆਂ ਵਿੱਚ ਕਿਸਾਨਾਂ ਵੱਲੋਂ ਧਰਨੇ ਅਤੇ ਨਾਹਰੇਬਾਜ਼ੀ ਕੀਤੀ ਜਾ ਰਹੀ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਖੁਰਾਕ ਤੇ ਸਪਲਾਈ ਅਤੇ ਜਨ ਸਿਹਤ ਮੰਤਰੀ (ਸ੍ਰੀ ਅਵਤਾਰ ਹੈਨਰੀ)** : ਭਾਰਤ ਸਰਕਾਰ ਵੱਲੋਂ ਖਰੀਫ਼ 2005-06 ਦੌਰਾਨ ਝੋਨੇ ਦੀ ਖਰੀਦ ਮਿਤੀ 1 ਅਕਤੂਬਰ, 2005 ਤੋਂ ਸ਼ੁਰੂ ਕਰਨ ਦੀ ਮਨਜ਼ੂਰੀ ਦਿਤੀ ਗਈ ਸੀ ਪਰੰਤੂ ਪੰਜਾਬ ਦੀਆਂ ਮੰਡੀਆਂ ਵਿਚ ਝੋਨੇ ਦੀ ਅਗੇਤੀ ਆਮਦ ਨੂੰ ਵੇਖਦੇ ਹੋਏ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਵਲੋਂ ਅਤੇ ਮੇਰੇ ਵਲੋਂ ਸ਼੍ਰੀ ਸ਼ਰਦ ਪਵਾਰ, ਕੇਂਦਰੀ ਖੇਤੀਬਾੜੀ ਅਤੇ ਖੁਰਾਕ ਤੇ ਸਪਲਾਈ ਮੰਤਰੀ ਜੀ ਨੂੰ ਪੰਜਾਬ ਵਿਚ ਝੋਨੇ ਦੀ ਖਰੀਦ ਮਿਤੀ 26 ਸਤੰਬਰ, 2005 ਤੋਂ ਸ਼ੁਰੂ ਕਰਨ ਲਈ ਬੇਨਤੀ ਕੀਤੀ ਗਈ ਸੀ। ਭਾਰਤ ਸਰਕਾਰ ਵਲੋਂ ਪੰਜਾਬ ਸਰਕਾਰ ਦੀ ਇਸ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਸਰਕਾਰ ਦੀਆਂ ਖਰੀਦ ਏਜੰਸੀਆਂ ਦੁਆਰਾ ਝੋਨੇ ਦੀ ਖਰੀਦ 26 ਸਤੰਬਰ ਤੋਂ ਸ਼ੁਰੂ ਕਰਨ ਦੀ ਮਨਜ਼ੂਰੀ ਦੇ ਦਿੱਤੀ ਸੀ। ਖੁਰਾਕ ਤੇ ਸਪਲਾਈਜ਼ ਵਿਭਾਗ, ਪੰਜਾਬ ਦੇ ਅੰਕੜਿਆਂ ਅਨੁਸਾਰ ਪੰਜਾਬ ਦੀਆਂ ਮੰਡੀਆਂ ਵਿਚ ਮਿਤੀ 17 ਅਕਤੂਬਰ, 2005 ਤੱਕ ਕੁੱਲ 66.90 ਲੱਖ ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਹੈ ਜਿਸ ਵਿਚੋਂ 62.49 ਲੱਖ ਮੀਟ੍ਰਿਕ ਟਨ ਝੋਨਾ ਖਰੀਦਿਆ ਜਾ ਚੁੱਕਾ ਹੈ ਅਤੇ ਬਕਾਇਆ 4.41 ਲੱਖ ਮੀਟ੍ਰਿਕ ਟਨ ਝੋਨਾ ਮੰਡੀਆਂ ਵਿਚ ਸਫਾਈ ਅਧੀਨ ਹੈ। ਇਸ ਤਰ੍ਹਾਂ ਮੰਡੀਆਂ ਵਿਚ ਆਏ ਝੋਨੇ ਦਾ ਕੁੱਲ 94.3 ਫੀਸਦੀ ਹਿੱਸਾ ਵਿਕ ਚੁੱਕਿਆ ਹੈ। ਮੰਡੀਆਂ ਵਿੱਚ ਝੋਨੇ ਦੀ ਆਮਦ ਨਾਲ ਦੀ ਨਾਲ ਹੁੰਦੀ ਹੈ ਅਤੇ ਸਫਾਈ ਕਰਨ ਉਪਰੰਤ ਨਾਲ ਦੀ ਨਾਲ ਖਰੀਦ ਚਲਦੀ ਰਹਿੰਦੀ ਹੈ।

ਸ਼ੁਰੂ-ਸ਼ੁਰੂ ਵਿਚ ਝੋਨੇ ਦੀ ਖਰੀਦ ਸਬੰਧੀ ਕਾਫੀ ਮੁਸ਼ਕਿਲ ਆਈ ਸੀ ਕਿਉਂ ਜੋ ਪੰਜਾਬ ਵਿੱਚ ਸਤੰਬਰ ਮਹੀਨੇ ਵਿੱਚ ਪਈ ਬੇਮੌਸਮੀ ਬਰਸਾਤ ਕਾਰਨ ਝੋਨੇ ਦੀ ਖੜ੍ਹੀ ਫਸਲ ਨੂੰ ਕਾਫੀ ਨੁਕਸਾਨ ਪੁੱਜਾ ਸੀ ਅਤੇ ਮੰਡੀਆਂ ਵਿੱਚ ਆਉਣ ਵਾਲੇ ਝੋਨੇ ਵਿੱਚ ਖਰਾਬ/ਬਦਰੰਗ ਹੋਏ ਦਾਣਿਆਂ ਦੀ ਮਾਤਰਾ ਭਾਰਤ ਸਰਕਾਰ ਵੱਲੋਂ ਮਿੱਥੇ ਗਏ ਮਾਪਦੰਡਾਂ ਤੋਂ ਕਾਫੀ ਜ਼ਿਆਦਾ ਸੀ। ਇਸ ਤੋਂ ਇਲਾਵਾ ਪੰਜਾਬ ਦੇ ਸ਼ੈਲਰ ਮਾਲਕ ਆਪਣੀਆਂ ਮੰਗਾਂ ਦੇ ਹੱਕ ਵਿਚ ਹੜਤਾਲ ਤੇ ਚਲੇ ਗਏ ਸਨ। ਸ਼ੈਲਰ ਮਾਲਕਾਂ ਦੀਆਂ ਪੰਜਾਬ ਸਰਕਾਰ ਨਾਲ ਸਬੰਧਤ ਮੰਗਾਂ ਸਬੰਧੀ ਮੇਰੇ

Original with;
Punjab Vidhan Sabha
Digitized by;
Panjab Digital Library

ਦੁਆਰਾ ਝੋਨੇ ਦੀ ਖਰੀਦ ਸ਼ੁਰੂ ਹੋਣ ਤੋਂ ਪਹਿਲਾਂ ਹੀ ਮੀਟਿੰਗ ਕਰਨ ਉਪਰੰਤ ਹੱਲ ਕਰ ਲਈਆਂ ਗਈਆਂ ਸਨ ਅਤੇ ਜਿਨ੍ਹਾਂ ਮੰਗਾਂ ਦਾ ਸਬੰਧ ਭਾਰਤ ਸਰਕਾਰ ਨਾਲ ਸੀ ਉਨ੍ਹਾਂ ਨੂੰ ਹੱਲ ਕਰਨ ਲਈ ਭਾਰਤ ਸਰਕਾਰ ਨੂੰ ਸਿਫਾਰਸ਼ ਕਰ ਦਿੱਤੀ ਗਈ ਸੀ। ਹੁਣ ਵੀ ਇਨ੍ਹਾਂ ਮੰਗਾਂ ਸਬੰਧੀ ਫੈਸਲਾ ਕਰਵਾਉਣ ਲਈ ਭਾਰਤ ਸਰਕਾਰ ਨਾਲ ਲਗਾਤਾਰ ਗੱਲਬਾਤ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਦੇ ਇਨ੍ਹਾਂ ਯਤਨਾਂ ਸਦਕਾਂ ਸ਼ੈਲਰ ਮਾਲਕਾਂ ਦੁਆਰਾ ਹੜਤਾਲ ਵਾਪਿਸ ਲੈ ਲਈ ਗਈ ਸੀ ਅਤੇ ਹੁਣ ਸ਼ੈਲਰ ਮਾਲਕਾਂ ਦੁਆਰਾ ਸਰਕਾਰ ਨੂੰ ਝੋਨੇ ਦੀ ਖਰੀਦ ਕਰਨ ਅਤੇ ਝੋਨਾ ਭੰਡਾਰ ਕਰਨ ਵਿਚ ਪੂਰਾ-ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ।

ਕਿਸਾਨਾਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਵੱਲੋਂ ਕੇਂਦਰੀ, ਖੇਤੀਬਾੜੀ ਅਤੇ ਖੁਰਾਕ ਮੰਤਰੀ, ਸ਼੍ਰੀ ਸ਼ਰਦ ਪਵਾਰ ਜੀ ਨਾਲ ਝੋਨੇ ਲਈ ਭਾਰਤ ਸਰਕਾਰ ਦੁਆਰਾ ਨਿਰਧਾਰਤ ਕੀਤੇ ਗਏ ਮਾਪਦੰਡਾਂ ਵਿਚ ਢਿੱਲ ਦੇਣ ਦਾ ਮਾਮਲਾ ਉਠਾਇਆ ਗਿਆ। ਜਿਸ ਉਪਰੰਤ ਮੈਂ, ਸਰਕਾਰ ਦੇ ਉਚ ਅਧਿਕਾਰੀਆਂ ਨੂੰ ਨਾਲ ਲੈ ਕੇ ਮਿਤੀ 4 ਅਕਤੂਬਰ, 2005 ਨੂੰ ਦਿੱਲੀ ਵਿਖੇ ਸ਼੍ਰੀ ਸ਼ਰਦ ਪਵਾਰ ਜੀ ਨਾਲ ਮੀਟਿੰਗ ਕੀਤੀ ਅਤੇ ਪੰਜਾਬ ਦੇ ਕਿਸਾਨਾਂ ਦਾ ਪੱਖ ਪੇਸ਼ ਕਰਦੇ ਹੋਏ ਝੋਨੇ ਦੀ ਖਰੀਦ ਵਿਚ ਆ ਰਹੀਆਂ ਮੁਸ਼ਕਿਲਾਂ ਤੋਂ ਜਾਣੂੰ ਕਰਵਾਇਆ ਗਿਆ। ਪੰਜਾਬ ਸਰਕਾਰ ਦੇ ਇਨ੍ਹਾਂ ਯਤਨਾਂ ਸਦਕਾ ਭਾਰਤ ਸਰਕਾਰ ਦੁਆਰਾ ਝੋਨੇ ਦੇ ਮਾਪਦੰਡਾਂ ਵਿੱਚ ਢਿੱਲ ਦੇ ਦਿੱਤੀ ਗਈ। ਜਿਸ ਅਨੁਸਾਰ ਹੁਣ 3% ਖਰਾਬ/ਬਦਰੰਗ ਦਾਨਿਆਂ ਦੀ ਥਾਂ 8% ਖਰਾਬ/ਬਦਰੰਗ ਦਾਨਿਆਂ ਨੂੰ ਖ੍ਰੀਦਿਆ ਜਾ ਸਕਦਾ ਹੈ। ਇਸ ਫੈਸਲੇ ਨਾਲ ਹੁਣ ਝੋਨਾ ਚੁੱਕਣ ਵਿੱਚ ਕੋਈ ਮੁਸ਼ਕਲ ਪੇਸ਼ ਨਹੀਂ ਆਵੇਗੀ।

ਪੰਜਾਬ ਦੀਆਂ ਮੰਡੀਆਂ ਵਿਚ ਸਰਕਾਰੀ ਖਰੀਦ ਸ਼ੁਰੂ ਹੋਣ ਤੋਂ ਪਹਿਲਾਂ 4.08 ਲੱਖ ਮੀਟ੍ਰਿਕ ਟਨ ਝੋਨਾ ਮੰਡੀਆਂ ਵਿਚ ਆਇਆ ਸੀ ਜਿਸ ਦੀ ਖਰੀਦ ਸ਼ੈਲਰ ਮਾਲਕਾਂ/ਵਪਾਰੀਆਂ ਵੱਲੋਂ ਕੀਤੀ ਗਈ ਸੀ। ਸਰਕਾਰੀ ਖਰੀਦ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ 62.49 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਹੋ ਚੁੱਕੀ ਹੈ, ਜਿਸ ਵਿਚੋਂ 48.86 ਲੱਖ ਮੀਟ੍ਰਿਕ ਟਨ ਝੋਨਾ ਸਰਕਾਰੀ ਖਰੀਦ ਏਜੰਸੀਆਂ ਨੇ ਖਰੀਦਿਆ ਹੈ ਜਦੋਂ ਕਿ 13.63 ਲੱਖ ਮੀਟ੍ਰਿਕ ਟਨ ਝੋਨਾ ਸ਼ੈਲਰ ਮਾਲਕਾਂ/ਵਪਾਰੀਆਂ ਦੁਆਰਾ ਖਰੀਦ ਕੀਤਾ ਗਿਆ ਹੈ। ਪੰਜਾਬ ਦੀਆਂ ਮੰਡੀਆਂ ਵਿਚ ਹਰ ਰੋਜ਼ 4 ਤੋਂ 5 ਲੱਖ ਮੀਟ੍ਰਿਕ ਟਨ ਝੋਨਾ ਆ ਰਿਹਾ ਹੈ ਜਿਸ ਦੀ ਖਰੀਦ ਰੋਜ਼ ਦੀ ਰੋਜ਼ ਕੀਤੀ ਜਾ ਰਹੀ ਹੈ।

ਇਥੇ ਇਹ ਯਾਦ ਕਰਵਾਉਣਾ ਯੋਗ ਹੋਵੇਗਾ ਕਿ ਪਿਛਲੀ ਸਰਕਾਰ ਸਮੇਂ ਸਾਲ 2000-01 ਦੌਰਾਨ ਬੇਮੌਸਮੀ ਬਾਰਸ਼ਾਂ ਨਾਲ ਵੀ ਝੋਨੇ ਦੀ ਫਸਲ ਖਰਾਬ ਹੋਈ ਸੀ ਪਰੰਤੂ ਉਸ ਸਮੇਂ ਭਾਰਤ ਸਰਕਾਰ ਨੇ ਪੰਜਾਬ ਸਰਕਾਰ ਦੀ ਤਜਵੀਜ਼ ਪ੍ਰਾਪਤ ਹੋਣ ਉਪਰੰਤ ਫੈਸਲਾ ਕਰਨ ਲਈ 24 ਦਿਨ ਲਗਾਏ ਸਨ ਜਿਸ ਕਾਰਨ ਲਗਾਤਾਰ ਝੋਨਾ ਮੰਡੀਆਂ ਵਿਚ ਰੁਲਦਾ ਰਿਹਾ ਸੀ ਪਰੰਤੂ ਮੌਜੂਦਾ ਸਰਕਾਰ ਦੁਆਰਾ ਬਿਨਾਂ ਕਿਸੇ ਦੇਰੀ ਦੇ ਇਕ ਦਿਨ ਵਿਚ ਹੀ ਭਾਰਤ ਸਰਕਾਰ ਤੇ ਕਿਸਾਨ ਪੱਖੀ ਫੈਸਲਾ ਕਰਵਾ ਕੇ ਬਾਰਸ਼ ਨਾਲ ਖਰਾਬ ਹੋਏ ਝੋਨੇ ਦੀ ਖਰੀਦ ਸ਼ੁਰੂ ਕਰਵਾਈ ਹੈ। ਮੈਂ, ਮਾਨਯੋਗ ਸਦਨ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਰਾਜ ਸਰਕਾਰ ਮੰਡੀਆਂ ਵਿਚੋਂ ਝੋਨੇ ਦਾ ਇਕ-ਇਕ ਦਾਣਾ ਖਰੀਦੇਗੀ ਜਿਸ ਤਰ੍ਹਾਂ ਕਿ ਇਸ ਸਰਕਾਰ ਵੱਲੋਂ ਪਿਛਲੇ ਤਿੰਨ ਸਾਲਾਂ ਦੌਰਾਨ ਕੀਤਾ ਜਾਂਦਾ ਰਿਹਾ ਹੈ। ਪੰਜਾਬ ਦੀ ਮੌਜੂਦਾ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਹਰ ਕੀਮਤ ਤੇ ਰਾਖੀ ਕਰੇਗੀ ਅਤੇ ਸਾਰਾ ਝੋਨਾ ਮੰਡੀਆਂ ਵਿਚੋਂ ਚੁੱਕਿਆ ਜਾਵੇਗਾ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਬੜਾ ਤਫਸ਼ੀਲੀ ਬਿਆਨ ਦਿੱਤਾ ਹੈ ਅਤੇ ਇਨ੍ਹਾਂ ਨੇ ਕਾਫੀ ਅੱਛੇ ਅੰਕੜੇ ਦਿੱਤੇ ਹਨ। ਸਰਕਾਰ ਨੇ ਹਾਲ ਹੀ ਵਿਚ ਜੋ ਯਤਨ ਕੀਤੇ ਹਨ, ਉਹ ਸ਼ਲਾਘਾਯੋਗ ਹਨ। ਸਾਡੀ ਇਸ ਬਿਆਨ ਤੇ ਤਸੱਲੀ ਹੋ ਗਈ ਹੈ। ਪਰ ਮੈਂ ਇਹ ਗੱਲ ਵੀ ਮੰਤਰੀ ਸਾਹਿਬ ਤੋਂ ਜਾਣਨਾ ਚਾਹਾਂਗਾ ਕਿ ਜਿਹੜਾ ਬੈਕਲਾਗ ਹੈ, ਜਿਹੜੀ ਡਿਸਟਰੈਸ ਸੇਲ ਹੋਈ ਹੈ, ਉਸ ਬੈਕਲਾਗ ਨੂੰ ਦੂਰ ਕਰਨ ਵਾਸਤੇ ਕੀ ਸਪੈਸ਼ਲ ਐਫਰਟਸ ਕੀਤੇ ਜਾ ਰਹੇ ਹਨ ?

**ਮੰਤਰੀ** : ਸਪੀਕਰ ਸਾਹਿਬ, ਜਿਵੇਂ ਕਿ ਮੈਂ ਪਹਿਲਾਂ ਹੀ ਦੱਸ ਚੁੱਕਿਆ ਹਾਂ ਕਿ ਪਹਿਲਾਂ-ਪਹਿਲਾਂ ਕੁਝ ਰੁਕਾਵਟ ਆਈ ਸੀ। ਹੁਣ ਇਸ ਤਰ੍ਹਾਂ ਦੀ ਕੋਈ ਰੁਕਾਵਟ ਨਹੀਂ ਹੈ। ਚਾਰ ਲੱਖ ਟਨ ਝੋਨਾ ਅੱਜ ਹੀ ਆਇਆ ਸੀ, ਉਹ ਚੁੱਕ ਲਿਆ ਗਿਆ ਹੈ। ਜਿਹੜਾ ਬੈਕਲਾਗ ਦੋ-ਤਿੰਨ ਲੱਖ ਟਨ ਦਾ ਹੈ, ਉਹ ਆਉਣ ਵਾਲੇ ਦਿਨਾਂ ਵਿਚ ਜਲਦੀ ਹੀ ਚੁਕਵਾ ਦਿੱਤਾ ਜਾਵੇਗਾ।

---

## MOTION UNDER RULE 16

**Local Government, Parliamentary Affairs, Labour & Employment and Elections Minister (Chaudhary Jagjit Singh) :** Sir, I beg to move—

> That the Vidhan Sabha (Assembly) at its rising this day shall stand adjourned *sine-die.*

**Mr. Speaker :** Motion moved —

> That the Vidhan Sabha (Assembly) at its rising this day shall stand adjourned *sine-die.*

**ਸਰਦਾਰ ਮਨਪ੍ਰੀਤ ਸਿੰਘ ਬਾਦਲ (ਗਿੱਦੜਬਾਹਾ)** : ਸਪੀਕਰ ਸਾਹਿਬ, ਮੰਤਰੀ ਜੀ ਨੇ ਜੋ ਮਤਾ ਸਾਈਨੇ ਡਾਈ ਦਾ ਹਾਊਸ ਵਿਚ ਲਿਆਂਦਾ ਹੈ, ਇਸ ਦੇ ਨਾਲ ਆਪੋਜ਼ੀਸ਼ਨ ਪਾਰਟੀ ਸਹਿਮਤ ਨਹੀਂ ਹੈ। ਮੈਂ ਜਨਾਬ ਨੂੰ ਇੱਕ ਐਡਜਰਨਮੈਂਟ ਮੋਸ਼ਨ ਪ੍ਰਕਿਓਰਮੈਂਟ ਦੇ ਬਾਰੇ ਦਿੱਤੀ ਸੀ। ਖੁਰਾਕ ਤੇ ਸਿਵਲ ਸਪਲਾਈ ਮੰਤਰੀ ਜੀ ਨੇ ਜੋ ਪ੍ਰਕਿਓਰਮੈਂਟ ਤੇ ਜਵਾਬ ਦਿੱਤਾ ਹੈ, ਇਸ ਤੇ ਸਾਡੀ ਸੰਤੁਸ਼ਟੀ ਨਹੀਂ ਹੋਈ। ਐਮ.ਐਸ.ਪੀ. ਤੋਂ ਉਤੇ ਕੋਈ ਖਰੀਦ ਨਹੀਂ ਹੋ ਰਹੀ। ਫਿਰ ਐਵਰੇਜ ਕੁਆਲਿਟੀ ਦੇ ਇੱਕ ਦੋ ਦੜੇ ਆਉਂਦੇ ਹਨ ਅਤੇ ਤਮਾਮ ਨਰਮਾ ਐਮ.ਐਸ.ਪੀ. ਤੋਂ ਬੜਾ ਥੱਲੇ ਖਰੀਦਿਆ ਜਾ ਰਿਹਾ ਹੈ। ਮੇਰੀ ਆਪ ਜੀ ਰਾਹੀਂ ਟਰੈਜ਼ਰੀ ਬੈਂਚਿਜ਼ ਨੂੰ ਗੁਜ਼ਾਰਿਸ਼ ਹੈ ਕਿ ਪ੍ਰੋਕਿਓਰਮੈਂਟ ਬਾਰੇ ਦੋ ਘੰਟੇ ਦੀ ਡਿਸਕਸ਼ਨ ਕੱਲ੍ਹ ਤੇ ਪਾ ਦਿੱਤੀ ਜਾਵੇ। ਮੇਰੀ ਦਰਖਾਸਤ ਹੈ ਕਿ ਇੱਕ ਦਿਨ ਦਾ ਇਜ਼ਾਫਾ ਜ਼ਰੂਰ ਕੀਤਾ ਜਾਵੇ।

**ਖੁਰਾਕ ਤੇ ਸਪਲਾਈ ਅਤੇ ਜਨ ਸਿਹਤ ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜਿਹੜਾ ਇਸ ਹਾਊਸ ਦੇ ਵਿਚ ਖਦਸ਼ਾ ਜ਼ਾਹਿਰ ਕੀਤਾ ਹੈ, ਝੋਨੇ ਬਾਰੇ ਜੋ ਫਿਗਰਜ਼ ਮੇਰੇ ਕੋਲ ਡਿਪਾਰਟਮੈਂਟ ਵਲੋਂ ਆਈਆਂ ਹਨ ਉਹ ਮੈਂ ਇਨ੍ਹਾਂ ਨੂੰ ਦੱਸ ਦਿੱਤੀਆਂ ਹਨ ਇਸ ਦੇ ਵਿਚ

Original with;
Punjab Vidhan Sabha
Digitized by;
Panjab Digital Library

ਕੋਈ ਰਿਪੋਰਟ ਗਲਤ ਨਹੀਂ ਹੈ। ਨਾ ਹੀ ਕੋਈ ਝੂਠੀ ਹੋ ਸਕਦੀ ਹੈ। ਜੇਕਰ ਇਹ ਫਿਗਰਜ਼ ਗਲਤ ਹਨ ਤਾਂ ਇਹ ਸਾਬਿਤ ਕਰ ਦੇਣ। ਮੈਂ ਅਸਤੀਫਾ ਦੇ ਦੇਵਾਂਗਾ। ਨਹੀਂ ਤਾਂ ਇਹ ਹਾਊਸ ਦੇ ਵਿਚੋਂ ਅਸਤੀਫ਼ਾ ਦੇ ਦੇਣ।

**ਸਰਦਾਰ ਬਲਵਿੰਦਰ ਸਿੰਘ ਭੂੰਦੜ (ਸਰਦੂਲਗੜ੍ਹ)** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਵਲੋਂ ਜਿਹੜਾ ਬਿਆਨ ਆਇਆ ਹੈ ਉਸ ਬਾਰੇ ਵਾਰ-ਵਾਰ ਕਿਹਾ ਜਾ ਰਿਹਾ ਹੈ ਕਿ ਇਸ ਸਿਸਟਮ ਵਿੱਚ ਕਈ ਕਮੀਆਂ ਹਨ। ਪੰਜਾਬ ਦੀ ਜਿਹੜੀ ਮੇਜਰ ਇਕੋਨਮੀ ਹੈ ਉਹ ਐਗਰੀਕਲਚਰ ਤੇ ਡਿਪੈਂਡ ਕਰਦੀ ਹੈ। ਤੁਸੀਂ ਦੇਖ ਲਵੋ ਪੈਡੀ ਅੱਜ ਕਲ੍ਹ ਕਿਸਾਨਾਂ ਦੀ ਰੁੱਲ ਰਹੀ ਹੈ। ਪਰ ਬਦਕਿਸਮਤੀ ਹੈ ਕਿ ਸਰਕਾਰ ਇਸ ਉਤੇ ਬਹਿਸ ਕਰਨ ਤੋਂ ਭੱਜ ਰਹੀ ਹੈ। ਇਹ ਠੀਕ ਹੈ ਕਿ ਅੱਜ ਕਾਲ ਅਟੈਨਸ਼ਨ ਹਾਊਸ ਵਿਚ ਆਈ ਅਤੇ ਸਰਕਾਰ ਨੇ ਇਸ ਦਾ ਜਵਾਬ ਦਿੱਤਾ ਹੈ। ਪਰ ਮੈਂ ਕਹਿੰਦਾ ਹਾਂ ਕਿ ਸਰਕਾਰ ਕੋਲ ਜਿਹੜੀਆਂ ਅਫਸਰਾਂ ਵਲੋਂ ਰਿਪੋਰਟਾਂ ਦਿੱਤੀਆਂ ਜਾ ਰਹੀਆਂ ਹਨ ਉਹ ਜ਼ਮੀਨੀ ਹਕੀਕਤ ਤੋਂ ਬਹੁਤ ਦੂਰ ਹਨ। ਇਹ ਰਿਪੋਰਟ ਗਲਤ ਦੇ ਰਹੇ ਹਨ, ਥੱਲੇ ਮੰਡੀਆਂ ਵਿਚ ਕਿਸਾਨਾਂ ਦਾ ਹਾਲ ਮਾੜਾ ਹੈ। ਉਨ੍ਹਾਂ ਨੂੰ ਠੀਕ ਰੇਟਸ ਨਹੀਂ ਮਿਲ ਰਹੇ। ਇਹ ਠੀਕ ਹੈ ਕਿ ਹਰਿਆਣੇ ਦੀਆਂ ਮੰਡੀਆਂ ਵਿਚ ਪੰਜਾਬ ਦੇ ਕਿਸਾਨਾਂ ਨੂੰ 10 ਰੁਪਏ ਪ੍ਰਤੀ ਕੁਇੰਟਲ ਰੇਟ ਵੱਧ ਮਿਲ ਰਿਹਾ ਹੈ।

**ਖੁਰਾਕ ਤੇ ਸਪਲਾਈ ਅਤੇ ਜਨ ਸਿਹਤ ਮੰਤਰੀ** : ਸਪੀਕਰ ਸਾਹਿਬ, ਜੋ ਬਿਆਨ ਮੈਂ ਹਾਊਸ ਵਿਚ ਦਿੱਤਾ ਹੈ ਅਤੇ ਜੋ ਰਿਪੋਰਟਸ ਸਰਕਾਰ ਕੋਲ ਡਿਪਾਰਟਮੈਂਟ ਤੋਂ ਅਫਸਰਾਂ ਰਾਹੀਂ ਆਈਆਂ ਹਨ ਇਹ ਬਿਲਕੁਲ ਸਹੀ ਹਨ। ਇਨ੍ਹਾਂ ਨੂੰ ਝੂਠਾ ਨਹੀਂ ਕਿਹਾ ਜਾ ਸਕਦਾ। ਇਹ ਜਾਣ ਬੁੱਝ ਕੇ ਗਲਤ ਬਿਆਨੀ ਕਰ ਰਹੇ ਹਨ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਤੁਸੀਂ ਕਲ੍ਹ ਪਰਸੋਂ ਦੀਆਂ ਅਖਬਾਰਾਂ ਪੜ੍ਹ ਲਓ। ਤੁਹਾਨੂੰ ਪਤਾ ਲਗ ਜਾਵੇਗਾ ਕਿ ਪੰਜਾਬ ਵਿਚ ਝੋਨੇ ਦੀ ਵਿਕਰੀ ਦਾ ਕੀ ਹਾਲ ਹੈ। ਮੈਂ ਟੂ ਦੀ ਪੁਆਇੰਟ ਹੀ ਗੱਲ ਕਰਾਂਗਾ। ਇਸ ਤੋਂ ਬਾਹਰ ਨਹੀਂ ਜਾਵਾਂਗਾ। ਮੈਂ ਤਾਂ ਇਹ ਕਿਹਾ ਹੀ ਨਹੀਂ ਹੈ ਕਿ ਮਨਿਸਟਰ ਸਾਹਿਬ ਝੂਠ ਬੋਲ ਰਹੇ ਹਨ। ਪੰਜਾਬ ਦੇ ਕਿਸਾਨ ਨੂੰ 10 ਰੁਪਏ ਪ੍ਰਤੀ ਕੁਇੰਟਲ ਵੱਧ ਰੇਟ ਹਰਿਆਣੇ ਵਿੱਚ ਮਿਲ ਰਿਹਾ ਹੈ। ਪਰ ਜਿਹੜੀ ਪੰਜਾਬ ਦੀ ਇੰਡਸਟਰੀ ਤਬਾਹ ਹੋ ਰਹੀ ਹੈ। ਮਾਰਕਿਟ ਫੀਸ ਵਿਚ ਨੁਕਸਾਨ ਹੋ ਰਿਹਾ ਹੈ ਅਤੇ ਪੰਜਾਬ ਦਾ ਟੈਕਸਾਂ ਵਿਚ ਨੁਕਸਾਨ ਹੋ ਰਿਹਾ ਹੈ, ਡਿਊਟੀ ਵਿਚ ਨੁਕਸਾਨ ਹੋ ਰਿਹਾ ਹੈ। ਕਿਸਾਨ ਦੀ ਪੈਡੀ ਰੁੱਲ ਰਹੀ ਹੈ। ਇਸ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਇਸ ਉਤੇ ਬਹਿਸ ਕਰਨ ਦੀ ਲੋੜ ਹੈ। ਕਾਟਨ ਦਾ ਰੇਟ 1,800 ਰੁਪਏ ਪ੍ਰਤੀ ਕੁਇੰਟਲ ਮਿਲ ਰਿਹਾ ਹੈ। ਮਹਾਰਾਜਾ ਸਾਹਿਬ ਨੇ ਕਿਹਾ ਹੈ ਕਿ 'ਪਾਕਿਸਤਾਨ ਅਤੇ ਚਾਈਨਾ ਇਸ ਕਾਟਨ ਦੀ ਸੇਲਜ ਵਿਚ ਫੇਲ੍ਹ ਹੋਇਆ ਹੈ। ਫੇਰ ਵੀ ਸਰਕਾਰ ਨੂੰ ਜ਼ਮੀਨੀ ਹਕੀਕਤ ਤੇ ਵਿਚਾਰ ਜ਼ਰੂਰ ਕਰਨਾ ਚਾਹੀਦਾ ਹੈ ਤਾਂ ਕਿ ਕਿਸਾਨਾਂ ਨੂੰ ਕਾਟਨ ਦੇ ਰੇਟ ਠੀਕ ਮਿਲ ਸਕਣ।

**ਸਰਦਾਰ ਬੀਰ ਦਵਿੰਦਰ ਸਿੰਘ (ਖਰੜ)** : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਤੇ ਕਾਲ ਅਟੈਂਸ਼ਨ ਮੋਸ਼ਨਾਂ ਆਈਆਂ ਹਨ। ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਨੋਟਿਸ ਆਫ ਮੋਸ਼ਨ ਤੁਸੀਂ ਮਨਜ਼ੂਰ ਕੀਤੀਆਂ, ਇਹ ਕਾਟਨ ਬਾਰੇ, ਝੋਨੇ ਬਾਰੇ, ਗੈਸ ਦੇ ਸਿਲੰਡਰਾਂ ਵਿਚ ਚੋਰੀ ਅਤੇ ਬਲੈਕ ਬਾਰੇ ਆਈਆਂ ਸਨ। ਇਹ ਮੇਰੇ ਵਲੋਂ ਹੀ ਦਿੱਤੀਆਂ ਗਈਆਂ ਸਨ। ਆਪੋਜ਼ੀਸ਼ਨ ਵਲੋਂ ਕੋਈ ਮੋਸ਼ਨ ਇਸ ਬਾਰੇ ਨਹੀਂ ਆਈਆਂ ਸਨ।

Original with;
Punjab Vidhan Sabha
Digitized by;
Panjab Digital Library

**ਸਰਦਾਰ ਮਨਪ੍ਰੀਤ ਸਿੰਘ ਬਾਦਲ** (ਬੈਠੇ-ਬੈਠੇ) : ਅਸੀਂ ਮੋਸ਼ਨਾਂ ਦਿੱਤੀਆਂ ਸਨ ਪਰ ਸਪੀਕਰ ਸਾਹਿਬ ਵਲੋਂ ਰਿਜੈਕਟ ਹੋ ਗਈਆਂ ਸਨ।

**ਸਰਦਾਰ ਬੀਰ ਦਵਿੰਦਰ ਸਿੰਘ** : ਤੁਸੀਂ ਮੈਨੂੰ ਬੋਲਣ ਦਾ ਮੌਕਾ ਤਾਂ ਦਿਓ। ਮੇਰੀ ਅਰਜ਼ ਹੈ ਕਿ ਪਿਛਲੇ ਸੈਸ਼ਨ ਵਿਚ ਇਹ ਹਾਊਸ ਵਿਚ ਮੰਗ ਆਈ ਸੀ ਕਿ ਹਾਊਸ ਦੀਆਂ ਸਿਟਿੰਗਜ਼ ਵੱਧ ਤੋਂ ਵੱਧ ਹੋਣਗੀਆਂ ਅਤੇ ਹੋਣੀਆਂ ਚਾਹੀਦੀਆਂ ਹਨ ਤਾਂਕਿ ਵੱਖ-ਵੱਖ ਇਸ਼ੂ ਤੇ ਹਾਊਸ ਵਿਚ ਬਹਿਸ ਹੋ ਸਕੇ, ਇਹ ਬਹਿਸ ਥਾਰੋਲੀ ਹੋਵੇ ਤਾਂ ਕਿ ਡੀਬੇਟਸ ਵਿਚ ਹਰ ਕੋਈ ਯੋਗਦਾਨ ਪਾ ਸਕੇ। ਮੈਂ ਤੁਹਾਡਾ ਧੰਨਵਾਦੀ ਹਾਂ ਕਿ ਇਸ ਸਾਰੇ ਹਾਊਸ ਦੀ ਆਵਾਜ਼ ਨੂੰ ਦੇਖ ਕੇ ਤੁਸੀਂ ਰੂਲਜ਼ ਕਮੇਟੀ ਬਣਾਈ। ਰੂਲਜ਼ ਕਮੇਟੀ ਵਿਚ ਮੈਂ ਵੀ ਮੈਂਬਰ ਸੀ। ਉਸ ਰੂਲਜ਼ ਕਮੇਟੀ ਦੁਆਰਾ ਕੀਤੀਆਂ ਗਈਆਂ ਰਿਕੁਮੈਂਡੇਸ਼ਨਜ਼ ਇਸ ਹਾਊਸ ਵਿਚ ਆਈਆਂ ਅਤੇ ਅਡਾਪਟ ਹੋਈਆਂ। ਉਨ੍ਹਾਂ ਦੇ ਮੁਤਾਬਿਕ ਫੈਸਲਾ ਕੀਤਾ ਗਿਆ ਕਿ ਸਾਲ ਵਿਚ ਇਸ ਹਾਊਸ ਦੀਆਂ ਘੱਟੋ ਘੱਟ 41-42 ਸਿਟਿੰਗਜ਼ ਹੋਣੀਆਂ ਚਾਹੀਦੀਆਂ ਹਨ ਤੇ 3 ਸੈਸ਼ਨ ਹੋਣੇ ਚਾਹੀਦੇ ਹਨ। ਉਸਦੇ ਮੁਤਾਬਿਕ ਘੱਟੋ ਘੱਟ 11-12-13 ਦਿਨਾਂ ਦਾ ਇਕ ਸੈਸ਼ਨ ਬਣਦਾ ਹੈ ਤਾਂਕਿ ਅਸੀਂ ਖੁੱਲ੍ਹ ਕੇ ਆਪਣੇ ਸਾਰੇ ਸਵਾਲ, ਆਪਣੇ ਸਾਰੇ ਮਸਲੇ ਜਿਹੜੇ ਹਨ, ਉਨ੍ਹਾਂ ਤੇ ਡਿਬੇਟ ਕਰ ਸਕੀਏ। ਮੈਨੂੰ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਇਸ ਦੇ ਵਿਚ ਬਾਅਦ ਵਿਚ ਇਕ ਲਾਈਨ ਐਡ ਕੀਤੀ ਗਈ "notwithstanding the recommendations of the Business Advisory Committee".......

**ਮਾਨਯੋਗ ਸਪੀਕਰ** : ਐਡ ਨਹੀਂ ਕੀਤੀ ਗਈ। ਜੋ ਫੈਸਲਾ ਹੋਇਆ ਸੀ, ਉਹੀ ਹੈ।

**ਸਰਦਾਰ ਬੀਰ ਦਵਿੰਦਰ ਸਿੰਘ** : ਉਸ ਲਾਈਨ ਦਾ ਸਹਾਰਾ ਲੈ ਕੇ...........

**ਮਾਨਯੋਗ ਸਪੀਕਰ** : ਬਗੈਰ ਬਿਜ਼ਨੈਸ ਤੋਂ ਕਦੇ ਸੈਸ਼ਨ ਚਲਦਾ ਹੈ ?

**ਸਰਦਾਰ ਬੀਰ ਦਵਿੰਦਰ ਸਿੰਘ** : ਉਸ ਮੀਟਿੰਗ ਵਿਚ ਇਹ ਸੱਜਣ ਵੀ ਹਾਜ਼ਰ ਸਨ। ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਦੇ ਫੈਸਲੇ ਮੁਤਾਬਿਕ ਇਹ ਸ਼ਾਰਟ ਸੈਸ਼ਨ ਹੋ ਰਿਹਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ (ਵਿਰੋਧੀ ਧਿਰਾਂ ਵੱਲ ਇਸ਼ਾਰਾ) ਦੂਹਰਾ ਮੂੰਹ ਨਾ ਰੱਖਣ। They should not have dual face. ਜਾਂ ਤਾਂ ਇਹ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਵਿਚ ਕਹਿਣ ਕਿ ਲੰਬਾ ਸੈਸ਼ਨ ਹੋਵੇ। ਇਥੇ ਹੁਣ ਕਹਿ ਰਹੇ ਹਨ ਕਿ ਸੈਸ਼ਨ ਛੋਟਾ ਹੋ ਰਿਹਾ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਇਹ ਮੋਸ਼ਨ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਸਾਹਿਬ ਨੇ ਲਿਆਂਦਾ ਹੈ। ਇਸਦਾ ਮਤਲਬ ਹੈ ਕਿ ਅੱਜ ਹਾਊਸ ਨੇ ਖਤਮ ਹੋ ਜਾਣਾ ਹੈ। 6 ਮਹੀਨੇ ਬਾਅਦ ਆਪਾਂ ਇਥੇ ਬੈਠਦੇ ਹਾਂ ਤੇ ਲੋਕਾਂ ਨੂੰ ਤਵੱਕੋ ਹੁੰਦੀ ਹੈ ਕਿ ਸਟੇਟ ਦੇ ਭਖਦੇ ਮਸਲਿਆਂ ਤੇ ਬਹਿਸ ਹੋਣੀ ਹੈ, ਫੈਸਲੇ ਹੋਣੇ ਹਨ। ਅੱਜ ਸਭ ਤੋਂ ਵੱਡਾ ਮਸਲਾ ਲਾਅ ਐਂਡ ਆਰਡਰ ਦਾ ਹੈ। ਅੱਜ ਪੰਜਾਬ ਦੇ ਲਾਅ ਐਂਡ ਆਰਡਰ ਦੀ ਸਥਿਤੀ ਕੀ ਹੈ ? ਚੀਫ ਮਨਿਸਟਰ ਸਾਹਿਬ ਦੇ ਘਰ ਦੇ ਨੇੜੇ ਇਕ ਸੈਸ਼ਨ ਜੱਜ ਦਾ ਕਤਲ ਹੋਇਆ ਹੈ। ਸਪੀਕਰ ਸਾਹਿਬ, ਉਥੇ ਪੁਲਿਸ ਦਾ ਪਹਿਰਾ ਬੈਠਾ ਹੈ...........

**Mr. Speaker :** You are opposing this motion ?

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਹਾਂ ਜੀ। I am opposing this motion.

**ਮਾਨਯੋਗ ਸਪੀਕਰ** : ਬੈਠੋ। ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਇਥੇ ਪੁਲਿਸ ਪਹਿਰੇ ਤੇ ਬੈਠੀ ਹੈ ਤੇ ਕਤਲ ਹੋ ਰਹੇ ਹਨ, ਡਾਕੇ ਪੈ ਰਹੇ ਹਨ...........

**Mr. Speaker** : Please take your seat.

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਕਿਸਾਨਾਂ ਦਾ ਮਸਲਾ ਹੈ, ਅਨਇੰਪਲਾਇਮੈਂਟ ਦਾ ਮਸਲਾ ਹੈ। ਬਾਹਰ ਤਾਂ ਸਰਕਾਰ ਕੋਈ ਕੰਮ ਨਹੀਂ ਕਰਦੀ, ਇਥੇ ਹੀ ਕੰਮ ਕਰ ਲੈਣ।

**ਮਾਨਯੋਗ ਸਪੀਕਰ** : ਬਾਦਲ ਸਾਹਿਬ, ਬੈਠੋ। ਮਨਿਸਟਰ ਸਾਹਿਬ, ਕੀ ਤੁਸੀਂ ਕੁਝ ਕਹਿਣਾ ਹੈ ?

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੋਜ਼ਗਾਰ ਅਤੇ ਚੋਣਾਂ ਮੰਤਰੀ** : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਤੁਹਾਡੀ ਸਦਾਰਤ ਥੱਲੇ ਹੋਈ ਤੇ ਇਨ੍ਹਾਂ ਦੀ ਪਾਰਟੀ ਦੇ ਰਿਪਰੈਜ਼ੈਂਟੇਟਿਵ ਵੀ ਉਸ ਵਿਚ ਸ਼ਾਮਲ ਸੀ। ਉਥੇ ਸਾਰਾ ਫੈਸਲਾ ਕਰਕੇ, ਸਾਰਾ ਪ੍ਰੋਗਰਾਮ ਬਣਿਆ ਹੈ ਤੇ ਅੱਜ ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਆਪ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਵਿਚ ਫੈਸਲਾ ਕਰਕੇ ਆਏ ਹਨ ਤੇ ਹੁਣ ਅਪੋਜ਼ ਕਰਦੇ ਪਏ ਹਨ। ਜਿਹੜੀ ਗੱਲ ਇਹ ਸੈਸ਼ਨ ਦੇ ਵਾਸਤੇ ਕਹਿੰਦੇ ਪਏ ਹਨ, ਆਪਣੀ ਸਰਕਾਰ ਵੇਲੇ ਤਾਂ ਇਹ 1-1 ਦਿਨ ਦਾ ਸੈਸ਼ਨ ਕਰਦੇ ਰਹੇ ਹਨ, ਅਸੀਂ ਤਾਂ ਫੇਰ 3 ਦਿਨ ਦਾ ਕੀਤਾ ਹੈ ਤੇ ਅੱਗੇ ਨੂੰ ਹੋਰ ਵਧਾਵਾਂਗੇ। ਆਪਣੇ ਸੈਸ਼ਨ ਵਿਚ ਤਾਂ ਇਹ ਨਿਰੋਲ ਆਪੋਜ਼ੀਸ਼ਨ ਨੂੰ 7-8 ਦਿਨਾਂ ਵਾਸਤੇ ਬਾਹਰ ਕੱਢ ਦਿੰਦੇ ਰਹੇ ਹਨ ਤਾਂਕਿ ਜੋ ਮਰਜ਼ੀ ਅੰਦਰ ਕਰਦੇ ਰਹਿਣ। ਛੱਜ ਤਾਂ ਬੋਲੇ, ਛਾਨਣੀ ਵੀ ਬੋਲੇ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਸ਼ੰਕਾ ਪ੍ਰਗਟ ਕੀਤਾ ਹੈ ਕਿ ਅਸੀਂ ਆਂਕੜਿਆਂ ਵਿਚ ਕੋਈ ਲਕੋਅ ਕਰਨਾ ਚਾਹੁੰਦੇ ਹਾਂ। ਜਿਹੜੀ ਇਨ੍ਹਾਂ ਨੇ ਲਾਅ ਐਂਡ ਆਰਡਰ ਦੀ, ਐਗਰੀਕਲਚਰ ਦੀ ਗੱਲ ਕੀਤੀ ਹੈ। ਬਿਜ਼ਨੈਸ ਐਡਵਾਈਜ਼ਰੀ ਕਮੇਟੀ ਵਿਚ ਤਾਂ ਨਹੀਂ ਮੰਨੇ, ਕੋਈ ਗੱਲ ਨਹੀਂ। ਅਗਲਾ ਸੈਸ਼ਨ ਆਉਣਾ ਹੈ, ਜਿਹੜੀ ਮਰਜ਼ੀ ਬਹਿਸ, ਲਾਅ ਐਂਡ ਆਰਡਰ ਦੀ, ਖਰੀਫ ਦੀ, ਐਗਰੀਕਲਚਰ ਦੀ ਪੈਦਾਵਾਰ ਦੀ, ਇਹ ਜਿਹੜੀ ਮਰਜ਼ੀ ਬਹਿਸ ਕਰਨੀ ਚਾਹੁੰਦੇ ਹਨ, ਕਰਨ। (ਥੰਪਿੰਗ) ਸਾਡੀ 22 ਮਿਲੀਅਨ ਟਨ ਦੀ ਪ੍ਰੋਡਕਸ਼ਨ ਹੋਈ ਹੈ ਚਾਵਲ ਦੀ, ਨੋਟ ਕਰੋ। ਤੁਹਾਨੂੰ ਟਾਈਮ ਪੁੱਛ ਕੇ, ਬਿਜ਼ਨੈਸ ਐਡਵਾਈਜ਼ਰੀ ਕਮੇਟੀ ਵਿਚ ਅਪਰੂਵ ਕਰਾ ਕੇ, we are ready for any debate at any time.

**Mr. Speaker** : Question is—

> That the Vidhan Sabha (Assembly) at its rising this day shall stand adjourned *sine-die.*

*The motion was carried.*

Original with;
Punjab Vidhan Sabha
Digitized by;
Panjab Digital Library

**Mr. Speaker :** If the House agrees, the Legislative Business listed for today may be taken up before the discussion on roots and causes of terrorism which caused huge loss to life and property in the state of Punjab.

*(Voices : Yes, yes)*

---

## LEGISLATIVE BUSINESS

### (i) The Lovely Professional University Bill, 2005 (Replacing Ordinance)

**Mr. Speaker :** Minister to introduce the Bill.

**Deputy Chief Minister (Smt. Rajinder Kaur Bhattal) :** Sir, I beg to introduce the Lovely Professional University Bill.

Sir, I also beg to move—

> That the Lovely Professional University Bill be taken into consideration at once.

**Mr. Speaker :** Motion moved —

> That the Lovely Professional University Bill be taken into consideration at once.

**Mr. Speaker :** Discussion. Sardar Bir Devinder Singh ji

**ਸਰਦਾਰ ਬੀਰ ਦਵਿੰਦਰ ਸਿੰਘ :** ਸਪੀਕਰ ਸਾਹਿਬ, ਜੋ ਲਵਲੀ ਯੂਨੀਵਰਸਿਟੀ ਦਾ ਬਿਲ ਲਿਆਂਦਾ ਗਿਆ ਹੈ, ਇਹ ਮੈਂ ਬੜਾ ਧਿਆਨ ਦੇ ਨਾਲ ਪੜ੍ਹਿਆ ਹੈ ਔਰ ਇਸ ਦੇ ਆਖਿਰ ਵਿੱਚ ਡਿਪਟੀ ਚੀਫ ਮਨਿਸਟਰ ਸਾਹਿਬਾ ਦੀ ਸਟੇਟਮੈਂਟ ਹੈ ਉਹ ਵੀ ਮੈਂ ਬੜੇ ਧਿਆਨ ਨਾਲ ਪੜ੍ਹੀ ਹੈ।

| *3.36 ਵਜੇ ਬਾਅਦ ਦੁਪਹਿਰ |
|---|

(ਇਸ ਸਮੇਂ* ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਡਿਪਟੀ ਸਪੀਕਰ ਸਾਹਿਬ, ਜ਼ਿਕਰ ਹੈ ਕਿ ਸਰਕਾਰ ਦਾ ਲਵਲੀ ਇੰਟਰ ਨੈਸ਼ਨਲ ਟ੍ਰਸਟ ਦੇ ਨਾਲ ਕੋਈ ਐਗਰੀਮੈਂਟ ਹੋਇਆ ਹੈ। ਉਸ ਐਗਰੀਮੈਂਟ ਦੇ ਮੁਤਾਬਿਕ ਇਹ ਜਿਹੜੀ ਯੂਨੀਵਰਸਿਟੀ ਹੈ ਇਸ ਦੀ ਪਰਪੋਜ਼ਲ ਲਿਆਂਦੀ ਗਈ ਹੈ। ਇਕ ਤਾਂ ਇਸ ਬਿਲ ਦੇ ਨਾਲ ਉਸ ਐਗਰੀਮੈਂਟ ਦੀ ਕੋਈ ਕਾਪੀ ਨਹੀਂ ਹੈ ਕਿ ਉਸ ਐਗਰੀਮੈਂਟ ਦੀਆਂ ਕੀ ਟ੍ਰਮਜ਼ ਐਂਡ ਰੈਫਰੈਂਸਿਜ਼ ਹਨ? ਐਗਰੀਮੈਂਟ ਦਾ ਦਾਇਰਾ ਕੀ ਹੈ ਔਰ, ਡਿਪਟੀ ਸਪੀਕਰ ਸਾਹਿਬ, ਬਹੁਤ ਸਾਰਾ ਕਨਫਿਊਜ਼ਨ ਇਸ ਬਿਲ ਵਿੱਚ ਹੈ। ਸੱਭ ਤੋਂ ਵੱਡੀ ਗੱਲ

Original with;
Punjab Vidhan Sabha
Digitized by;
Panjab Digital Library

ਇਹ ਹੈ ਕਿ ਬਿਲ ਦਾ ਟਾਈਟਲ ਹੈ The Lovely Professional University Bill, 2005 ਜਦ ਕਿ ਇਹਦਾ ਜਿਹੜਾ ਦਾਇਰਾ ਹੈ whereas the State Government has agreed to establish a University in the State of Punjab to make provision for instructions teaching education, research, training and related activities at all levels in all disciplines of education including professional,medical, technical, higher and general education. ਯਾਨੀ ਜਿਹੜਾ ਕੰਮ ਪੰਜਾਬ ਦੀਆਂ ਬਾਕੀ 5-6 ਯੂਨੀਵਰਸਿਟੀਆਂ ਕਰ ਰਹੀਆਂ ਹਨ ਜਿਵੇਂ ਪੰਜਾਬ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਬਾਬਾ ਫਰੀਦ ਮੈਡੀਕਲ ਸਾਇੰਸਿਜ਼ ਯੂਨੀਵਰਸਿਟੀ, ਐਗਰੀਕਲਚਰਲ ਯੂਨੀਵਰਸਿਟੀ, ਟੈਕਨੀਕਲ ਯੂਨੀਵਰਸਿਟੀ ਇਨ੍ਹਾਂ ਸਾਰੀਆਂ ਯੂਨੀਵਰਸਿਟੀਆਂ ਦਾ ਜਿਹੜਾ ਕੰਮ ਹੈ ਉਹ ਇਕੱਲੀ ਪ੍ਰਾਈਵੇਟ ਯੂਨੀਵਰਸਿਟੀ ਕਰੇਗੀ। ਜਿਹੜਾ ਇਹ ਟ੍ਰਸਟ ਹੈ, ਇਨ੍ਹਾਂ ਦੀ ਪਰਪੋਜ਼ਲ ਹੈ ਕਿ ਅਸੀਂ ਸਾਰਾ ਕੰਮ ਕਰਾਂਗੇ ਔਰ ਬਾਵਜੂਦ ਇਸਦੇ ਕਿ ਸਰਕਾਰ ਦੇ ਨਾਰਮਜ਼ ਜਿਹੜੇ ਵਸੀਲੇ ਹਨ ਉਹਦੇ ਵਿੱਚ ਯੂਨੀਵਰਸਿਟੀ ਨੂੰ ਇਹ ਸਾਰੇ ਅਧਿਕਾਰ ਦੇ ਦਿੱਤੇ ਓਵਰ ਲੈਪਿੰਗ ਜੁਰਿਸਡਿਕਸ਼ਨ ਦੇ ਕੇ ਕਿ ਪੰਜਾਬ ਵਿੱਚ ਜਿੰਨੀਆਂ ਯੂਨੀਵਰਸਿਟੀਆਂ ਚੱਲ ਰਹੀਆ ਹਨ, ਉਨ੍ਹਾਂ ਦੇ ਵਿੱਚ ਇਹ ਆਪਣੇ ਕਾਲਜ਼ ਖੋਲ੍ਹ ਸਕਦੇ ਹਨ। ਮੈਡੀਕਲ ਕਾਲਜ਼ ਖੋਲ੍ਹ ਸਕਦੇ ਹਨ, ਇੰਜੀਨੀਅਰਿੰਗ ਕਾਲਜ਼ ਖੋਲ੍ਹ ਸਕਦੇ ਹਨ, ਖੇਤੀਬਾੜੀ ਨਾਲ ਸਬੰਧਤ ਐਗਰੀਕਲਚਰਲ ਯੂਨੀਵਰਸਿਟੀ ਦਾ ਜੁਰਿਸਡਿਕਸ਼ਨ ਵੀ ਇਨ੍ਹਾਂ ਕੋਲ ਆ ਗਿਆ ਹੈ। ਟੈਕਨੀਕਲ ਇੰਸਟੀਚਿਊਟ ਵੀ ਇਹ ਖੋਲ੍ਹ ਸਕਦੇ ਹਨ ਅਤੇ ਸਾਰੇ ਦਾ ਸਾਰਾ ਕੰਮ ਜਿਹੜਾ ਇਹ ਟ੍ਰਸਟ ਹੈ ਉਹ ਇਸਦੇ ਹਵਾਲੇ ਕੀਤਾ ਗਿਆ ਹੈ। ਕੋਈ ਵੀ ਨਵੀਂ ਯੂਨੀਵਰਸਿਟੀ ਜਿਹੜੀ ਸੈਟ ਅੱਪ ਕਰਦੇ ਹਨ there are certain norms and guidelines. ਔਰ ਕਿਸੇ ਵੀ ਯੂਨੀਵਰਸਿਟੀ ਦੀ ਡਿਗਰੀ ਉਨੀ ਦੇਰ ਇੰਟਰਨੈਸ਼ਨਲ ਲੈਵਲ ਤੇ ਰਿਕੋਗਨਾਈਜ਼ ਨਹੀਂ ਹੁੰਦੀ ਜਦੋਂ ਤੱਕ ਉਸ ਯੂਨੀਵਰਸਿਟੀ ਨੂੰ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਅਕਸੈਪਟ ਨਹੀਂ ਕਰਦੀ। ਇਕ ਤਾਂ ਮੈਂ ਡਿਪਟੀ ਸਪੀਕਰ ਸਾਹਿਬ, ਇਹ ਜਾਣਨਾ ਚਾਹੁੰਦਾ ਹਾਂ ਕਿ ਇਸ ਯੂਨੀਵਰਸਿਟੀ ਦੀ ਪ੍ਰਪੋਜ਼ਲ ਕੀ ਪਹਿਲਾਂ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਨੂੰ ਭੇਜੀ ਗਈ ਹੈ ਅਤੇ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੁਆਰਾ ਇਸ ਉਤੇ ਆਪਣੀ ਕੀ ਰਾਏ ਦਿੱਤੀ ਹੈ ? ਜੇਕਰ ਦਿੱਤੀ ਹੈ ਤਾਂ ਉਸ ਰਾਏ ਤੋਂ ਸਾਰੇ ਹਾਊਸ ਨੂੰ ਬਕਾਇਦਾ ਤੌਰ ਤੇ ਜਾਣੂੰ ਕਰਵਾਇਆ ਜਾਵੇ। ਦੂਸਰਾ ਜਿਹੜੇ ਡਿਸਿਪਲਨਜ਼ ਦਾ, ਕੋਰਸਾਂ ਦਾ ਇਸ ਵਿੱਚ ਜ਼ਿਕਰ ਕੀਤਾ ਗਿਆ ਹੈ ਉਸ ਦੇ ਵਿੱਚ ਟੈਕਨੀਕਲ ਕਾਲਜ ਵੀ ਹਨ। ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਆਲ ਇੰਡੀਆ ਕੌਂਸਲ ਆਫ ਟੈਕਨੀਕਲ ਐਜੂਕੇਸ਼ਨ ਮਹਿਕਮਾ ਜਿਹੜਾ ਕਿ ਗੌਰਮਿੰਟ ਆਫ ਇੰਡੀਆ ਦਾ ਹੈ, ਉਸ ਨੂੰ ਇਸ ਦੀ ਪ੍ਰੋਪੋਜ਼ਲ ਭੇਜੀ ਗਈ ਹੈ ਅਤੇ ਉਸ ਨੇ ਇਸ ਬਾਰੇ ਕੀ ਰਾਏ ਦਿੱਤੀ ਹੈ, ਉਹ ਵੀ ਹਾਊਸ ਨੂੰ ਦੱਸਿਆ ਜਾਵੇ। ਤੀਸਰਾ ਆਲ ਇੰਡੀਆ ਕੌਂਸਲ ਆਫ ਮੈਡੀਕਲ ਐਜੂਕੇਸ਼ਨ ਕੋਲੋਂ ਕੋਈ ਅਪਰੂਵਲ ਲਈ ਗਈ ਹੈ ਕਿਉਂ ਜੋ ਇਸ ਵਿਚ ਮੈਡੀਕਲ ਐਜੂਕੇਸ਼ਨ ਵੀ ਹੈ। ਚੌਥਾ ਜਿਹੜੀ ਸਭ ਤੋਂ ਮਹੱਤਵਪੂਰਨ ਗੱਲ ਹੈ, ਉਹ ਇਹ ਹੈ ਕਿ ਅਪੈਕਸ ਕੋਰਟ ਨੇ ਪਿਛੇ ਜਿਹੇ ਹੀ ਆਪਣੀ ਇਕ ਜੱਜਮੈਂਟ ਦਿੱਤੀ ਹੈ ਜਿਸ ਵਿਚ ਛੱਤੀਸਗੜ੍ਹ ਵਿਚ ਚਲ ਰਹੀਆਂ 116 ਪ੍ਰਾਈਵੇਟ ਯੂਨੀਵਰਸਿਟੀਆਂ ਨੂੰ ਕੁਐਸ਼ ਕੀਤਾ ਗਿਆ ਹੈ। ਇਸ ਬਾਰੇ ਮੈਂ ਡਿਪਟੀ ਚੀਫ ਮਨਿਸਟਰ ਤੋਂ ਇਹ ਜਾਣਨਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰ ਦਵਿੰਦਰ ਸਿੰਘ]

ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੇ ਅਪੈਕਸ ਕੋਰਟ ਦੀ ਜੱਜਮੈਂਟ ਨੂੰ ਸਟੱਡੀ ਕੀਤਾ ਹੈ ਅਤੇ ਉਸ ਦੀ ਦ੍ਰਿਸ਼ਟੀ ਵਿਚ ਇਸ ਬਿੱਲ ਦੀ ਕੀ ਪੁਜ਼ੀਸ਼ਨ ਹੈ ? ਕੀ ਕਿਧਰੇ ਇਸ ਯੂਨੀਵਰਸਿਟੀ ਦਾ ਬਿੱਲ ਅਪੈਕਸ ਕੋਰਟ ਦੀ ਭਾਵਨਾ ਦੇ ਉਲਟ ਤਾਂ ਹਾਊਸ ਵਿਚ ਨਹੀਂ ਲਿਆਂਦਾ ਜਾ ਰਿਹਾ ? ਡਿਪਟੀ ਸਪੀਕਰ ਸਾਹਿਬ, ਜਿਹੜੀ ਸਭ ਤੋਂ ਖਤਰਨਾਕ ਗੱਲ ਹੈ ਕਿ ਪੰਜਾਬ ਵਿਚ ਕੇਵਲ ਇਕ ਡੀਮਡ ਯੂਨੀਵਰਸਿਟੀ ਹੈ ਅਤੇ ਉਹ ਹੈ ਥਾਪਰ ਇੰਸਟੀਚਿਊਟ ਅਤੇ ਥਾਪਰ ਇੰਸਟੀਚਿਊਟ ਨੂੰ ਐਸਟੈਬਲਿਸ਼ ਹੋਏ ਨੂੰ 50 ਸਾਲ ਹੋ ਗਏ ਹਨ। 35 ਸਾਲ ਉਨ੍ਹਾਂ ਨੇ ਇਕ ਫੀਲਡ ਵਿਚ ਹੀ ਕੰਮ ਕੀਤਾ ਹੈ ਅਤੇ ਉਨ੍ਹਾਂ ਨੇ ਇਕ ਐਕਸੇਲੈਂਸ ਰਿਕਾਰਡ ਕਾਇਮ ਕੀਤਾ ਹੈ। 35 ਸਾਲ ਤੋਂ ਬਾਅਦ they made an application to the UGC that they should be granted the status of a deemed University. ਇਸ ਉਪ੍ਰੰਤ ਯੂ.ਜੀ.ਸੀ. ਨੇ ਐਗਜ਼ਾਮਿਨ ਕਰਨ ਤੋਂ ਬਾਅਦ ਉਨ੍ਹਾਂ ਨੂੰ ਡੀਮਡ ਯੂਨੀਵਰਸਿਟੀ ਦਾ ਸਟੇਟਸ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਡਾ. ਕਪੂਰ ਅਤੇ ਡਾ. ਨਿਗਮ ਐਸੇ ਦੋ ਮਹਾਨ ਵਿਅਕਤੀ ਇਸ ਇੰਸੀਟੀਚਿਊਟ ਦੇ ਡਾਇਰੈਕਟਰ ਰਹੇ ਹਨ ਜਿਹੜੇ ਕਿ ਪਹਿਲਾਂ ਆਈ.ਆਈ.ਟੀ ਕਾਨਪੁਰ ਦੇ ਵੀ ਡਾਇਰੈਕਟਰ ਰਹਿ ਚੁੱਕੇ ਸਨ।ਉਨ੍ਹਾਂ ਨੇ ਇਕ ਐਕਸੇਲੈਂਸ ਰਿਕਾਰਡ ਕਾਇਮ ਕੀਤਾ ਹੈ ਤਾਂ ਉਨ੍ਹਾਂ ਨੂੰ ਯੂ.ਜੀ.ਸੀ. ਨੇ ਇਕ ਡੀਮਡ ਯੂਨੀਵਰਸਿਟੀ ਦਾ ਦਰਜਾ ਦਿੱਤਾ ਹੈ। ਇਸ ਤੋਂ ਪਹਿਲਾਂ ਕਿ ਇਹ ਬਿੱਲ ਪਾਸ ਕੀਤਾ ਜਾਵੇ, ਮੈਂ ਜਾਣਨਾ ਚਾਹੁੰਦਾ ਹਾਂ ਕਿ ਪਹਿਲਾਂ ਇਹ ਦੱਸਿਆ ਜਾਵੇ ਕਿ ਇਹ ਲਵਲੀ ਇੰਟਰਨੈਸ਼ਨਲ ਟਰਸਟ ਦਾ ਕਿੰਨੀ ਕੁ ਦੇਰ ਦਾ ਕਾਰੋਬਾਰ ਚਲ ਰਿਹਾ ਹੈ। ਇਹ ਕਿਧਰੇ ਹਲਵਾਈ ਤੇ ਮਠਿਆਈ ਵਾਲਾ ਸੇਮ ਪਰਿਵਾਰ ਤਾਂ ਨਹੀਂ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਜੇਕਰ ਉਨ੍ਹਾਂ ਨੇ ਹੀ ਯੂਨੀਵਰਸਿਟੀ ਚਲਾਉਣੀ ਹੈ ਤਾਂ ਫਿਰ ਹਲਵਾਈ ਤੇ ਮਠਿਆਈ ਦਾ ਕੰਮ ਕੌਣ ਕਰੇਗਾ। (ਹਾਸਾ) ਉਨ੍ਹਾਂ ਦੀ ਐਕਸਪਰਟਾਈਜ਼ ਕੀ ਹੈ ? ਕਿੰਨੇ ਚਿਰ ਤੋਂ ਉਨ੍ਹਾਂ ਨੇ ਕਾਲਜ ਖੋਲ੍ਹੇ ਹਨ ਅਤੇ ਉਨ੍ਹਾਂ ਦੇ ਕਿੰਨੇ ਕਾਲਜ ਚਲ ਰਹੇ ਹਨ, ਕਿੰਨੇ ਮੈਡੀਕਲ ਕਾਲਜ ਹਨ, ਕਿੰਨੇ ਐਗਰੀਕਲਚਰ ਕਾਲਜ ਹਨ, ਕਿੰਨੇ ਟੈਕਨੀਕਲ ਕਾਲਜ ਹਨ ਅਤੇ ਕਿੰਨੇ ਐਜੂਕੇਸ਼ਨਲ ਕਾਲਜ ਹਨ। ਇਹ ਐਕਸਪਰਟਾਈਜ਼ ਉਨ੍ਹਾਂ ਨੂੰ ਕਿਵੇਂ ਮਿਲੀ ਹੈ ? ਇਹ ਓਵਰ-ਲੈਪਿੰਗ ਤਾਂ ਨਹੀਂ ਕਿ ਅਸੀਂ ਇਕ ਪਰਿਵਾਰ ਨੂੰ ਸਾਰੀਆਂ ਯੂਨੀਵਰਸਿਟੀ ਦੇ ਅਧਿਕਾਰ ਦੇ ਰਹੇ ਹਾਂ ਜਿਨ੍ਹਾਂ ਦਾ ਐਜੂਕੇਸ਼ਨ ਵਿਚ ਕੋਈ ਵੀ ਇਤਿਹਾਸ ਨਹੀਂ ਹੈ। ਫਿਰ ਸਭ ਤੋਂ ਖਤਰਨਾਕ ਗੱਲ, ਡਿਪਟੀ ਸਪੀਕਰ ਸਾਹਿਬ, ਇਹ ਹੈ ਕਿ ਜਿਹੜਾ ਲਵਲੀ ਇੰਟਰਨੈਸ਼ਨਲ ਟਰੱਸਟ ਹੈ, ਇਸ ਦਾ ਚੇਅਰਮੈਨ, ਯੂਨੀਵਰਸਿਟੀ ਦਾ ਚਾਂਸਲਰ ਹੋਵੇਗਾ। ਭਾਵ ਲਵਲੀ ਪਰਿਵਾਰ ਦਾ ਇਕ ਵਿਅਕਤੀ ਇਸ ਦਾ ਚਾਂਸਲਰ ਹੋਵੇਗਾ having no expertise in the field of education. ਇਹ ਪਹਿਲੀ ਵਾਰ ਹੋਵੇਗਾ ਕਿ ਇਕ ਬੰਦਾ ਜਿਸ ਦੀ ਐਜੂਕੇਸ਼ਨ ਦੀ ਕੋਈ ਬੈਕਗਰਾਊਂਡ ਨਹੀਂ, ਉਹ ਬੰਦਾ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਹੋਵੇਗਾ, ਫਿਰ ਇਸਦੇ ਵਿੱਚ ਇਨਾਰਮਸ ਪਾਵਰਜ਼ ਉਸ ਚਾਂਸਲਰ ਨੂੰ ਦਿੱਤੀਆਂ ਗਈਆਂ ਹਨ। ਡਿਪਟੀ ਸਪੀਕਰ ਸਾਹਿਬ, ਸਾਰੀਆਂ ਯੂਨੀਵਰਸਿਟੀਆਂ ਦਾ ਚਾਂਸਲਰ ਜਾਂ ਗਵਰਨਰ ਹੁੰਦਾ ਹੈ ਜਾਂ ਵਾਈਸ ਪ੍ਰੈਜ਼ੀਡੈਂਟ ਹੁੰਦਾ ਹੈ। ਇਹ ਨਵੀਂ ਯੂਨੀਵਰਸਿਟੀ ਦਾ ਚਾਂਸਲਰ ਇਕ ਹਲਵਾਈ ਹੋਵੇਗਾ ਅਤੇ ਇਸ ਤੋਂ ਵੀ ਹਾਸੋ-ਹੀਣੀ ਹੋਰ ਕੋਈ ਗੱਲ ਨਹੀਂ ਹੋ ਸਕਦੀ ਅਤੇ ਇਸ ਦੇ ਵਿੱਚ ਤੁਸੀਂ ਜ਼ਰਾ ਧਿਆਨ ਨਾਲ ਇਸ ਬਿੱਲ ਨੂੰ ਦੇਖੋ ਕਿ ਇਸੇ ਵਿੱਚ ਅਥਾਰਟੀਜ਼

Original with;
Punjab Vidhan Sabha
Digitized by;
Panjab Digital Library

ਦਿੱਤੀਆਂ ਹਨ : 'Trust' means the 'Lovely International Trust' President' means 'The President of the Lovely international Trust'. 'Chancellor' means the 'The President of the Trust' shall be the Chancellor of the University. ਇਸ ਤੋਂ ਬਾਅਦ ਜਿੰਨੀਆਂ ਨਿਯੁਕਤੀਆਂ ਹਨ ਉਹ ਸਾਰੀਆਂ ਜਿਹੜੀਆਂ ਹਨ ਉਹ ਚਾਂਸਲਰ ਨੇ ਕਰਨੀਆਂ ਹਨ ਅਤੇ ਜਿੰਨੀ ਅਥਾਰਟੀਜ਼ ਹਨ ਉਸਦੇ ਵਿੱਚ ਸਾਰੇ ਟਰੱਸਟ ਦੇ ਮੈਂਬਰ ਜਿਹੜੇ ਹਨ, ਉਸ ਵਲੋਂ ਹੀ ਨਾਮੀਨੇਟਡ ਮੈਂਬਰ ਹੋਣਗੇ ਔਰ ਜਿਹੜੇ ਉਸਦੇ ਅਬਜੈਕਟ ਦਿੱਤੇ ਹਨ : 'Powers and functions of the University—to make provisions for instruction, teaching, education, research and training at all levels in all disciplines of education through all possible modes including regular, continuing distance, online and other innovative modes, as it may deem necessary and appropriate. ਯਾਨੀ This University would also interfere in the distance education and the Govt. of India has setup only one University i.e. Indira Gandhi Open University. ਇਹ ਉਸਦੀ ਜੁਰਿਸਡਿਕਸ਼ਨ ਵਿੱਚ ਵੀ ਦਖਲ-ਅੰਦਾਜ਼ੀ ਕਰ ਰਹੀ ਹੈ। On line courses ਦਾ ਵੀ ਇਸ ਨੂੰ ਅਧਿਕਾਰ ਦਿੱਤਾ ਜਾ ਰਿਹਾ ਹੈ। ਏਡਾ ਅੰਧੇਰ ਕਿ ਕਿਸੇ ਨੇ ਇਸ ਬਿਲ ਨੂੰ ਪੜ੍ਹਿਆ ਹੀ ਨਹੀਂ। ਇਹ ਨਹੀਂ ਕਿ ਤੁਸੀਂ ਯੂਨੀਵਰਸਿਟੀ ਦੇ ਵਾਈਸ ਚਾਂਸਲਰਜ਼ ਨੂੰ ਇਹ ਬਿਲ ਰੈਫਰ ਕਰ ਦਿੰਦੇ ਅਤੇ ਉਨ੍ਹਾਂ ਦੀ ਓਪੀਨੀਅਨ ਲੈਂਦੇ। ਕੀ ਤੁਸੀਂ ਕੋਈ ਵਾਈਸ ਚਾਂਸਲਰਜ਼ ਦੀ ਕਮੇਟੀ ਕੰਸਟੀਚੂਟ ਕੀਤੀ ? ਅੱਗੇ ਇਸਦੇ ਵਿੱਚ ਲਿਖਿਆ ਹੈ ਕਿ ਚਾਂਸਲਰ, ਵਾਈਸ ਚਾਂਸਲਰ ਨੂੰ ਵੀ ਨਾਮੀਨੇਟ ਕਰੇਗਾ ਅਤੇ ਇਸ ਤੋਂ ਇਲਾਵਾ ਸਭ ਤੋਂ ਖਤਰਨਾਕ ਜਿਹੜੀ ਗੱਲ ਹੈ ਇਸਦੇ ਵਿੱਚ, ਇਨ੍ਹਾਂ ਨੇ ਕਿਹਾ to purchase, acquire and take on lease or mortgage, and sell lease, mortgage, alienate and transfer any immovable or movable property belonging to or vested in the University. ਅੱਗੇ ਕਿਹਾ ਹੈ : to prescribe the fee structure at its own level for the various categories of students as may be specified by the University 'by the Halwai' (ਸਦਨ ਵਿੱਚ ਹਾਸਾ) and to fix demand and receive fees, funds, security and other charges from the students studying in the University and in the institutions affiliated to it. ਡਿਪਟੀ ਸਪੀਕਰ ਸਾਹਿਬ, ਇਹ ਇਕੱਲੀ ਯੂਨੀਵਰਸਿਟੀ ਐਸਟੈਬਲਿਸ਼ ਹੀ ਨਹੀਂ ਕੀਤੀ ਜਾ ਰਹੀ, ਇਨ੍ਹਾਂ ਨੂੰ ਅਸੀਂ ਅਲਾਓ ਕਰ ਰਹੇ ਹਾਂ ਕਿ ਉਹ ਪੂਰੇ ਹਿੰਦੁਸਤਾਨ ਵਿੱਚ ਕਿਉਂਕਿ ਡਿਸਟੈਂਸ ਐਜੂਕੇਸ਼ਨ ਕਾਲਜ ਵੀ ਵਿੱਚ ਆ ਗਿਆ ਹੈ ਇਸਦੀ Jurisdiction is not only Punjab, even beyond Punjab. ਉਹ ਹਿੰਦੁਸਤਾਨ ਵਿੱਚ ਕਿਧਰੇ ਵੀ ਕਾਲਜ ਖੋਲ੍ਹ ਸਕਦੇ ਹਨ, ਬੱਚਿਆਂ ਦਾ ਦਾਖਲਾ ਕਰਨਗੇ ਅਤੇ ਆਪ ਹੀ ਫੀਸ ਫਿਕਸ ਕਰਨਗੇ ਅਤੇ ਪੈਸੇ ਵਸੂਲਣਗੇ ਅਤੇ ਡਿਗਰੀਆਂ ਵੇਚੀਆਂ ਜਾਣਗੀਆਂ। ਇਹ ਇਕ ਯੂਨੀਵਰਸਿਟੀ ਨਹੀਂ ਕਿਉਂਕਿ ਇਸ ਪਵਿੱਤਰ ਸਦਨ ਵਿੱਚ ਇੱਕ ਨਵਾਂ ਕੰਮ ਹੋਣ ਜਾ ਰਿਹਾ ਹੈ। ਇਹ ਪਹਿਲੀ ਪ੍ਰਾਈਵੇਟ ਯੂਨੀਵਰਸਿਟੀ ਹੈ ਜਿਸ ਨੂੰ ਹਾਊਸ ਅਪਰੂਵਲ ਦੇਣ ਜਾ ਰਿਹਾ ਹੈ ਅਤੇ ਇਸ ਦਾ ਇੱਕ ਬਿਲ ਹੈ ਅਤੇ ਉਸ ਦੇ ਵਿੱਚ ਇਕ ਹੋਰ, ਡਿਪਟੀ ਸਪੀਕਰ ਸਾਹਿਬ, ਚੀਜ਼ ਜਿਸ ਦਾ ਮੈਨੂੰ ਡਰ ਹੈ, ਮੇਰੇ ਪਾਸ ਪਲਾਨਿੰਗ

Original with;
Punjab Vidhan Sabha
Digitized by;
Panjab Digital Library

[ਸ੍ਰਦਾਰ ਬੀਰ ਦਵਿੰਦਰ ਸਿੰਘ]

ਕਮਿਸ਼ਨ ਦੀ ਇੱਕ ਰਿਪੋਰਟ ਹੈ, 9ਵੇਂ ਪਲਾਨਿੰਗ ਕਮਿਸ਼ਨ ਦੀ ਰਿਪੋਰਟ ਵਿੱਚ ਉਨ੍ਹਾਂ ਨੇ ਲਿਖਿਆ ਹੈ ਕਿ ਅਨ-ਇੰਪਲਾਇਮੈਂਟ ਦਾ ਜਿਹੜਾ ਗਰਾਫ ਹੈ, ਉਸ ਦੇ ਵਿੱਚ 15 ਸਟੇਟਾਂ ਦੀ ਸਟੱਡੀ ਹੈ ਅਤੇ ਤੁਹਾਨੂੰ ਇਹ ਜਾਣਕੇ ਦੁਖ ਹੋਵੇਗਾ ਕਿ ਸਭ ਤੋਂ ਲੋਐਸਟ ਇੰਪਲਾਇਮੈਂਟ ਜਨਰੇਸ਼ਨ ਦੀ ਗਰੋਥ ਜਿਹੜੀ ਹੈ 37 ਉਹ ਸਾਡੀ ਹੈ ਅਤੇ ਜਿਹੜਾ ਵਾਧਾ ਹੋ ਰਿਹਾ ਹੈ, ਉਹ ਲੇਬਰ ਫੋਰਸ ਹੈ। ਈਵਨ ਹਰਿਆਣਾ ਸਾਡੇ ਨਾਲੋਂ ਅੱਗੇ ਹੈ। ਰੀਜ਼ਨ ਇਹ ਹੈ ਕਿ ਇੰਨੇ ਟੈਕਨੀਕਲ ਇੰਸਟੀਚਿਊਸ਼ਨ ਖੁੱਲ੍ਹਣ ਦੇ ਬਾਵਜੂਦ, ਇੰਨੇ ਕਾਲਜ ਖੁੱਲ੍ਹਣ ਦੇ ਬਾਵਜੂਦ ਅਸੀਂ ਇੰਪਲਾਇਮੈਂਟ ਜਨਰੇਟ ਨਹੀਂ ਕਰ ਸਕੇ। ਇਹ ਇਸ ਕਰਕੇ ਜਨਰੇਟ ਨਹੀਂ ਕਰ ਸਕੇ ਕਿਉਂਕਿ ਸਾਡੇ ਕੋਲ ਐਕੈਡੇਮਿਕ ਐਕਸੀਲੈਂਸੀ ਨਹੀਂ ਹੈ। ਐਕਸਪਰਟਾਈਜ਼ ਨਹੀਂ ਹਨ। ਅਸੀਂ ਸਰਟੀਫਿਕੇਟ ਦੇ ਰਹੇ ਹਾਂ ਪਰ ਜਦੋਂ ਸਾਡੇ ਬੱਚੇ ਕੰਪੀਟੀਸ਼ਨ ਵਿੱਚ ਜਾਂਦੇ ਹਨ, ਉਹ ਫੇਲ੍ਹ ਹੋ ਜਾਂਦੇ ਹਨ। ਇਸ ਲਈ ਇਹ ਜਿਹੜਾ ਯੂਨੀਵਰਸਿਟੀ ਬਿੱਲ ਹੈ, ਇਸ ਨੂੰ ਲਾਂਗ ਟਰਮ ਪ੍ਰਾਸਪੈਕਟਿਵ ਮਾਈਂਡ ਵਿੱਚ ਰੱਖਣਾ ਚਾਹੀਦਾ ਹੈ। ਅਸੀਂ ਨਵੀਂ ਗੱਲ ਕਰਨ ਜਾ ਰਹੇ ਹਾਂ। ਇਸ ਵਿੱਚ ਚਾਂਸਲਰ ਦੀ ਕੁਆਲੀਫਿਕੇਸ਼ਨ ਦਾ ਕੋਈ ਜ਼ਿਕਰ ਨਹੀਂ ਹੈ। ਹੈਰਾਨੀ ਵਾਲੀ ਗੱਲ ਹੈ ਕਿ ਚਾਂਸਲਰ ਦੀ ਕੁਆਲੀਫਿਕੇਸ਼ਨ ਬਾਰੇ ਕੋਈ ਜਿਕਰ ਹੀ ਨਹੀਂ। ਤੁਸੀਂ ਯੂਨੀਵਰਸਿਟੀ ਦਾ ਚਾਂਸਲਰ ਐਪੁਆਇੰਟ ਕਰਨ ਜਾ ਰਹੇ ਹੋ, ਉਸ ਦੀ ਕੋਈ ਤਾਂ ਕੁਆਲੀਫਿਕੇਸ਼ਨ ਤਹਿ ਕਰੋ। ਉਹ ਘੱਟੋ-ਘੱਟ ਏਨਾ ਪੜ੍ਹਿਆ ਲਿਖਿਆ ਹੋਵੇ। ਉਸ ਨੇ ਪ੍ਰੋਫੈਸਰ ਐਪੁਆਇੰਟ ਕਰਨੇ ਹਨ। ਦੂਸਰਾ ਇਹ ਹੈ ਕਿ the Bill is silent on the criteria of admission to various courses which should be only decided and ascertained by an independent and impartial authority. ਜਿਸ ਵਿੱਚ ਸਾਡੇ ਐਜੂਕੇਸ਼ਨਿਸਟ ਹੋਣ। ਕੋਈ ਕਰਾਈਟੇਰੀਆ ਹੋਵੇ। ਇਹ ਜਿਹੜਾ ਸਾਰਾ ਐਕਟ ਹੈ, ਬੱਚਿਆਂ ਦੀ ਐਡਮਿਸ਼ਨ ਬਾਰੇ ਨਹੀਂ ਬੋਲਦਾ। ਫਾਇਨਾਂਸ ਅਫਸਰ ਦੀਆਂ ਕੀ ਪਾਵਰਜ਼ ਹਨ, ਉਸ ਬਾਰੇ ਕੁਝ ਨਹੀਂ ਬੋਲਦਾ। ਰਜਿਸਟਰਾਰ ਨੂੰ ਕੀ ਅਕਾਦਮਿਕ ਕੌਂਸਲ ਵਿੱਚ ਵੋਟਿੰਗ ਦਾ ਰਾਈਟ ਹੈ ਜਾਂ ਨਹੀਂ, ਇਸ ਬਾਰੇ ਇਹ ਬਿੱਲ ਕੁਝ ਨਹੀਂ ਬੋਲਦਾ। ਇਸ ਤੋਂ ਇਲਾਵਾ ਜਿਹੜੀ ਘਾਤਕ ਗੱਲ ਕੀਤੀ ਗਈ ਹੈ, ਉਹ ਇਹ ਹੈ ਕਿ ਦੇਖੋ ਕਿਹੜੇ-ਕਿਹੜੇ ਅਧਿਕਾਰ ਇਸ ਯੂਨੀਵਰਸਿਟੀ ਨੇ ਮੰਗੇ ਹਨ। ਕਿਆ ਬਾਤ ਹੈ। To do self-certification. No University has this right which Halwaies are going to get. To do certification, which shall be exempted from obtaining any prior permission, approval, license or any other document from the State Government. I wonder how the State Government has brought this bill. ਜਿੱਥੇ ਸਟੇਟ ਗੌਰਮਿੰਟ ਦਾ ਕੋਈ ਰੋਲ ਨਹੀਂ ਹੈ। There is no role of the State Government in setting up a University. Just see. ਅਸੀਂ ਗਲੋਬਲ ਲੈਵਲ ਤੇ ਇੱਕ ਕੰਪੀਟੇਟਿਵ ਯੁੱਗ ਵਿੱਚ ਜੀ ਰਹੇ ਹਾਂ। ਮੈਨੂੰ ਦੱਸਣ ਵਿੱਚ ਖੁਸ਼ੀ ਹੋ ਰਹੀ ਹੈ ਕਿ ਜਦੋਂ ਗਲੋਬਲ ਸਟੈਂਡਰਡਾਈਜ਼ੇਸ਼ਨ ਵਿੱਚ ਅਕਾਦਮਿਕ ਐਕਸੀਲੈਂਸ ਵਿੱਚ ਆਈ.ਆਈ.ਟੀ. ਵਿੱਚ ਚੌਥੇ ਨੰਬਰ ਤੋਂ ਤੀਜੇ ਨੰਬਰ ਤੇ ਆ ਗਏ ਹਾਂ। ਅਸੀਂ ਬੈਟਰ ਪੁਜ਼ੀਸ਼ਨ ਵਿੱਚ ਹਾਂ ਪਰ ਅਸੀਂ ਹੁਣ ਸਰਟੀਫਿਕੇਸ਼ਨ ਰਾਈਟ ਲਵਲੀ ਯੂਨੀਵਰਸਿਟੀ ਨੂੰ ਦੇ ਦਿਆਂਗੇ ਤਾਂ ਫਿਰ ਮੈਨੂੰ ਇਹ ਦੱਸ ਦੇਣ ਕਿ ਦੂਜੀਆਂ ਯੂਨੀਵਰਸਿਟੀਆਂ ਦਾ ਕੀ ਰੋਲ

Original with;
Punjab Vidhan Sabha
Digitized by;
Panjab Digital Library

ਰਹਿ ਜਾਵੇਗਾ ? What shall be the role of the Punjab University ? What shall be the role of Guru Nanak Dev University, Punjabi University, Agricultural University, Medical Sciences University ? ਅਸੀਂ ਟੋਟਲ ਸਰਟੀਫਿਕੇਸ਼ਨ ਯੂਨੀਵਰਸਿਟੀ ਨੂੰ ਦੇ ਰਹੇ ਹਾਂ ਔਰ ਉਥੇ ਸਰਟੀਫਿਕੇਟ ਮਹਿੰਗੇ ਭਾਅ ਤੇ ਮਿਲਣਗੇ ਔਰ ਲੋਕ ਖਰੀਦਣਗੇ। ਇਸ ਨਾਲ ਅਨ-ਇੰਪਲਾਇਮੈਂਟ ਦੀ ਸਮੱਸਿਆ ਹੋਰ ਸਾਹਮਣੇ ਆਵੇਗੀ। ਮੈਂ ਸੁਜੈਸਟ ਕਰਨਾ ਚਾਹੁੰਦਾ ਹਾਂ ਕਿ ਜਿਹੜਾ ਕੁਰੀਕੁਲਮ ਹੈ, that curriculum has to be certified by the relevant professionals or authorities, in the field of medical education, technical education and other sciences and streams. ਇਹ ਜਿਹੜੀਆਂ ਐਸਟੈਬਲਿਸ਼ ਅਥਾਰਟਿਜ਼ ਹਨ, ਆਲ ਇੰਡੀਆ ਅਥਾਰਟੀਜ਼ ਕੋਲੋਂ ਉਸ ਦੀ ਅਪਰੂਵਲ ਲਈ ਜਾਵੇ। ਵੱਖ-ਵੱਖ ਡਿਸਿਪਲਨ ਵਿੱਚ ਉਸ ਦੀ ਅਪਰੂਵਲ ਕਰਵਾਈ ਜਾਵੇ ? and curriculum should not be lower than that of a Regional Engineering College, and P.G.I. If we allow this self-certification, there shall be no guarantee of the proper All India Standards being maintained. ਸੋ, ਮੈਨੂੰ ਡਰ ਹੈ, if we allow self certification, there shall be no guarantee of proper All India Standards. ਦੂਸਰਾ, ਸਭ ਤੋਂ ਵੱਡਾ ਡਰ ਇਹ ਹੈ ਕਿ, ਇਸ ਵਿੱਚ ਲਿਖਿਆ ਹੈ, "the University shall exercise its jurisdiction within its campus. ਇੱਕ ਤਾਂ ਇਹ ਹੈ, ਨਾਲ ਹੀ ਕਰ ਦਿੱਤਾ Notwithstanding anything contained in sub-section (1), the Trust or University may set up or run institutions outside the jurisdiction of its campus and the institution so set up or run, shall be deemed to have been affiliated with the University irrespective of the fact that the area within which such institutions are run or set up, fall within the territorial jurisdiction of any other University, Board or any other affiliating body. ਜਿਹੜੀਆਂ ਦੂਸਰੀਆਂ ਯੂਨੀਵਰਸਿਟੀਜ਼ ਟੈਰੀਟੋਰੀਅਲ ਅਥਾਰਟੀਜ਼ ਹਨ, ਉਨ੍ਹਾਂ ਦੇ ਵਿੱਚ ਵੀ ਇਹ ਯੂਨੀਵਰਸਿਟੀ ਆ ਕੇ ਆਪਣਾ ਇੰਸਟੀਚਿਊਸ਼ਨ, ਆਪਣਾ ਕਾਲਜ ਕਾਇਮ ਕਰੇਗੀ। ਚੁਬਾਰਿਆਂ ਦੇ ਵਿੱਚ ਕਾਲਜ ਖੁਲ੍ਹਣਗੇ, ਚੁਬਾਰਿਆਂ ਦੇ ਵਿੱਚੋਂ ਸਰਟੀਫਿਕੇਟ ਦਿੱਤੇ ਜਾਣਗੇ। ਉਥੇ ਲੋਕਾਂ ਨੂੰ ਐਜੂਕੇਸ਼ਨ ਦੇ ਨਾਮ ਤੇ ਲੁੱਟਿਆ ਤੇ ਠੱਗਿਆ ਜਾਏਗਾ। ਸੋ, ਮੈਂ ਸਮਝਦਾ ਹਾਂ ਕਿ ਇਸ ਬਿੱਲ ਨੂੰ ਪਾਸ ਕਰਨਾ ਔਰ ਬਿੱਲ ਲਿਆਉਣਾ it would prove to be a disaster in the filed of education and of its own magnitude and of very serious consequences. A score of institutions were granted affiliation by the PTU. ਪੀ.ਟੀ.ਯੂ. ਨੇ ਤਾਜ਼ੇ-ਤਾਜ਼ੇ ਇੰਨੇ ਇੰਸਟੀਚਿਊਸ਼ਨ ਖੋਲ੍ਹੇ ਜਿਹੜੇ ਅੱਜ ਸਾਰੇ ਬੰਦ ਹੋ ਗਏ ਹਨ। ਬੱਚਿਆਂ ਨੂੰ ਲੁੱਟ ਠੱਗ ਕੇ ਔਰ ਉਨ੍ਹਾਂ ਦਾ ਸਮਾਂ ਖਰਾਬ ਕਰਕੇ ਉਹ ਚਲੇ ਗਏ। ਦੇਖੋ ਦੋ-ਦੋ ਸਾਲ, ਤਿੰਨ-ਤਿੰਨ ਸਾਲ ਉਨ੍ਹਾਂ ਨੇ ਖੋਲ੍ਹੇ। ਕਿਸੇ ਨੇ ਸ਼ੋਅ ਰੂਮ ਵਿੱਚ ਖੋਲ੍ਹੇ, ਕਿਸੇ ਨੇ ਦੁਕਾਨ ਵਿੱਚ, ਕਿਸੇ ਨੇ ਚੁਬਾਰੇ ਵਿੱਚ ਖੋਲ੍ਹੇ ਔਰ ਉਸ ਚੁਬਾਰੇ ਵਿੱਚ ਬੈਠ ਕੇ ਉਨ੍ਹਾਂ ਨੇ ਆਪਣਾ ਇੰਸਟੀਚਿਊਸ਼ਨ ਚਲਾਇਆ। Those institutions were affiliated with the PTU ਅੱਜ ਉਹ ਸਾਰੇ ਬੰਦ ਹੋ ਗਏ ਹਨ। ਇਸ ਤਰ੍ਹਾਂ ਦਾ ਤਮਾਸ਼ਾ, ਉਸ ਦਾ ਰਿਕਰੈਂਸ ਹੋਏਗਾ। ਇਸ ਕਰਕੇ ਮੇਰੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰ ਦਵਿੰਦਰ ਸਿੰਘ]

ਬੇਨਤੀ ਹੈ ਕਿ ਇਹ ਇੱਕ ਬਹੁਤ ਹੀ ਗੰਭੀਰ ਮਾਮਲਾ ਹੈ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਸਾਰੇ ਸਿਸਟਮ ਨੂੰ, ਐਜੂਕੇਸ਼ਨ ਦੇ ਸਟੈਂਡਰਡ ਨੂੰ ਡੀਜੇਨਰੇਟ ਕਰੇਗਾ ਔਰ ਇਸ ਦੇ ਨਾਲ ਹੀ this will lead to confusion, conflict and lowering of the academic standards. ਔਰ ਜਿਸ ਦਾ ਮੈਂ ਸਮਝਦਾ ਹਾਂ ਕਿ ਪੰਜਾਬ ਨੂੰ ਬਹੁਤ ਭਾਰੀ ਨੁਕਸਾਨ ਉਠਾਉਣਾ ਪਵੇਗਾ। ਦੂਸਰਾ ਇਹ ਹੈ ਕਿ ਇਸ ਦੇ ਵਿੱਚ ਡਾਇਰੈਕਟਰ ਜਨਰਲ ਦੀ ਪੋਸਟ ਹੈ। ਮੈਂ ਪੁਲਿਸ ਦਾ ਡਾਇਰੈਕਟਰ ਜਨਰਲ ਤਾਂ ਸੁਣਿਆ ਹੈ, ਹੋਮ ਗਾਰਡ ਦਾ ਸੁਣਿਆ ਹੈ ਔਰ ਯੂਨੀਵਰਸਿਟੀ ਵਿੱਚ ਡਾਇਰੈਕਟਰ ਜਨਰਲ ਪਹਿਲੀ ਵਾਰ ਆਇਆ ਹੈ। ਡਾਇਰੈਕਟਰਜ਼ ਤਾਂ ਹੁੰਦੇ ਹਨ। ਕੋਈ ਸਪੋਰਟਸ ਦਾ ਹੋ ਗਿਆ ਪਰ ਇਹ ਦੂਸਰਾ ਡਾਇਰੈਕਟਰ ਜਨਰਲ ਕਿਹੜਾ ਆ ਗਿਆ ? ਇਸ ਦਾ ਕੀ ਰੋਲ ਹੋਏਗਾ ? ਔਰ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਤੁਸੀਂ ਰੀਸੈਂਟਲੀ ਪ੍ਰੋ-ਵਾਈਸ ਚਾਂਸਲਰਜ਼ ਦੀਆ ਪੋਸਟਾਂ ਅਬਾਲਿਸ਼ ਕੀਤੀਆਂ ਹਨ। ਇਹ ਹਾਸੇ ਦੀ ਗੱਲ ਨਹੀਂ, ਰਾਣਾ ਸਾਹਿਬ, ਤੁਸੀਂ ਬਰਫੀ-ਸ਼ਰਫੀ ਖਾ ਲਈ ਹੋਣੀ ਹੈ। (ਹਾਸਾ) ਗੱਫਾ ਵੀ ਮੋਟਾ ਲੱਗਿਆ ਹੋਣਾ ਹੈ (ਹਾਸਾ) ਇਸ ਕਰਕੇ ਜ਼ਰਾ ਧਿਆਨ ਨਾਲ ਸੁਣੋ। ਡਿਪਟੀ ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਰੀਸੈਂਟਲੀ ਪ੍ਰੋ-ਵਾਈਸ ਚਾਂਸਲਰ ਦੀਆਂ ਪੋਸਟਾਂ ਅਬਾਲਿਸ਼ ਕਰ ਦਿੱਤੀਆਂ। What was the reason ? ਉਸ ਦਾ ਕਾਰਨ ਇਹ ਹੈ ਕਿ ਯੂਨੀਵਰਸਿਟੀਆਂ ਵਿੱਚ ਪੀ.ਵੀ.ਸੀ. ਅਤੇ ਵਾਈਸ ਚਾਂਸਲਰ ਵਿੱਚ ਕੰਟਰਾਡਿਕਸ਼ਨ ਹੋ ਗਈ ਸੀ ਅਤੇ ਯੂਨੀਵਰਸਿਟੀਆਂ ਦਾ ਕੰਮ ਸਫਰ ਕਰ ਰਿਹਾ ਸੀ ਅਤੇ ਉਥੇ ਡਲਿਊਸ਼ਨ ਸੀ ਅਤੇ ਡਿਵੀਜ਼ਨ ਸੀ। ਇਸ ਕਰਕੇ ਇਹ ਅੱਛਾ ਫੈਸਲਾ ਲਿਆ ਗਿਆ ਹੈ। ਇਨ੍ਹਾਂ ਨੇ ਪੀ.ਵੀ.ਸੀ. ਦੀਆਂ ਪੋਸਟਾਂ ਅਬਾਲਿਸ਼ ਕਰ ਦਿੱਤੀਆਂ। ਇਸ ਵਿੱਚ ਡਾਇਰੈਕਟਰ ਜਨਰਲ ਕੋਲ ਪਤਾ ਨਹੀਂ ਲੱਗ ਰਿਹਾ ਕਿ ਕਿੰਨੀਆਂ ਅਥਾਰਿਟੀਜ਼ ਹਨ। ਇਸ ਵਿੱਚ ਸਰਕਾਰ ਦਾ ਕੋਈ ਰੋਲ ਨਹੀਂ ਹੈ। ਕਤਈ ਕਿਸੇ ਕਿਸਮ ਦਾ ਰੋਲ ਨਹੀਂ। ਜਿਹੜੇ ਗਵਰਨਰ ਸਾਹਿਬ ਹਨ, ਉਹ ਵਿਜ਼ਟਰ ਹੋਣਗੇ। ਇਹ ਇੱਕ ਨਵਾਂ ਥੀਮ ਪਾ ਦਿੱਤਾ। Governor of Punjab shall be the visitor. ਚਾਂਸਲਰ ਨੂੰ ਪੁੱਛੇ ਬਿਨਾਂ ਕਿਸੇ ਮਾਮਲੇ ਦੀ ਇਨਕੁਆਰੀ, ਪੜਤਾਲ ਕੋਈ ਇਨਫਰਮੇਸ਼ਨ ਨਹੀਂ ਲੈ ਸਕਦਾ ਯਾਨੀ ਕਿ ਗਵਰਨਰ ਪਹਿਲਾਂ ਹਲਵਾਈ ਤੋਂ ਪੁੱਛੇਗਾ (ਸਦਨ ਵਿੱਚ ਹਾਸਾ) ਕਿ ਇਸ ਯੂਨੀਵਰਸਿਟੀ ਦਾ ਕੀ ਸਟੈਂਡਰਡ ਹੈ। ਇਹ ਕਿੰਨੀ ਗਲਤ ਗੱਲ ਹੋ ਰਹੀ ਹੈ, ਇਸ ਦਾ ਮੈਨੂੰ ਅਫ਼ਸੋਸ ਹੈ ਕਿ ਜੇਕਰ ਯੂਨੀਵਰਸਿਟੀ ਹੀ ਹਲਵਾਈ ਨੇ ਹੀ ਚਲਾਉਣੀ ਹੈ ਤਾਂ ਫਿਰ ਹਲਵਾਈ ਕੌਣ ਬਣੇਗਾ ? ਇਸ ਅਕੈਡਮੀ ਦੇ ਟਰੱਸਟ ਦਾ ਚੇਅਰਮੈਨ ਕੌਣ ਹੈ ? ਇਸ ਲਈ ਇਸ ਬਿੱਲ ਨੂੰ ਪਾਸ ਕਰਨਾ ਕੋਈ ਕਾਹਲੀ ਵਾਲੀ ਗੱਲ ਨਹੀਂ ਹੈ, ਇਸ ਨੂੰ ਵਾਪਸ ਲੈ ਲਵੋ, ਠੰਡੇ ਬਸਤੇ ਦੇ ਵਿੱਚ ਪਾ ਦਿਓ ; ਵਰਨਾ ਜੇਕਰ ਇਹ ਬਿਲ ਪਾਸ ਕਰ ਦਿੱਤਾ ਗਿਆ ਤਾਂ ਇਸ ਦਾ ਸਾਰੇ ਪੰਜਾਬ ਵਿੱਚ ਸਾਡਾ ਤੇ ਸਰਕਾਰ ਦਾ ਜਲੂਸ ਹੀ ਨਿਕਲੇਗਾ। ਉਸ ਨੂੰ ਤੁਸੀਂ ਟੈਲੀਫੋਨ ਦੇ ਉਤੇ ਹੀ ਪੁੱਛ ਲਵੋ ਕਿ ਬਜ਼ੁਰਗ ਤੂੰ ਕਿੰਨਾ ਕੁ ਪੜ੍ਹਿਆ ਲਿਖਿਆ ਹੈ (ਹਾਸਾ) ਕਿਹੜੇ ਕਾਲਜ ਜਾਂ ਸਕੂਲ ਦੇ ਵਿੱਚ ਕਿੰਨੀ ਪੜ੍ਹਾਈ ਕੀਤੀ ਹੈ ਕਿਉਂਕਿ ਕੱਲ੍ਹ ਨੂੰ ਉਸ ਨੇ ਪ੍ਰੋਫੈਸਰ ਵੀ ਐਪੁਆਇੰਟ ਕਰਨੇ ਹਨ। ਅੱਜ ਸਾਡੇ ਸਾਹਮਣੇ (ਵਿਰੋਧੀ ਧਿਰ ਵੱਲ ਇਸ਼ਾਰਾ) ਇਸੇ

Original with;
Punjab Vidhan Sabha
Digitized by;
Panjab Digital Library

ਕਰਕੇ ਚੁੱਪ ਬੈਠੇ ਹਨ ਕਿ ਜੇਕਰ ਬਿਲ ਪਾਸ ਕਰ ਦਿੱਤਾ ਗਿਆ ਤਾਂ ਵਾਹ-ਵਾਹ, ਇਸ ਦਾ ਮਜ਼ਾਕ ਹੀ ਉਡੇਗਾ। ਮੈਂ ਇਹ ਵੀ ਸਰਕਾਰ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਸ ਦਾ ਕਰਤਾ ਧਰਤਾ ਕੌਣ ਹੈ, ਇਸ ਦੀ ਬੈਕਗਰਾਊਂਡ ਵਿੱਚ ਪਿਛੇ ਕੌਣ ਹੈ। ਮੈਨੂੰ ਵੀ ਕੱਲ੍ਹ ਫੋਨ ਆਏ ਸਨ ਕਿ ਤੁਸੀਂ ਇਸ ਦੇ ਉਤੇ ਨਾ ਬੋਲਣਾ, ਤੁਸੀਂ ਇਹ ਨਾ ਕਰਨਾ, ਉਹ ਨਾ ਕਰਨਾ। This is a very sorry state of affairs. ਲੇਕਿਨ ਮੈਂ ਸਾਰੇ ਹਾਊਸ ਨੂੰ ਬੇਨਤੀ ਕਰਾਂਗਾ ਕਿ ਇਸ ਬਿਲ ਨੂੰ ਸਿਲੈਕਟ ਕਮੇਟੀ ਦੇ ਹਵਾਲੇ ਕਰ ਦਿੱਤਾ ਜਾਵੇ, ਹਾਊਸ ਦੀ ਇੱਕ ਸਿਲੈਕਟ ਕਮੇਟੀ ਬਣਾ ਦਿੱਤੀ ਜਾਵੇ ਅਤੇ ਇਸ ਦੇ ਬਾਰੇ ਵਿਆਪਕ ਰੂਪ ਦੇ ਵਿਚ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਬਾਕੀ ਜੇ ਕਿਤੇ ਲਵਲੀ ਯੂਨੀਵਰਸਿਟੀ ਦਾ ਖਰਚਾ ਹੋਇਆ ਹੈ ਉਸ ਨੂੰ ਸਾਂਝੇ ਤੌਰ ਤੇ ਪੇਅ ਕੀਤਾ ਜਾ ਸਕਦਾ ਹੈ, ਸਾਂਝੇ ਤੌਰ ਤੇ ਚੁੱਕਤਾ ਕੀਤਾ ਜਾ ਸਕਦਾ ਹੈ। ਮੈਂ ਇਹ ਕਹਿੰਦਾ ਹਾਂ ਕਿ ਇਸ ਤੋਂ ਵੱਡਾ ਪਾਪ ਜਿਹੜਾ ਹੈ ਉਹ ਸਿੱਖਿਆ ਦੇ ਖੇਤਰ ਵਿੱਚ ਕੋਈ ਨਹੀਂ ਹੋ ਸਕਦਾ ਹੈ। ਇਸ ਬਿਲ ਵਿੱਚ ਜੋ ਡੈਫੀਨੇਸ਼ਨਜ਼ ਦਿੱਤੀਆਂ ਹਨ, ਮੈਂ ਉਹ ਪੜ੍ਹ ਕੇ ਦਸਦਾ ਹਾਂ। "The Chancellor shall have the power to do all such other acts, as may be required to further the objects of the University. All the decisions taken by the Chancellor shall be final and binding on all concerned of the University......."

**ਮਾਨਯੋਗ ਡਿਪਟੀ ਸਪੀਕਰ** : ਤੁਸੀਂ ਹੋਰ ਕਿੰਨਾਂ ਸਮਾਂ ਲਵੋਗੇ ?

**ਸਰਦਾਰ ਬੀਰ ਦਵਿੰਦਰ ਸਿੰਘ** : ਸਰ, ਜਿੰਨਾ ਤੁਸੀ ਦਿਓਗੇ। (ਹਾਸਾ) Sir, there is no qualification of the Chancellor and Vice Chancellor. "The President shall be the Chancellor of the University and in the absence of the Visitor. The President shall be the Chancellor. The President of Lovely International Trust, who is running a Sweet Shop in Jalandhar for 10, 15, 20, 25 years, the President shall be the chancellor of the university and in the absence of the Visitor, the Chancellor shall preside over the convocation and he shall decide or approve all appointments, nominations, removals, suspensions, reinstatements of the university, either *suo moto* or as recommended by the concerned authority of the University from time to time. The Chancellor may amend or revoke any decision taken by any authority of officers of the University and may exercise in his power *suo moto* or otherwise to do all necessary things to facilitate the smooth functioning of the University."

It entails that the Chancellor can become the Registrar also, Chancellor can become the Dean also, he could be the Dean Academic Affairs also, he could be the Controller of Examinations. Last, he has been authorized ਇਹ ਪਹਿਲੀ ਵਾਰੀ ਹੋਵੇਗਾ ਕਿ ਜਦੋਂ ਕਿਸੇ ਯੂਨੀਵਰਸਿਟੀ ਦਾ ਚਾਂਸਲਰ ਹੋਵੇਗਾ ਉਹ ਅੰਗੂਠਾ ਲਗਾਏਗਾ। ਇਸ ਲਈ ਇਸ ਬਿਲ ਨੂੰ ਪਾਸ ਕਰਨ ਦੇ ਲਈ ਕਾਹਲ ਨਹੀਂ ਕੀਤੀ ਜਾਣੀ ਚਾਹੀਦੀ।

Original with;
Punjab Vidhan Sabha
Digitized by;
Panjab Digital Library

**ਸਥਾਨਕ ਸਰਕਾਰ, ਕਿਰਤ ਤੇ ਰੁਜ਼ਗਾਰ ਮੰਤਰੀ (ਚੌਧਰੀ ਜਗਜੀਤ ਸਿੰਘ) :** ਮਾਨਯੋਗ ਡਿਪਟੀ ਸਪੀਕਰ, ਮੈਂਬਰ ਸਾਹਿਬ ਨੇ ਬਹੁਤ ਹੀ ਵਿਸਥਾਰ ਦੇ ਵਿੱਚ ਇਸ ਬਿਲ ਦੇ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ.........

**ਮਾਨਯੋਗ ਡਿਪਟੀ ਸਪੀਕਰ :** ਸਰਦਾਰ ਬੀਰ ਦਵਿੰਦਰ ਸਿੰਘ ਜੀ, ਤੁਸੀਂ ਹੋਰ ਕਿੰਨੇ ਸਮੇਂ ਵਿੱਚ ਇਹ ਮੁਕਾ ਦਿਓਗੇ।

**ਸਰਦਾਰ ਬੀਰ ਦਵਿੰਦਰ ਸਿੰਘ :** ਮੇਰੇ ਮੁਕਾਉਣ ਦਾ ਨਹੀਂ, ਇਨ੍ਹਾਂ ਦੇ ਮੁਕਾਉਣ ਦਾ ਹੈ। ਇਹ ਬਿੱਲ ਨਾ ਲਿਆਉਣ, ਮੈਂ ਮੁਕਾ ਦਿੰਦਾ ਹਾਂ। ਅੱਗੇ ਲਿਖਦੇ ਹਨ: The Chancellor shall have the power to do all such other acts, as may be required to further the objects of the University and the decision taken by the Chancellor shall be final and binding on all concerns of the University. ਮੇਰੀ ਬੇਨਤੀ ਹੈ ਕਿ There is no qualification of the Chancellor and ਨਾ ਵਾਈਸ ਚਾਂਸਲਰ ਦੀ ਕੋਈ ਕੁਆਲੀਫਿਕੇਸ਼ਨ ਹੈ। ਬਹੁਤ ਧਿਆਨ ਦੇਣ ਦੀ ਜ਼ਰੂਰਤ ਹੈ। ਮੇਰੀ ਬੇਨਤੀ ਹੈ ਕਿ ਇਹ ਜਿਹੜਾ ਬਿਲ ਹੈ, it is a half baked Bill. ਜੇਕਰ ਮੈਂ ਕਹਾਂ

ill conceived egg ਹੈ, ਗੰਦਾ ਅੰਡਾ ਹੈ। ਨਾ ਬੱਚੇ ਪੈਦਾ ਕਰ ਸਕਦਾ ਹੈ ਨਾ ਖਾਣ ਦੇ ਯੋਗ ਹੈ। ill conceived ਹੈ। (ਆਪੋਜ਼ੀਸ਼ਨ ਪਾਰਟੀ ਵਲੋਂ ਥੰਪਿੰਗ) I reiterate it is "ill-conceived" Bill. It is not fit for the consumption and it would spoil the whole Education, decorum and academic excellence.

ਐਜੂਕੇਸ਼ਨ ਦਾ ਜਿਹੜਾ ਡੈਕੋਰਮ ਹੈ, ਅਕੈਡਮਿਕ ਐਕਸੀਲੈਂਸੀ ਹੈ, ਉਸ ਨੂੰ ਬਰਬਾਦ ਕਰਕੇ ਰੱਖ ਦੇਵੇਗਾ ਇਹ ਬਿਲ। ਇਸ ਨੂੰ ਵਾਪਸ ਲੈ ਲਿਆ ਜਾਵੇ ਜਾਂ ਇਸ ਬਿਲ ਨੂੰ ਸਿਲੈਕਟ ਕਮੇਟੀ ਦੇ ਹਵਾਲੇ ਕਰ ਦਿਤਾ ਜਾਵੇ। ਸਿਲੈਕਟ ਕਮੇਟੀ ਇਸ ਨੂੰ ਥਾਰੋਲੀ ਸਟੱਡੀ ਕਰ ਲਵੇ ਉਸ ਤੋਂ ਬਾਅਦ ਹਾਊਸ ਵਿਚ ਦੁਬਾਰਾ ਵਿਚਾਰ ਲਈ ਲਿਆਂਦਾ ਜਾਵੇ। ਇਸ ਸਾਰੇ ਦੇ ਮੱਦੇ ਨਜ਼ਰ ਮੈਂ ਇਹੀ ਚਾਹਾਂਗਾ। ਮੇਰੀ ਬਹੁਤ ਦਰਦ ਨਾਲ ਅਪੀਲ ਹੈ ਚੀਫ਼ ਮਨਿਸਟਰ ਸਾਹਿਬ ਨੂੰ, ਮੈਂ ਨਹੀਂ ਚਾਹੁੰਦਾ ਕਿ ਤੁਹਾਡੇ ਹੁੰਦੇ ਹੋਇਆ ਕੋਈ ਇਸ ਤਰ੍ਹਾਂ ਦਾ ਫੈਸਲਾ ਲਿਆ ਜਾਵੇ ਜਿਸ ਨਾਲ ਆਉਣ ਵਾਲੇ ਸਮੇਂ ਵਿਚ ਸਾਰੇ ਪੰਜਾਬ ਨੂੰ ਸ਼ਰਮਿੰਦਾ ਹੋਣਾ ਪਵੇ। ਸ਼ਰਮਿੰਦਾ ਹੋਣਾ ਪਵੇਗਾ ਜਦੋਂ ਇਸ ਯੂਨੀਵਰਸਿਟੀ ਵਿਚ ਫਰਾਡ ਹੋਣਗੇ। ਮੇਰੀ ਗੱਲ ਯਾਦ ਰੱਖਿਓ ਜੋ ਮੈਂ ਕਹਿ ਰਿਹਾ ਹਾਂ ਇਹ ਕੁਰਾਨ ਸ਼ਰੀਫ ਦੀਆਂ ਆਈਤਾਂ ਹਨ, ਮੀਆਂ ਵਾਰਸ ਸ਼ਾਹ ਦੀਆਂ ਲਾਈਨਾਂ ਹਨ। ਇਹ ਇਕ ਐਸਾ ਰਸਤਾ ਹੈ ਜੋ ਯੂਥ ਨੂੰ ਬਰਬਾਦ ਕਰ ਦੇਵੇਗਾ ਤੁਸੀਂ ਤਬਾਹੀ ਤੇ ਐਕਸਪਲਾਇਟੇਸ਼ਨ ਦੇ ਰਸਤੇ ਖੋਲ੍ਹ ਰਹੇ ਹੋ। ਦੁਬਾਰਾ ਇਸ ਹਾਊਸ ਵਿਚ ਲੈ ਕੇ ਆਓਗੇ ਅੱਜ ਤੁਸੀਂ ਪਾਸ ਕਰ ਰਹੇ ਹੋ। ਮੇਰੀ ਗੱਲ ਯਾਦ ਰੱਖਿਓ ਦੁਬਾਰਾ ਇਹ ਮਤਾ ਇਸ ਹਾਊਸ ਵਿਚ ਆਵੇਗਾ ਅਤੇ ਹਾਊਸ ਇਸ ਯੂਨੀਵਰਸਿਟੀ ਨੂੰ ਬੰਦ ਕਰੇਗਾ ਜਦੋਂ ਪੰਜਾਬ ਵਿਚ ਤਬਾਹੀ ਤੇ ਬਰਬਾਦੀ ਹੋਵੇਗੀ। ਇਸ ਨੂੰ ਵਾਪਸ ਲੈ ਲਓ ਜਾਂ ਸਿਲੈਕਟ ਕਮੇਟੀ ਦੇ ਹਵਾਲੇ ਕਰ ਦਿਓ For God's sake, for heaven's sake. ਬੱਚਿਆਂ ਦੇ ਭਵਿੱਖ ਵਾਸਤੇ ਇਸ ਨੂੰ ਪਾਸ ਨਾ ਕਰੋ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁੱਚਾ ਸਿੰਘ ਛੋਟੇਪੁਰ (ਧਾਰੀਵਾਲ)** : ਜੋ ਮੈਂਬਰ ਸਾਹਿਬ ਨੇ ਗੱਲ ਕਹੀ ਹੈ ਬਿਲਕੁਲ ਇਸ ਵਿਚ ਸੱਚਾਈ ਹੈ। ਅਸੀਂ ਇਸ ਗੱਲ ਵਿਚ ਇਨ੍ਹਾਂ ਦੇ ਹਾਮੀ ਹਾਂ। ਇਸ ਬਿਲ ਨੂੰ ਪੈਂਡਿੰਗ ਕੀਤਾ ਜਾਵੇ ਜਾਂ ਸਿਲੈਕਟ ਕਮੇਟੀ ਦੇ ਸਪੁਰਦ ਕੀਤਾ ਜਾਵੇ। ਇਹ ਮਤਾ ਕਿਸੇ ਤਰ੍ਹਾਂ ਪਾਸ ਨਹੀਂ ਹੋਣਾ ਚਾਹੀਦਾ। (ਆਪੋਜ਼ੀਸ਼ਨ ਵਲੋਂ ਥੰਪਿੰਗ)

**ਸਰਦਾਰ ਬਲਵਿੰਦਰ ਸਿੰਘ ਭੂੰਦੜ (ਸਰਦੂਲਗੜ੍ਹ)** : ਡਿਪਟੀ ਸਪੀਕਰ ਸਾਹਿਬ, ਜੋ ਇਹ ਬਿਲ ਹਾਊਸ ਵਿਚ ਲਿਆਂਦਾ ਜਾ ਰਿਹਾ ਹੈ ਇਸ ਬਿਲ ਤੇ ਤਕਰੀਬਨ ਸਾਡੇ ਤੋਂ ਪਹਿਲਾਂ ਆਨਰੇਬਲ ਮੈਂਬਰ ਡਿਟੇਲ ਵਿਚ ਆਪਣੇ ਖਿਆਲ ਰੱਖ ਕੇ ਗਏ ਹਨ ਜੋ ਉਨ੍ਹਾਂ ਦੇ ਖਿਆਲ ਹਨ ਤਕਰੀਬਨ ਅਸੀਂ ਵੀ ਇਸ ਨਾਲ ਸਹਿਮਤ ਹਾਂ ਕਿ ਪੰਜਾਬ ਦਾ ਜਿਹੜਾ ਵਿਦਿਆ ਦਾ ਮਿਆਰ ਸੀ ਇਥੋਂ ਦੀਆਂ ਯੂਨੀਵਰਸਿਟੀਆਂ ਨੂੰ ਕਿਸੇ ਵੇਲੇ ਦੇਸ਼ ਵਿਚ ਬੇਹੱਦ ਉਚਾ ਜਾਣਿਆ ਜਾਂਦਾ ਸੀ। ਜਿਵੇਂ ਪੰਜਾਬੀ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਐਗਰੀਕਲਚਰ ਯੂਨੀਵਰਸਿਟੀ। ਪਰ ਅੱਜ ਜੋ ਬਿਲ ਆ ਰਿਹਾ ਹੈ ਇਸ ਸਬੰਧੀ ਜੋ ਖਦਸ਼ਾ ਪਾਇਆ ਜਾ ਰਿਹਾ ਹੈ ਇਸ ਨੂੰ ਦੇਖ ਕੇ ਨਜ਼ਰ ਆ ਰਿਹਾ ਹੈ ਕਿ ਆਉਣ ਵਾਲੇ ਸਮੇਂ ਵਿਚ ਹਿੰਦੁਸਤਾਨ ਵਿਚ ਜਿਵੇਂ ਮਗਧ ਯੂਨੀਵਰਸਿਟੀ ਹੈ ਜਿਸ ਦੀਆਂ ਡਿਗਰੀਆਂ ਨੂੰ ਅਸੀਂ ਜਾਅਲੀ ਕਹਿੰਦੇ ਹਾਂ ਉਸੇ ਤਰ੍ਹਾਂ ਦੇ ਹਾਲਾਤ ਇਥੇ ਹੋਣ ਦਾ ਖਦਸ਼ਾ ਹੈ। ਮੈਂ ਵਾਰ-ਵਾਰ ਉਹੀ ਗੱਲਾਂ ਰੀਪੀਟ ਨਹੀਂ ਕਰਾਂਗਾ, ਮੈਂ ਆਪਣੀ ਪਾਰਟੀ ਵਲੋਂ ਕਹਿਣਾ ਚਾਹੁੰਦਾ ਹਾਂ ਕਿ ਇਸ ਬਿਲ ਨੂੰ ਸਿਲੈਕਟ ਕਮੇਟੀ ਨੂੰ ਦਿੱਤਾ ਜਾਵੇ, ਥੋੜ੍ਹੀ ਸਟੱਡੀ ਇਸ ਤੇ ਹੋਵੇ, ਉਸ ਤੋਂ ਬਾਅਦ ਜੇ ਠੀਕ ਹੋਵੇ ਤਾਂ ਹੀ ਇਸ ਤੇ ਦੁਬਾਰਾ ਵਿਚਾਰ ਹੋਵੇ। ਇਸ ਬਿਲ ਨੂੰ ਕਿਸੇ ਕੀਮਤ ਤੇ ਪਾਸ ਨਾ ਕੀਤਾ ਜਾਵੇ ਅਸੀਂ ਇਸ ਦਾ ਵਿਰੋਧ ਕਰਦੇ ਹਾਂ। (ਆਪੋਜ਼ੀਸ਼ਨ ਵਲੋਂ ਥੰਪਿੰਗ)।

**ਸ੍ਰੀ ਤਿਕਸ਼ਨ ਸੂਦ (ਹੁਸ਼ਿਆਰਪੁਰ)** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਵੀ ਜੋ ਗੱਲਾਂ ਕਹੀਆਂ ਗਈਆਂ ਹਨ, ਉਨ੍ਹਾਂ ਨੂੰ ਰਿਪੀਟ ਨਹੀਂ ਕਰਨਾ ਚਾਹੁੰਦਾ। ਬਿਲ ਲਿਆਉਣ ਵਾਲੇ ਵੀ ਸਾਮਣੇ ਬੈਠੇ ਹਨ ਅਤੇ ਇਨ੍ਹਾਂ ਵਿਚੋਂ ਹੀ ਮੈਂਬਰ ਸਾਹਿਬ ਨੇ ਇਸ ਦੇ ਵਿਰੋਧ ਵਿਚ ਗੱਲਾਂ ਕਹੀਆਂ ਹਨ। ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਮੌਡਰੇਨਾਈਜੇਸ਼ਨ ਚੱਲ ਰਹੀ ਹੈ, ਉਸੇ ਤਰ੍ਹਾਂ ਜੋ ਐਜੂਕੇਸ਼ਨ ਹੈ, ਉਸ ਨੂੰ ਬਹੁਤ ਜ਼ਿਆਦਾ ਮੌਡਰੇਨਾਈਜ਼ ਤਰੀਕੇ ਨਾਲ ਪ੍ਰੋਫੈਸ਼ਨੇਲਾਈਜ਼ ਅਤੇ ਐਕਸਪਰਟਾਈਜ਼ ਕਰਨ ਦੀ ਅੱਜ ਸਮੇਂ ਦੀ ਜ਼ਰੂਰਤ ਅਤੇ ਮੰਗ ਹੈ। ਸਾਡੇ ਗੁਆਂਢੀ ਸੂਬੇ ਵਿਚ ਜੇ.ਪੀ. ਯੂਨੀਵਰਸਿਟੀ ਖੁਲ੍ਹੀ ਹੈ, ਉਸ ਦੀ ਕੀ ਬੈਕਗਰਾਊਂਡ ਹੈ, ਇਹ ਤਾਂ ਸਾਰੇ ਹੀ ਦੇਖ ਸਕਦੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹਾਂਗਾ ਕਿ ਇਸ ਬਿਲ ਦੀ ਘੋਖ ਸਿਲੈਕਟ ਕਮੇਟੀ ਰਾਹੀਂ ਹੋ ਜਾਵੇ ਤਾਂ ਕਿ ਜਿੰਨੇ ਵੀ ਇਸ ਮਾਮਲੇ ਵਿਚ ਖਦਸ਼ੇ ਹਨ, ਸਾਰੀਆਂ ਪਾਰਟੀਆਂ ਦਾ ਇੱਕ-ਇੱਕ ਮੈਂਬਰ ਚੁਣ ਕੇ ਕਮੇਟੀ ਬਣ ਜਾਵੇ, ਸਾਰੇ ਖਦਸ਼ੇ ਦੂਰ ਹੋ ਸਕਣ ਅਤੇ ਸਿਲੈਕਟ ਕਮੇਟੀ ਰਾਹੀਂ ਜੋ ਸਹੀ ਰਿਜ਼ਲਟ ਨਿਕਲਦਾ ਹੈ, ਉਸ ਦੇ ਮੁਤਾਬਿਕ ਫੈਸਲਾ ਕਰ ਦੇਣ।

**ਉਪ ਮੁੱਖ ਮੰਤਰੀ (ਸ਼੍ਰੀਮਤੀ ਰਾਜਿੰਦਰ ਕੌਰ ਭੱਠਲ)** : ਡਿਪਟੀ ਸਪੀਕਰ ਸਾਹਿਬ, ਇਥੇ ਬਿਲ ਆਇਆ ਹੈ, ਪ੍ਰਾਈਵੇਟ ਯੂਨੀਵਰਸਿਟੀ ਬਣਾਉਣ ਵਾਸਤੇ। ਮੇਰੇ ਭਰਾਵਾਂ ਨੇ, ਸਾਹਮਣੇ ਬੈਠਿਆਂ ਨੇ, ਆਪੋਜ਼ੀਸ਼ਨ ਪਾਰਟੀ ਵਾਲਿਆਂ ਨੇ ਰਸਮੀ ਤੌਰ ਤੇ ਇਸ ਬਿਲ

Original with;
Punjab Vidhan Sabha
Digitized by;
Panjab Digital Library

[ਉਪ ਮੁੱਖ ਮੰਤਰੀ]

ਦੀ ਵਿਰੋਧਤਾ ਕੀਤੀ ਹੈ ਕਿਉਂਕਿ ਆਪੋਜ਼ੀਸ਼ਨ ਦਾ ਫਰਜ਼ ਹੀ ਹੁੰਦਾ ਹੈ ਕਿ ਕੁਝ ਨਾ ਕੁਝ ਕਹਿਣਾ ਹੈ। ਮੈਨੂੰ ਇਸ ਗੱਲ ਦਾ ਕੋਈ ਅਫ਼ਸੋਸ ਨਹੀਂ ਹੈ। ਇਹ ਜੋ ਮਰਜ਼ੀ ਕਹਿ ਲੈਣ। ਲੇਕਿਨ ਮੈਨੂੰ ਅਫ਼ਸੋਸ ਇਸ ਗੱਲ ਤੇ ਹੈ ਕਿ ਇੱਕ ਪੜ੍ਹਿਆ ਲਿਖਿਆ ਸਾਡੀ ਆਪਣੀ ਪਾਰਟੀ ਦਾ ਭਰਾ ਵੀ ਬੋਲਿਆ ਹੈ। ਮੈਂ ਵਾਰ-ਵਾਰ ਸੋਚ ਰਹੀ ਹਾਂ ਕਿ ਇਹ ਕਿਹੜੀਆਂ ਗੱਲਾਂ ਤੇ ਕਿਉਂ ਇੰਨੀ ਘਬਰਾਹਟ ਵਿਚ ਅੱਜ ਆਇਆ ਹੈ ਅਤੇ ਕਿਉਂ ਇਸ ਤਰ੍ਹਾਂ ਬੋਲ ਰਿਹਾ ਹੈ। ਇਨ੍ਹਾਂ ਦੀ ਇੰਨੀ ਕਨਫਿਊਜ਼ਨ ਭਰੀ ਜਾਣਕਾਰੀ ਦੇ ਮੁਤਾਬਿਕ ਇਸ ਬਿਲ ਦੇ ਪਾਸ ਹੋਣ ਤੇ ਇਹ ਹੋ ਜਾਵੇਗਾ, ਉਹ ਹੋ ਜਾਵੇਗਾ ਅਤੇ ਪਤਾ ਨਹੀਂ ਪੰਜਾਬ ਵਿਚ ਕੀ ਹੋ ਜਾਵੇਗਾ, ਇਨ੍ਹਾਂ ਨੇ ਇੰਨਾ ਖਦਸ਼ਾ ਜ਼ਾਹਿਰ ਕੀਤਾ ਹੈ। ਇਸ ਸਬੰਧੀ ਮੈਂ ਸੋਚ ਰਹੀ ਸੀ ਕਿ ਜੋ ਇਨ੍ਹਾਂ ਨੇ ਆਪ ਹੀ ਬੋਲਦਿਆਂ ਕਿਹਾ ਹੈ ਕਿ ਇੱਧਰ ਮਠਿਆਈ ਆ ਗਈ ਹੋਣੀ ਹੈ, ਹੁਣ ਜਾਂ ਤਾਂ ਮਠਿਆਈ ਇਨ੍ਹਾਂ ਕੋਲ ਨਹੀਂ ਪਹੁੰਚੀ। ਜੇ ਮਠਿਆਈ ਪਹੁੰਚ ਗਈ ਹੈ ਤਾਂ ਮੈਂ ਸੋਚ ਰਹੀ ਸੀ ਕਿ ਅੱਜ ਲਾਸਟ ਦਿਨ ਹੈ, ਇਨ੍ਹਾ ਨੇ ਬੋਲਣਾ ਹੀ ਹੈ, ਚਾਰੇ ਪਾਸੇ ਕੈਮਰੇ ਲੱਗੇ ਹੋਏ ਹਨ, ਇਹ ਵੀ ਸਾਡੀ ਕਮਜ਼ੋਰੀ ਹੈ। ਲੇਕਿਨ ਫਾਈਨਲੀ ਮੈਨੂੰ ਖਿਆਲ ਆਇਆ ਹੈ ਕਿ ਇਹ ਭੁਲੇਖੇ ਵਿਚ ਹੀ ਮੇਰੇ ਨਾਲ ਬੋਲ ਗਏ ਹਨ ਕਿਉਂਕਿ ਮੈਂ ਡਿਪਟੀ ਚੀਫ ਮਨਿਸਟਰ ਹੋਣ ਤੇ ਨਾਤੇ ਇਸ ਮਹਿਕਮੇ ਨੂੰ ਦੇਖਦੀ ਹਾਂ। ਮੈਂ ਇੱਕ ਔਰਤ ਹਾਂ ਪਰ ਇਨ੍ਹਾਂ ਨੂੰ ਭੁਲੇਖਾ ਪੈ ਗਿਆ ਹੈ ਗਰਚੇ ਦਾ, ਉਹ ਇੱਕ ਪ੍ਰਾਈਵੇਟ ਇੰਸਟੀਚਿਊਟ ਚਲਾਉਂਦੀ ਹੈ, ਜਿਸ ਤੇ ਹਮੇਸ਼ਾ ਹੀ ਕਿੰਤੂ ਪਰੰਤੂ ਹੁੰਦਾ ਰਹਿੰਦਾ ਹੈ। ਉਹ ਵੀ ਪ੍ਰਾਈਵੇਟ ਸੰਸਥਾ ਹੈ। ਮੇਰਾ ਖਿਆਲ ਹੈ ਕਿ ਇਨ੍ਹਾਂ ਦੀ ਉਹ ਗੱਲ ਹੈ ਕਿ ਦੁੱਧ ਤੋਂ ਬੁੱਲ ਜਲੇ ਤੋਂ ਇਹ ਲੱਸੀ ਨੂੰ ਵੀ ਫੂਕਾਂ ਮਾਰ ਮਾਰ ਕੇ ਪੀਂਦੇ ਹਨ। ਇਸ ਕਾਰਨ ਬੀਰ ਦਵਿੰਦਰ ਸਿੰਘ ਹੋਰਾਂ ਨੇ ਇਸ ਦੀ ਮੁਖਾਲਫ਼ਤ ਕੀਤੀ ਹੈ।

**Sardar Bir Devinder Singh :** I am on a Point of Order. ਮੈਂ ਪੁਆਇੰਟ ਆਫ਼ ਆਰਡਰ ਤੇ ਬੋਲਣਾ ਚਾਹੁੰਦਾ ਹਾਂ It is my right.

**Mr. Deputy Speaker :** Let us see.

**ਉਪ ਮੁੱਖ ਮੰਤਰੀ :** ਤੁਹਾਨੂੰ ਅਜੇ ਸਮਾਂ ਮਿਲਿਆ ਨਹੀਂ, ਜਦੋਂ ਟਾਈਮ ਮਿਲੇਗਾ ਤਾਂ ਬੋਲ ਲੈਣਾ।

**Mr. Deputy Speaker :** Sardar Bir Devinder Singh ji please........

**Sardar Bir Devinder Singh :** Deputy Speaker Sahib I was not vague throughout the discussion. ਹਾਊਸ ਇਸ ਗੱਲ ਦਾ ਗਵਾਹ ਹੈ Hon'ble Deputy Chief Minister should not confuse the issue. ਮੈਂ ਆਪਣੇ ਸਵਾਲ ਦੇ ਇਨ੍ਹਾਂ ਤੋਂ ਜਵਾਬ ਮੰਗੇ ਹਨ। ਇਹ ਬੜਾ ਇੰਪੋਰਟੈਂਟ ਬਿਲ ਹੈ, ਇਸ ਦਾ ਜਵਾਬ ਦੇਣ ਦਾ ਯਤਨ ਕਰੋ। ਇਹ ਵਨ ਬਾਈ ਵਨ ਸਾਡੇ ਤੌਖਲੇ ਦੂਰ ਕਰ ਦੇਣ। ਇਹ ਰਿਕਾਰਡ ਦੀ ਗੱਲ ਹੈ। ਕਿਸੇ ਦੂਜੇ ਵਿਅਕਤੀ ਦੇ ਨਾਂ ਦੀ ਲੋੜ ਨਹੀਂ ਹੈ। ਜਿਹੜੀਆਂ ਚੀਜ਼ਾਂ ਇਸ ਵਿਚ ਨਹੀਂ ਆਈਆਂ, ਉਨ੍ਹਾਂ ਦਾ ਜਵਾਬ ਅਸੀਂ ਮੰਗ ਰਹੇ ਹਾਂ। ਸਾਡੇ ਜੋ ਖਦਸ਼ੇ ਤੇ ਤੌਖਲੇ ਹਨ, ਉਨ੍ਹਾਂ ਨੂੰ ਦੂਰ ਕਰੋ। It is an important Bill. Hon'ble Member is not speaking for the first time. It is......

Original with;
Punjab Vidhan Sabha
Digitized by;
Panjab Digital Library

**Mr. Deputy Speaker :** Sardar Bir Devinder Singh ji please take your seat. You will get your answer.

**ਉਪ ਮੁੱਖ ਮੰਤਰੀ :** ਪਹਿਲਾਂ ਤਾਂ ਡਿਪਟੀ ਮਨਿਸਟਰ ਵਾਲਾ ਸ਼ਬਦ ਵਾਪਸ ਲਓ। ਡਿਪਟੀ ਚੀਫ਼ ਮਨਿਸਟਰ ਕਹੋ, ਨੰਬਰ ਵਨ। ਨੰਬਰ ਟੂ ਮੈਂ ਤਾਂ ਇਨ੍ਹਾਂ ਦਾ ਜਵਾਬ ਦੇਣ ਵਾਸਤੇ ਖੜ੍ਹੀ ਹੋਈ ਹਾਂ। ਮੈਂ ਇਨ੍ਹਾਂ ਦੇ ਜਵਾਬ ਦੇਣ ਵਾਸਤੇ ਹੀ ਖੜ੍ਹੀ ਹੋਈ ਹਾਂ। ਵਨ ਬਾਈ ਵਨ ਜੋ ਇਨ੍ਹਾਂ ਨੇ ਕਿਹਾ ਹੈ, ਬਿਲਕੁਲ ਇਨ੍ਹਾਂ ਦੇ ਤੌਖਲੇ ਜੋ ਹਨ, ਜੋ ਗੱਲਾਂ ਨਹੀਂ ਆਈਆਂ, ਮੈਂ ਉਹੀ ਗੱਲਾਂ ਕਹਿ ਰਹੀ ਹਾਂ।

**Sardar Bir Devinder Singh :** Sir, it is my right to speak on the bill. Why she is angry ?

**ਉਪ ਮੁੱਖ ਮੰਤਰੀ :** ਮੈਂ ਤਾਂ ਐਂਗਰੀ ਨਹੀਂ ਹਾਂ। ਮੈਂ ਤਾਂ ਇਨ੍ਹਾਂ ਦੀਆ ਗੱਲਾਂ ਦਾ ਜਵਾਬ ਦੇ ਰਹੀ ਹਾਂ। ਮੈਂ ਤੁਹਾਡੀਆਂ ਹੀ ਗੱਲਾਂ ਦਾ ਜਵਾਬ ਦੇ ਰਹੀ ਹਾਂ। ਸੁਣੋ, ਹੁਣ ਬੈਠ ਕੇ ਆਰਾਮ ਨਾਲ ਸੁਣੋ। ਜੋ ਪੁੱਛਿਆ ਹੈ, ਹੁਣ ਆਰਾਮ ਨਾਲ ਬੈਠ ਕੇ ਜਵਾਬ ਸੁਣੋ।

**Sardar Bir Devinder Singh :** Is this the reply of the Higher Education Minister ? Why she has referred the name of the individual ? Why she has referred to an individual ? If this is the level of the debate, then I am sorry..........

**Mr. Deputy Speaker :** Please take your seat.

**ਉਪ ਮੁੱਖ ਮੰਤਰੀ :** ਡਿਪਟੀ ਸਪੀਕਰ ਸਾਹਿਬ, ਮਾਨਯੋਗ ਮੈਂਬਰ ਪੂਰੇ ਹਾਊਸ ਦੇ ਵਿਚ ਜਿਸ ਤਰੀਕੇ ਨਾਲ ਬੋਲ ਰਹੇ ਹਨ, ਉਸ ਨੂੰ ਉਸੇ ਤਰੀਕੇ ਨਾਲ ਹੀ ਗੱਲ ਦਾ ਜਵਾਬ ਦਿੱਤਾ ਜਾਵੇਗਾ। ਜਿਸ ਤਰੀਕੇ ਨਾਲ ਉਹ ਗੱਲ ਕਰਨਗੇ। ਸੋ, ਇਨ੍ਹਾਂ ਨੇ ਕਦੇ ਸੋਢੀ ਸਾਹਿਬ ਦਾ ਨਾਂ ਲਿਆ ਹੈ ਅਤੇ ਕਦੇ ਕਿਸੇ ਦਾ ਨਾਂ ਲਿਆ ਹੈ। ਕੀ ਇਹ ਗੱਲਾਂ ਅੱਛੀਆਂ ਹਨ ?

**ਮਾਨਯੋਗ ਡਿਪਟੀ ਸਪੀਕਰ :** ਸਰਦਾਰ ਬੀਰ ਦਵਿੰਦਰ ਸਿੰਘ ਜੀ ਤੁਸੀਂ ਕਈ ਨਾਂ ਕੋਟ ਕੀਤੇ ਹਨ। I have not asked you to expunge these things. All right. You take your seat.

**Sardar Bir Devinder Singh :** I have not quoted anything.

**Mr. Deputy Speaker :** Let Madam finish. You please take your seat.

**Capt. Kanwaljit Singh :** Deputy Speaker Sahib, I am on a point of order. ਸਪੀਕਰ ਸਾਹਿਬ, ਮੇਰੇ ਖਿਆਲ ਦੇ ਵਿਚ ਕਾਂਗਰਸ ਪਾਰਟੀ ਵਰਟੀਕਲੀ ਸਪਲਿਟ ਹੋ ਚੁੱਕੀ ਹੈ। ਮੇਰਾ ਸਵਾਲ ਇਸ ਤਰ੍ਹਾਂ ਹੈ ਕਿ ਹੁਣ ਇਹ ਸਦਨ ਦੇ ਵਿਚ........

**ਉਪ ਮੁੱਖ ਮੰਤਰੀ :** ਡਿਪਟੀ ਸਪੀਕਰ ਸਾਹਿਬ, ਇਹ ਪੁਆਇੰਟ ਆਫ਼ ਆਰਡਰ ਨਹੀਂ ਬਣਦਾ।

Original with;
Punjab Vidhan Sabha
Digitized by;
Panjab Digital Library

**ਕੈਪਟਨ ਕੰਵਲਜੀਤ ਸਿੰਘ :** ਪੁਆਇੰਟ ਆਫ ਆਰਡਰ ਸਰ। ** ** ** **

**Mr. Deputy Speaker :** No Point of Order. Please take your seat. Let Madam continue.

**ਵਿੱਤ ਅਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਨ੍ਹਾਂ ਨੂੰ ਸਪਲਿਟ ਬਾਰੇ ਬੜੀ ਜਲਦੀ ਯਾਦ ਆਉਂਦੀ ਹੈ। ਸਾਡੀ ਕਾਂਗਰਸ ਪਾਰਟੀ ਤਾਂ ਪਰਮਾਨੈਂਟਲੀ ਯੂਨਾਈਟਿਡ ਹੈ। ਮੈਂ ਇਨ੍ਹਾਂ ਨੂੰ ਇੱਕ ਗੱਲ ਯਾਦ ਕਰਵਾ ਦਿਆਂ ਕਿ ਇਨ੍ਹਾਂ ਦੀ ਪਾਰਟੀ ਵਿਚ ਐਕਚੂਅਲੀ ਸਪਲਿਟ ਹੋਈ ਸੀ, 20 ਬੰਦੇ ਇਕ ਪਾਸੇ ਚਲੇ ਗਏ ਸਨ ਤੇ ਉਹ ਪਾਰਟੀ ਦੂਜੀ ਬਣੀ ਸੀ। ਇਸ ਲਈ ਸਪਲਿਟ ਆਪਣੀ ਯਾਦ ਰੱਖੋ। ਇਹ ਹੈਲਦੀ ਡਿਬੇਟ ਹੈ, ਇੱਕ ਮੈਂਬਰ ਆਪਣਾ ਪੁਆਇੰਟ ਆਫ਼ ਵਿਊ ਰੱਖਦਾ ਹੈ ਤੇ ਮਨਿਸਟਰ ਸਾਹਿਬਾ ਜਵਾਬ ਦੇ ਰਹੇ ਹਨ। ਇਸ ਕਰਕੇ ਇਸ ਨੂੰ ਸਪਲਿਟ ਨਾ ਦੇਖੋ। ਡਿਫਰੈਂਸਿਜ਼ ਆਫ਼ ਉਪੀਨੀਅਨ ਹੋ ਸਕਦੇ ਹਨ।

**ਮਾਨਯੋਗ ਡਿਪਟੀ ਸਪੀਕਰ :** ਹਾਂ ਜੀ, ਡਿਪਟੀ ਸੀ. ਐਮ. ਸਾਹਿਬਾ ਜੀ.....(ਵਿਘਨ)।

**ਉਪ ਮੁੱਖ ਮੰਤਰੀ :** ਕੰਵਲਜੀਤ ਸਿੰਘ ਜੀ ਤੁਸੀਂ ਸਾਡੀ ਚਿੰਤਾ ਨਾ ਕਰੋ, ਇਧਰ ਸਾਰੇ ਇਕੱਠੇ ਹਾਂ, ਉਧਰਲੀ ਚਿੰਤਾ ਕਰੋ। ਅੱਜ ਹੈਲਦੀ ਡਿਸਕਸ਼ਨ ਹੋ ਰਹੀ ਹੈ ਔਰ ਅਸੀਂ ਵੈਲਕਮ ਕੀਤਾ ਹੈ ਕਿਉਂਕਿ ਕੋਈ ਕਮੀਆਂ ਪੇਸ਼ੀਆਂ ਰਹਿ ਸਕਦੀਆਂ ਹਨ, ਉਨ੍ਹਾਂ ਨੂੰ ਅਸੀਂ ਧਿਆਨ ਵਿਚ ਰਖਾਂਗੇ। ਚੰਗੀਆਂ ਸੁਜੈਸ਼ਨਾਂ ਆਉਂਦੀਆਂ ਰਹਿੰਦੀਆ ਹਨ। ਡਿਪਟੀ ਸਪੀਕਰ ਸਾਹਿਬ, ਸਾਡੇ ਪੰਜ ਯੂਨੀਵਰਸਿਟੀਆਂ ਹਨ। ਇਨ੍ਹਾਂ ਵਿਚੋਂ ਜਿਹੜੀ ਐਗਰੀਕਲਚਰਲ ਯੂਨੀਵਰਸਿਟੀ ਹੈ ਉਹਦੀ ਕਿਸੇ ਕਾਲਜ ਨਾਲ ਐਫਿਲੀਏਸ਼ਨ ਨਹੀਂ ਹੈ ਉਹ ਆਪ ਹੀ ਐਗਰੀਕਲਚਰ ਦੇ ਕੰਮ ਕਾਰ ਦੇਖਦੀ ਹੈ। ਸਾਡੀ ਟੈਕਨੀਕਲ ਯੂਨੀਵਰਸਿਟੀ ਵੀ ਕਾਂਗਰਸ ਪਾਰਟੀ ਨੇ ਬਣਾਈ ਸੀ, ਸਰਦਾਰ ਬੇਅੰਤ ਸਿੰਘ ਜੀ ਨੀਂਹ ਪੱਥਰ ਰੱਖ ਕੇ ਆਏ ਸਨ। ਉਸ ਤੋਂ ਬਾਅਦ 4-5 ਸਾਲ ਰਾਜ ਇਸ ਤਰ੍ਹਾਂ ਦਾ ਰਿਹਾ ਕਿ ਉਥੇ ਯੂਨੀਵਰਸਿਟੀ ਤਾਂ ਬਣਾ ਦਿੱਤੀ ਪਰ ਉਥੇ ਅੱਜ ਤਕ ਬਿਲਡਿੰਗ ਨਹੀਂ ਬਣ ਸਕੀ। ਸਰਕਾਰ ਦੀ ਆਰਥਿਕ ਹਾਲਤ ਇਸੇ ਤਰ੍ਹਾਂ ਦੀ ਰਹੀ ਕਿ ਅੱਜ ਵੀ ਉਹ ਕਿਰਾਏ ਦੀ ਬਿਲਡਿੰਗ ਵਿਚ ਬੈਠੇ ਹਨ। ਇਸੇ ਤਰ੍ਹਾਂ ਉਹ ਡੇਲੀਵੇਜ਼ਿਜ਼ ਤੇ ਲੈਕਚਰਾਰ, ਪ੍ਰੋਫੈਸਰ ਲਗਾ ਰਹੇ ਹਨ। ਪਰਮਾਨੈਂਟ ਅੱਜ ਤੀਕ ਨਹੀਂ ਲਗਾ ਸਕੇ। ਸਾਡੀਆਂ ਦੋ ਤਿੰਨ ਯੂਨੀਵਰਸਿਟੀਆਂ ਕੰਮ ਕਰਨ ਵਾਲੀਆਂ ਰਹਿ ਗਈਆਂ ਹਨ। ਪਿਛੇ ਸਾਡਾ ਇੱਕ ਕੇਸ ਹਾਈ ਕੋਰਟ ਚਲਿਆ ਗਿਆ ਤੇ ਫਿਰ ਸੁਪਰੀਮ ਕੋਰਟ ਚਲਿਆ ਗਿਆ, ਅਸੀਂ ਉਸ ਨੂੰ ਦੁਬਾਰਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਰੈਫ਼ਰ ਕੀਤਾ ਉਹ ਫਿਰ ਵੀ ਉਥੇ ਚਲਿਆ ਗਿਆ। ਲੇਕਿਨ ਸਾਡੇ ਕੋਲ ਵਰਥ ਯੂਨੀਵਰਸਿਟੀਆਂ ਨਹੀਂ ਸਨ ਜਿਹੜੀਆਂ ਚਾਹੁੰਦੀਆਂ ਸਨ ਕਿ ਇਨ-ਟਾਈਮ ਜੋ ਸਿਲੈਕਸ਼ਨ ਹੋਈ ਹੈ ਉਸ ਨੂੰ ਦੇਖ ਸਕੀਏ। ਇਸ ਕਰਕੇ ਮੈਂ ਸਮਝਦੀ ਹਾਂ ਕਿ ਅੱਜ ਤਿੰਨ ਚਾਰ ਯੂਨੀਵਰਸਿਟੀਆਂ ਆਪੋ ਆਪਣੇ ਕਾਲਜਾਂ ਦੇ ਕੰਮ ਨੂੰ ਵੇਖ ਰਹੀਆਂ ਤੇ ਕੰਮ ਕਰ ਰਹੀਆਂ ਹਨ। ਇਸ ਵਿਚ ਕੋਈ ਨਵੀਂ ਗੱਲ ਨਹੀਂ ਹੋਈ। ਬਹੁਤ ਸਾਰੇ ਬਾਪਰ ਇੰਸਟੀਚਿਊਟ ਔਰ ਦੂਜੇ ਪ੍ਰਾਈਵੇਟ ਇੰਸਟੀਚਿਊਟ ਆਪਣੇ ਚਲਾ ਰਹੇ ਹਨ।

** Expunged as ordered by the Chair.

Original with;
Punjab Vidhan Sabha
Digitized by;
Panjab Digital Library

ਇਸ ਬਾਰੇ ਤਾਂ ਸਾਨੂੰ ਪਹਿਲ ਕਰਨੀ ਚਾਹੀਦੀ ਸੀ ਪਰ ਪਹਿਲ ਹਿਮਾਚਲ ਪ੍ਰਦੇਸ਼ ਨੇ ਕੀਤੀ ਹੈ। ਹੋਰ 4-5 ਸਟੇਟਾਂ ਨੇ ਪਹਿਲ ਕੀਤੀ ਹੈ। ਅੱਜ ਅਸੀਂ ਲਵਲੀ ਯੂਨੀਵਰਸਿਟੀ ਬਣਾਉਣ ਵਾਸਤੇ ਬਿਲ ਲੈ ਕੇ ਆਏ ਹਾਂ ਇਸ ਦੇ ਕੋਲ 125 ਏਕੜ ਜ਼ਮੀਨ ਹੈ, ਇਸ ਦੇ ਕੋਲ 20 ਸੰਸਥਾਵਾਂ ਆਪਣੀਆ ਹਨ, ਇਹ 60 ਪ੍ਰੋਫੈਸ਼ਨਲ ਕੋਰਸ ਚਲਾਉਂਦੇ ਹਨ। ਇਹ ਇੱਕ ਗੁੱਡ ਰਿਪਿਊਟੇਬਲ ਸੰਸਥਾ ਹੈ ਜਿਸ ਨੇ ਵਾਰ-ਵਾਰ ਏ.ਆਈ.ਸੀ.ਟੀ.ਆਈ. ਆਲ ਇੰਡੀਆ ਕੌਂਸਲ ਆਫ਼ ਟੈਕਨੀਕਲ ਐਜੂਕੇਸ਼ਨ, ਨੈਸ਼ਨਲ ਕੌਂਸਲ ਟੈਕਨੀਕਲ ਐਜੂਕੇਸ਼ਨ ਔਰ ਫਾਰਮੇਸੀ ਕੌਂਸਲ ਆਫ਼ ਇੰਡੀਆ ਅਤੇ ਇਸੇ ਤਰ੍ਹਾਂ ਬਾਰ ਕੌਂਸਲ ਆਫ਼ ਇੰਡੀਆ ਤੋਂ ਬਕਾਇਦਾ 22 ਕੋਰਸ ਮਾਨਤਾ ਪ੍ਰਾਪਤ ਕਰਕੇ ਦਿੱਤੇ ਹੋਏ ਹਨ ਅਤੇ ਉਹ ਰੈਪੂਟੈਬਲੀ ਚਲਾ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਦੇ ਆਪਣੇ ਕੰਪਲੈਕਸ ਵਿੱਚ ਪੰਜ ਹਜ਼ਾਰ ਵਿਦਿਆਰਥੀ ਹਨ। ਉਥੇ ਇਸ ਤਰ੍ਹਾਂ ਲਗਦਾ ਹੈ ਕਿ ਜਿਵੇਂ ਉਨ੍ਹਾਂ ਨੇ ਆਪਣੇ ਸਾਧਨਾਂ ਨਾਲ ਛੋਟਾ ਸ਼ਹਿਰ ਵਸਾਇਆ ਹੋਵੇ। ਅਸੀਂ ਇਹ ਖੁਸ਼ੀ ਨਾਲ ਕਹਿ ਸਕਦੇ ਹਾਂ ਕਿ ਸਾਰੀਆਂ ਬਿਲਡਿੰਗਾਂ ਅਤੇ ਹਰ ਤਰੀਕੇ ਨਾਲ ਇਨਫਰਾਸਟ੍ਰਕਚਰ ਇਨ੍ਹਾਂ ਬਿਲਡਿੰਗਾਂ ਵਿਚ ਮੌਜੂਦ ਹੈ। ਉਥੇ ਟੀਚਰ ਪੂਰੇ ਹਨ ਅਤੇ ਇਨ੍ਹਾਂ ਵਲੋਂ ਵਾਰ-ਵਾਰ ਇਹੀ ਕਹਿਣਾ ਕਿ 116 ਯੂਨੀਵਰਸਿਟੀਆਂ ਹੋਰ ਸਟੇਟ ਵਿੱਚ ਹਨ। ਉਨ੍ਹਾਂ ਯੂਨੀਵਰਸਿਟੀਆਂ ਦਾ ਹਾਲ ਆਹ ਸੀ, ਇਹ ਛਤੀਸਗੜ੍ਹ ਵਾਲਿਆਂ ਦੀ ਗੱਲ ਕਰਦੇ ਹਨ ਉਥੇ ਬਿਊਰੋਕਰੇਟ ਗਰੁੱਪ ਨੇ ਇੱਕ ਐਕਟ ਪਾਸ ਕਰਕੇ 112 ਯੂਨੀਵਰਸਿਟੀਆਂ ਨੂੰ ਇੱਕਠਿਆਂ ਹੀ ਮਾਨਤਾ ਦਿੱਤੀ ਹੈ। ਉਨ੍ਹਾਂ ਨੇ ਇਹ ਨਹੀਂ ਵੇਖਿਆ ਕਿ ਉਨ੍ਹਾਂ ਦੇ ਕੋਲ ਇਨਫਰਾਸਟ੍ਰਕਚਰ ਹੈ ਜਾਂ ਨਹੀਂ, ਇਹ ਵੀ ਨਹੀਂ ਦੇਖਿਆ ਕਿ ਉਨ੍ਹਾਂ ਕੋਲ ਟੀਚਿੰਗ ਲਾਈਨ ਪੂਰੀ ਹੈ, ਇਹ ਨਹੀਂ ਦੇਖਿਆ ਕਿ ਉਨ੍ਹਾਂ ਦੇ ਕੋਲ ਆਪਣੀ ਜ਼ਮੀਨ ਵੀ ਹੈ ਜਾਂ ਨਹੀਂ। ਬਿਊਰੋਕ੍ਰੇਟਿਕ ਢਾਂਚੇ ਨੇ 112 ਯੂਨੀਵਰਸਿਟੀਆਂ ਨੂੰ ਮਾਨਤਾ ਦਿੱਤੀ ਜਿਸ ਦੇ ਉਤੇ ਅਸੀਂ ਵੀ ਵਾਰ-ਵਾਰ ਕਿੰਤੂ ਪਰੰਤੂ ਕਰਦੇ ਹਾਂ। ਮੈਂ ਹੁਣ ਪਿਛੇ ਜਿਹੇ ਬਾਹਰ ਜਾ ਕੇ ਆਈ ਹਾਂ... ਏਨੀਆਂ ਸਾਰੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਨੇ ਕਿਹਾ ਕਿ ਅਸੀਂ ਆਉਣ ਲਈ ਤਿਆਰ ਹਾਂ। ਲੇਕਿਨ ਮੈਨੂੰ ਮੇਰੇ ਭਰਾ ਮੁਆਫ ਕਰਨਗੇ ਸਾਡਾ ਜਿਹੜਾ ਐਡਮਨਿਸਟ੍ਰੇਟਿਵ ਢਾਂਚਾ ਹੈ, ਸਾਨੂੰ ਪੰਜਾਬ ਵਿਚ ਪੈਰ ਨਹੀਂ ਰੱਖਣ ਦਿੰਦਾ, ਹਜ਼ਾਰਾਂ ਤਰ੍ਹਾਂ ਦੀਆਂ ਸ਼ਰਤਾਂ ਲਾ ਦਿੰਦੇ ਹਨ। (ਥੰਪਿੰਗ) ਅਸੀਂ ਨਵੇਂ ਕੋਰਸ ਨਹੀਂ ਕਰਾ ਸਕਦੇ। ਲੋਕ ਜੋ ਇਸ ਤਰੀਕੇ ਨਾਲ ਚਲਣਾ ਚਾਹੁੰਦੇ ਹਨ, ਪ੍ਰਾਈਵੇਟ ਯੂਨੀਵਰਸਿਟੀਜ਼ ਆਉਣ ਨੂੰ ਤਿਆਰ ਹਨ, ਤਾਂ ਇਹ ਗੱਲ ਵੀ ਸਮਝਣੀ ਚਾਹੀਦੀ ਹੈ। ਜੇ ਕਿਸੇ ਕੋਲ ਪੂਰਾ ਇਨਫਰਾਸਟ੍ਰਕਚਰ ਹੋਵੇ, ਚਾਹੇ ਉਹ ਮਠਿਆਈ ਬਣਾਉਣ ਵਾਲਾ ਹਲਵਾਈ ਹੋਵੇ, ਕੀ ਉਹ ਹੋਰ ਕੋਈ ਕੰਮ ਨਹੀਂ ਕਰ ਸਕਦਾ? ਸਾਨੂੰ ਸਾਰਿਆਂ ਨੂੰ ਪਤਾ ਹੈ, ਆਪਣੇ ਗਿਆਨੀ ਜ਼ੈਲ ਸਿੰਘ ਜੀ ਭਾਰਤ ਦੇ ਰਾਸ਼ਟਰਪਤੀ ਰਹੇ। ਅਸੀਂ ਵੀ ਬਹੁਤ ਸਾਰੇ ਡੈਮੋਕਰੇਸੀ ਵਿਚ ਆਏ ਹਾਂ। ਪੜ੍ਹਾਈ ਸਿਰਫ ਡਿਗਰੀਆਂ ਦੀ ਹੀ ਨਹੀਂ ਹੁੰਦੀ, ਨਾਲੇਜ, ਅਕਲ ਤੇ ਸਾਧਨ ਵੀ ਦੇਖੇ ਜਾਂਦੇ ਹਨ। ਸਾਡੇ ਇਥੇ ਤੋਤਾ ਸਿੰਘ ਜੀ ਨੇ ਐਜੂਕੇਸ਼ਨ ਦਾ ਮਹਿਕਮਾ ਚਲਾਇਆ। ਇਨ੍ਹਾਂ ਨੇ ਪਹਿਲੀ ਜਮਾਤ ਤੋਂ ਅੰਗਰੇਜ਼ੀ ਲਾਗੂ ਕਰਾਈ ਤੇ ਚਾਹੇ ਇਨ੍ਹਾਂ ਦੀ ਪਾਰਟੀ ਮੰਨਦੀ ਹੈ ਚਾਹੇ ਨਹੀਂ, ਕਿੰਨਾ ਚੰਗਾ ਕੰਮ ਕੀਤਾ। (ਵਿਘਨ) ਜੇਕਰ ਯੂਨੀਵਰਸਿਟੀ ਲਈ ਲੋੜੀਂਦਾ ਇਨਫਰਾਸਟ੍ਰਕਚਰ ਹੋਵੇ, ਲਾਇਬ੍ਰੇਰੀ ਹੋਵੇ, ਲੈਬਾਰਟਰੀ ਹੋਵੇ, ਸੜਕਾਂ ਹੋਣ, ਸੀਵਰੇਜ ਪ੍ਰਣਾਲੀ ਹੋਵੇ, ਰੌਸ਼ਨੀ, ਇੰਟਰਨੈਟ ਸੁਵਿਧਾਵਾਂ ਹੋਣ, ਟੈਲੀਫੋਨ ਸੁਵਿਧਾਵਾਂ ਹੋਣ (ਵਿਘਨ)......

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਤੋਤਾ ਸਿੰਘ ਆਪਣੀ ਸੀਟ ਤੇ ਖੜ੍ਹੇ ਕੁਝ ਬੋਲ ਰਹੇ ਸਨ ਜੋ ਕਿ ਸ਼ੋਰ ਹੋਣ ਕਾਰਨ ਸੁਣਾਈ ਨਹੀਂ ਦੇ ਰਿਹਾ ਸੀ।)

Original with;
Punjab Vidhan Sabha
Digitized by;
Panjab Digital Library

**Mr. Deputy Speaker :** Jathedar ji, please take your seat.

**ਉਪ ਮੁੱਖ ਮੰਤਰੀ :** ਤੋਤਾ ਸਿੰਘ ਜੀ, ਤੁਸੀਂ ਚੰਗਾ ਕੰਮ ਕੀਤਾ ਹੈ, ਅਸੀਂ ਉਸਦੀ ਤਾਰੀਫ਼ ਕਰਦੇ ਹਾਂ। (ਵਿਘਨ) (ਹਾਸਾ)

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਪੀ.ਐਚ.ਡੀ. ਕੀਤੀ ਹੈ ਇਨ੍ਹਾਂ ਨੇ।

**ਉਪ ਮੁੱਖ ਮੰਤਰੀ :** ਇਸ ਲਈ ਸਿਰਫ ਇਹ ਕਹਿਣਾ ਕਿ ਇਹ ਹਲਵਾਈ ਹੈ, ਹੋਰ ਕੁਝ ਨਹੀਂ ਕਰ ਸਕਦਾ, ਮੈਂ ਸਮਝਦੀ ਹਾਂ ਕਿ ਇਹ ਗੱਲ ਠੀਕ ਨਹੀਂ। ਇਨ੍ਹਾਂ ਕੋਲ ਇਨਫਰਾਸਟ੍ਰਕਚਰ ਪੂਰਾ ਹੈ, ਸਾਧਨ ਪੂਰੇ ਹਨ, ਐਜੂਕੇਸ਼ਨ ਪੂਰੀ ਹੈ। ਇਸ ਦੇ ਪ੍ਰੈਜ਼ੀਡੈਂਟ ਬਾਰੇ ਕਿਹਾ ਗਿਆ, ਪਤਾ ਨਹੀਂ, ਇਨ੍ਹਾਂ ਨੇ ਕਿਥੋਂ ਸੁਣਿਆ ਹੈ, ਉਹ ਅਸ਼ੋਕ ਮਿੱਤਲ ਹੈ, ਇਕ ਲਾਅ ਗ੍ਰੈਜੂਏਟ ਹੈ ਤੇ ਪੜ੍ਹਿਆ ਲਿਖਿਆ ਹੈ। ਇਹ ਸਾਰੀ ਚੀਜ਼ ਪਤਾ ਨਹੀਂ ਕਿਥੋਂ ਆਈ ਹੈ। ਇਨ੍ਹਾਂ ਨੂੰ ਹੋ ਸਕਦਾ ਹੈ, ਜਿੰਨਾ-ਜਿੰਨਾ ਪਤਾ ਸੀ, ਉਨੀ ਗੱਲ ਕੀਤੀ ਹੈ। ਮੈਂ ਵੀ ਇਨ੍ਹਾਂ ਦਾ ਤੌਖਲਾ ਦੂਰ ਕਰਨ ਦੀ ਗੱਲ ਕਰਦੀ ਪਈ ਹਾਂ।

ਦੂਸਰੀ ਗੱਲ, ਸੁਪਰੀਮ ਕੋਰਟ ਦੀ ਸਾਰੀ ਗੱਲ ਆਈ ਹੈ। ਸੁਪਰੀਮ ਕੋਰਟ ਨੇ ਛੱਤੀਸਗੜ੍ਹ ਦੀ ਗੱਲ ਬਾਰੇ ਸਾਫ ਤੌਰ ਤੇ ਕਿਹਾ ਹੈ ਕਿ ਕੋਈ ਵੀ ਸਟੇਟ ਗੌਰਮਿੰਟ, ਅਗਰ ਕੋਈ ਯੂਨੀਵਰਸਿਟੀ ਬਣਾਉਣਾ ਚਾਹੁੰਦਾ ਹੋਵੇ, ਉਸ ਕੋਲ ਇਨਫਰਾਸਟ੍ਰਕਚਰ ਪੂਰਾ ਹੋਵੇ, ਉਸਦੇ ਸਾਧਨ ਪੂਰੇ ਹੋਣ, ਬਕਾਇਦਾ ਏਨੇ ਕੋਰਸ ਹੋਣ, ਉਸਦਾ ਕੋਈ ਦਾਇਰਾ ਹੋਵੇ ਯੂਨਿਟਾਂ ਦੇ ਮੁਤਾਬਿਕ, ਜੇਕਰ ਕੋਈ ਯੂਨੀਵਰਸਿਟੀ ਬਣਾ ਸਕਦਾ ਹੋਵੇ, ਤਾਂ ਉਸਤੇ ਗੌਰਮਿੰਟ ਰੋਕ ਨਹੀਂ ਲਗਾ ਸਕਦੀ। ਉਸਨੂੰ ਯੂਨੀਵਰਸਿਟੀ ਬਣਾਉਣ ਦੇਣੀ ਚਾਹੀਦੀ ਹੈ। ਇਹ ਸੁਪਰੀਮ ਕੋਰਟ ਦੀ ਜੱਜਮੈਂਟ ਹੈ। ਇਸ ਸਬੰਧ ਵਿਚ ਹਰ ਪੱਖ ਨੂੰ ਅਸੀਂ ਚੰਗੀ ਤਰ੍ਹਾਂ ਘੋਖਿਆ ਹੈ, ਪੜ੍ਹਿਆ ਹੈ, ਸਾਰਾ ਕੁਝ ਦੇਖਿਆ ਹੈ ਕਿ ਇਸ ਦੇ ਵਿਚ ਕਿਹੜੀ-ਕਿਹੜੀ ਗਲਤੀ ਰਹਿ ਸਕਦੀ ਹੈ। ਡਿਪਟੀ ਸਪੀਕਰ ਸਾਹਿਬ, ਸਾਡੇ ਬੱਚਿਆਂ ਨਾਲ ਵੀ ਬਿਦਰ ਵਰਗੇ ਕਾਂਡ ਹੋਏ ਹਨ। ਮੈਂ ਆਸਟਰੇਲੀਆ ਗਈ, ਉਥੇ ਦੇਖਿਆ ਕਿ ਪੂਰਾ ਪੰਜਾਬ ਭਰਿਆ ਪਿਆ ਹੈ। ਸਾਡੇ ਬੱਚੇ ਹਾਰਡ ਅਰਨਡ ਮਨੀ ਖਰਚ ਕਰਕੇ ਬਾਹਰ ਜਾਂਦੇ ਹਨ। ਯੂ.ਐਸ.ਏ., ਯੂ.ਕੇ. ਤੇ ਆਸਟ੍ਰੇਲੀਆ ਸਾਰੀਆਂ ਥਾਵਾਂ ਤੇ ਪ੍ਰਾਈਵੇਟ ਯੂਨੀਵਰਸਿਟੀਆਂ ਹਨ। ਸਾਡੇ ਵੀ 4-5 ਸਟੇਟਾਂ ਨੇ ਪ੍ਰਾਈਵੇਟ ਯੂਨੀਵਰਸਿਟੀਆਂ ਬਣਾਈਆਂ ਹਨ ਜੋ ਏਨਾਂ ਅੱਛਾ ਯੋਗਦਾਨ ਪਾ ਰਹੀਆਂ ਹਨ। ਏਸ਼ੀਆ ਤੋਂ ਸਾਰੇ ਵਿਦਿਆਰਥੀ ਬਾਹਰ ਖਿੱਚੇ ਜਾ ਰਹੇ ਹਨ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਆਪਣੇ ਬੱਚਿਆਂ ਨੂੰ ਆਪਣੀ ਸਟੇਟ ਵਿਚ ਉੱਚ ਸਿੱਖਿਆ ਪ੍ਰਦਾਨ ਕੀਤੀ ਜਾਵੇ। ਕਾਂਗਰਸ ਪਾਰਟੀ ਨੇ ਜਿਵੇਂ ਪਹਿਲਾਂ ਵੀ ਕਈ ਨਵੇਂ ਕੰਮ ਕੀਤੇ, ਮੈਨੂੰ ਮਾਣ ਹੈ ਤੇ ਖੁਸ਼ੀ ਵੀ ਹੈ ਕਿ ਅਸੀਂ ਐਗਰੀਕਲਚਰ ਯੂਨੀਵਰਸਿਟੀ ਬਣਾਈ। ਭਾਖੜੇ ਦੀ ਗੱਲ ਆਈ ਤਾਂ ਉਸ ਵੇਲੇ ਕਿਹਾ ਗਿਆ ਕਿ ਬਿਜਲੀ ਕੱਢੀ ਵਾਲਾ ਖਾਲੀ ਪਾਣੀ ਰਹਿ ਗਿਆ ਹੈ। ਹੁਣ ਖੇਤੀ ਬਾੜੀ ਵਿੱਚ ਡਾਈਵਰਸੀਫਿਕੇਸ਼ਨ ਕਰਨ ਦੇ ਪਿਛੇ ਵੀ ਲੋਕ ਸਾਡੇ ਮਗਰ ਪਏ ਹੋਏ ਹਨ। ਹਰ ਨਵੀਂ ਗੱਲ ਤੇ ਐਵੇਂ ਹੀ ਵਿਰੋਧ ਹੁੰਦਾ ਹੈ। ਜਿਵੇਂ ਲੋਕ ਕਹਿੰਦੇ ਹਨ, ਇਨ੍ਹਾਂ ਨੂੰ ਸਹੇ ਦੀ ਨਹੀਂ, ਪਹੇ ਦੀ ਪਈ ਹੋਈ ਹੈ। ਅਸੀਂ ਇਥੇ ਵੀ ਪਹਿਲ ਕੀਤੀ ਹੈ। ਭਾਰਤ ਦੀਆਂ 7 ਸਟੇਟਾਂ ਨੇ ਪ੍ਰਾਈਵੇਟ ਯੂਨੀਵਰਸਿਟੀਆਂ ਬਣਾਈਆਂ ਹਨ, ਇਸ ਗੱਲ ਤੇ ਪੰਜਾਬ ਪਹਿਲਾਂ ਹੀ ਪਿਛੇ ਰਹਿ ਗਿਆ। ਇਹ ਸਟੇਟਾਂ ਅੱਗੇ ਲੰਘ ਗਈਆਂ। ਹੁਣ ਜਿਵੇਂ ਸਾਡੇ ਮੁੱਖ ਮੰਤਰੀ ਜੀ ਨੇ ਆਈ.ਟੀ. ਸੈਕਟਰ ਵਿਚ ਅਗਵਾਈ ਕੀਤੀ ਹੈ, ਬਾਹਰੋਂ ਇੰਡਸਟਰੀ ਇਥੇ ਆ ਰਹੀ ਹੈ।

Original with;
Punjab Vidhan Sabha
Digitized by;
Panjab Digital Library

ਉਸ ਇੰਡਸਟਰੀ ਨੂੰ ਜੇਕਰ ਅੱਛੀ ਸਿਖਲਾਈ ਵਾਲੇ ਅਸੀਂ ਵਿਦਿਆਰਥੀ ਨਾ ਦੇ ਸਕੇ, ਸਕਿਲੱਡ ਮੈਨ ਪਾਵਰ ਨਾ ਦੇ ਸਕੇ ਹਾਲਾਂਕਿ ਮੈਨ ਪਾਵਰ ਵਿਚ ਇੰਡੀਆ ਮਸ਼ਹੂਰ ਹੈ, ਜਿਹੜੀ ਮੈਨ ਪਾਵਰ ਬਾਹਰਲੀ ਦੁਨੀਆਂ ਵਿਚ ਜਾ ਕੇ ਮੁਕਾਬਲਾ ਕਰ ਸਕੇ, ਅਸੀਂ ਜੇ ਉਹ ਨਹੀਂ ਦੇ ਸਕੇ, ਉਸ ਕਾਸਟ ਤੇ ਜਿੱਥੇ ਸਾਡਾ ਲੱਗਣਾ ਕੁਝ ਨਹੀਂ, ਅੱਜ ਕੋਈ ਇੰਸਟੀਚਿਊਸ਼ਨ ਕਹਿੰਦਾ ਹੈ ਕਿ ਸਾਨੂੰ ਤੁਹਾਡੇ ਕੋਲੋਂ ਜ਼ਮੀਨ ਨਹੀਂ ਚਾਹੀਦੀ, ਸਾਨੂੰ ਤੁਹਾਡੇ ਕੋਲੋਂ ਪੈਸਾ ਨਹੀਂ ਚਾਹੀਦਾ। ਸਾਨੂੰ ਤੁਹਾਡੇ ਕੋਲੋਂ ਸਾਧਨ ਨਹੀਂ ਚਾਹੀਦੇ, ਮੈਂ ਇਹ ਸਾਰਾ ਕੁਝ ਆਪਣੇ ਕੋਲੋਂ ਪ੍ਰੋਵਾਈਡ ਕਰਾਂਗਾ, ਮੈਂ ਤਾਂ ਤੁਹਾਡੇ ਕੋਲੋਂ ਕੇਵਲ No objection certificate ਹੀ ਮੰਗਦਾ ਹਾਂ ਅਤੇ ਅਸੀਂ ਕਹਿ ਦੇਈਏ ਕਿ ਅਸੀਂ ਉਹ No objection certificate ਵੀ ਨਹੀਂ ਦੇ ਸਕਦੇ ਤਾਂ ਇਸ ਤੋਂ ਵੱਡੀ ਮਾੜੀ ਗੱਲ ਹੋਰ ਕੀ ਹੋ ਸਕਦੀ ਹੈ। ਸੋ, ਇਸ ਕਰਕੇ ਸਰਕਾਰ ਦਾ ਪੂਰਾ ਕੰਟਰੋਲ ਹੈ। ਸਰਕਾਰ ਦਾ ਨੁਮਾਇੰਦਾ ਵੀ ਉਥੇ ਬੈਠੇਗਾ। ਜਿਵੇਂ ਸੈਨੇਟ ਦੇ ਮੈਂਬਰ ਦੂਜੀਆਂ ਯੂਨੀਵਰਸਿਟੀਆਂ ਦੇ ਵਿੱਚ ਕੰਮ ਕਰਦੇ ਹਨ ਉਸੇ ਤਰ੍ਹਾਂ ਉਹ ਏਥੇ ਵੀ ਕੰਮ ਕਰਨਗੇ। ਡਿਪਟੀ ਸਪੀਕਰ ਸਾਹਿਬ, ਏਥੇ ਹੀ ਨਹੀਂ ਹੋਰ ਥਾਂਵਾਂ ਤੇ ਵੀ ਰਾਸ਼ਟਰਪਤੀ ਵਿਜ਼ਿਟਰ ਹਨ। ਬਨਾਰਸ ਹਿੰਦੂ ਯੂਨੀਵਰਸਿਟੀ ਹੈ, ਹੈਦਰਾਬਾਦ ਯੂਨੀਵਰਸਿਟੀ ਹੈ ਉਸ ਵਿੱਚ ਦੇਸ਼ ਦੇ ਰਾਸ਼ਟਰਪਤੀ ਵਿਜ਼ਿਟਰ ਹਨ। ਅਲਾਹਾਬਾਦ ਯੂਨੀਵਰਸਿਟੀ ਵਿੱਚ ਰਾਸ਼ਟਰਪਤੀ ਜੀ ਵਿਜ਼ਿਟਰ ਹਨ। ਕਈ ਯੂਨੀਵਰਸਿਟੀਆਂ ਵਿੱਚ ਗਵਰਨਰ ਵਿਜ਼ਿਟਰ ਹਨ। ਇਹ ਕਿਤੇ ਵੀ ਨਹੀਂ ਕਿ ਉਨ੍ਹਾਂ ਕੋਲ ਪਾਵਰ ਨਹੀਂ ਹੈ। ਵਿਜ਼ਿਟਰਜ਼ ਸਾਰੀਆਂ ਥਾਂਵਾਂ ਤੇ ਜਾ ਕੇ ਦਖਲ ਦੇ ਸਕਦੇ ਹਨ। ਜਿਸ ਵਕਤ ਉਹ ਚਾਹੁਣ ਜਾ ਕੇ ਵਿਜ਼ਿਟ ਕਰ ਸਕਦੇ ਹਨ। ਜਿਸ ਵਕਤ ਮਰਜ਼ੀ ਵਿਜ਼ਿਟ ਕਰਨ। ਏਸੇ ਤਰ੍ਹਾਂ ਹੀ ਏਥੇ ਵੀ ਕੀਤਾ ਜਾ ਸਕਦਾ ਹੈ। ਸਰਕਾਰ ਹਰ ਥਾਂ ਤੇ ਇੰਟਰਫੀਅਰ ਕਰ ਸਕਦੀ ਹੈ।

ਡਿਪਟੀ ਸਪੀਕਰ ਸਾਹਿਬ, ਇਥੇ ਫੀਸਾਂ ਬਾਰੇ ਕਿਹਾ ਗਿਆ ਹੈ। ਸਾਨੂੰ ਵਿਦਿਆਰਥੀਆਂ ਦੇ ਨਾਲ ਪਿਆਰ ਹੈ। ਉਹ ਅੱਜ ਬਾਹਰ ਵਿਦੇਸ਼ਾਂ ਵਿੱਚ ਜਾ ਕੇ ਪੜ੍ਹਾਈ ਤੇ ਪੈਸੇ ਖਰਚਦੇ ਹਨ। ਸਾਡੀਆਂ ਜਿਹੜੀਆਂ ਏਥੇ ਸਰਕਾਰੀ ਯੂਨੀਵਰਸਿਟੀਆਂ ਹਨ ਉਨ੍ਹਾਂ ਵਿੱਚ ਵੀ ਫੀਸ ਲਈ ਜਾਂਦੀ ਹੈ। ਉਨ੍ਹਾਂ ਦੀਆਂ ਫੀਸਾਂ ਤਹਿ ਕਰਨ ਵਿੱਚ ਵੀ ਸਰਕਾਰ ਦਾ ਪੂਰਾ ਬਕਾਇਦਾ ਚੈਕ ਹੈ। ਏਸੇ ਤਰ੍ਹਾਂ ਹੀ ਇਸ ਯੂਨੀਵਰਸਿਟੀ ਤੇ ਵੀ ਸਰਕਾਰ ਦਾ ਫੀਸਾਂ ਨਿਰਧਾਰਤ ਕਰਨ ਵਿੱਚ ਪੂਰਾ ਕੰਟਰੋਲ ਰਹੇਗਾ, ਪੂਰਾ ਚੈਕ ਰਹੇਗਾ। ਸਰਕਾਰ ਦੇ ਪੱਧਰ ਤੇ ਇਹ ਧਿਆਨ ਰਖਿਆ ਜਾਵੇਗਾ ਕਿ ਇਸ ਯੂਨੀਵਰਸਿਟੀ ਦੇ ਵਿੱਚ ਫੀਸ ਵੀ ਠੀਕ ਹੋਵੇ ਅਤੇ ਜਿਹੜਾ ਇਨਫਰਾਸਟਰਕਚਰ ਹੈ ਉਹ ਵੀ ਠੀਕ ਹੋਵੇ। ਜੇਕਰ ਗੌਰਮਿੰਟ ਇਹ ਯੂਨੀਵਰਸਿਟੀ ਬਣਾਏਗੀ ਤਾਂ ਉਸ ਨੂੰ ਭੰਗ ਵੀ ਕਰ ਸਕਦੀ ਹੈ। ਇਸ ਗੱਲ ਦਾ ਵੀ ਪ੍ਰਬੰਧ ਹੈ। ਗੌਰਮਿੰਟ ਕੋਲ ਇਹ ਪਾਵਰ ਹੈ ਕਿ ਉਹ ਵਿਦਿਆਰਥੀਆਂ ਦੀ ਫੀਸ ਦੇ ਰੂਪ ਵਿੱਚ ਲੁੱਟ ਨਹੀਂ ਹੋਣ ਦੇਵੇਗੀ। ਕੋਈ ਕਿਸੇ ਨੂੰ ਮਜ਼ਬੂਰ ਨਹੀਂ ਕੀਤਾ ਜਾਵੇਗਾ ਕਿ ਉਹ ਉਸੇ ਯੂਨੀਵਰਸਿਟੀ ਵਿੱਚ ਜਾ ਕੇ ਪੜ੍ਹੇ। ਜਿਹੜੇ ਵਿਦਿਆਰਥੀ ਚਾਹੁੰਣ, ਜਿਨ੍ਹਾਂ ਨੂੰ ਠੀਕ ਲਗਦਾ ਹੈ ਉਹ ਉਥੇ ਜਾ ਸਕਦੇ ਹਨ। ਕਿਸੇ ਤਰ੍ਹਾਂ ਦੀ ਕੋਈ ਜ਼ਬਰਦਸਤੀ ਨਹੀਂ ਹੈ। ਜਿੱਥੋਂ ਤੱਕ ਸਵਾਲ ਹੈ ਕਿ ਬਾਕੀ ਯੂਨੀਵਰਸਿਟੀਆਂ ਕੀ ਕਰਨਗੀਆਂ ? ਉਸ ਸਬੰਧ ਵਿੱਚ ਇਹ ਕਹਿਣਾ ਹੈ ਕਿ ਬਾਕੀ ਯੂਨੀਵਰਸਿਟੀਆਂ ਦੇ ਨਾਲ ਅਟੈਚਡ ਕਾਲਜਾਂ ਵਿੱਚ ਇਸ ਯੂਨੀਵਰਸਿਟੀ ਦੀ ਕੋਈ ਇੰਟਰਫੀਅਰੈਂਸ ਨਹੀਂ ਹੈ। ਜਿਨ੍ਹਾਂ ਕਾਲਜਾਂ ਨੂੰ ਉਨ੍ਹਾਂ ਨਾਲ ਐਫੀਲੀਏਸ਼ਨ ਮਿਲੀ ਹੋਈ ਹੈ ਉਨ੍ਹਾਂ ਕਾਲਜਾਂ ਦੇ ਵਿੱਚ ਇਸ ਯੂਨੀਵਰਸਿਟੀ ਦਾ ਕੋਈ ਤਾਲੁੱਕ ਨਹੀਂ ਹੋਏਗਾ। ਜਿਹੜੇ ਕਾਲਜ ਇਸਦੇ ਨਾਲ ਐਫੀਲੀਏਟ ਹੋਣਗੇ ਜਿਹੜੇ ਸਫਲਤਾਪੂਰਵਕ ਚੱਲ ਰਹੇ ਹਨ ਉਨ੍ਹਾਂ ਨੂੰ ਇਹ ਪੂਰੀ ਤਰ੍ਹਾਂ ਦੇਖਣਗੇ ਲੇਕਿਨ

Original with;
Punjab Vidhan Sabha
Digitized by;
Panjab Digital Library

[ਉਪ ਮੁੱਖ ਮੰਤਰੀ]

ਬਾਕੀ ਕਾਲਜਾਂ ਦੇ ਵਿੱਚ ਇਨ੍ਹਾਂ ਦੀ ਕੋਈ ਦਖਲਅੰਦਾਜ਼ੀ ਨਹੀਂ ਹੋਵੇਗੀ। ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਅੱਖਾਂ ਮੀਚ ਕੇ ਇਹ ਸਾਰਾ ਕੁਝ ਨਹੀਂ ਕੀਤਾ। ਸਰਕਾਰ ਨੇ ਬਕਾਇਦਾ ਦੇਖ ਕੇ, ਪੜ੍ਹ ਕੇ ਪਹਿਲਾਂ ਇਸ ਨੂੰ ਵਾਪਸ ਕੀਤਾ। ਉਨ੍ਹਾਂ ਵੱਲੋਂ ਇਸ ਨੂੰ ਫਿਰ ਭੇਜਿਆ ਗਿਆ, ਉਸ ਨੂੰ ਫਿਰ ਬਕਾਇਦਾ ਡੂੰਘਾਈ ਨਾਲ ਵਾਚਿਆ ਗਿਆ, ਘੋਖਿਆ ਗਿਆ ਫਿਰ ਇਹ ਕੈਬਿਨੇਟ ਦੇ ਵਿੱਚ ਪੇਸ਼ ਕੀਤਾ ਗਿਆ ਔਰ ਉਥੇ ਪਾਸ ਕਰਨ ਤੋਂ ਬਾਅਦ ਅੱਜ ਏਥੇ ਬਿਲ ਲੈ ਕੇ ਆਏ ਹਾਂ। ਦੁਨੀਆਂ ਅੱਜ ਅੱਗੇ ਜਾ ਰਹੀ ਹੈ, ਅਸੀਂ ਓਲਡ ਸਿਸਟਮ ਨੂੰ ਲੈ ਕੇ ਨਹੀਂ ਚਲ ਸਕਦੇ। ਡਿਪਟੀ ਸਪੀਕਰ ਸਾਹਿਬ, ਫਿਰ ਰਿਜ਼ਰਵੇਸ਼ਨ ਬਾਰੇ ਕਿਹਾ ਹੈ ਕਿ ਜਿਸ ਤਰ੍ਹਾਂ ਗੌਰਮਿੰਟ ਅਤੇ ਹੋਰ ਇੰਸਟੀਚਿਊਸ਼ਨਾਂ ਦੇ ਵਿੱਚ ਰਿਜ਼ਰਵੇਸ਼ਨ ਲਾਗੂ ਹੈ ਕੀ ਉਹ ਏਥੇ ਰੱਖੀ ਜਾਵੇਗੀ ਕਿ ਨਹੀਂ ? ਇਸ ਬਾਰੇ ਮੈਂ ਦੱਸਣਾ ਚਾਹੁੰਦੀ ਹਾਂ ਕਿ ਏਥੇ ਵੀ ਪੂਰੀ ਪਾਬੰਦੀ ਹੋਏਗੀ। ਜੇ ਰਿਜ਼ਰਵੇਸ਼ਨ ਦਾ ਕੋਟਾ ਹੈ ਉਸ ਨੂੰ ਇਹ ਯੂਨੀਵਰਸਿਟੀ ਬਕਾਇਦਾ ਪੂਰੀ ਤਰ੍ਹਾਂ ਲਾਗੂ ਕਰੇਗੀ। ਇਹ ਸਾਰਾ ਕੁਝ ਐਗਰੀਮੈਂਟ ਦੇ ਵਿੱਚ ਦਰਜ਼ ਹੈ। ਮੈਂ, ਅੰਤ ਵਿੱਚ ਡਿਪਟੀ ਸਪੀਕਰ ਸਾਹਿਬ, ਇਹ ਕਹਿਣਾ ਚਾਹੁੰਦੀ ਹਾਂ ਕਿ ਇਹ ਬਹੁਤ ਅੱਛੀ ਗੱਲ ਹੈ ਕਿ ਇਹ ਮਠਿਆਈਆਂ ਬਣਾਉਂਦੇ ਹਨ, ਮਿਠਾਸ ਵੰਡਦੇ ਹਨ, ਪੰਜਾਬ ਤਾਂ ਪਹਿਲਾਂ ਹੀ ਬੜੀ ਕੁੜੱਤਣ ਵਾਲੇ ਸਮੇਂ ਵਿੱਚੋਂ ਗੁਜ਼ਰ ਰਿਹਾ ਹੈ। ਇਸ ਸਮੇਂ ਨੂੰ ਜੇਕਰ ਕੋਈ ਛੋਟੇ ਲੈਵਲ ਤੇ ਜਾਂ ਵੱਡੇ ਲੈਵਲ ਤੇ ਕੰਮ ਕਰਨ ਵਾਲਾ ਡੈਮੋਕਰੇਟਿਕ ਢੰਗ ਨਾਲ ਕੋਈ ਵੀ ਇਨਸਾਨ ਆਪਣੀ ਕਾਬਲੀਅਤ ਦੇ ਨਾਲ ਉਪਰ ਪਹੁੰਚ ਸਕਦਾ ਹੈ, ਆਪਣੀ ਕਾਬਲੀਅਤ ਨਾਲ ਅੱਗੇ ਆਉਂਦਾ ਹੈ ਤਾਂ ਸਾਨੂੰ ਇਸ ਵਿੱਚ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਸਨਾਤਨ ਧਰਮ ਸਭਾ ਹੈ, ਸਿੰਘ ਸਭਾ ਹੈ ਇਹ ਸੰਸਥਾਵਾਂ ਚੱਲ ਰਹੀਆਂ ਹਨ। ਟੈਕਨੀਕਲ ਐਜੂਕੇਸ਼ਨ ਦੇ ਵਿੱਚ ਇਨ੍ਹਾਂ ਦਾ ਕਿੰਨਾ ਵੱਡਾ ਯੋਗਦਾਨ ਹੈ। ਸ਼ੈਕਸਪੀਅਰ ਨੇ ਕਿਹਾ ਸੀ call a rose by any name still it will give the same fragrance ਫਲਾਵਰ ਆਪਣੀ ਖੁਸ਼ਬੂ ਛਡਦਾ ਹੈ ਚਾਹੇ ਉਹ ਕਿਸੇ ਵੀ ਰੂਪ ਵਿੱਚ ਹੋਵੇ। ਗੁਲਾਬ ਦਾ ਫੁੱਲ ਗੁਲਾਬ ਦੀ ਖੁਸ਼ਬੂ ਦਿੰਦਾ ਹੈ। ਜੇਕਰ ਕੋਈ ਚੰਗਾ ਕੰਮ ਕਰੇਗਾ ਤਾਂ ਉਸ ਦਾ ਇੰਪ੍ਰੈਸ਼ਨ ਸਮਾਜ ਦੇ ਵਿੱਚ ਚੰਗਾ ਜਾਵੇਗਾ, ਜੇਕਰ ਕੋਈ ਮਾੜਾ ਕੰਮ ਕਰੇਗਾ ਤਾਂ ਉਸ ਨੂੰ ਉਸ ਦੇ ਮਾੜੇ ਸਿੱਟੇ ਭੁਗਤਣੇ ਪੈਣਗੇ। ਅਸੀਂ ਹੋਕਾ ਦਿੱਤਾ ਹੈ। ਅਸੀਂ ਕੋਸ਼ਿਸ਼ ਕੀਤੀ ਹੈ ਕਿ ਚੰਗੀ ਇੰਡਸਟਰੀ ਬਾਹਰੋਂ ਆਵੇ ਅਤੇ ਉਸ ਚੰਗੀ ਇੰਡਸਟਰੀ ਵਿਚ ਕੰਮ ਕਰਨ ਵਾਲੇ ਕੋਰਸ ਹੀ ਜਿਵੇਂ ਆਈ.ਟੀ. ਅਤੇ ਬਾਇਓ ਟੈਕਨਾਲੋਜੀ ਹਨ, ਜਿਨ੍ਹਾਂ ਦੇ ਵਿੱਚ ਉਹ ਕੈਪੇਬਲ ਅਤੇ ਕਾਬਲ ਹਨ, ਜਿਨ੍ਹਾਂ ਵਿਚ ਯੁਵਕਾਂ ਨੂੰ ਰੁਜ਼ਗਾਰ ਮਿਲ ਸਕੇ, ਉਹੀ ਸਿਲੇਬਸ ਇਥੇ ਰੱਖੇ ਗਏ ਹਨ। ਉਨ੍ਹਾਂ ਸਾਰਿਆਂ ਨੂੰ ਪੂਰੀ ਗਹੁ ਨਾਲ ਦੇਖਿਆ ਗਿਆ ਹੈ। ਜਿਹੜੀਆਂ ਅਖਬਾਰੀ ਖ਼ਬਰਾਂ ਹਨ, ਇਹ ਤਾਂ ਆਪੋ-ਆਪਣੀ ਸੋਚ ਹੁੰਦੀ ਹੈ। ਜਿਹੜਾ ਜ਼ਿਕਰ ਅਖਬਾਰਾਂ ਵਿੱਚ ਕੀਤਾ ਗਿਆ ਹੈ, ਉਨ੍ਹਾਂ ਨੂੰ ਪੂਰੀ ਤਰ੍ਹਾਂ ਇਸ ਬਾਰੇ ਪਤਾ ਹੀ ਨਹੀਂ ਹੈ। ਚੰਗਾ ਕੰਮ ਕਰਨਾ ਕੋਈ ਮਾੜੀ ਗੱਲ ਨਹੀਂ। ਸਾਨੂੰ ਹਮੇਸ਼ਾ ਚੰਗਾ ਕੰਮ ਕਰਨਾ ਚਾਹੀਦਾ ਹੈ ਅਤੇ ਚੰਗੇ ਕੰਮ ਵਾਸਤੇ ਕਾਂਗਰਸ ਹਮੇਸ਼ਾ ਅਗਵਾਈ ਕਰਦੀ ਹੈ। ਇਹ ਕੰਮ ਇਹ ਸੰਸਥਾ ਇਕ ਟਰਸਟ ਬਣਾ ਕੇ ਕਰੇਗੀ ਅਤੇ ਉਹ ਆਪਣੇ ਪੈਸੇ ਨਾਲ ਪੰਜਾਬ ਦੀ ਸੇਵਾ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਕਰਨੀ ਚਾਹੀਦੀ ਹੈ। ਜਿਥੋਂ ਤੱਕ ਯੂ.ਜੀ.ਸੀ. ਦੀ ਗੱਲ ਹੈ, ਯੂ.ਜੀ.ਸੀ. ਕੋਲ ਜਾਣ ਦੀ ਕੋਈ ਜ਼ਰੂਰਤ ਹੀ ਨਹੀਂ ਹੈ। ਕਿਸੇ ਵੀ ਤਰ੍ਹਾਂ ਦਾ ਕੋਈ ਫਾਈਨਾਂਸ਼ੀਅਲ ਬੋਝ ਸਰਕਾਰ ਤੇ ਨਹੀਂ ਹੈ। ਯੂ.ਜੀ.ਸੀ. ਕੋਲ ਤਾਂ ਉਹ ਜਾਂਦੇ ਹਨ ਜਿਨ੍ਹਾਂ ਨੇ ਕੋਈ ਗਰਾਂਟ ਵਗੈਰਾ ਲੈਣੀ ਹੋਵੇ, ਬਾਕੀ ਇੰਸਟੀਚਿਊਟ ਨੇ ਪੂਰਨ ਤੌਰ ਤੇ ਜਿਹੜੀਆਂ ਵੀ ਇਕ ਪ੍ਰਾਈਵੇਟ

Original with;
Punjab Vidhan Sabha
Digitized by;
Panjab Digital Library

ਯੂਨੀਵਰਸਿਟੀ ਵਾਸਤੇ ਸ਼ਰਤਾਂ ਜਾਂ ਨਾਰਮਜ਼ ਪੂਰੇ ਕਰਨੇ ਹੁੰਦੇ ਹਨ, ਉਹ ਸਾਰੇ ਇਸਨੇ ਪੂਰੇ ਕੀਤੇ ਹਨ। ਉਨ੍ਹਾਂ ਕੋਲ ਬਹੁਤ ਵੱਡਾ ਇਨਫਰਾਸਟਰੱਕਚਰ ਹੈ ਅਤੇ ਇਤਨੇ ਕੋਰਸਾਂ ਨੂੰ ਚਲਾਉਣ ਵਾਸਤੇ ਉਨ੍ਹਾਂ ਨੇ ਕੋਈ ਵੀ ਕਮੀ-ਪੇਸ਼ੀ ਨਹੀਂ ਰੱਖੀ। ਜਿਹੜਾ ਕ੍ਰਿਟੀਸੀਜ਼ਮ ਹੋਇਆ ਹੈ। ਉਸ ਬਾਰੇ ਜੀ.ਐਨ.ਡੀ. ਯੂਨੀਵਰਸਿਟੀ ਦੇ ਉਪ ਕੁਲਪਤੀ ਨੇ ਵੀ ਇਸ ਖ਼ਬਰ ਨੂੰ ਨਿਰਾਧਾਰ ਦੱਸਿਆ ਹੈ ਅਤੇ ਕਿਹਾ ਹੈ ਕਿ ਇਸ ਵਿਚ ਕੋਈ ਸਚਾਈ ਨਹੀਂ ਹੈ। ਸਾਰਾ ਕੁਝ ਨਾਰਮਜ਼ ਦੇ ਅਨੁਕੂਲ ਹੋਇਆ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਕੋਈ ਅਵੱਗਿਆ ਨਹੀਂ ਹੋਈ। ਇਹ ਵਾਈਸ-ਚਾਂਸਲਰ ਦੀ ਰਾਏ ਹੈ। ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਉਹ ਕੈਪੇਬਲ ਹਨ, ਕਾਬਲ ਹਨ ਅਤੇ ਉਹ ਸਭ ਕੁਝ ਕਰ ਸਕਦੇ ਹਨ ਅਤੇ ਕੋਈ ਵੀ ਕੁਤਾਹੀ ਨਹੀਂ ਵਰਤੀ ਗਈ। ਬਹੁਤਾ ਕੁਝ ਨਾ ਕਹਿੰਦੀ ਹੋਈ ਮੈਂ ਰਿਕੁਐਸਟ ਕਰਦੀ ਹਾਂ ਕਿ ਸਾਨੂੰ ਹਾਊਸ ਵਿਚ ਜਿਹੜਾ ਚੰਗਾ ਕਦਮ ਉਠਾਇਆ ਗਿਆ ਹੈ, ਉਸ ਨੂੰ ਉਸੇ ਤਰ੍ਹਾਂ ਹੀ ਅੱਛੇ ਤਰੀਕੇ ਨਾਲ ਲੈਣਾ ਚਾਹੀਦਾ ਹੈ। ਜੇ ਕੋਈ ਮਾੜਾ ਸੋਚਦਾ ਹੈ ਤਾਂ ਇਹ ਉਸ ਵਾਸਤੇ ਠੀਕ ਨਹੀਂ। ਸਾਡੀ ਪੰਜਾਬ ਦੇ ਲੋਕਾਂ ਨੂੰ ਕੁਮਿਟਮੈਂਟ ਹੈ। ਜਿਹੜਾ ਵੀ ਕੋਈ ਡਰ ਹੈ, ਤੌਖਲਾ ਹੈ ਉਹ ਜ਼ਰੂਰ ਸਾਨੂੰ ਖੁੱਲ੍ਹੇ ਰੂਪ ਵਿਚ ਦੱਸਣਾ ਚਾਹੀਦਾ ਹੈ। ਆਸ ਹੈ ਕਿ ਸਰਦਾਰ ਬੀਰ ਦਵਿੰਦਰ ਸਿੰਘ ਜੀ ਮਾਈਂਡ ਨਹੀਂ ਕਰਨਗੇ। ਉਹ ਤਾਂ ਐਵੇਂ ਹਾਸੀ-ਮਜ਼ਾਕ ਕਰਦੇ ਹਨ। ਜੇਕਰ ਕੋਈ ਪੜ੍ਹਿਆ-ਲਿਖਿਆ ਆਦਮੀ ਚੰਗਾ ਕੰਮ ਕਰਨਾ ਚਾਹੁੰਦਾ ਹੈ, ਉਹ ਜ਼ਰੂਰ ਕਰੇ। ਮੈਂ ਚਾਹੁੰਦੀ ਹਾਂ ਕਿ ਇਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ।

**ਸ਼੍ਰੀ ਡਿਪਟੀ ਸਪੀਕਰ** : ਸਰਦਾਰ ਬੀਰ ਦਵਿੰਦਰ ਸਿੰਘ ਜੀ ਸ਼ਾਇਦ 'ਲਵਲੀ' ਸ਼ਬਦ ਤੋਂ ਦੁਖੀ ਜਾਪਦੇ ਹਨ।

**ਸਰਦਾਰ ਬੀਰ ਦਵਿੰਦਰ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਡਿਪਟੀ ਚੀਫ ਮਨਿਸਟਰ ਸਾਹਿਬਾ ਤੋਂ ਜਾਣਨਾ ਚਾਹੁੰਦਾ ਹਾਂ ਕਿ has it been sent to the U.G.C. No degree is internationally recognised if that University is not approved by the U.G.C. Even the deemed University status, which she Deputy Chief Minister has referred to the Thaper Institute, that deemed University status has been given to them by the U.G.C. ਕੀ ਇਸ ਪ੍ਰੋਜੈਕਟ ਨੂੰ ਯੂ.ਜੀ.ਸੀ. ਦੇ ਨਾਰਮਜ਼ ਮੁਤਾਬਿਕ ਐਗਜ਼ਾਮੀਨ ਕਰਵਾਇਆ ਗਿਆ ਹੈ? ਸੈਕਸ਼ਨ-35 ਵਿਚ ਲਿਖਿਆ ਹੈ........

**ਸ਼੍ਰੀ ਡਿਪਟੀ ਸਪੀਕਰ** : ਤੁਸੀਂ ਇਨਫਰਮੇਸ਼ਨ ਦਿਓ ਨਾ, ਤੁਸੀਂ ਇਨਫਰਮੇਸ਼ਨ ਲਵੋ।

**ਸਰਦਾਰ ਬੀਰ ਦਵਿੰਦਰ ਸਿੰਘ** : ਇਨਫਰਮੇਸ਼ਨ ਹੀ ਲੈ ਰਿਹਾ ਹਾਂ ਜੀ। After all it is an important bill. According to Section 35, "No suit or other legal proceedings shall lie against any officer or employee of the University for anything which is done in good faith or intended to be done in pursuance of the provisions of this Act, the Statutes, Ordinances or Regulations. How can you give this authorisation to any Institution, to any individual ? How this House can authorise ? ਦੂਸਰਾ ਇਸ ਦੀਆਂ ਜਿਹੜੀਆਂ ਅਥਾਰਟੀਜ਼ ਹਨ, ਮੈਡਮ ਡਿਪਟੀ ਚੀਫ਼ ਮਨਿਸਟਰ ਨੇ ਕਿਹਾ ਕਿ ਸਾਡੀ ਇਸਦੇ ਵਿੱਚ ਬਹੁਤ ਵੱਡੀ ਪਾਰਟੀਸੀਪੇਸ਼ਨ ਹੈ, ਜਿਨੀਆਂ

Original with;
Punjab Vidhan Sabha
Digitized by;
Panjab Digital Library

**[ਸਰਦਾਰ ਬੀਰ ਦਵਿੰਦਰ ਸਿੰਘ]**

ਇਸਦੇ ਵਿੱਚ ਅਥਾਰਟੀਜ਼ ਦਿਤੀਆਂ ਹਨ ਉਨ੍ਹਾਂ ਨੇ ਕਿਹਾ ਕਿ ਇਕ ਨਾਮੀਨੀ (ਰਿਪਰੈਜੈਂਟੇਟਿਵ) ਇਨ੍ਹਾਂ ਦਾ ਹੋਵੇਗਾ ਅਤੇ ਅਥਾਰਟੀਜ਼ ਨੂੰ ਗਵਰਨਿੰਗ ਕੌਂਸਲ ਕੋਲ ਅਥਾਰਟੀ ਹੈ, ਗਵਰਨਿੰਗ ਕੌਂਸਲ ਵਿੱਚ ਜਿੰਨੇ ਇਨ੍ਹਾਂ ਦੇ ਨਾਮੀਨੇਸ਼ਨ ਹਨ, ਚਾਂਸਲਰ, ਵਾਈਸ ਚਾਂਸਲਰ ਹੋਣਗੇ ਅਤੇ 2 ਮੈਂਬਰ ਸਰਕਾਰ ਦੇ ਇਸਦੇ ਵਿੱਚ ਹੋਣਗੇ One nominee of the Govt. of the State of Punjab, Department of Technical Education or Medical Education or Higher Education. ਇਸਦੇ ਵਿੱਚ ਇਨ੍ਹਾਂ ਦਾ ਕੋਈ ਸਪੈਸ਼ਲ ਰੋਲ ਨਹੀਂ ਹੈ। They have not overriding role. ਮੈਂ ਇਹ ਜਾਣਨਾ ਚਾਹੁੰਦਾ ਹਾਂ।

**ਉਪ ਮੁੱਖ ਮੰਤਰੀ** : ਡਿਪਟੀ ਸਪੀਕਰ ਸਾਹਿਬ, ਮੈਂ ਪਹਿਲਾਂ ਦੱਸ ਚੁੱਕੀ ਹਾਂ ਕਿ ਇਸ ਨੂੰ ਯੂ.ਜੀ.ਸੀ. ਕੋਲ ਭੇਜਣ ਦੀ ਲੋੜ ਨਹੀਂ ਹੈ ਕਿਉਂਕਿ ਇਨ੍ਹਾਂ ਨੇ ਕੋਈ ਗਰਾਂਟ ਨਹੀਂ ਲੈਣੀ। ਇਹ ਅਟਾਨੋਮਸ ਬਾਡੀ ਹੈ ਅਤੇ ਇਸਦੇ ਬਾਵਜੂਦ ਵੀ ਇਸਦੇ ਵਿੱਚ ਸਰਕਾਰ ਦੇ ਨਾਮੀਨੀ ਹਨ। ਸਾਡੀਆਂ ਜਿਹੜੀਆਂ ਗੌਰਮਿੰਟ ਦੀਆਂ ਯੂਨੀਵਰਸਿਟੀਆਂ ਹਨ ਉਨ੍ਹਾਂ ਦੇ ਬਾਰੇ ਵੀ ਸੁਪਰੀਮ ਕੋਰਟ ਦੀ ਰੂਲਿੰਗ ਆਈ ਹੋਈ ਹੈ ਕਿ ਉਹ ਵੀ ਅਟਾਨੋਮਸ ਬਾਡੀਜ਼ ਹਨ ਅਤੇ ਉਹ ਆਪਣਾ ਕੰਮ ਆਪ ਕਰਨਗੀਆਂ। ਇਸ ਲਈ ਯੂ.ਜੀ.ਸੀ. ਨੂੰ ਭੇਜਣ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਉਨ੍ਹਾਂ ਨੇ ਕੋਈ ਗਰਾਂਟ ਨਹੀਂ ਲੈਣੀ ਹੈ। ਜਿੱਥੋਂ ਤੱਕ ਯੂ.ਜੀ.ਸੀ. ਦੇ ਨਾਰਮਜ਼ ਪੂਰੇ ਕਰਨ ਦੀ ਗੱਲ ਹੈ, ਇਹ ਸਾਰੇ ਯੂ.ਜੀ.ਸੀ. ਦੇ ਨਾਰਮਜ਼ ਪੂਰੇ ਕਰਦੀ ਹੈ। ਨਾਰਮਜ਼ ਮੁਤਾਬਿਕ ਯੂਨੀਵਰਸਿਟੀ ਦਾ ਆਪਣਾ ਇਨਫਰਾਸਟਰੱਕਚਰ ਅਤੇ ਜ਼ਮੀਨ ਹੋਣੀ ਚਾਹੀਦੀ ਹੈ, ਉਹ ਇਸ ਦੀ ਹੈ, ਯੂਨੀਵਰਸਿਟੀ ਦੇ ਆਪਣੇ ਵਿਦਿਆਰਥੀ ਹੋਣੇ ਚਾਹੀਦੇ ਹਨ, ਇਨ੍ਹਾਂ ਕੋਲ ਤਕਰੀਬਨ 5000 ਵਿਦਿਆਰਥੀ ਹਨ। ਯੂਨੀਵਰਸਿਟੀ ਵਲੋਂ ਨਿਰਧਾਰਤ ਨਾਰਮਜ਼ ਨਾਲੋਂ ਸਰਪਲੱਸ ਚੀਜ਼ਾਂ ਇਨ੍ਹਾਂ ਕੋਲ ਅਵੇਲੇਬਲ ਹਨ ਅਤੇ ਸਾਰੀਆਂ ਕੰਡੀਸ਼ਨਜ਼ ਪੂਰੀਆਂ ਕਰ ਰਹੀ ਹੈ। ਇਸ ਲਈ ਇਸ ਨੂੰ ਯੂ.ਜੀ.ਸੀ. ਨੂੰ ਭੇਜਣ ਦੀ ਕੋਈ ਲੋੜ ਨਹੀਂ ਹੈ।

*4.36 ਵਜੇ ਬਾਅਦ ਦੁਪਹਿਰ

(ਇਸ *ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

(ਇਸ ਸਮੇਂ ਕੈਪਟਨ ਕੰਵਲਜੀਤ ਸਿੰਘ ਜੀ ਪੁਆਇੰਟ ਆਫ ਕਲੈਰੀਫਿਕੇਸ਼ਨ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ** : ਇਸ ਵੇਲੇ ਨਹੀਂ, ਹੁਣ ਕੋਈ ਕਲੈਰੀਫਿਕੇਸ਼ਨ ਨਹੀਂ। ਜਦੋਂ ਬਿੱਲ ਪਾਸ ਹੋਣ ਦੀ ਨੌਬਤ ਆਵੇਗੀ ਤਾਂ ਉਸ ਵੇਲੇ ਤੁਸੀਂ ਪੁੱਛ ਲੈਣਾ। ਅਜੇ ਤਾਂ ਕੰਸੀਡਰੇਸ਼ਨ ਵਾਸਤੇ ਪੇਸ਼ ਹੋਣਾ ਹੈ।

**ਕੈਪਟਨ ਕੰਵਲਜੀਤ ਸਿੰਘ** : ਸਰ, ਇਹ ਬਿਲ ਤਾਂ ਪਾਸ ਹੋਣ ਜਾ ਰਿਹਾ ਹੈ। ਇਸ ਲਈ ਮੈਂ ਸਿਰਫ ਦੋ ਗੱਲਾਂ ਬਾਰੇ ਉਪ ਮੁੱਖ ਮੰਤਰੀ ਜੀ ਤੋਂ ਕਲੈਰੀਫਿਕੇਸ਼ਨ ਲੈਣੀ ਚਾਹੁੰਦਾ ਹਾਂ। ਪਹਿਲੀ ਗੱਲ ਤਾਂ ਇਹ ਕਿ ਇਨ੍ਹਾਂ ਕਿਹਾ ਹੈ ਕਿ ਯੂਨੀਵਰਸਿਟੀ ਅਟਾਨੋਮਸ ਬਾਡੀ ਹੈ, ਦੂਸਰਾ ਕਿਹਾ ਕਿ ਜਿਹੜੀ ਰਿਜ਼ਰਵੇਸ਼ਨ ਪਾਲਿਸੀ ਹੈ ਉਹ ਸਰਕਾਰ ਦੀ ਪਾਲਿਸੀ ਮੁਤਾਬਿਕ ਹੋਵੇਗੀ। ਸਪੀਕਰ ਸਾਹਿਬ, ਜੇ ਇਹ ਅਟਾਨੋਮਸ ਬਾਡੀ ਹੈ ਤਾਂ ਸਰਕਾਰ ਪਾਸ ਕੀ ਅਥਾਰਟੀ ਹੈ, ਕੀ ਪਾਵਰ ਹੈ ਜਿਸਦੇ ਨਾਲ ਇਹ ਰਿਜ਼ਰਵੇਸ਼ਨ ਪਾਲਿਸੀ ਐਨਫੋਰਸ ਕਰ ਸਕੇਗੀ।

Original with;
Punjab Vidhan Sabha
Digitized by;
Panjab Digital Library

ਦੂਸਰਾ ਇਨ੍ਹਾਂ ਨੇ ਇਹ ਵੀ ਆਖਿਆ ਹੈ ਕਿ ਦੇਸ਼ ਦੀਆਂ ਕਈ ਹੋਰ ਯੂਨੀਵਰਸਿਟੀਆਂ ਹਨ ਜਿਨ੍ਹਾਂ ਦੇ ਵਿਜ਼ਿਟਰ ਰਾਸ਼ਟਰਪਤੀ ਜੀ ਹਨ। ਕੀ ਮੈਂ ਪੁੱਛ ਸਕਦਾ ਹਾਂ ਕਿ ਉਨ੍ਹਾਂ ਯੂਨੀਵਰਸਿਟੀਆਂ ਦੇ ਚਾਂਸਲਰ ਕੌਣ ਹਨ ?

**ਉਪ ਮੁੱਖ ਮੰਤਰੀ** : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਪੁੱਛਿਆ ਹੈ ਕਿ ਸਰਕਾਰ ਦੀ ਇੰਟਰਫੀਅਰੈਂਸ ਕਿੰਨੀ ਹੈ ? ਉਸ ਬਾਰੇ ਮੈਂ ਇਨ੍ਹਾਂ ਨੂੰ ਦਸਦੀ ਹਾਂ ਕਿ ਪੂਰੇ ਦੀ ਪੂਰੀ ਹੈ, ਜਿਵੇਂ ਦੂਜੀਆਂ ਯੂਨੀਵਰਸਿਟੀਆਂ ਵਿੱਚ ਸਰਕਾਰ ਦਾ ਨਾਮੀਨੀ ਬੈਠਾ ਹੈ ਅਤੇ ਗਵਰਨਰ ਕੋਲ ਪੂਰੀ ਪਾਵਰ ਹੈ, ਹਰ ਇਸ਼ੂ ਤੇ ਜਿਥੇ ਗੌਰਮਿੰਟ ਦੀ ਇੰਟਰਫੀਅਰੈਂਸ ਦੀ ਲੋੜ ਹੁੰਦੀ ਹੈ। ਅਸੀਂ ਦੂਜੀਆਂ ਯੂਨੀਵਰਸਿਟੀਆਂ ਵਿੱਚ ਵੀ ਕਰਦੇ ਹਾਂ ਅਤੇ ਇਸਦੇ ਵਿੱਚ ਵੀ ਕਰ ਸਕਦੇ ਹਾਂ। ਜਿੱਥੋਂ ਤੱਕ ਰਿਜ਼ਰਵੇਸ਼ਨ ਬਾਰੇ ਪੁੱਛਿਆ ਹੈ ਕਿ ਕੀ ਪਾਵਰ ਹੈ ? ਲੈਜਿਸਲੇਚਰ ਰਾਹੀਂ ਬਾਦਲ ਸਾਹਿਬ ਦੇ ਸਮੇਂ ਵਿੱਚ ਵੀ ਇੱਕ ਬਿੱਲ ਪਾਸ ਕੀਤਾ ਸੀ। ਅਸੀਂ ਲੈਜਿਸਲੇਚਰ ਰਾਹੀਂ ਜੋ ਬਿੱਲ ਬਣਾ ਰਹੇ ਹਾਂ, ਉਹ ਲੈਜਿਸਲੈਚਰ ਰਾਹੀਂ ਢਾਹ ਵੀ ਸਕਦੇ ਹਾਂ। (ਵਿਘਨ)

**Mr. Speaker** : Question is—

That the Lovely Professional University Bill be taken into consideration at once.

*The motion was carried.*

**Mr. Speaker :** Now the House will proceed to consider the Bill Clause by Clause—

**Sub-Clause (2) of Clause 1**

**Mr. Speaker :** Question is—

That Sub-Clause (2) of Clause 1 stand part of the Bill.

*The motion was carried.*

**Clauses 2 to 37**

**Mr. Speaker :** As there is no amendment to Clauses 2 to 37, if the House agrees, these Clauses be put together to the vote of the House.

*(Voices : Yes, Yes)*

**Mr. Speaker :** Question is—

That Clauses 2 to 37 stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

**Sub-Clause (1) of Clause 1**

**Mr. Speaker :** Question is—

That Sub-Clause (1) of Clause 1 stand part of the Bill.

*The motion was carried.*

**Title**

**Mr. Speaker :** Question is—

That Title be the Title of the Bill

*The motion was carried.*

**Mr. Speaker :** Now, Hon'ble Deputy Chief Minister to move that the Bill be passed.

**Deputy Chief Minister (Smt. Rajinder Kaur Bhattal) :** Sir, I beg to move—

That the Lovely Professional University Bill be passed.

**Mr. Speaker :** Motion moved—

That the Lovely Professional University Bill be passed.

**ਕੈਪਟਨ ਕੰਵਲਜੀਤ ਸਿੰਘ (ਬਨੂੜ) :** ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਬੇਨਤੀ ਕੀਤੀ ਸੀ ਕਿ ਜਿਹੜਾ ਬਿੱਲ ਪੇਸ਼ ਕੀਤਾ ਹੈ, ਉਸ ਵਿੱਚ ਕੋਈ ਪ੍ਰੋਵੀਜ਼ਨ ਨਹੀਂ ਹੈ, ਕੋਈ ਵੀ ਸਿੰਗਲ ਪ੍ਰੋਵੀਜ਼ਨ ਨਹੀਂ ਜਿੱਥੇ ਗੌਰਮਿੰਟ ਇੰਟਰਵੀਨ ਕਰ ਸਕਦੀ ਹੋਵੇ। ਸਪੀਕਰ ਸਾਹਿਬ, ਗਵਰਨਰ ਸਾਹਿਬ ਦੀ ਕੀ ਪਾਵਰ ਹੈ ? ਕੀ ਉਹ ਚਾਂਸਲਰ ਤੋਂ ਪੁੱਛ ਕੇ ਯੂਨੀਵਰਸਿਟੀ ਵਿੱਚ ਵੜ ਸਕਣਗੇ ? ਆਹ ਐਕਟ ਹੈ ? ਇਹ ਬਿਲ ਹੈ ? ਮੈਂ ਪੁੱਛਿਆ ਸੀ ਔਰ ਆਰਗੂਮੈਂਟ ਕੀਤੀ ਸੀ ਕਿ ਉਪ ਰਾਸ਼ਟਰਪਤੀ ਕਈਆਂ ਦੇ ਵਿਜ਼ਟਰ ਸੀ। ਕਈਆਂ ਦੇ ਚਾਂਸਲਰ ਸੀ There is not a single provision where the government can intervene and enforce its authority. ਸਾਨੂੰ ਹੈਰਾਨੀ ਹੈ ਕਿ ਸਾਡੇ ਵੱਲੋਂ ਜਿਹੜੇ ਸਵਾਲ ਉਠਾਏ ਗਏ ਸਨ, ਉਨ੍ਹਾਂ ਤੇ ਜਵਾਬ ਨਹੀਂ ਦਿੱਤੇ ਗਏ। ਉਪ ਮੁੱਖ ਮੰਤਰੀ ਜੀ ਮੈਨੂੰ ਇੱਕ ਵੀ ਪ੍ਰੋਵੀਜ਼ਨ ਦੱਸ ਦੇਣ ਜਿੱਥੇ ਇਨ੍ਹਾਂ ਦਾ ਗੌਰਮਿੰਟ ਰਿਪਰਜ਼ੈਂਟੇਟਿਵ ਗੌਰਮਿੰਟ ਦੀਆਂ ਪਾਲਿਸੀਆਂ ਐਨਫੋਰਸ ਕਰ ਸਕੇ। ਦੂਜੀ ਗੱਲ ਇਹ ਹੈ ਕਿ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਕੌਣ ਹੈ ? ਸਪੀਕਰ ਸਾਹਿਬ, ਇਹ ਬਿਲ ਬਿਲਕੁਲ ਫਰਾਡ ਹੈ, ਇਹ ਐਕਟ ਫਰਾਡ ਹੈ......

**ਮਾਨਯੋਗ ਸਪੀਕਰ :** ਤੁਸੀਂ ਕੁਐਸਚਨ ਪੁੱਛੋ।

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਮੈਂ ਡਿਸਕਸ਼ਨ ਤੇ ਬੋਲ ਰਿਹਾ ਹਾਂ।

**ਮਾਨਯੋਗ ਸਪੀਕਰ :** ਤੁਸੀਂ ਪਹਿਲਾਂ ਬੋਲ ਚੁੱਕੇ ਹੋ।

Original with;
Punjab Vidhan Sabha
Digitized by;
Panjab Digital Library

**ਉਪ ਮੁੱਖ ਮੰਤਰੀ:** ਸਪੀਕਰ ਸਾਹਿਬ, ਇਨ੍ਹਾਂ ਨੂੰ ਹਾਲੇ ਤੱਕ ਪਤਾ ਨਹੀਂ ਲੱਗਿਆ, ਗੌਰਮਿੰਟ ਗੌਰਮਿੰਟ ਹੀ ਹੁੰਦੀ ਹੈ। ਬੜੀ ਪਾਵਰ ਹੁੰਦੀ ਹੈ ਗੌਰਮਿੰਟ ਕੋਲ। ਅਜੇ ਤੱਕ ਇਨ੍ਹਾਂ ਨੂੰ ਪਤਾ ਨਹੀਂ ਲੱਗਿਆ। ਦੂਜੀ ਜਿਹੜੀ ਗੱਲ ਕਿ ਕੌਣ ਵੀ.ਸੀ. ਹੋਵੇਗਾ, ਸਰਕਾਰਾਂ ਦੇ ਬਦਲਣ ਨਾਲ ਵੀ.ਸੀ. ਬਦਲਦੇ ਰਹਿੰਦੇ ਹਨ, ਇਹ ਇਹਨਾਂ ਨੂੰ ਪਤਾ ਹੋਣਾ ਚਾਹੀਦਾ ਹੈ। ਇਕ ਤੁਸੀਂ ਬਣਾ ਗਏ ਸੀ ਬਾਬਾ ਫਰੀਦ ਯੂਨੀਵਰਸਿਟੀ।

**Captain Kanwaljit Singh :** That is not my answer.

**ਉਪ ਮੁੱਖ ਮੰਤਰੀ:** ਤੁਹਾਡਾ ਆਂਸਰ ਮੈਂ ਦੇ ਦਿੱਤਾ ਕਿ ਗੌਰਮਿੰਟ ਕੋਲ ਪੂਰੀ ਪਾਵਰ ਹੈ। ਗਵਰਨਰ ਸਾਹਿਬ ਯੂਨੀਵਰਸਿਟੀ ਦੇ ਵਿਜ਼ਿਟਰ ਹੋਣ ਦੇ ਨਾਤੇ ਸਾਰੀਆਂ ਕਾਨਵੋਕੇਸ਼ਨਾਂ ਕਰਨਗੇ। ਇਹ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਹੈ। ਗਵਰਨਰ ਸਾਹਿਬ ਦਾ ਇਹ ਹੱਕ ਹੈ ਕਿ ਕਿਸੇ ਵੀ ਸਮੇਂ ਕਿਸੇ ਵੀ ਯੂਨੀਵਰਸਿਟੀ ਵਿਚੋਂ ਕੋਈ ਵੀ ਸੂਚਨਾ ਮੰਗਵਾ ਸਕਦੇ ਹਨ। ਉਹ ਅੱਜ ਵੀ ਮੰਗਵਾਉਂਦੇ ਹਨ। ਗਵਰਨਰ ਸਾਹਿਬ ਯੂਨੀਵਰਸਿਟੀ ਵਿੱਚ ਕਿਸੇ ਵੀ ਸਮੇਂ ਕੋਈ ਵੀ ਪੁੱਛਗਿਛ ਕਰ ਸਕਦੇ ਹਨ। ਇਹ ਗਵਰਨਰ ਨੂੰ ਅਧਿਕਾਰ ਹੈ। ਆਪਣੀ ਸਟੇਟ ਦੀ ਕੋਈ ਵੀ ਏਜੰਸੀ ਗਵਰਨਰ ਸਾਹਿਬ ਦੇ ਰਾਹੀਂ ਆਪਣੀ ਪੁੱਛਗਿਛ ਕਰ ਸਕਦੀ ਹੈ। ਇਹ ਸਭ ਅਧਿਕਾਰ ਗਵਰਨਰ ਸਾਹਿਬ ਨੂੰ ਹੋਏਗਾ ਅਤੇ ਉਹ ਲਗਭਗ ਸਾਰੇ ਕੰਮ ਕਰ ਸਕਦੇ ਹਨ। ਇਹ ਸਾਰੇ ਅਧਿਕਾਰ ਦੇਸ਼ ਦੀਆਂ ਹੋਰ ਸਾਰੀਆਂ ਯੂਨੀਵਰਸਿਟੀਆਂ ਵਿੱਚ ਦਿੱਤੇ ਗਏ ਹਨ। ਇਸੇ ਤਰ੍ਹਾਂ ਵਿਜ਼ਿਟਰ ਦਾ ਹੈ। ਉਹ ਵੀ ਨਾਲ ਐਡ ਕੀਤਾ ਗਿਆ ਹੈ ਕਿ ਕੀ ਕੀ ਪਾਵਰਾਂ ਹਨ। ਦੂਜਾ ਤੁਸੀਂ ਗੌਰਮਿੰਟ ਦੀ ਤਾਕਤ ਦਾ ਪੁੱਛਿਆ ਸੀ, ਉਹ ਵੀ ਦੱਸ ਦਿੱਤਾ ਹੈ ਕਿ ਕੀ ਤਾਕਤ ਹੈ। ਪ੍ਰਾਈਵੇਟਾਂ ਵਾਸਤੇ, ਜੇਕਰ ਉਹ ਗਲਤ ਕੰਮ ਕਰਦੇ ਹਨ, ਤਾਂ ਪਾਵਰਾਂ ਹਨ। ਲੇਕਿਨ ਕੰਵਲਜੀਤ ਸਿੰਘ ਜੀ, ਤੁਸੀਂ ਆਪਣੇ ਸਮੇਂ ਕੀ ਕਰਦੇ ਰਹੇ ਹੋ? ਇਹ ਸਾਰੀਆਂ ਯੂਨੀਵਰਸਿਟੀਆਂ ਅਟਾਨੋਮਸ ਬਾਡੀਜ ਹਨ। ਤੁਹਾਡੀ ਸਰਕਾਰ ਵੇਲੇ ਦਾ ਤੁਹਾਡਾ ਵਾਈਸ ਚਾਂਸਲਰ ਜੋ ਫਰੀਦਕੋਟ ਯੂਨੀਵਰਸਿਟੀ ਦਾ ਹੈ, ਅੱਜ ਤੱਕ ਅਸੀਂ ਉਧਰ ਝਾਕੀ ਜਾਂਦੇ ਹਾਂ ਕਿ ਉਸ ਨੂੰ ਕਿਸ ਤਰ੍ਹਾਂ ਹਟਾਉਣਾ ਹੈ।

**Mr. Speaker :** Question is—

That the Lovely Professional University Bill be passed.

*The motion was carried.*

---

## (ii) The Punjab School Education Board (Amendment) Bill, 2005 (Replacing Ordinance)

**Mr. Speaker :** Education Minister to introduce the Bill.

**Education Minister (Shri Harnam Dass Johar) :** Sir, I beg to introduce the Punjab School Education Board (Amendment), Bill.

Sir, I also beg to move—

That the Punjab School Education Board (Amendment) Bill be taken into consideration at once.

Original with;
Punjab Vidhan Sabha
Digitized by;
Panjab Digital Library

**Mr. Speaker :** Motion moved—

That the Punjab School Education Board (Amendment) Bill be taken into consideration at once.

*Discussion. Yes, Sud Sahib.*

**ਸ਼੍ਰੀ ਤਿਕਸ਼ਨ ਸੂਦ (ਹੁਸ਼ਿਆਰਪੁਰ)** : ਮਾਨਯੋਗ ਸਪੀਕਰ ਸਾਹਿਬ, ਜੋ ਮਾਹੌਲ ਚੱਲ ਰਿਹਾ ਹੈ, ਉਸ ਤੋਂ ਬਾਅਦ ਇਹ ਕੰਟਰਾਡਿਕਟਰੀ ਕੰਮ ਕੀਤਾ ਗਿਆ ਹੈ। ਇੱਕ ਪਾਸੇ ਸਰਕਾਰ ਯੂਨੀਵਰਸਿਟੀ ਪ੍ਰਾਈਵੇਟ ਕਰ ਰਹੀ ਹੈ ਅਤੇ ਅਟਾਨੋਮਸ ਹੋਣ ਕਰਕੇ ਸਾਰੀਆਂ ਪਾਵਰਾਂ ਦੇ ਰਹੀ ਹੈ ਅਤੇ ਦੂਜੇ ਪਾਸੇ ਜਿਸ ਵੇਲੇ ਇਸ ਤਰ੍ਹਾਂ ਦਾ ਅਮੈਂਡਿੰਗ ਐਕਟ ਆਉਂਦਾ ਹੈ—ਪੰਜਾਬ ਸਕੂਲ ਐਜੂਕੇਸ਼ਨ ਬੋਰਡ ਸੋਧਨਾ ਬਿਲ, 2005—ਇਸ ਦੇ ਵਿੱਚ, ਸਪੀਕਰ ਸਾਹਿਬ, ਜਿੰਨੀਆਂ ਪ੍ਰੋਵੀਜ਼ਨਜ਼ ਹਨ, ਉਹ ਗੌਰਮਿੰਟ ਕੰਟਰੋਲਡ ਅਮੈਂਡਮੈਂਟਸ ਹਨ। Otherwise Education Department is there. ਜਿੰਨੀਆਂ ਸਾਰੀਆਂ ਨੀਤੀਆਂ ਅਤੇ ਫੰਕਸ਼ਨਿੰਗ ਐਜੂਕੇਸ਼ਨ ਡਿਪਾਰਟਮੈਂਟ ਨਾਲ ਸਬੰਧਤ ਹਨ, ਉਹ ਉਸ ਨੇ ਕਰਨੀਆਂ ਹੁੰਦੀਆਂ ਹਨ। ਇਸ ਦੇ ਵਿੱਚ, ਸਪੀਕਰ ਸਾਹਿਬ, ਜੋ ਅਮੈਂਡਮੈਂਟਸ ਦੱਸੀਆਂ ਗਈਆਂ ਹਨ, ਇਹ ਸਾਰੀਆਂ ਗੌਰਮਿੰਟ ਦਾ ਪੰਜਾ ਮਜ਼ਬੂਤ ਕਰਨ ਲਈ, ਬੋਰਡ ਤੇ ਕੰਟਰੋਲ ਮਜ਼ਬੂਤ ਕਰਨ ਲਈ ਹਨ, ਇਹ ਹੈਲਦੀ ਸਾਈਨ ਨਹੀਂ ਹੈ। ਇਸ ਨਾਲ ਬੋਰਡ ਦੀ ਫੰਕਸ਼ਨਿੰਗ ਹੋਰ ਖਰਾਬ ਹੋ ਜਾਏਗੀ। ਇਸ ਦੇ ਨਾਲ ਸਬੰਧਤ, ਸਪੀਕਰ ਸਾਹਿਬ, ਮੈਂ ਇਕ ਅਮੈਂਡਮੈਂਟ ਨੋਟਿਸ ਵੀ ਦਿੱਤਾ ਹੈ। ਮੈਂ ਉਸ ਤੇ ਗੱਲ ਜ਼ਰੂਰ ਕਰਨੀ ਚਾਹਾਂਗਾ। ਇਸ ਦੇ ਸੈਕਸ਼ਨ ਚਾਰ ਵਿੱਚ ਕਲਾਜ਼ ਹੈ, ਜਿਹੜੀ ਗੱਲ ਜ਼ਿਆਦਾ ਆਬਜੈਕਸ਼ਨੇਬਲ ਹੈ—Three Members of the Punjab Legislative Assembly to be nominated by the State Government. ਇਹ ਪਤਾ ਨਹੀਂ ਕਿਉਂ ਰਿਵਾਜ਼ ਹੈ, ਪਿਛਲੇ ਡਿਸਟ੍ਰਿਕਟ ਪਲੈਨਿੰਗ ਕਮੇਟੀਜ਼ ਬਿੱਲ ਵਿੱਚ ਵੀ ਸੀ ਕਿ ਸਰਕਾਰ ਐਮ.ਐਲ.ਏਜ਼. ਵਿਚੋਂ ਨਾਮੀਨੇਟ ਕਰ ਦੇਵੇਗੀ ਅਤੇ ਇਸ ਵਿੱਚ ਵੀ ਹੈ ਕਿ ਸਰਕਾਰ ਨਾਮੀਨੇਟ ਕਰੇਗੀ। ਪਤਾ ਨਹੀਂ ਕੌਣ ਸਪੀਕਰ ਹੋਏਗਾ। ਅੱਜ ਤੁਸੀਂ ਹੋ, ਕੱਲ੍ਹ ਨੂੰ ਹੋਰ ਵੀ ਹੋਏਗਾ। ਪੰਜਾਬ ਯੂਨੀਵਰਸਿਟੀ ਜਾਂ ਹੋਰ ਯੂਨੀਵਰਸਿਟੀਆਂ ਹਨ। ਉਨ੍ਹਾਂ ਦੇ ਵਿੱਚ ਇਸ ਹਾਊਸ ਦੇ ਵਿਚੋਂ ਮੈਂਬਰ ਚੁਣ ਕੇ ਜਾਂਦੇ ਹਨ, ਬੋਰਡ ਦੇ ਵਿਚ ਜਾਂਦੇ ਸਨ। ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਾਂਗਾ ਕਿ ਇਹ ਜਿਹੜੀ ਅਮੈਂਡਮੈਂਟ ਦਿੱਤੀ ਹੈ, ਸੈਕਸ਼ਨ 4 ਦੀ ਕਲਾਜ਼ ਈ ਦੇ ਵਿੱਚ, ਇਸ ਨੂੰ ਜ਼ਰੂਰ ਵਿਚਾਰ ਲਿਆ ਜਾਣਾ ਚਾਹੀਦਾ ਹੈ, ਸਰਕਾਰ ਇਸ ਦੇ ਉਤੇ ਜ਼ਰੂਰ ਧਿਆਨ ਦੇਵੇ, ਅਦਰਵਾਈਜ਼ ਬੋਰਡ ਦੀ ਜਿਹੜੀ ਬਣਤਰ ਹੈ, ਉਥੇ ਕੋਈ ਪਬਲਿਕ ਦੇ ਨੁਮਾਇੰਦੇ ਦੀ ਗੱਲ ਖੁਲ੍ਹੇ ਮਨ ਦੇ ਨਾਲ ਨਹੀਂ ਹੋ ਸਕੇਗੀ। ਲੋਕਾਂ ਦੀ ਗੱਲ ਨਹੀਂ ਸੁਣੀ ਜਾ ਸਕੇਗੀ ਜਦ ਤੱਕ ਕਿ ਇਸ ਦੇ ਵਿੱਚ ਚੁਣੇ ਹੋਏ ਮੈਂਬਰ ਨਾ ਹੋਣ। ਇਸ ਬਾਰੇ ਜ਼ਰੂਰ ਸੀ.ਐਮ. ਸਾਹਿਬ ਤੇ ਐਜੂਕੇਸ਼ਨ ਮਨਿਸਟਰ ਸਾਹਿਬ ਧਿਆਨ ਰੱਖਣ ਕਿ ਅਗਰ ਹਾਊਸ ਦੇ ਵਿਚੋਂ ਮੈਂਬਰ ਚੁਣ ਕੇ ਜਾਣ ਤਾਂ ਉਹ ਹਾਊਸ ਦੇ ਵਿਚੋਂ ਹੀ ਜਾਣ।

**ਸਰਦਾਰ ਤੋਤਾ ਸਿੰਘ (ਮੋਗਾ)** : ਮਾਨਯੋਗ ਸਪੀਕਰ ਸਾਹਿਬ, ਇਹ ਜੋ ਪੰਜਾਬ ਸਕੂਲ ਸਿੱਖਿਆ ਬੋਰਡ ਸਬੰਧੀ ਐਕਟ ਬਣਾਇਆ ਜਾ ਰਿਹਾ ਹੈ ਅਤੇ ਇਸ ਵਿਚ ਜੋ 9 ਸੋਧਾਂ ਕੀਤੀਆਂ ਜਾ ਰਹੀਆਂ ਹਨ ਅਤੇ ਇਹ ਸਾਲ 1969 ਦਾ ਐਕਟ ਹੈ, ਉਸ ਸਬੰਧ ਵਿਚ ਮੈਂ

Original with;
Punjab Vidhan Sabha
Digitized by;
Panjab Digital Library

ਆਪਣੀ ਰਾਇ ਦੇਣੀ ਚਾਹੁੰਦਾ ਹਾਂ। ਉਦੋਂ ਸਰਦਾਰ ਸੁਰਜੀਤ ਸਿੰਘ ਬਰਨਾਲਾ ਐਜੂਕੇਸ਼ਨ ਮਨਿਸਟਰ ਸੀ। ਜਦੋਂ ਇਥੇ ਇਹ ਐਕਟ ਬਣਿਆ ਤਾਂ ਉਸ ਤੋਂ ਬਾਅਦ ਹਿੰਦੁਸਤਾਨ ਦੇ ਕਈ ਸੂਬਿਆਂ ਵਿੱਚ ਇਸ ਐਕਟ ਨੂੰ ਵੇਖ ਕੇ ਐਕਟ ਬਣਾਇਆ ਗਿਆ। ਸਾਡੇ ਇਸ ਐਕਟ ਦੀ ਕਾਪੀ ਕੀਤੀ ਗਈ ਤੇ ਹਿੰਦੁਸਤਾਨ ਦੇ ਕਈ ਸੂਬਿਆਂ ਨੇ ਸਲਾਹਿਆ ਸੀ। ਉਸ ਤੋਂ ਬਾਅਦ ਕਈ ਸਾਲ ਕੋਈ ਅਮੈਂਡਮੈਂਟ ਇਸ ਐਕਟ ਵਿੱਚ ਨਹੀਂ ਕੀਤੀ ਗਈ। ਇਕ ਵਾਰ 1987 ਵਿਚ ਕੀਤੀ ਗਈ ਸੀ ਅਤੇ ਇਕ ਵਾਰ ਫਿਰ ਸਾਡੀ ਸਰਕਾਰ ਵੇਲੇ ਕੀਤੀ ਗਈ ਸੀ। ਉਸ ਵੇਲੇ ਚੇਅਰਮੈਨ ਅਤੇ ਵਾਈਸ ਚੇਅਰਮੈਨ ਦੀ ਯੋਗਤਾ ਘਟਾਈ ਗਈ ਸੀ। ਉਹ ਤਜਰਬਾ ਵੀ ਕਾਮਯਾਬ ਨਹੀਂ ਹੋਇਆ । ਪਹਿਲਾਂ ਇਸ ਵਿਚ ਇਹ ਸੀ ਕਿ ਪੰਜ ਸਾਲ ਜਿਹੜਾ ਗੌਰਮਿੰਟ ਕਾਲਜ ਦਾ ਪ੍ਰਿੰਸੀਪਲ ਰਿਹਾ ਹੋਵੇ ਉਹ ਚੇਅਰਮੈਨ ਜਾਂ ਵਾਈਸ ਚੇਅਰਮੈਨ ਬਣ ਸਕਦਾ ਸੀ, ਉਹ ਅਸੀਂ ਇੱਕ ਸਾਲ ਕਰ ਬੈਠੇ ਪਰ ਥੱਲਿਉਂ ਰਿਪੋਰਟਾਂ ਆਈਆਂ ਕਿ ਬਹੁਤੇ ਪੜ੍ਹੇ ਲਿਖੇ, ਐਕਸਪੀਰੀਐਂਸ ਵਾਲੇ ਮਿਲਦੇ ਨਹੀਂ ਹਨ ਤੇ ਸੋਧ ਕੀਤੀ ਜਾਵੇ। ਉਸ ਬਾਰੇ ਮੈਂ ਆਪ ਮਹਿਸੂਸ ਕਰਦਾ ਹਾਂ ਕਿ ਉਸ ਵੇਲੇ ਉਹ ਸੋਧ ਕੋਈ ਬਹੁਤ ਕਾਮਯਾਬ ਨਹੀਂ ਹੋਈ। ਹੁਣ 9 ਸੋਧਾਂ ਕੀਤੀਆਂ ਜਾ ਰਹੀਆਂ ਹਨ ਪਰ ਜਿਹੜਾ ਐਜੂਕੇਸ਼ਨ ਬੋਰਡ ਆਪਣੇ ਪੱਧਰ ਤੇ ਇੱਕ ਤਰ੍ਹਾਂ ਨਾਲ ਕਾਮਯਾਬ ਸੀ, ਉਹ ਇਕ ਤਰ੍ਹਾਂ ਨਾਲ ਫੇਲ੍ਹ ਹੋ ਜਾਵੇਗਾ। ਸਿੱਖਿਆ ਵਿਭਾਗ ਦਾ ਬਹੁਤ ਜ਼ਿਆਦਾ ਦਖਲ ਹੋ ਜਾਵੇਗਾ, ਉਨ੍ਹਾਂ ਦੇ ਕੋਲ ਤਾਂ ਪਹਿਲਾਂ ਹੀ ਜ਼ਿਆਦਾ ਕੰਮ ਹੈ, ਇੱਕ ਸੈਕੰਡਰੀ ਦਾ ਡੀ.ਪੀ.ਆਈ. ਹੈ ਅਤੇ ਇੱਕ ਪ੍ਰਾਇਮਰੀ ਦਾ ਵੱਖਰਾ ਡੀ.ਪੀ.ਆਈ. ਹੈ ਅਤੇ ਐਨ.ਸੀ.ਈ.ਆਰ.ਟੀ. ਦਾ ਵੱਖਰਾ ਡਾਇਰੈਕਟਰ ਹੈ। ਅੱਜ ਤੀਜਾ ਹਿੱਸਾ ਸਕੂਲ ਟੀਚਰਾਂ ਤੋਂ ਖਾਲੀ ਪਏ ਹਨ। ਉਨ੍ਹਾਂ ਕੋਲ ਏਡਾ ਵੱਡਾ ਕੰਮ ਹੈ। ਇਥੇ ਹੀ ਬਸ ਨਹੀਂ, ਇਸ ਦੀ ਇੱਕ-ਇੱਕ ਕਲਾਜ਼ ਬਾਰੇ ਸੋਚਿਆ ਜਾਵੇ। ਪਹਿਲੀ ਗੱਲ, ਜਿਹੜੀ ਧਾਰਾ 4 ਸੋਧੀ ਗਈ ਹੈ, ਉਸ ਵਿਚ ਤਿੰਨ ਗੱਲਾਂ ਕੀਤੀਆਂ ਗਈਆਂ ਹਨ, ਪਹਿਲੀ ਗੱਲ, ਵਿਚ ਇਨ੍ਹਾਂ ਕਿਹਾ ਕਿ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨਹੀਂ ਆਉਂਦੇ ਅਤੇ ਉਹ ਆਪਣਾ ਨੁਮਾਇੰਦਾ ਭੇਜ ਦਿੰਦੇ ਹਨ। ਇਸ ਲਈ ਵਾਈਸ ਚਾਂਸਲਰ ਨੂੰ ਤਾਂ ਮੈਂਬਰ ਬਣਾਇਆ ਗਿਆ ਸੀ ਕਿ ਉਸ ਦੇ ਤਜਰਬੇ ਦਾ ਫਾਇਦਾ ਉਠਾਇਆ ਜਾਵੇ। ਜੇ ਉਹ ਉਥੋਂ ਕੋਈ ਰੀਡਰ ਭੇਜ ਦਿੰਦੇ ਹਨ ਤਾਂ ਉਸਦਾ ਕੋਈ ਫਾਇਦਾ ਨਹੀਂ। ਸਾਡੇ ਪੰਜਾਬ ਵਿਚ ਚਾਰ-ਪੰਜ ਬੋਰਡ ਹਨ, ਜਿਵੇਂ ਸੀਵਰੇਜ ਬੋਰਡ, ਐਜੂਕੇਸ਼ਨ ਬੋਰਡ ਤੇ ਮੰਡੀ ਬੋਰਡ ਹਨ। ਇਹ ਆਜ਼ਾਦੀ ਨਾਲ ਕੰਮ ਕਰਦੇ ਹਨ। ਜਿਵੇਂ ਕਾਰਪੋਰੇਸ਼ਨਾਂ ਵਿੱਚ ਚੇਅਰਮੈਂਨ ਨੂੰ ਕੋਈ ਨਹੀਂ ਪੁੱਛਦਾ, ਐਮ.ਡੀ. ਜੋ ਮਰਜ਼ੀ ਕਰੀ ਜਾਵੇ, ਇਸੇ ਤਰ੍ਹਾਂ ਹੀ ਇਥੇ ਬਣ ਜਾਣਾ ਹੈ। ਪਹਿਲਾਂ ਐਜੂਕੇਸ਼ਨ ਬੋਰਡ ਆਜ਼ਾਦੀ ਨਾਲ ਕੰਮ ਕਰਦਾ ਸੀ। ਸਿੱਖਿਆ ਵਿਭਾਗ ਦਾ ਉਸ ਵਿਚ ਕੋਈ ਦਖ਼ਲ ਨਹੀਂ ਸੀ। ਸਰਕਾਰ ਸਿਰਫ ਰਾਏ ਭੇਜਦੀ ਸੀ। ਅਸੀਂ ਆਪਣੇ ਵੇਲੇ ਰਾਏ ਭੇਜੀ ਕਿ ਨਕਲ ਰੋਕੀ ਜਾਵੇ। ਇਸ ਵਾਸਤੇ ਪੰਜ ਕਿਸਮ ਦੇ ਕੁਐਸਚਨ ਪੇਪਰ ਰੱਖੇ ਗਏ ਤਾਂ ਕਿ ਪੇਪਰ ਲੀਕ ਨਾ ਹੋਵੇ। ਪੰਜ ਕੁਐਸਚਨ ਪੇਪਰ ਬੱਚਿਆਂ ਨੂੰ ਦੇ ਕੇ ਛੇਵੇਂ ਬੱਚੇ ਨੂੰ ਅਲੱਗ ਪੇਪਰ ਮਿਲਦਾ ਸੀ ਤਾਂ ਕਿ ਉਹ ਆਪਸ ਵਿੱਚ ਕਾਪੀ ਨਾ ਕਰ ਸਕਣ, ਲੀਕੇਜ ਨਾ ਹੋਵੇ। ਸਾਡੇ ਪੰਜ ਸਾਲਾਂ ਵਿੱਚ ਪੇਪਰ ਲੀਕ ਨਹੀਂ ਹੋਇਆ। ਅਜਿਹਾ ਕਰਨ ਨਾਲ ਨਕਲ ਨੂੰ ਠੱਲ੍ਹ ਪਈ। ਇਸ ਤਰ੍ਹਾਂ ਦੀਆਂ ਹਦਾਇਤਾਂ ਸਿੱਖਿਆ ਵਿਭਾਗ ਦੇ ਸਕਦਾ ਹੈ ਤੇ ਬੋਰਡ ਨੂੰ ਉਨ੍ਹਾਂ ਦੀ ਪਾਲਣਾ ਕਰਨੀ ਪੈਂਦੀ ਹੈ। ਬੋਰਡ ਲਾਜ਼ਮੀ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕਰਦਾ ਹੈ। ਇਵੇਂ ਹੀ ਪਹਿਲਾਂ ਉੱਤਰ ਕਾਪੀਆਂ ਰੇਲਵੇ ਰਾਹੀਂ ਲਿਆਈਆਂ ਜਾਂਦੀਆਂ ਸਨ ਤੇ ਕਈ ਵਾਰ ਉਹ ਸ਼ਿਮਲਾ ਪਹੁੰਚ ਜਾਂਦੀਆਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਤੋਤਾ ਸਿੰਘ]

ਸਨ। ਅਸੀਂ ਕਿਹਾ ਇਹ ਗਲਤ ਗੱਲ ਹੈ। ਇਸ ਵਾਸਤੇ ਸਿੱਖਿਆ ਵਿਭਾਗ ਨੇ ਹਦਾਇਤ ਭੇਜੀ ਕਿ ਜਿਹੜੀਆਂ ਉੱਤਰ ਕਾਪੀਆਂ ਹਨ, ਉਹ ਜਦੋਂ ਹੀ ਪੇਪਰ ਖਤਮ ਹੁੰਦਾ ਹੈ, ਇਸ ਵਾਸਤੇ ਪ੍ਰੀਜਾਈਡਿੰਗ ਅਫਸਰ ਨੂੰ ਏਰੀਆ ਦਿਤਾ ਗਿਆ ਕਿ ਸ਼ਾਮ ਤੱਕ ਆਂਸਰ ਬੁਕਸ ਮੁਹਾਲੀ ਪਹੁੰਚਣੀਆਂ ਚਾਹੀਦੀਆਂ ਹਨ ਅਤੇ ਉਹ ਪਹੁੰਚਣ ਲਗ ਪਈਆਂ। ਇਸ ਨਾਲ ਖਰਚਾ ਘਟਿਆ, ਉਸ ਨਾਲ ਰੇਲਵੇ ਦਾ ਖਰਚ ਵੱਧ ਜਾਂਦਾ ਸੀ। ਦੋ-ਦੋ ਦਿਨ ਆਂਸਰ ਬੁਕਸ ਨਹੀਂ ਆਉਂਦੀਆਂ ਸਨ ਤੇ ਹੇਰਾ ਫੇਰੀ ਨਾਲ ਪੇਪਰ ਹੱਲ ਕੀਤੇ ਜਾਂਦੇ ਸਨ। ਸਿੱਖਿਆ ਵਿਭਾਗ ਨੇ ਐਜੂਕੇਸ਼ਨ ਬੋਰਡ ਨੂੰ ਹਦਾਇਤ ਦਿਤੀ ਜਿਸ ਦੀ ਉਸ ਨੇ ਪਾਲਣਾ ਕੀਤੀ ਤੇ ਇਸ ਨਾਲ ਬੋਰਡ ਦਾ ਸਤਿਕਾਰ ਵਧਿਆ। ਪਾਲਿਸੀ ਮੈਟਰ ਤੱਕ ਹੀ ਸਿੱਖਿਆ ਵਿਭਾਗ ਨੂੰ ਸੀਮਤ ਰਹਿਣਾ ਚਾਹੀਦਾ ਹੈ, ਵਾਧੂ ਦਖਲ ਨਹੀਂ ਦੇਣਾ ਚਾਹੀਦਾ।

ਧਾਰਾ 17 ਵਿਚ ਸੋਧ ਕੀਤੀ ਹੈ ਜੋ ਕਿ ਬਹੁਤ ਲਾਹੇਵੰਦ ਨਹੀਂ ਹੈ, ਇਹ ਦਖਲ ਅੰਦਾਜ਼ੀ ਹੈ। ਪੁਸਤਕਾਂ ਪਹਿਲਾਂ ਬੋਰਡ ਛਾਪਦਾ ਸੀ ਇਸ ਦੀ ਕਦੇ ਕੋਈ ਸ਼ਿਕਾਇਤ ਨਹੀਂ ਆਈ। ਉਸ ਵਿਚ ਇਕ ਪੁਆਇੰਟ ਲਿਆ ਹੈ, ਸਿੱਖਿਆ ਵਿਭਾਗ ਨੇ ਕਿਹਾ ਹੈ ਕਿ ਕਿਤਾਬਾਂ ਅਸੀਂ ਛਾਪਾਂਗੇ। ਸਿੱਖਿਆ ਵਿਭਾਗ ਕੋਲੋਂ ਆਪਣਾ ਪਹਿਲਾ ਕੰਮ ਤਾਂ ਹੁੰਦਾ ਨਹੀਂ। ਪੰਜਾਬ ਵਿਚ 18000 ਸਕੂਲ ਹਨ। 13000 ਪ੍ਰਾਇਮਰੀ ਸਕੂਲ ਹਨ ਤੇ 5000 ਹਾਈ ਤੇ ਸੀਨੀਅਰ ਸੈਕੰਡਰੀ ਸਕੂਲ ਹਨ। ਇਨ੍ਹਾਂ ਸਕੂਲਾਂ ਦੀ ਉਸ ਤੋਂ ਚੈਕਿੰਗ ਤਾਂ ਹੁੰਦੀ ਨਹੀਂ, ਇਸ ਤਰ੍ਹਾਂ ਪ੍ਰਾਈਵੇਟ ਪ੍ਰੈਸ ਕੋਲ ਜਾ ਕੇ ਇਹ ਕਿਤਾਬਾਂ ਕਿਵੇਂ ਛਾਪਣਗੇ। ਸਿੱਖਿਆ ਅਭਿਆਨ ਥੱਲੇ ਪਹਿਲਾਂ ਹਦਾਇਤ ਆਈ ਸੀ ਉਸ ਮੁਤਾਬਿਕ ਬੋਰਡ ਕਿਤਾਬਾਂ ਛਾਪ ਕੇ ਵੰਡ ਸਕਦਾ ਹੈ। ਸਪੀਕਰ ਸਾਹਿਬ, ਪਹਿਲੀ ਤੋਂ ਅੱਠਵੀਂ ਤੱਕ ਬੱਚਿਆਂ ਨੂੰ ਕਿਤਾਬਾਂ ਫਰੀ ਦਿਤੀਆਂ ਜਾਂਦੀਆਂ ਸਨ। ਇੱਧਰ ਐਜੂਕੇਸ਼ਨ ਬੋਰਡ ਨੇ ਵੀ ਕਿਤਾਬਾਂ ਛਾਪ ਦਿਤੀਆਂ ਤੇ ਸਿੱਖਿਆ ਵਿਭਾਗ ਨੇ ਵੀ ਛਾਪ ਦਿਤੀਆਂ, ਜਿਸ ਦਾ ਡਬਲ ਖਰਚਾ ਸਰਕਾਰ ਦੇ ਉਪਰ ਪੈ ਗਿਆ। ਜਿਹੜਾ ਕਿਤਾਬਾਂ ਛਾਪਣ ਦਾ ਕੰਟਰੋਲ ਸਿੱਖਿਆ ਵਿਭਾਗ ਨੇ ਲੈ ਲਿਆ ਹੈ, ਇਹ ਠੀਕ ਨਹੀਂ ਹੈ। ਜਿਹੜੇ ਕਿਤਾਬਾਂ ਦੀ ਛਪਾਈ ਵਾਸਤੇ ਚਾਰ ਪੰਜ ਸੌ ਬੋਰਡ ਦੇ ਕਰਮਚਾਰੀ ਇਸ ਨਾਲ ਆਲਰੇਡੀ ਸਬੰਧਤ ਹਨ, ਕੀ ਜਦੋਂ ਸਿੱਖਿਆ ਵਿਭਾਗ ਨੇ ਛਪਾਈ ਦਾ ਕੰਮ ਲੈ ਲਿਆ ਤਾਂ ਛਪਾਈ ਦੀ ਚੈਕਿੰਗ ਵਾਸਤੇ ਐਜੂਕੇਸ਼ਨ ਬੋਰਡ ਅਲੱਗ ਕਰਮਚਾਰੀ ਭਰਤੀ ਕਰੇਗਾ? ਟੀਚਰ ਤਾਂ ਇਨ੍ਹਾਂ ਤੋਂ ਭਰਤੀ ਨਹੀਂ ਹੁੰਦੇ, ਕਿਤਾਬਾਂ ਦੀ ਛਪਾਈ ਦੀ ਚੈਕਿੰਗ ਵਾਸਤੇ ਕੀ ਫੇਰ ਇਹ ਨਵਾਂ ਸਟਾਫ ਭਰਤੀ ਕਰਨਗੇ? ਅੱਜ ਐਜੂਕੇਸ਼ਨ ਬੋਰਡ ਦੇ 2000 ਕਰਮਚਾਰੀ ਧਰਨੇ ਮਾਰੀ ਬੈਠੇ ਹਨ ਕਿ ਇਹ ਅਮੈਂਡਮੈਂਟਸ ਗਲਤ ਹੋ ਰਹੀਆਂ ਹਨ। ਬੋਰਡ ਦੀ ਇੰਡੀਪੈਂਡੈਂਸ ਖਤਮ ਕੀਤੀ ਜਾ ਰਹੀ ਹੈ।

ਧਾਰਾ 18 ਵਿਚ ਸੋਧ ਕੀਤੀ ਹੈ ਕਿ ਜਿਹੜੀਆਂ ਤਿੰਨ ਕਮੇਟੀਆਂ ਹਨ, ਇਨ੍ਹਾਂ ਨੇ ਕਿਹਾ ਹੈ ਕਿ ਸਾਰਾ ਕੁਝ ਡਾਇਰੈਕਟਰ ਜਨਰਲ ਅਧੀਨ ਹੀ ਹੋਵੇਗਾ। ਪਹਿਲੀ ਗੱਲ, ਮੈਂ ਹੈਰਾਨ ਹਾਂ ਕਿ ਡੀ.ਪੀ.ਆਈ. ਦੀ ਕੋਈ ਪਾਵਰ ਨਹੀਂ ਰਹੀ, ਬਦਲੀਆਂ ਵੀ ਡਾਇਰੈਕਟਰ ਜਨਰਲ ਹੀ ਕਰੇਗਾ। ਇਸ ਨਾਲ ਸਿੱਖਿਆ ਵਿਭਾਗ ਦਾ ਹੌਸਲਾ ਟੁੱਟ ਗਿਆ ਹੈ। ਜਿਹੜੇ ਸਿੱਖਿਆ ਵਿਭਾਗ ਵਿਚ ਪੜ੍ਹੇ ਲਿਖੇ ਲੋਕ ਹਨ, ਉਹ ਪ੍ਰਿੰਸੀਪਲ ਬਣਦੇ ਹਨ, ਡੀ.ਡੀ.ਓ. ਡਿਪਟੀ ਡਾਇਰੈਕਟਰ, ਡੀ.ਪੀ.ਆਈ. ਬਣਦੇ ਹਨ, ਇਸ ਵਿਚ ਸਾਰੀ ਉਮਰ ਲੰਘ ਜਾਂਦੀ ਹੈ। ਉਨ੍ਹਾਂ ਵਿਚਾਰਿਆਂ ਨੂੰ ਕੋਈ ਅਧਿਕਾਰ ਨਹੀਂ। ਉਨ੍ਹਾਂ ਤੋਂ ਫਾਇਦਾ ਲੈਣਾ ਚਾਹੀਦਾ ਹੈ ਨਾ

Original with;
Punjab Vidhan Sabha
Digitized by;
Panjab Digital Library

ਕਿ ਆਪਣੀ ਮਰਜ਼ੀ ਠੋਸੀ ਜਾਣੀ ਚਾਹੀਦੀ ਹੈ। ਤਿੰਨਾਂ ਕਮੇਟੀਆਂ ਵਿਚ ਪੂਰਾ ਦਖਲ ਹੋ ਜਾਵੇਗਾ। ਧਾਰਾ 19 ਵਿਚ ਸੋਧ ਕੀਤੀ ਹੈ, ਇਹ ਠੀਕ ਹੈ ਕਿ ਐਜੂਕੇਸ਼ਨ ਬੋਰਡ ਦੀ ਸਲਾਨਾ ਰਿਪੋਰਟ ਜ਼ਰੂਰ ਵਿਧਾਨ ਸਭਾ ਵਿਚ ਲੇਅ ਹੋਣੀ ਚਾਹੀਦੀ ਹੈ, ਪਹਿਲਾਂ ਅਜਿਹਾ ਕੋਈ ਸਾਧਨ ਨਹੀਂ ਸੀ। ਅਜਿਹੀ ਸੋਧ ਜਿਹੜੀ ਲੋਕ ਹਿੱਤ ਵਿਚ ਹੈ ਉਹ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਹੋਰ ਕਿਸੇ ਧਾਰਾ ਦੀ ਲੋੜ ਨਹੀਂ ਹੈ। ਅੰਤ ਵਿਚ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ 9 ਸੋਧਾਂ ਕੀਤੀਆਂ ਜਾਣੀਆਂ ਹਨ ਇਹ ਐਜੂਕੇਸ਼ਨ ਬੋਰਡ ਨੂੰ ਖਤਮ ਕਰਨ ਲਈ ਕੀਤੀਆਂ ਜਾ ਰਹੀਆਂ ਹਨ। ਐਜੂਕੇਸ਼ਨ ਬੋਰਡ ਸਿੱਖਿਆ ਵਿਭਾਗ ਦਾ ਇਕ ਹਿੱਸਾ ਰਹਿ ਜਾਣਾ ਹੈ। ਜਿਵੇਂ ਸੈਕੰਡਰੀ ਦਾ ਡੀ.ਪੀ.ਆਈ. ਹੈ ਪ੍ਰਾਇਮਰੀ ਦਾ ਡੀ.ਪੀ.ਆਈ. ਹੈ, ਐਨ.ਸੀ.ਈ.ਆਰ.ਟੀ. ਦਾ ਡਾਇਰੈਕਟਰ ਹੈ ਇਸੇ ਤਰ੍ਹਾਂ ਇਥੇ ਵੀ ਡਾਇਰੈਕਟਰ ਦੇ ਹੋਣ ਨਾਲ ਚੇਅਰਮੈਨ ਨਾ ਮਾਤਰ ਦਾ ਹੀ ਰਹਿ ਜਾਵੇਗਾ। ਇਸ ਦੀ ਇੰਡੀਪੈਂਡੈਂਸ ਖਤਮ ਹੋ ਜਾਵੇਗੀ। ਸਾਡੇ ਵੇਲੇ ਬਾਹਰਲੇ ਸੂਬਿਆਂ ਨੇ ਕਿਹਾ ਸੀ ਕਿ ਐਜੂਕੇਸ਼ਨ ਬੋਰਡ ਦਾ ਐਕਟ ਵਧੀਆ ਹੈ ਇਸ ਦੀ ਕਾਪੀ ਤੇ ਉਨ੍ਹਾਂ ਨੇ ਕੰਮ ਕਰਨਾ ਸ਼ੁਰੂ ਕੀਤਾ ਸੀ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਸੋਧਾਂ ਦੀ ਲੋੜ ਨਹੀਂ (ਘੰਟੀ) ਇਹ ਮੈਂ ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ। ਧੰਨਵਾਦ।

**ਸਰਦਾਰ ਬੀਰ ਦਵਿੰਦਰ ਸਿੰਘ (ਖਰੜ)** : ਸਪੀਕਰ ਸਾਹਿਬ, ਮੈਂ ਦੋ ਤਿੰਨ ਪੁਆਇੰਟ ਮੰਤਰੀ ਸਾਹਿਬ ਦੇ ਦ੍ਰਿਸ਼ਟੀਗੋਚਰ ਕਰਨੇ ਚਾਹੁੰਦਾ ਹਾਂ । ਇਸ ਦੇ ਵਿਚ ਇਹ ਹੈ ਕਿ ਬੋਰਡ ਦੇ ਬਹੁਤ ਸਾਰੇ ਮੁਲਾਜ਼ਮ ਜਿਹੜੇ ਸੀ, ਉਹ ਪਬਲੀਕੇਸ਼ਨ ਦੇ ਕੰਮ ਵਿਚ ਲੱਗੇ ਹੋਏ ਸੀ, ਜਿਹੜੇ ਕਿ ਕਿਤਾਬਾਂ ਦੀ ਛਪਾਈ ਅਤੇ ਐਡੀਟਿੰਗ ਦਾ ਕੰਮ ਕਰਦੇ ਸੀ। ਜੇ ਅਸੀਂ ਉਨ੍ਹਾਂ ਦੇ ਅਧਿਕਾਰ ਉਨ੍ਹਾਂ ਤੋਂ ਵਿਦਡਰਾਅ ਕਰ ਲੈਂਦੇ ਹਾਂ ਤਾਂ ਬਹੁਤ ਸਾਰੇ ਮੁਲਾਜ਼ਮ ਜਿਹੜੇ ਹਨ, ਉਨ੍ਹਾਂ ਦੀ ਲੋੜ ਨਹੀਂ ਰਹੇਗੀ। ਉਹ ਸਰਪਲੱਸ ਹੋ ਜਾਣਗੇ। ਮੈਂ ਮਨਿਸਟਰ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਿਹੜਾ ਟੈਕਸਟ ਬੁਕਸ ਦਾ ਕੰਮ ਹੈ, ਉਹ ਜ਼ਰੂਰ ਬੋਰਡ ਦੇ ਪਾਸ ਹੀ ਰਹਿ ਜਾਵੇ ਤਾਂ ਕਿ ਉਹ ਲੋਕ ਆਪਣੇ ਆਹਰੇ ਲੱਗੇ ਰਹਿਣ ਅਤੇ ਉਥੋਂ ਬੰਦੇ ਸਰਪਲੱਸ ਨਾ ਹੋ ਜਾਣ। ਮੈਂ ਚਾਹਵਾਂਗਾ ਕਿ ਮਨਿਸਟਰ ਸਾਹਿਬ ਇਸ ਨੂੰ ਕਲੀਅਰ ਕਰ ਦੇਣ ਕਿ ਪਬਲੀਕੇਸ਼ਨ ਦਾ ਕੰਮ ਬੋਰਡ ਪਾਸ ਹੀ ਰਹੇਗਾ ਜਾਂ ਨਹੀਂ ?

**ਮਾਨਯੋਗ ਸਪੀਕਰ** : ਹਾਂ ਜੀ, ਐਜੂਕੇਸ਼ਨ ਮਨਿਸਟਰ ਸਾਹਿਬ, ਰਿਪਲਾਈ ਦੇਣਾ ਚਾਹੋਗੇ ?

**ਸਿੱਖਿਆ ਮੰਤਰੀ** : ਸਪੀਕਰ ਸਾਹਿਬ, ਜਥੇਦਾਰ ਤੋਤਾ ਸਿੰਘ ਜੀ ਤਾਂ ਆਪ ਬੋਰਡ ਦਾ ਬੇੜਾ ਗਰਕ ਕਰਕੇ ਗਏ ਸੀ। ਸਾਲ 2000 ਦੇ ਵਿਚ ਐਸੀ ਮੈਨੇਜਮੈਂਟ ਕੀਤੀ ਗਈ ਕਿ ਸਰਕਾਰ ਦੀਆਂ ਸਾਰੀਆਂ ਤਾਕਤਾਂ ਖਤਮ ਕਰ ਗਏ। ਅਸੀਂ ਤਾਂ ਸਿਰਫ ਉਹੀ ਕੁਝ ਹੀ ਇੰਪਲੀਮੈਂਟ ਕੀਤਾ ਹੈ। ਜਦੋਂ ਬੋਰਡ ਬਣਿਆ ਸੀ, ਉਸ ਦੀਆਂ ਜੋ ਤਾਕਤਾਂ 1969 ਦੇ ਵਿਚ ਸਨ, ਉਹ ਕਾਇਮ ਕੀਤੀਆਂ ਹਨ। ਹੋਰ ਅਸੀਂ ਕੁਝ ਨਹੀਂ ਕੀਤਾ। ਇਹ ਤਾਂ 9 ਕਹਿੰਦੇ ਹਨ ਪਰ ਅਸੀਂ ਸਿਰਫ-ਪਹਿਲਾਂ ਮੈਂ ਸਰਦਾਰ ਬੀਰ ਦਵਿੰਦਰ ਸਿੰਘ ਦੀ ਗੱਲ ਦਾ ਜਵਾਬ ਦੇ ਦੇਵਾਂ। ਸਰਕਾਰ ਕਿਤਾਬਾਂ ਦੀ ਪ੍ਰਿੰਟਿੰਗ ਆਪ ਨਹੀਂ ਕਰੇਗੀ ਅਤੇ ਨਾ ਹੀ ਕੋਈ ਕੰਮ ਬੋਰਡ ਤੋਂ ਖੋਹੇਗੀ। ਹੁਣ ਮੈਂ ਇਹ ਗੱਲ ਕਲੀਅਰ ਕਰ ਦੇਵਾਂ ਕਿ ਪਹਿਲੀ ਗੱਲ ਤਾਂ ਇਹ ਹੈ ਕਿ ਤੁਸੀਂ ਕਹਿੰਦੇ ਹੋ ਕਿ ਕੋਈ ਨਕਲ ਨਹੀਂ ਹੋਈ। ਮੈਂ ਕਹਿੰਦਾ ਹਾਂ ਕਿ ਨਕਲ ਇਤਨੀ ਹੋਈ ਹੈ ਕਿ

Original with;
Punjab Vidhan Sabha
Digitized by;
Panjab Digital Library

[ਸਿੱਖਿਆ ਮੰਤਰੀ]

ਜਿਹੜਾ ਉਥੋਂ ਦਾ ਚੇਅਰਮੈਨ ਹੈ, ਉਸ ਦੇ ਖਿਲਾਫ ਐਫ.ਆਈ.ਆਰ. ਦਰਜ ਕਰਵਾਉਣੀ ਪਈ ਔਰ ਇਸ ਸਬੰਧੀ ਵਿਜੀਲੈਂਸ ਦਾ ਕੇਸ ਚਲ ਰਿਹਾ ਹੈ। ਕੁਰੱਪਸ਼ਨ ਇਤਨੀ ਹੋਈ ਕਿ 134 ਕਲਰਕ ਸਾਲ 2001 ਦੇ ਵਿਚ ਤੁਸੀਂ ਭਰਤੀ ਕਰ ਲਏ, ਜਿਸ ਦਾ ਅਜ ਤੱਕ ਕੋਰਟ ਕੇਸ ਚਲਦਾ ਪਿਆ ਹੈ। ਇਸ ਤੋਂ ਇਲਾਵਾ ਜਿਹੜੀ ਵਿਜੀਲੈਂਸ.........(ਵਿਘਨ)

(ਇਸ ਸਮੇਂ ਸਰਦਾਰ ਤੋਤਾ ਸਿੰਘ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ** : ਤੁਸੀਂ ਇੰਟਰਪਟ ਨਾ ਕਰੋ। ਇਨ੍ਹਾਂ ਨੂੰ ਬੋਲਣ ਦਿਓ।

**ਸਿੱਖਿਆ ਮੰਤਰੀ** : ਉਥੇ ਜਿਹੜੀ ਸਕੂਲਾਂ ਦੇ ਵਿਚ ਐਫੀਲੀਏਸ਼ਨ ਦਿੱਤੀ ਜਾਂਦੀ ਸੀ, ਉਥੋਂ ਦੀ ਜਿਹੜੀ ਓ.ਐਸ.ਡੀ. ਟੂ ਚੇਅਰਮੈਨ ਸੀ, ਉਸ ਨੂੰ ਐਫੀਲੀਏਸ਼ਨ ਦੇ ਕੇਸ ਬਾਰੇ ਰਿਕੂਮੈਂਡੇਸ਼ਨ ਹੋਈ ਕਿ ਇਸ ਨੂੰ ਕੱਢ ਦਿੱਤਾ ਜਾਵੇ। ਇਹੋ ਜਿਹੇ ਕੁਰੱਪਸ਼ਨ, ਬੇਈਮਾਨੀਆਂ, ਠੱਗੀਆਂ ਦੇ ਖਿਲਾਫ ਅਸੀਂ ਸਾਫ ਸੁਥਰਾ ਬਿਲ ਲਿਆਂਦਾ ਹੈ ਕਿ ਜਿਹੜੇ ਕਿਸੇ ਨੂੰ ਵਾਧੂ ਜਾਂ ਫਾਲਤੂ ਅਧਿਕਾਰ ਹਾਸਲ ਹੋ ਗਏ ਸੀ ਜਿਸ ਕਾਰਣ ਉਹ ਸਰਕਾਰ ਦੀ ਪਰਵਾਹ ਹੀ ਨਹੀਂ ਸਨ ਕਰਦੇ, ਉਹ ਠੀਕ ਕੀਤਾ ਹੈ। ਹੋਰ ਤਾਂ ਕੋਈ ਤਜਵੀਜ਼ ਨਵੀਂ ਨਹੀਂ ਹੈ, ਸਿਰਫ ਇਹ ਹੀ ਹੈ ਕਿ ਕੁਰੱਪਸ਼ਨ, ਬੇਈਮਾਨੀ ਅਤੇ ਠੱਗੀ ਦੂਰ ਕਰਨ ਵਾਸਤੇ, ਇਹ ਚੀਜ਼ਾਂ ਖਤਮ ਕਰਨ ਵਾਸਤੇ ਇਹ ਸਾਰਾ ਕੰਮ ਕੀਤਾ ਗਿਆ ਹੈ। ਹੁਣ ਸਾਡੇ ਸਾਬਕਾ ਐਜੂਕੇਸ਼ਨ ਮਨਿਸਟਰ ਸਾਹਿਬ ਚੁੱਪ ਕਰ ਗਏ ਹਨ (ਹਾਸਾ)

**Mr. Speaker :** Question is—

That the Punjab School Education Board (Amendment) Bill be taken into consideration at once.

*The motion was carried.*

**Mr. Speaker :** Now the House will proceed to consider the Bill Clause by Clause.

**Sub-Clause (2) of Clause 1**

**Mr. Speaker :** Question is—

That Sub-Clause (2) of Clause 1 stand part of the Bill.

(At this stage, some Hon'ble Members from the Shiromani Akali Dal demanded voting)

**ਮਾਨਯੋਗ ਸਪੀਕਰ** : ਵੋਟਿੰਗ ਲਈ ਰਿੰਗ ਕਰਨੀ ਜ਼ਰੂਰੀ ਹੈ।.

(ਇਸ ਸਮੇਂ - 5.05 ਮਿੰਟ ਤੇ - ਰਿੰਗ ਵਜਣੀ ਸ਼ੁਰੂ ਹੋ ਗਈ)

Original with;
Punjab Vidhan Sabha
Digitized by;
Panjab Digital Library

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੋਜ਼ਗਾਰ ਅਤੇ ਚੋਣਾਂ ਮੰਤਰੀ :** ਸਪੀਕਰ ਸਾਹਿਬ, ਰਿੰਗ ਬਾਹਰ ਨਹੀਂ ਸੁਣ ਰਹੀ। ਕਿਰਪਾ ਕਰਕੇ ਰਿੰਗ ਦੁਬਾਰਾ ਵਜਾਈ ਜਾਵੇ।

**ਮਾਨਯੋਗ ਸਪੀਕਰ :** ਰਿੰਗ ਦੋ ਮਿੰਟ ਲਈ ਵੱਜੇਗੀ। ਇਸ ਦੀ ਰੂਲਾਂ ਵਿੱਚ ਪ੍ਰੋਵੀਜ਼ਨ ਹੈ। ਉਸ ਤੋਂ ਬਾਅਦ ਹੀ ਵੋਟਿੰਗ ਹੋਵੇਗੀ।

(ਰਿੰਗ 5.07 ਮਿੰਟ ਤੇ ਖਤਮ ਹੋ ਗਈ। ਇਸ ਤੋਂ ਪਹਿਲਾਂ ਬਹੁਤ ਸਾਰੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਾਹਿਬਾਨ ਹਾਊਸ ਅੰਦਰ ਆ ਗਏ।)

**ਮਾਨਯੋਗ ਸਪੀਕਰ :** ਹਾਂ ਜੀ, ਕੀ ਹੁਣ ਵੋਟਿੰਗ ਦੀ ਜ਼ਰੂਰਤ ਹੈ ?

(ਇਸ ਦਾ ਕੋਈ ਜਵਾਬ ਨਹੀਂ ਆਇਆ।)

*The motion was carried.*

## Clause 2

**Mr. Speaker :** There is a Notice of Amendment to Clause 2 by Shri Tikshan Sud, MLA, which shall be deemed to have been read and moved.

> That in place of existing proposed sub-clause (e) of Clause 2 of the Punjab School Education Board (Amendment) Bill, 2005, the following sub-clause (e) of clause 2 shall be substituted—
>
> "(e) Three members of Punjab Legislative Assembly to be elected amongst themselves by Punjab Vidhan Sabha".

**ਸ਼੍ਰੀ ਤਿਕਸ਼ਨ ਸੂਦ :** ਸਰ, ਮੈਂ ਤਾਂ ਇਸ ਅਮੈਂਡਮੈਂਟ ਤੇ ਪਹਿਲਾਂ ਹੀ ਬੋਲ ਚੁੱਕਾ ਹਾਂ, ਪਰ ਮੰਤਰੀ ਜੀ ਵੱਲੋਂ ਜਵਾਬ ਨਹੀਂ ਆਇਆ।

**Mr. Speaker :** Question is—

> That in place of existing proposed, Sub-Clause (e) of Clause 2 of the Punjab School Education Board (Amendment) Bill, 2005, the following Sub-Clause (e) of Clause 2 shall be substituted :-
>
> "(e) Three members of Punjab Legislative Assembly to be elected amongst themselves by the Punjab Vidhan Sabha".

*The motion was lost.*

*Original with;*
Punjab Vidhan Sabha
*Digitized by;*
Panjab Digital Library

**Mr. Speaker :** Question is—

That Clause-2 stand part of the Bill.

*The motion was carried.*

**Clauses 3 to 12**

**Mr. Speaker :** As there is no amendment to Clauses 3 to 12, if the House agrees, these Clauses be put together to the vote of the House.

(Voices : Yes, yes)

**Mr. Speaker :** Question is—

That Clauses 3 to 12 stand part of the Bill.

*The motion was carried.*

**Sub-Clause (1) of Clause 1**

**Mr. Speaker :** Question is—

That Sub-Clause (1) of Clause 1 stand part of the Bill.

*The motion was carried.*

**TITLE**

**Mr. Speaker :** Question is—

That Title be the Title of the Bill.

*The motion was carried.*

**Mr. Speaker :** Now the Minister to move that the Bill be passed.

**Education Minister (Schools) (Shri Harnam Dass Johar) :** Sir, I beg to move—

That the Punjab School Education Board (Amendment) Bill be passed.

**Mr. Speaker :** Motion moved—

That the Punjab School Education Board (Amendment) Bill be passed.

**Mr. Speaker :** Question is—

That the Punjab School Education Board (Amendment) Bill be passed.

Original with;
Punjab Vidhan Sabha
Digitized by;
Panjab Digital Library

## (iii) THE PUNJAB FISCAL RESPONSIBILITY AND BUDGET MANAGEMENT (AMENDMENT) BILL, 2005

**Finance and Planning and Institutional Finance and Banking Minister (Shri Surinder Singla) :** Sir, I beg to introduce the Punjab Fiscal Responsibility and Budget Management (Amendment) Bill.

Sir, I also beg to move—

> That the Punjab Fiscal Responsibility and Budget Management (Amendment) Bill be taken into consideration at once.

**Mr. Speaker :** Motion moved—

> That the Punjab Fiscal Responsibility and Budget Management (Amendment) Bill be taken into consideration at once.

**Mr. Speaker :** Discussion, if any Hon'ble Member wants to speak. Yes, Sardar Adesh Partap Singh Kairon ji.

**ਸਰਦਾਰ ਅਦੇਸ਼ ਪ੍ਰਤਾਪ ਸਿੰਘ ਕੈਰੋਂ (ਪੱਟੀ) :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਸ ਬਿਲ ਬਾਰੇ ਕੁਝ ਕਲੈਰੀਫਿਕੇਸ਼ਨਜ਼ ਲੈਣੀਆਂ ਚਾਹੁੰਦਾ ਹਾਂ, ਕੁਝ ਗੱਲਾਂ ਪੁੱਛਣੀਆਂ ਚਾਹੁੰਦਾ ਹਾਂ। ਇਹ ਫਾਈਨਾਂਸ ਦਾ ਬਿਲ ਹੈ, ਮੈਂ ਬੇਨਤੀ ਕਰਾਂਗਾ ਕਿ ਮੰਤਰੀ ਜੀ ਇਸ ਦੇ ਐਕਸਪਲਾਨੇਟਰੀ ਨੋਟ ਵਿਚ ਕੁਝ ਸਪੈਲਿੰਗ ਮਿਸਟੇਕਸ ਜੋ ਰਹਿ ਗਈਆਂ ਹਨ, ਉਨ੍ਹਾਂ ਨੂੰ ਠੀਕ ਕਰਕੇ ਇਸ ਨੂੰ ਇਲੈਬੋਰੇਟ ਬਣਾਉਣ ਦੀ ਕੋਸ਼ਿਸ਼ ਕਰਨ। ਇਸ ਨਾਲ ਬੇਸ਼ੱਕ ਸਟੇਟ ਨੂੰ ਫਾਇਦਾ ਹੋ ਰਿਹਾ ਹੈ, ਪੈਸੇ ਬਚ ਰਹੇ ਹਨ। ਪਰ ਇਸ ਵਿਚ ਇਹ ਚੀਜ਼ ਕਲੀਅਰ ਹੋਣੀ ਚਾਹੀਦੀ ਹੈ ਕਿ ਜੋ ਲੋਨ ਹੈ, ਉਸਦੀ ਇਨਸਟਾਲਮੈਂਟ ਪਹਿਲਾਂ ਕੀ ਸੀ ਤੇ ਹੁਣ ਕੀ ਹੈ, ਉਸਦੀ ਇਕ ਝਾਤ ਹੋਣੀ ਚਾਹੀਦੀ ਹੈ। ਨਾਲ ਪਹਿਲਾਂ ਇਸ ਦਾ ਰੇਟ ਆਫ ਇੰਟਰਸਟ ਕੀ ਸੀ ਤੇ ਜਿਹੜਾ ਹੁਣ ਲਾਇਆ ਜਾ ਰਿਹਾ ਹੈ 7%—8%, ਉਸ ਦੇ ਨਾਲ ਕੀ ਸੇਵਿੰਗਜ਼ ਹਨ, ਬਕਾਇਦਾ ਉਸਦੀ ਝਾਤ ਹੋਣੀ ਚਾਹੀਦੀ ਹੈ। ਨਾਲ ਮੈਂ ਇਹ ਵੀ ਕਹਾਂਗਾ ਕਿ ਜੇ ਸਟੇਟ ਨੇ ਹੋਰ ਪਹਿਲਾਂ ਕੋਈ ਲੋਨ ਰੇਜ਼ ਕੀਤੇ ਹਨ, ਜੇ ਇਸ ਤੋਂ ਲੋਅਰ ਰੇਟ ਤੇ ਹੁਣ ਰੇਜ਼ ਕੀਤੇ ਹਨ, ਤਾਂ ਉਸਦਾ ਡਿਫਰੈਂਸ ਜਿਹੜਾ ਹੈ, ਇਹ ਕਿਸ ਕਰਕੇ ਹੈ, ਉਸ ਰੇਟ ਤੇ ਕਿਉਂ ਨਹੀਂ ਲਿਆ ਜਾ ਰਿਹਾ ? ਜੇ 6.9%, 6.75% ਤੇ ਪੈਸਾ ਮਿਲ ਰਿਹਾ ਹੈ ਤਾਂ ਇਹ 7.50%, 7.75% ਤੇ ਕਿਉਂ ਲਿਆ ਜਾ ਰਿਹਾ ? ਮੇਰਾ ਗੱਲਾਂ ਪੁੱਛਣ ਦਾ ਮਤਲਬ ਇਹ ਨਹੀਂ ਕਿ ਮੈਂ ਕੋਈ ਨੁਕਸ ਲੱਭ ਰਿਹਾ ਹਾਂ। ਇਸ ਦੇ ਵਿਚ ਇਨਫਰਮੇਸ਼ਨ ਏਨੀ ਹੈ ਨਹੀਂ। ਮੈਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਮੀਆਂ ਕਿਸ ਕਾਰਨ ਤੇ ਕਿਉਂ ਹਨ ? ਫਿਰ ਇਸ ਤੋਂ ਅੱਗੇ ਅਸੀਂ ਕਹਿੰਦੇ ਹਾਂ ਕਿ ਅਸੀਂ ਰੈਵੇਨਿਊ ਡੈਫੀਸਿਟ ਨੂੰ ਬਿਲਕੁਲ ਹੀ ਇਲੀਮੀਨੇਟ ਕਰ ਦੇਣਾ ਹੈ, ਅਸੀਂ ਟਾਰਗੈਟ ਫਿਕਸ ਕਰ ਲੈਣੇ ਹਨ, ਫਿਸਕਲ ਡੈਫੀਸਿਟ ਲਿਆ ਦੇਣਾ ਹੈ। ਇਸ ਸਬੰਧ

Original with;
Punjab Vidhan Sabha
Digitized by;

[ਸਰਦਾਰ ਅਦੇਸ਼ ਪ੍ਰਤਾਪ ਸਿੰਘ ਕੈਰੋਂ]

ਵਿਚ ਮੇਰਾ ਆਪਣਾ ਪੁਆਇੰਟ ਆਫ ਵਿਊ ਹੈ, ਮੰਤਰੀ ਜੀ ਵੀ ਦੱਸਣਗੇ ਕਿ ਜਿਹੜਾ ਫਿਸਕਲ ਡੈਫੀਸਿਟ ਹੈ, ਕੀ ਇਹ ਮਾੜਾ ਹੈ ? ਇਸ ਦਾ ਆਂਸਰ ਕਲੀਅਰ ਕੱਟ ਹੈ ਨਹੀਂ, ਇਸ ਦਾ ਆਂਸਰ ਹੈ ਸਿਰਫ ਯੈਸ ਐਂਡ ਨੋ , ਚੰਗਾ ਵੀ ਹੈ, ਮਾੜਾ ਵੀ ਹੈ। ਇਹ ਇਸ ਗੱਲ ਤੇ ਡਿਪੈਂਡ ਕਰਦਾ ਹੈ ਕਿ ਸਟੇਟ ਦੇ ਹਾਲਾਤ ਕੀ ਹਨ। ਸਟੇਟ ਦੀ ਇਕਾਨਮੀ ਵਿਚ ਕਿਸੇ ਵੇਲੇ ਰੀਸੈਸ਼ਨ ਆ ਜਾਂਦਾ ਹੈ। ਤੁਸੀਂ ਉਸ ਵੇਲੇ ਕਹੋ ਕਿ ਸਟੇਟ ਦੀ ਸਪੈਂਡਿੰਗ ਘਟਾ ਦੇਵਾਂਗੇ, ਤਾਂ ਰੀਸੈਸ਼ਨ ਨੂੰ ਤੁਸੀਂ ਐਡ ਕਰ ਰਹੇ ਹੋ। ਕਿਸੇ ਵੇਲੇ ਇਹ ਹੋ ਜਾਂਦਾ ਹੈ ਕਿ ਕਰਜ਼ਾ ਸਸਤਾ ਮਿਲ ਰਿਹਾ ਹੈ, ਰੇਟ ਆਫ ਇੰਟਰਸਟ ਲੋਅ ਹੈ, ਕੀ ਉਸ ਵੇਲੇ ਲੋਨ ਲੈਣਾ ਮਾੜਾ ਹੈ ? ਇਸ ਦਾ ਆਂਸਰ ਹੈ, may be it is a good idea then, ਕਿ ਲੋਨ ਲੈ ਕੇ ਤੁਸੀਂ ਪਹਿਲੇ ਜਿਹੜੇ ਲੋਨ ਹਨ, ਉਨ੍ਹਾਂ ਨੂੰ ਰੀਪੇਅ ਕਰਨ ਦੀ ਕੋਸ਼ਿਸ਼ ਕਰੋ। ਫੇਰ ਕਈ ਥਾਵਾਂ ਤੇ ਇਹ ਹੋ ਜਾਂਦਾ ਹੈ ਕਿ ਜਦੋਂ ਫਿਸਕਲ ਡੈਟੀਸਿਟ ਦੀ ਗੱਲ ਆ ਜਾਂਦੀ ਹੈ, ਉਸਨੂੰ ਕਿਵੇਂ ਕੰਟਰੋਲ ਵਿਚ ਲਿਆ ਸਕਦੇ ਹਾਂ। ਨੰਬਰ ਇੱਕ ਇਹ ਹੈ ਜੀ ਕਿ ਤੁਸੀਂ ਰੈਵੇਨਿਊ ਡੈਫੀਸਿਟ ਨੂੰ ਰਿਡਿਊਸ ਕਰ ਲਓ, ਫੇਰ ਤੁਸੀਂ ਆਪਣਾ ਕੈਪੀਟਲ ਐਕਸਪੈਂਡੀਚਰ ਜੋ ਹੈ, ਉਸਨੂੰ ਰਿਡਿਊਸ ਕਰ ਲਓ। ਇਹ ਚੀਜ਼ਾਂ ਕਰ ਕਰਾ ਕੇ ਤੁਸੀਂ ਕੰਟਰੋਲ ਕਰਨ ਦੀ ਕੋਸ਼ਿਸ਼ ਕਰਦੇ ਹੋ। ਹੁਣ ਜਿਹੜਾ ਰੈਵੇਨਿਊ ਡੈਫੀਸਿਟ ਹੈ, ਇਹ ਕਿਵੇਂ ਕੰਟਰੋਲ਼ ਹੋ ਸਕਦਾ ਹੈ, ਜਾਂ ਇਹ ਕਿਵੇਂ ਵੱਧ ਸਕਦਾ ਹੈ। ਇਸ ਵਿਚ ਗੱਲ ਕਲੀਅਰ ਹੈ ਕਿ ਜਿਹੜਾ ਆਪਣਾ ਰੈਵੇਨਿਊ ਹੈ, ਉਸ ਲਈ ਜਾਂ ਤਾਂ ਟੈਕਸ ਵਧਾਉ, ਟੈਕਸ ਇਨਕਰੀਜ਼ ਕਰੋ, ਕੈਪੀਟਲ ਐਕਸਪੈਂਡੀਚਰ ਰਿਡਿਊਸ ਕਰੋ। ਹੁਣ ਕੈਪੀਟਲ ਐਕਸਪੈਂਡੀਚਰ ਕਿਥੇ ਜਾ ਕੇ ਰਿਡਿਊਸ ਹੋਵੇਗਾ ? ਸਾਰਿਆਂ ਨਾਲੋਂ ਪਹਿਲਾਂ ਉਹ ਕੈਪੀਟਲ ਐਕਸਪੈਂਡੀਚਰ ਰਿਡਿਊਸ ਹੋਵੇਗਾ ਜਿਹੜਾ ਤੁਹਾਨੂੰ ਲਾਂਗ ਟਰਮ ਆਮਦਨੀ ਨਹੀਂ ਕ੍ਰੀਏਟ ਕਰ ਰਿਹਾ। ਜਿਹੜਾ ਹਸਪਤਾਲਾਂ ਦਾ ਜਿਵੇਂ ਸਾਡੀਆਂ ਸੋਸ਼ਲ ਆਬਲੀਗੇਸ਼ਨਜ਼ ਹਨ, which are not being measured by this at all ਉਸਦੀ ਸਰਕਾਰ ਦੀ ਆਪਣੀ ਸੋਸ਼ਲ ਆਬਲੀਗੇਸ਼ਨਜ਼ ਨੂੰ ਮੀਟ ਕਰਨ ਲਈ ਪੈਸੇ ਲਾਉਣ ਦੀ ਕੀ ਕਮਿਟਮੈਂਟ ਰਹਿ ਜਾਵੇਗੀ ? ਹਸਪਤਾਲਾਂ ਦਾ ਕੰਮ ਹੈ, ਸੜਕਾਂ ਦਾ ਕੰਮ ਹੈ, ਐਜੂਕੇਸ਼ਨ ਦਾ ਕੰਮ ਹੈ, ਕਈ ਇਹੋ ਜਿਹੇ ਕੰਮ ਹਨ ਜਿਨ੍ਹਾਂ ਨੂੰ ਤੁਸੀਂ in terms of money ਕੁਐਂਟਮਲੀ ਨਹੀਂ ਕਲੀਅਰ ਕਰ ਸਕਦੇ, but which give a lot of social comfort to the people. ਹੁਣ ਜਦੋਂ ਅਸੀਂ ਆਪਣੇ ਆਪ ਸਾਰਾ ਕੁਝ ਕਰਟੇਲ ਕਰੀ ਜਾਂਦੇ ਹਾਂ, ਕਈ ਪ੍ਰੋਗਰਾਮ ਅੱਛੇ ਆ ਜਾਣਗੇ, ਇਨਫਰਾਸਟ੍ਰਕਚਰ ਡਿਵੈਲਪ ਕਰਨਾ ਪੈਂਦਾ ਹੈ, ਹੋਰ ਕਰਨਾ ਪੈਂਦਾ ਹੈ, which may pay next year, which may pay in two years, which may start paying in five years, 10 years ਉਸ ਦੀ ਇਨਵੈਸਟਮੈਂਟ ਜਿਹੜੀ ਹੈ, ਉਹ ਘਟਣੀ ਸ਼ੁਰੂ ਹੋ ਜਾਵੇਗੀ। ਮੇਰਾ ਖਿਆਲ ਹੈ ਕਿ State will go towards those Schemes ਜਿਵੇਂ Build Operate and Transfer (B.O.T.) or Build operate own transfer) ਜਾਂ ਜੋ ਵੀ ਹੋਣ, ਜਾਂ ਜਿਹੜਾ ਉਨ੍ਹਾਂ ਨੂੰ ਕੋਈ ਹੋਰ ਨਾ ਦੇਣਾ ਚਾਹੇ। ਉਸ ਤਰ੍ਹਾਂ ਦੀਆਂ ਸਕੀਮਾਂ ਨੂੰ ਸਟੇਟ ਹੁਣ ਕਰਨਾ ਸ਼ੁਰੂ ਕਰ ਦੇਵੇਗੀ। ਇਹ ਹੋਰ ਸਟੇਟ ਦੀ ਟੈਂਪਟੇਸ਼ਨ ਬਣ ਜਾਵੇਗੀ ਇਸ ਨੂੰ ਘਟਾਉਣ ਵਾਸਤੇ, ਉਹ ਇਹ ਹੈ ਕਿ ਤੁਸੀਂ ਆਪਣੀ ਆਮਦਨੀ ਵਧਾਉਣ ਵਾਸਤੇ ਆਪਣੇ ਪੀ.ਐਸ.ਯੂਜ਼. ਸ਼ੇਅਰ ਵੇਚਣੇ ਸ਼ੁਰੂ ਕਰ ਦੇਵੋਗੇ ਅਤੇ ਉਹਦੇ ਉਤੇ ਵੀ ਕੀ ਕੋਈ ਕੰਟਰੋਲ ਹੋਏਗਾ ਕਿ ਇਸ ਤਰ੍ਹਾਂ ਦੀ ਟੈਂਪਟੇਸ਼ਨ ਨਾ ਹੋਵੇ ਅਤੇ ਇਹ ਸ਼ੇਅਰ ਨਾ ਵੇਚੇ ਜਾਣ ? ਇਸ ਤੋਂ ਅੱਗੇ ਕਈ ਸਰਕਾਰੀ ਜ਼ਮੀਨਾਂ ਹਨ ਜਿਵੇਂ ਇਰੀਗੇਸ਼ਨ ਡਿਪਾਰਟਮੈਂਟ ਕੋਲ ਹੈ, ਹੋਰਾਂ ਮਹਿਕਮਿਆਂ ਕੋਲ ਹੈ। ਉਨ੍ਹਾਂ ਸਰਕਾਰੀ ਜ਼ਮੀਨਾਂ ਦੀ ਸੇਲ ਹੋਣੀ ਸ਼ੁਰੂ ਹੋ ਜਾਂਦੀ ਹੈ।

Original with;
Punjab Vidhan Sabha
Digitized by;
Panjab Digital Library

ਕਿਉਂਕਿ ਹੋਰ ਤਾਂ ਲੋਨ ਰੇਜ਼ ਨਹੀਂ ਕਰ ਸਕਦੇ, why not start selling this type of land/ assets. ਇਸ ਤਰ੍ਹਾਂ ਦੀਆਂ ਕਈ ਨਿੱਕੀਆਂ ਨਿੱਕੀਆਂ ਗੱਲਾਂ ਹਨ ਜਿਹੜੀਆਂ ਭਵਿੱਖ ਵਿੱਚ ਤੁਰ ਪੈਂਦੀਆਂ ਹਨ। ਮੇਰਾ ਸੁਜੈਸ਼ਨ ਹੈ, ਆਪਾਂ Gross State Domestic Production ਦੀ ਗੱਲ ਕਰਦੇ ਹਾਂ why not talk about net state domestic product ਜਿੰਨਾਂ ਇਨਫਰਾਸਟਰਕਚਰ ਆਲਰੈਡੀ ਐਗਜਿਸਟ ਕਰਦਾ ਹੈ ਉਸਨੂੰ ਮੇਨਟੇਨ ਕਰਨ ਵਾਸਤੇ, ਉਸਦੀ ਡੈਪਰੀਸੀਏਸ਼ਨ ਜਿਹੜੀ ਹੋ ਰਹੀ ਹੈ, ਜ਼ਿਆਦਾ ਪੁਰਾਣੇ ਹੋਣ ਕਰਕੇ ਉਸਦੀ ਜ਼ਿਆਦਾ ਰਿਪੇਅਰ ਹੋ ਰਹੀ ਹੈ, ਉਸ ਤੇ ਸਟੇਟ ਦਾ ਪੈਸਾ ਲੱਗ ਰਿਹਾ ਹੈ ਉਸ ਨੂੰ ਵਿੱਚ ਨਾ ਕਾਊਂਟ ਕੀਤਾ ਜਾਵੇ, that is the commitment of the State. The State has to take care of its infrastructure. ਜੇਕਰ ਉਸ ਪੈਸੇ ਨੂੰ ਵੀ ਗਿਣ ਲਈਏ ਤਾਂ ਪੈਸਾ for good schemes and positive schemes ਘਟਣਾ ਸ਼ੁਰੂ ਹੋ ਜਾਵੇਗਾ। ਮੈਂ ਕੋਈ ਸ਼ੰਕਾ ਨਹੀਂ ਕਰਦਾ। ਮੈਂ ਸਮਝਦਾ ਹਾਂ ਕਿ it is a dynamic matter. ਤੁਸੀਂ ਆਪਣੇ ਆਪ ਨੂੰ ਪਹਿਲਾਂ ਹੀ ਬੰਨ੍ਹ ਲਓ ਕਿ ਅਸੀਂ ਆਹ ਨਹੀਂ ਕਰਾਂਗੇ, ਆਹ ਨਹੀਂ ਕਰਾਂਗੇ and the situation may be different and it may warrant different things. ਆਪਣੇ ਆਪ ਨੂੰ ਮੈਂ ਸਮਝਦਾ ਹਾਂ ਕਿ ਏਨਾ ਨਹੀਂ ਬੰਨ੍ਹ ਲੈਣਾ ਚਾਹੀਦਾ ਕਿ ਅਸੀਂ ਇਹ ਕਰਨਾ ਹੀ ਨਹੀਂ ਹੈ। ਜੇਕਰ ਹੋਰ ਅੱਗੇ ਦੇਖੀਏ, ਮੈਂ ਗਲਤ ਵੀ ਹੋ ਸਕਦਾ ਹਾਂ ਕਿਉਂਕਿ ਏਨੀ ਜਲਦੀ ਵਿੱਚ ਪੂਰੇ ਕਾਗਜ਼ ਵੀ ਪੂਰੀ ਤਰ੍ਹਾਂ ਰੀਸਰਚ ਨਹੀਂ ਕੀਤੇ ਜਾ ਸਕਦੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਡੈਟ (ਲੋਨ) ਹਨ ਜਿਹੜਾ ਫਾਇਨਾਂਸ ਅਕਾਊਂਟ ਪੰਜਾਬ ਦਾ ਚਾਰ-ਪੰਜ ਦਿਨ ਪਹਿਲਾਂ ਦਿੱਤਾ ਗਿਆ ਸੀ, ਜਿਨ੍ਹਾਂ ਵਿੱਚ ਸੈਂਟਰਲ ਸਰਕਾਰ ਦੇ ਲੋਨਜ਼ ਕੋਈ 20% ਹਨ ਬਾਕੀ ਹੋਰ ਵੀ ਹਨ, ਇਸ 20% ਕਰਕੇ ਅਸੀਂ ਆਪਣੇ 80% ਨੂੰ ਫਰੀਜ਼ ਕਰ ਲਵਾਂਗੇ। ਬੱਸ ਇਹ ਹੀ ਕੁਝ ਨਿੱਕੀਆਂ ਮੋਟੀਆਂ ਗੱਲਾਂ ਹਨ। ਮੈਂ ਮੰਤਰੀ ਜੀ ਨੂੰ ਇਹ ਬੇਨਤੀ ਕਰਾਂਗਾ ਕਿ ਥੋੜ੍ਹਾ ਜਿਹਾ ਚਾਨਣਾ ਪਾ ਦੇਣ। ਮੈਂ ਇਹ ਨਹੀਂ ਕਹਿੰਦਾ ਕਿ ਇਨ੍ਹਾਂ ਕੋਲ ਇਸ ਦਾ ਕੋਈ ਜਵਾਬ ਨਹੀਂ ਹੈ, ਪਰ ਜਿਹੜਾ ਨਾਲ ਲਗਾਇਆ ਗਿਆ ਹੈ ਇਹ ਬਹੁਤ ਜ਼ਿਆਦਾ ਬਰੀਫ ਨੋਟ ਹੈ। ਇਸ ਵਿੱਚ ਸਪੈਲਿੰਗ ਮਿਸਟੇਕਸ ਤੋਂ ਇਲਾਵਾ ਹੋਰ ਵੀ ਕਈ ਖਾਮੀਆਂ ਹਨ। So kindly ਮੰਤਰੀ ਜੀ ਇਸ ਤੇ ਥੋੜ੍ਹਾ ਜਿਹਾ ਚਾਨਣਾ ਪਾ ਦੇਣ। Thank you.

**ਵਿੱਤ ਅਤੇ ਯੋਜਨਾ ਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ (ਸ਼੍ਰੀ ਸੁਰਿੰਦਰ ਸਿੰਗਲਾ) :** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਮੈਂਬਰ ਸਾਹਿਬ ਨੇ ਕੁਝ ਸੁਜੈਸ਼ਨਜ਼ ਵੀ ਦਿੱਤੇ ਹਨ। ਇਹ ਗੱਲ ਠੀਕ ਹੈ ਕਿ ਇਨਫਰਮੇਸ਼ਨ ਪੂਰੀ ਤਰ੍ਹਾਂ ਨਹੀਂ ਦਿਖਾਈ ਗਈ। ਪਰ ਫੈਕਟ ਇਹ ਹੈ ਕਿ ਆਲਰੇਡੀ ਅਸੀਂ ਫਿਸਕਲ ਰਿਸਪਾਂਸੇਬਿਲਟੀ ਐਕਟ ਪਾਸ ਕਰ ਚੁੱਕੇ ਹਾਂ। ਸਾਰੇ ਮੁਲਕ ਵਿੱਚ ਪੰਜਾਬ ਇਕ ਸੈਕਿੰਡ ਸਟੇਟ ਸੀ ਆਫਟਰ ਕਰਨਾਟਕਾ ਜਿਸ ਨੇ ਇਹ ਐਕਟ ਪਾਸ ਕੀਤਾ। ਇਹ ਇਸ ਕਰਕੇ ਲਿਆਏ ਹਾਂ ਕਿਉਂਕਿ 12ਵੇਂ ਫਾਇਨਾਂਸ ਕਮਿਸ਼ਨ ਦੀਆਂ ਇਹ ਸਿਫਾਰਸ਼ਾਂ ਹਨ ਅਤੇ ਕੁਝ ਹੋਰ ਹਨ ਕੁਝ ਮੈਨਡੇਟਰੀ ਵੀ ਹਨ। ਕੁਝ ਸਾਨੂੰ ਸਲਾਹਾਂ ਵੀ ਦਿੱਤੀਆਂ ਗਈਆਂ ਹਨ ਜਿਵੇਂ ਤੁਸੀਂ ਸਹੀ ਕਿਹਾ ਹੈ ਕਿ ਸਾਡਾ ਇਹ ਸਾਰਾ ਡੈਟ ਕਨਸਾਲੀਡੇਟਿਡ ਹੋ ਜਾਵੇਗਾ ਸਾਰੀ ਸਟੇਟ ਦਾ ਔਰ ਉਸਦਾ maturity period ਸਪੀਕਰ ਸਾਹਿਬ 12ਵੇਂ ਕਮਿਸ਼ਨ ਨੇ ਕਿਹਾ ਹੈ ਕਿ ਜਿਹੜਾ ਸੈਂਟਰਲ ਗੌਰਮਿੰਟ ਦਾ ਸਾਰਾ ਕਰਜ਼ਾ ਹੈ ਉਹ 20 ਸਾਲਾਂ ਵਿੱਚ ਪੇਅ ਕਰਨਾ ਹੈ ਔਰ ਉਸ ਦੀ ਵਿਆਜ ਦੀ ਦਰ ਚਾਹੇ 9.5 ਪ੍ਰਤੀਸ਼ਤ ਸੀ ਚਾਹੇ 11.5% ਸੀ ਕਿਉਂਕਿ 12ਵੇਂ ਕਮਿਸ਼ਨ ਦੀ ਰਿਪੋਰਟ ਸੈਂਟਰਲ ਗੌਰਮਿੰਟ ਨੇ

Original with;
Punjab Vidhan Sabha
Digitized by;
Panjab Digital Library

[ਵਿੱਤ ਤੇ ਯੋਜਨਾ ਤੇ ਸੰਸਦੀ ਵਿੱਤ ਅਤੇ ਬੈਂਕਿੰਗ ਮੰਤਰੀ]

ਮੰਨ ਲਈ ਹੈ ਇਸ ਕਰਕੇ ਇਹ ਜੇਕਰ ਪਹਿਲਾਂ ਪੰਜ ਸਾਲ ਵਿਚ ਪੇਅ ਕਰਨਾ ਸੀ ਤਾਂ ਉਹ ਹੁਣ 20 ਸਾਲਾਂ ਵਿੱਚ ਪੇਅ ਕਰਾਂਗੇ ਔਰ ਉਹਦੇ ਤੇ ਹੁਣ ਵਿਆਜ 11% ਤੋਂ ਘਟ ਕੇ 7.5% ਰਹਿ ਜਾਵੇਗਾ ਜਿਹੜਾ ਕਿ ਮਾਰਕੀਟ ਦੇ ਰੇਟ ਆਫ ਇੰਟ੍ਰੈਸਟ ਤੋਂ ਜਿਆਦਾ ਨਹੀਂ। ਦੂਜਾ, ਇਨ੍ਹਾਂ ਨੇ ਬੜਾ ਜ਼ਾਇਜ ਕੁਐਸਚਨ ਕੀਤਾ, ਇਹ ਬੜਾ ਜ਼ਰੂਰੀ ਹੈ। ਕਈ ਵਾਰ ਲਗਦਾ ਹੈ ਕਿ ਫਿਸਕਲ ਡੈਫਿਸਿਟ ਜਿਵੇਂ ਤੁਸੀਂ ਕਿਹਾ ਹੈ ਚੰਗਾ ਵੀ ਹੈ, ਬੁਰਾ ਵੀ ਹੈ, ਬਿਲਕੁਲ ਸਹੀ ਹੈ। ਜੇਕਰ ਫਿਸਕਲ ਡੈਫਿਸਿਟ ਅਸੀਂ ਸਟੇਟ ਲੋਨ ਰੇਜ਼ ਕਰਕੇ ਉਸ ਨੂੰ ਡਿਵੈਲਪਮੈਂਟ ਵਿੱਚ ਖਰਚੀਏ ਅਤੇ ਆਉਣ ਵਾਲੇ ਸਮੇਂ ਵਿੱਚ ਸਾਡਾ ਸਟੇਟ ਰੈਵੀਨਿਊ ਫਿਰ ਵਧ ਜਾਵੇ ਤਾਂ ਉਹ ਕਰਜ਼ਾ ਲੈ ਲੈਣਾ ਚੰਗੀ ਗੱਲ ਹੈ ਔਰ ਫਿਸਕਲ ਡੈਫੀਸਿਟ ਐਸੀ ਸਿਚੂਏਸ਼ਨ ਦੇ ਵਿੱਚ ਜ਼ਰੂਰੀ ਹੈ ਕਿ ਅਸੀਂ ਡਿਵੈਲਪਮੈਂਟ ਵਾਸਤੇ ਲੋਨ ਰੇਜ਼ ਕਰੀਏ ਪਰ ਜਦੋਂ, ਸਪੀਕਰ ਸਾਹਿਬ ਸਾਡਾ ਰੈਵੀਨਿਊ ਡੈਫਿਸਿਟ ਵਧ ਰਿਹਾ ਹੋਵੇ ਅਤੇ ਉਸ ਵਕਤ ਹੋਰ ਲੋਨ ਲੈ ਲਈਏ ਤਾਂ ਇਹ ਡੈੱਟ unsustainable ਹੋ ਜਾਵੇਗਾ ਜਿਸ ਦਾ ਅਸਰ ਇਹ ਹੋਵੇਗਾ ਕਿ ਉਸਦਾ ਸਟੇਟ ਦੀ ਇਕਾਨਮੀ ਨੂੰ ਬਹੁਤ ਵੱਡਾ ਨੁਕਸਾਨ ਹੋਏਗਾ। ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਕੋਈ ਇੰਡੀਵਿਜੂਅਲ ਆਦਮੀ ਬੈਂਕੁਰੱਪਟ ਹੋਵੇ ਤਾਂ ਉਸ ਦੀ ਬੈਂਕੁਰੱਪਸੀ ਲੋਕਾਂ ਕੋਲ ਨਹੀਂ ਜਾਂਦੀ। ਲੇਕਿਨ ਜਦੋਂ ਕੋਈ ਸਟੇਟ ਬੈਂਕੁਰੱਪਟ ਹੁੰਦੀ ਹੈ ਤਾਂ ਉਸ ਦੀ ਬੈਂਕੁਰੱਪਸੀ ਲੋਕਾਂ ਕੋਲ ਜਾਂਦੀ ਹੈ। ਮੈਂ ਮਿਸਾਲ ਦੇ ਤੌਰ ਤੇ ਦੱਸਦਾ ਹਾਂ ਜਿੰਨੀ ਵੀ ਇੰਡਸਟਰੀ ਦੀ ਪਾਲਿਸੀ ਅਨਾਊਂਸ ਕੀਤੀ ਗਈ ਕਿ ਅਸੀਂ ਆਹ-ਆਹ ਇਨਸੈਂਟਿਵ ਦੇਵਾਂਗੇ ਪ੍ਰੰਤੂ ਅਸੀਂ 10 ਸਾਲ ਤੱਕ ਜਿਹੜੇ ਵੀ ਇਨਸੈਂਟਿਵ ਬਣਦੇ ਸਨ, ਉਹ ਨਹੀਂ ਦੇ ਸਕੇ। ਉਸ ਦਾ ਅਸਰ ਇਹ ਹੋਇਆ ਕਿ ਜਿਹੜੀ ਇੰਡਸਟਰੀ ਨੂੰ ਇਹ ਇਨਸੈਂਟਿਵ ਮਿਲਣਾ ਸੀ, ਸਬਸਿਡੀ ਮਿਲਣੀ ਸੀ, ਉਹ ਨਾ ਮਿਲਣ ਕਰਕੇ ਉਹ ਸਾਰੇ ਯੂਨਿਟ ਸਿੱਕ ਹੋ ਗਏ। ਸਟੇਟ ਸਬਸਿਡੀ ਨਹੀਂ ਦੇ ਸਕੀ। ਜਿਸ ਕਰਕੇ ਸਾਰੇ ਯੂਨਿਟ ਸਿੱਕ ਹੋ ਗਏ। ਜਿਨ੍ਹਾਂ ਨੇ ਬੈਂਕਾਂ ਕੋਲੋਂ ਲੋਨ ਲਏ ਹੋਏ ਸਨ ਉਹ ਵੀ ਸਾਰੇ ਸਿੱਕ ਹੋ ਗਏ। ਜਦੋਂ ਸਟੇਟ ਬੈਂਕੁਰੱਪਟ ਹੋ ਗਈ ਤਾਂ ਉਸ ਦੀ ਬੈਂਕੁਰੱਪਸੀ ਬੈਂਕਾਂ ਕੋਲ ਗਈ। ਇਸ ਨੇ ਸਟੇਟ ਦੀ ਇਕਾਨਮੀ ਨੂੰ ਬੁਰੀ ਤਰ੍ਹਾਂ ਜਕੜ ਲਿਆ ਅਤੇ ਬਹੁਤ ਵੱਡਾ ਨੁਕਸਾਨ ਹੋਇਆ। ਇਸ ਕਰਕੇ ਉਦੋਂ ਤੱਕ ਲੋਨ ਰੇਜ਼ ਨਹੀਂ ਕਰਨਾ ਚਾਹੀਦਾ ਜਦੋਂ ਤੱਕ ਰੈਵਨਿਊ ਸਰਪਲੱਸ ਨਾ ਹੋਵੇ। ਇਹ ਜਿਹੜਾ ਬਿੱਲ ਸਾਨੂੰ ਇਮੀਜੇਟਲੀ ਲਿਆਉਣਾ ਪਿਆ ਹੈ, ਉਹ 12ਵੇਂ ਫਾਈਨਾਂਸ ਕਮਿਸ਼ਨ ਦੀਆਂ ਜਿਹੜੀਆਂ ਦੋ ਹੋਰ ਰਿਕੁਮੈਂਡੇਸ਼ਨਜ਼ ਹਨ। ਇਕ ਤਾਂ ਇਹ ਹੈ ਕਿ ਜਿਹੜਾ ਰੈਵੀਨਿਊ ਡੈਫੀਸ਼ਿਟ ਅਸੀਂ 2007 ਤੱਕ ਖਤਮ ਕਰਨਾ ਸੀ ਅਤੇ ਫਿਸਕਲ ਡਿਫੀਸਿਟ 2010 ਤੱਕ ਖਤਮ ਕਰਨਾ ਸੀ। ਇਸ ਕਰਕੇ ਜਿਹੜੀਆਂ ਰਿਕੁਮੈਂਡੇਸ਼ਨਜ਼ 12ਵੇਂ ਕਮਿਸ਼ਨ ਨੇ ਕੀਤੀਆਂ ਹਨ, ਉਨ੍ਹਾਂ ਦੇ ਨਾਲ ਸਾਨੂੰ 1072 ਕਰੋੜ ਰੁਪਏ ਦਾ ਫਾਇਦਾ ਹੋਣਾ ਹੈ। ਇਕ ਤਾਂ ਸਾਨੂੰ ਵਿਆਜ਼ ਦਾ ਫਾਇਦਾ ਹੋਣਾ ਹੈ। ਜਿਹੜਾ ਇੰਟਰਸਟ ਅਸੀਂ ਮਚਿਓਰਟੀ ਪੇਮੈਂਟ ਵਿਚ ਦੇਣਾ ਸੀ ਹੁਣ ਉਹ ਨਹੀਂ ਦੇਣਾ ਪਵੇਗਾ। ਇਸ ਤਰ੍ਹਾਂ ਸਾਨੂੰ 1,072 ਕਰੋੜ ਰੁਪਏ ਦਾ ਫਾਇਦਾ ਹੋਣਾ ਹੈ। ਇਸ ਨੂੰ ਡਿਸਿਪਲਿਨ ਕਰਨ ਵਾਸਤੇ ਇਹ ਐਕਟ ਲਿਆਉਣਾ ਪੈ ਰਿਹਾ ਹੈ ਤਾਂ ਜੋ ਆਉਣ ਵਾਲੀਆਂ ਸਰਕਾਰਾਂ ਨੂੰ ਇਹ ਧਿਆਨ ਰਹੇ ਕਿ ਐਸਾ ਖਰਚਾ ਜਿਸ ਦਾ ਕੋਈ ਲਾਭ ਨਹੀਂ ਹੈ, ਜਿਹੜਾ ਵੇਸਟਫੁਲ ਹੈ, ਉਸ ਨੂੰ ਰੋਕਣਾ ਚਾਹੀਦਾ ਹੈ ਅਤੇ ਜਿਸ ਨਾਲ ਰੈਵਨਿਊ ਡੈਫੀਸਿਟ ਘਟ ਜਾਵੇ। ਮੈਂ ਜਵਾਬ ਦੇ ਰਿਹਾ ਹਾਂ, ਮੈਨੂੰ ਫਿਰ ਆਪਣੇ

Original with;
Punjab Vidhan Sabha
Digitized by;
Panjab Digital Library

ਸਾਥੀ (ਸਾਬਕਾ ਐਫ.ਐਮ.) ਦੀ ਯਾਦ ਆ ਜਾਂਦੀ ਹੈ। ਮੈਂ ਸਮਝਦਾ ਹਾਂ ਕਿ ਇਸ ਐਕਟ ਰਾਹੀਂ ਪੁਰਾਣੇ ਐਕਟ ਵਿਚ ਥੋੜ੍ਹੀਆਂ ਅਮੈਂਡਮੈਂਟਾਂ ਕੀਤੀਆਂ ਹਨ ਤਾਂ ਜੋ 12ਵੇਂ ਵਿੱਤ ਕਮਿਸ਼ਨ ਦੁਆਰਾ ਜਿਹੜੇ 1,072 ਕਰੋੜ ਰੁਪਏ ਦੇ ਕਨਸੈਸ਼ਨਜ਼ ਮਿਲਣੇ ਹਨ, ਉਹ ਅਸੀਂ ਇਹ ਅਮੈਂਡਮੈਂਟ ਬਿੱਲ ਲਿਆ ਕੇ ਲੈ ਸਕੀਏ। ਮੈਂ ਸਮਝਦਾ ਹਾਂ ਕਿ ਇਹ ਪੰਜਾਬ ਦੇ ਇੰਟਰਸਟ ਵਿਚ ਹੈ ਇਸ ਤਰ੍ਹਾਂ ਪੰਜਾਬ ਵਾਸਤੇ ਪੈਸਾ ਬਚੇਗਾ ਅਤੇ ਇਸ ਨਾਲ ਫਿਸਕਲ ਡਿਸਿਪਲਿਨ ਵੀ ਆਵੇਗਾ। ਇਸ ਲਈ ਇਸ ਨੂੰ ਕਨਸਿਡਰ ਕਰਕੇ ਪਾਸ ਕੀਤਾ ਜਾਵੇ।

**Mr. Speaker :** Question is—

That the Punjab Fiscal Responsibility and Budget Management (Amendment) Bill be taken into consideration at once.

*The motion was carried.*

**Mr. Speaker :** Now the House will proceed to consider the Bill Clause by Clause.

**Sub-Clause (2) of Clause 1**

**Mr. Speaker :** Question is—

That Sub-Clause (2) of Clause 1 stand part of the Bill.

*The motion was carried.*

**Clauses 2 to 5**

**Mr. Speaker :** As there is no amendment of Clauses 2 to 5, if the House agrees, these clauses be put to the vote of the House together.

*(Voices : Yes, yes)*

**Mr. Speaker :** Question is—

That Clauses 2 to 5 stand part of the Bill.

*The motion was carried.*

**Sub-Clause (1) of Clause 1**

**Mr. Speaker :** Question is—

That Sub-Clause (1) of Clause 1 stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

## TITLE

**Mr. Speaker :** Question is—

That Title be the Title of the Bill.

*The motion was carried.*

**Mr. Speaker :** Now the Minister to move that the Bill be passed.

**Finance and Planning and Institutional Finance and Banking Minister (Shri Surinder Singla) :** Sir, I beg to move—

That the Punjab Fiscal Responsibility and Budget Management (Amendment) Bill be passed.

**Mr. Speaker :** Motion moved—

That the Punjab Fiscal Responsibility and Budget Management (Amendment) Bill be passed.

Discussion.

**ਸਰਦਾਰ ਅਦੇਸ਼ ਪ੍ਰਤਾਪ ਸਿੰਘ ਕੈਰੋਂ :** ਸਪੀਕਰ ਸਾਹਿਬ, ਆਪ ਜੀ ਜਾਣਦੇ ਹੀ ਹੋ ਕਿ ਇਸ ਨੂੰ ਗਰੋਥ ਆਫ ਸਟੇਟ ਡੋਮੈਸਟਿਕ ਪ੍ਰੋਡੱਕਸ਼ਨ ਨਾਲ ਲਿੰਕ ਕੀਤਾ ਹੋਇਆ ਹੈ। ਪੰਜਾਬ ਦੀ ਅਕਾਨਮੀ ਜਿਹੜੀ ਹੈ ਇਸ ਦੇ ਵਿੱਚ ਐਗਰੀਕਲਚਰ ਦਾ ਬਹੁਤ ਵੱਡਾ ਕੰਪੋਨੈਂਟ ਹੈ। ਜਿੰਨੀ ਅਕਾਨਮੀ ਗਰੋਅ ਕਰੇਗੀ ਉਸਦਾ ਮਤਲਬ ਹੈ, ਕਿ ਅਸੀਂ ਤਿੰਨ ਪਰਸੈਂਟ ਦਾ ਬੇਰੀਅਰ ਰੱਖਿਆ ਹੋਇਆ ਹੈ ਅਤੇ ਉਸ ਹਿਸਾਬ ਨਾਲ 20% ਦਾ ਅਸੀਂ ਡੇਬਟੀਅਰ ਰੱਖਿਆ ਹੋਇਆ ਹੈ, ਉਸ ਹਿਸਾਬ ਨਾਲ ਅਸੀਂ ਪੈਸੇ ਰੇਜ਼ ਕਰ ਸਕਦੇ ਹਾਂ। ਹੁਣ ਪਿਛੇ ਜਿਹੇ ਪ੍ਰਧਾਨ ਮੰਤਰੀ ਜੀ ਦੀ ਸਟੇਟਮੈਂਟ ਆਈ ਸੀ, ਉਨ੍ਹਾਂ ਨੇ ਕਿਹਾ ਸੀ ਕਿ ਜਿਹੜਾ ਸਾਡਾ ਐਗਰੀਕਲਚਰ ਸੈਕਟਰ ਹੈ, ਉਹ ਇਕੱਲਾ 2% ਗਰੋਅ ਕੀਤਾ ਹੈ ਇਹ ਤਾਂ ਅਸੀਂ ਸੇਫ ਵੀ ਅਜ਼ਯੂਮ ਕਰ ਸਕਦੇ ਹਾਂ ਕਿ ਜਿਹੜੀ ਇਕੱਲੀ ਪੰਜਾਬ ਦੀ ਐਗਰੀਕਲਚਰ ਦੀ ਓਵਰਆਲ ਡੋਮੈਸਟਿਕ ਪ੍ਰੋਡੱਕਟ ਹੈ, ਉਸਦੀ ਗਰੋਥ ਲਾਜ਼ਮੀ ਤੌਰ ਤੇ ਘੱਟ ਹੋਵੇਗੀ ਕਿਉਂਕਿ ਐਗਰੀਕਲਚਰ ਦਾ ਇੰਨਾ ਵੱਡਾ ਹਿੱਸਾ ਹੈ। ਮੇਰੇ ਕਹਿਣ ਦਾ ਇੰਨਾ ਹੀ ਮਤਲਬ ਹੈ ਕਿ ਆਪਾਂ ਨੂੰ ਪੰਜਾਬ ਨੂੰ ਇਸ ਨੂੰ ਲਿੰਕ ਕਰਨਾ ਇੰਨੀ ਸਟਰੋਂਗਲੀ ਜਾਂ ਕੋਈ ਰੈਸ਼ੋ ਵਿੱਚ ਕੋਈ ਲਿਨੀਐਂਸੀ ਲੈਣੀ ਸਟੇਟ ਦਾ ਐਡਵਾਂਟੈਜ਼ ਹੋਵੇਗਾ ਜੇ ਆਪਾਂ ਇਸ ਨੂੰ ਆਪਣੇ ਵਾਸਤੇ ਲਿਨੀਐਂਟ ਰੱਖੀਏ। ਬਿਲਕੁਲ ਇਹ ਨਾ ਸਮਝੀਏ ਕਿ ਜੇ ਆਪਾਂ ਆਪਣੇ ਆਪ ਨੂੰ ਇਸ ਨਾਲ ਲਿੰਕ ਕਰ ਲਵਾਂਗੇ, ਸਪੀਕਰ ਸਾਹਿਬ, ਲੋਨ ਤੋਂ ਬਗੈਰ, ਇਨਵੈਸਟਮੈਂਟ ਤੋਂ ਬਗੈਰ, ਇਨਫਰਾਸਟਰੱਕਚਰ ਇਨਵੈਸਟਮੈਂਟ ਤੋਂ ਬਗੈਰ ਪੰਜਾਬ ਦੀ ਡਿਵੈਲਪਮੈਂਟ ਵਿਚ ਬਹੁਤ ਮੁਸ਼ਕਿਲ ਹੋ ਜਾਵੇਗੀ। ਕਈ ਅਜਿਹੀਆਂ ਰੋਡਜ਼ ਹਨ, ਕਈ ਅਜਿਹੀਆਂ ਮੰਡੀਆਂ, ਕੰਮ ਹਨ ਅਤੇ ਸ਼ੋਸ਼ਲ ਔਬਲੀਗੇਸ਼ਨਜ਼ ਹਨ, ਜਿਹੜੀਆਂ ਪੈਸੇ ਤੋਂ ਬਿਨਾਂ ਨਹੀਂ ਹੋ ਸਕਦੀਆਂ ਹਨ ਅਤੇ ਇਨ੍ਹਾਂ ਦਾ ਰੀਟਰਨ ਪੀਰੀਅਡ ਬਹੁਤ ਲੰਮਾ ਹੈ। ਇੰਨਾ ਸ਼ਾਰਟ ਨਹੀਂ, ਨੰਬਰ 2, ਮੈਂ ਪਹਿਲਾਂ ਵੀ ਦੱਸ ਚੁੱਕਿਆ ਹਾਂ। ਰੇਟ

Original with;
Punjab Vidhan Sabha
Digitized by;
Panjab Digital Library

ਆਫ ਇਨਟਰੈਸਟ : ਸਰ, ਜੋ ਮੇਰੇ ਕੋਲ ਇਨਫਰਮੇਸ਼ਨ ਆਈ ਹੈ, ਹੋ ਸਕਦਾ ਹੈ ਕਿ ਮੈਨੂੰ ਗਲਤੀ ਵੀ ਲਗ ਸਕਦੀ ਹੈ। ਉਹ ਇਹ ਹੈ ਕਿ ਜਦੋਂ ਅਸੀਂ 2005 ਵਿੱਚ ਪੈਸੇ ਰੇਜ਼ ਕੀਤੇ ਹਨ ਉਹ 30 ਜੁਲਾਈ, 2004 ਨੂੰ ਰੇਜ਼ ਕੀਤੇ ਹਨ, ਉਹ 6.35% ਤੇ ਰੇਜ਼ ਕੀਤੇ ਹਨ, 21 ਅਪ੍ਰੈਲ ਨੂੰ 5.7% ਤੇ ਅਤੇ 7.2% ਤੇ ਰੇਜ਼ ਕੀਤਾ 13 ਜਨਵਰੀ, 2005 ਨੂੰ ਰੇਜ਼ ਕੀਤੇ ਹਨ। ਲੋਅਰ ਰੇਟ ਤੇ ਪੈਸੇ ਰੇਜ਼ ਹੋਏ ਹਨ ਅਤੇ ਹੋ ਸਕਦਾ ਹੈ ਕਿ ਮੈਨੂੰ ਗਲਤੀ ਲੱਗੀ ਹੋਵੇ, ਜਦ 1.1/2% ਦਾ ਫਰਕ ਹੈ ਫਿਰ ਕੀ 7.1/2% ਤੇ ਰੇਜ਼ ਕਰਨਾ ਜ਼ਰੂਰੀ ਹੈ? ਹੋ ਸਕਦਾ ਹੈ ਕਿ ਇਸਦੇ ਵਿੱਚ ਕੋਈ ਨੁਕਤਾ ਰਿਹਾ ਹੋਵੇ, ਜਿਹੜਾ ਇਸ ਨੂੰ ਵੇਅ-ਆਊਟ ਕਰ ਰਿਹਾ ਹੋਵੇਗਾ। ਪਰ ਜੋ ਇਸ ਚੀਜ਼ ਨੂੰ ਵੇਅ-ਆਊਟ ਕਰ ਰਿਹਾ ਹੈ, ਪਰ ਕਈ ਵੇਰ ਹੁੰਦਾ ਇਹ ਹੈ ਕਿ ਰੇਟ ਜ਼ਾਇਜ਼ ਹੈ ਪਰ ਹਿਡਨ ਕਲਾਜਿਜ਼ ਹੁੰਦੇ ਜਿਹੜੇ ਇਸ ਨੂੰ ਲੋਡ ਕਰ ਦਿੰਦੇ ਹਨ। ਹੋ ਸਕਦਾ ਹੈ ਕਿ ਲੋਡ ਹੋਕੇ ਵੱਧ ਆ ਜਾਂਦਾ ਹੋਵੇ, ਪਰ ਮੈਂ ਇੰਨਾਂ ਹੀ ਕਹਿੰਦਾ ਹਾਂ ਕਿ ਜੇ ਕੋਈ ਅਜਿਹੇ ਕਲਾਜ਼ਿਜ਼ ਹਨ ਜਿਹੜਾ ਪਹਿਲਾਂ ਫਰਕ ਆ ਰਿਹਾ ਹੈ ਕਿ ਜਿਹੜਾ ਵੇਅ-ਆਊਟ ਕਰਕੇ 7.5% ਦੇ ਬਰਾਬਰ ਆ ਰਿਹਾ ਹੈ ਮੰਤਰੀ ਜੀ ਜ਼ਰਾ ਉਨ੍ਹਾਂ ਤੇ ਵੀ ਚਾਨਣਾ ਪਾ ਦੇਣ।

**ਵਿੱਤ ਤੇ ਯੋਜਨਾ ਤੇ ਸੰਸਥਾਈ ਵਿੱਤ ਅਤੇ ਬੈਂਕਿੰਗ ਮੰਤਰੀ (ਸ਼੍ਰੀ ਸੁਰਿੰਦਰ ਸਿੰਗਲਾ) :** ਮਾਨਯੋਗ ਸਪੀਕਰ ਸਾਹਿਬ, ਕੋਈ ਐਸਾ ਲੋਨ ਨਹੀਂ ਜਿਹੜਾ 6% ਤੇ ਹੋਵੇ, ਬਿਲਕੁਲ ਕੋਈ ਨਹੀਂ, ਇਹ ਤੁਹਾਡੀ ਇਨਫਰਮੇਸ਼ਨ ਹੈ। ਸਾਰੇ ਲੋਨ 7, 7.1/2% ਤੋਂ ਜ਼ਿਆਦਾ ਹਨ ਅਤੇ 11% ਤੱਕ ਵੀ ਹਨ। ਇਹ ਲੋਨ ਅਕਾਰਡਿੰਗ ਟੂ ਦੀ 12ਵੇਂ ਫਾਈਨਾਂਸ ਕਮਿਸ਼ਨ ਹਨ। ਇਹ ਇਸ ਕਰਕੇ ਕੀਤਾ ਹੈ ਕਿਉਂਕਿ ਉਨ੍ਹਾਂ ਦਾ ਮੈਚਿਊਰਟੀ ਪੀਰੀਅਡ ਵੀ ਅਸੀਂ ਜੇ ਪਹਿਲਾਂ 4 ਸਾਲ ਵਿੱਚ ਪੇਅ ਕਰਨੇ ਸੀ ਤਾਂ ਹੁਣ ਇਹ 20 ਸਾਲ ਵਿੱਚ ਪੇਅ ਕੀਤੇ ਜਾ ਸਕਣਗੇ। ਇਸੇ ਤਰ੍ਹਾਂ ਜੇ ਰੇਟ ਆਫ ਇੰਟਰੈਸਟ ਹਾਇਰ ਸੀ ਤਾਂ ਹੁਣ ਇਹ 7.1/2% ਤੇ ਆ ਜਾਣਗੇ। ਇਸ ਕਰਕੇ ਇਸ ਤੇ ਮੈਨੂੰ ਕੋਈ ਸ਼ੱਕ ਨਹੀਂ। ਫਿਰ ਵੀ ਜੇ ਇਨ੍ਹਾਂ ਕੋਲ ਕੋਈ ਇਨਫਰਮੇਸ਼ਨ ਹੈ, ਤਾਂ ਦੱਸ ਦੇਣ I will check and come back to the House. ਨੰਬਰ 2 ਜਿਹੜਾ ਤੁਸੀਂ ਕੈਪ ਕੀਤਾ ਹੈ, ਇਹ ਸਾਡੇ ਇੰਟਰੈਸਟ ਅਤੇ ਸਟੇਟ ਦੇ ਇੰਟਰੈਸਟ ਵਿੱਚ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਰੈਵਨਿਊ ਡੈਫੀਸਿਟ ਕਮ ਹੋਵੇਗਾ ਤਾਂ ਸਾਡੇ ਤੇ ਲੋਨ ਰੇਜ਼ਿੰਗ ਤੇ ਕੋਈ ਕੈਪ ਨਹੀਂ ਹੋਵੇਗਾ। ਇਹ ਦੋ ਸ਼ਰਤਾਂ ਹਨ ਇਕ ਕਿ ਰੈਵਨਿਊ ਡੈਫੀਸਿਟ ਤੁਹਾਡਾ ਜਿਹੜਾ 2007 ਤੱਕ ਹੋਵੇ ਦੂਜਾ ਫਿਸਕਲ ਡੈਫੀਸਿਟ ਜਿਹੜਾ ਹੈ 2010 ਤੱਕ ਹੋਵੇ। It means ਕਿ ਤੁਸੀਂ ਤਿੰਨ ਸਾਲ ਤੱਕ ਲੋਨ ਰੇਜ਼ ਕਰ ਸਕਦੇ ਹੋ। ਜਦੋਂ ਲੋਨ ਰੇਜ਼ ਕਰੋਗੇ ਤਾਂ ਉਹ ਡਿਵੈਲਪਮੈਂਟ ਤੇ ਲੋਨ ਹੋਵੇਗਾ। ਉਸ ਨਾਲ ਤੁਹਾਨੂੰ ਰੈਵਨਿਊ ਡੈਫੀਸਿਟ ਦੀ ਲਿਮਿਟ ਚਾਹੇ ਓਵਰਆਲ 3% ਕੈਪ ਹੋਵੇਗਾ ਪਰ ਤੁਹਾਡਾ ਓਵਰ-ਆਲ ਜਿਹੜਾ ਤੁਹਾਡੀ ਡੈਫੀਸਿਟ ਦੀ ਫਿਗਰ ਹੈ ਚਾਹੇ ਵੱਧਦੀ ਜਾਵੇਗੀ ਤਾਂ ਵੀ ਤੁਹਾਨੂੰ ਕੋਈ ਘਾਟਾ ਨਹੀਂ ਹੋਵੇਗਾ। ਇਸ ਕਰਕੇ ਰੈਵਨਿਊ ਡੈਫੀਸਿਟ ਦੀ ਫਿਗਰ 3% ਤੇ ਕੈਪ ਕਰਨਾ ਬੜਾ ਜ਼ਰੂਰੀ ਹੈ ਤਾਂ ਕਿ ਕੋਈ ਵੈਸਟਫੁੱਲ ਐਕਸਪੈਂਡੀਚਰ ਨਾ ਹੋਵੇ। ਇਸੇ ਕਰਕੇ ਡਿਫਰੈਂਸ ਹੈ ਇਕ ਰੈਵਨਿਊ ਡੈਫੀਸਿਟ ਵਾਸਤੇ 2007 ਅਤੇ ਫਿਸਕਲ ਡੈਫੀਸਿਟ ਲਈ 2010। ਦੂਜਾ ਇਹ ਮੈਂ ਦੱਸਦਾ ਹਾਂ ਕਿ ਪੰਜਾਬ ਵਿੱਚ ਐਗਰੀਕਲਚਰ ਗਰੋਥ ਜਿਹੜੀ ਰੁਕੀ ਹੋਈ ਸੀ, ਮੈਂ ਤੁਹਾਨੂੰ ਫਿਗਰਾਂ ਦੱਸਦਾ

Original with;
Punjab Vidhan Sabha
Digitized by;
Panjab Digital Library

**[ਵਿੱਤ ਤੇ ਯੋਜਨਾ ਤੇ ਸੰਸਥਾਈ ਵਿੱਤ ਅਤੇ ਬੈਂਕਿੰਗ ਮੰਤਰੀ]**

ਹਾਂ ਕਿ ਹੁਣ ਇਹ ਅਰਾਉਂਡ 3% ਗਰੋਥ ਹੈ ਜਦਕਿ ਨੈਸ਼ਨਲ ਐਵਰੇਜ਼ 2% ਹੈ। ਸਾਡੇ ਪੰਜਾਬ ਦੀ ਐਗਰੀਕਲਚਰ ਦੀ ਗਰੋਥ ਰੇਟ ਲਾਸਟ ਈਅਰ 3% ਸੀ ਅਤੇ ਉਮੀਦ ਹੈ ਕਿ ਜਿਉਂ ਜਿਉਂ ਅਸੀਂ ਕੋਈ ਡਾਈਵਰਸੀਫੀਕੇਸ਼ਨ ਜਾਂ ਇਨਫਰਾਸਟਰੱਕਚਰ ਜਾਂ ਹੋਰ ਕੋਈ ਇਨਵੈਸਟਮੈਂਟ ਆਵੇਗੀ ਤਾਂ ਅਸੀਂ ਸਮਝਦੇ ਹਾਂ ਕਿ ਸਾਡਾ ਐਗਰੀਕਲਚਰ ਗਰੋਥ ਰੇਟ, ਜਿਵੇਂ ਤੁਸੀਂ ਦੱਸਿਆ ਹੈ ਕਿ ਪੰਜਾਬ ਅਕਾਨਮੀ ਦਾ ਮੇਨ ਅੰਗ ਹੈ ਔਰ ਉਹ ਨੈਸ਼ਨਲ ਐਵਰੇਜ ਤੋਂ ਕਿਤੇ ਦੁੱਗਣਾ ਹੋਵੇਗਾ I Just wait for a year or so. Thank you.

**Mr. Speaker :** Question is—

That the Punjab Fiscal Responsibility and Budget Management (Amendment) Bill be passed.

*The motion was carried.*

---

## DISCUSSION ON ROOTS AND CAUSES OF TERRORISM WHICH CAUSED HUGE LOSS TO LIFE AND PROPERTY IN THE STATE OF PUNJAB

**Mr. Speaker :** Sardar Bir Devinder Singh to move the motion.

**ਕੈਪਟਨ ਕੰਵਲਜੀਤ ਸਿੰਘ :** ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ। ਸਪੀਕਰ ਸਾਹਿਬ, ਅੱਜ ਆਪ ਜੀ ਨੇ ਇੱਕ ਮੀਟਿੰਗ ਸੱਦੀ ਸੀ ਜਿਸ ਵਿੱਚ ਸਰਕਾਰ ਦੇ ਨੁਮਾਇੰਦੇ ਵੀ ਸੀ ਤੇ ਮੈਂ ਵੀ ਸੀ ਔਰ ਉਸ ਵਿੱਚ ਤੁਸੀਂ ਫੈਸਲਾ ਕੀਤਾ ਸੀ ਕਿ ਪੰਜ-ਛੇ ਟੀ.ਵੀ ਚੈਨਲਜ਼ ਜਿਨ੍ਹਾਂ ਵਿੱਚ ਪ੍ਰਾਈਵੇਟ ਚੈਨਲ ਜਿਵੇਂ ਆਜ ਤੱਕ, ਸਟਾਰ ਟੀ.ਵੀ., ਜੀ.ਟੀ.ਵੀ. ਇਨ੍ਹਾਂ ਸਾਰਿਆਂ ਨੂੰ ਅੱਜ ਇੱਥੇ ਓਪਨ ਬਰਾਬਰ ਦਾ ਟਾਈਮ ਦੇ ਕੇ ਆਪੋਜ਼ੀਸ਼ਨ ਦਾ ਵੀ ਅਤੇ ਟਰੇਜ਼ਰੀ ਬੈਂਚਿਜ਼ ਦਾ ਲਾਈਵ ਟੈਲੀਕਾਸਟ ਹੋਵੇਗਾ। ਲੇਕਿਨ ਮੇਰਾ ਖਿਆਲ ਹੈ ਕਿ ਇਸ ਫੈਸਲੇ ਮੁਤਾਬਕ ਕੰਮ ਨਹੀਂ ਹੋ ਰਿਹਾ। ਸ਼ਿਰਫ ਦੂਰਦਰਸ਼ਨ ਵਾਲੇ ਇੱਥੇ ਬੈਠੇ ਹਨ। ਬਾਕੀ ਪ੍ਰਾਈਵੇਟ ਚੈਨਲ ਸਾਡਾ ਲਾਈਵ ਟੈਲੀਕਾਸਟ ਨਹੀਂ ਕਰ ਰਹੇ। (ਵਿਘਨ)

(ਕੁਝ ਅਵਾਜ਼ਾਂ : ਤੁਸੀਂ ਪਿੱਛੇ ਕੈਮਰੇ ਦੇਖੋ।)

**ਕੈਪਟਨ ਕੰਵਲਜੀਤ ਸਿੰਘ :** ਪਿੱਛੇ ਵਾਲਿਆਂ ਦੀ ਗੱਲ ਸੁਣ ਲਓ। ਤੁਸੀਂ ਇਹ ਹੁਕਮ ਦਿੱਤਾ ਸੀ ਕਿ ਸਾਰਿਆਂ ਨੂੰ ਭਾਵ ਆਪੋਜ਼ੀਸ਼ਨ ਵਾਲਿਆਂ ਅਤੇ ਟਰੇਜ਼ਰੀ ਬੈਂਚਿਜ਼ ਵਾਲਿਆਂ ਨੂੰ ਬਰਾਬਰ ਦਾ ਟਾਈਮ ਦਿੱਤਾ ਜਾਵੇਗਾ। ਬਾਦਲ ਸਾਹਿਬ ਨੇ ਵੀ ਬੋਲਣਾ ਹੈ ਲੇਕਿਨ ਲਗਦਾ ਹੈ ਕਿ ਸਿਰਫ ਟਰੇਜ਼ਰੀ ਬੈਂਚਿਜ਼ ਵਾਲਿਆਂ ਦਾ ਟੈਲੀਕਾਸਟ ਹੋਵੇਗਾ। ਤੁਸੀਂ ਕੈਮਰੇ ਦੇਖ ਲਓ। ਲਏ ਗਏ ਫੈਸਲੇ ਮੁਤਾਬਿਕ ਅਮਲ ਨਹੀਂ ਹੋ ਰਿਹਾ। ਇਸ ਦਾ ਮਤਲਬ ਹੈ ਕਿ ਇਸ ਹਾਊਸ ਦੀਆਂ ਜਿਹੜੀਆਂ ਮੀਟਿੰਗਾਂ ਹੁੰਦੀਆਂ ਹਨ ਜਾਂ ਨਿਰਣੇ ਹੁੰਦੇ ਹਨ.......।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਸੀ.ਐਮ. ਸਾਹਿਬ, ਤੁਸੀਂ ਕੁਝ ਕਹੋਗੇ ? ਕੀ ਹਾਊਸ ਦੀਆਂ ਸਾਰੀਆਂ ਪ੍ਰੋਸੀਡਿੰਗਜ਼ ਭਾਵ ਆਪੋਜ਼ੀਸ਼ਨ ਅਤੇ ਟਰੇਜ਼ਰੀ ਬੈਂਚਿਜ਼ ਵਾਲਿਆਂ ਦਾ ਬਰਾਬਰ ਦਾ ਲਾਈਵ ਟੈਲੀਕਾਸਟ ਕੀਤਾ ਜਾਵੇਗਾ ? (ਵਿਘਨ)

**ਕੈਪਟਨ ਕੰਵਲਜੀਤ ਸਿੰਘ** : ਸਪੀਕਰ ਸਾਹਿਬ, ਕਿਵੇਂ ਟੈਲੀਕਾਸਟ ਕੀਤਾ ਜਾਵੇਗਾ ? ਮੈਂ ਕਹਾਂਗਾ ਕਿ ਕੈਮਰੇ ਸ਼ਿਫਟ ਕਰਵਾਏ ਜਾਣ। (ਵਿਘਨ) ਇਹ ਕੀ ਗੱਲ ਬਣੀ ? ਇਹ ਡਿਸਕਰਿਮੀਨੇਸ਼ਨ ਹੈ।

**ਮਾਨਯੋਗ ਸਪੀਕਰ** : ਸੀ.ਐਮ. ਸਾਹਿਬ ਤੁਸੀਂ ਕੁਝ ਕਹਿਣਾ ਚਾਹੋਗੇ ? ਇਹ ਜਿਹੜਾ ਵਿਰੋਧੀ ਪਾਰਟੀ ਵੱਲੋਂ ਡਾਊਟ ਕਰੀਏਟ ਕੀਤਾ ਗਿਆ ਹੈ, ਇਹ ਕਲੀਅਰ ਕਰੋਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਟੈਲੀਕਾਸਟ ਸਾਰਿਆਂ ਦਾ ਹੋਵੇਗਾ। ਹਰ ਕਿਸੇ ਨੂੰ ਬਰਾਬਰ ਦਾ ਟਾਈਮ ਦਿੱਤਾ ਜਾਵੇਗਾ । (ਵਿਘਨ)

**ਕੈਪਟਨ ਕੰਵਲਜੀਤ ਸਿੰਘ** : ਕੈਮਰੇ ਹੀ ਨਹੀਂ ਹਨ, ਟੈਲੀਕਾਸਟ ਕਿਵੇਂ ਹੋਵੇਗਾ ? (ਵਿਘਨ) (ਸ਼ੋਰ)।

**ਮਾਨਯੋਗ ਸਪੀਕਰ** : ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਸਾਰਿਆਂ ਦਾ ਟੈਲੀਕਾਸਟ ਹੋਵੇਗਾ। (ਵਿਘਨ) ਤੁਸੀਂ ਚਿੰਤਾ ਨਾ ਕਰੋ। ਸਾਰਿਆਂ ਦਾ ਟੈਲੀਕਾਸਟ ਹੋਵੇਗਾ।

**ਕੈਪਟਨ ਕੰਵਲਜੀਤ ਸਿੰਘ** : ਸਾਰੇ ਕੈਮਰੇ ਚੀਫ ਮਨਿਸਟਰ ਸਾਹਿਬ ਦੇ ਸਾਹਮਣੇ ਹਨ। ਕੈਮਰੇ ਰਿਕਾਰਡਿੰਗ ਵਾਲੇ ਤਾਂ ਪਿੱਛੇ ਲੱਗੇ ਹਨ। ਇਸ ਤੋਂ ਸਪਸ਼ਟ ਹੈ ਕਿ ਸਾਡੀ ਕੋਈ ਰਿਕਾਰਡਿੰਗ ਨਹੀਂ ਹੋਣੀ।

**ਮੁੱਖ ਮੰਤਰੀ** : ਇਨ੍ਹਾਂ ਨੂੰ ਗਲਤ ਫਹਿਮੀ ਹੋਈ ਹੈ। ਇਹ ਲਾਈਵ ਟੈਲੀਕਾਸਟ ਹੈ। ਜੋ ਵੀ ਬੋਲੇਗਾ, ਉਸ ਦਾ ਲਾਈਵ ਟੈਲੀਕਾਸਟ ਹੋਵੇਗਾ।

**ਕੈਪਟਨ ਕੰਵਲਜੀਤ ਸਿੰਘ** : ਕੀ ਇਹ ਸਾਡੀਆਂ ਪਿੱਠਾਂ ਟੈਲੀਕਾਸਟ ਕਰਨਗੇ ? (ਵਿਘਨ)

**ਮਾਨਯੋਗ ਸਪੀਕਰ** : ਬੀਰ ਦਵਿੰਦਰ ਜੀ, ਤੁਸੀਂ ਮੋਸ਼ਨ ਮੂਵ ਕਰੋ। (ਵਿਘਨ) ਅਗਰ ਤੁਸੀਂ ਵਾਕ-ਆਊਟ ਕਰਨਾ ਹੈ ਤਾਂ ਵੱਖਰੀ ਗੱਲ ਹੈ, ਨਹੀਂ ਤਾਂ ਕ੍ਰਿਪਾ ਕਰਕੇ ਬੈਠ ਜਾਓ। (ਵਿਘਨ)

ਪਹਿਲਾਂ ਮੋਸ਼ਨ ਮੂਵ ਕਰ ਲਓ।.......(ਵਿਘਨ) (ਸ਼ੋਰ)........ਲੀਡਰ ਆਫ ਦੀ ਹਾਊਸ ਨੇ ਕਿਹਾ ਹੈ ਕਿ ਦੋਵਾਂ ਦਾ ਟੈਲੀਕਾਸਟ ਹੋਏਗਾ, ਸਾਰਿਆਂ ਦਾ ਹੋਏਗਾ। ਉਨ੍ਹਾਂ ਦੇ ਕੈਮਰੇ ਤੁਸੀਂ ਨਹੀਂ ਚਲਾਉਣੇ, ਉਨ੍ਹਾਂ ਨੇ ਆਪ ਚਲਾਉਣੇ ਹਨ। ਹਾਂ ਜੀ, ਬੀਰ ਦਵਿੰਦਰ ਜੀ ਬੋਲੋ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਪਹਿਲਾਂ ਇਨ੍ਹਾਂ ਨੂੰ ਬਿਠਾਓ। ਇਹ ਉਧਰ ਨੂੰ ਮੂੰਹ ਕਰਕੇ ਬੋਲ ਲੈਣ।

Original with;
Punjab Vidhan Sabha
Digitized by;
Punjab Digital Library

**ਮਾਨਯੋਗ ਸਪੀਕਰ** : ਤੁਸੀਂ (ਆਪੋਜੀਸ਼ਨ ਵੱਲ ਇਸ਼ਾਰਾ) ਉਧਰ ਨੂੰ ਮੂੰਹ ਕਰਕੇ ਬੋਲ ਲਿਓ। ਬੈਠੋ। ਸਾਰਿਆਂ ਦਾ ਟੈਲੀਕਾਸਟ ਕਰਨਾ ਹੈ। ਤੁਹਾਡਾ ਚਿਹਰਾ ਵੀ ਆ ਜਾਏਗਾ। ਬੈਠ ਜਾਓ। ਹਾਂ ਜੀ, ਪਲੀਜ਼ ਬੈਠੋ।

**ਕੈਪਟਨ ਕੰਵਲਜੀਤ ਸਿੰਘ** : ਇਹ ਸਪੀਕਰ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਹੈ। We protest against it. ** ** **

**ਮਾਨਯੋਗ ਸਪੀਕਰ** : ਮੈਂ ਟੈਲੀਕਾਸਟ ਕਰਨ ਵਾਲਿਆਂ ਨੂੰ ਕਹਾਂਗਾ ਕਿ ਇਨ੍ਹਾਂ ਦਾ ਚਿਹਰਾ ਜ਼ਰੂਰ ਆਵੇ। (ਵਿਘਨ) (ਸ਼ੋਰ) You are obstructing the proceedings of the House. Kindly sit down (Interruptions).

**ਸਰਦਾਰ ਬੀਰ ਦਵਿੰਦਰ ਸਿੰਘ** : ਅਸੀਂ ਸੀਰੀਅਸ ਮਾਮਲੇ ਤੇ ਡਿਸਕਸ਼ਨ ਕਰਨ ਜਾ ਰਹੇ ਹਾਂ। (ਵਿਘਨ)....... (ਸ਼ੋਰ)..........

**ਮਾਨਯੋਗ ਸਪੀਕਰ** : ਜੋ ਕੁਝ ਬਗੈਰ ਇਜਾਜ਼ਤ ਤੋਂ ਕਿਹਾ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਅੱਜ ਅਸੀਂ ਪੰਜਾਬ ਦੇ ਇਤਿਹਾਸ.........

---

## EXTENSION OF TIME OF THE SITTING

**ਮਾਨਯੋਗ ਸਪੀਕਰ** : ਬੀਰ ਦਵਿੰਦਰ ਜੀ, ਇੱਕ ਮਿੰਟ। ਕਿਉਂਕਿ ਇੱਕ ਘੰਟਾ ਟਾਈਮ ਬਾਕੀ ਹੈ। ਇੱਕ ਤਾਂ ਇਹ ਹੈ ਕਿ ਪਹਿਲਾਂ ਇੱਕ ਘੰਟਾ ਹੋਰ ਹਾਊਸ ਦਾ ਸਮਾਂ ਐਕਸਟੈਂਡ ਕਰਨਾ ਪਵੇਗਾ। ਦੂਸਰੀ ਮੇਰੀ ਬੇਨਤੀ ਹੈ ਕਿ ਬੋਲਣ ਵਾਲੇ 15 ਮਿੰਟ ਤੋਂ ਜ਼ਿਆਦਾ ਨਾ ਬੋਲਣ ਔਰ ਸੀ.ਐਮ. ਸਾਹਿਬ ਅਤੇ ਆਪੋਜੀਸ਼ਨ ਦੇ ਲੀਡਰ ਅੱਧਾ ਅੱਧਾ ਘੰਟਾ ਜ਼ਿਆਦਾ ਬੋਲ ਲੈਣ, ਫਿਰ ਤਾਂ ਦੋ ਘੰਟੇ ਵਿੱਚ ਖਤਮ ਹੋ ਜਾਵੇਗਾ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਤੁਸੀਂ ਖੁਲ੍ਹਾ ਟਾਈਮ ਕਰੋ। ਜਿੰਨਾ ਟਾਈਮ ਮਰਜ਼ੀ ਬੋਲ ਲੈਣ।

**ਮਾਨਯੋਗ ਸਪੀਕਰ** : ਕੀ ਹਾਊਸ ਇਸ ਗੱਲ ਨੂੰ ਚਾਹੁੰਦਾ ਹੈ ਕਿ ਜਿੰਨਾ ਚਿਰ ਡਿਸਕਸ਼ਨ ਚਲਦੀ ਹੈ, ਹਾਊਸ ਚੱਲਣ ਦੇਈਏ।

(ਆਵਾਜ਼ਾਂ : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ** : ਜਿੰਨਾ ਚਿਰ ਡਿਸਕਸ਼ਨ ਚਲਦੀ ਹੈ, ਹਾਊਸ ਦਾ ਟਾਈਮ ਵਧਾਇਆ ਜਾਂਦਾ ਹੈ।

---

* Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਸਪੀਕਰ ਸਾਹਿਬ, ਆਪ ਜੀ ਦਾ ਫੈਸਲਾ ਹੈ ਕਿ 15-15 ਮਿੰਟ ਬੋਲਣਾ ਹੈ। ਜਿੰਨਾ ਬਾਦਲ ਸਾਹਿਬ ਬੋਲਣਾ ਚਾਹੁੰਦੇ ਹਨ, ਇਨ੍ਹਾਂ ਨੂੰ ਖੁਲ੍ਹੀ ਛੁੱਟੀ ਹੈ। We would like ਕਿਉਂਕਿ ਇਹ ਬੜੀ ਗੰਭੀਰ ਡਿਬੇਟ ਹੈ ਔਰ ਮੈਂ ਚਾਹੁੰਦਾ ਹਾਂ ਕਿ ਇਕੱਲੀ ਇਕੱਲੀ ਚੀਜ਼ ਪੰਜਾਬ ਵਿੱਚ ਪਹੁੰਚੇ, ਲੋਕ ਜਾਣਨ ਕਿ ਜਿਹੜੇ ਇਹ ਹਾਲਾਤ ਬਣੇ ਸੀ, ਇਨ੍ਹਾਂ ਵਾਸਤੇ ਕੌਣ ਜ਼ਿੰਮੇਵਾਰ ਹਨ ? (ਥੰਪਿੰਗ)

**ਮਾਨਯੋਗ ਸਪੀਕਰ** : ਸੋ, ਮੈਂ ਹਾਊਸ ਨੂੰ ਰਿਕੁਐਸਟ ਕਰਾਂਗਾ ਕਿ 15-15 ਮਿੰਟ ਬਾਕੀ ਮੈਂਬਰ ਬੋਲ ਲੈਣ ਅਤੇ ਜਿੰਨਾ ਬਾਦਲ ਸਾਹਿਬ ਬੋਲਣਗੇ, ਉਨੀ ਦੇਰ ਹੀ ਸੀ.ਐਮ. ਸਾਹਿਬ ਜਵਾਬ ਦੇਣਗੇ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਕਿਉਂਕਿ ਮੋਸ਼ਨ ਮੂਵ ਕਰਨੀ ਹੈ, ਇਸ ਲਈ ਮੈਨੂੰ ਤਾਂ ਟਾਈਮ ਜ਼ਿਆਦਾ ਚਾਹੀਦਾ ਹੈ। ਮੂਵਰ ਲਈ ਤਾਂ ਟਾਈਮ ਜ਼ਿਆਦਾ ਚਾਹੀਦਾ ਹੈ।

(ਆਵਾਜ਼ਾਂ : ਠੀਕ ਹੈ, ਠੀਕ ਹੈ।)

**ਮਾਨਯੋਗ ਸਪੀਕਰ** : ਅੱਧਾ ਘੰਟਾ।

**ਸਰਦਾਰ ਬੀਰ ਦਵਿੰਦਰ ਸਿੰਘ** : ਬਸ ਠੀਕ ਹੈ। ਸਪੀਕਰ ਸਾਹਿਬ, ਮੈਂ ਤੁਹਾਡੀ ਇਜਾਜ਼ਤ ਨਾਲ ਪੰਜਾਬ ਦੀ ਜ਼ਿੰਦਗੀ ਨਾਲ, ਪੰਜਾਬ ਦੇ ਇਤਿਹਾਸ ਦੇ ਜੋ ਖੂਨੀ ਵਰਕੇ ਹਨ........

**ਮਾਨਯੋਗ ਸਪੀਕਰ** : ਪਹਿਲਾਂ ਮੋਸ਼ਨ ਮੂਵ ਕਰੋ।

---

## DISCUSSION ON ROOTS AND CAUSES OF TERRORISM WHICH CAUSED HUGE LOSS TO LIFE AND PROPERTY IN THE STATE OF PUNJAB *(Resumption)*

**Sardar Bir Devinder Singh** : Sir, I beg to move—

> That the roots and causes of terrorism which caused huge loss to life and property in the State of Punjab, be discussed.

**Mr. Speaker** : *Motion moved*—

> That the roots and causes of terrorism which caused huge loss to life and property in the State of Punjab, be discussed.

Original with;
Punjab Vidhan Sabha
Digitized by;
Panjab Digital Library

**Mr. Speaker :** Question is—

That the roots and causes of terrorism which caused huge loss to life and property in the State of Punjab, be discussed.

*The motion was carried.*

**Discussion.**

**ਸਰਦਾਰ ਬੀਰ ਦਵਿੰਦਰ ਸਿੰਘ (ਖਰੜ) :** ਸਪੀਕਰ ਸਾਹਿਬ, ਅੱਜ ਅਸੀਂ ਬਹੁਤ ਮੁੱਦਤ ਬਾਅਦ ਇੱਕ ਐਸੇ ਮਾਮਲੇ ਤੇ ਵਿਚਾਰ ਵਟਾਂਦਰਾ ਕਰਨ ਜਾ ਰਹੇ ਹਾਂ ਜੋ ਪੰਜਾਬ ਦੀ ਜ਼ਿੰਦਗੀ ਔਰ ਉਸ ਦੇ ਇਤਿਹਾਸ ਦੇ ਖੂਨੀ ਵਰਕਿਆਂ ਨਾਲ ਲਬਰੇਜ਼ ਹੈ ਅਤੇ ਉਸ ਵਕਤ ਦੀ ਸਿਤਮ ਜ਼ਰੀਫੀ ਹੀ ਇਹੋ ਜਿਹੀ ਸੀ ਕਿ ਇਸੇ ਸਦਨ ਦੇ ਵਿੱਚ 25 ਮਾਰਚ, 1983 ਨੂੰ ਵੀ ਬਹਿਸ ਕਰਵਾਈ ਗਈ ਸੀ ਤਾਂ ਉਸ ਵਕਤ ਵੀ ਮੇਰੀ ਸੀਟ ਇਥੇ ਹੀ ਸੀ.........

**ਸਰਦਾਰ ਗੁਰਦੇਵ ਸਿੰਘ ਬਾਦਲ (ਬੈਠੇ-ਬੈਠੇ) :** ਤੁਹਾਡੀ ਸੀਟ ਉਥੇ ਹੀ ਰਹਿਣੀ ਹੈ...(ਵਿਘਨ)

(ਆਵਾਜਾਂ : ਨਹੀਂ, ਉਨ੍ਹਾਂ ਦੀ ਸੀਟ ਹੌਲੇ ਹੌਲੇ ਅੱਗੇ ਆ ਜਾਵੇਗੀ।)

**Mr. Speaker :** No interruption please.

**ਸਰਦਾਰ ਬੀਰ ਦਵਿੰਦਰ ਸਿੰਘ :** ਅਰਜ਼ ਇਹ ਹੈ ਕਿ ਅਸੀਂ ਬੜੇ ਹੀ ਦੁਖਦਾਈ ਖਾਕੇ ਦਾ ਵਰਣਨ ਕਰਨ ਜਾ ਰਹੇ ਹਾਂ। ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਉਤੇ ਸੰਜੀਦਗੀ ਦੇ ਨਾਲ ਇਹ ਸਾਰੀਆਂ ਗੱਲਾਂ ਸੁਣਨ ਦੀ ਕੋਸ਼ਿਸ਼ ਕਰਨ। ਸਪੀਕਰ ਸਾਹਿਬ, 10ਵੇਂ ਪਾਤਸ਼ਾਹ ਹਜ਼ੂਰ ਜੀ ਨੇ ਜਿਹੜਾ ਪਹਿਲਾਂ ਯੁੱਧ ਲੜਿਆ, ਜਿਹੜੀ ਪਹਿਲੀ ਲੜਾਈ ਲੜੀ ਉਸ ਵਿਚ ਐਥਿਕਸ ਆਫ ਵਾਰ ਦੇ ਬਾਰੇ ਸਿੰਘਾਂ ਨੂੰ ਸਮਝਾਇਆ ਗਿਆ ਸੀ ਕਿ ਯੁੱਧ ਦੇ ਵਿੱਚ ਜਾਣ ਦੇ ਸਮੇਂ ਵਿੱਚ ਔਰ ਯੁੱਧ ਵਿਚ ਲੜਾਈ ਸਮੇਂ ਐਥਿਕਸ ਆਫ ਵਾਰ ਦੇ ਬਾਰੇ ਸਮਝਾਇਆ ਸੀ। ਉਹ ਇਹ ਹਨ ਕਿ ਜਿਹੜਾ ਗੁਰੂ ਦਾ ਸਿੰਘ ਹੋਵੇਗਾ ਡਿੱਗੇ ਪਏ ਦੁਸ਼ਮਣ ਦੇ ਉਤੇ ਵਾਰ ਨਹੀਂ ਕਰੇਗਾ, ਸੁੱਤੇ ਪਏ ਦੇ ਉਤੇ ਵਾਰ ਨਹੀਂ ਕਰੇਗਾ। ਮੁਸਾਫਰ ਦੇ ਉਤੇ ਵਾਰ ਨਹੀਂ ਕਰੇਗਾ, ਔਰਤ ਦੇ ਉਤੇ ਵਾਰ ਨਹੀਂ ਕਰੇਗਾ, ਬੱਚੇ ਤੇ ਵਾਰ ਨਹੀਂ ਕਰੇਗਾ ਔਰ ਦੁਸ਼ਮਣ ਦੇ ਉਤੇ ਅਖਾੜੇ ਦੇ ਜੰਗ ਵਿੱਚ ਜਿਸ ਦੇ ਹੱਥ ਵਿਚੋਂ ਹਥਿਆਰ ਡਿੱਗ ਗਿਆ ਹੋਵੇ ਉਸ ਤੇ ਵਾਰ ਨਹੀਂ ਕਰੇਗਾ, ਡਿਫੈਂਸਲੈਸ ਤੇ ਵਾਰ ਨਹੀਂ ਕਰੇਗਾ। ਲੇਕਿਨ ਜਿਹੜੇ ਪਿਛਲੇ ਦੌਰ ਦੇ ਵਿੱਚੋਂ ਅਸੀਂ ਗੁਜਰੇ ਹਾਂ ਉਸ ਦੇ ਵਿੱਚ ਇਹ ਸਾਰੀਆਂ ਐਥਿਕਸ ਆਫ ਵਾਰ ਦੀਆਂ ਵਾਇਓਲੇਸ਼ਨਾਂ ਹੋਈਆਂ ਹਨ ਜੋ ਉਸ ਸਮੇਂ ਦਾ ਪੀਰੀਅਡ ਸੀ ਉਸ ਸਮੇਂ ਸਾਰਾ ਕੁਝ ਹੋਇਆ। ਮੁਸਾਫਰਾਂ ਤੇ ਵੀ ਵਾਰ ਹੋਇਆ, ਬੱਚਿਆਂ ਦੇ ਉਤੇ ਵੀ ਵਾਰ ਹੋਇਆ, ਹਜ਼ਾਰਾਂ ਦੀ ਗਿਣਤੀ ਵਿੱਚ ਇਸ ਦੌਰ ਦੇ ਦੌਰਾਨ ਲੋਕ ਸ਼ਹੀਦ ਹੋਏ, ਬੇਗੁਨਾਹ ਲੋਕ ਮਾਰੇ ਗਏ, ਬੱਸਾਂ ਦੇ ਵਿਚੋਂ ਲੋਕਾਂ ਨੂੰ ਮਾਰਿਆ ਗਿਆ। ਅੱਜ ਆਪਾਂ ਇਸ ਸਦਨ ਦੇ ਵਿੱਚ ਉਸ ਸਾਰੀ ਸਥਿਤੀ ਦਾ ਮੁਲਅੰਕਣ ਕਰ ਰਹੇ ਹਾਂ। ਮੈਂ ਬੜੇ ਅਦਬ ਦੇ ਨਾਲ ਕਹਿੰਦਾ ਹਾਂ ਕਿ ਅਸੀਂ ਬਹੁਤ ਔਖੇ ਹਾਂ ਤੇ ਅਫ਼ਸੋਸ ਹੈ ਔਰ ਮੈਨੂੰ ਡਰ ਵੀ ਹੈ ਕਿ ਇਹ ਸਾਰੀ ਦਾਸਤਾਨ ਦਾ ਜ਼ਿਕਰ ਕਰਦੇ ਕਰਦੇ ਅਸੀਂ

Original with;
Punjab Vidhan Sabha
Digitized by;
Panjab Digital Library

ਜਜ਼ਬਾਤੀ ਤੌਰ ਤੇ ਬਹੁਤ ਸਾਰਾ ਕਹਿ ਵੀ ਸਕਾਂਗੇ ਜਾਂ ਨਹੀਂ। ਪਹਿਲਾਂ ਤਾਂ ਇੱਕ ਬਹੁਤ ਵਧੀਆ ਸ਼ੇਅਰ ਹੈ :

ਹਿੰਮਤੇ ਇੰਤਹਾ ਨਹੀਂ ਬਾਕੀ ਜਬਤੇ ਕਾ ਹੌਸਲਾ ਨਹੀਂ ਬਾਕੀ।

ਜ਼ਿਕਰ ਕੀਤਾ ਗਿਆ ਹੈ ਕਿ 1983 ਦੇ ਵਿੱਚ ਵੀ ਇਸੇ ਸਦਨ ਦੇ ਵਿੱਚ ਟੈਰੋਰਿਜ਼ਮ ਦੇ ਉਤੇ ਬਹਿਸ ਕੀਤੀ ਗਈ ਸੀ। ਮੈਂ ਉਸ ਸਮੇਂ ਵੀ ਬਹੁਤ ਗੱਲਾਂ ਇਸ ਹਾਊਸ ਦੇ ਦ੍ਰਿਸ਼ਟੀਗੋਚਰ ਲਿਆਂਦੀਆਂ ਸਨ ਔਰ ਉਹ ਸਾਰੀਆਂ ਚੀਜ਼ਾਂ ਇਕ ਇੱਕ ਕਰਕੇ.......ਸਾਡੀਆਂ ਨਜ਼ਰਾਂ ਦੇ ਸਾਹਮਣੇ ਗੁਜ਼ਰੀਆਂ ਹਨ । ਮੈਂ ਉਹ ਵਾਹਿਗੁਰੂ ਦੇ ਪਾਸ ਇਲਤਜ਼ਾ, ਦੁਆ ਕਰਕੇ ਆਪਣੀ ਗੱਲ ਸ਼ੁਰੂ ਕਰਨ ਲੱਗਾ ਹਾਂ।

ਜ਼ਿੰਦਗੀ ਦੀ ਹੈ ਤੋ ਜੀਨੇ ਦਾ ਹੁਨਰ ਭੀ ਦੇਨਾ

ਇਸ ਇਲਤਿਜ਼ਾ, ਦੁਆ ਦੇ ਨਾਲ ਸ਼ੁਰੂ ਕਰਦਾ ਹਾਂ :

ਜ਼ਿੰਦਗੀ ਦੀ ਹੈ ਤੋ ਜੀਨੇ ਦਾ ਹੁਨਰ ਭੀ ਦੇਨਾ<br>
ਪਾਂਵ ਬਖਸ਼ੇ ਹੈ ਤੋ ਤੋਫੀਕੇ ਸਫ਼ਰ ਭੀ ਦੇਨਾ<br>
ਗੁਫਤਗੁ ਤੂੰਨੇ ਸਿਖਾਈ ਮੈਂ ਤੋਂ ਗੂੰਗਾ ਥਾ<br>
ਅਬ ਮੈਂ ਬੋਲੂੰਗਾ ਤੋਂ ਮੇਰੀ ਬਾਤੋਂ ਮੇਂ ਅਸਰ ਭੀ ਦੇਨਾ

ਸਪੀਕਰ ਸਾਹਿਬ, ਅਸੀਂ ਜੇ ਇਹ ਢੂੰਡਨਾ ਜਾਂ ਲੱਭਣਾ ਸ਼ੁਰੂ ਕਰੀਏ ਕਿ ਇਹ ਖੂਨੀ ਦਾਸਤਾਂ ਜੋ ਹੈ ਉਸ ਦਾ ਇਤਿਹਾਸ ਕਿੱਥੋਂ ਸ਼ੁਰੂ ਹੋਇਆ, ਕਿਵੇਂ ਸ਼ੁਰੂ ਹੋਇਆ ਮੈਂ ਕੋਸ਼ਿਸ਼ ਕਰਾਂਗਾ ਕਿ ਪੂਰੀ ਇਮਾਨਦਾਰੀ ਦੇ ਨਾਲ ਉਸ ਦਾ ਵਿਵਰਣ ਪੇਸ਼ ਕੀਤਾ ਜਾਵੇ ਅਤੇ ਸਾਰੀਆਂ ਘਟਨਾਵਾਂ ਜਿਹੜੀਆਂ 1962-63 ਦੇ ਸਮੇਂ ਦੀਆਂ ਹਨ, ਜੋ ਕੁੜੱਤਣ ਦਾ ਬੀਜ ਸੀ ਉਹ ਬੀਜਿਆ ਗਿਆ ਪੰਜਾਬ ਦੀਆਂ ਫਿਜਾਵਾਂ ਵਿੱਚ ਜਦੋਂ ਇਸ ਵਿਸ਼ੇ ਤੇ ਬਹਿਸ ਮੁਬਾਹਸੇ ਸ਼ੁਰੂ ਹੋਏ, ਪੰਜਾਬ ਵਿੱਚ ਬਹੁਤ ਸਾਰੇ ਲੋਕਾਂ ਨੇ ਆਪਣੀ ਮਾਂ ਬੋਲੀ ਨੂੰ ਮਾਂ ਬੋਲੀ ਮੰਨਣ ਤੋਂ ਮੁਨਕਰ ਹੋਣ ਦਾ ਫੈਸਲਾ ਕਰ ਲਿਆ। ਇਕ ਜਥੇਬੰਦਕ ਸਾਜਿਸ਼ ਦੇ ਤਹਿਤ ਲੋਕਾਂ ਨੂੰ ਉਕਸਾਇਆ ਗਿਆ ਕਿ ਉਹ ਪੰਜਾਬੀ ਨੂੰ ਆਪਣੀ ਮਾਂ ਬੋਲੀ ਡਿਕਲੇਅਰ ਨਾ ਕਰਨ। ਉਸ ਤੋਂ ਇਲਾਵਾ ਦੂਸਰੀਆਂ ਭਾਸ਼ਾਂਵਾਂ ਨੂੰ ਆਪਣੀ ਮਾਂ ਬੋਲੀ ਡਿਕਲੇਅਰ ਕਰਨ ਔਰ ਕਿੰਨਾ ਤਨਾਓ ਪੰਜਾਬ ਦੀਆਂ ਫਿਜਾਵਾਂ ਵਿਚ ਉਸ ਵੇਲੇ ਆਇਆ ਮੈਂ ਸਮਝਦਾ ਹਾਂ ਕਿ ਪਹਿਲੀ ਜਿਹੜੀ ਪਹਿਲ ਸੀ ਪੰਜਾਬ ਦੀ ਧਰਤੀ ਤੇ ਇਸ ਵੇਲੇ ਸ਼ੁਰੂ ਹੋਈ। ਜਦੋਂ ਬਹੁਤ ਸਾਰੇ ਲੋਕ ਆਪਣੀ ਮਾਂ ਬੋਲੀ ਨੂੰ ਮਾਂ ਬੋਲੀ ਮੰਨਣ ਤੋਂ ਮੁਨਕਰ ਹੋ ਗਏ। ਅੱਗੇ ਜਿਹੜਾ ਦੂਜਾ ਹੈ ਅਪ੍ਰੈਲ, 1978 ਬਾਦਲ ਸਾਹਿਬ ਚੀਫ ਮਨਿਸਟਰ ਸਨ ਪਹਿਲਾਂ ਜਿਹੜਾ ਵਾਇਲੈਂਟ ਕਲੈਸ਼ ਸੀ ਪਹਿਲਾਂ ਹਿੰਸਕ ਹਾਦਸਾ ਜੋ ਅੰਮ੍ਰਿਤਸਰ ਦੀ ਧਰਤੀ ਤੇ ਵਾਪਰਿਆ ਅਤੇ ਨਿਰੰਕਾਰੀਆਂ ਨਾਲ ਜੋ ਕਲੇਸ਼ ਹੋਇਆ ਜਿਸ ਵਿਚ ਬਹੁਤ ਸਾਰੀਆਂ ਜਾਨਾਂ ਗਈਆਂ ਉਸ ਤੋਂ ਬਾਅਦ ਬਕਾਇਦਾ ਤੌਰ ਤੇ ਇਹ ਤਨਾਓ ਜਿਹੜਾ ਸੀ ਉਹ ਵਧਦਾ ਗਿਆ। ਸਪੀਕਰ ਸਾਹਿਬ, ਕਿਸੇ ਵੀ ਲੀਡਰਸ਼ਿਪ ਦੇ ਮਹੱਤਵਪੂਰਨ ਵਿਅਕਤੀਆਂ ਦੀ ਪਰਖ ਜਿਹੜੀ ਹੈ ਉਹ ਉਸ ਸਮੇਂ ਹੁੰਦੀ ਹੈ ਕਿ ਔਖੇ ਸਮੇਂ ਉਹ ਕਿੱਥੇ ਖੜ੍ਹਦੇ ਹਨ, ਉਹ ਕੀ ਫੈਸਲਾ ਕਰਦੇ ਹਨ, ਉਹ ਕੀ ਮਾਰਗ ਦਰਸ਼ਨ ਕਰਦੇ ਹਨ। ਉਹ ਪ੍ਰਸਥਿਤੀਆਂ ਨੂੰ ਕਿਸ ਤਰ੍ਹਾਂ ਦਾ ਮੋੜ ਦਿੰਦੇ ਹਨ, ਵਾਤਾਵਰਣ ਨੂੰ ਕਿਸ ਤਰ੍ਹਾਂ ਸੰਭਾਲਦੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰ ਦਵਿੰਦਰ ਸਿੰਘ]

ਹਨ। ਬਹੁਤ ਸਾਰੇ ਲੋਕ ਇਸ ਗੱਲ ਦੇ ਗਵਾਹ ਵੀ ਹੋਣਗੇ ਔਰ ਬਖੂਬੀ ਉਹ ਦੇਖਦੇ ਹਨ ਜਿਹੜਾ ਵਾਇਓਲੈਂਟ ਕਲੈਸ਼ ਅੰਮ੍ਰਿਤਸਰ ਵਿਚ ਹੋਇਆ ਉਸ ਕਲੈਸ਼ ਦੀ ਬਕਾਇਦਾ ਤੌਰ ਤੇ ਮਾਨੀਟ੍ਰਿੰਗ ਉਸ ਵੇਲੇ ਦੀ ਸਰਕਾਰ ਦੇ ਇਕ ਵਜ਼ੀਰ ਨੇ ਕੀਤੀ ਔਰ ਉਹ ਪਹਿਲੇ ਜੱਥੇ ਦੇ ਨਾਲ ਤੁਰਿਆ, ਕਲੈਸ਼ ਹੋਇਆ ਔਰ ਬਹੁਤ ਸਾਰੇ ਲੋਕ ਉਸ ਕਲੈਸ਼ ਵਿਚ ਮਾਰੇ ਗਏ। ਲਓ, ਹੁਣ ਵਿਚਾਰਨ ਵਾਲੀ ਗੱਲ ਹੈ ਕਿ ਉਦੋਂ ਪੰਜਾਬ ਵਿਚ ਕੰਮ ਸ਼ੁਰੂ ਹੋਇਆ ਉਸ ਕਲੈਸ਼ ਨੂੰ ਜਾਂ ਉਹ ਜਿਹੜਾ ਸਮਾਗਮ ਸੀ ਉਸ ਨੂੰ ਟਾਲਿਆ ਨਹੀਂ ਸੀ ਜਾ ਸਕਦਾ ? ਉਸ ਨੂੰ ਰੋਕਿਆ ਨਹੀਂ ਸੀ ਜਾ ਸਕਦਾ ? ਉਸ ਦੀ ਇਜ਼ਾਜਤ ਦੇਣ ਸਮੇਂ ਇਸ ਦੀ ਨੋਵੀਅਤ ਨੂੰ, ਇਸ ਦੀਆਂ ਪੇਚੀਦਗੀਆਂ ਨੂੰ ਵਿਚਾਰਨ ਔਰ ਉਸ ਦਾ ਐਡਮਨਿਸਟਰੇਟਿਵ ਡਿਸੀਜ਼ਨ ਲੈਣਾ, ਇਹ ਸੋਚਣਾ ਚਾਹੀਦਾ ਸੀ ਕਿ ਇਸ ਕੇਸ ਤੇ ਵਾਇਓਲੇਸ਼ਨ ਹੋਵੇਗੀ। ਅੰਮ੍ਰਿਤਸਰ ਦੇ ਵਿਚ ਬਹੁਤ ਜ਼ਿਆਦਾ ਤਨਾਓ ਨੂੰ ਰੋਕਿਆ ਜਾ ਸਕਦਾ ਸੀ। ਪਹਿਲਾਂ ਸਮਾਗਮ ਦੀ ਮਨਜ਼ੂਰੀ ਦੇਣੀ ਅਤੇ ਉਸ ਤੋਂ ਬਾਅਦ ਸ਼੍ਰੀ ਦਰਬਾਰ ਸਾਹਿਬ ਵਿੱਚੋਂ ਜੱਥਿਆਂ ਦਾ ਚਲਣਾ। ਫਿਰ ਉਨ੍ਹਾਂ ਜਥਿਆਂ ਨੂੰ ਰੋਕਿਆ ਵੀ ਤਾਂ ਜਾ ਸਕਦਾ ਸੀ। ਉਹ ਕਨਟੇਨ ਕੀਤੇ ਜਾ ਸਕਦੇ ਸੀ ਤੇ ਉਥੋਂ ਜਥੇ ਚਲੇ ਗਏ ਅਤੇ ਆਹਮੋ-ਸਾਹਮਣੇ ਕਲੈਸ਼ ਹੋਏ। ਉਸ ਕਲੈਸ਼ ਤੋਂ ਬਾਅਦ ਇਕ ਬਦਲੇ ਦੀ ਭਾਵਨਾ ਪੈਦਾ ਹੋ ਗਈ। ਉਸ ਤੋਂ ਬਾਅਦ ਪੰਜਾਬ ਵਿਚ ਫੋਰਸਿਜ਼ ਲਾਮਬੰਦ ਹੋਣੀਆਂ ਸ਼ੁਰੂ ਹੋਇਆਂ। ਜਿੰਨ੍ਹਾਂ ਪਰਿਵਾਰਾਂ ਦੇ ਮੈਂਬਰ ਉਸ ਕਲੈਸ਼ ਵਿਚ ਸ਼ਹੀਦ ਹੋਏ, ਉਨ੍ਹਾਂ ਪਰਿਵਾਰਾਂ ਦੇ ਮੈਂਬਰਾਂ ਨੇ ਅਲੱਗ-ਅਲੱਗ ਜਥੇਬੰਦੀਆਂ ਨੂੰ ਲਾਮਬੰਦ ਕੀਤਾ। ਇਹ ਸਿਲਸਿਲਾ ਫਿਰ ਲਗਾਤਾਰ ਚਲਦਾ ਰਿਹਾ। ਹੁਣ ਵਿਚਾਰਨ ਦੀ ਗੱਲ ਇਹ ਹੈ ਕਿ ਉਸ ਸਮੇਂ ਦੀ ਸਰਕਾਰ ਨੇ ਜਿਸ ਦੀ ਵਕਾਲਤ ਅੱਜ ਦੀ ਆਪੋਜੀਸ਼ਨ ਪਾਰਟੀ ਦੇ ਲੀਡਰ ਬਾਦਲ ਸਾਹਿਬ ਕਰ ਰਹੇ ਹਨ, ਉਨ੍ਹਾਂ ਨੇ ਕਿਹੜੇ ਉਪਰਾਲੇ ਕੀਤੇ ? ਕਿਹੜੇ ਉਪਰਾਲੇ ਕੀਤੇ ਜਿਨ੍ਹਾਂ ਦੇ ਨਾਲ ਉਸ ਅੱਗ ਨੂੰ ਭੜਕਣ ਤੋਂ ਰੋਕਿਆ ਜਾ ਸਕਦਾ ਸੀ। ਪਹਿਲੀ ਗੱਲ ਇਨ੍ਹਾਂ ਨੂੰ ਮੈਂ ਇਹ ਪੁੱਛਣੀ ਚਾਹੁੰਦਾ ਹਾਂ ਕਿ ਜਿਹੜਾ ਮਨਿਸਟਰ ਉਦੋਂ ਤਿਆਰ ਕਰਕੇ ਜਥੇ ਦੇ ਨਾਲ ਭੇਜਿਆ ਸੀ, ਕਿਉਂਕਿ ਮੈਂ ਉਨ੍ਹਾਂ ਦਾ ਨਾਂ ਨਹੀਂ ਲੈਣਾ ਚਾਹੁੰਦਾ, ਉਹ ਹੁਣ ਦੁਨੀਆਂ ਵਿਚ ਨਹੀਂ ਰਹੇ..........

**ਮਾਨਯੋਗ ਸਪੀਕਰ** : ਤੁਸੀਂ ਨਾਂ ਨਾ ਲਓ।

**ਸਰਦਾਰ ਬੀਰ ਦਵਿੰਦਰ ਸਿੰਘ** : ਮੈਂ ਨਾਂ ਨਹੀਂ ਲੈਣਾ ਚਾਹੁੰਦਾ। ਤੁਸੀਂ ਸਾਰੇ ਹੀ ਸਮਝਦੇ ਹੋ। ਵਾਇਓਲੇਸ਼ਨ ਹੋਈ। ਉਸ ਤੋਂ ਬਾਅਦ ਚਾਹੀਦਾ ਤਾਂ ਇਹ ਸੀ ਕਿ ਉਸ ਵੇਲੇ ਕੋਈ ਇਫੈਕਟਿਵ ਸਟੈਪਸ ਲਏ ਜਾਂਦੇ। ਉਸ ਦੇ ਨਾਲ ਇੱਕ ਭੜਕਾਹਟ ਵਾਲੀ ਸਥਿਤੀ ਰੋਕੀ ਜਾ ਸਕਦੀ ਸੀ। ਪਰ ਉਹ ਘਟਨਾਵਾਂ ਅੱਗੇ ਵਧਦੀਆਂ ਗਈਆਂ ਅਤੇ ਅੱਗੇ ਚਲਦੀਆਂ ਗਈਆਂ ਔਰ ਪੰਜਾਬ ਦੀਆਂ ਫਿਜ਼ਾਵਾਂ ਦੇ ਵਿਚ ਜ਼ਹਿਰ ਫੈਲਦੀ ਗਈ ਔਰ ਸਿਲਸਲੇਵਾਰ ਕਤਲਾਂ ਦੇ ਆਗੋਸ਼ ਦਾ ਮੁੱਢ ਬੰਨ੍ਹਿਆ ਗਿਆ। He continued to be the Chief Minister in the Government. ਸਾਲ 1980 ਦੇ ਵਿਚ ਸਰਕਾਰਾਂ ਬਦਲ ਗਈਆਂ। ਬਾਦਲ ਸਾਹਿਬ ਆਪਣੀ ਸੀਟ ਤੋਂ ਚਲੇ ਗਏ। ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਆਈ। ਉਸ ਵੇਲੇ ਮੈਂ ਬਹੁਤ ਹੈਰਾਨ ਹੋਇਆ ਕਿ ਉਸ ਵੇਲੇ ਸਾਡੇ ਨੋਟਿਸ ਦੇ ਵਿਚ ਨਹੀਂ ਸੀ ਕਿ ਇੱਕ ਪੀ.ਸੀ. ਅਲੈਗਜੈਂਡਰ ਉਸ ਵੇਲੇ ਦੇ ਪ੍ਰਾਈਮ ਮਨਿਸਟਰ ਦੇ ਪ੍ਰਿੰਸੀਪਲ ਸੈਕਟਰੀ ਰਹੇ ਹਨ, ਉਨ੍ਹਾਂ ਦੀ ਪੁਸਤਕ ਦੇ ਵਿਚ ਬਹੁਤ ਸਾਰੀਆਂ ਮੀਟਿੰਗਜ਼ ਦਾ ਜ਼ਿਕਰ ਹੈ। ਜਿਹੜੀਆਂ ਕਿ ਉਸ ਵੇਲੇ ਜ਼ਾਹਿਰ ਨਹੀਂ ਕੀਤੀਆਂ ਗਈਆਂ। ਜਦੋਂ ਕਿ ਕਾਂਗਰਸ ਦੀ ਗੌਰਮਿੰਟ ਸੀ, 16 ਅਕਤੂਬਰ,

Original with;
Punjab Vidhan Sabha
Digitized by;
Panjab Digital Library

1981 ਵਿਚ ਸਾਊਥ ਬਲਾਕ, ਨਿਊ ਦਿੱਲੀ ਵਿੱਚ ਸੰਤ ਲੌਂਗੋਵਾਲ ਜੀ, ਟੌਹੜਾ ਸਾਹਿਬ, ਬਾਦਲ ਸਾਹਿਬ, ਸ਼੍ਰੀ ਐਸ.ਐਸ. ਬਰਨਾਲਾ ਸਾਹਿਬ ਅਤੇ ਬਲਵੰਤ ਸਿੰਘ ਜੀ ਦੀ ਉਸ ਵੇਲੇ ਦੇ ਪ੍ਰਾਈਮ ਮਨਿਸਟਰ ਸ਼੍ਰੀਮਤੀ ਇੰਦਰਾ ਗਾਂਧੀ ਨਾਲ ਮੀਟਿੰਗ ਹੋਈ। ਇਹ ਗੱਲ ਪੀ.ਸੀ. ਅਲੈਗਜੈਂਡਰ, ਪ੍ਰਿੰਸੀਪਲ ਸੈਕਟਰੀ ਟੂ ਪੀ.ਐਮ. ਦੀ ਕਿਤਾਬ ਵਿਚ ਲਿਖੀ ਹੋਈ ਹੈ। ਉਸ ਦੇ ਵਿਚ ਹੋਰ ਬਹੁਤ ਸਾਰੀਆਂ ਸੀਕ੍ਰੇਟ ਮੀਟਿੰਗਜ਼ ਦਾ ਵੀ ਜ਼ਿਕਰ ਕੀਤਾ ਗਿਆ ਹੈ, ਉਨ੍ਹਾਂ ਨੇ ਬੜੀ ਲੰਬੀ ਚੌੜੀ ਸੂਚੀ ਇਨ੍ਹਾਂ ਸਾਰੀਆਂ ਮੀਟਿੰਗਜ਼ ਦੀ ਦਿੱਤੀ ਹੈ। ਇਸ ਦਾ ਭਾਵ ਹੈ ਕਿ ਜਿਹੜੀ ਅੱਗ ਸੀ, ਉਹ ਅੰਦਰੋਂ ਅੰਦਰੀ ਸੁਲਘ ਰਹੀ ਸੀ ਔਰ ਉਹ ਜਿਹੜੀ ਅੱਗ ਸੀ, ਉਸ ਨੂੰ ਚਿੰਗਾਰੀ ਲੱਗੀ ਔਰ ਲਾਲਾ ਜਗਤ ਨਰਾਇਣ ਦਾਸ ਦਾ ਕਤਲ ਹੋਇਆ। ਉਥੋਂ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਸਮਾਂ ਸ਼ੁਰੂ ਹੁੰਦਾ ਹੈ ਔਰ ਉਸ ਤੋਂ ਬਾਅਦ ਕਤਲਾਂ ਦਾ ਲੜੀਵਾਰ ਸਿਲਸਿਲਾ ਪੰਜਾਬ ਦੇ ਵਿਚ ਸ਼ੁਰੂ ਹੋਇਆ। ਸਪੀਕਰ ਸਾਹਿਬ, ਕਲੇਜਾ ਬਾਹਰ ਨੂੰ ਆਉਂਦਾ ਹੈ ਜਦੋਂ ਅਸੀਂ ਲਿਸਟ ਪੜ੍ਹਦੇ ਹਾਂ ਕਿ ਕਿੰਨਾ ਨੁਕਸਾਨ ਉਸ ਸਮੇਂ ਵਿਚ ਪੰਜਾਬ ਵਿਚ ਹੋਇਆ। ਮੇਰੇ ਪਾਸ ਇੱਕ ਲਿਸਟ ਹੈ, ਉਸ ਦੇ ਵਿੱਚ ਦੱਸਿਆ ਗਿਆ ਹੈ ਕਿ ਕੋਈ 12,000 ਦੇ ਕਰੀਬ ਲੋਕ ਉਸ ਸਮੇਂ ਵਿੱਚ ਮਾਰੇ ਗਏ ਔਰ ਉਨ੍ਹਾਂ ਦੇ ਵਿਚ ਮਰਦ 645, ਔਰਤਾਂ 751, ਬੱਚੇ 53 ਅਤੇ ਨਿਊਜ਼ ਏਜੰਟਸ ਭਾਵ ਅਖਬਾਰਾਂ ਵਾਲੇ ਅਤੇ ਉਨ੍ਹਾਂ ਦੇ ਹਾਕਰ 46, ਪੁਲੀਟੀਕਲ ਲੀਡਰ 336, ਕਮਜ਼ੋਰ ਵਰਗਾਂ ਦੇ ਲੋਕ 1,708 ਅਤੇ ਸਮਾਜ ਸੁਧਾਰਕ 292, ਇਨਫਾਰਮਰਜ਼ 50 ਅਤੇ ਸਰਕਾਰੀ ਆਫਿਸਰਜ਼ ਅਤੇ ਸਰਕਾਰੀ ਕਰਮਚਾਰੀ107, ਮੁਸਾਫਿਰ 137 ਅਤੇ ਸੁਰੱਖਿਆ ਫੋਰਸਿਜ਼ ਦੇ 1,482 ਦੇ ਕਰੀਬ ਕਰਮਚਾਰੀ ਉਸ ਸਮੇਂ ਦੇ ਦੌਰਾਨ ਮਾਰੇ ਗਏ ਸਨ। ਫੋਰਸਿਜ ਦੀ ਡੀਟੇਲਜ਼ ਬੜੀ ਹੈਰਾਨਕੁੰਨ ਹੈ। ਉਸ ਸਮੇਂ ਦੇ 2 ਡੀ.ਆਈ.ਜੀ., ਐਸ.ਪੀਜ਼ 7, ਡੀ.ਐਸ.ਪੀਜ਼ 12, ਇਨਸਪੈਕਟਰਜ਼ 32, ਸਬ-ਇਨਸਪੈਕਟਰਜ਼ 61, ਏ.ਐਸ.ਆਈਜ਼ 111, ਹੈਡ ਕੰਸਟੇਬਲਜ਼ 267 ਅਤੇ ਕੰਸਟੇਬਲਜ਼ 818, ਹੋਮਗਾਰਡਜ਼ ਦੇ 294 ਅਤੇ ਐਸ.ਪੀ.ਓਜ਼ 180 ਮਾਰੇ ਗਏ ਸਨ। ਇਹ ਟੋਟਲ 1,784 ਬਣਦੇ ਹਨ। ਪੰਜਾਬ ਪੁਲਿਸ ਦੇ ਕਰਮਚਾਰੀ ਅੱਤਵਾਦ ਦੇ ਖਿਲਾਫ ਲੜਾਈ ਲੜਦੇ ਹੋਏ ਮਾਰੇ ਗਏ। ਇਸ ਤੋਂ ਇਲਾਵਾ ਉਸ ਸਮੇਂ ਵਿਚ ਜਿਹੜੀ ਵਾਇਲੈਂਸ ਹੋਈ ਉਨ੍ਹਾਂ ਵਿਚ ਕਈ ਟਾਰਗੈਟ ਕਿਲਿੰਗਜ਼ ਵੀ ਹੁੰਦੀਆਂ ਰਹੀਆਂ ਜਿਨ੍ਹਾਂ ਵਿਚ ਕਈ ਮੁਸਾਫਿਰਜ, ਸੈਰ ਕਰਨ ਵਾਲੇ ਲੋਕ ਵੀ ਸ਼ਾਮਲ ਸਨ। ਕਈ ਸਕੂਲਾਂ ਦੇ ਬੱਚੇ ਸ਼ਾਮਲ ਸਨ, ਮਜ਼ਦੂਰ ਸ਼ਾਮਲ ਸਨ ਇਸ ਤਰ੍ਹਾਂ ਇਹ ਅੱਤਵਾਦ ਦੀਆਂ ਵਾਰਦਾਤਾਂ ਪੰਜਾਬ ਅਤੇ ਹਰਿਆਣਾ ਵਿਚ ਵੀ ਹੁੰਦੀਆਂ ਰਹੀਆਂ ਸਨ। ਅੱਤਵਾਦ ਕਿਸੇ ਦਾ ਦੋਸਤ ਨਹੀਂ ਹੈ, ਨਾ ਉਹ ਸਾਡਾ ਦੋਸਤ ਹੈ, ਨਾ ਉਹ ਤੁਹਾਡਾ ਦੋਸਤ ਹੈ। ਇਸ ਦੇ ਖਿਲਾਫ ਲੜਾਈ ਲੜਨਾ ਸਾਡਾ ਸਾਰਿਆਂ ਦਾ ਫਰਜ਼ ਸੀ ਅਤੇ ਸਾਨੂੰ ਸਾਰਿਆਂ ਨੂੰ ਅੱਤਵਾਦ ਦੇ ਖਿਲਾਫ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਅੱਤਵਾਦ ਦੇ ਖਿਲਾਫ ਆਪਣੀ ਬਾਬਰ ਬਾਣੀ ਵਿਚ ਬੜਾ ਖੂਬਸੂਰਤ ਕਿਹਾ ਹੈ ਕਿ—

> ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥
> ਕਰਤਾ ਤੂੰ ਸਭਨਾ ਕਾ ਸੋਈ॥
> ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥
> ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥

ਸਕਤਾ ਜੇ ਮਾਸੂਮ ਲੋਕਾਂ ਨੂੰ ਮਾਰੇ ਤਾਂ ਖਸਮ ਨੂੰ ਜ਼ਿੰਮੇਵਾਰੀ ਲੈਣੀ ਪਵੇਗੀ, ਲੋਕਾਂ ਨੂੰ ਜਵਾਬ ਦੇਣਾ ਪਵੇਗਾ। ਮੈਂ ਇਹ ਗੱਲ ਬੜੀ ਤੱਸਲੀ ਨਾਲ ਕਹਿ ਰਿਹਾ ਹਾਂ ਕਿ 1983 ਵਿਚ ਇਸ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰ ਦਵਿੰਦਰ ਸਿੰਘ]

ਅੱਤਵਾਦ ਤੇ ਬਹਿਸ ਹੋਈ ਸੀ। ਸਾਡੇ ਉਸ ਵਕਤ ਦੇ ਬਹੁਤ ਸਾਰੇ ਸਾਥੀਆਂ ਨੇ ਬਹਿਸ ਵਿੱਚ ਹਿੱਸਾ ਲਿਆ ਸੀ। ਅੱਤਵਾਦ ਦੇ ਖਿਲਾਫ ਬੜੀ ਜ਼ਬਰਦਸਤ ਤਰੀਕੇ ਨਾਲ ਲੜਾਈ ਲੜੀ ਜਾਣੀ ਚਾਹੀਦੀ ਸੀ। ਅੱਜ ਬਹੁਤ ਸਾਰੇ ਸਾਥੀ ਉਧਰ ਬੈਂਚਾਂ ਤੇ ਬੈਠੇ ਹਨ ਅਤੇ ਕਈ ਅਗਲੀ ਪੀੜੀ ਦੇ ਲੋਕ ਆ ਗਏ ਹਨ ਜੋ ਇਸ ਹਾਊਸ ਦੇ ਮੈਂਬਰ ਹਨ। ਕਾਂਗਰਸ ਪਾਰਟੀ ਨੇ ਅਸੂਲੀ ਤੌਰ ਤੇ ਅੱਤਵਾਦ ਦੇ ਖਿਲਾਫ ਮੁਖਾਲਫਤ ਕੀਤੀ ਚਾਹੇ ਇਹ ਅੱਤਵਾਦ ਆਸਾਮ ਦੇ ਵਿਚ ਹੋਵੇ, ਚਾਹੇ ਇਹ ਅੱਤਵਾਦ ਪੰਜਾਬ ਵਿਚ ਹੋਵੇ ਅਤੇ ਚਾਹੇ ਇਹ ਅੱਤਵਾਦ ਨਾਰਥ ਈਸਟ ਵਿਚ ਹੋਵੇ। ਇਸ ਅੱਤਵਾਦ ਦੇ ਖਿਲਾਫ ਸਾਡੀ ਲੜਾਈ ਇਖਲਾਕੀ ਲੜਾਈ ਸੀ ਅਤੇ ਬੜੀ ਬਹਾਦਰੀ ਨਾਲ ਅਸੀਂ ਇਹ ਲੜਾਈ ਲੜੀ ਅਤੇ ਲੜ ਰਹੇ ਹਾਂ। ਇਖਲਾਕੀ ਤੌਰ ਤੇ ਸਾਡਾ ਫਰਜ਼ ਵੀ ਹੈ ਕਿ ਇਸ ਦੇ ਖਿਲਾਫ ਲੜਾਈ ਕੀਤੀ ਜਾਵੇ। ਪਰ ਕੁਝ ਐਸੀਆਂ ਤਾਕਤਾਂ ਜਿਹੜੀਆਂ ਸਾਹਮਣੇ ਬੈਂਚਾਂ ਤੇ ਬੈਠੀਆਂ ਹਨ ਉਹ ਇਸ ਅੱਤਵਾਦ ਨੂੰ ਸ਼ਹਿ ਦੇਣ ਵਾਲੇ ਸਨ, ਜਿਹੜੇ ਇਸ ਅੱਤਵਾਦ ਲਈ ਜਿੰਮੇਵਾਰ ਵੀ ਹਨ। ਉਨ੍ਹਾਂ ਦੇ ਸਿਰ ਸਮੂਹ ਗੁਰਦੁਆਰਿਆਂ ਦੇ ਪ੍ਰਬੰਧ ਦੀ ਜਿੰਮੇਵਾਰੀ ਸੀ। ਗੁਰਦੁਆਰਿਆਂ ਦੀ ਪਵਿੱਤਰਤਾ ਅਤੇ ਗੁਰਦੁਆਰਿਆਂ ਦੀ ਸੰਭਾਲ ਅਤੇ ਸੰਚਾਲਣ ਦੀ ਜ਼ਿਮੇਵਾਰੀ ਸੀ, ਉਹ ਜ਼ਿਮੇਵਾਰੀ ਇਨ੍ਹਾਂ ਨੇ ਸਹੀ ਢੰਗ ਨਾਲ ਨਹੀਂ ਨਿਭਾਈ। ਸਪੀਕਰ ਸਾਹਿਬ, ਜਦ ਕਦੇ ਵੀ, ਤੁਸੀਂ ਸਾਰਾ ਇਤਿਹਾਸ ਘੋਖ ਕੇ ਦੇਖ ਲਓ, ਅਕਾਲੀ ਮੋਰਚਿਆਂ ਦਾ ਇਤਿਹਾਸ ਘੋਖ ਕੇ ਦੇਖ ਲਓ, ਜਦ ਕਦੇ ਵੀ ਕੁਝ ਐਸੇ ਅਨਸਰਾਂ ਨੇ ਜਿਨ੍ਹਾਂ ਨੇ ਧਰਮ ਦੀਆਂ ਜੋ ਅਦਬ ਰਵਾਇਤਾਂ ਹਨ, ਉਸ ਤੋਂ ਦੂਰ ਜਾ ਕੇ ਕੋਈ ਵੀ ਕਾਰਵਾਈ ਕਰਨ ਦੀ ਕੋਸ਼ਿਸ਼ ਕੀਤੀ, ਉਸੇ ਵੇਲੇ ਬਹੁਤ ਜ਼ਿਆਦਾ ਐਸੀਆਂ ਘਟਨਾਵਾਂ ਹੋਈਆਂ ਕਿ ਸਾਡੇ ਪਵਿੱਤਰ ਔਰ ਮੁਤਬਰਕ ਥਾਂ ਹਰਿਮੰਦਰ ਸਾਹਿਬ, ਦਰਬਾਰ ਸਾਹਿਬ ਔਰ ਉਸਦੇ ਗਿਰਦੇ-ਨਿਬਾਹ ਦੇ ਜੋ ਇਲਾਕੇ ਹਨ, ਉਨ੍ਹਾਂ ਵਿਚ ਵਾਇਓਲੈਂਸ ਦੇਖਣੀ ਪਈ। ਅੰਗਰੇਜ਼ਾਂ ਦਾ ਜ਼ਮਾਨਾ ਸੀ, ਮਹੰਤਾਂ ਦਾ ਜ਼ਮਾਨਾ ਸੀ, ਉਸ ਸਮੇਂ ਵੀ ਬਹੁਤ ਸਾਰੀਆਂ ਮਹਾਨ ਸ਼ਖਸੀਅਤਾਂ ਹੋਈਆਂ। ਮੈਂ ਅਕਾਲੀ ਮੋਰਚਿਆਂ ਦਾ ਇਤਿਹਾਸ ਪੜ੍ਹ ਰਿਹਾ ਸੀ। ਉਸ ਵਿਚ ਜ਼ਿਕਰ ਹੈ ਕਿ ਤੇਜਾ ਸਿੰਘ ਸਮੁੰਦਰੀ ਜੀ ਦੀ ਜਦੋਂ ਜੇਲ੍ਹ ਵਿਚ ਮਿਰਤੂ ਹੋਈ, ਉਸਦਾ ਇਤਨਾ ਅਫਸੋਸ ਸਾਰੇ ਲੋਕਾਂ ਨੇ ਕੀਤਾ, ਜਦੋਂ ਉਨ੍ਹਾਂ ਦੀ ਡੈੱਡ ਬਾਡੀ ਜੇਲ੍ਹ ਵਿਚੋਂ ਲੈ ਕੇ ਆਏ। ਇਤਿਹਾਸ ਕਿਸੇ ਨੂੰ ਮੁਆਫ਼ ਨਹੀਂ ਕਰਦਾ, ਨਾ ਹੀ ਇਤਿਹਾਸ ਕਿਸੇ ਦਾ ਲਿਹਾਜ਼ ਕਰਦਾ ਹੈ। ਘਟਨਾਵਾਂ ਜਦੋਂ ਵਾਪਰੀਆਂ ਹਨ, ਇਤਿਹਾਸ ਦੀ ਬੁੱਕਲ ਵਿਚ ਚਲੀਆਂ ਜਾਂਦੀਆਂ ਹਨ, ਇਤਿਹਾਸ ਦੇ ਪੰਨੇ ਜੈਨਰੇਸ਼ਨ ਦੇ ਸਪੁਰਦ ਹੋ ਜਾਂਦੇ ਹਨ। ਜਿਸ ਜਿਸ ਬੰਦੇ ਦਾ ਜੋ ਜੋ ਰੋਲ ਹੁੰਦਾ ਹੈ, ਆਉਣ ਵਾਲੀਆਂ ਜੈਨਰੇਸ਼ਨਜ਼ ਪੜ੍ਹਦੀਆਂ ਰਹਿੰਦੀਆਂ ਹਨ ਤੇ ਫੈਸਲਾ ਕਰਦੀਆਂ ਰਹਿੰਦੀਆਂ ਹਨ। ਮੈਂ ਪੜ੍ਹ ਰਿਹਾ ਸੀ, ਬੜੀ ਹੀ ਸੁੰਦਰ ਟਿੱਪਣੀ ਸਮੁੰਦਰੀ ਜੀ ਬਾਰੇ ਕੀਤੀ ਗਈ ਹੈ। ਉਸ ਮੁਦੱਵਰ ਸ਼ਖਸੀਅਤ ਨੇ ਜਦੋਂ ਵੀ ਕਿਤੇ ਐਸੀ ਸਿਚੂਏਸ਼ਨ ਬਣੀ, ਇੰਟਰਵੀਨ ਕੀਤਾ ਤੇ ਹਾਲਾਤ ਨੂੰ ਟਾਲਣ ਦੀ ਕੋਸ਼ਿਸ਼ ਕੀਤੀ। ਬੜੇ ਲੰਬੇ ਸਮੇਂ ਤੋਂ ਅੰਗਰੇਜ਼ਾਂ ਨੇ ਐਸੇ ਬਹੁਤ ਸਾਰੇ ਹਾਲਾਤ ਪੈਦਾ ਕੀਤੇ, ਜਿਸ ਨਾਲ ਟੈਨਸ਼ਨਜ਼ ਹੋਈਆਂ। ਮੈਂ ਬੜੇ ਅਦਬ ਨਾਲ ਕਹਿਣਾ ਚਾਹੁੰਦਾ ਹਾਂ, ਹਰਿਮੰਦਰ ਸਾਹਿਬ ਮੇਰਾ ਇਸ਼ਟ ਹੈ, ਮੈਂ ਉਸ ਇਸ਼ਟ ਅੱਗੇ ਫਿਰ ਕਹਿੰਦਾ ਹਾਂ ਕਿ ਜਦ ਵੀ ਕੋਈ ਘਟਨਾ ਹਰਿਮੰਦਰ ਸਾਹਿਬ ਜਾਂ ਉਸਦੇ ਇਰਦ-ਗਿਰਦ ਜਾਂ ਉਸਦੀ ਜੋ ਪਵਿੱਤਰ ਪਰਕਰਮਾ ਹੈ, ਜਾਂ ਉਸਦੇ ਨਾਲ ਜੁੜੀਆਂ ਜਿੰਨੀਆ ਇਮਾਰਤਾਂ ਹਨ, ਉਨ੍ਹਾਂ ਵਿਚ ਕੋਈ ਵੀ ਅਣਸੁਖਾਵੀਂ ਘਟਨਾ ਵਾਪਰੀ ਹੈ, ਉਸਦੇ ਨਤੀਜੇ ਅਣਸੁਖਾਵੇਂ ਰਹੇ ਹਨ। ਮੈਂ ਇਸ ਗੱਲ ਤੋਂ ਪ੍ਰਭਾਵਤ ਹੋਏ ਬਿਨਾਂ ਨਹੀਂ ਰਹਿ ਸਕਦਾ ਕਿਉਂਕਿ ਉਹ ਮੇਰਾ ਇਸ਼ਟ

Original with;
Punjab Vidhan Sabha
Digitized by;
Panjab Digital Library

ਹੈ। ਦਰਬਾਰ ਸਾਹਿਬ ਦੀ ਜੋ ਸਥਾਪਨਾ ਹੋਈ ਹੈ, ਸਾਨੂੰ, ਸਪੀਕਰ ਸਾਹਿਬ, ਜੋ ਅਸੀਂ ਪੰਜਾਬ ਦੇ ਅੱਤਵਾਦ ਔਰ ਤਾਰੀਖੇ ਦੌਰ ਦੀ ਚੀਰਫਾੜ ਕਰ ਰਹੇ ਹਾਂ। ਸਾਨੂੰ ਹਿਸਟਾਰੀਕਲ ਫੈਕਟਸ ਨੂੰ ਵੀ ਵਿਚਾਰਨਾ ਪਵੇਗਾ। ਸਾਡੇ ਭਰਾ ਅਕਸਰ ਕਹਿੰਦੇ ਹਨ ਕਿ ਸਾਡਾ ਧਰਮ ਤੇ ਰਾਜਨੀਤੀ ਇਕੱਠੀ ਹੈ। ਸਾਨੂੰ ਪੂਰਾ ਅਧਿਕਾਰ ਹੈ ਕਿ ਅਸੀਂ ਗੁਰਦੁਆਰਾ ਸਾਹਿਬਾਨ ਵਿੱਚ ਜਾ ਕੇ ਰਾਜਨੀਤਕ ਤਕਰੀਰਾਂ, ਰਾਜਨੀਤੀ ਦਾ ਸੰਚਾਲਣ ਕਰ ਸਕਦੇ ਹਾਂ। ਇਤਿਹਾਸ ਗਵਾਹ ਹੈ ਕਿ ਦਰਬਾਰ ਸਾਹਿਬ ਦਾ ਜੋ ਨੀਂਹ-ਪੱਥਰ ਹੈ, ਉਹ ਸਾਈਂ ਮੀਆਂ ਮੀਰ ਨੇ ਰੱਖਿਆ। ਇਹ ਸ਼ੁਰੂ ਹੀ ਇਥੋਂ ਹੋਇਆ। ਉਸ ਤੋਂ ਬਾਅਦ ਅਕਾਲ ਤਖਤ ਸਾਹਿਬ ਦੀ ਸਥਾਪਨਾ ਹੋਈ। ਔਰ ਹਰਿਮੰਦਰ, ਜਿਸ ਨੂੰ ਅਸੀਂ ਹੁਣ ਗੋਲਡਨ ਟੈਂਪਲ ਕਹਿਣਾ ਸ਼ੁਰੂ ਕਰ ਦਿੱਤਾ ਹੈ, ਇਹ ਹਰੀ ਦਾ ਮੰਦਰ ਸੀ। ਅੱਜ ਵੀ ਉਸਦੀ ਜੋ ਮਰਿਆਦਾ ਹੈ, ਉਹ ਮਰਿਆਦਾ ਤਾਂ ਰਹਿੰਦੀ ਹੈ ਜੇ ਹਰਿਮੰਦਰ ਸਾਹਿਬ ਵਿਚ ਕੇਵਲ ਸ਼ਬਦ ਦਾ ਪਾਠ ਹੋ ਸਕਦਾ ਹੈ, ਕੇਵਲ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਸ਼ਬਦ ਦਾ.........

**ਮਾਨਯੋਗ ਸਪੀਕਰ** : ਤੁਸੀਂ ਕਿੰਨਾ ਟਾਈਮ ਹੋਰ ਲਓਗੇ ?

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਹਾਲੇ ਤਾਂ ਮੈਂ ਸ਼ੁਰੂ ਹੀ ਕੀਤਾ ਹੈ (ਵਿਘਨ) ਤੁਸੀਂ ਕ੍ਰਿਪਾ ਕਰਕੇ ਮੈਨੂੰ ਟੋਕਣਾ ਨਹੀਂ, ਜਦੋਂ ਕਹੋਗੇ, ਮੈਂ ਬੈਠ ਜਾਵਾਂਗਾ।

**Mr. Speaker :** Roots and causes ਬਾਰੇ ਬੋਲੋ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਹਰਿਮੰਦਰ ਸਾਹਿਬ ਵਿਚ ਤਕਰੀਰ ਨਹੀਂ ਹੋ ਸਕਦੀ, ਹਰਿਮੰਦਰ ਸਾਹਿਬ ਵਿਚ ਜੈਕਾਰਾ ਨਹੀਂ ਛੱਡਿਆ ਜਾ ਸਕਦਾ। ਹਰਿਮੰਦਰ ਸਾਹਿਬ ਦੇ ਅੰਦਰ ਇਹ ਦੋਹਰਾ ਨਹੀਂ ਬੋਲਿਆ ਜਾਂਦਾ।

ਆਗਿਆ ਭਈ ਅਕਾਲ ਕੀ ਤਭੈ ਚਲਾਇਓ ਪੰਥ। (ਵਿਰੋਧੀ ਧਿਰ ਵਲੋਂ ਹਾਸਾ) ਇਹ ਹਰਿਮੰਦਰ ਸਾਹਿਬ ਦੇ ਅੰਦਰ ਨਹੀਂ ਪੜ੍ਹਿਆ ਜਾਂਦਾ। ਇਸ ਕਰਕੇ ਹਸਣ ਦੀ ਗੱਲ ਨਹੀਂ। ਜਿੱਥੇ ਮੈਂ ਗਲਤ ਹੋਵਾਂ ਮੈਨੂੰ ਟੋਕ ਦੇਣਾ। ਹਰ ਰੋਜ ਸਵੇਰੇ ਹਰਿਮੰਦਰ ਸਾਹਿਬ ਦੀ ਮਰਯਾਦਾ ਦੇ ਸਵੇਰੇ ਟੀ.ਵੀ. ਤੇ ਦਰਸ਼ਨ ਕਰਦੇ ਹਾਂ।

**ਮਾਨਯੋਗ ਸਪੀਕਰ** : ਤੁਸੀਂ ਰੈਲੇਵੈਂਟ ਰਹੋ।

**ਸਰਦਾਰ ਬੀਰ ਦਵਿੰਦਰ ਸਿੰਘ** : ਜੋ ਹਰਿਮੰਦਰ ਸਾਹਿਬ ਦੀ ਮਰਯਾਦਾ ਹੈ ਉਹੀ ਸਾਡੀ ਮਰਯਾਦਾ ਹੈ। ਅਸੀਂ ਆਇਸਤਾ-ਆਇਸਤਾ ਆਪਣੇ ਹਿਸਾਬ ਦੇ ਨਾਲ ਉਸ ਨੂੰ ਪ੍ਰਦਰਸ਼ਿਤ ਕਰਨਾ ਸ਼ੁਰੂ ਕਰ ਦਿੱਤਾ ਹੈ। ਮਿਸਾਲ ਦੇ ਤੌਰ ਤੇ ਅਕਾਲ ਤਥਤ ਦੀ ਸਥਾਪਨਾ ਜਿਹੜੀ ਹੈ ਉਹ ਕਿਵੇਂ ਹੋਈ ? ਕਿਉਂਕਿ ਜਦੋਂ ਗੁਰੂ ਮਹਾਰਾਜ ਹਰਿਮੰਦਰ ਸਾਹਿਬ ਵਿੱਚ ਬੈਠਦੇ ਸਨ ਉਹ ਕੋਈ ਇੱਧਰ-ਉੱਧਰ ਦੀ ਜਾਂ ਉਸ ਵੇਲੇ ਦੀ ਸਰਕਾਰ ਜਾਂ ਕੋਈ ਅਜਿਹੀ ਚਰਚਾ ਬਾਰੇ ਉਹ ਕਹਿੰਦੇ ਸਨ ਕਿ ਹਰਿਮੰਦਰ ਸਾਹਿਬ ਦੇ ਵਿੱਚ ਨਹੀਂ ਕਰਨੀ। ਇਹ ਗੱਲ ਬਾਹਰ ਬੈਠ ਕੇ ਕਰੋ। ਔਰ ਅਕਾਲ ਤਖਤ ਦੀ ਸਥਾਪਨਾ institution came into being ......(ਵਿਘਨ)......ਹੁਣ ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਦੇਖਿਆ ਹੋਏਗਾ ਕਿ ਹਰਿਮੰਦਰ ਸਾਹਿਬ ਔਰ ਅਕਾਲ ਤਖਤ ਦੇ ਦਰਮਿਆਨ ਦੋ ਵੱਡੇ ਨਿਸ਼ਾਨ ਸਾਹਿਬ ਹਨ।

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰ ਦਵਿੰਦਰ ਸਿੰਘ]

ਆਮ ਗੁਰਦੁਆਰਾ ਸਾਹਿਬ ਦੇ ਵਿੱਚ ਦੋ ਨਿਸ਼ਾਨ ਸਾਹਿਬ ਨਹੀਂ ਹੁੰਦੇ ਔਰ ਉਹ ਦੋਵੇਂ ਨਿਸ਼ਾਨ ਸਾਹਿਬ ਜਿਹੜੇ ਹਨ ਉਨ੍ਹਾਂ ਦੇ ਵਿੱਚ ਕਰਾਸ ਹੈ ਜਿਹੜਾ ਦੋਹਾਂ ਨੂੰ ਇਕ ਦੂਜੇ ਨੂੰ ਮਿਲਣ ਤੋਂ ਰੋਕਦਾ ਹੈ। ਜੇ ਧਰਮ ਅਤੇ ਰਾਜਨੀਤੀ ਇਕ ਹੁੰਦੇ, ਇਹ ਬੜੇ ਬੁਨਿਆਦੀ ਈਸ਼ੂ ਹਨ ਤਾਂ ਫਿਰ ਅਕਾਲ ਤਖਤ ਸਾਹਿਬ ਦੀ ਸਥਾਪਨਾ ਦੀ ਲੋੜ ਹੀ ਨਹੀਂ ਸੀ ਫਿਰ ਤਾਂ ਇਕ ਜਗ੍ਹਾ ਤੋਂ ਹੀ ਦੋਨਾਂ ਚੀਜ਼ਾਂ ਦਾ ਸੰਚਾਲਣ ਹੋ ਸਕਦਾ ਸੀ। ਕਿਉਂਕਿ ਦੋਵੇਂ ਮੁਤਜ਼ਾਹਤ ਹਨ, ਵੱਖਰੇ-ਵੱਖਰੇ ਹਨ ਇਸ ਵਾਸਤੇ ਗੁਰੂ ਸਾਹਿਬ ਨੇ ਕਿਹਾ ਕਿ ਰਾਜਨੀਤੀ ਉਥੇ ਧਰਮ ਏਥੇ

(ਵਿਰੋਧੀ ਧਿਰਾਂ ਵੱਲੋਂ ਅਵਾਜ਼ਾਂ : ਦੋਵੇਂ ਬੜੇ ਨੇੜੇ-ਨੇੜੇ ਹਨ।)

ਮੈਂ ਕਦੋਂ ਕਿਹਾ ਹੈ ਕਿ ਆਮ੍ਹਣੇ ਸਾਹਮਣੇ ਹਨ ਔਰ ਦੋਵੇਂ ਨਿਸ਼ਾਨ ਸਾਹਿਬ ਜਿਹੜੇ ਹਨ ਉਨ੍ਹਾਂ ਨੂੰ ਇਕ ਦੂਜੇ ਵੱਲ ਝੁਕਣ ਤੋਂ ਔਰ ਜੁੜਣ ਤੋਂ ਰੋਕਿਆ ਹੋਇਆ ਹੈ। ਉਨ੍ਹਾਂ ਨੇ ਕਿਹਾ ਠੀਕ ਹੈ। ਉਨ੍ਹਾਂ ਨੇ ਕਿਹਾ ਹੈ ਕਿ ਏਨਾ ਦੂਰ ਵੀ ਨਾ ਜਾਓ ਕਿ ਧਰਮ ਦੇ ਨੇਕ ਪਰਭਾਵਾਂ ਤੋਂ ਸੱਖਣੇ ਹੋ ਜਾਓ ਔਰ ਏਨਾ ਨੇੜੇ ਵੀ ਨਾ ਹੋ ਜਾਓ ਕਿ ਪਹਿਚਾਣਨਾ ਮੁਸ਼ਕਲ ਹੋ ਜਾਵੇ ਕਿ ਧਰਮ ਕਿੰਨਾ ਹੈ ਅਤੇ ਸਿਆਸਤ ਕਿੰਨੀ ਹੈ। ਇਸ ਲਈ ਇਹ..........

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ** : ਪੁਆਇੰਟ ਆਫ ਆਰਡਰ ਸਪੀਕਰ ਸਾਹਿਬ। ਸਪੀਕਰ ਸਾਹਿਬ, ਮੁਆਫ ਕਰਨਾ ਇਹ ਰਾਜਨੀਤੀ ਦੀਆਂ ਗੱਲਾਂ ਕਰਦੇ ਹਨ ਅਤੇ ਸਿੱਖ ਫਿਲਾਸਫੀ ਦੀਆਂ ਗੱਲਾਂ ਵੀ ਵਿਚੇ ਹੀ ਕਰੀ ਜਾਂਦੇ ਹਨ। ਸਿੱਖ ਫਿਲਾਸਫੀ ਬਾਰੇ ਇਨ੍ਹਾਂ ਨੂੰ ਏਨਾ ਨਹੀਂ ਪਤਾ, ਇਹ ਇੱਕ ਪੱਖ ਵਿੱਚ ਹੀ ਬੋਲੀ ਜਾ ਰਹੇ ਹਨ। ਜੇ ਬੋਲਣਾ ਹੈ ਤਾਂ ਸਪਸ਼ਟ ਬੋਲਣ ਅਤੇ ਗੋਲ ਮੋਲ ਗੱਲਾਂ ਨਾ ਕਰਨ।

**ਮਾਨਯੋਗ ਸਪੀਕਰ** : ਹਾਂ ਜੀ। ਬੀਰ ਦਵਿੰਦਰ ਸਿੰਘ ਜੀ, ਤੁਸੀਂ ਰੈਲੇਵੈਂਟ ਬੋਲੋ। ਫਿਲਾਸਫੀ ਵੱਲ ਨਾ ਜਾਓ।

**ਸਰਦਾਰ ਬੀਰ ਦਵਿੰਦਰ ਸਿੰਘ** : ਠੀਕ ਹੈ ਜੀ। I do not seek direction from them ਕਿ ਮੈਂ ਕਿਸ ਤਰ੍ਹਾਂ ਬੋਲਣਾ ਹੈ।

**ਮਾਨਯੋਗ ਸਪੀਕਰ** : ਇਨ੍ਹਾਂ ਨੇ ਆਬਜੈਕਟ ਕੀਤਾ ਹੈ। ਠੀਕ ਹੈ, ਤੁਸੀਂ ਰੈਲੇਵੈਂਟ ਹੀ ਬੋਲੋ।

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਉਨ੍ਹਾਂ ਨੇ ਕਿਹਾ ਹੈ, It is alright but ਮੈਂ ਟੈਰਾਰਿਜ਼ਮ ਦੇ ਮੂਲ ਕਾਰਨਾਂ ਤੇ ਬੋਲ ਰਿਹਾ ਹਾਂ।

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ** : ਇਨ੍ਹਾਂ ਨੇ ਕਿਹਾ ਹੈ ਕਿ ਅੰਦਰ ਜੈਕਾਰੇ ਨਹੀਂ ਹੁੰਦੇ। ਹਰ ਰੋਜ਼ ਟੀ.ਵੀ. ਤੇ ਦੇਖਦੇ ਹਾਂ, ਹਰ ਰੋਜ ਜੈਕਾਰੇ ਹੁੰਦੇ ਹਨ। ਇਹ ਠੀਕ ਹੈ ਕਿ ਕਿਸੇ ਨਿੱਜੀ ਬੰਦੇ ਦਾ ਜੈਕਾਰਾ ਨਹੀਂ ਹੋ ਸਕਦਾ, ਨਾਹਰਾ ਨਹੀਂ ਹੋ ਸਕਦਾ।

**ਮਾਨਯੋਗ ਸਪੀਕਰ** : ਅੱਧਾ ਘੰਟਾ ਹੋ ਗਿਆ ਹੈ, ਹੁਣ ਤੁਸੀਂ ਬਰੀਫ ਕਰੋ ਪਲੀਜ਼।

**ਸਰਦਾਰ ਬੀਰ ਦਵਿੰਦਰ ਸਿੰਘ** : ਇਹ ਕਿਤੇ ਨਹੀਂ ਹੈ ਕਿ ਤੁਸੀਂ ਫਿਲਾਸਫੀ ਦਾ ਜ਼ਿਕਰ ਨਹੀਂ ਕਰ ਸਕਦੇ। I am relevant, Sir.

Original with;
Punjab Vidhan Sabha
Digitized by;
Punjab Digital Library

**ਮਾਨਯੋਗ ਸਪੀਕਰ** : ਅੱਧਾ ਘੰਟਾ ਹੋ ਗਿਆ। ਸਾਰਿਆਂ ਨੇ ਬੋਲਣਾ ਹੈ। ਇਸ ਲਈ ਕ੍ਰਿਪਾ ਕਰਕੇ ਕਨਕਲੂਡ ਕਰਨ ਦੀ ਖੇਚਲ ਕਰੋ।

**ਸਰਦਾਰ ਬੀਰ ਦਵਿੰਦਰ ਸਿੰਘ** : ਤੁਸੀਂ (ਵਿਰੋਧੀ ਧਿਰਾਂ ਵੱਲ ਇਸ਼ਾਰਾ) ਸੁਣਨ ਦਾ ਹੌਸਲਾ ਰੱਖੋ, ਜਿੱਥੇ ਮੈਂ ਗਲਤੀ ਕਰਾਂ ਉਸ ਬਾਰੇ ਤੁਹਾਨੂੰ ਆਪਣੀ ਗੱਲ ਕਹਿਣ ਦਾ ਰਾਈਟ ਹੈ। ਲੇਕਿਨ ਐਜ਼ ਏ ਮੈਂਬਰ ਮੈਨੂੰ ਵੀ ਆਪਣੀ ਗੱਲ ਕਹਿਣ ਦਾ ਪੂਰਾ ਰਾਈਟ ਹੈ।

**Mr. Speaker :** How much time you will take more ? ਪੰਜ ਮਿੰਟਾਂ ਵਿੱਚ ਤੁਸੀਂ ਆਪਣੀ ਗੱਲ ਖਤਮ ਕਰੋ। ਸਵਾ ਪੰਜ ਤੇ ਖਤਮ ਕਰ ਦਿਓ। ਬਾਕੀ ਮੈਂਬਰਾਂ ਨੇ ਵੀ ਬੋਲਣਾ ਹੈ। Please be relevant and to the point.

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਅਰਜ਼ ਇਹ ਹੈ ਕਿ ਇਹ ਮੈਨੂੰ ਟੋਕ ਟਕਾਈ ਨਾ ਕਰਨ। ਇਹ ਟੋਕ ਟਕਾਈ ਦਾ ਟਾਈਮ ਵਿੱਚੋਂ ਕੱਢ ਦਿਓ। ਕ੍ਰਿਪਾ ਕਰਕੇ ਇਹ ਟਾਈਮ ਜ਼ਰੂਰ ਵਿਚੋਂ ਕੱਟ ਦਿਓ।

**Mr. Speaker :** Conclude within five minutes please.

**ਸਰਦਾਰ ਬੀਰ ਦਵਿੰਦਰ ਸਿੰਘ** : ਇਹ ਦੁਬਿਧਾ ਜਿਹੜੀ ਹੈ, ਇਹ ਦੇਸ਼ ਅਤੇ ਦਸ਼ਮੇਸ਼ ਦਾ ਝੰਡਾ ਹੈ। ਇਹ ਗੱਲ ਹੁਣ ਕਰਨ ਲੱਗੇ ਹਾਂ ਤਾਂ ਕਰਨੀ ਪੈਣੀ ਹੈ।

ਪਾਣੀ ਦਰਿਆਵਾਂ ਦੇ, ਇਕ ਵਾਰ ਜੋ ਵਹਿ ਗਏ
ਪਰਤਣ ਨਾ ਪੱਤਣ, ਇਹ ਦਾਨੇ ਕਹਿ ਗਏ
ਤਕਦੀਰ ਬਣਦੀ ਕੇਵਲ ਤਦਬੀਰ ਜਿਉ ਲੈ ਗਈ,
ਗੱਲਾਂ ਛਿੜੀਆ ਨੇ ਤਾਂ ਗੱਲ ਕਹਿਣੀ ਪੈ ਗਈ.....(ਸ਼ੋਰ)

**Mr. Speaker :** Please address the Chair and conclude.

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਟੈਰੋਰਿਜ਼ਮ ਤੇ ਝਾਤ ਮਾਰਨੀ ਹੈ ਕਿ ਟੈਰੋਰਿਜ਼ਮ ਵਿੱਚ ਕਿੱਥੇ ਕਿੱਥੇ ਕਿਸ ਨੇ ਕੀ ਸਮਝੌਤਾ ਕੀਤਾ, ਇਸ ਨੂੰ ਬੜਾਵਾ ਦੇਣ ਵਾਸਤੇ ਕੀ ਕੀ ਰੋਲ ਅਦਾ ਕੀਤਾ, ਟੈਰੋਰਿਜ਼ਮ ਨੂੰ ਕਰਟੇਲ ਕਰਨ ਵਾਸਤੇ ਕਿਸ ਨੇ ਕੀ ਕੀ ਐਫਰਟਸ ਕੀਤੇ ? ਜਿਹੜੇ ਮਾਸੂਮ ਮਾਰੇ ਗਏ, ਇਸ ਦੌਰ ਦੇ ਸਮੇਂ ਵਿਚ ਅਸੀਂ ਉਨ੍ਹਾਂ ਲੋਕਾਂ ਦੇ ਨਾਲ ਕਿੱਥੇ ਜਾ ਕੇ ਖੜ੍ਹੇ ਹੋਏ। ਕਿੰਨੇ ਮੁਸਾਫਰ ਮਾਰੇ ਗਏ, ਕਿੰਨੇ ਲੋਕ ਪਾਰਕਾਂ ਵਿਚ ਮਾਰੇ ਗਏ। ਸਾਡੇ ਤਾਂ ਮੋਢਿਆਂ ਤੇ ਘਾਸੇ ਪੈ ਗਏ, ਉਨ੍ਹਾਂ ਦੀਆਂ ਅਰਥੀਆਂ ਨੂੰ ਢੋਂਦੇ ਢੋਂਦੇ। ਸਾਡੇ ਕਿੰਨੇ ਹੀ ਲੋਕ ਸ਼ਹੀਦ ਹੋਏ.........(ਸ਼ੋਰ.......ਵਿਘਨ)

**ਸਰਦਾਰ ਤੋਤਾ ਸਿੰਘ (ਬੈਠੇ-ਬੈਠੇ)** : ਤੁਸੀਂ ਤਾਂ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਰਹੇ ਹੋ।

**ਮਾਨਯੋਗ ਸਪੀਕਰ** : ਆਰਡਰ ਪਲੀਜ਼, ਬੈਠੇ ਬੈਠੇ ਨਾ ਬੋਲੋ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬੀਰ ਦਵਿੰਦਰ ਸਿੰਘ** : ਰਿਹਾ ਹਾਂ, ਮੈਂ ਕਿਹੜਾ ਮੁਕਰਦਾ ਹਾਂ। ਮੈਂ ਬੜੀ ਜ਼ਿੰਮੇਵਾਰੀ ਨਾਲ ਕਹਿ ਰਿਹਾ ਹਾਂ। ਮੈਨੂੰ ਆਪਣੇ ਪਾਸਟ ਉੱਤੇ ਵੀ ਮਾਣ ਹੈ ਅਤੇ ਹੁਣ ਪ੍ਰੈਜ਼ੈਂਟ ਉੱਤੇ ਵੀ ਮਾਣ ਹੈ। (ਟਰੈਜ਼ਰੀ ਬੈਂਚਾਂ ਵੱਲੋਂ ਥੰਪਿੰਗ) 1983 ਵਿਚ ਵੀ ਮੈਂ ਟੈਰੋਰਿਜ਼ਮ ਦੇ ਖਿਲਾਫ ਲੜਿਆ ਹਾਂ ਅਤੇ ਅੱਜ ਵੀ ਉਥੇ ਹੀ ਖੜ੍ਹਾ ਹਾਂ। ਅਸੀਂ ਕੋਈ ਵੀ ਪੁਜੀਸ਼ਨ ਨਹੀਂ ਬਦਲੀ ਭਾਵੇਂ ਕਿ ਨੁਕਸਾਨ ਬਹੁਤ ਉਠਾਇਆ ਹੈ। ਸਾਡੇ ਘਰਾਂ ਦੀਆਂ ਕੰਧਾਂ ਉਤੇ ਤਾਂ ਅੱਜ ਵੀ ਗੋਲੀਆਂ ਦੇ ਨਿਸ਼ਾਨ ਦਿੱਸਦੇ ਹਨ। ਅਸੀਂ ਤਾਂ ਜਿਹੜੇ ਗਰੀਬ ਲੋਕ ਮਰ ਜਾਂਦੇ ਹਨ, ਉਨ੍ਹਾਂ ਦੇ ਭੋਗਾਂ ਤੇ ਵੀ ਗਏ ਹਾਂ। ਅਸੀਂ ਤੁਹਾਡੇ ਵਾਂਗ ਬੁਜ਼ਦਿਲ ਨਹੀਂ ਹਾਂ। ਤੁਸੀਂ ਬੁਜ਼ਦਿਲ ਰਹੇ ਹੋ। ਆਪਣੇ ਅੰਦਰ ਝਾਤ ਮਾਰੋ।

ਵਾਅਦੇ ਪੇ ਤੁਮ ਨਾ ਆਏ, ਹਮ ਮਰ ਤੋ ਨਹੀਂ ਗਏ,
ਕਹਿਣੇ ਕੋ ਬਾਤ ਰਹਿ ਗਈ ਔਰ ਦਿਨ ਗੁਜ਼ਰ ਗਏ।

ਜੇਕਰ ਤੁਸੀਂ ਬੁਜ਼ਦਿਲੀ ਵਿਖਾਈ ਤਾਂ ਹੀ ਇਹ ਸਾਰਾ ਕੁਝ ਹੋਇਆ ਹੈ। ਤੁਹਾਡਾ ਫਰਜ਼ ਬਣਦਾ ਸੀ ਕਿ ਜਿਹੜੀ ਮਰਯਾਦਾ ਠੀਕ ਢੰਗ ਨਾਲ ਚਲਦੀ ਸੀ ਅਤੇ ਅੱਤਵਾਦ ਨੇ ਜਿਸ ਤਰੀਕੇ ਨਾਲ ਉਸ ਨੂੰ ਚਲਾਇਆ, ਤੁਹਾਨੂੰ ਚਾਹੀਦਾ ਸੀ ਕਿ ਉਨ੍ਹਾਂ ਦੇ ਖਿਲਾਫ ਅਵਾਜ ਬੁਲੰਦ ਕਰਦੇ। ਤੁਸੀਂ ਤਾਂ ਉਨ੍ਹਾਂ ਦੇ ਹਵਾਲੇ ਛੱਡ ਕੇ ਭੱਜ ਗਏ। ਸਾਰਾ ਬੰਦੋਬਸਤ ਹੀ ਉਨ੍ਹਾਂ ਤਾਕਤਾਂ ਦੇ ਸਪੁਰਦ ਕਰ ਗਏ...........

**ਮਾਨਯੋਗ ਸਪੀਕਰ** : ਚੇਅਰ ਨੂੰ ਐਡਰੈਸ ਕਰੋ, ਤੁਸੀਂ-ਤੁਸੀਂ ਨਾ ਕਰੋ।

**ਸਰਦਾਰ ਬੀਰ ਦਵਿੰਦਰ ਸਿੰਘ** : ਇਹ ਸਾਹਮਣੇ ਬੈਠੇ ਵੀਰ ਆਪਣੀ ਸਾਰੀ ਜ਼ਿੰਮੇਵਾਰੀ ਤੋਂ ਦੌੜ ਗਏ ਅਤੇ ਪੂਰੀ ਤਰ੍ਹਾਂ ਦਰਬਾਰ ਸਾਹਿਬ ਦਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਕੰਮਲ ਕਬਜ਼ਾ ਅੱਤਵਾਦੀਆਂ ਦੇ ਸਪੁਰਦ ਕਰ ਦਿੱਤਾ। ਉੱਥੇ ਹਰ ਕਿਸਮ ਦੇ ਅਨਸਰਾਂ ਨੇ ਪਰਿਕਰਮਾ ਦੇ ਨਾਲ ਲਗਦੇ ਕਮਰੇ ਵਿਚ ਡੇਰੇ ਲਾਏ ਅਤੇ ਦਰਬਾਰ ਸਾਹਿਬ ਦੀ ਕਿਲਾਬੰਦੀ ਹੋਈ। ਸਪੀਕਰ ਸਾਹਿਬ, ਜਦੋਂ ਕਿਲਾਬੰਦੀ ਹੋਈ ਤਾਂ ਫਿਰ ਘੇਰਾਬੰਦੀ ਹੋਈ। ਜਦੋਂ ਘੇਰਾਬੰਦੀ ਹੋਈ ਤਾਂ ਐਸੀਆਂ ਬਹੁਤ ਸਾਰੀਆਂ ਘਟਨਾਵਾਂ ਪੈਦਾ ਹੋਈਆਂ। ਇਸ ਕਰਕੇ ਇਸ ਸਾਰੀ ਸਥਿਤੀ ਦਾ ਅੱਜ ਮੁਲਅੰਕਣ ਕਰਨਾ ਹੈ। ਜਦੋਂ ਬਾਦਲ ਸਾਹਿਬ ਅਤੇ ਸੀ.ਐਮ. ਸਾਹਿਬ ਨੇ ਫੈਸਲਾ ਕੀਤਾ ਹੈ ਕਿ ਇਸ ਮਸਲੇ ਤੇ ਬਹਿਸ ਹੋਣੀ ਹੈ, ਕੁਝ ਐਸੇ ਜ਼ਖਮ ਜਿਹੜੇ ਦੁਬਾਰਾ ਉਖੇੜੇ ਜਾਣਗੇ, ਉਨ੍ਹਾਂ ਤੇ ਤਬਸਰਾ ਕਰ ਰਹੇ ਹਾਂ। ਇਹ ਮਜ਼ਬੂਰੀ ਹੈ ਕਿ ਜਦੋਂ ਅਸੀਂ ਇਹ ਡਿਸਕਸ ਕਰਾਂਗੇ ਤਾਂ ਕੁਝ ਐਸੀਆਂ ਗੱਲਾਂ ਦਾ ਸਾਨੂੰ ਜ਼ਿਕਰ ਕਰਨਾ ਪਵੇਗਾ, ਜਿਨ੍ਹਾਂ ਵਾਸਤੇ ਮਨ ਨਹੀਂ ਮੰਨਦਾ। (ਘੰਟੀ) ਅੱਜ ਬੜੀ ਮੁਸ਼ਕਲ ਨਾਲ ਪੰਜਾਬ ਵਿਚ ਅਮਨ ਦਾ ਮਾਹੌਲ ਕਾਇਮ ਹੋਇਆ ਹੈ ਅਤੇ ਕਾਲੇ ਅੱਤਵਾਦ ਦਾ ਦੌਰ ਖਤਮ ਹੋਇਆ ਹੈ...........

**Mr. Speaker :** Please take your seat now.

**ਸਰਦਾਰ ਬੀਰ ਦਵਿੰਦਰ ਸਿੰਘ** : ਸਪੀਕਰ ਸਾਹਿਬ, ਸਮ-ਅੱਪ ਤਾਂ ਕਰ ਲੈਣ ਦਿਉ।

**Mr. Speaker :** Kindly take your seat. Yes, Badal Sahib. ਬਾਦਲ ਸਾਹਿਬ ਬੋਲਣ ਲਈ ਉੱਠੇ ਹਨ। ਤੁਹਾਡੀ ਗੱਲ ਆ ਗਈ ਹੈ। ਹੁਣ ਤੁਸੀਂ ਬੈਠੋ।

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ (ਲੰਬੀ)** : ਸਪੀਕਰ ਸਾਹਿਬ, ਗੌਰਮਿੰਟ ਵੱਲੋਂ ਇਕ ਮੋਸ਼ਨ ਆਈ "Roots and Causes of Terrorism which caused huge loss to life and property in the State of Punjab" ਸਪੀਕਰ ਸਾਹਿਬ, ਬੜੇ ਲੰਮੇ ਅਰਸੇ ਤੋਂ ਬਾਅਦ ਇਸ ਸਦਨ ਵਿੱਚ ਇਹ ਡਿਸਕਸ਼ਨ ਸ਼ੁਰੂ ਹੋਈ ਹੈ। ਮੇਰੀ ਜਾਤੀ ਰਾਏ ਹੈ ਕਿ ਇੰਨੇ ਸਾਲਾਂ ਤੋਂ ਬਾਅਦ ਸਾਨੂੰ ਇਹ ਡਿਸਕਸ਼ਨ ਨਹੀਂ ਕਰਨੀ ਚਾਹੀਦੀ ਸੀ। ਇਸਦਾ ਫਾਇਦਾ ਕੀ ਹੈ? ਜਿਹੜੇ ਪੁਰਾਣੇ ਜ਼ਖਮ ਹਨ ਉਹ ਫਿਰ ਹਰੇ ਹੋਣਗੇ, ਪੁਰਾਣੀਆਂ ਗੱਲਾਂ ਫਿਰ ਸਾਹਮਣੇ ਆਉਣਗੀਆਂ, ਤਲਖੀ ਵਧੇਗੀ। ਸਪੀਕਰ ਸਾਹਿਬ, ਕੁਝ ਕੌੜੀਆਂ ਗੱਲਾਂ ਵੀ ਆਖਣੀਆਂ ਪੈਣਗੀਆਂ।

**ਮਾਨਯੋਗ ਸਪੀਕਰ** : ਨਾ ਆਖੋ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਅਸਲੀ ਮੁੱਦਾ ਇਨ੍ਹਾਂ ਦਾ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਇਹ ਸੀ ਕਿ ਜਿਹੜੇ ਪੰਜਾਬ ਦੇ ਭਖਵੇਂ ਮਸਲੇ ਹਨ, ਉਨ੍ਹਾਂ ਦਾ ਜ਼ਿਕਰ ਨਾ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਟਾਲਿਆ ਜਾਵੇ। ਉਨ੍ਹਾਂ ਦੇ ਖਿਆਲ ਵਿੱਚ ਸੀ ਕਿ ਇਸ ਮੁੱਦੇ ਨੂੰ ਲਿਆ ਕੇ ਅਸੀਂ ਸ਼੍ਰੋਮਣੀ ਅਕਾਲੀ ਦਲ ਤੇ ਕੁਝ ਚਿੱਕੜ ਸੁੱਟ ਸਕਾਂਗੇ। ਅੱਜ ਸਾਡੇ ਕੋਲ ਹੋਰ ਬਹੁਤ ਸਾਰੇ ਭਖਵੇਂ ਮਸਲੇ ਹਨ, ਜਿਨ੍ਹਾਂ ਨੂੰ ਤੁਸੀਂ ਵੀ ਜਾਣਦੇ ਹੋ। ਅਸੀਂ ਕੋਸ਼ਿਸ਼ ਕੀਤੀ ਕਿ ਐਡਜਰਨਮੈਂਟ ਮੋਸ਼ਨ ਨਾ ਲਿਆਂਦੀ ਜਾਵੇ ਜਾਂ ਹੋਰ ਤਰੀਕਾ ਐਡਾਪਟ ਕੀਤਾ ਜਾਵੇ ਲੇਕਿਨ ਤੁਸੀਂ ਇਜਾਜ਼ਤ ਨਾ ਦਿੱਤੀ। ਲਾਅ ਐਂਡ ਆਰਡਰ ਦਾ ਮਸਲਾ ਕਿੰਨਾ ਵੱਡਾ ਮਸਲਾ ਹੈ। ਚੀਫ ਮਨਿਸਟਰ ਸਾਹਿਬ ਨੇ ਫੁਰਮਾਇਆ ਹੈ ਕਿ ਅਗਲੇ 6 ਮਹੀਨਿਆਂ ਨੂੰ ਜਿਹੜੀਆਂ ਗੱਲਾਂ ਇਹ ਕਹਿਣਗੇ, ਉਨ੍ਹਾਂ ਤੇ ਬਹਿਸ ਹੋਵੇਗੀ, ਉਹ ਤਾਂ ਬਜਟ ਸੈਸ਼ਨ ਵਿੱਚ ਆਪੇ ਹੋ ਜਾਣੀ ਹੈ। ਸਪੀਕਰ ਸਾਹਿਬ, ** ** ** ਜੋ ਪੰਜਾਬ ਦੇ ਜ਼ਰੂਰੀ ਮਸਲੇ ਸਨ, ਉਨ੍ਹਾਂ ਤੇ ਬਹਿਸ ਹੋਣੀ ਚਾਹੀਦੀ ਸੀ। ਲਾਅ ਐਂਡ ਆਰਡਰ ਦਾ ਮਸਲਾ ਸਭ ਤੋਂ ਵੱਡਾ ਮਸਲਾ ਹੈ।

ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਦੇ ਘਰ ਦੇ ਨੇੜੇ ਹੀ ਸੈਸ਼ਨ ਜੱਜ ਦਾ ਕਤਲ ਹੋਇਆ। ਪੁਲਿਸ ਦੀ ਹਾਜ਼ਰੀ ਵਿੱਚ ਰੇਪ ਹੋ ਰਹੇ ਹਨ।.......

**Mr. Speaker :** ** ** should not be recorded.

(ਇਕ ਆਵਾਜ : ਤੁਸੀਂ ਰੈਜ਼ੋਲਿਊਸ਼ਨ ਤੇ ਬੋਲੋ।)

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਬੈਕਗਰਾਉਂਡ ਤਾਂ ਦੱਸਣੀ ਪੈਂਦੀ ਹੈ। ਮਾਰਕੀਟਿੰਗ ਪ੍ਰੋਡਿਊਸ ਦਾ ਮੁੱਦਾ ਹੈ, ਅਨ-ਇਮਪਲਾਈਮੈਂਟ ਦਾ ਮੁੱਦਾ ਹੈ, ਲੇਕਿਨ ਇਨ੍ਹਾਂ ਨੇ ਕਿਹਾ ਕਿ ਇਹ ਮੌਕਾ ਹੈ, ਟੀ.ਵੀ. ਵਾਲਿਆਂ ਨੂੰ ਵੀ ਕਹਿ ਦੇਵੋ ਕਿ ਸਾਡੀ ਗੱਲ ਤਾਂ ਸਾਡੇ ਕਹਿਣ ਦੇ ਬਾਵਜੂਦ ਵੀ ਕੋਈ ਨਹੀਂ ਸੁਣੇਗਾ ਅਤੇ ਸਾਡੇ ਕਹਿਣ ਦੇ ਬਾਵਜੂਦ ਵੀ ਸਾਨੂੰ ਮੌਕਾ ਨਹੀਂ ਮਿਲਣਾ ਕਿ ਸਾਰੀਆਂ ਗੱਲਾਂ ਸਾਡੀਆਂ ਲੋਕ ਸੁਣ ਸਕਣ। ਤੁਹਾਡੇ ਕਹਿਣ ਦੇ ਬਾਵਜੂਦ, ਤੁਹਾਡਾ ਐਲਾਨ ਕਰਨ ਦੇ ਬਾਵਜੂਦ ਸਾਨੂੰ ਟਾਈਮ ਨਹੀਂ ਮਿਲਣਾ ਕਿ ਸਾਡੀਆਂ ਗੱਲਾਂ ਪੰਜਾਬ ਦੇ ਲੋਕ ਸੁਣ ਸਕਣ। ਸ਼੍ਰੋਮਣੀ ਅਕਾਲੀ ਦਲ, ਇੱਕ ਮਹਾਨ ਦੇਸ਼ ਭਗਤਾਂ, ਅਜ਼ਾਦੀ

** Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਘੁਲਾਟੀਆਂ ਤੇ ਸੂਰਬੀਰ ਯੋਧਿਆਂ ਦੀ ਮਹਾਨ ਜਥੇਬੰਦੀ ਹੈ। ਇਸ ਦਾ ਇਤਿਹਾਸ ਇੰਨਾ ਵਧੀਆਂ ਹੈ ਕਿ ਭਾਵੇਂ ਕੋਈ ਵੀ ਸ਼ਕਤੀ, ਕਿਸੇ ਵੀ ਤਰ੍ਹਾਂ ਦਾ ਹਮਲਾ ਕਰੇ, ਉਹ ਇਸ ਦਾ ਕੁਝ ਵੀ ਨਹੀਂ ਵਿਗਾੜ ਸਕਦੀ। ਇਨ੍ਹਾਂ ਯੋਧਿਆਂ ਨੇ ਆਪਣੇ ਇਤਿਹਾਸ ਵਿੱਚ ਬਹੁਤ ਵੱਡੀਆਂ-ਵੱਡੀਆਂ ਲੜਾਈਆਂ ਲੜੀਆਂ ਹਨ। ਗੁਰਦੁਆਰਾ ਪ੍ਰਬੰਧ ਮਹੰਤਾਂ ਕੋਲ ਸੀ ਔਰ ਸ਼੍ਰੋਮਣੀ ਅਕਾਲੀ ਦਲ ਨੇ ਲੜਾਈ ਲੜ ਕੇ ਗੁਰਦੁਆਰਾ ਸਾਹਿਬਾਨ ਨੂੰ ਅਜ਼ਾਦ ਕਰਵਾਇਆ। ਗੁਰੂ ਕੇ ਬਾਗ ਦਾ ਮੋਰਚਾ, ਜੈਤੋ ਦਾ ਮੋਰਚਾ, ਚਾਬੀਆਂ ਦਾ ਮੋਰਚਾ, ਪੰਜਾਬੀ ਸੂਬੇ ਦਾ ਮੋਰਚਾ, ਐਮਰਜੰਸੀ ਦਾ ਮੋਰਚਾ, ਧਰਮ ਯੁੱਧ ਮੋਰਚਾ ਇਹ ਸਾਰੇ ਹਨ। ਮੇਰਾ ਖਿਆਲ ਹੈ ਕਿ ਇਤਿਹਾਸ ਵਿੱਚ ਅਜਿਹੀ ਕੋਈ ਪਾਰਟੀ ਨਹੀਂ ਜਿਸ ਨੇ ਦੇਸ਼ ਵਾਸਤੇ, ਸੂਬੇ ਵਾਸਤੇ, ਪੰਥ ਵਾਸਤੇ ਏਨੀਆਂ ਲੜਾਈਆਂ ਲੜੀਆਂ ਹੋਣ। ਇਹ ਸਿਰਫ ਸ਼੍ਰੋਮਣੀ ਅਕਾਲੀ ਦਲ ਹੈ। ਨੁਕਤੇ ਵਾਲੀ ਗੱਲ ਇਹ ਹੈ ਕਿ ਦੇਸ਼ ਵਿੱਚ ਜਦੋਂ ਹਿੰਸਾ ਦਾ ਦੌਰ ਵੀ ਆਇਆ ਤਾਂ ਵੀ ਸਾਰੇ ਮੋਰਚੇ ਪੁਰ-ਅਮਨ ਤਰੀਕੇ ਨਾਲ ਲੜੇ ਗਏ। ਸਪੀਕਰ ਸਾਹਿਬ, ਇੱਥੇ ਹੀ ਬੱਸ ਨਹੀਂ, ਦੇਸ਼-ਭਗਤੀ ਦਾ ਇੱਥੇ ਵੀ ਸਬੂਤ ਦਿੱਤਾ ਗਿਆ। 1965 ਵਿੱਚ ਪਾਕਿਸਤਾਨ ਨਾਲ ਲੜਾਈ ਹੋਈ। ਅਸੀਂ ਉਦੋਂ ਪੰਜਾਬੀ ਸੂਬੇ ਦਾ ਮੋਰਚਾ ਲਗਾਇਆ ਸੀ ਲੇਕਿਨ ਅਸੀਂ ਸਮਝਿਆ ਕਿ ਦੇਸ਼ ਪਹਿਲਾਂ ਹੈ। ਬਾਕੀ ਗੱਲਾਂ ਬਾਅਦ ਵਿੱਚ ਨਿਪਟ ਲਵਾਂਗੇ। ਮੋਰਚਾ ਬੰਦ ਕਰ ਦਿੱਤਾ ਗਿਆ ਔਰ ਸਾਡੀ ਪਾਰਟੀ ਨੇ ਦੇਸ਼ ਨਾਲ ਖੜ੍ਹੇ ਹੋ ਕੇ ਉਸ ਲੜਾਈ ਵਿੱਚ ਮੋਢੇ ਨਾਲ ਮੋਢਾ ਜੋੜਿਆ। ਫਿਰ 1971 ਦੀ ਲੜਾਈ ਹੋਈ। ਉਸ ਵੇਲੇ ਵੀ ਮੋਰਚਾ ਲੱਗਿਆ ਹੋਇਆ ਸੀ ਲੇਕਿਨ ਮੋਰਚਾ ਬੰਦ ਕਰ ਦਿੱਤਾ ਗਿਆ ਕਿਉਂਕਿ ਦੇਸ਼ ਪਹਿਲਾਂ ਹੈ। ਸਾਡੇ ਬਾਰੇ ਬੜਾ ਕੁਝ ਕਿਹਾ ਗਿਆ ਹੈ ਕਿ ਇਹ ਪਾਰਟੀ ਵੱਖਵਾਦੀ ਹੈ, ਅੱਤਵਾਦੀ ਹੈ, ਪਾਕਿਸਤਾਨ ਦੇ ਏਜੰਟ ਹਨ। ਇਸ ਤਰ੍ਹਾਂ ਦੀਆਂ ਗੱਲਾਂ ਹੋਈਆਂ। ਸ਼੍ਰੋਮਣੀ ਅਕਾਲੀ ਦਲ ਦਾ ਕੀ ਰੋਲ ਹੈ? ਸਪੀਕਰ ਸਾਹਿਬ, ਸਾਨੂੰ ਫਖਰ ਹੈ ਕਿ ਮਾਸਟਰ ਤਾਰਾ ਸਿੰਘ ਜੀ ਨੇ ਲਾਹੌਰ ਅਸੈਂਬਲੀ ਦੇ ਸਾਹਮਣੇ ਮੁਸਲਿਮ ਲੀਗ ਦਾ ਝੰਡਾ ਫਾੜਿਆ ਔਰ ਜੇ ਉਹ ਝੰਡਾ ਨਾ ਫਾੜਿਆ ਹੁੰਦਾ ਤਾਂ ਅੱਜ ਪੰਜਾਬ ਦੀਆਂ ਸਰਹੱਦਾਂ ਕੁਝ ਹੋਰ ਹੋਣੀਆਂ ਸਨ। ਇਹ ਦੇਸ਼ ਭਗਤਾਂ ਦੀ ਪਾਰਟੀ ਹੈ। ਇਤਿਹਾਸ ਗਵਾਹ ਹੈ। ਜਦੋਂ ਦੇਸ਼ ਦਾ ਬਟਵਾਰਾ ਹੋਇਆ, ਇਹ ਕਿਉਂ ਹੋਇਆ, ਇਸ ਵਿੱਚ ਮੈਂ ਨਹੀਂ ਜਾਣਾ ਚਾਹੁੰਦਾ ਪਰ ਉਸ ਵੇਲੇ ਜਿਨ੍ਹਾਂ ਨੇ ਇਹ ਕਿਹਾ ਸੀ ਕਿ ਤੁਸੀਂ ਸਾਡੇ ਨਾਲ ਰਲ ਜਾਓ, ਤੁਸੀਂ ਜੋ ਕਹੋਗੇ, ਅਸੀਂ ਦਿਆਂਗੇ। ਅਸੀਂ ਬਲੈਂਕ ਚੈਕ ਦੇਣ ਨੂੰ ਤਿਆਰ ਹਾਂ ਪਰ ਦੇਸ਼ ਭਗਤੀ ਦਾ ਸਬੂਤ, ਉਸ ਵੇਲੇ ਦੀ ਲੀਡਰਸ਼ਿਪ ਨੇ ਇਨ੍ਹਾਂ ਨੂੰ ਰੀਜੈਕਟ ਕਰ ਦਿੱਤਾ ਔਰ ਆਪਣਿਆਂ ਦਾ ਸਾਥ ਦਿੱਤਾ। ਸਪੀਕਰ ਸਾਹਿਬ, ਹਿੰਦੁਸਤਾਨ ਅਜ਼ਾਦ ਹੋ ਗਿਆ ਲੇਕਿਨ ਕਾਂਗਰਸ ਸਰਕਾਰ ਜਦੋਂ ਬਣੀ, ਇਨ੍ਹਾਂ ਨੇ ਬੜਾ ਵਿਸ਼ਵਾਸ ਦਿੱਤਾ ਸੀ ਕਿ ਵਿਧਾਨ ਵਿੱਚ ਉਦੋਂ ਤੱਕ ਕੋਈ ਤਬਦੀਲੀ ਨਹੀਂ ਹੋਵੇਗੀ ਜਦੋਂ ਤੱਕ ਕਿ ਸਿੱਖਾਂ ਦੀ ਸਹਿਮਤੀ ਨਹੀਂ ਹੋਵੇਗੀ। ਲੇਕਿਨ ਜਦੋਂ ਅਜ਼ਾਦੀ ਮਿਲੀ, ਇਹ ਸਭ ਗੱਲਾਂ ਭੁੱਲ ਗਈਆਂ। ਜ਼ਰਾਇਮ ਪੇਸ਼ਾ ਵੀ ਸਾਨੂੰ ਕਿਹਾ ਗਿਆ। ਜਾਇਜ਼ ਮੰਗਾਂ ਵਾਸਤੇ ਵੀ ਪੰਜਾਬ ਨੂੰ ਲੰਬੀ ਲੜਾਈ ਲੜਨੀ ਪਈ। ਪੰਜਾਬੀ ਬੋਲਦੇ ਇਲਾਕੇ ਹੁਣ ਤੱਕ ਨਹੀਂ ਮਿਲੇ। ਚੰਡੀਗੜ੍ਹ ਨਹੀਂ ਮਿਲਿਆ। ਪਾਣੀ ਦੂਜਿਆਂ ਸੂਬਿਆ ਨੂੰ ਦਿੱਤਾ ਗਿਆ। ਪੰਜਾਬੀ ਭਾਸ਼ਾ ਨੂੰ ਸਤਿਕਾਰ ਨਹੀਂ ਮਿਲਿਆ। ਫੌਜ ਵਿੱਚ ਭਰਤੀ ਸਮੇਂ ਵੀ ਸਾਨੂੰ ਠੇਸ ਲੱਗੀ। ਜੋ ਨੁਕਸਾਨ ਅੱਤਵਾਦ ਸਮੇਂ ਹੋਇਆ, ਉਹ ਤੁਹਾਡੇ ਸਾਹਮਣੇ ਹੈ ਔਰ ਮੈਂ ਕਹਿ ਸਕਦਾ ਹਾਂ ਕਿ ਸਭ ਤੋਂ ਵੱਧ ਅੱਤਵਾਦ ਦੇ ਸਮੇਂ ਜੋ ਨੁਕਸਾਨ ਹੋਇਆ ਹੈ ਤਾਂ ਅਕਾਲੀ ਦਲ ਦਾ ਹੋਇਆ ਹੈ। ਸਾਡੇ ਸੰਤ ਹਰਚੰਦ ਸਿੰਘ ਲੌਂਗੋਵਾਲ ਸ਼ਹੀਦ ਹੋਏ। ਜੇ ਸਾਡਾ ਕੋਈ ਥੋੜ੍ਹਾ ਘਣਾ ਤਾਅਲੁੱਕ ਹੁੰਦਾ, ਉਨ੍ਹਾਂ ਨਾਲ ਹਮਦਰਦੀ ਹੁੰਦੀ ਤਾਂ ਫਿਰ.........

Original with;
Punjab Vidhan Sabha
Digitized by;
Panjab Digital Library

## EXTENSION OF TIME OF THE SITTING

**ਮਾਨਯੋਗ ਸਪੀਕਰ** : ਪਹਿਲਾਂ ਆਪਾਂ ਟਾਈਮ ਐਕਸਟੈਂਡ ਕਰ ਲਈਏ। 7.00 ਵਜੇ ਤੱਕ ਹਾਊਸ ਐਕਸਟੈਂਡ ਕਰ ਲਈਏ ?

(ਆਵਾਜ਼ਾਂ : 7.30 ਕਰ ਲਓ ਜੀ।)

**ਮਾਨਯੋਗ ਸਪੀਕਰ** : ਠੀਕ ਹੈ। ਹਾਊਸ ਦਾ ਸਮਾਂ 7.30 ਵਜੇ ਤੱਕ ਐਕਸਟੈਂਡ ਕੀਤਾ ਜਾਂਦਾ ਹੈ।

*6.25 ਵਜੇ ਸ਼ਾਮ (ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

---

## DISCUSSION ON ROOTS AND CAUSES OF TERRORISM WHICH CAUSED HUGE LOSS TO LIFE AND PROPERTY IN THE STATE OF PUNJAB *(Resumption)*

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸੰਤ ਹਰਚੰਦ ਸਿੰਘ ਲੌਂਗੋਵਾਲ ਸ਼ਹੀਦ ਹੋਏ। ਸਾਬਕਾ ਖਜ਼ਾਨਾ ਮੰਤਰੀ ਸਰਦਾਰ ਬਲਵੰਤ ਸਿੰਘ ਸ਼ਹੀਦ ਹੋ ਗਏ। ਭਾਈ ਸ਼ਮਿੰਦਰ ਸਿੰਘ ਸ਼ਹੀਦ ਹੋਏ। ਸਰਦਾਰ ਹਰਦਿਆਲ ਸਿੰਘ ਰਾਜਲਾ ਸ਼ਹੀਦ ਹੋਏ। ਬਲਬੀਰ ਸਿੰਘ ਰਣੀਕੇ ਸ਼ਹੀਦ ਹੋਏ। ਸਰਦਾਰ ਸਸ਼ਪਾਲ ਸਿੰਘ ਸ਼ਹੀਦ ਹੋਏ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੇ 11 ਮੈਂਬਰ ਅੱਤਵਾਦ ਦਾ ਸ਼ਿਕਾਰ ਹੋਏ। ਹਰਿਮੰਦਰ ਸਾਹਿਬ ਤੇ ਹਮਲੇ ਵੇਲੇ ਬਹੁਤ ਸਾਰੇ ਮੈਂਬਰ ਸ਼ਹੀਦ ਹੋਏ। ਜਥੇਦਾਰ ਗੁਰਚਰਨ ਸਿੰਘ ਜੀ ਅਤੇ ਜਥੇਦਾਰ ਤਲਵੰਡੀ ਸਾਹਿਬ ਉੱਤੇ ਵੀ ਹਮਲੇ ਹੋਏ। ਉਹ ਕਿਸਮਤ ਨਾਲ ਬਚ ਗਏ। ਫਿਰ, ਡਿਪਟੀ ਸਪੀਕਰ ਸਾਹਿਬ, ਚੋਣਾਂ ਆ ਗਈਆਂ। 1991 ਅਤੇ 1992 ਵਿੱਚ ਵਿਧਾਨ ਸਭਾ ਦੀਆਂ ਚੋਣਾਂ ਆ ਗਈਆਂ। ਹੁਣ ਜਿਹੜਾ ਸਰਦਾਰ ਸਾਹਿਬ (ਸਰਦਾਰ ਬੀਰ ਦਵਿੰਦਰ ਸਿੰਘ ਵੱਲ ਇਸ਼ਾਰਾ) ਨੇ ਫੁਰਮਾਇਆ ਕਿ ਮੁਕਾਬਲਾ ਨਹੀਂ ਕੀਤਾ ਗਿਆ ਜਾਂ ਉਸ ਸਮੇਂ ਸੰਭਾਲਿਆ ਨਹੀਂ ਗਿਆ। ਉਸ ਵੇਲੇ ਚੋਣਾਂ ਲੜਣੀਆਂ ਜਿਹੜੀਆਂ ਸਨ, ਉਹ ਇੱਕ ਜਾਨ ਕੱਢਣ ਵਾਲੀ ਗੱਲ ਸੀ। ਟੈਸਟ ਆ ਗਿਆ ਕਿ ਕਿਹੜੇ ਲੋਕ ਹਨ ਜਿਹੜੇ ਅੱਤਵਾਦ ਦੇ ਖਿਲਾਫ ਖੜ੍ਹੇ ਹਨ ਅਤੇ ਇਹ ਜਿਹੜੇ ਭਰਾ ਬੈਠੇ ਹਨ (ਰੂਲਿੰਗ ਪਾਰਟੀ ਵੱਲ ਇਸ਼ਾਰਾ), ਇਨ੍ਹਾਂ ਨੇ ਬਾਈਕਾਟ ਕਰ ਦਿੱਤਾ। ਜਿਹੜੇ ਆਪਣੇ ਆਪ ਨੂੰ ਬੜੇ ਬਹਾਦਰ ਸਮਝਦੇ ਹਨ ਕਹਿੰਦੇ ਹਨ ਕਿ ਅਸੀਂ ਮੁਕਾਬਲਾ ਕੀਤਾ ਇਲੈਕਸ਼ਨਾਂ ਦਾ........

**ਮੁੱਖ ਮੰਤਰੀ (ਬੈਠੇ-ਬੈਠੇ)** : ਤੁਹਾਡਾ ਬਾਈਕਾਟ ਕੀਤਾ ਸੀ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਤੁਹਾਡਾ ਬਾਈਕਾਟ ਸੀ। ਉਸ ਸਮੇਂ ਦੋ ਇਲੈਕਸ਼ਨ ਹੋਏ ਹਨ। ਜਦੋਂ ਇਨ੍ਹਾਂ ਦਾ ਬਾਈਕਾਟ ਹੋਇਆ ਤਾਂ ਸਾਡੇ 24 ਐਮ.ਐਲ.ਏ. ਲੜਾਈ ਲੜ ਰਹੇ ਸਨ, ਉਹ ਸ਼ਹੀਦ ਕਰ ਦਿੱਤੇ ਗਏ। ਅਸੀਂ ਆਖਰੀ ਦਮ ਤੱਕ ਲੜਦੇ ਰਹੇ ਪਰ ਇਨ੍ਹਾਂ ਨੂੰ,

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਹਿੰਦੁਸਤਾਨ ਦੀ ਸਰਕਾਰ ਨੂੰ ਇਹ ਵੀ ਚੰਗਾ ਨਾ ਲੱਗਿਆ ਕਿ ਸਰਕਾਰ ਬਣ ਜਾਵੇ। ਐਨ ਮੌਕੇ ਤੇ, ਜਦੋਂ ਇਲੈਕਸ਼ਨਾਂ ਵਿੱਚ ਪੰਜ ਘੰਟੇ ਰਹਿੰਦੇ ਸਨ, ਤਾਂ ਇਲੈਕਸ਼ਨ ਕਮਿਸ਼ਨ ਨੇ ਸੈਂਟਰ ਦੀ ਸਰਕਾਰ ਦੇ ਕਹਿਣ ਤੇ ਉਹ ਇਲੈਕਸ਼ਨ ਕੈਂਸਲ ਕਰ ਦਿੱਤੇ। ਡਿਪਟੀ ਸਪੀਕਰ ਸਾਹਿਬ, ਇੱਕ ਤਾਂ ਸਾਨੂੰ ਸ਼ਾਇਦ ਇਹ ਕਹਿਣ ਦਾ ਮੌਕਾ ਫਿਰ ਨਾ ਮਿਲਦਾ, ਜੇ ਇਨ੍ਹਾਂ ਨੇ ਅਨੰਦਪੁਰ ਸਾਹਿਬ ਦੇ ਮਤੇ ਦੀ ਗੱਲ ਨਹੀਂ ਛੇੜਨੀ ਤਾਂ ਫਿਰ ਮੈਂ ਵੀ ਨਹੀਂ ਛੇੜਦਾ।

**ਮੁੱਖ ਮੰਤਰੀ (ਬੈਠੇ-ਬੈਠੇ) :** ਤੁਸੀਂ ਛੇੜੋ। ਅਸੀਂ ਕੋਈ ਕਸਰ ਨਹੀਂ ਛੱਡਣੀ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਛੇੜਾਂਗੇ, ਠੀਕ ਹੈ। ਇਨ੍ਹਾਂ ਨੇ ਅਨੰਦਪੁਰ ਸਾਹਿਬ ਦਾ ਮਤਾ ਪਾਸ ਕੀਤਾ। ਸ਼੍ਰੋਮਣੀ ਅਕਾਲੀ ਦਲ ਦੇ ਖਿਲਾਫ ਇੰਨਾ ਵਾਦ ਵਿਵਾਦ ਖੜ੍ਹਾ ਕਰ ਦਿੱਤਾ, ਕਿਉਂਕਿ ਸ਼ਹੀਦਾਂ ਦੀ ਜਥੇਬੰਦੀ ਨੂੰ ਬਦਨਾਮ ਕਰਨਾ ਸੀ ਕਿ ਇਹ ਅੱਤਵਾਦੀ ਹੋ ਗਏ, ਵੱਖਵਾਦੀ ਹੋ ਗਏ। ਇਕੱਲੇ ਹਿੰਦੁਸਤਾਨ ਵਿੱਚ ਨਹੀਂ, ਦੁਨੀਆਂ ਦੇ ਕੋਨੇ ਕੋਨੇ ਵਿੱਚ, ਉਨ੍ਹਾਂ ਦੀਆਂ ਅੰਬੈਸੀਆਂ ਰਾਹੀਂ ਸਾਡਾ ਸਾਰੇ ਦੇਸ਼ਾਂ ਵਿੱਚ ਬਹੁਤ ਵੱਡਾ ਚਰਚਾ ਹੋ ਗਿਆ। ਜਿਵੇਂ ਸਾਰੇ ਸਿੱਖ ਅੱਤਵਾਦੀ ਬਣ ਗਏ। ਕਿੰਨੇ ਸਾਲ ਹੋ ਗਏ, ਇੱਕ ਮੀਟਿੰਗ ਸ਼੍ਰੀਮਤੀ ਇੰਦਰਾ ਗਾਂਧੀ ਨਾਲ ਹੋਈ। ਜਿਸ ਦਾ ਸਰਦਾਰ ਸਾਹਿਬ ਹੁਰਾਂ ਨੇ (ਸਰਦਾਰ ਬੀਰ ਦਵਿੰਦਰ ਸਿੰਘ ਨੇ) ਜ਼ਿਕਰ ਕੀਤਾ ਹੈ, ਉਸ ਵਿੱਚ ਅਸੀਂ ਕਿਹਾ ਕਿ ਆਹ ਅਨੰਦਪੁਰ ਸਾਹਿਬ ਦਾ ਮਤਾ ਹੈ, ਤੁਸੀਂ ਇਹ ਪੜ੍ਹ ਲਓ। ਇਸ ਦੇ ਵਿੱਚ ਕੋਈ ਐਸੀ ਗਲਤ ਚੀਜ਼ ਜਾਂ ਐਂਟੀ ਨੈਸ਼ਨਲ ਨਹੀਂ ਹੈ, ਜਿਹੜਾ ਐਡਾ ਵੱਡਾ ਪ੍ਰਚਾਰ ਹੋਇਆ, ਲੀਡਰਾਂ ਨੇ ਬਿਆਨ ਦਿੱਤਾ ਹੈ। ਤੁਸੀਂ ਵੇਖ ਲਿਓ। ਜੇਕਰ ਇਸ ਵਿੱਚ ਕੋਈ ਐਸੀ ਚੀਜ਼ ਹੈ ਤਾਂ ਤੁਸੀਂ ਦੱਸ ਦਿਓ। ਉਹ ਪੜ੍ਹ ਕੇ ਕਹਿਣ ਲੱਗੇ ਯੇ ਤੋ ਮੁਝੇ ਦਿਖਾਇਆ ਹੀ ਨਹੀਂ ਗਿਆ। ਉਨ੍ਹਾਂ ਨੂੰ ਕਿਸੇ ਨੇ ਹੋਰ ਹੀ ਕੁਝ ਦਿਖਾ ਦਿੱਤਾ। ਕੋਈ ਹੋਰ ਆਪਣੇ ਤੌਰ ਤੇ ਅਨੰਦਪੁਰ ਸਾਹਿਬ ਦਾ ਮਤਾ ਲੈ ਗਿਆ ਹੋਣਾ ਹੈ। ਫਿਰ, ਡਿਪਟੀ ਸਪੀਕਰ ਸਾਹਿਬ, ਇਹੀ ਅਨੰਦਪੁਰ ਸਾਹਿਬ ਦੇ ਮਤੇ ਤੇ ਰਾਜੀਵ ਲੌਂਗੋਵਾਲ ਸਮਝੌਤਾ ਹੋਇਆ। ਇੱਥੇ ਰੈਫਰ ਕੀਤਾ ਗਿਆ ਇਥੇ ਸਰਕਾਰੀਆ ਕਮਿਸ਼ਨ ਸੀ। ਉਹ ਰੈਫਰ ਸਰਕਾਰੀਆਂ ਕਮਿਸ਼ਨ ਨੂੰ ਕੀਤਾ ਗਿਆ ਜਿਸ ਦੇ ਹਰ ਸਫੇ ਤੇ ਰਾਜੀਵ ਗਾਂਧੀ ਦੇ ਦਸਤਖਤ ਸਨ ਜਿਸ ਦੇ ਵਿੱਚ ਲਿਖਿਆ ਗਿਆ ਸੀ "Shiromani Akali Dal states that Anandpur Sahib Resolution is entirely within the framework of the Constitution. That it intends to define the concept of the Centre-State relations in a manner which may bring out true federal structure of our Unitary Constitution. ਰੈਜੋਲਿਊਸ਼ਨ ਫਿਰ ਸਰਕਾਰੀਆਂ ਕਮਿਸ਼ਨ ਦੇ ਕੋਲ ਗਿਆ ਉਸ ਤੋਂ ਬਾਅਦ ਮਤੇ ਪਾਸ ਕੀਤੇ ਗਏ। ਮੋਗੇ ਤੇ ਲੁਧਿਆਣਾ ਤੋਂ ਵੀ ਕੀਤੇ ਗਏ, ਇਸ ਦੀ ਡਿਟੇਲ ਵਿਚ ਮੈਂ ਨਹੀਂ ਜਾਣਾ ਚਾਹੁੰਦਾ। ਲੇਕਿਨ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਅਨੰਦਪੁਰ ਸਾਹਿਬ ਦੇ ਮਤੇ ਦੇ ਉੱਤੇ ਸਰਦਾਰ ਅਮਰਿੰਦਰ ਸਿੰਘ ਨੇ ਉਦੋਂ ਕੀ ਕਿਹਾ, ਲੇਕਿਨ ਹੁਣ ਭਾਵੇਂ ਇਹ ਉਸ ਨੂੰ ਹੋਰ ਤਰ੍ਹਾਂ ਬਦਲ ਲੈਣ। ਇਨ੍ਹਾਂ ਨੇ ਉਸ ਨੂੰ ਸਿੱਖ ਫੋਰਮ ਬਣਾਇਆ ਸੀ।

(ਇਸ ਸਮੇਂ ਮਾਨਯੋਗ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਕੋਈ ਕਾਗਜ਼ ਵਿਖਾ ਰਹੇ ਸਨ।)

Original with;
Punjab Vidhan Sabha
Digitized by;
Panjab Digital Library

ਇਹ ਮੇਰੇ ਕੋਲ ਵੀ ਹੈ, ਜਿਨ੍ਹਾਂ ਦੇ ਇਹ ਕਨਵੀਨਰ ਸਨ The Sikh Forum after full consideration is of the view that the Resolution as adopted by the open session of 8th All India Akali conference held at Ludhiana commonly called the Anandpur Sahib Resolution is the only authentic Resolution. In this Resolution, Sikh Forum, ਜਿਨ੍ਹਾਂ ਦੇ ਇਹ ਕਨਵੀਨਰ ਸਨ, does not find any sign of secessionism or separatism. On the Contrary, this Resolution expressly seeks the unity and integrity of the country. ਡਿਪਟੀ ਸਪੀਕਰ ਸਾਹਿਬ, ਮੈਂ ਇਸ ਦੀ ਥੋੜ੍ਹੀ ਜਿਹੀ ਬੈਕਗਰਾਊਂਡ ਵਿੱਚ ਜਾਣਾ ਚਾਹੁੰਦਾ ਹਾਂ, ਕਿ ਇਸ ਵਿਚ ਅਕਾਲੀ ਦਲ ਦਾ ਕੀ ਰੋਲ ਸੀ, ਅਕਾਲੀ ਦਲ ਨੂੰ ਅੱਤਵਾਦ ਦੇ ਸਮੇਂ ਦੌਰਾਨ ਕਿੰਨਾ ਨੁਕਸਾਨ ਉਠਾਉਣਾ ਪਿਆ ਸੀ। ਅਸਲ ਵਿੱਚ ਜਿੱਥੇ ਅੱਤਵਾਦ ਦੀ ਪਲਾਨਿੰਗ ਸਰਕਾਰ ਵੱਲੋਂ ਬਣਾਈ ਗਈ ਸੀ ਤਾਂ ਉਦੋਂ ਸ਼੍ਰੀਮਤੀ ਇੰਦਰਾ ਗਾਂਧੀ ਵੱਲੋਂ ਦੇਸ਼ ਦੇ ਵਿੱਚ ਐਮਰਜੈਂਸੀ ਲਗਾ ਦਿੱਤੀ ਗਈ ਸੀ। ਸਾਰੇ ਮਨੁੱਖੀ ਅਧਿਕਾਰ ਖੋਹ ਲਏ, ਮੁਲਕ ਨੂੰ ਇੱਕ ਜੇਲ੍ਹ ਖਾਨਾ ਬਣਾ ਦਿਤਾ ਸੀ ਔਰ ਉਸ ਵੇਲੇ ਇਹੋ ਜਿਹੇ ਹਾਲਾਤ ਵਿਚ ਜੇ ਤਕੜੇ ਹੋ ਕੇ ਕੋਈ ਮਨੁੱਖੀ ਅਧਿਕਾਰਾਂ ਖਾਤਰ ਜਾਂ ਪ੍ਰੈਸ ਆਜ਼ਾਦੀ ਵਾਸਤੇ ਖੜ੍ਹਾ ਹੋਇਆ ਸੀ ਤਾਂ ਸ਼੍ਰੋਮਣੀ ਅਕਾਲੀ ਦਲ ਖੜ੍ਹਾ ਹੋਇਆ ਸੀ ਤੇ ਅਸੀਂ ਮੋਰਚਾ ਲਗਾਇਆ। ਜਿਵੇਂ ਚੀਫ਼ ਮਨਿਸਟਰ ਸਾਹਿਬ ਨੂੰ ਯਾਦ ਹੋਵੇਗਾ ਕਿ ਇਹ ਉਨ੍ਹਾਂ ਦੇ ਘੱਲੇ ਹੋਏ ਸਾਡੇ ਕੋਲ ਆਏ ਸਨ ਔਰ ਉਦੋਂ ਇਹ ਕੀ ਸਾਨੂੰ ਆਖ ਕੇ ਗਏ ਸਨ ਕਿ ਤੁਸੀਂ ਐਮਰਜੈਂਸੀ ਵਿੱਚ ਸਰਕਾਰ ਦੀ ਮੁਖਾਲਫ਼ਤ ਨਾ ਕਰੋ, ਤੁਸੀਂ ਰਾਜ ਕਰੋ ਔਰ ਅਸੀਂ ਤੁਹਾਨੂੰ ਕੁਝ ਨਹੀਂ ਕਹਿੰਦੇ, ਤੁਹਾਡੇ ਨਾਲ ਵਾਅਦਾ ਕਰਦੇ ਹਾਂ............

**Chief Minister :** ** ** **

**Mr. Deputy Speaker :** ਰਿਮਾਰਕਸ ਜਿਹੜੇ ਹਨ not to be recorded.

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਡਿਪਟੀ ਸਪੀਕਰ ਸਾਹਿਬ, ਮਾਰਕ ਤੁਲੀ ਇਕ ਬਹੁਤ ਵੱਡਾ ਪੱਤਰਕਾਰ ਹੈ ਅਤੇ ਇਕ ਸਤੀਸ਼ ਜ਼ੈਕਬ ਹੈ ਉਨ੍ਹਾਂ ਨੇ ਦੱਸਿਆ ਹੈ, ਇਸ ਦੇ ਰਾਹੀਂ ਹੀ ਪਤਾ ਲਗਦਾ ਹੈ ਕਿ ਅੱਤਵਾਦ ਕਿਵੇਂ ਛਿੜਿਆ ਹੈ। When the whole India lay prostate before Indira and her son Sanjay, the anti-emergency agitation from the Golden Temple Complex with volunteers offering prayers at Akal Takhat before offering themselves for arrest was taken as a serious and personal affront by Indira. This was aggravated by the failure of her emissaries, Sardar Amarinder Singh and Bhai Ashok Singh of Bagrian to strike a deal including formation of Government of Punjab by Akali Dal. ਉਸ ਵਿਚ ਲਿਖਿਆ ਹੈ, ਇਹ ਕਿਤਾਬ ਮੇਰੇ ਕੋਲ ਹੈ Indira got into her head that it were only the Sikhs who constituted a threat to her imperialist and dynastic rule and decided to inflict blow from which they take long, if at all, to recover. She also took the

** Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

decision at that time to push them out of the national mainstream. ਇਹ ਉਨ੍ਹਾਂ ਨੇ ਫੈਸਲਾ ਕਰ ਲਿਆ ਕਿ ਇਨ੍ਹਾਂ ਨੂੰ ਮੇਨ ਸਟ੍ਰੀਮ ਤੋਂ ਪਾਸੇ ਰੱਖ ਕੇ ਸਬਕ ਸਿਖਾਉਣ ਦਾ ਅਹਿਦ ਕਰਨਾ ਕਿਉਂਕਿ ਇਹੀ ਲੋਕ ਹਨ ਜਿਹੜੇ ਡਿਕਟੇਟਰਸ਼ਿਪ ਦੇ ਖਿਲਾਫ ਖੜ੍ਹੇ ਹੁੰਦੇ ਹਨ। ਡਿਪਟੀ ਸਪੀਕਰ ਸਾਹਿਬ, ਪਹਿਲਾਂ ਤਾਂ ਦੇਖ ਲਓ ਸਰਦਾਰ ਅਮਰਿੰਦਰ ਸਿੰਘ ਜਦੋਂ ਆਏ ਇਹ ਉਸ ਵੇਲੇ ਐਮਰਜੈਂਸੀ ਦੇ ਹੱਕ ਵਿਚ ਸਨ.........

**ਮਾਨਯੋਗ ਡਿਪਟੀ ਸਪੀਕਰ** : ਬਾਦਲ ਸਾਹਿਬ, ਮਾਰਕ ਟੱਲੀ ਦੀ ਕਿਤਾਬ ਤੁਹਾਡੇ ਕੋਲ ਹੈ। ਇਹ ਤੁਸੀਂ ਟੇਬਲ ਤੇ ਰੱਖ ਦਿਓ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਟੇਬਲ ਤੇ ਹੀ ਰੱਖਾਂਗਾ। ਹੋਰ ਕੀ ਲਿਖਿਆ ਹੈ; ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨ ਤੇ ਸਿੱਖਾਂ ਨੂੰ ਸਬਕ ਸਿਖਾਉਣ ਤੇ ਉਨ੍ਹਾਂ ਨੂੰ ਬਦਨਾਮ ਕਰਨ ਲਈ ਇੰਦਰਾ ਗਾਂਧੀ ਨੇ ਵੱਡੇ ਤੇ ਸਿੱਧੇ ਪੱਧਰ ਤੇ ਅੱਤਵਾਦ ਦਾ ਉਪਯੋਗ ਕਰਨਾ ਸ਼ੁਰੂ ਕਰ ਦਿੱਤਾ। ਉਦੋਂ 2-3 ਤਰੀਕੇ ਲੱਭੇ ਗਏ, ਇਹ ਸਾਰਾ ਮੈਂ ਰਿਕਾਰਡ ਦੀ ਗੱਲ ਕਰਦਾ ਹਾਂ। ਬਿਨਾਂ ਰਿਕਾਰਡ ਤੋਂ ਡਿਪਟੀ ਸਪੀਕਰ ਸਾਹਿਬ ਮੈਂ ਕੋਈ ਗੱਲ ਨਹੀਂ ਕਰਦਾ। ਇਕ ਤਾਂ ਅਕਾਲੀਆਂ ਵਰਗੀ ਸ਼ਕਲ ਸੂਰਤ , ਇਨ੍ਹਾਂ ਦੇ ਪਹਿਰਾਵੇ ਵਰਗਾ ਆਦਮੀ ਲੱਭੇ ਨਾ। ਸਭ ਤੋਂ ਪਹਿਲਾਂ 1971 ਵਿਚ ਡਾਕਟਰ ਜਗਜੀਤ ਸਿੰਘ ਚੌਹਾਨ ਨੂੰ ਲੱਭਿਆ।

(ਇਕ ਆਵਾਜ : ਉਹ ਵੀ ਤੁਹਾਡੇ ਵਿਚੋਂ ਹੀ ਸੀ।)

ਅਸੀਂ ਉਸ ਨੂੰ ਪਹਿਲਾਂ ਹੀ ਪਾਰਟੀ ਵਿਚੋਂ ਕੱਢ ਦਿੱਤਾ ਸੀ। ਇਕ ਲਿਖਾਰੀ ਸੰਗਤ ਸਿੰਘ ਦੀ ਕਿਤਾਬ The Sikhs in the History ਮੇਰੇ ਕੋਲ ਹੈ ਜੋ ਕਿ ਕੇਂਦਰੀ ਸਰਕਾਰ ਦੇ ਵਿਦੇਸ਼ ਵਿਭਾਗ ਦੇ ਪਾਲਿਸੀ ਐਂਡ ਪਲਾਨਿੰਗ ਦਾ ਮੈਂਬਰ ਰਿਹਾ, ਜਿਹੜਾ ਇਨ੍ਹਾਂ ਦੀ ਸਰਕਾਰ ਦੇ ਵਿਚ ਅਹਿਮ ਅਹੁਦੇ ਤੇ ਕੰਮ ਕਰਦਾ ਰਿਹਾ।

(ਆਵਾਜਾਂ : ਆਵਾਜ਼ ਨਹੀਂ ਆ ਰਹੀ, ਉਚੀ ਕਰ ਦਿਓ।)

**ਮਾਨਯੋਗ ਡਿਪਟੀ ਸਪੀਕਰ** : ਅਵਾਜ਼ ਠੀਕ ਹੈ। ਤੁਸੀਂ ਟੀ.ਵੀ. ਤੇ ਫੋਟੋ ਲਈ ਅੱਗੇ ਪਿਛੇ ਹੋ ਰਹੇ ਹੋ। (ਹਾਸਾ) ਤੁਸੀਂ ਮਾਈਕ ਦੇ ਨੇੜੇ ਆਓ।

**Sardar Parkash Singh Badal** : Indira Gandhi now sought to strike decisive blows at any prospects of Akali Dal and Jan Sangh coming together. Dr. Jagjit Singh Chauhan was let loose on international arena to propogate what is called Khalistan. ਇਨ੍ਹਾਂ ਦੀ ਪਾਲਿਸੀ ਪ੍ਰੋਗਰਾਮ ਬਣਾਉਣ ਵਾਲੇ ਇਨ੍ਹਾਂ ਦੇ ਅਫਸਰ ਰਿਟਾਇਰ ਸੀ। ਇਸ ਤੋਂ ਬਾਅਦ ਕਾਂਗਰਸ ਨੇ ਦਲ ਖਾਲਸਾ ਪੈਦਾ ਕੀਤਾ। ਪੁਰਾਣੀਆਂ ਸ਼ਖਸੀਅਤਾਂ ਜਿਨ੍ਹਾਂ ਦਾ ਅਸੀਂ ਸਤਿਕਾਰ ਕਰਦੇ ਹਾਂ ਉਨ੍ਹਾਂ ਦਾ ਨਾਂ ਲੈਣਾ ਪੈਂਦਾ ਹੈ। ਇਹ ਕਿਸ ਨੇ ਤਿਆਰ ਕੀਤਾ, ਗਿਆਨੀ ਜ਼ੈਲ ਸਿੰਘ ਨੇ ਔਰ ਉਸ ਤੋਂ ਬਾਅਦ ਭਾਈ ਜਸਬੀਰ ਸਿੰਘ ਰੋਡੇ ਨੂੰ ਲਿਆਂਦਾ ਗਿਆ। ਇਸ ਤੋਂ ਬਾਅਦ ਹੋਰ ਅੱਤਵਾਦੀ ਇਨ੍ਹਾਂ ਨੇ ਕਾਬੂ ਕੀਤੇ। ਇਸੇ ਤਰ੍ਹਾਂ ਏ.ਐਸ. ਨਾਰੰਗ ਹਿਸਟੋਰੀਅਨ ਹੋਏ ਹਨ ਉਨ੍ਹਾਂ ਨੇ ਲਿਖਿਆ ਹੈ : There were other minor organizations of Sikhs which took advantage of the differences

Original with;
Punjab Vidhan Sabha
Digitized by;
Panjab Digital Library

with the Akali Dal to embarrass Badal. Some of them were reported to have connections with the Congress and were used by the later to erode the political legacy of the Dal inside and outside the Assembly. One such group was Dal Khalsa. ਇਸੇ ਤਰ੍ਹਾਂ ਇੰਡੀਅਨ ਐਕਸਪ੍ਰੈਸ, ਚੰਡੀਗੜ੍ਹ ਦੇ ਰੈਜ਼ੀਡੈਂਟ ਐਡੀਟਰ ਮਲਰਾਜ ਗਰੇਵਾਲ ਨੇ ਵੀ ਕਿਤਾਬ ਲਿਖੀ ਹੈ Dreams after Darkness. ਉਹ ਲਿਖਦੇ ਹਨ : It is common knowledge that Giani Zail Singh footed the bill 3rd April, 1978 inaugural meeting of Dal Khalsa, a radical party Sant Bhindranwala supported. In 1980 R.L. Bhatia from Amritsar and Sukhbans Kaur Bhinder from Gurdaspur, both printed posters saying Bhindranwala supports ਉਹ ਇਲੈਕਸ਼ਨ ਵਿਚ ਖੜ੍ਹੇ। ਇਹ ਮੈਂ ਨਹੀਂ ਕਹਿੰਦਾ ਇਹ ਹਿਸਟੋਰੀਅਨਜ਼ ਨੇ ਲਿਖਿਆ ਹੈ ਇਨ੍ਹਾਂ ਦਾ ਬਹੁਤ ਵੱਡਾ ਸਾਥੀ ਜਿਹੜਾ ਸਾਰੀ ਜ਼ਿੰਦਗੀ ਕਾਂਗਰਸ ਨਾਲ ਰਿਹਾ ਹੈ, ਪਾਰਟੀ ਭਾਵੇਂ ਉਸ ਦੀ ਵੱਖਰੀ ਹੈ, ਉਹ ਹਨ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ। ਕਾਮਰੇਡ ਸੁਰਜੀਤ ਜੀ, ਜੋ ਹੁਣ ਵੀ ਸੈਂਟਰ ਸਰਕਾਰ ਚਲ ਰਹੀ ਹੈ, ਉਸ ਦੇ ਵਿਚ ਸਾਥੀ ਹਨ, ਨੇ ਲਿਖਿਆ ਹੈ Mrs. Gandhi created Bhindranwala. She wanted to build him up as an alternative leadership, as an alternative to Akalis so that he was amendable to her. She wanted to use the situation for political purposes. No other explanation can be there. ਇਹ ਉਨ੍ਹਾਂ ਦਾ ਸਰਟੀਫਿਕੇਟ ਹੈ। ਕੁਝ ਚਿਰ ਬਾਅਦ ਮਿਸਟਰ ਭਿੰਡਰ ਜਿਹੜਾ ਡਾਇਰੈਕਟਰ ਜਨਰਲ ਬਣ ਗਿਆ, ਉਨ੍ਹਾਂ ਨੇ ਵੀ ਕਿਹਾ ਹੈ ਕਿ ਰਾਜੀਵ ਗਾਂਧੀ ਜੀ ਨੇ ਵੀ ਭਿੰਡਰਾਂਵਾਲਾ ਸਾਹਿਬ ਦੀ ਬੜੀ ਪਰੇਜ਼ ਕੀਤੀ। ਇੱਕ ਹੋਰ ਮਨਰਾਜ ਗਰੇਵਾਲ ਨੇ ਲਿਖਿਆ ਹੈ ਅਤੇ ਗੁਰਤੇਜ ਸਿੰਘ, ਫਾਰਮਰ ਆਈ.ਏ.ਐਸ. ਅਫਿਸਰ ਨੇ ਵੀ ਕਿਤਾਬ ਲਿਖੀ ਹੈ, ਉਨ੍ਹਾਂ ਨੇ ਕਿਹਾ ਹੈ I travelled with an Akali leader, an editor of Daily, Sardar Bharpur Singh Bir, who was at that time known as of extremist views, who told me that he had met Indira Gandhi serveral times on behalf of Sant Bhindranwala. ਡਿਪਟੀ ਸਪੀਕਰ ਸਾਹਿਬ, ਫਿਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 1979 ਦੇ ਵਿਚ ਹੋਈਆਂ। ਉਸ ਦੇ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਖਿਲਾਫ ਦਲ ਖਾਲਸਾ ਤੇ ਸੰਤ ਭਿੰਡਰਾਂਵਾਲਾ ਨੇ ਕੈਂਡੀਡੇਟ ਖੜ੍ਹੇ ਕੀਤੇ। ਜਿਹੜਾ ਮਹਿਤਾ, ਉਸ ਏਰੀਏ ਬਿਆਸ ਕੰਸਟੀਚੂਐਂਸੀ ਦੇ ਵਿਚ ਭਾਈ ਅਮਰੀਕ ਸਿੰਘ ਜੀ ਖੜ੍ਹੇ ਹੋਏ ਸਨ ਬੜਾ ਦੁੱਖ ਹੈ ਕਿ ਮੈਨੂੰ ਨਾਂ ਲੈਣੇ ਪੈਂਦੇ ਹਨ, ਪਰ ਕੀ ਕਰੀਏ। ਅਸੀਂ ਉਨ੍ਹਾਂ ਦੇ ਖਿਲਾਫ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਜਿਹੜੇ ਕਿ ਮਨਿਸਟਰ ਸਨ, ਉਨ੍ਹਾਂ ਨੇ ਮਨਿਸਟਰੀ ਤੋਂ ਅਸਤੀਫਾ ਦਿੱਤਾ, ਉਨ੍ਹਾਂ ਨੂੰ ਖੜ੍ਹਾ ਕਰ ਦਿੱਤਾ ਤੇ ਉਸ ਦੇ ਵਿਚ ਜਿਹੜੀ ਜਿੱਤ ਹੋਈ Congress-I, though Giani Zail Singh got an opportunity to try its luck again but with no better results. Sant Bhindranwala agreed to put Bhai Amrik Singh, S/o Bhai Kartar Singh, President from Beas but Akalis put up Jiwan Singh Umranangal, who resigned his Minister's post and successfully faced him. ਉਸ ਦੇ ਵਿਚੋਂ ਜੋ ਇਨ੍ਹਾਂ ਨੇ 45 ਕੈਂਡੀਡੇਟ ਖੜ੍ਹੇ ਕੀਤੇ ਸਨ, ਰਿਜ਼ਲਟ ਜਿਹੜਾ ਨਿਕਲਿਆ 136 ਸੀਟਾਂ ਸ਼੍ਰੋਮਣੀ ਅਕਾਲੀ ਦਲ ਨੇ ਜਿੱਤੀਆਂ ਤੇ ਕਾਂਗਰਸ ਤੇ ਦੂਜਿਆਂ ਨੂੰ,

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਮੈਂ ਦੱਸਣਾ ਚਾਹੁੰਦਾ ਹਾਂ ਕਿ ਕਾਂਗਰਸ ਹਮੇਸ਼ਾਂ ਹੀ ਅੱਤਵਾਦ ਨਾਲ ਕਨਸਰਨ ਰੱਖਣ ਵਾਲੇ ਲੋਕਾਂ ਦੀ ਮੱਦਦ ਕਰਦੀ ਰਹੀ ਹੈ। ਇਹ ਉਨ੍ਹਾਂ ਨੂੰ ਪੈਸੇ ਦਿੰਦੇ ਰਹੇ ਹਨ। ਉਸ ਦੇ ਬੜੇ ਸਬੂਤ ਮੇਰੇ ਕੋਲ ਹਨ। ਇੱਕ ਸ਼੍ਰੀ ਐਨ.ਕੇ. ਧਰ ਹਨ, ਉਨ੍ਹਾਂ ਦੀ ਕਿਤਾਬ ਵੀ ਮੇਰੇ ਖਿਆਲ ਵਿਚ ਤੁਸੀਂ ਪੜ੍ਹੀ ਹੋਣੀ ਹੈ। ਜਦੋਂ ਅੱਤਵਾਦ ਦਾ ਸਮਾਂ ਸੀ ਉਹ ਆਈ.ਬੀ. ਦੇ ਜੁਆਇੰਟ ਡਾਇਰੈਕਟਰ ਅਤੇ ਪੰਜਾਬ ਦੇ ਉਸ ਵੇਲੇ ਦੇ ਇੰਚਾਰਜ ਸਨ। ਮੈਂ ਕਹਿੰਦਾ ਹਾ ਕਿ ਬੰਦੇ ਵੀ ਇਨ੍ਹਾਂ ਨੇ ਪੈਦਾ ਕੀਤੇ ਅਤੇ ਪੈਸੇ ਵੀ ਇਨ੍ਹਾਂ ਨੇ ਉਨ੍ਹਾਂ ਨੂੰ ਦਿੱਤੇ। ਉਨ੍ਹਾਂ ਨੇ ਆਪਣੀ ਕਿਤਾਬ ਦੇ ਵਿਚ ਲਿਖਿਆ ਹੈ N.K. Dhar who was IB Joint Director and Punjab In-charge stated that Gurjit Singh demanded an initial grant of Rs. 2 million and it was agreed that amount would be delivered at Ludhiana. ਉਸ ਤੋਂ ਬਾਅਦ ਧਰ ਸਾਹਿਬ ਵਲੋਂ ਇੱਕ ਹੋਰ ਉਦਾਹਰਨ ਦਿੱਤੀ ਗਈ ਹੈ। ਇਹ ਵੀ ਬੜੇ ਮਾਅਨੇ ਰੱਖਦੀ ਹੈ। I was called upon in May, 1981 to contact a relative of Jarnail Singh and bring him to Delhi for a meeting with Home Minister. I had unfortunately met the young nephew of Jarnail Singh at Ganganagar, just a couple of months back. I picked up young Jasbir Singh, a personal aide to Jarnail Singh, from Sardulgarh on Haryana Border and drove him to the Home Minister. They went with two flat shoulder bags. ਇਹ ਗੱਲ ਉਹ ਧਰ ਸਾਹਿਬ ਕਹਿ ਰਹੇ ਹਨ। ਦੋ ਸ਼ੋਲਡਰ ਬੈਗਜ ਨੋਟਾਂ ਦੇ ਭਰੇ ਹੋਏ ਸਨ। ਹੋਮ ਮਨਿਸਟਰ ਨੇ ਉਨ੍ਹਾਂ ਨੂੰ ਦਿੱਤੇ। ਉਹ ਕਹਿੰਦਾ ਹੈ : I was asked to drop them at Mansa near Bathinda. I did my job with characteristic silence of deaf, dumb and blind intelligence operator. ਮੇਰੀ ਤਾਂ ਡਿਊਟੀ ਲੱਗੀ ਸੀ। ਉਹ ਡਿਊਟੀ ਕਰਨੀ ਪਈ। ਆਹ ਕੁਝ ਇਨ੍ਹਾਂ ਨੇ ਕੀਤਾ। ਡਿਪਟੀ ਸਪੀਕਰ ਸਾਹਿਬ, ਫਿਰ ਹਥਿਆਰ ਵੀ ਦਿੱਤੇ ਗਏ। ਬੰਦੇ ਵੀ ਇਨ੍ਹਾਂ ਨੇ ਹੀ ਪੈਦਾ ਕੀਤੇ। ਉਨ੍ਹਾਂ ਨੂੰ ਪੈਸਾ ਵੀ ਦਿੰਦੇ ਰਹੇ ਅਤੇ ਹਥਿਆਰ ਵੀ ਦਿੰਦੇ ਰਹੇ। ਇਸ ਤੋਂ ਮਾੜੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਜੋ ਰੂਲਿੰਗ ਪਾਰਟੀ, ਦੇਸ਼ ਦੀ ਹਕੂਮਤ ਅੱਤਵਾਦ ਨੂੰ ਵਧਾਵਾ ਦੇਣ ਵਾਸਤੇ ਹਥਿਆਰ ਵੀ ਦੇਵੇ, ਪੈਸੇ ਵੀ ਦੇਵੇ। ਜਿਵੇਂ ਮੈਂ ਪਹਿਲਾਂ ਵੀ ਦੱਸਿਆ ਹੈ ਕਿ ਇਹ ਉਹ ਡਾਇਰੈਕਟਰ ਜਨਰਲ ਸਾਹਿਬ ਨੇ ਦੱਸਿਆ ਹੈ ਕਿ ਕਿਸ ਤਰ੍ਹਾਂ ਅਸੀਂ ਹਥਿਆਰ ਪਹੁੰਚਾਉਂਦੇ ਰਹੇ ਹਾਂ। Mr. Dhar writes that the final nod was received in March and I carried the weapons in a special flight to Amritsar. They were hidden in a couple of fruit baskets and it was carried by my operational associates and me to Jasbir's golden temple den. The weapons supplied to him were intended to arm dedicated Shahidi groups. suicide squads. Deputy Speaker Sahib, N.K. Dhar further writes : Kalyan Rudra and I met Jasbir Singh and high priests of Keshgarh Gurudwara at the Anandpur residence of Shaminder Singh. Jathedar. This time we carried bags of wheat for the family of the priests in which six AK-47 were concealed.

Shri Sangat Singh writes in "History of the Sikhs". To facilitate the passage of the Bill in the Parliament, the services of the State sponsored terrorists have to be utilized. They were made to propel with the Soviet built

Original with;
Punjab Vidhan Sabha
Digitized by;
Panjab Digital Library

rocket propeller grenade launcher to lob 2.25 kg. 80 mm shells at the Vishkarma temple near Phagwara, housing 70-CRPF Jawans. The very next day, the terrorists killed 37 persons in Patti and Tarn Taran Sub-division including 80 of a family in Pehota village. They mischievously left behind note on behalf of K.C.F., claiming responsibility. But now the State Terrorists had wiped out more than 40 families in Amritsar and Gurdaspur. ਉਨ੍ਹਾਂ ਨੇ ਲਿਖਿਆ ਹੈ ਕਿ ਜਿਹੜੇ ਅਸੀਂ ਹਥਿਆਰ ਦਿੱਤੇ ਸਨ ਇਨ੍ਹਾਂ ਹਥਿਆਰਾਂ ਦੇ ਨਾਲ ਉਨ੍ਹਾਂ ਨੂੰ ਪੈਸਾ ਵੀ ਦਿੱਤਾ ਗਿਆ। ਇਸ ਤੋਂ ਵੱਧ ਮੈਂ ਹੋਰ ਕੀ ਸਬੂਤ ਇਨ੍ਹਾਂ ਨੂੰ ਦੇਵਾਂ। ਅੱਤਵਾਦ ਪੰਜਾਬ ਵਿਚ ਕਿਉਂ ਆਇਆ, ਸਿਰਫ ਇਸ ਕਰਕੇ ਆਇਆ ? ਜਿਵੇਂ ਮੈਂ ਦੱਸਿਆ ਹੈ ਕਿ ਐਮਰਜੈਂਸੀ ਦੇ ਦੌਰਾਨ ਸ਼੍ਰੀਮਤੀ ਇੰਦਰਾ ਗਾਂਧੀ ਨੇ ਆਪੋਜੀਸ਼ਨ ਨੂੰ ਸਬਕ ਸਿਖਾਉਣ ਲਈ ਇਹ ਸਾਰਾ ਕੁਝ ਕੀਤਾ ਸੀ। ਸਟੇਟ ਟੈਰੋਰਿਜ਼ਮ ਸਭ ਨਾਲੋਂ ਵੱਧ ਖਤਰਨਾਕ ਹੁੰਦਾ ਹੈ ਪੰਜਾਬ ਵਿਚ ਹੁਕਮਰਾਨ ਪਾਰਟੀ ਦੇ ਖਿਲਾਫ ਗੜਬੜ ਕਰਵਾਉਣ ਲਈ ਸੈਂਟਰ ਦੀ ਸਰਕਾਰ ਨੇ ਇਹ ਸਾਜ਼ਿਸ ਕੀਤੀ ਸੀ ਅਤੇ ਉਨ੍ਹਾਂ ਨੇ ਲਿਖਿਆ ਹੈ ਕਿ ਖੁਦ ਸਰਕਾਰੀ ਅੱਤਵਾਦ ਦੀ ਸ਼ਹਿ ਤੇ ਹੁੰਦਾ ਰਿਹਾ। ਕੇਵਲ ਇਹ ਮੁੱਦਾ ਸੀ ਕਿ ਦਰਬਾਰ ਸਾਹਿਬ ਤੇ ਹਮਲਾ ਕਿਵੇਂ ਕੀਤਾ ਜਾ ਸਕਦਾ ਹੈ। ਇਹ ਸਿੱਖਾਂ ਨੂੰ ਸਬਕ ਸਿਖਾਉਣਾ ਚਾਹੁੰਦੇ ਸਨ ਜੋ ਕਿ ਬੜੀ ਸ਼ਰਮ ਵਾਲੀ ਗੱਲ ਸੀ ਜਿਸ ਨੂੰ ਸੱਚਾ ਸਿੱਖ ਕਦੇ ਵੀ ਭੁਲਾ ਨਹੀਂ ਸਕਦਾ। ਉਸ ਦਰਬਾਰ ਸਾਹਿਬ ਤੇ ਹਮਲੇ ਨੂੰ ਕਦੇ ਵੀ ਨਹੀਂ ਭੁਲਿਆ ਜਾ ਸਕਦਾ। ਇਸ ਹਮਲੇ ਵਿਚ ਕਿੰਨੇ ਬੰਦੇ ਮਾਰੇ ਗਏ ? ਇਹ 1700 ਬੰਦੇ ਸਨ। ਇਨ੍ਹਾਂ ਵਿਚ 950 ਯਾਤਰੀ ਸਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਟਾਫ ਦੇ ਮੈਂਬਰਜ਼ ਸੇਵਾਦਾਰ ਵੀ ਸਨ। 500 ਬੰਦੇ ਭਿੰਡਰਾਂਵਾਲੇ ਦੇ ਸਨ, ਬੱਬਰ ਖਾਲਸਾ ਦੇ 300 ਸਨ। ਦਰਬਾਰ ਸਾਹਿਬ ਵਿਚ ਟੋਟਲ ਸ਼ਹੀਦੀਆਂ 3680 ਹੋਈਆਂ ਸਨ। Shri Ram Narayan says that bodies were being brought in Municipal garbage trucks round the clock on the 7th June. We have been really busy. To add to our woes, we did not have enough to burn the dead bodies. So we cremated the heaps of bodies. ਔਰ ਉਨ੍ਹਾਂ ਨੂੰ ਦਬਾਇਆ ਜਾ ਰਿਹਾ ਸੀ। ਡਿਪਟੀ ਸਪੀਕਰ ਸਾਹਿਬ, ਤੁਸੀਂ ਤਾਂ ਉਥੋਂ ਦੇ ਰਹਿਣ ਵਾਲੇ ਹੋ। ਤੁਹਾਨੂੰ ਸਾਰਾ ਪਤਾ ਹੀ ਹੈ। ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਇਕ ਹੋਰ ਅੱਤਵਾਦ ਦੀ ਕਹਾਣੀ ਦੱਸਣਾ ਚਾਹੁੰਦਾ ਹਾਂ, ਅਮਰਿੰਦਰ ਸਿੰਘ ਦੀ ਜੁਬਾਨੀ। ਅਮਰਿੰਦਰ ਮੁਤਾਬਿਕ ਦੁਖਾਂਤ ਲਈ ਜ਼ਿੰਮੇਵਾਰ ਕੌਣ ?—ਪੰਜਾਬ ਸਮੱਸਿਆ ਦੇ ਸਨਮੁੱਖ—ਇਹ ਸਰਦਾਰ ਜਗਜੀਤ ਸਿੰਘ ਆਨੰਦ, ਇਕ ਕਮਿਉਨਿਸਟ ਲੀਡਰ ਹਨ, ਉਨ੍ਹਾਂ ਨੇ ਕਿਤਾਬ ਲਿਖੀ ਸੀ। ਉਹ ਕਿਤਾਬ ਅੰਦਰ ਪੰਜਾਬ ਸਮੱਸਿਆਂ ਦੇ ਸਨਮੁੱਖ ਵਿਚ ਇਨ੍ਹਾਂ ਦਾ ਆਰਟੀਕਲ ਛਪਿਆ ਹੈ, ਉਸ ਵਿਚ ਇਨ੍ਹਾਂ ਨੇ ਇਸ ਸਮੱਸਿਆ ਦੇ 4 ਮੁੱਖ ਕਾਰਨ ਦੱਸੇ ਹਨ। ਜੋ ਕਾਰਨ ਅਸੀਂ ਅੱਜ ਲੱਭਣੇ ਹਨ, ਇਹ ਇਨ੍ਹਾਂ ਨੇ ਅੱਜ ਤੋਂ ਪਹਿਲਾਂ ਆਪ ਹੀ ਦੱਸ ਦਿੱਤੇ ਹਨ। ਪਹਿਲੀ ਗੱਲ, ਇਨ੍ਹਾਂ ਨੇ ਦੱਸੀ ਕਿ ਅਕਾਲੀਆਂ ਵੱਲੋਂ 1980 ਵਿਚ ਪੇਸ਼ ਕੀਤੀਆਂ ਮੰਗਾਂ ਵੱਲ ਸ਼੍ਰੀਮਤੀ ਇੰਦਰਾ ਗਾਂਧੀ ਦੇ ਅੜੀਅਲ ਵਤੀਰੇ ਨੇ ਅਕਾਲੀਆਂ ਨੂੰ ਪੁਰ ਅਮਨ ਸੰਘਰਸ਼ ਲਈ ਮਜ਼ਬੂਰ ਕਰ ਦਿੱਤਾ। ਜਦੋਂ ਕੋਈ ਹਾਂ ਪੱਖੀ ਹੁੰਗਾਰਾ ਨਾ ਮਿਲਿਆ ਤਾਂ ਪਹਿਲਾਂ ਨਰਮ ਖਿਆਲੀ ਅਕਾਲੀਆਂ ਦੇ ਹੱਥੋਂ ਤਾਕਤ ਦੀ ਵਰਤੋਂ ਦੀ ਵਕਾਲਤ ਕਰਨ ਵਾਲੇ ਭਿੰਡਰਾਂਵਾਲੇ ਦੇ ਹੱਥਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਵਿੱਚ ਚਲੇ ਗਏ। ਦੂਜੀ ਗੱਲ, ਸਰਕਾਰ ਦੀ ਆਪਰੇਸ਼ਨ ਬਲਿਊ ਸਟਾਰ ਕਰਨ ਦੀ ਸਿਰੇ ਦੀ ਬੇਵਕੂਫੀ ਨੇ ਸਮੱਸਿਆ ਨੂੰ ਇਕ ਨਵਾਂ ਰੂਪ ਦੇ ਦਿੱਤਾ ਤੇ ਅਕਾਲੀ ਬਨਾਮ ਸਰਕਾਰ ਦੀ ਥਾਂ ਹਰ ਸਿੱਖ, ਉਹ ਕਿਤੇ ਵੀ ਖੜ੍ਹਾ ਹੋਵੇ, ਵਿਵਾਦ ਦੇ ਘੇਰੇ ਵਿਚ ਆ ਗਿਆ। ਇਹ ਅਮਰਿੰਦਰ ਸਿੰਘ ਨੇ ਇਨ ਰਾਈਟਿੰਗ ਆਪ ਦਿੱਤਾ ਹੈ। ਤੀਜੇ ਕਾਰਨ ਵਿਚ ਦੱਸਿਆ ਕਿ ਆਪਰੇਸ਼ਨ ਬਲਿਊ ਸਟਾਰ ਮਗਰੋਂ ਜਦੋਂ ਕੁਝ ਨਰਮ ਖਿਆਲੀ ਨਜ਼ਰੀਆ ਪੰਜਾਬ ਵਿੱਚ ਮੁੜ ਉਭਰਨ ਲੱਗਾ ਤਾਂ ਇਸ ਨੂੰ ਰਾਜੀਵ ਗਾਂਧੀ ਨੇ ਮੁੜ ਖੂੰਢਾ ਕਰ ਦਿੱਤਾ ਕਿਉਂਕਿ ਉਹ ਰਾਜੀਵ ਲੌਂਗੋਵਾਲ ਸਮਝੌਤੇ ਨੂੰ ਲਾਗੂ ਕਰਨ ਵਿਚ ਅਸਫ਼ਲ ਸਿੱਧ ਹੋਇਆ। ਇਸ ਗੱਲ ਨੇ ਅੱਤਵਾਦੀਆਂ ਦੀ ਵਿਚਾਰਧਾਰਾ ਨੂੰ ਮੁੜ ਪਹਿਲ ਦਿੱਤੀ ਅਤੇ ਇਸ ਵਿਚਾਰ ਨੂੰ ਬਲ ਬਖਸ਼ਿਆ ਕਿ ਕੋਈ ਵੀ ਸਰਕਾਰ ਜਿਹੜੀ ਆਪਣੀ ਹੋਂਦ ਲਈ ਹਿੰਦੀ ਭਾਸ਼ੀ ਇਲਾਕੇ ਉੱਪਰ ਨਿਰਭਰ ਕਰਦੀ ਹੈ, ਕਦੇ ਵੀ ਸਿੱਖਾਂ ਨਾਲ ਨਿਆਂ ਨਹੀਂ ਕਰ ਸਕਦੀ। ਇਹ ਸੀ.ਐਮ. ਸਾਹਿਬ ਤੁਸੀਂ ਲਿਖਿਆ ਹੈ।

**Chief Minister :** It is not mine.

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਚੌਥੀ ਗੱਲ, ਰਾਜੀਵ ਲੌਂਗੋਵਾਲ ਸਮਝੌਤੇ ਦੀ ਅਸਫ਼ਲਤਾ ਚੋਂ ਪੰਥਕ ਕਮੇਟੀਆਂ ਤੇ ਉਨ੍ਹਾਂ ਨਾਲ ਜੁੜੀਆਂ ਦਹਿਸ਼ਤ ਗਰਦ ਸ਼ਕਤੀਆਂ ਅਤੇ ਹਿੱਟ ਸੁਕਐਡ ਤੇਜੀ ਨਾਲ ਉਭਰੇ। ਇਕ, ਡਿਪਟੀ ਸਪੀਕਰ ਸਾਹਿਬ, ਅੰਗਰੇਜ਼ੀ ਟ੍ਰਿਬਿਊਨ ਵਿਚ ਇਕ ਹੋਰ ਬਹੁਤ ਵੱਡਾ ਆਰਟੀਕਲ ਇਨ੍ਹਾਂ ਨੇ ਲਿਖਿਆ । ਉਸਦੀ ਕਾਪੀ ਮੇਰੇ ਕੋਲ ਵੀ ਹੈ, ਇਨ੍ਹਾਂ ਕੋਲ ਵੀ ਹੈ। ਉਸਦੇ ਵਿਚ ਇਨ੍ਹਾਂ ਨੇ ਲਿਖਿਆ Seven steps for Amity.......The Darbar Sahib complex was occupied by the Army by June 6, 1984 after a 48 hours action during which the Akal Takhat, the highest seat of Temporal Authority of the Sikhs was destroyed. Our holiest of shrines, the Harmander Sahib, was subjected to bullet strikes in the course of which one of the Granthies performing Kirtan inside it was killed. Over 2000 people were killed, the majority of them innocent women, ਜਿਹੜਾ ਆਪਣੇ ਸਰਦਾਰ ਸਾਹਿਬ ਕਹਿੰਦੇ ਹਨ ਕਿ ਔਰਤਾਂ ਤੇ ਹਮਲਾ ਨਹੀਂ ਹੋਣਾ, children and devotees, simultaneously, all Gurudwaras in Punjab were occupied by the security forces, and military actions took place at Muktsar Sahib and Dukhniwaran Sahib at Patiala, resulting in a number of people being killed there as well.

**WHOLESALE ARRESTS**

......In the follow up the security forces resorted to widespread search and seizure throughout the State during which virtually each of Punjab's 12000 villages was combed. Arrests were made at random. Wholesale arrests of youth were effected. They were taken away for interrogation and many failed to return.

**ਮੁੱਖ ਮੰਤਰੀ (ਬੈਠੇ-ਬੈਠੇ)** : ਇਹ ਮੈਂ ਲਿਖਿਆ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : At this stage the Government rebuilt the Akal Takhat in complete violation of Sikh traditions. A farcical meeting was organized, workers collected from all over the country and the Punjab PWD was given the task of constructing the building.

On 31st October, the late Prime Minister Mrs. Indira Gandhi was assassinated by two of her Sikh guards and the entire Sikh community was branded as being party to this assassination. Violence was let loose against the Sikhs in Delhi and 39 other cities, resulting in the killing of many thousands, the destruction of hundreds of crores worth of property and forcing thousands to flee for their lives. This was followed by the General Elections, the main plank being the unity and integrity of the people of the country. Sikhs were made out to be villains who wanted to destroy the nation. The Assembly elections that followed were fought on the slogan of "Sikhs being Extremists, separatists and terrorists".

**Chief Minister (While sitting) :** I do not deny. I resigned for this. ਤੁਸੀਂ ਆਪਣੀਆਂ ਵੀ ਦੱਸੋ, ਤੁਸੀਂ ਕੀ ਕਰਦੇ ਰਹੇ ਹੋ, ਕਿ ਮੇਰੇ ਤੇ ਛੱਡੋਗੇ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਡਿਪਟੀ ਸਪੀਕਰ ਸਾਹਿਬ, ਇਹ ਇਨ੍ਹਾਂ ਨੇ ਸਾਰਾ ਕੁਝ ਕਿਹਾ। ਤੁਸੀਂ ਦੋ ਮਹੀਨੇ ਲਾਏ ਹਨ, ਤਿਆਰੀ ਕੀਤੀ ਹੈ।

**ਮੁੱਖ ਮੰਤਰੀ (ਬੈਠੇ-ਬੈਠੇ)** : ਆਹ (ਪਿੱਛੇ ਪਈਆਂ ਫਾਈਲਾਂ ਵੱਲ ਇਸ਼ਾਰਾ) ਤੁਹਾਡਾ ਹੀ ਪਿਆ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਇਕ ਹੋਰ ਰੈਲੇਵੈਂਟ ਲਿਖਿਆ। ਇਹ ਤਾਂ ਹੋਈਆਂ ਇਨ੍ਹਾਂ ਦੀਆਂ ਗੱਲਾਂ। ਮੈਂ ਇਨ੍ਹਾਂ ਦੇ ਸਰਕਾਰ ਦੇ ਵੱਡੇ ਅਫਸਰਾਂ ਦੀਆਂ ਗੱਲਾਂ ਵੀ ਦਸਦਾ ਹਾਂ ਕਿ ਉਨ੍ਹਾਂ ਨੇ ਕੀ ਕੀ ਲਿਖਿਆ। Never before in the history of independent India has any community been collectively so humiliated and brutally tortured. Never before in recent history have the Sikhs been faced with the crises of this magnitude. With this bitterness and feeling of alienation, can the Sikhs be blamed ? People criticized Sant Jarnail Singh Ji Bhindranwala for creating such a situation. But how he could manage to get this massive support ? The responsibility rests not on Sant Bhindranwala who became the rising point for angry community but also those who allowed the situation to develop. The prime accused in this must be the then Chief Minister who doctored anti-Sikh policy in the hope of projecting a nationalist image and who consequently allowed the Sikhs to become bitter to the extent that even reasonable people felt that the militancy was the only answer to achieving the

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

reasonable demands. Delhi allowed this policy to continue and finally failed to resolve the Punjab problem even through negotiations. ਇਸ ਨੂੰ ਬਲੇਮ ਕੌਣ ਕਰਦਾ ਹੈ ? ਉਸ ਵੇਲੇ ਦੀ ਸਰਕਾਰ ਹੈ। ਡਿਪਟੀ ਸਪੀਕਰ ਸਾਹਿਬ, ਇਹ ਇਨ੍ਹਾਂ ਦੇ ਜਿਹੜੇ ਹਨ, ਇਨ੍ਹਾਂ ਦੀਆਂ.........

**ਮਾਨਯੋਗ ਡਿਪਟੀ ਸਪੀਕਰ :** ਬਾਦਲ ਸਾਹਿਬ, ਜੇਕਰ ਲੰਮਾ ਹੈ ਤਾਂ ਬੇਸ਼ੱਕ ਤੁਸੀਂ ਇਨ੍ਹਾਂ ਨੂੰ ਹਾਊਸ ਦੀ ਟੇਬਲ ਤੇ ਹੀ ਰੱਖ ਦਿਓ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਇਹ ਵੀ ਇਨ੍ਹਾਂ ਨੇ ਹੀ ਲਿਖਿਆ ਹੈ। ਅਸੀਂ ਕਾਲ ਹੀ ਨਹੀਂ ਕੀਤਾ ਤੇ ਉਹ ਭੱਜ ਗਏ। ਇਹ ਸਾਰਾ ਕੁਝ ਇਨ੍ਹਾਂ ਨੇ ਲਿਖਿਆ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਦੱਸਦਾ ਹਾਂ। ਇਹ ਤਾਂ ਪੁਰਾਣੀ ਹਿਸਟਰੀ ਹੈ। ਅੱਜ ਵੀ ਇਹ ਅੱਤਵਾਦੀਆਂ ਦੇ ਹਿਮੈਤੀ ਹਨ, ਹਮਦਰਦ ਹਨ। ਇਹ ਅੱਤਵਾਦੀਆਂ ਦੇ ਹਮਦਰਦ ਹਨ ਅਤੇ ਅੱਤਵਾਦੀ ਇਨ੍ਹਾਂ ਦੇ ਹਮਦਰਦ ਹਨ। ਇਹ ਹੁਣੇ ਕੈਨੇਡਾ ਗਏ, ਉਥੇ ਇਨ੍ਹਾਂ ਨੂੰ ਹੋਰ ਕੋਈ ਥਾਂ ਨਹੀਂ ਮਿਲੀ। ਇਕ ਥਾਂ ਜਿਥੇ ਖਾਲਿਸਤਾਨ ਦਾ ਬੋਰਡ ਲੱਗਿਆ ਹੋਇਆ ਸੀ ਇਨ੍ਹਾਂ ਦੇ ਮਗਰ ਫੋਟੋ ਵੀ ਸੀ ਇਹ ਉਥੇ ਗਏ।

**ਮੁੱਖ ਮੰਤਰੀ (ਬੈਠੇ-ਬੈਠੇ) :** ਤੁਹਾਨੂੰ ਪਤਾ ਐ ਪਿੱਛੇ ਕਿੰਨੇ ਕੈਮਰੇ ਲੱਗੇ ਹੋਏ ਹਨ, ਦਿੱਸਦਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਮੈਂ ਤਾਂ ਤੁਹਾਨੂੰ ਦੇਖਦਾ ਹਾਂ ਜੀ। ਸਾਰਾ ਪੁਆੜਾ ਹੀ ਤੁਸੀਂ ਪਾਇਆ ਹੋਇਆ ਹੈ। ਜਿੱਧਰ ਦਾਅ ਲੱਗੇ ਉੱਧਰ ਚਲੇ ਗਏ।

ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਕਾਂਗਰਸ ਪਾਰਟੀ ਅੱਜ ਵੀ ਉਨ੍ਹਾਂ ਲੋਕਾਂ ਨਾਲ ਖੜ੍ਹੀ ਹੈ। ਡਿਪਟੀ ਸਪੀਕਰ ਸਾਹਿਬ, ਸਰਦਾਰ ਬੇਅੰਤ ਸਿੰਘ ਜੀ ਦਾ ਕਾਤਲ ਹਵਾਰਾ ਹੈ ਉਸ ਨੂੰ ਇਹ ਕਹਿੰਦੇ ਹਨ ਕਿ ਉਹ ਬੜਾ ਸ਼ਰੀਫ ਆਦਮੀ ਹੈ।

**ਮੁੱਖ ਮੰਤਰੀ (ਬੈਠੇ-ਬੈਠੇ) :** ਤੁਹਾਡੇ ਕੰਪੈਰੀਜ਼ਨ ਵਿੱਚ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਤੁਹਾਡੇ ਨਾਲੋਂ। ਤੁਸੀਂ (ਮੁੱਖ ਮੰਤਰੀ ਜੀ ਵੱਲ ਇਸ਼ਾਰਾ) ਬੜੇ ਚੰਗੇ ਹੋ, ਹਵਾਰਾ ਸਾਹਿਬ ਤੋਂ ਵੀ ਚੰਗੇ ਹੋ ? ਜਗਜੀਤ ਸਿੰਘ ਚੌਹਾਨ—ਪਰ ਸਾਡੇ ਬਾਰੇ ਤਾਂ ਉਨ੍ਹਾਂ ਨੇ ਤੋਹੱਈਆ ਕੀਤਾ ਹੈ ਕਿ ਕਦੋਂ ਮੌਕਾ ਮਿਲੇ ਤੇ ਯੱਬ ਵੱਡੀਏ। ਉਹ ਕਹਿੰਦੇ ਹਨ ਕਿ ਅਮਰਿੰਦਰ ਸਿੰਘ ਤੋਂ ਵਧੀਆ ਕੋਈ ਹੋਰ ਸੀ.ਐਮ. ਹੀ ਨਹੀਂ ਹੋਣਾ। ਚੌਹਾਨ ਵੀ ਇਹੀ ਕਹਿੰਦਾ ਹੈ। ਸੋ, ਏਸੇ ਤਰ੍ਹਾਂ ਇਨ੍ਹਾਂ ਦੇ ਰਾਜ ਭਾਗ ਵਿੱਚ ਹੋਣਾ ਹੈ। ਮਾਨ ਸਾਹਿਬ, ਇਨ੍ਹਾਂ ਦੇ ਸਾਢੂ ਸਾਹਿਬ ਹਨ, ਉਨ੍ਹਾਂ ਦੀ ਵੀ ਪਾਰਟੀ ਹੈ। ਤੁਸੀਂ ਸਾਰੇ ਜਾਣਦੇ ਹੋ ਕਿ ਉਨ੍ਹਾਂ ਦਾ ਕੀ ਪ੍ਰੋਗਰਾਮ ਹੈ ਅਤੇ ਕੀ ਉਨ੍ਹਾਂ ਦੀ ਪਾਲਿਸੀ ਹੈ। ਉਨ੍ਹਾਂ ਨੇ ਇਹ ਕਿਹਾ ਕਿ ਅਸੀਂ ਸ. ਅਮਰਿੰਦਰ ਸਿੰਘ ਦਾ ਸਨਮਾਨ ਕਰਨਾ ਹੈ, ਉਹ ਬਹੁਤ ਚੰਗੇ ਬੰਦੇ ਹਨ..........

**ਮੁੱਖ ਮੰਤਰੀ (ਬੈਠੇ-ਬੈਠੇ) :** ਸਾਢੂ ਤਾਂ ਮੇਰੇ ਹਨ, ਤੁਹਾਡੇ ਤਾਂ ਉਹ ਜੋੜੀਦਾਰ ਹਨ।

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਾਢੂ ਤਾਂ ਤੁਹਾਡੇ ਹੀ ਹਨ। ਡਿਪਟੀ ਸਪੀਕਰ ਸਾਹਿਬ, ਇਕ ਅੰਮ੍ਰਿਤਸਰ ਐਲਾਨਨਾਮਾ ਹੋਇਆ। ਅੰਮ੍ਰਿਤਸਰ ਅਕਾਲ ਤਖਤ ਸਾਹਿਬ ਤੋਂ ਇਕ ਨਵੀਂ ਪਾਰਟੀ ਬਣਾਈ ਗਈ ਅਕਾਲੀ ਦਲ (ਮਾਨ) ਜਿਸ ਵਿਚ ਕੈਪਟਨ ਅਮਰਿੰਦਰ ਸਿੰਘ ਵੀ ਸਨ। ਉਸ ਦੇ ਵਿਚ 6 ਲੀਡਰ ਸਨ ਜਿਨ੍ਹਾਂ ਨੇ ਆਪਣਾ ਆਗੂ ਸ: ਅਮਰਿੰਦਰ ਸਿੰਘ ਨੂੰ ਚੁਣਿਆ। ਇਸ ਪਾਰਟੀ ਨੇ ਇਕ ਪੁਲੀਟੀਕਲ ਮਤਾ ਲਿਆਂਦਾ ਕਿ ਉਹ ਇਕ ਅਜਿਹੇ ਵੱਖਰੇ ਖਿੱਤੇ ਵਾਸਤੇ ਜੱਦੋਜਹਿਦ ਕਰਨ ਦੇ ਆਪਣੇ ਵਚਨ ਨੂੰ ਦੁਹਰਾਉਂਦੇ ਹਨ ਜਿਥੇ ਕਿ ਅਜ਼ਾਦੀ ਦਾ ਨਿੱਘ ਮਾਣ ਸਕੀਏ। ਇਨ੍ਹਾਂ ਦੇ ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਕਿ ਉਹ ਪ੍ਰਭੂਸੱਤਾ ਸੰਪੰਨ ਰਾਜ ਦੀ ਮੰਗ ਕਰਦਾ ਹੈ ਅਤੇ ਇਸ ਲਈ ਜੱਦੋਜਹਿਦ ਕਰਨ ਤੋਂ ਇਲਾਵਾ ਕੋਈ ਹੋਰ ਚਾਰਾ ਨਹੀਂ ਰਹਿ ਗਿਆ। ਡਿਪਟੀ ਸਪੀਕਰ ਸਾਹਿਬ, ਉਸ ਵਕਤ ਦੇਸ਼ ਦੀਆਂ ਨਾਮਵਰ ਅਖਬਾਰਾਂ ਨੇ ਜਿਨ੍ਹਾਂ ਵਿਚ 'ਦੀ ਟ੍ਰਿਬਿਊਨ' ਵੀ ਹੈ, ਨੇ 2 ਮਈ ਨੂੰ ਛਾਪਿਆ ਕਿ the New Akali Dal known as Shiromani Akali Dal, Amritsar, with six members' high command including Capt. Amarinder Singh was formed. This so called New Akali Dal was meant to marginalize moderate Akali politics. Further Indian Express wrote, "The manifesto of the new party known as Amritsar Declaration announced from Sri Akal Takhat contained the secessionist threat of waging struggle against the Central Government". ਸ਼੍ਰੀ ਪ੍ਰੇਮ ਭਾਟੀਆ ਜੀ ਗੁਜ਼ਰ ਗਏ ਹਨ, ਉਨ੍ਹਾਂ ਨੇ ਲਿਖਿਆ ਸੀ, "Oh, No, Not Again". ਕਿਧਰੇ ਇਹ ਦੁਬਾਰਾ ਨਾ ਸ਼ੁਰੂ ਹੋ ਜਾਵੇ। ਸ਼੍ਰੀ ਕੁਲਦੀਪ ਨੱਯੀਅਰ ਨੇ ਲਿਖਿਆ ਹੈ ਕਿ Amarinder Singh has joined the ranks of communalists and secessionists. The Times of India, May 3, wrote "Abject surrender to militants. The demand for a separate Sikh State is mischievous". Further it appeared in the Hindustan Times "It would be disastrous if the nation did not take the Amritsar Declaration seriously. The goal being the declaration of a separate Sikh State". ਡਿਪਟੀ ਸਪੀਕਰ ਸਾਹਿਬ, ਅੱਜ ਆਪਾਂ ਸਾਰੀ ਗੱਲ ਡਿਸਕਸ ਕਰਨ ਲੱਗੇ ਹਾਂ ਕਿ ਇਹ ਮਿਲੀਟੈਂਸੀ ਆਈ ਕਿਵੇਂ? ਇਨ੍ਹਾਂ ਨੇ ਆਪਣੇ ਹੀ ਬੰਦੇ ਛੱਡੇ, ਉਨ੍ਹਾਂ ਨੂੰ ਪੈਸਾ ਦਿੱਤਾ, ਉਨ੍ਹਾਂ ਨੂੰ ਹਥਿਆਰ ਦਿੱਤੇ, ਇਨ੍ਹਾਂ ਨੇ ਹਰਿਮੰਦਰ ਸਾਹਿਬ ਤੇ ਹਮਲਾ ਕੀਤਾ। ਜਿਹੜਾ ਨੁਕਸਾਨ ਹੋਇਆ, ਉਹ ਸ਼੍ਰੋਮਣੀ ਅਕਾਲੀ ਦਲ ਦਾ ਹੋਇਆ। ਇਸ ਲਈ ਇਹ ਜਿਹੜਾ ਸਾਰਾ ਦੁਖਾਂਤ ਵਾਪਰਿਆ ਹੈ, ਉਸ ਦੀ ਸਾਰੀ ਤੇ ਸਮੁੱਚੀ ਜ਼ਿੰਮੇਵਾਰੀ ਕਾਂਗਰਸ ਪਾਰਟੀ ਦੀ ਹੈ ਜਿਨ੍ਹਾਂ ਨੇ ਪੰਜਾਬ ਨੂੰ ਲਹੂ-ਲੁਹਾਨ ਕੀਤਾ। ਜਿਵੇਂ ਸ: ਬੀਰ ਦਵਿੰਦਰ ਸਿੰਘ ਜੀ ਨੇ ਕਿਹਾ ਹੈ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਉਚਾਰਿਆ ਹੈ ਕਿ—

"ਏਤੀ ਮਾਰ ਪਈ ਕੁਰਲਾਣੈ
ਤੈਂ ਕੀ ਦਰਦ ਨਾ ਆਇਆ ॥"

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਜਦੋਂ 1984 ਵਿਚ ਦਿੱਲੀ ਵਿਚ ਸਿੱਖਾਂ ਦਾ ਕਤਲੇਆਮ ਹੋਇਆ ਸੀ, ਜੇਕਰ ਉਸ ਵੇਲੇ ਵੀ ਬਾਬਾ ਗੁਰੂ ਨਾਨਕ ਜੀ ਮਹਾਰਾਜ ਇਥੇ ਧਰਤੀ ਤੇ ਹੁੰਦੇ ਤਾਂ ਉਨ੍ਹਾਂ ਨੇ ਉਦੋਂ ਵੀ ਉਹੋ ਜਿਹੇ ਲਫਜ਼ ਉਚਾਰਨੇ ਸਨ। ਪਿੱਛੇ ਹੀ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਆਈ ਹੈ। ਉਸ ਨੇ ਵੀ ਕਾਫੀ ਗੱਲਾਂ ਕਹੀਆਂ ਹਨ, ਉਨ੍ਹਾਂ ਵਿਚ ਮੈਂ ਜਾਣਾ ਨਹੀਂ ਚਾਹੁੰਦਾ। ਕਿਸ ਤਰ੍ਹਾਂ ਬੇਗੁਨਾਹ ਬੱਚਿਆਂ ਨੂੰ ਯਤੀਮ ਕੀਤਾ ਗਿਆ, ਬੀਬੀਆਂ ਨੂੰ ਵਿਧਵਾ ਕੀਤਾ, ਗਲਾਂ ਵਿਚ ਟਾਇਰ ਪਾ ਕੇ ਸਾੜਿਆ ਗਿਆ, ਹਿੰਦੁਸਤਾਨ ਦੀ ਸਾਰੀ ਸਰਕਾਰੀ ਮਸ਼ੀਨਰੀ ਇਸ ਕਤਲੇਆਮ ਵਿਚ ਵਰਤੀ ਗਈ, ਉਹ ਇਸ ਕਰਕੇ ਕਿ ਬਦਲਾ ਲੈਣਾ ਹੈ। ਹੋਰ ਵੀ ਬੜੇ ਸਾਕੇ ਹੋਏ ਹਨ। ਮਹਾਤਮਾ ਗਾਂਧੀ ਦਾ ਵੀ ਕਤਲ ਹੋਇਆ ਹੈ, ਅਬਰਾਹਿੰਮ ਲਿੰਕਨ ਦਾ ਵੀ ਕਤਲ ਹੋਇਆ ਹੈ, ਕੈਨੇਡੀ ਸਾਹਿਬ ਜੋ ਅਮਰੀਕਾ ਦੇ ਪ੍ਰੈਜ਼ੀਡੈਂਟ ਸਨ, ਉਨ੍ਹਾਂ ਦਾ ਵੀ ਕਤਲ ਹੋਇਆ ਹੈ, ਮਿਸਰ ਦੇ ਅਨਵਰ ਸਦਾਮ ਦਾ ਵੀ ਕਤਲ ਹੋਇਆ ਹੈ, ਰਾਜੀਵ ਗਾਂਧੀ ਦਾ ਵੀ ਕਤਲ ਹੋਇਆ ਪਰ ਕੀ ਕਦੇ ਇਹੋ ਜਿਹੇ ਹਾਲਾਤ ਜਿਸ ਤਰ੍ਹਾਂ ਦੇ 1984 ਵਿੱਚ ਵਾਪਰੇ, ਕਦੇ ਵਾਪਰੇ ਹਨ। ਇਸਦੇ ਵਿੱਚ ਕਈ ਸਵਾਲ ਪੈਦਾ ਹੁੰਦੇ ਹਨ। ਇਹ ਸਭ ਕੁਝ ਕਿਸ ਨੇ ਕਰਵਾਇਆ ਕਿਸ ਨੇ ਹਤਿਆਰਿਆਂ ਨੂੰ ਯੋਜਨਾਬੱਧ ਤਰੀਕੇ ਨਾਲ ਪੈਟਰੋਲ, ਤੇਲ ਅਤੇ ਜਲਨਸ਼ੀਲ ਪਾਉਡਰ ਲਿਆਕੇ ਦਿੱਤਾ ? ਕਿਸ ਨੇ ਸਿੱਖਾਂ ਦੇ ਘਰਾਂ ਦੀ ਨਿਸ਼ਾਨਦੇਹੀ ਕਰਵਾਈ ? ਕਾਤਲਾਂ ਨੂੰ ਕਿਉਂ ਨਹੀਂ ਫੜਿਆ ਗਿਆ ? ਪੁਲਿਸ ਕਿੱਥੇ ਗਈ ? ਪੁਲਿਸ ਕਿਸ ਦੇ ਹੁਕਮਾਂ ਤਹਿਤ ਸਿੱਖਾਂ ਨੂੰ ਵੀ ਫੜਦੀ ਰਹੀ ਅਤੇ ਉਨ੍ਹਾਂ ਦੇ ਹਥਿਆਰ ਫੜਦੀ ਰਹੀ ਤਾਂ ਕਿ ਉਹ ਮੁਕਾਬਲਾ ਨਾ ਕਰ ਸਕਣ ? ਮਿਲਟਰੀ ਕਿਉਂ ਨਹੀਂ ਬੁਲਾਈ ਗਈ ? ਕਰਫਿਊ ਕਿਉਂ ਨਹੀਂ ਲਗਾਇਆ ? 7 ਹਜ਼ਾਰ ਦੋਸ਼ੀ ਵਿਅਕਤੀਆਂ ਨੂੰ ਅੱਜ ਤੱਕ ਸਜ਼ਾ ਕਿਉਂ ਨਹੀਂ ਹੋਈ। ਲੁਟਿਆ ਗਿਆ ਸਮਾਨ ਕਿੱਥੇ ਗਿਆ ? ਕਾਂਗਰਸ ਸਰਕਾਰ ਦੀ ਕੀ ਮਜਬੂਰੀ ਸੀ ਕਿ ਵਾਰ ਵਾਰ ਦੋਸ਼ੀ ਠਹਿਰਾਏ ਗਏ ਬੰਦਿਆਂ ਨੂੰ ਵੱਡੇ-ਵੱਡੇ ਅਹੁਦਿਆਂ ਤੇ ਬਠਾਇਆ ਗਿਆ ? ਡਿਪਟੀ ਸਪੀਕਰ ਸਾਹਿਬ, ਨਾਨਾਵਤੀ ਕਮਿਸ਼ਨ ਤੋਂ ਪਹਿਲਾਂ ਵੀ ਰਿਪੋਰਟਾਂ ਆਈਆਂ ਹਨ। ਇਕ ਬਾਰੇ ਮੈਂ ਜ਼ਿਕਰ ਕਰਦਾ ਹਾਂ। ਇਕ ਫਾਰਮਰ ਚੀਫ ਜਸਟਿਸ ਆਫ ਇੰਡੀਆ, ਮਿਸਟਰ ਸਿਕਰੀ ਨੇ, along with other prominent citizens ਲਿਖਿਆ ਸੀ, The report held failure on the part of the administration and the police. In its preface of the report, Commission members recorded that they had been unable to meet the Prime Minister and the Home Minister and had not received any assistance as required from official sources. Indications were frequently given to us of isolated acts which in the context of the happenings after 31st October, appeared to have been part of a pre-planned campaign to teach the Sikhs a lesson. ਇਹ ਉਨ੍ਹਾਂ ਨੇ ਰਿਪੋਰਟ ਦਿੱਤੀ। ਹੋਰ ਇਸੇ ਤਰ੍ਹਾਂ ਬਹੁਤ ਸਾਰੇ ਹਿਊਮਨ ਰਾਈਟਸ ਵਾਲਿਆਂ ਨੇ ਇਹ ਲਿਖੀਆਂ ਹਨ ਜਿਸ ਤਰ੍ਹਾਂ ਮਸੈਕਰ ਹੋਇਆ ਹੈ, ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਸਾਰਾ ਕੁਝ ਪਤਾ ਹੈ। ਫਿਰ ਬੜੇ ਦੁੱਖ ਦੀ ਗੱਲ ਇਹ ਹੈ ਕਿ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਵੀ

Original with;
Punjab Vidhan Sabha
Digitized by;
Panjab Digital Library

ਜਿਹੜੀ ਆਈ ਉਹ ਕਿੰਨਾ ਚਿਰ ਕੋਲਡ ਸਟੋਰ ਵਿੱਚ ਲੱਗੀ ਰਹੀ। ਲੇਕਿਨ ਅਜੇ ਵੀ ਇਸ ਤੇ ਫਾਲੋ-ਅੱਪ ਐਕਸ਼ਨ ਨਹੀਂ ਹੋਣਾ। ਇਸ ਲਈ ਮੇਰੇ ਇਹ ਕਹਿਣ ਦਾ ਮੰਤਵ ਹੈ ਕਿ ਜੋ ਸਾਡਾ ਅੱਤਵਾਦ ਇੱਥੇ ਆਇਆ ਅਤੇ ਇਸ ਨਾਲ ਨੁਕਸਾਨ ਹੋਇਆ ਇਹ ਸਿਰਫ ਇਕ ਗੱਲ ਤੇ ਇੱਥੇ ਆਇਆ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਬਦਨਾਮ ਕੀਤਾ ਜਾਵੇ, ਇਸ ਨੂੰ ਕਮਜ਼ੋਰ ਕੀਤਾ ਜਾਵੇ ਅਤੇ ਜਿਹੜੇ ਐਮਰਜੰਸੀ ਵਿੱਚ ਡੱਟ ਕੇ ਲੜੇ ਹਨ ਉਸਦਾ ਇਨ੍ਹਾਂ ਨੂੰ ਸਬਕ ਸਿਖਾਉ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਗੱਲ ਹਾਊਸ ਦੇ ਸਾਹਮਣੇ ਰੱਖਣਾ ਚਾਹੁੰਦਾ ਸਾਂ, ਤੁਹਾਡਾ ਬਹੁਤ ਬਹੁਤ ਧੰਨਵਾਦ।

**ਮਾਨਯੋਗ ਡਿਪਟੀ ਸਪੀਕਰ** : ਹਾਂ ਜੀ ਸੂਦ ਸਾਹਿਬ, ਤੁਹਾਡੇ ਕੋਲ ਸਿਰਫ਼ 10 ਮਿੰਟ ਹਨ।

**ਸ਼੍ਰੀ ਤਿਕਸ਼ਨ ਸੂਦ** : ਸਰ, ਸਪੀਕਰ ਸਾਹਿਬ, 15 ਮਿੰਟ ਕਹਿਕੇ ਗਏ ਹਨ।

**ਮਾਨਯੋਗ ਡਿਪਟੀ ਸਪੀਕਰ** : ਤੁਸੀਂ 10 ਮਿੰਟ ਵਿੱਚ ਹੀ ਕਹਿ ਲਵੋ।

**ਸ਼੍ਰੀ ਤਿਕਸ਼ਨ ਸੂਦ (ਹੁਸ਼ਿਆਰਪੁਰ)** : ਡਿਪਟੀ ਸਪੀਕਰ ਸਾਹਿਬ, ਮੈਂ ਇਹ ਸਮਝਦਾ ਹਾਂ ਕਿ ਸ਼ਾਇਦ ਅੱਜ ਬਹੁਤ ਹੀ ਮੰਦ-ਭਾਗਾ ਸਮਾਂ ਹੈ ਕਿ ਇਸ ਪਵਿੱਤਰ ਸਦਨ ਵਿੱਚ ਕਾਫੀ ਲੰਮੇ ਸਮੇਂ ਤੋਂ ਬਾਅਦ ਅਜਿਹੇ ਮੰਦਭਾਗੇ ਵਿਸ਼ੇ ਤੇ ਬਹਿਸ ਹੋ ਰਹੀ ਹੈ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ** : ਡਿਪਟੀ ਸਪੀਕਰ ਸਾਹਿਬ, ਪਹਿਲਾਂ ਇਹ ਫੈਸਲਾ ਹੋਇਆ ਸੀ ਕਿ ਇਕ ਵਿਅਕਤੀ ਆਪੋਜ਼ੀਸ਼ਨ ਵੱਲੋਂ ਅਤੇ ਇਕ ਸਰਕਾਰੀ ਬੈਂਚਾਂ ਵਲੋਂ ਬੋਲਣਗੇ।

**ਮਾਨਯੋਗ ਡਿਪਟੀ ਸਪੀਕਰ** : ਸਿਰਫ 10 ਮਿੰਟਾਂ ਦਾ ਸਮਾਂ ਇਨ੍ਹਾਂ ਨੂੰ ਆਪਣੀ ਪਾਰਟੀ ਦਾ ਦਿੱਤਾ ਗਿਆ ਹੈ।

**ਸ਼੍ਰੀ ਤਿਕਸ਼ਨ ਸੂਦ** : ਡਿਪਟੀ ਸਪੀਕਰ ਸਾਹਿਬ, ਇਹ ਮਤਾ ਜੋ ਹੈ, ਇਹ ਬੀਰ ਦਵਿੰਦਰ ਸਿੰਘ ਜੀ ਨੇ ਪੇਸ਼ ਕੀਤਾ ਹੈ ਪਰ ਮੈਂ ਇਹ ਨਹੀਂ ਮੰਨ ਸਕਦਾ ਕਿ ਇਸ ਦੀ ਜੋ ਭਾਸ਼ਾ ਹੈ ਇਸ ਦੀ ਜੋ ਕੰਪੋਜੀਸ਼ਨ ਹੈ, ਉਹ ਇਨ੍ਹਾਂ ਦੇ ਮਨ ਨਾਲ ਬਣੀ ਹੋਵੇ। ਉਹ ਹੈ : roots and causes of terrorism which caused huge loss to life and property in the State of Punjab, be discussed. ਆਪਾਂ ਕੀ ਲੱਭਣਾ ਚਾਹੁੰਦੇ ਹਾਂ ਇਸਦੇ ਵਿੱਚੋਂ ? where does it lead us ? ਜੇ ਐਸਾ ਕੋਈ ਅੱਤਵਾਦ ਜਿਹੜਾ ਪੰਜਾਬ ਵਿੱਚ ਆਇਆ ਉਸਦੇ ਨਾਲ ਪੰਜਾਬ ਨੂੰ ਨੁਕਸਾਨ ਹੋਇਆ ਹੈ, ਉਸਦਾ ਕੋਈ ਆਪਣੇ ਪ੍ਰਦੇਸ਼ ਨੂੰ ਜਾਂ ਦੇਸ਼ ਨੂੰ ਫਾਇਦਾ ਪਹੁੰਚਾਣਾ ਚਾਹੁੰਦਾ ਹੋਵੇ ਕੀ ਇਸ ਤਰ੍ਹਾਂ ਨਹੀਂ ਹੋ ਸਕਦਾ ਕਿ ਜਿਹੜਾ ਅੱਤਵਾਦ ਦੌਰਾਨ ਨੁਕਸਾਨ ਹੋਇਆ ਹੈ ਉਹ ਮੁੜ ਨਾ ਹੋਵੇ, ਇਸ ਬਾਰੇ ਵਿਚਾਰ ਕਰਦੇ। ਕੀ ਕੋਈ ਐਸੀ ਸ਼ਬਦਾਵਲੀ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਤਿਕਸ਼ਨ ਸੂਦ]

ਨਹੀਂ ਬਣਾ ਸਕਦੇ ਸੀ ਕਿ ਜਿਹੜਾ ਅੱਤਵਾਦ ਨਾਲ ਲੋਕਾਂ ਨੂੰ ਨੁਕਸਾਨ ਹੋਇਆ ਹੈ, ਉਨ੍ਹਾਂ ਦੀ ਭਰਪਾਈ ਲਈ ਇਹ ਸਰਕਾਰ ਜਾਂ ਹਾਊਸ ਕੁਝ ਰਿਕੁਮੈਂਡ ਕਰੇ। ਕੀ ਕੋਈ ਐਸਾ ਮਤਾ ਨਹੀਂ ਲਿਆ ਸਕਦੇ ਸੀ ਕਿ ਅਜਿਹੀਆਂ ਘਟਨਾਵਾਂ ਜਾ ਇਸ ਨਾਲ ਜੁੜੀਆਂ ਘਟਨਾਵਾਂ ਜਿਸ ਤਰ੍ਹਾਂ 1984 ਦੇ ਸਿੱਖ ਵਿਰੋਧੀ ਦੰਗੇ, ਇਹੋ ਜਿਹੀਆਂ ਘਟਨਾਵਾਂ ਨਾ ਵਾਪਰਨ। ਜਾਂ ਅਸੀਂ ਆਪਣਾ ਰਾਜਨੀਤਿਕ ਆਚਾਰ-ਵਿਚਾਰ ਤਬਦੀਲ ਕਰੀਏ ਤਾਂ ਕਿ ਪੰਜਾਬ ਦੀ ਤਰਾਸਦੀ ਮੁੜ ਕੇ ਨਾ ਵਾਪਰੇ। ਮੈਨੂੰ ਸਮਝ ਨਹੀਂ ਆਉਂਦੀ ਕਿ ਇਸ ਅਸੈਂਬਲੀ ਵਿੱਚ ਅਸੀਂ ਕੀਮਤੀ ਸਮਾਂ ਇਸ ਡਿਸਕਸ਼ਨ ਤੇ ਲਗਾ ਕੇ ਵਿਚੋਂ ਕੀ ਕੱਢਾਂਗੇ। ਡਿਪਟੀ ਸਪੀਕਰ ਸਾਹਿਬ, ਇਹ ਬੜਾ ਹੀ ਸੈਂਸਟਿਵ ਵਿਸ਼ਾ ਹੈ ਕਿਉਂਕਿ ਅਜ਼ਾਦੀ ਤੋਂ ਬਾਅਦ ਸਾਰਾ ਇਤਿਹਾਸ ਇਸ ਨਾਲ ਜੁੜਿਆ ਹੋਇਆ ਹੈ। ਥੋੜ੍ਹਾ ਜਿਹਾ ਟਾਈਮ ਦੇ ਦਿੱਤਾ। ਦੋ-ਢਾਈ ਘੰਟੇ ਦੇ ਦਿੱਤੇ। ਇਹ ਕੋਈ ਜਸਟੀਫਿਕੇਸ਼ਨ ਨਹੀਂ ਹੈ। ਨਾ-ਇਨਸਾਫੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਬੜਾ ਕਲੀਅਰ ਕੱਟ ਕਹਿਣਾ ਚਾਹੁੰਦਾ ਹਾਂ ਕਿ ਜੇ ਅਸੀਂ ਰੂਟ ਕਾਜ਼ ਲੱਭਣਾ ਹੈ ਤਾਂ ਸਾਨੂੰ ਅਜ਼ਾਦੀ ਤੋਂ ਬਾਅਦ ਦੇ ਇਤਿਹਾਸ ਵਿੱਚ ਕੁਝ ਨਾ ਕੁਝ ਪੜ੍ਹਨਾ ਪਵੇਗਾ, ਕੁਝ ਨਾ ਕੁਝ ਲੱਭਣਾ ਪਵੇਗਾ। ਡਿਪਟੀ ਸਪੀਕਰ ਸਾਹਿਬ, ਪੰਜਾਬ ਵਿੱਚ ਅਜ਼ਾਦੀ ਤੋਂ ਬਾਅਦ ਔਰ ਅੱਤਵਾਦ ਜਿਸ ਦੀ ਚਰਚਾ ਕੀਤੀ ਜਾ ਰਹੀ ਹੈ, ਇਸ ਸਮੇਂ ਦੌਰਾਨ ਦੋ-ਤਿਹਾਈ ਸਮਾਂ ਕਾਂਗਰਸ ਦੀਆਂ ਸਰਕਾਰਾਂ ਰਹੀਆਂ ਔਰ ਇੱਕ ਤਿਹਾਈ ਦੇ ਕਰੀਬ, ਡਿਪਟੀ ਸਪੀਕਰ ਸਾਹਿਬ, ਆਪੋਜ਼ੀਸ਼ਨ ਦੀ ਸਰਕਾਰ ਰਹੀ। ਇਸ ਦੌਰਾਨ ਸੈਂਟਰ ਵਿੱਚ ਵੀ ਮਿਲਦੀ ਜੁਲਦੀ ਸਿਚੂਏਸ਼ਨ ਸੀ। ਤਿੰਨ-ਚੌਥਾਈ ਹਿੱਸਾ ਕਾਂਗਰਸ ਦੀ ਸਰਕਾਰ ਰਹੀ ਔਰ ਇੱਕ ਚੌਥਾਈ ਹਿੱਸਾ ਆਪੋਜ਼ੀਸ਼ਨ ਦੀਆਂ ਸਰਕਾਰਾਂ ਰਹੀਆਂ। ਡਿਪਟੀ ਸਪੀਕਰ ਸਾਹਿਬ, ਇਸ ਅਰਸੇ ਦੌਰਾਨ ਕੀ ਕੁਝ ਵਾਪਰਿਆ, ਇਸ ਬਾਰੇ ਧਿਆਨ ਦੇਣਾ ਪਵੇਗਾ। ਜਦੋਂ ਅੱਤਵਾਦ ਆਪਣੇ ਸਿਖਰਾਂ ਤੇ ਸੀ ਤਾਂ ਕਈ ਵਾਰ ਆਪਣੇ ਆਪ ਨੂੰ ਬਚਾਉਣ ਵਾਲੇ ਕਹਿੰਦੇ ਸੀ ਕਿ ਪਾਕਿਸਤਾਨ ਦਾ ਹੱਥ ਹੈ। ਪ੍ਰਾਈਮ ਮਨਿਸਟਰ ਸਾਹਿਬ ਕਹਿੰਦੇ ਰਹੇ ਕਿ ਵਿਦੇਸ਼ੀਆਂ ਦਾ ਹੱਥ ਹੈ। ਜੇ ਗੱਲਾਂ ਕੱਢਣੀਆਂ ਚਾਹੋ ਤਾਂ ਇਹ ਜ਼ਰੂਰ ਐਸਾ ਫੈਕਟਰ ਹੈ ਜਿਸ ਦਾ ਇਸ ਵਿਚ ਯੋਗਦਾਨ ਹੈ ਪਰ ਜੇ ਅਸੀਂ ਕਹੀਏ ਕਿ ਇਸ ਫੈਕਟਰ ਲਈ ਜ਼ੁੰਮੇਵਾਰ ਕੌਣ ਹੈ ਤਾਂ ਡਿਪਟੀ ਸਪੀਕਰ ਸਾਹਿਬ, ਮੁੜ ਕੇ ਸਾਨੂੰ ਸਾਰਾ ਕੁਝ ਦੇਖਣਾ ਪਵੇਗਾ। ਦੇਸ਼ ਦਾ ਬਟਵਾਰਾ ਹੋਇਆ। ਕਸ਼ਮੀਰ ਇੱਕ ਐਸਾ ਮੁੱਦਾ ਬਣ ਗਿਆ ਜਿਸ ਦਾ ਨਤੀਜਾ ਅਸੀਂ ਭੁਗਤ ਰਹੇ ਹਾਂ। ਪਾਕਿਸਤਾਨ ਸਾਡਾ ਗੁਵਾਂਢੀ ਮੁਲਕ ਬਣ ਗਿਆ। ਸਾਡੀ ਦੁਸ਼ਮਣੀ ਪੈਦਾ ਹੋ ਗਈ। ਪਾਕਿਸਤਾਨ ਨਾਲ ਲੜਾਈਆਂ ਹੋਈਆਂ। ਬੰਗਲਾ ਦੇਸ਼ ਬਣਿਆ ਜਿਸ ਨਾਲ ਪਾਕਿਸਤਾਨ ਦਾ ਨੁਕਸਾਨ ਹੋਇਆ ਔਰ ਅਸੀਂ ਪਾਕਿਸਤਾਨ ਦੀਆਂ ਤਕਲੀਫਾਂ ਨੂੰ ਹੈਂਡਲ ਨਹੀਂ ਕਰ ਸਕੇ। ਇਸ ਕਰਕੇ ਪਾਕਿਸਤਾਨ ਨਾਲ ਦੁਸ਼ਮਣੀ ਪਈ ਜਿਸ ਨਾਲ ਅੱਤਵਾਦ ਰਾਹੀਂ ਦੇਸ਼ ਦੀ ਅਖੰਡਤਾ ਨੂੰ ਖਤਰਾ ਪੈਦਾ ਹੋ ਗਿਆ। ਚੀਨ ਨਾਲ ਲੜਾਈ ਹੋਈ ਔਰ ਅਸੀਂ ਡਿਪਲੋਮੈਟਿਕ ਤੌਰ ਤੇ ਫੇਲ੍ਹ ਹੋਏ, ਫੌਜ ਫੇਲ੍ਹ ਹੋ ਗਈ। ਸਾਡੀਆਂ ਪਾਲਿਸੀਆਂ ਕਾਮਯਾਬ ਨਾ ਹੋਈਆਂ। ਦੂਸਰਾ, ਸਪੀਕਰ ਸਾਹਿਬ.........(ਵਿਘਨ)

| *7.13 ਵਜੇ ਸ਼ਾਮ | (ਇਸ ਸਮੇਂ* ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।) |
|---|---|

Original with;
Punjab Vidhan Sabha
Digitized by;
Panjab Digital Library

**ਸਥਾਨਕ ਸਰਕਾਰ, ਸੰਸਦੀ ਮਾਮਲੇ, ਕਿਰਤ ਤੇ ਰੋਜ਼ਗਾਰ ਅਤੇ ਚੋਣਾਂ ਮੰਤਰੀ :** ਸਪੀਕਰ ਸਾਹਿਬ, ਇਹ ਕਿਹੜੇ ਰੈਜ਼ੋਲਿਊਸ਼ਨ ਤੇ ਬੋਲ ਰਹੇ ਹਨ।

**ਮਾਨਯੋਗ ਸਪੀਕਰ :** ਤੁਸੀਂ ਰੈਲੇਵੈਂਟ ਰਹੋ।

**ਸ਼੍ਰੀ ਤਿਕਸ਼ਨ ਸੂਦ :** ਸਪੀਕਰ ਸਾਹਿਬ, ਮੈਂ ਰੈਜ਼ੋਲਿਊਸ਼ਨ ਤੇ ਹੀ ਬੋਲ ਰਿਹਾ ਹਾਂ। .......(ਵਿਘਨ).....

**ਮਾਨਯੋਗ ਸਪੀਕਰ :** ਪਲੀਜ਼ ਇੰਟਰਵੀਨ ਨਾ ਕਰੋ। ਉਨ੍ਹਾਂ ਨੂੰ ਬੋਲਣ ਦਿਓ।

**ਸ਼੍ਰੀ ਤਿਕਸ਼ਨ ਸੂਦ :** ਮੇਰੀ ਪਾਰਟੀ ਹੀ ਨਹੀਂ ਚਾਹੁੰਦੀ ਸੀ ਕਿ ਇਹ ਰੈਜ਼ੋਲਿਊਸ਼ਨ ਆਵੇ। ਅਸੀਂ ਕਾਹਨੂੰ ਗੰਦਗੀ ਨੂੰ ਛੇੜਦੇ ਹਾਂ। ਸਪੀਕਰ ਸਾਹਿਬ, ਇਕੱਲੇ ਬਾਹਰਲੇ ਮੁਲਕਾਂ ਦੀ ਗੱਲ ਨਹੀਂ, ਫਾਰਨ ਪਾਲਿਸੀ ਦੀ ਗੱਲ ਨਹੀਂ। ਜੋ ਆਪਣੀ ਅੰਦਰੂਨੀ ਹਾਲਤ ਰਹੀ ਹੈ, ਐਡਮਨਿਸਟ੍ਰੇਸ਼ਨ ਦੋ ਤਿਹਾਈ ਸਮੇਂ ਵਿੱਚ ਕਾਂਗਰਸ ਪਾਰਟੀ ਦੀ ਰਹੀ ਹੈ। ਕਾਂਗਰਸ ਪਾਰਟੀ ਦਾ ਰਾਜ ਤਿੰਨ ਚੌਥਾਈ....

**ਮਾਨਯੋਗ ਸਪੀਕਰ :** ਰੈਪੀਟੀਸ਼ਨ ਨਹੀਂ ਕਰਨੀ। ਇਹ ਤੁਸੀਂ ਪਹਿਲਾਂ ਕਹਿ ਚੁੱਕੇ ਹੋ।

**ਸ਼੍ਰੀ ਤਿਕਸ਼ਨ ਸੂਦ :** ਮੈਂ ਅਗਲੀ ਗੱਲ ਕਰਨ ਲੱਗਾ ਹਾਂ। ਉਸ ਸਮੇਂ ਅੱਤਵਾਦ ਇੱਕ ਦਮ ਉਪਰੋਂ ਨਹੀਂ ਡਿੱਗਿਆ ਕਿ ਸਵੇਰੇ ਬੰਦੇ ਮਰਨੇ ਸ਼ੁਰੂ ਹੋ ਗਏ। ਹਰ ਚੀਜ਼ ਦਾ ਬੀਜ ਹੁੰਦਾ ਹੈ। ਫਿਰ ਉਹ ਫਲਦੀ ਹੈ। ਫਿਰ ਫਲ ਲਗਦਾ ਹੈ। ਜੇ ਬੀਜ ਮਿੱਠਾ ਹੁੰਦਾ ਤਾਂ ਫਲ ਮਿੱਠਾ ਲਗਦਾ ਹੈ। ਜੇਕਰ ਜ਼ਹਿਰ ਵਾਲਾ ਹੁੰਦਾ ਹੈ ਤਾਂ ਜ਼ਹਿਰ ਲਗਦੀ ਹੈ। ਇਸ ਅਰਸੇ ਦੌਰਾਨ ਇੰਨੀ ਮਿਸ-ਮੈਨੇਜਮੈਂਟ ਹੋਈ, ਅੱਜ ਜਿਸ ਕੁਰੱਪਸ਼ਨ ਤੇ ਅਸੀਂ ਪਹੁੰਚੇ ਹਾਂ, ਅੱਜ ਦੇਸ਼ ਵਿੱਚ ਛੋਟੇ ਛੋਟੇ ਕੰਮਾਂ ਵਾਸਤੇ ਮੁਸ਼ਕਲ ਹੋਈ ਪਈ ਹੈ। ਇਹ ਕਿਸ ਦੇ ਰਾਜ ਵਿੱਚ ਹੋਇਆ। ਇਹ ਕਿਸ ਦੇ ਰਾਜ ਵਿੱਚ ਫਲੀ ਫੁੱਲੀ। ਇਹ ਇੱਕ ਦਿਨ ਵਿੱਚ ਨਹੀਂ ਹੁੰਦਾ। ਸਪੀਕਰ ਸਾਹਿਬ, ਇੰਨੀ ਵੱਡੀ ਅਨ-ਇੰਪਲਾਇਮੈਂਟ ਹੈ, ਪਾਪੂਲੇਸ਼ਨ ਹੈ......

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ :** ਸਪੀਕਰ ਸਾਹਿਬ......

**Mr. Speaker :** Let him speak. Please be relevant. (ਵਿਘਨ) ਇਨ੍ਹਾਂ ਇੰਟਰਪਟ ਨਾ ਕਰੋ। ਉਨ੍ਹਾਂ ਨੂੰ ਮੁਕਾ ਲੈਣ ਦਿਓ।

**ਸ਼੍ਰੀ ਤਿਕਸ਼ਨ ਸੂਦ :** ਅਨ-ਇੰਪਲਾਇਮੈਂਟ ਇੱਕ ਵੱਡਾ ਕਾਰਨ ਹੈ। ਉਸ ਤੋਂ ਬਾਅਦ ਝਗੜਾ ਸ਼ੁਰੂ ਹੋ ਗਿਆ। ਇਲਾਕਿਆਂ ਅਤੇ ਪਾਣੀਆਂ ਦੇ ਬਾਰੇ ਲੋਕਾਂ ਦੇ ਮਨਾਂ ਵਿੱਚ ਰਿਜ਼ੈਂਟਮੈਂਟ ਸ਼ੁਰੂ ਹੋ ਗਈ। ਲੋਕਾਂ ਨੂੰ ਕਮਿਊਨਲ ਰਸਤਿਆਂ ਤੇ ਤੋਰਿਆ ਗਿਆ। ਜਿਸ ਵੇਲੇ ਅੱਤਵਾਦ ਜ਼ੋਰਾਂ ਤੇ ਸੀ, ਉਸ ਵੇਲੇ ਅਤੇ ਉਸ ਤੋਂ ਪਹਿਲਾਂ 1975 ਦੇ ਵਿੱਚ ਐਮਰਜੰਸੀ ਲਗਾ ਕੇ.........

**ਮਾਨਯੋਗ ਸਪੀਕਰ :** ਇਹ ਬਾਦਲ ਸਾਹਿਬ ਕਹਿ ਚੁੱਕੇ ਹਨ। ਰੈਪੀਟੀਸ਼ਨ ਨਹੀਂ ਹੋਣੀ ਚਾਹੀਦੀ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਰੈਪੀਟੀਸ਼ਨ ਤਾਂ ਕੁਝ ਵੀ ਨਹੀਂ। ਉਸ ਤੋਂ ਬਾਅਦ, ਸਪੀਕਰ ਸਾਹਿਬ,....(ਵਿਘਨ)......ਇਹ ਜਿਹੜੇ ਸਾਹਮਣੇ ਬੈਠੇ ਹਨ, ਵੱਧ ਤੋਂ ਵੱਧ ਇਨ੍ਹਾਂ ਦੇ ਲੀਡਰਾਂ ਨੇ ਕਿਸੇ ਨਾ ਕਿਸੇ ਤਰ੍ਹਾਂ ਇਸ ਅੱਤਵਾਦ ਨੂੰ ਫੈਲਾਇਆ ਜਾ ਫੈਲਾਉਣ ਵਾਲਿਆਂ ਨੂੰ ਸਪੋਰਟ ਕੀਤਾ। ਇਸ ਵੇਲੇ ਉਹ ਹਾਊਸ ਵਿੱਚ ਨਹੀਂ ਹਨ, ਇਸ ਲਈ ਉਨ੍ਹਾਂ ਦਾ ਨਾਮ ਕੀ ਲੈਣਾ ਹੈ, ਮੈਂ ਹਾਊਸ ਵਿੱਚ ਪੁੱਛਦਾ ਹਾਂ ਕਿ ਕਿਸ ਵੱਡੇ ਲੀਡਰ ਨੇ ਕਿਹਾ ਸੀ ਕਿ Bhindranwala is a Saint.

**ਮਾਨਯੋਗ ਸਪੀਕਰ** : ਕਿਉਂ ਇਥੇ ਨਾਮ ਲੈਂਦੇ ਹੋ ?

**ਸ਼੍ਰੀ ਤਿਕਸ਼ਨ ਸੂਦ** : ਮੈਂ ਤੁਹਾਨੂੰ ਅਖਬਾਰ ਦੀ ਹੈਡ ਲਾਈਨ ਦਿਖਾ ਦਿੰਦਾ ਹਾਂ ਕਿ ਕਿਸ ਵੱਡੇ ਲੀਡਰ ਨੇ ਦਲ ਖਾਲਸਾ ਬਣਾਇਆ। ਕਿਸ ਵੱਡੇ ਲੀਡਰ ਨੇ ਸਪੋਰਟ ਕੀਤਾ। ਉਥੇ ਅੱਤਵਾਦ ਦਰਬਾਰ ਸਾਹਿਬ ਦੇ ਵਿੱਚ...........

**ਮਾਨਯੋਗ ਸਪੀਕਰ** : ਇਹ ਆ ਗਿਆ ਹੈ।

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਜੇ ਤੁਸੀਂ ਦੋ ਲਫਜ਼ਾਂ ਵਿੱਚ ਜਵਾਬ ਲੈਣਾ ਹੋਵੇ ਤਾਂ ਇਹੀ ਜਵਾਬ ਹੈ। ਦੋ ਘੰਟੇ ਦੀ ਡਿਸਕਸ਼ਨ ਤੋਂ ਬਾਅਦ ਵੀ ਇਹੀ ਜਵਾਬ ਮਿਲਣਾ ਹੈ ਕਿ ਇਸ ਦਾ ਜੋ ਰੂਟ ਕਾਜ਼ ਹੈ, ਉਹ, ਸਪੀਕਰ ਸਾਹਿਬ, ਕਾਂਗਰਸ ਪਾਰਟੀ ਦੀਆਂ ਪਾਲਿਸੀਆਂ ਅਤੇ ਕਾਂਗਰਸ ਪਾਰਟੀ ਹੈ।

**ਖੁਰਾਕ ਤੇ ਸਪਲਾਈ ਅਤੇ ਜਨ ਸਿਹਤ ਮੰਤਰੀ** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ** : ਤੁਸੀਂ ਉਨ੍ਹਾਂ ਨੂੰ ਬੋਲਣ ਦਿਓ, ਇੰਟਰਪਟ ਨਾ ਕਰੋ। ਪਲੀਜ਼ ਵਾਈਂਡ ਅੱਪ।

**ਸ਼੍ਰੀ ਤਿਕਸ਼ਨ ਸੂਦ** : ਮੈਂ ਕਹਿਣਾ ਚਾਹਾਂਗਾ ਕਿ ਸਾਡੀ ਪਾਰਟੀ ਸਮਾਜਿਕ ਸਾਂਝੀਵਾਲਤਾ ਦੀ ਹਮੇਸ਼ਾ ਹਾਮੀ ਰਹੀ ਹੈ। ਇਸ ਪਾਰਟੀ ਨੇ ਵੀ ਬਹੁਤ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ। ਕੋਈ 35 ਤੋਂ ਉੱਪਰ ਸਾਡੀ ਪਾਰਟੀ ਦੇ ਅਹੁਦੇਦਾਰਾਂ ਨੇ ਸ਼ਹਾਦਤਾਂ ਦਿੱਤੀਆਂ ਹਨ। ਜਿਨ੍ਹਾਂ ਵਿੱਚ ਬਾਬੂ ਹਿਤ ਅਭਿਲਾਸ਼ੀ, ਪੰਡਤ ਖੁਸ਼ੀ ਰਾਮ ਸ਼ਰਮਾ, ਗੁਰਚਰਨ ਸਿੰਘ ਪਤੰਗਾ.........

**Mr. Speaker :** Please take your seat. Nothing new.

**ਸ਼੍ਰੀ ਤਿਕਸ਼ਨ ਸੂਦ** : ਸਪੀਕਰ ਸਾਹਿਬ, ਬਹੁਤ ਲੰਬੀ ਲਿਸਟ ਹੈ......(ਵਿਘਨ).....(ਸ਼ੋਰ)..........

**ਮਾਨਯੋਗ ਸਪੀਕਰ** : ਉਨ੍ਹਾਂ ਨੂੰ ਕਹਿ ਲੈਣ ਦਿਓ।

**ਸ਼੍ਰੀ ਤਿਕਸ਼ਨ ਸੂਦ** : ਮੈਂ ਪਲੀਜ਼ ਇਹੀ ਬੇਨਤੀ ਕਰਾਂਗਾ ਕਿ ਇਹ ਜਿਹੜਾ ਰੈਜ਼ੋਲਿਊਸ਼ਨ ਹੈ.......

**ਮਾਨਯੋਗ ਸਪੀਕਰ** : ਇਹ ਡਿਸਕਸ਼ਨ ਹੈ, ਰੈਜ਼ੋਲਿਊਸ਼ਨ ਕੋਈ ਨਹੀਂ। ਤੁਸੀਂ ਮਿਸ ਅੰਡਰਸਟੈਂਡਿੰਗ ਨਾ ਕਰੋ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਤਿਕਸ਼ਨ ਸੂਦ** : ਡਿਸਕਸ਼ਨ ਕਹਿ ਦਿੰਦਾ ਹਾਂ ਕਿ ਨਹੀਂ ਹੋਣੀ ਚਾਹੀਦੀ, ਇਹ ਬੜਾ ਗਲਤ ਹੋਇਆ ਹੈ।

**Mr. Speaker :** Please take your seat now.

**ਖੁਰਾਕ ਤੇ ਸਪਲਾਈ ਅਤੇ ਜਨ ਸਿਹਤ ਮੰਤਰੀ** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਸਪੀਕਰ ਸਾਹਿਬ, ਸਾਡੇ ਆਨਰੇਬਲ ਮੈਂਬਰ ਸਾਹਿਬ ਨੇ ਕਾਂਗਰਸ ਪਾਰਟੀ ਦੇ ਉਤੇ ਤੁਹਮਤ ਲਗਾਈ ਹੈ। ਇਕ ਖਬਰ ਹੈ, ਅਕਾਲੀ ਦਲ ਖਾਲਿਸਤਾਨ ਦਾ ਖੰਡਨ ਕਰੇ—ਬੀ.ਜੇ.ਪੀ.। ਪੰਜਾਬ ਰਾਜ ਦੀ ਬੀ.ਜੇ.ਪੀ. ਕਾਰਜਸੰਮਤੀ ਨੇ ਕਿਹਾ ਹੈ ਕਿ ਅਕਾਲੀ ਦਲ ਖਾਲਿਸਤਾਨ ਦੀ ਮੰਗ ਦਾ ਖੰਡਨ ਕਰੇ ਅਤੇ ਗੁਰਦੁਆਰਿਆਂ ਵਿੱਚ ਮੁਲਜ਼ਮਾਂ ਨੂੰ ਪਨਾਹ ਅਤੇ ਹਥਿਆਰਾਂ ਨੂੰ ਇਕੱਠੇ ਨਾ ਕਰਨ ਦਾ ਭਰੋਸਾ ਦੇਣ ਵਾਸਤੇ ਕਿਹਾ। (ਰੂਲਿੰਗ ਪਾਰਟੀ ਵੱਲੋਂ ਥੰਪਿੰਗ)

**ਮਾਨਯੋਗ ਸਪੀਕਰ** : ਇਹ ਕਿਥੋਂ ਪੜ੍ਹ ਰਹੇ ਹੋ ?

**ਖੁਰਾਕ ਤੇ ਸਪਲਾਈ ਅਤੇ ਜਨ ਸਿਹਤ ਮੰਤਰੀ** : ਦਿ ਅੰਗਰੇਜ਼ੀ ਟ੍ਰਿਬਿਊਨ ਵਿਚੋਂ। ਉਦੋਂ ਦੇ ਬੀ.ਜੇ.ਪੀ. ਵੱਲੋਂ ਅਕਾਲੀ ਦਲ ਦੇ ਬਿਆਨ ਦੀ (ਵਿਘਨ) ਹੁਣ ਤੂੰ ਸੁਣ ਲੈ ਤੂੰ ਇਨ੍ਹਾਂ ਦੀ ਸਪੋਰਟ ਕਿਵੇਂ ਕਰ ਰਿਹਾ ਹੈ (ਸ਼੍ਰੀ ਤਿਕਸ਼ਨ ਸੂਦ ਵੱਲ ਇਸ਼ਾਰਾ) ਬੀ.ਜੇ.ਪੀ. ਦੇ ਪ੍ਰਧਾਨ, ਸ਼੍ਰੀ ਅਟਲ ਬਿਹਾਰੀ ਵਾਜਪਾਈ ਨੇ 20 ਅਗਸਤ, 1984 ਨੂੰ ਕਿਹਾ ਸੀ ਕਿ ਅਕਾਲੀ ਦਲ ਨਾਲ ਚੁਣਾਵੀ ਗਠਜੋੜ ਦਾ ਸਵਾਲ ਹੀ ਨਹੀਂ ਕਿਉਂਕਿ ਅਕਾਲੀ ਦਲ ਧਰਮ ਨੂੰ ਰਾਜਨੀਤੀ ਤੋਂ ਅਲੱਗ ਰੱਖਣ ਵਿੱਚ ਅਸਮਰਥ ਰਿਹਾ ਹੈ (ਵਿਘਨ) ਜਿਸ ਤੇ ਦੇਸ਼ ਖੁਸ਼ ਨਹੀਂ ਹੈ (ਵਿਘਨ)

**ਮਾਨਯੋਗ ਸਪੀਕਰ** : ਆਰਡਰ ਪਲੀਜ਼।

**ਸਰਦਾਰ ਰਣਦੀਪ ਸਿੰਘ ਨਾਭਾ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਦੱਸਣਾ ਚਾਹੁੰਦਾ ਹਾਂ ਕਿਉਂਕਿ ਵਾਰ-ਵਾਰ ਜ਼ਿਕਰ ਕਰ ਰਹੇ ਹਨ ਸਾਡੇ ਲੀਡਰ ਸਾਹਿਬਾਨ, ਸ਼੍ਰੀਮਤੀ ਇੰਦਰਾ ਗਾਂਧੀ ਦਾ ਦਿਹਾਂਤ ਹੋਇਆ ਗੋਲੀਆਂ ਦੇ ਆਤੰਕਵਾਦ ਦੇ ਤਹਿਤ, ਇਸ ਤੋਂ ਇਲਾਵਾ ਸ਼੍ਰੀ ਰਾਜੀਵ ਗਾਂਧੀ ਜੀ ਨੇ ਵੀ ਅੱਤਵਾਦ ਦੇ ਤਹਿਤ ਸ਼ਹਾਦਤ ਦਿੱਤੀ। ਇਸ ਤੋਂ ਇਲਾਵਾ ਸਾਡੇ ਮੁੱਖ ਮੰਤਰੀ, ਸਰਦਾਰ ਬੇਅੰਤ ਸਿੰਘ ਨੇ ਵੀ ਸ਼ਹਾਦਤ ਆਤੰਕਵਾਦ ਦੇ ਤਹਿਤ ਦਿੱਤੀ।ਮੈਂ ਇੰਨਾ ਜ਼ਿਕਰ ਕਰਨਾ ਚਾਹੁੰਦਾ The Tribune dated 13th/14th January, 1991 ਦੀ ਜਿਹੜੀ ਖਬਰ ਹੈ, ਮਾਘੀ ਕਾਨਫਰੰਸ ਐਟ ਮੁਕਤਸਰ that Shri P.S. Badal had stated that party had achieved one Nishan, One Constitution and One President (Thumping) ਜਿਥੇ ਸੀਨੀਅਰ ਪਾਰਟੀ ਲੀਡਰ ਪੰਥਕ ਮੋਰਚਾ ਪਾਰਟੀ ਦੇ ਸੋਹਣ ਸਿੰਘ ਨੇ ਜ਼ਿਕਰ ਕੀਤਾ ਕਿ ਨਾ ਹਿੰਦੂ ਫੰਡਾਮੈਂਟਲਿਸਟ , ਨਾ ਹੀ ਕਾਂਗਰਸ (ਆਈ) ਨਾ ਹੀ ਆਰ.ਐਸ.ਐਸ. ਵਾਲੇ, ਬੀ.ਜੇ.ਪੀ., ਅਤੇ ਸ਼ਿਵ ਸੈਨਾ ਦੇ ਲੋਕ ਇਸ ਪੰਜਾਬ ਵਿਚ ਬਚ ਸਕਦੇ ਹਨ ਜੇ ਖਾਲਿਸਤਾਨ ਦਾ ਝੰਡਾ ਨਹੀਂ ਚੁੱਕਣਗੇ, ਅੱਜ ਇਨ੍ਹਾਂ ਨੂੰ ਪੁੱਛੋ ਕਿ ਇਹ ਕਿਥੇ ਖੜ੍ਹੇ ਹਨ, ਇਨ੍ਹਾਂ ਦਾ ਸਟੈਂਡ ਕੀ ਹੈ ?

**ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੇ ਰਾਜ ਮੰਤਰੀ** : ਕਾਤਲਾਂ ਨੂੰ ਸਨਮਾਨਿਤ ਕਰਨ ਦੇ ਮਾਮਲੇ ਵਿੱਚ ਵਾਜਪਾਈ ਨੇ ਬਾਦਲ ਕੋਲ ਨਰਾਜ਼ਗੀ ਪ੍ਰਗਟਾਈ-ਸੁਸ਼ਮਾ-ਜੱਗਬਾਣੀ ਮਿਤੀ 20 ਅਪ੍ਰੈਲ, 1997।

Original with;
Punjab Vidhan Sabha
Digitized by;
Panjab Digital Library

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਤੇ ਬੈਂਕਿੰਗ ਮੰਤਰੀ** : ਸਪੀਕਰ ਸਾਹਿਬ, ਬੀ.ਜੇ.ਪੀ. ਦੇ ਪ੍ਰਧਾਨ ਵਾਜਪਾਈ ਸਨ, ਉਨ੍ਹਾਂ ਨੇ 20 ਅਗਸਤ, 1984 ਨੂੰ ਸਟੇਟ ਐਗਜ਼ੈਕਟਿਵ ਕਮੇਟੀ ਦੀ ਅੰਮ੍ਰਿਤਸਰ ਵਿਖੇ ਮੀਟਿੰਗ ਹੋਈ ਸੀ ਉਸ ਵੇਲੇ ਅਕਾਲੀ ਦਲ ਬਾਰੇ ਕਿਹਾ ਗਿਆ ਸੀ ਕਿ ਅਸੀਂ ਅਕਾਲੀ ਦਲ ਦੇ ਨਾਲ ਕੋਈ ਵੀ ਇਲੈਕਸ਼ਨ ਅਲਾਇੰਸ ਨਹੀਂ ਕਰਨਾ/ਦੂਜਾ ਉਨ੍ਹਾਂ ਨੇ ਕਿਹਾ ਸੀ ਕਿ ਇਹ ਰਿਲੀਜ਼ਨ ਬੇਸਡ ਪਾਰਟੀ ਹੈ ਜਦੋਂ ਤੱਕ ਇਹ ਪਾਰਟੀ ਰਿਲੀਜ਼ਨ ਨੂੰ ਛੱਡ ਕੇ ਸੈਕੂਲਰ ਨਹੀਂ ਬਣਦੇ ਉਦੋਂ ਤੱਕ ਇਨ੍ਹਾਂ ਨੂੰ ਇਹ ਪਾਰਟੀ ਡਿਜ਼ਾਲਵ ਕਰਨੀ ਚਾਹੀਦੀ ਹੈ, ਇਹ ਬਿਆਨ ਵਾਜਪਾਈ ਸਾਹਿਬ ਦਾ ਹੈ। ਇਹ ਟ੍ਰਿਬਿਊਨ 20 ਅਗਸਤ, 1984 ਦੀ ਖਬਰ ਹੈ......(ਵਿਘਨ).....ਇਸ ਕਰਕੇ....(ਵਿਘਨ) ਉਹ ਇਸ ਕਰਕੇ ਨਹੀਂ ਸੀ ਬੋਲ ਰਿਹਾ ਤਦੇ ਡਿਫੈਂਸ ਦੀਆਂ ਗੱਲਾਂ ਕਰਦਾ ਸੀ.......

**ਉਪ ਮੁੱਖ ਮੰਤਰੀ (ਸ਼੍ਰੀਮਤੀ ਰਾਜਿੰਦਰ ਕੌਰ ਭੱਠਲ)** : ਸਪੀਕਰ ਸਾਹਿਬ, ਅੱਜ ਪੰਜਾਬ ਵਿੱਚ ਪਿੱਛੇ ਜੋ ਬਹੁਤ ਵਰ੍ਹੇ ਪਹਿਲਾਂ ਅੱਗ ਬਲੀ, ਅੱਗ ਦੇ ਕਾਰਨਾਂ ਨੂੰ ਅੱਜ ਅਸੀਂ ਡਿਸਕਸ ਕਰਨ ਵਾਸਤੇ ਬੈਠੇ ਹਾਂ। ਕੀ ਪੰਜਾਬ ਸੀ, ਕੀ ਇਤਿਹਾਸ ਸੀ, ਇਸ ਦੇ ਬਾਰੇ ਮੈਂ ਦੋ ਲਾਈਨਾਂ ਕਹਿਣੀਆਂ ਚਾਹੁੰਦੀ ਹਾਂ।

---

## EXTENSION OF TIME OF THE SITTING

**ਮਾਨਯੋਗ ਸਪੀਕਰ** : ਪਹਿਲਾਂ ਤਾਂ ਸੈਸ਼ਨ 7.30 ਵਜੇ ਤੱਕ ਐਕਸਟੈਂਡ ਕੀਤਾ ਗਿਆ ਸੀ ਪਰ ਹੁਣ ਜੇਕਰ ਹਾਊਸ ਦੀ ਸਹਿਮਤੀ ਹੋਵੇ ਤਾਂ ਜਦੋਂ ਤੱਕ ਸੀ.ਐਮ. ਸਾਹਿਬ ਆਪਣੀ ਸਪੀਚ ਖਤਮ ਨਹੀਂ ਕਰ ਲੈਂਦੇ ਉਦੋਂ ਤੱਕ ਸੈਸ਼ਨ ਦਾ ਸਮਾਂ ਐਕਸਟੈਂਡ ਕੀਤਾ ਜਾਂਦਾ ਹੈ।

(ਆਵਾਜਾਂ : ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ** : ਹਾਊਸ ਦਾ ਸਮਾਂ ਸੀ.ਐਮ. ਸਾਹਿਬ ਦੀ ਸਪੀਚ ਖਤਮ ਹੋਣ ਤੱਕ ਐਕਸਟੈਂਡ ਕੀਤਾ ਜਾਂਦਾ ਹੈ।

---

## DISCUSSION ON ROOTS AND CAUSES OF TERRORISM WHICH CAUSED HUGE LOSS TO LIFE AND PROPERTY IN THE STATE OF PUNJAB *(Resumption)*

**ਉਪ ਮੁੱਖ ਮੰਤਰੀ** : ਇਹੋ ਜਿਹੇ ਪੰਜਾਬ ਵਿਚ ਜਿਹੜਾ ਸਾਰੇ ਦੇਸ਼ ਦੀ ਰਾਖੀ ਕਰਦਾ ਰਿਹਾ ਹੈ ਪਰ ਇਸ ਦੇ ਕੀ ਕਾਰਨ ਸਨ। ਮੈਂ ਵੀ ਇਸ ਦੇ ਪਿਛੋਕੜ ਨੂੰ ਦੱਸਦੀ ਹਾਂ ਕਿ ਪੰਜਾਬ ਤਾਂ ਉਸ ਪੁਰਾਤਨ ਸੰਸਕ੍ਰਿਤੀ ਤੇ ਸਭਿਆਚਾਰ ਦੀ ਨਿਸ਼ਾਨੀ ਹੈ ਜਿਹੜੀ ਭਾਰਤੀ ਮਹਾਂਉਪਦੀਪ ਵਿੱਚ ਪੰਜ ਹਜ਼ਾਰ ਸਾਲ ਪਹਿਲਾਂ ਦਰਿਆਵਾਂ ਦੇ ਮਿੱਠੇ ਪਾਣੀ........... ਅਤੇ ਇਥੋਂ ਦੀ ਜਰਖੇਜ਼ ਭੂਮੀ ਦੇ ਵਿਚ ਵਿਕਸਤ ਹੋਈ। ਇਸ ਧਰਤੀ ਨੇ ਆਪਣੇ ਵੱਡਮੁਲੇ ਪੈਗਾਮ ਰਿਸ਼ੀਆਂ ਤੇ ਮੁਨੀਆਂ ਰਾਹੀਂ ਸਮਾਜਕ ਕਦਰਾਂ ਕੀਮਤਾਂ ਲਈ ਹਮੇਸ਼ਾਂ ਰਹਿਣ ਵਾਲੇ ਗ੍ਰੰਥ ਰਮਾਇਣ ਦੀ ਸ਼ਕਲ ਵਿਚ ਮਹਾਰਿਸ਼ੀ ਬਾਲਮੀਕ ਜੀ ਨੇ ਦਿੱਤੇ। ਇਸੇ ਤਰ੍ਹਾਂ ਸਾਡੀ ਧਰਤੀ ਤੇ ਪਹਿਲਾਂ ਰਿਗਵੇਦ ਰਚਿਆ ਗਿਆ। ਵਿਗਿਆਨੀਆਂ ਨੇ ਕਿਹਾ ਹੈ ਕਿ ਪੰਜਾਬੀ ਬੋਲੀ ਇੰਨੀ ਵੱਡੀ

Original with;
Punjab Vidhan Sabha
Digitized by;
Panjab Digital Library

ਸਮਝੀ ਗਈ ਕਿ ਦੁਨੀਆਂ ਦੀਆਂ ਪੰਜ ਜਿਉਂਦੀਆਂ ਰਹਿਣ ਵਾਲੀਆਂ ਜ਼ਬਾਨਾਂ ਤੇ ਸਭਿਆਤਾਵਾਂ ਵਿਚੋਂ ਪੰਜਾਬੀ ਤੇ ਪੰਜਾਬੀਅਤ ਇਕ ਹੋਵੇਗੀ। ਸਾਡੀ ਪਾਰਟੀ ਤੇ ਸਾਡੀ ਲੀਡਰਸ਼ਿਪ ਤੇ ਕਿੰਤੂ ਪਰੰਤੂ ਕੀਤਾ ਗਿਆ। ਮੈਂ ਇਸ ਸਬੰਧੀ ਇਕ ਦੋ ਲਾਈਨਾਂ ਹੀ ਕਹਿਣਾ ਚਾਹੁੰਦੀ ਹਾਂ ਕਿ ਕਾਂਗਰਸ ਪਾਰਟੀ ਦਾ ਕਦੇ ਵੀ ਏਜੰਡਾ ਨਹੀਂ ਰਿਹਾ ਕਿ ਉਹ ਫੁੱਟ ਪਾਊ ਜਾਂ ਫਿਰਕਾਪ੍ਰਸਤੀ ਵਾਲੀਆਂ ਗੱਲਾਂ ਕਰੇ। ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ ਤਾਂ ਭਾਰਤ ਦੀ ਜਨਤਾ ਨੂੰ ਤਰੱਕੀ ਦੇ ਰਾਹ ਤੇ ਲਿਜਾਉਣ ਦਾ ਭਾਰਤੀ ਸੰਸਕ੍ਰਿਤੀ ਨੂੰ ਕੇਂਦਰ ਮੰਨ ਕੇ ਸਾਰੇ ਧਰਮਾਂ, ਕੌਮਾਂ, ਮਜ਼ਹਬਾਂ, ਖਿੱਤਿਆਂ ਦੇ ਲੋਕਾਂ ਨੂੰ ਨਾਲ ਲੈ ਕੇ ਚੱਲਣ ਦੀ ਜ਼ਿੰਮੇਵਾਰੀ ਆਪਣੇ ਤੇ ਲਈ ਹੈ। ਪੂਰੇ ਭਾਰਤ ਵਿਚ ਧਰਮ ਨਿਰਪੱਖਤਾ ਦਾ ਕੇਂਦਰ ਬਣ ਕੇ ਕਾਂਗਰਸ ਪਾਰਟੀ ਦੇ ਸ਼੍ਰੀ ਜਵਾਹਰ ਲਾਲ ਨਹਿਰੂ ਅਤੇ ਮਹਾਤਮਾ ਗਾਂਧੀ ਜੀ ਦੀ ਅਗਵਾਈ ਹੇਠ ਰਾਸ਼ਟਰੀ ਅੰਦੋਲਨ ਦੌਰਾਨ ਸਭ ਤੋਂ ਵੱਡਾ ਲੋਕਤੰਤਰ ਵਿਕਸਿਤ ਕਰਨ ਦੀ ਨੀਂਹ ਰੱਖੀ। ਇਹ ਸੀ ਕਾਂਗਰਸ ਦੇ ਸਾਡੇ ਪੰਜਾਬ ਦਾ ਪਿਛੋਕੜ ਅਤੇ ਇਤਿਹਾਸ। ਲੇਕਿਨ ਬੜਾ ਦੁੱਖ ਤੇ ਅਫ਼ਸੋਸ ਹੈ ਕਿ ਉਹੀ ਪੰਜਾਬ ਜਿਹੜਾ ਦੇਸ਼ ਨੂੰ ਅਨਾਜ ਵਿਚ ਵੀ ਔਰ ਦੇਸ਼ ਦੀ ਅਜ਼ਾਦੀ ਵਿਚ ਵੀ ਬਾਹਰਲੇ ਲੋਕਾਂ ਤੋਂ ਅਜ਼ਾਦ ਕਰਵਾਉਣ ਲਈ ਪਹਿਲੀਆਂ ਲਾਈਨਾਂ ਵਿਚ ਰਿਹਾ ਐਸਾ ਬਦਨਸੀਬ ਸਮਾਂ ਵੀ ਰਿਹਾ ਕਿ ਇਹੀ ਪੰਜਾਬ ਹਾਕਾਂ ਮਾਰਦਾ ਹੋਇਆ, ਰੋਂਦਾ ਹੋਇਆ, ਤੜਫਦਾ ਹੋਇਆ ਬੇਸਹਾਰਾ ਲੱਗਿਆ। ਸਾਨੂੰ ਇਸ ਗੱਲ ਤੋਂ ਮੁਨਕਰ ਨਹੀਂ ਹੋਣਾ ਚਾਹੀਦਾ ਕਿ ਇਸ ਸਾਰੀ ਸਿਚੂਏਸ਼ਨ ਅੰਦਰ ਇਕ ਝਾਤੀ ਮਾਰੀਏ ਤਾਂ ਪਹਿਲਾਂ ਪੱਥਰ ਕਿਸ ਨੇ ਮਾਰਿਆ ਜਾਂ ਇਸ ਲਈ ਜ਼ਿੰਮੇਵਾਰ ਕੌਣ ਹੈ, ਮੈਨੂੰ ਇਹ ਕਹਿਣ ਵਿਚ ਝਿਜਕ ਨਹੀਂ ਮੈਂ ਅਖ਼ਬਾਰਾਂ ਅਤੇ ਇਤਿਹਾਸ ਦੀ ਗੱਲ ਨਹੀਂ ਕਰਦੀ ਮੈਂ ਸਗੋਂ ਇਸ ਧਰਤੀ ਤੇ ਪੈਦਾ ਹੋਏ ਹਾਦਸਿਆਂ ਦੀ ਗੱਲ ਕਰਦੀ ਹਾਂ। ਸਪੀਕਰ ਸਾਹਿਬ, ਮੈਨੂੰ ਅਕਾਲੀ ਪਾਰਟੀ ਜਿਹੜੀ ਸਾਡੇ ਧਰਮ ਦੀ ਹਮੇਸ਼ਾਂ ਰਖਵਾਲੀ, ਸ਼੍ਰੋਮਣੀ ਕਮੇਟੀ ਦੇ ਤੌਰ ਤੇ ਕਹਾਉਂਦੀ ਹੈ ਕਿ ਅਸੀਂ ਰਖਵਾਲੇ ਹਾਂ ਸਿੱਖ ਰਵਾਇਤਾਂ ਦੇ, ਸਾਰੇ ਪੰਜਾਬ ਨੇ ਦੇਖਿਆ ਔਰ ਸਾਰੀ ਦੁਨੀਆਂ ਨੇ ਦੇਖਿਆ ਕਿ ਪੰਜਾਬ ਦੇ ਅੰਦਰ ਇਨ੍ਹਾਂ ਨੇ ਕੀ ਕੀਤਾ। ਇਹ ਸਾਨੂੰ ਵਾਰ ਵਾਰ ਕਹਿੰਦੇ ਹਨ ਕਿ ਇੰਦਰਾ ਜੀ ਨੇ, ਗਿਆਨੀ ਜੀ ਨੇ ਜਰਨੈਲ ਸਿੰਘ ਨੂੰ ਸੰਤ ਕਿਹਾ ਹੈ। ਠੀਕ ਹੈ ਜਦੋਂ ਉਹ ਜਰਨੈਲ ਸਿੰਘ ਸੰਤ ਸਨ, ਜਦੋਂ ਉਨ੍ਹਾਂ ਦੇ ਹੱਥ ਵਿਚ ਮਾਲਾ ਸੀ, ਉਸ ਵਕਤ ਅਸੀਂ ਉਨ੍ਹਾਂ ਨੂੰ ਸੰਤ ਕਹਿ ਕੇ ਸਤਿਕਾਰਿਆ ਲੇਕਿਨ ਜਿਸ ਵੇਲੇ ਉਨ੍ਹਾਂ ਦੇ ਹੱਥ ਵਿਚ ਬੰਦੂਕ ਆ ਗਈ, ਸੁਬੇਗ ਸਿੰਘ ਦੀ, ਉਦੋਂ ਤੁਸੀਂ ਉਨ੍ਹਾਂ ਨੂੰ ਸੰਭਾਲ ਲਿਆ। (ਰੂਲਿੰਗ ਪਾਰਟੀ ਵੱਲੋਂ ਥੰਪਿੰਗ) ਸ਼ੁਰੂ ਤੋਂ ਲੈ ਕੇ ਅੱਜ ਤੱਕ ਇਨ੍ਹਾਂ ਨੇ ਸਾਰੇ ਪੰਜਾਬ ਦੇ ਲੋਕਾਂ ਨਾਲ ਧਰਮ ਦੀ ਆੜ ਵਿਚ, ਪੰਜਾਬੀਅਤ ਦੀ ਆੜ ਵਿਚ ਹਮੇਸ਼ਾ ਸਿਆਸਤ ਦੀਆਂ ਰੋਟੀਆਂ ਸੇਕੀਆਂ। ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਪੁੱਛਦੀ ਹਾਂ ਕਿ ਉਦੋਂ ਮਰਜੀਵੜੇ ਕਿਸ ਨੇ ਬਣਾਏ। ਮੈਂ ਪੁੱਛਦੀ ਹਾਂ ਕਿ ਜਦੋਂ ਸਾਡੀ ਸਰਕਾਰ ਟੁੱਟੀ ਨਵੀਂ ਸਰਕਾਰ ਬਣਨੀ ਸੀ, ਦਰਬਾਰਾ ਸਿੰਘ ਤੋਂ ਬਾਅਦ ਕਿਸ ਨੇ ਕਿਹਾ ਕਿ ਤੁਹਾਡੀ ਹੁਣ ਜੇ ਸਰਕਾਰ ਬਣੀ ਤਾਂ ਸਾਡੇ ਮੋਟਰ ਸਾਈਕਲ ਵਾਲੇ, ਇਨ੍ਹਾਂ ਕਾਂਗਰਸੀਆਂ ਨੂੰ ਬੰਬਾਂ ਦੇ ਨਾਲ ਸਲਾਮੀ ਦੇਣਗੇ ਔਰ ਉਨ੍ਹਾਂ ਦੇ ਕਮਰਿਆਂ ਦੇ ਨਾਂ ਇਸ ਉਪਰ ਲਿਖੇ ਹਨ (ਕਾਗਜ਼ ਵੱਲ ਇਸ਼ਾਰਾ) ਜਿਹੜੇ ਜਿਹੜੇ ਕਮਰੇ ਨੰਬਰ ਵਿਚ ਇਹ ਲੋਕ ਬੈਠੇ ਸਨ। ਕੀ ਸਾਨੂੰ ਸਾਡੇ ਧਰਮ ਨੇ, ਸਾਡੇ ਬਾਬਾ ਨਾਨਕ ਨੇ, ਸਾਡੇ ਪਿਆਰੇ ਗੋਬਿੰਦ ਸਿੰਘ ਜੀ ਨੇ ਜੋ ਸਰਬੰਸ ਵਾਰ ਗਏ, ਇਹ ਕਿਹਾ ਸੀ ਕਿ ਨਿਮਾਣਿਆਂ, ਨਿਤਾਣਿਆਂ, ਨਿਹੱਥੇ ਲੋਕਾਂ ਨੂੰ ਧਾਰਮਿਕ ਅਸਥਾਨਾਂ ਵਿਚ ਪ੍ਰੋਟੈਕਸ਼ਨ ਦਿਓ ਜਾਂ ਜਿਹੜੇ ਪੰਜਾਬ ਦੀਆਂ ਬੇਟੀਆਂ ਦੀ ਆਬਰੂ ਲੁੱਟ ਕੇ ਆਉਂਦੇ ਹੋਣ ? (ਸ਼ੇਮ ਸ਼ੇਮ ਦੀਆਂ

Original with;
Punjab Vidhan Sabha
Digitized by;
Panjab Digital Library

[ਉਪ ਮੁੱਖ ਮੰਤਰੀ]

ਆਵਾਜ਼ਾਂ) ਸਪੀਕਰ ਸਾਹਿਬ, ਪਤਾ ਨਹੀਂ ਤੁਸੀਂ ਕਿਵੇਂ ਬਚ ਗਏ। ਸਪੀਕਰ ਸਾਹਿਬ, ਐਸਾ ਘਾਣ ਪੰਜਾਬ ਦੇ ਵਿਚ ਹੋਇਆ ਕਿ 12-15 ਸਾਲ ਸਾਰਾ ਪੰਜਾਬ ਰੋਂਦਾ ਰਿਹਾ ਅਤੇ ਪੰਜਾਬ ਦੀ ਮਾਸੂਮੀਅਤ ਦੇ ਹੰਝੂ ਕਿਰੇ। ਪੰਜਾਬ ਦਾ ਬੁਢਾਪਾ ਲਾਵਾਰਸ ਹੋ ਕੇ ਆਪਣੇ ਪੁੱਤਰਾਂ ਦੇ ਕੰਧਿਆਂ ਤੇ 12-12 ਸਿਵੇ ਰੋਜ਼ ਸੇਕਦਾ ਰਿਹਾ ਔਰ ਰੋਂਦੇ ਹੋਏ ਪੰਜਾਬ ਨੇ ਜਦੋਂ ਆਵਾਜ਼ ਮਾਰੀ ਕਿ ਕੋਈ ਰਾਜਸੀ ਪਾਰਟੀਆਂ ਪੰਜਾਬ ਦੀ ਇਸ ਮਾੜੇ ਦੌਰ ਵਿਚ ਨੁਮਾਇੰਦਗੀ ਕਰਨ ਉਦੋਂ ਇਹ ਪਿਛੇ ਹੱਟ ਗਏ ਜਦੋਂ ਕਿ ਸਾਡੇ ਸਿੱਖਾਂ ਦੇ ਪਿਆਰੇ ਗੁਰੂ ਸਾਹਿਬਾਨ ਨੇ ਕਿਹਾ ਹੈ ਕਿ 'ਸਿਰ ਦੀਜੀਏ ਧਰਮ ਨਾ ਛੋੜੀਏ'। ਇਹ ਸਿੱਖਿਆ ਸਾਡੇ ਗੁਰੂ ਸਾਹਿਬ ਨੇ ਦਿੱਤੀ ਹੈ ਪਰ ਤੁਸੀਂ ਤਾਂ ਦਰਬਾਰ ਸਾਹਿਬ ਵਿਚ ਵੀ ਜਿੱਥੋਂ ਕਿ ਅਸੀਂ ਸਾਰੇ ਬੜੀ ਸ਼ਰਧਾ ਦੇ ਨਾਲ ਸਿਰ ਢੱਕ ਕੇ, ਪੂਰੇ ਸਤਿਕਾਰ ਦੇ ਨਾਲ ਤੇ ਚੰਗੇ ਤਰੀਕੇ ਦੇ ਨਾਲ ਪੂਰਨ ਤੌਰ ਤੇ ਨੰਗੇ ਪੈਰੀਂ ਉਥੇ ਜਾਂਦੇ ਹਾਂ, ਉਥੇ ਵੀ ਤੁਸੀਂ ਹਥਿਆਰ ਪਹੁੰਚਾਏ। ਇੰਨੀ ਪਵਿੱਤਰ ਥਾਂ ਤੇ ਹਥਿਆਰ ਗਏ। (ਵਿਘਨ.......ਸ਼ੋਰ)

**Mr. Speaker :** No interruption please.

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, ਸੱਚੀਆਂ ਗੱਲਾਂ ਹਮੇਸ਼ਾਂ ਹੀ ਕੌੜੀਆਂ ਲਗਦੀਆਂ ਹਨ। ਲੇਕਿਨ ਸਚਾਈ ਕਦੇ ਬਦਲਦੀ ਨਹੀਂ। ਹੁਣ ਇਹ ਸੁਣਨ ਦਾ ਹਾਜ਼ਮਾ ਰੱਖਣ। ਸਪੀਕਰ ਸਾਹਿਬ, ਉਦੋਂ ਕਾਲਾ ਦੌਰ ਆਇਆ ਸੀ.......(ਵਿਘਨ) ਮੈਂ ਤੁਹਾਨੂੰ ਨਹੀਂ, ਸਪੀਕਰ ਸਾਹਿਬ ਨੂੰ ਐਡਰੈਸ ਕਰ ਰਹੀ ਹਾਂ। ਸਪੀਕਰ ਸਾਹਿਬ, ਉਸ ਪਵਿੱਤਰ ਥਾਂ ਤੇ ਉਹ ਲੋਕ ਗਏ ਜਿਹੜੇ ਕਹਿੰਦੇ ਸਨ ਕਿ ਘੜਿਆਂ ਵਿਚੋਂ ਪਰਚੀਆਂ ਕੱਢਦੇ ਹਾਂ। ਇਨ੍ਹਾਂ ਨੂੰ ਪੁੱਛੋ ਕਿ ਘੜਿਆਂ ਵਿਚੋਂ ਕਿਸ ਦੀਆਂ ਪਰਚੀਆਂ ਕੱਢਦੇ ਸਨ ? ਉਹ ਪਰਚੀਆਂ ਕੱਢਣ ਵਾਲੇ ਲੋਕ ਟੋਡਰ ਮੱਲ ਦੇ ਪਹਿਰਾਵੇ ਵਾਲੇ ਲੋਕ ਸਨ, ਟੋਡਰ ਮੱਲ ਜੀ ਨੇ ਤਾਂ ਸਾਡੇ ਗੁਰੂ ਸਾਹਿਬ ਦੇ ਪਿਆਰੇ ਬੱਚਿਆਂ ਦੇ ਸਸਕਾਰ ਵਾਸਤੇ ਅਸ਼ਰਫੀਆਂ ਵਿਛਾ ਕੇ ਜ਼ਮੀਨ ਮੁੱਲ ਖਰੀਦੀ ਸੀ। ਇਹ ਉਨ੍ਹਾਂ ਦੇ ਪਹਿਰਾਵੇ ਵਿਚ ਨਿਰਦੋਸ਼ਾਂ ਨੂੰ ਮਾਰਨ ਲਈ ਘੜਿਆਂ ਦੇ ਵਿਚੋਂ ਪਰਚੀਆਂ ਕੱਢਦੇ ਸਨ।

ਸਰਦਾਰ ਤੋਤਾ ਸਿੰਘ (ਬੈਠੇ-ਬੈਠੇ) : ਉਹ ਕੱਢਦੇ ਕੌਣ ਸਨ, ਇਹ ਵੀ ਦੱਸ ਦਿਓ। (ਵਿਘਨ......ਸ਼ੋਰ)

**ਉਪ ਮੁੱਖ ਮੰਤਰੀ :** ਸਭ ਕੁਝ ਪੰਜਾਬ ਦੇ ਲੋਕਾਂ ਨੇ ਵੇਖਿਆ ਹੈ। ਸਾਰੀ ਦੁਨੀਆਂ ਦੇ ਲੋਕਾਂ ਨੇ ਦੇਖਿਆ ਹੈ। ਸਾਰੀ ਦੁਨੀਆਂ ਨੇ ਦੇਖਿਆ ਹੈ ਕਿ ਸਿੱਖਾਂ ਦੀ ਨੁਮਾਇੰਦਾ ਜਮਾਤ ਕਹਾਉਣ ਵਾਲੇ ਤਾਂ ਆਪਣੀ ਜਾਨ ਤਲੀ ਤੇ ਧਰ ਕੇ ਆਉਂਦੇ ਹਨ ਪਰ ਉਸ ਵੇਲੇ ਇਨ੍ਹਾਂ ਨੇ ਫਰਜ਼ ਨਹੀਂ ਨਿਭਾਇਆ। ਉਸ ਵੇਲੇ ਦੇ ਮਾੜੇ ਲੋਕ ਜਿਹੜੇ ਅੱਤਵਾਦ ਫੈਲਾਉਂਦੇ, ਬੰਦੂਕਾਂ ਲੈ ਕੇ ਉਥੇ ਜਾਂਦੇ ਸਨ, ਜਿਨ੍ਹਾਂ ਨੇ ਸਾਰੀਆਂ ਰਵਾਇਤਾਂ ਤੋੜੀਆਂ, ਸਾਰੀ ਪਵਿੱਤਰਤਾ ਭੰਗ ਕੀਤੀ, ਇਹ ਉਨ੍ਹਾਂ ਲਈ ਮੈਦਾਨ ਛੱਡ ਕੇ ਭੱਜ ਗਏ। ਲੋਕਾਂ ਦੀ ਸਾਰ ਨਾ ਲਈ। ਇਹ ਮੈਦਾਨ ਛੱਡ ਕੇ ਭੱਜ ਆਏ। ਉਸ ਵੇਲੇ ਪੰਜਾਬ ਦੇ ਲੋਕਾਂ ਨੇ ਵੇਖਿਆ ਹੈ। ਉਸ ਵੇਲੇ ਪੰਜਾਬ ਦੇ ਲੋਕਾਂ ਲਈ ਕੌਣ ਉਠਿਆ ? ਉਸ ਵੇਲੇ ਸਾਡੇ ਸ਼ਹੀਦੇ-ਏ-ਆਜ਼ਮ ਸਰਦਾਰ ਬੇਅੰਤ ਸਿੰਘ ਜੀ ਲੋਕਾਂ ਨਾਲ ਖੜ੍ਹੇ ਹੋਏ। (ਵਿਘਨ, ਸ਼ੋਰ) ਉਸ ਵੇਲੇ ਲੋਕਾਂ ਨਾਲ ਖੜ੍ਹਨ ਵਾਲੇ ਕੌਣ ਸਨ ? (ਵਿਘਨ) ਜੇ ਤੁਸੀਂ ਦੋ ਘੰਟੇ ਬੈਠ ਸਕਦੇ ਹੋ ਤਾਂ ਮੈਂ ਇਕੱਲੀ ਇੱਕਲੀ ਗੱਲ ਦੱਸ ਦੇਵਾਂਗੀ। ਕਿਉਂਕਿ ਹੁਣ ਮੇਰੇ ਕੋਲ ਥੋੜ੍ਹਾ ਸਮਾਂ ਹੈ, ਇਸ ਲਈ ਮੈਂ ਸਾਰੀਆਂ ਘਟਨਾਵਾਂ ਡਿਟੇਲ ਵਿਚ ਨਹੀਂ ਦੱਸ ਸਕਦੀ..........(ਵਿਘਨ)

**ਮਾਨਯੋਗ ਸਪੀਕਰ :** ਪਲੀਜ਼, ਇੰਟਰਪਟ ਨਾ ਕਰੋ।

Original with;
Punjab Vidhan Sabha
Digitized by;
Panjab Digital Library

**ਉਪ ਮੁੱਖ ਮੰਤਰੀ :** ਸਰਦਾਰ ਬੇਅੰਤ ਸਿੰਘ ਆਪਣੀ ਜਾਨ ਤਲੀ ਤੇ ਧਰ ਕੇ ਆਏ। ਉਨ੍ਹਾਂ ਨੂੰ ਪਤਾ ਵੀ ਸੀ ਕਿ ਕਿਸੇ ਮੋੜ ਤੇ ਮੇਰੀ ਮੌਤ ਮੇਰਾ ਇੰਤਜ਼ਾਰ ਕਰ ਰਹੀ ਹੈ। ਸਾਡੇ ਕੇ.ਪੀ. ਸਾਹਿਬ ਬੈਠੇ ਹਨ ਅਤੇ ਤਰਲੋਚਨ ਸਿੰਘ ਬੈਠੇ ਹਨ, ਇਨ੍ਹਾਂ ਦੇ ਪਿਤਾ ਜੀ ਨੂੰ ਵੀ ਨਿਸ਼ਾਨਾ ਬਣਾਇਆ ਗਿਆ। ਹੋਰ ਵੀ ਮੇਰੇ ਕਈ ਸਾਥੀ ਹਨ ਜਿਨ੍ਹਾਂ ਦੇ ਬਜ਼ੁਰਗਾਂ ਨੇ ਉਸ ਸਮੇਂ ਸ਼ਹੀਦੀਆਂ ਪਾਈਆਂ। ਉਸ ਵਕਤ ਜਿਹੜੇ ਧਰਮ ਦੇ ਨੁਮਾਇੰਦੇ ਅਖਵਾਉਣ ਵਾਲੇ ਲੋਕ ਸਨ, ਉਹ ਆਮ ਲੋਕਾਂ ਦੀ ਮੱਦਦ ਕਰਨ ਦੀ ਬਜਾਏ ਪਾਸੇ ਹੱਟ ਗਏ। ਅਸੀਂ ਆਪਣਾ ਪਵਿੱਤਰ ਹਰਿਮੰਦਰ ਸਾਹਿਬ ਪਵਿੱਤਰਤਾ ਭੰਗ ਕਰਨ ਵਾਲੇ ਲੋਕਾਂ ਤੋਂ ਮੁਕਤ ਕਰਵਾਇਆ। ਅਸੀਂ ਧਾਰਮਿਕਤਾ ਭੰਗ ਕਰਨ ਵਾਲੇ ਅਤੇ ਭੈੜੇ ਕਾਰਨਾਮੇ ਕਰਨ ਵਾਲਿਆਂ ਤੋਂ ਪੰਜਾਬ ਨੂੰ ਮੁਕਤ ਕਰਵਾਇਆ। (ਥੰਪਿੰਗ) ਇਨ੍ਹਾਂ ਨੇ ਹਮੇਸ਼ਾਂ ਭੱਜਣਾ ਹੀ ਸਿੱਖਿਆ ਹੈ। ਸਪੀਕਰ ਸਾਹਿਬ, ਅੱਜ ਇਹ ਕਹਿੰਦੇ ਹਨ ਕਿ ਸਾਡੇ ਪਿਛੇ ਕੈਮਰੇ ਹਨ, ਤੁਹਾਡੇ ਤਾਂ ਗੋਲੀਆਂ ਵੀ ਪਿਛੇ ਲੱਗੀਆਂ ਅਤੇ ਕੈਮਰੇ ਵੀ ਪਿਛੇ ਹੀ ਲੱਗੇ ਹਨ। (ਥੰਪਿੰਗ) ਕਿਉਂਕਿ ਤੁਸੀਂ ਤਾਂ ਮੈਦਾਨ ਛੱਡ ਕੇ ਪਿਛੇ ਭੱਜ ਜਾਂਦੇ ਸੀ।

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ :** ** ** **

**ਮਾਨਯੋਗ ਸਪੀਕਰ :** ਜੋ ਕੁਝ ਕਿਹਾ ਹੈ, ਇਹ ਬਗੈਰ ਇਜਾਜ਼ਤ ਤੋਂ ਕਿਹਾ ਹੈ। ਪਰਸਨਲ ਅਟੈਕ ਰਿਕਾਰਡ ਨਾ ਕੀਤੇ ਜਾਣ।

**ਉਪ ਮੁੱਖ ਮੰਤਰੀ :** ਸਪੀਕਰ ਸਾਹਿਬ, ਇਹ ਸਿਰਫ ਇੱਥੇ ਹੀ ਨਹੀਂ ਭੱਜੇ। ਇਹ ਤਾਂ ਮੈਂ ਸਿਰਫ ਮੋਟੀਆਂ ਮੋਟੀਆਂ ਘਟਨਾਵਾਂ ਹੀ ਦੱਸੀਆਂ ਹਨ, ਮੈਂ ਕੁਝ ਇੰਸੀਡੈਂਟ ਹੀ ਦੱਸੇ ਹਨ। ਅਗਰ ਸਾਰਾ ਕੁਝ ਦੱਸਿਆ ਜਾਵੇ ਤਾਂ ਬਹੁਤ ਜ਼ਿਆਦਾ ਸਮਾਂ ਲੱਗੇਗਾ। ਫਿਰ ਸ਼੍ਰੋਮਣੀ ਕਮੇਟੀ ਦੀ ਇਲੈਕਸ਼ਨ ਹੋਈ। ਇਹ ਨਹੀਂ ਕਰਵਾ ਸਕੇ ਸੀ। ਸਾਰੇ ਹਾਹਾਕਾਰ ਮੱਚੀ ਹੋਈ ਸੀ। ਇਹ ਜਿਹੜੇ ਕਿ ਆਪਣੇ ਆਪ ਨੂੰ ਧਰਮ ਦੇ ਰਖਵਾਲੇ ਸਮਝਦੇ ਹਨ, ਇਹ ਉਦੋਂ ਵੀ ਭੱਜੇ ਸੀ। ਸ਼੍ਰੋਮਣੀ ਕਮੇਟੀ ਦੀ ਚੋਣ ਹੋਣੀ ਸੀ। ਪਰ ਇਹ ਸਮੁੰਦਰੀ ਹਾਲ ਤੋਂ ਜਿਉਂ ਭੱਜੇ ਅਤੇ ਆ ਕੇ ਅਨੰਦਪੁਰ ਸਾਹਿਬ ਖੜ੍ਹੇ ਹੋਏ। ਅਨੰਦਪੁਰ ਸਾਹਿਬ ਤੋਂ ਫਿਰ ਭੱਜ ਕੇ ਇਹ ਗੁਰਦੁਆਰਾ ਕੇਸਗੜ੍ਹ ਸਾਹਿਬ ਜਾ ਕੇ ਰੁਕੇ। ਕੇਸਗੜ੍ਹ ਸਾਹਿਬ ਦਾ ਗੁਰਦੁਆਰਾ ਜਿੱਥੇ ਕਿ ਸਾਡੇ ਗੁਰੂ ਸਾਹਿਬ ਨੇ ਸਾਨੂੰ ਕੇਸਾਂ ਦੀ ਪਵਿੱਤਰਤਾ ਬਾਰੇ ਸੇਧ ਦਿੱਤੀ ਹੈ, ਉਹ ਗੁਰਦੁਆਰਾ ਜੋ ਕਿ ਕੇਸਾਂ ਦੀ ਅਦਬ ਸਿਖਾਉਂਦਾ ਹੈ, ਮੈਂ ਕਹਿੰਦੀ ਹਾਂ ਕਿ ਉਦੋਂ ਸਾਡੇ ਗੁਰੂ ਸਾਹਿਬ ਵੀ ਦੇਖਦੇ ਹੋਣੇ ਹਨ ਅਤੇ ਉਨ੍ਹਾਂ ਦੀ ਆਤਮਾ ਵਲੂੰਧਰੀ ਗਈ ਹੋਣੀ ਹੈ, ਕਿਉਂਕਿ ਇਨ੍ਹਾਂ ਨੇ ਉਥੇ ਵੀ ਇੱਕ ਦੂਜੇ ਦੇ ਕੇਸ ਔਰ ਦਾਹੜੀ ਪੁੱਟ ਕੇ ਮਰਿਆਦਾ ਭੰਗ ਕੀਤੀ। ਸਪੀਕਰ ਸਾਹਿਬ, ਫਿਰ ਇਨ੍ਹਾਂ ਨੇ ਪੰਜਾਬੀ ਸੂਬੇ ਦਾ ਮੋਰਚਾ ਅਤੇ ਅਨੰਦਪੁਰ ਸਾਹਿਬ ਦਾ ਮੋਰਚਾ ਲਗਾਇਆ, ਇਹ ਸਾਰੇ ਮੋਰਚੇ ਲਗਾਉਂਦੇ ਸੀ, ਇਹ ਮੋਰਚੇ ਜ਼ਰੂਰ ਲਗਾਉਂਦੇ ਸਨ ਪਰ ਕਾਸ਼, ਇਨ੍ਹਾਂ ਦੇ ਮੋਰਚਿਆਂ ਵਿੱਚ ਪੰਜਾਬ ਪ੍ਰਤੀ ਕੋਈ ਵਫ਼ਾ ਹੁੰਦੀ। ਪੰਜਾਬ ਦੇ ਕਿਸੇ ਵਰਗ ਵਾਸਤੇ ਇਨ੍ਹਾਂ ਮੋਰਚਿਆਂ ਵਿੱਚ ਵਫ਼ਾਦਾਰੀ ਨਿਭਾਉਂਦੇ। ਜੋ ਇਨ੍ਹਾਂ ਵਲੋਂ ਅਨੰਦਪੁਰ ਸਾਹਿਬ ਦਾ ਮੋਰਚਾ ਲਗਾਇਆ ਗਿਆ

** Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਉਪ ਮੁੱਖ ਮੰਤਰੀ]

ਸੀ, ਉਸ ਦੇ ਬਾਰੇ ਸੀ.ਐਮ. ਸਾਹਿਬ ਸਾਰਾ ਕੁੱਝ ਦੱਸ ਚੁੱਕੇ ਹਨ, ਉਸ ਨੂੰ ਮੈਂ ਟੱਚ ਨਹੀਂ ਕਰਦੀ। ਲੇਕਿਨ ਉਸ ਤੋਂ ਬਾਅਦ ਪੰਜਾਬੀ ਸੂਬੇ ਦਾ ਮੋਰਚਾ ਲਗਾਇਆ। ਉਸਦਾ ਮਕਸਦ ਕੀ ਸੀ, ਇਸ ਗੱਲ ਦਾ ਸਾਰਿਆਂ ਨੂੰ ਪਤਾ ਹੀ ਹੈ। ਜੋ ਪੰਜਾਬੀ ਸੂਬੇ ਦਾ ਮੋਰਚਾ ਲੱਗਿਆ ਸੀ ਉਸ ਦੀ ਮਿਸਾਲ ਦੁਨੀਆਂ ਵਿੱਚ ਨਹੀਂ ਮਿਲਦੀ, ਜੇਕਰ ਕੋਈ ਜਥੇਬੰਦੀ ਜਾਂ ਪਾਰਟੀ ਕੁਝ ਲੈਣ ਲਈ ਮੋਰਚਾ ਲਗਾਉਂਦੀ ਹੈ ਫਿਰ ਤਾਂ ਠੀਕ ਹੈ ਪਰ ਇਨ੍ਹਾਂ ਕੁਝ ਦੇ ਕੇ ਖਹਿੜਾ ਛੁਡਾਇਆ। ਪੰਜਾਬੀ ਸੂਬੇ ਦੇ ਮੋਰਚੇ ਵਿਚ ਫੇਰੂਮਾਨ ਸਾਹਿਬ ਨੇ ਸਿੱਖੀ ਪੁਗਾ ਕੇ ਵਿਖਾਈ, ਅਰਦਾਸ ਕੀਤੀ ਸੁਆਸ ਦੇ ਕੇ ਉਹ ਕਹਿੰਦੇ ਕਿ ਮੈਂ, ਅਰਦਾਸ ਨਹੀਂ ਤੋੜ ਸਕਦਾ, ਕੀ ਕਦੇ ਇਨ੍ਹਾਂ ਨੇ ਉਨ੍ਹਾਂ ਦਾ ਨਾਮ ਲਿਆ ਹੈ ? ਇਹ ਉਨ੍ਹਾਂ ਦਾ ਨਾਮ ਲੈਂਦੇ ਸਨ ਜਿਹੜੇ ਲੋਕ ਕਹਿੰਦੇ ਸਨ ਕਿ ਅਸੀਂ ਆਪਣੇ ਆਪ ਨੂੰ ਕੜਾਹਿਆਂ ਵਿੱਚ ਪਹੁੰਚਾਵਾਂਗੇ। ਇਨ੍ਹਾਂ ਨੂੰ ਸਾਰੇ ਪੰਜਾਬ ਦੇ ਲੋਕ ਵੇਖ ਰਹੇ ਸਨ ਕਿ ਇਨ੍ਹਾਂ ਨੇ ਅੱਜ ਕੜਾਹਿਆਂ ਵਿਚ ਜਲ ਜਾਣਾ ਹੈ। ਲੇਕਿਨ ਲੋਕਾਂ ਨੂੰ ਕੀ ਪਤਾ ਸੀ ਕਿ ਇਹ ਤਾਂ ਉਂਗਲ ਨੂੰ ਲਹੂ ਲਗਾ ਕੇ ਸ਼ਹੀਦ ਬਣਨ ਵਾਲੇ ਹਨ। ਸਪੀਕਰ ਸਾਹਿਬ, ਇਨ੍ਹਾਂ ਨੇ ਚਾਰ ਵਜੇ ਕੜਾਹਿਆਂ ਵਿੱਚ ਉਬਲਣ ਦਾ ਵਾਅਦਾ ਕੀਤਾ ਸੀ ਲੇਕਿਨ ਤਿੰਨ ਵਜੇ ਹੀ ਹੱਥ ਤੇ ਲੱਗੀਆਂ ਹੋਈਆਂ ਥੋੜ੍ਹੀਆਂ ਝਰੀਟਾਂ ਉਤੇ ਪੱਟੀ ਕਰਵਾਉਣ ਬੈਠ ਗਏ। (ਹਾਸਾ) ਕਿਸੇ ਨੇ ਇਨ੍ਹਾਂ ਨੂੰ ਕਿਹਾ ਕਿ ਤੁਸੀਂ ਤਾਂ ਸੜਨਾ ਹੈ, ਤੁਸੀਂ ਪੱਟੀ ਤੋਂ ਕੀ ਲੈਣਾ ਹੈ। ਉਸ ਨੂੰ ਇਨ੍ਹਾਂ ਨੇ ਚੁੱਪ ਕਰਵਾ ਦਿੱਤਾ ਤੇ ਕਿਹਾ ਕਿ ਤੂੰ ਮੈਨੂੰ ਇਹ ਪਤਾ ਕਰਕੇ ਦਸ ਕਿ ਦਿੱਲੀ ਤੋਂ ਕੋਈ ਹੈਲੀਕਾਪਟਰ ਆ ਰਿਹਾ ਹੈ ਜਾਂ ਨਹੀਂ ਤਾਂ ਕਿ ਮੇਰੀ ਜਾਨ ਬਚ ਜਾਵੇ। ਸਪੀਕਰ ਸਾਹਿਬ, ਉਸ ਵੇਲੇ ਪੰਜਾਬ ਦੇ ਨਾਲ ਸਭ ਤੋਂ ਵੱਡਾ ਅਨਰਥ ਹੋਇਆ। ਪੰਜਾਬ ਦਾ ਕੇਸ ਨਹੀਂ ਲੜਿਆ ਗਿਆ। ਜਿਸ ਵੇਲੇ ਉਨ੍ਹਾਂ ਨੇ ਕਮਿਸ਼ਨ ਬਣਾ ਕੇ ਭੇਜਿਆ ਤਾਂ ਇਹ ਗਰਮ ਕੜਾਹਿਆਂ ਤੋਂ ਡਰ ਕੇ ਇਸ ਤਰ੍ਹਾਂ ਭੱਜੇ ਅਤੇ ਇੰਗਲੈਂਡ ਦੀ ਠੰਡੀ ਮਾਲ ਰੋਡ ਉਤੇ ਗੜਵੇ ਕਟੋਰੇ ਚੁਕਕੇ ਫਿਰਨ ਲੱਗੇ। ਏਥੇ ਕਮਿਸ਼ਨ ਆ ਕੇ ਤਿੰਨ ਹਿੱਸੇ ਬਣਾ ਕੇ, ਸਾਨੂੰ ਇੱਕ ਪੰਜਾਬੀ ਛੋਟੀ ਜਿਹੀ ਸੂਬੀ ਬਣਾ ਕੇ ਦੇ ਗਿਆ। ਪਰ ਇਨ੍ਹਾਂ ਦੇ ਮਨ ਦੀ ਗੱਲ ਤਾਂ ਪੂਰੀ ਹੋ ਗਈ ਕਿਉਂਕਿ ਇਹ ਇਹੀ ਕੁਝ ਚਾਹੁੰਦੇ ਸਨ। ਇਨ੍ਹਾਂ ਨੇ ਜਦੋਂ ਵੀ ਕੋਈ ਗੱਲ ਕੀਤੀ ਤਾਂ ਸਿਆਸੀ ਮਨੋਰਥ ਨੂੰ ਮੁੱਖ ਰੱਖ ਕੇ ਹੀ ਕੀਤੀ। ਇਨ੍ਹਾਂ ਦੇ ਮਨ ਵਿੱਚ ਵੀ ਇਹੀ ਸੀ ਕਿ ਛੋਟਾ ਜਿਹਾ ਪੰਜਾਬ ਰਹਿ ਜਾਵੇਗਾ ਅਤੇ ਸਾਡੀ ਕੁਰਸੀ ਬਚ ਜਾਵੇਗੀ। ਸੋ, ਮੈਨੂੰ ਸਪੀਕਰ ਸਾਹਿਬ, ਬੜਾ ਦੁਖ ਹੈ ਕਿ ਇਸ ਹੱਸਦੇ ਹੋਏ ਪੰਜਾਬ ਨੂੰ ਕਿੰਨੀ ਭਾਰੀ ਨਜ਼ਰ ਲੱਗੀ ਅਤੇ ਕਿਸ ਤਰੀਕੇ ਨਾਲ ਸਾਡੇ ਪੰਜਾਬ ਦੇ ਮਾਸੂਮ, ਗੱਭਰੂਆਂ ਨੂੰ ਧਾਰਮਿਕ ਤੌਰ ਤੇ ਜਜ਼ਬਾਤੀ ਬਣਾ ਕੇ, ਕਿਸ ਤਰੀਕੇ ਨਾਲ ਸਿਵਿਆਂ ਦੇ ਰਾਹ ਤੋਰਿਆ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦੀ ਹਾਂ ਅਤੇ ਜੇਕਰ ਤੁਸੀਂ ਪੰਜਾਬ ਨੂੰ ਆਪਣੇ ਹਿਤੈਸ਼ੀ ਸਮਝਦੇ ਸੀ ਤਾਂ ਇਥੇ ਹੋਰ ਵੀ ਤਕਰੀਬਨ 32 ਹਜ਼ਾਰ ਬੰਦੇ ਮਰੇ ਅਤੇ ਬਾਦਲ ਸਾਹਿਬ ਨੇ ਦੱਸਿਆ ਕਿ ਇਨ੍ਹਾਂ ਦੇ ਬੰਦੇ ਵੀ ਮਰੇ। ਲੇਕਿਨ ਕੀ ਤੁਸੀਂ ਕਦੇ ਅੱਜ ਤੱਕ ਮਾਰਨ ਵਾਲੇ ਦੀ ਨਿੰਦਿਆ ਕੀਤੀ ਹੈ। ਤੁਸੀਂ ਸੰਤ ਹਰਚੰਦ ਸਿੰਘ ਨੂੰ ਵੀ ਸ਼ਹੀਦ ਕਹਿੰਦੇ ਹੋ ਅਤੇ ਉਸ ਨੂੰ ਮਾਰਨ ਵਾਲੇ ਨੂੰ ਵੀ ਸ਼ਹੀਦ ਕਹਿੰਦੇ ਹੋ। ਤੁਸੀਂ ਆਪਣਾ ਫੈਸਲਾ ਤਾਂ ਦਸ ਦਿਉ ਅਤੇ ਕਲੈਰਿਟੀ ਦੇ ਦਿਉ ਕਿ ਇਨ੍ਹਾਂ ਦੋਹਾਂ ਵਿਚੋਂ ਸ਼ਹੀਦ ਕੌਣ ਹੈ ? ਪਰ ਇਨ੍ਹਾਂ ਕੋਲੋਂ ਕਲੈਰਿਟੀ ਕਦੇ ਵੀ ਨਹੀਂ ਹੋਈ। ਸਪੀਕਰ ਸਾਹਿਬ, ਇਕ ਵਾਰੀ ਇਨ੍ਹਾਂ ਨੇ ਦੁਨੀਆਂ ਦੇ ਕੰਪਿਊਟਰ ਫੇਲ੍ਹ ਕਰ ਦਿੱਤੇ, ਇਨ੍ਹਾਂ ਮਹਾਂਰਥੀਆਂ ਨੇ। ਪਾਰਲੀਮੈਂਟ ਵਿਚ ਚੌਧਰੀ ਚਰਨ ਸਿੰਘ ਅਤੇ ਸ੍ਰੀ ਮੁਰਾਰ ਜੀ ਦੇਸਾਈ ਦੇ ਹੱਕ ਵਿੱਚ ਵੋਟਾਂ ਪਈਆਂ ਸਨ, ਜਿਸ ਤਰ੍ਹਾਂ ਇਹ ਅੱਤਵਾਦੀ

Original with;
Punjab Vidhan Sabha
Digitized by;
Panjab Digital Library

ਅਤੇ ਸ਼ਹੀਦ ਵਿਚ ਫਰਕ ਨਹੀਂ ਦਸ ਸਕੇ, ਉਥੇ ਵੀ ਵੋਟਾਂ ਪੈ ਗਈਆਂ। ਇਹ ਫੈਸਲਾ ਨਹੀਂ ਕਰ ਸਕੇ ਕਿ ਵੋਟਾਂ ਚਰਨ ਸਿੰਘ ਜਾਂ ਦੇਸਾਈ ਵਿਚੋਂ ਕਿਸ ਨੂੰ ਪਾਉਣੀਆਂ ਹਨ। ਸੋਚ ਸਾਚ ਕੇ ਦੋਹਾਂ ਪਾਸੇ ਵੋਟਾਂ ਪਾ ਆਏ। ਜਦੋਂ ਗਿਣਤੀ ਹੋਵੇ ਤਾਂ 12 ਐਮ.ਪੀ. ਵਧਣ, ਸਾਰੀ ਰਾਤ ਕੰਪਿਊਟਰ ਵਾਲਾ ਬੈਠਿਆ ਰਿਹਾ ਤੇ ਫਿਰ ਸਿੰਗਲੇ ਵਰਗੇ ਸਿਆਣੇ ਬੰਦੇ ਨੇ ਕਿਹਾ ਕਿ ਜੀ ਸਾਡੇ ਵਾਲੇ ਗਿਣ ਲਵੋ ਕਿ ਕਿੰਨੇ ਹਨ। ਸਪੀਕਰ ਸਾਹਿਬ, ਜਦੋਂ ਗਿਣਤੀ ਹੋਈ ਕਿ ਤੁਸੀਂ ਵੇਖ ਲਵੋ ਪੰਜਾਬ ਵਾਲੇ ਕਿਹੜੇ ਪਾਸੇ ਹਨ ਅਤੇ ਜਦੋਂ ਗਿਣੀਆਂ ਤਾਂ 23 ਵੋਟਾਂ ਦੋਹੀਂ ਪਾਸੇ ਪਾ ਗਏ ਇਹ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਮਾਂ ਦੇ ਪੁੱਤ। (ਹਾਸਾ)। ਇਨ੍ਹਾਂ ਦੇ ਕੋਲ ਕਲੈਰਿਟੀ ਨਹੀਂ ਸੀ, ਦੋਹਾਂ ਪਾਸੇ ਪਾ ਗਏ। ਸਪੀਕਰ ਸਾਹਿਬ, ਇਨ੍ਹਾਂ ਨੇ ਕਦੇ ਵੀ ਆਪਣੀ ਕਲੈਰਿਟੀ ਨਹੀਂ ਰੱਖੀ। ਤੁਸੀਂ ਸਾਡੇ ਤੇ ਤਾਂ ਨਾ ਕਰਦੇ, ਬੀਬੀ ਰਜਿੰਦਰ ਕੌਰ ਜੀ ਮਾਰੀ ਗਈ, ਸਾਡੇ ਅਕਾਲ ਤਖਤ ਦੇ ਜਥੇਦਾਰ ਪ੍ਰਤਾਪ ਸਿੰਘ ਜੀ ਮਾਰੇ ਗਏ। ਤੁਸੀਂ ਹੋਰ ਤਾਂ ਹੋਰ ਸਾਰੀਆਂ ਗੱਲਾਂ ਛੱਡੋ ਇੱਕ ਗੁਰ ਸਿੱਖ ਡੀ.ਆਈ.ਜੀ. ਸ਼੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿੱਚ ਮੱਥਾ ਟੇਕਣ ਗਿਆ, ਉਸ ਥਾਂ ਤੇ ਤਾਂ ਦੁਸ਼ਮਣ ਨੂੰ ਵੀ ਮਾਫ਼ ਕਰ ਦਿੰਦੇ ਹਾਂ (ਵਿਘਨ) ਇਹ ਤਾਂ ਤੁਸੀਂ ਦਸਦੇ ਰਹੇ ਹੋ। ਸਪੀਕਰ ਸਾਹਿਬ, ਉਨ੍ਹਾਂ ਨੇ ਮਾਰਿਆ ਜਿਨ੍ਹਾਂ ਦੀ ਤੁਸੀਂ ਕਦੇ ਨਿੰਦਿਆ ਨਹੀਂ ਕੀਤੀ, ਜਿਨ੍ਹਾਂ ਦੇ ਭੋਗਾਂ ਉਤੇ ਤੁਸੀਂ ਜਾਂਦੇ ਰਹੇ ਹੋ। ਜਿਨ੍ਹਾਂ ਦੇ ਭੋਗਾਂ ਉਤੇ ਤੁਸੀਂ ਜਾਂਦੇ ਰਹੇ ਹੋ ਉਨ੍ਹਾਂ ਨੇ ਮਾਰਿਆ ਸੀ ਡੀ.ਆਈ.ਜੀ. ਨੂੰ। ਉਸ ਵੇਲੇ ਉਹ ਮਾਰਿਆ ਗਿਆ ਤੇ ਦੁਨੀਆਂ ਵਿੱਚ ਇਸ ਘਟਨਾ ਨੂੰ ਸੁਣ ਕੇ ਲੋਕਾਂ ਦੇ ਦਿਲ ਹਿਲ ਗਏ ਕਿ ਇੱਕ ਗੁਰ ਸਿੱਖ ਦੇ ਹੱਥ ਵਿੱਚ ਲਈ ਹੋਈ ਪਵਿੱਤਰ ਦੇਗ ਅਤੇ ਉਹੀ ਦੇਗ ਹਰਿਮੰਦਰ ਸਾਹਿਬ ਵਿੱਚ ਖੂਨ ਦੇ ਨਾਲ ਭਿੱਜ ਗਈ ਲੇਕਿਨ ਇਨ੍ਹਾਂ ਨੇ ਫਿਰ ਵੀ ਨਿੰਦਿਆਂ ਨਹੀਂ ਕੀਤੀ। ਜਿਸ ਨੇ ਮਾਰਿਆ ਉਸ ਦੀ ਤੁਸੀਂ ਨਿੰਦਿਆ ਤਾਂ ਕਰ ਦਿੰਦੇ, ਕਿਸੇ ਨੇ ਵੀ ਮਾਰਿਆ ਆਪੇ ਪੜਤਾਲ ਹੁੰਦੀ ਫਿਰਦੀ ਲੇਕਿਨ ਇਨ੍ਹਾਂ ਨੇ ਨਿੰਦਿਆਂ ਨਹੀਂ ਕੀਤੀ। ਸਾਡੇ ਪਿਆਰੇ ਗੁਰੂਆਂ ਨੇ ਸਰਬੱਤ ਦਾ ਭਲਾ ਕਰਨ ਲਈ, ਹਿੰਦ ਦੀ ਚਾਦਰ ਬਣ ਕੇ ਵੱਖੋ ਵੱਖਰੇ ਸੂਬਿਆਂ, ਵੱਖੋ-ਵੱਖ ਜਾਤੀਆਂ ਵਿਚੋਂ ਪੰਜ ਪਿਆਰੇ ਸਾਜ ਕੇ ਕਿਹਾ ਕਿ ਇਕ ਪਹਿਰਾਵੇ ਵਿਚ ਆ ਕੇ ਅਸੀਂ ਗਰੀਬਾਂ, ਕਮਜ਼ੋਰਾਂ, ਨਿਹੱਥਿਆਂ ਦੀ ਮੱਦਦ ਕਰਾਂਗੇ। ਪਹਿਲਾਂ ਲੋਕ ਸਿੱਖੀ ਪਹਿਰਾਵੇ ਵਾਲੀ ਪੱਗੜੀ ਵਾਲੇ ਨਾਲ ਖੜ੍ਹਨਾ ਆਪਣਾ ਫਖਰ ਸਮਝਦੇ ਸੀ। ਕਹਿੰਦੇ ਸੀ, ਸਾਡੇ ਨਾਲ ਫੋਟੋ ਖਿਚਾਓ। ਪਰ ਸਾਡੇ ਇਸ ਪਹਿਰਾਵੇ ਦੀ ਕੁਝ ਗਲਤ ਅਨਸਰਾਂ ਨੇ ਗਲਤ ਵਰਤੋਂ ਕਰਕੇ ਹਰ ਸਿੱਖ ਬਾਰੇ ਦੇਸ਼ ਵਿਚ, ਦੁਨੀਆਂ ਵਿਚ ਕਹਿਣ ਲਾ ਦਿੱਤਾ ਕਿ ਇਹ ਅੱਤਵਾਦੀ ਜਾਂਦਾ ਹੈ। ਜਿਸ ਜਹਾਜ਼ ਵਿਚ ਅਸੀਂ ਬੈਠੇ ਹੁੰਦੇ, ਲੋਕ ਉਸ ਜਹਾਜ਼ ਤੋਂ ਉਤਰ ਜਾਂਦੇ। ਹੋਟਲ ਵਿਚ ਜਾਂਦੇ ਤਾਂ ਲੋਕ ਉਥੋਂ ਉਠ ਕੇ ਚਲੇ ਜਾਂਦੇ ਕਿ ਇਥੇ ਅਤਿਵਾਦੀ ਬੈਠਾ ਹੈ। ਇਹ ਪਵਿੱਤਰ ਪਹਿਰਾਵਾ ਉਨ੍ਹਾਂ ਕੁਝ ਲੋਕਾਂ ਨੇ, ਜਿਹੜੇ ਲੋਕ ਇਸ ਤਰ੍ਹਾਂ ਦੀਆ ਗੱਲਾਂ ਕਰਕੇ ਆਪਣਾ ਮੁਫਾਦ ਪੂਰਾ ਕਰਦੇ ਸੀ, ਅਤਿਵਾਦੀ ਕਹਿਣ ਲਾ ਦਿੱਤਾ। ਸਿੱਖੀ ਸਰੂਪ ਦੀ ਇਹ ਰੱਖਿਆ ਨਹੀਂ ਕਰ ਸਕੇ ਜਿਹੜਾ ਇਨ੍ਹਾਂ ਦਾ ਫਰਜ਼ ਬਣਦਾ ਸੀ। ਅੱਜ ਵੀ, ਜਿਸ ਤਰੀਕੇ ਨਾਲ ਵੀ ਆਪਣੇ ਪੰਜਾਬ ਦੇ ਜ਼ਖਮਾਂ ਤੇ ਜਿਸ ਨੇ ਪਿਛਲੇ ਦੋ ਦਹਾਕਿਆਂ ਤੱਕ ਨੁਕਸਾਨ ਝੱਲਿਆ ਹੈ, ਉਸ ਤੇ ਪੂਰਨ ਤੌਰ ਤੇ ਮੱਲ੍ਹਮ ਲਾਉਣ ਦਾ ਵਕਤ ਹੈ। ਅੱਜ ਵੀ ਅਗਰ ਸੰਜੀਦਗੀ ਨਾਲ ਚਲੀਏ, ਮੇਰੀ ਰਾਏ ਹੈ ਤੁਹਾਨੂੰ ਕਿ ਜੋ ਬੀਤਿਆ, ਉਸਨੂੰ ਭੁੱਲ ਜਾਈਏ ਤੇ ਮੈਂ ਕਹਿਣਾ ਚਾਹੁੰਦੀ ਹਾਂ ਕਿ ਰਾਸ਼ਟਰ ਦੇ, ਪੰਜਾਬ ਦੇ ਭਵਿੱਖ ਨੂੰ ਆਪਣੀਆਂ ਰਾਜਨੀਤਕ ਖੇਡਾਂ ਦਾ ਹਿੱਸਾ ਨਾ ਬਣਾਈਏ। ਮੇਰੇ ਭਰਾਵਾਂ ਨੂੰ ਪਹਿਲਾਂ ਭੁਲੇਖਾ ਸੀ। ਪਹਿਲਾਂ ਇਹ ਉਨ੍ਹਾਂ ਲੋਕਾਂ ਦੇ ਭੋਗਾਂ ਤੇ ਵੀ ਜਾਂਦੇ ਸੀ।

Original with;
Punjab Vidhan Sabha
Digitized by;
Panjab Digital Library

[ਉਪ ਮੁੱਖ ਮੰਤਰੀ]

1991 ਵਿਚ ਚੋਣ ਹੋਈ ਪਰ ਅਸੀਂ ਨਹੀਂ ਲੜੀ ਕਿਉਂਕਿ ਸਾਨੂੰ ਪਤਾ ਸੀ ਕਿ ਉਪਰਲੀ ਸਰਕਾਰ ਕੈਪੇਬਲ ਨਹੀਂ ਕਿ ਪੀਸਫੁਲ ਚੋਣ ਕਰਾ ਸਕੇ। ਇਹ ਭਰਾ ਉਨ੍ਹਾਂ ਨੂੰ ਹੀ ਥਾਪੜਾ ਦਿੰਦੇ ਰਹੇ ਜਿਨ੍ਹਾਂ ਨੇ ਬਾਅਦ ਵਿਚ ਇਨ੍ਹਾਂ ਨੂੰ ਹੀ ਰਾੜ੍ਹਨਾ ਸ਼ੁਰੂ ਕਰ ਦਿੱਤਾ, ਉਨ੍ਹਾਂ ਨੇ ਏਨੇ ਮਾਰ ਦਿੱਤੇ...... (ਵਿਘਨ) (ਸ਼ੋਰ)

**ਸਰਦਾਰ ਤੋਤਾ ਸਿੰਘ** : ਤੁਹਾਡੇ ਤਾਂ ਡਲਾ ਨਾ ਮਾਰਿਆ ਕਿਸੇ ਨੇ....(ਵਿਘਨ) (ਸ਼ੋਰ)

**ਉਪ ਮੁੱਖ ਮੰਤਰੀ** : ਫੇਰ ਸਾਡੇ ਪ੍ਰਾਈਮ ਮਨਿਸਟਰ ਸ਼੍ਰੀ ਨਰਸਿਮ੍ਹਾ ਰਾਓ ਜੀ ਨੇ ਕਿਹਾ। 1992 ਵਿਚ ਚੋਣ ਹੋਈ ਜਿਸ ਨੂੰ ਪੂਰੇ ਕੰਟਰੋਲ ਨਾਲ ਕਰਾਇਆ ਗਿਆ। (ਵਿਘਨ) ਸਾਡੇ ਵਿਚ ਜੁਰਅੱਤ ਸੀ (ਸ਼ੋਰ)।

**ਸਰਦਾਰ ਜਗਦੀਸ਼ ਸਿੰਘ ਗਰਚਾ (ਬੈਠੇ-ਬੈਠੇ)** : ਵੋਟਾਂ ਕਿੰਨੀਆਂ ਪਈਆਂ ਸਨ ? (ਵਿਘਨ)।

**ਉਪ ਮੁੱਖ ਮੰਤਰੀ** : ਜੇ ਇਨ੍ਹਾਂ ਨੂੰ ਏਨਾ ਗੁਮਾਨ ਸੀ ਕਿ ਅਸੀਂ ਬਹੁਤ ਚੰਗੇ ਕੰਮ ਕੀਤੇ ਹਨ, ਤਾਂ 1992 ਦੀਆਂ ਚੋਣਾਂ ਲੜਦੇ, ਪਤਾ ਲਗ ਜਾਂਦਾ ਇਨ੍ਹਾਂ ਨੂੰ ਕਿ ਪਾਣੀ ਕਿਹੜੇ ਪਾਸੇ ਹੈ ਤੇ ਦੁੱਧ ਕਿਹੜੇ ਪਾਸੇ ਹੈ।

**ਸਰਦਾਰ ਤੋਤਾ ਸਿੰਘ (ਬੈਠੇ-ਬੈਠੇ)** : ਐਮ.ਐਲ.ਏ. ਨਾ ਬਣ ਸਕਦੇ ਤੁਸੀਂ (ਵਿਘਨ)

**ਉਪ ਮੁੱਖ ਮੰਤਰੀ** : ਸਪੀਕਰ ਸਾਹਿਬ, ਅੱਜ ਪੂਰਾ ਦੇਸ਼, ਸਾਰੀ ਦੁਨੀਆਂ ਹੀ ਦਹਿਸ਼ਤਗਰਦੀ ਦੀ ਮਾਰ ਝੱਲ ਰਹੀ ਹੈ। ਮੈਂ ਆਪਣੇ ਸਾਰੇ ਭਰਾਵਾਂ ਨੂੰ ਕਹਿਣਾ ਚਾਹੁੰਦੀ ਹਾਂ ਕਿ ਪੂਰਾ ਵਿਸ਼ਵ ਅੱਜ ਦਹਿਸ਼ਤਗਰਦੀ ਨਾਲ ਲੜਨ ਦੀ ਪੂਰਨ ਤੌਰ ਤੇ ਤਿਆਰੀ ਕਰ ਰਿਹਾ ਹੈ। ਦਹਿਸ਼ਤਵਾਦ ਦੇ ਕਾਰਨ ਕੋਈ ਵੀ ਹੋਣ, ਮੈਂ ਕਹਿਣਾ ਚਾਹੁੰਦੀ ਹਾਂ ਕਿ –

'ਨਾ ਸੂਰਤ ਬੁਰੀ ਹੈ, ਨਾ ਸੀਰਤ ਬੁਰੀ ਹੈ, ਵਹੀ ਬੁਰਾ ਹੈ ਜਿਸਕੀ ਨੀਅਤ ਬੁਰੀ ਹੈ।'

ਅਸੀਂ ਮਾੜੇ ਲੋਕਾਂ ਦੀ ਪੂਰਨ ਤੌਰ ਤੇ ਨਿੰਦਿਆ ਕਰੀਏ, ਮਨੁੱਖਤਾ ਦੇ ਦੁਸ਼ਮਣਾਂ ਨੂੰ ਉਤਸ਼ਾਹਤ ਨਾ ਕਰੀਏ। ਮਾਨਵਤਾ ਦੇ ਦੋਸਤ ਬਣਨਾ ਹੈ ਜਾਂ ਅਤਿਵਾਦ ਦੇ ਦੋਸਤ ਬਣਨਾ ਹੈ, ਇਹ ਫੈਸਲਾ ਅਸੀਂ ਕਰਨਾ ਹੈ। ਸੁਬ੍ਹਾ ਦਾ ਭੁੱਲਿਆ ਅਗਰ ਸ਼ਾਮ ਨੂੰ ਘਰ ਆ ਜਾਵੇ ਤਾਂ ਉਹ ਭੁੱਲਿਆ ਨਹੀਂ ਹੁੰਦਾ । ਪੰਜਾਬ ਇਕੱਲਾ ਤੁਹਾਡਾ ਜਾਂ ਮੇਰਾ ਨਹੀਂ, ਇਸ ਪੰਜਾਬ ਨੇ ਹਮੇਸ਼ਾ ਆਪਣੀ ਜਾਨ ਤਲੀ ਤੇ ਧਰ ਕੇ ਦੇਸ਼ ਤੇ ਕੌਮ ਵਾਸਤੇ ਬੇਮਿਸਾਲ ਕੁਰਬਾਨੀਆਂ ਕੀਤੀਆਂ ਹਨ। ਜਲ੍ਹਿਆਂਵਾਲਾ ਬਾਗ ਦਾ ਸਾਕਾ, ਕੂਕਿਆਂ ਦਾ ਮੋਰਚਾ, ਕਿਹੜੇ ਕਿਹੜੇ ਮੋਰਚਿਆਂ ਦੇ ਮੈਂ ਨਾਂ ਲਵਾਂ। ਜਦੋਂ ਜਦੋਂ ਇਥੇ ਸਿਆਸੀ ਖੇਡਾਂ ਖੇਡੀਆਂ ਜਾਂਦੀਆਂ ਰਹੀਆਂ, ਪੰਜਾਬ ਵਿਚ ਨੁਕਸਾਨ ਹੋਇਆ। ਜਿਸ ਵੇਲੇ ਮਨਿਆਰਟੀ ਵਾਲੇ ਲੋਕਾਂ ਨੂੰ ਬੱਸਾਂ ਵਿੱਚੋਂ ਕੱਢ ਕੇ ਮਾਰਿਆ ਜਾਂਦਾ ਸੀ ਉਸ ਵੇਲੇ ਸਾਨੂੰ ਸੋਚਣਾ ਚਾਹੀਦਾ ਸੀ। ਇਹ ਨਹੀਂ ਕਹਿਣਾ ਚਾਹੀਦਾ ਸੀ ਕਿ ਇਹ ਯੂ.ਪੀ. ਦੇ ਭੱਈਏ ਹਨ। ਉਹ ਅੱਜ ਵੀ ਆਉਂਦੇ ਹਨ, ਉਨ੍ਹਾਂ ਦੇ ਪਿੱਛੇ ਪਰਿਵਾਰ, ਉਨ੍ਹਾਂ ਦੇ ਬਾਲ ਬੱਚੇ ਉਨ੍ਹਾਂ ਨੂੰ ਉਡੀਕਦੇ ਹਨ ਕਿ ਉਨ੍ਹਾਂ ਦੇ ਬਾਪ ਕਮਾ ਕੇ ਲਿਆਉਣਗੇ ਪਰ ਜਦੋਂ ਲਾਸ਼ ਘਰ ਚਲੀ ਜਾਂਦੀ ਸੀ ਤਾਂ ਸਾਰਾ ਪਰਿਵਾਰ ਕੁਰਲਾ ਉੱਠਦਾ

Original with;
Punjab Vidhan Sabha
Digitized by;
Panjab Digital Library

ਸੀ। ਇਹ ਕਹਿੰਦੇ ਸਨ ਕਿ ਇਹ ਦਾਹੜੀ ਵਾਲਾ ਨਹੀਂ ਹੈ, ਕੇਸਾਂ ਵਾਲਾ ਨਹੀਂ ਹੈ। ਇਨ੍ਹਾਂ ਨੂੰ ਮਾਰਨਾ ਹੈ। ਇਹ ਸਾਰਾ ਕੁਝ ਇਸ ਧਰਤੀ ਤੇ ਵਾਪਰਿਆ ਹੈ। ਕਦੇ ਇਹ ਨਹੀਂ ਸੋਚਿਆ ਕਿ ਜਿਥੇ ਸਾਡੇ ਪੰਜਾਬੀ ਲੋਕ ਮਨਿਆਰਟੀ ਦੇ ਵਿੱਚ ਹੋਣਗੇ ਕੀ ਉਥੇ ਇਹ ਗੱਲ ਨਹੀਂ ਵਾਪਰੇਗੀ। ਅਗਰ ਉਸ ਵਕਤ ਆਪਣੀ ਜ਼ਿੰਦਗੀ ਦੀ ਪਰਵਾਹ ਨਾ ਕਰਕੇ, ਸੱਚੇ ਸਿੱਖੀ ਸਰੂਪ ਦੀ ਪਰਵਾਹ ਵਾਲਾ ਫਰਜ਼ ਪੂਰਾ ਕਰਦੇ ਤਾਂ ਇਹ ਦਿਨ ਦੇਖਣ ਨੂੰ ਨਾ ਮਿਲਦੇ। ਅੱਜ ਅਸੀਂ ਮੱਲ੍ਹਮ ਲਾਉਣ ਵਾਲੇ ਪਾਸੇ ਤੁਰੇ ਹੋਏ ਹਾਂ, ਚਾਹੇ ਯੂ.ਪੀ. ਹੋਵੇ, ਜੰਮੂ-ਕਸ਼ਮੀਰ ਹੋਵੇ, ਪੰਜਾਬ ਵਿੱਚ ਚਾਹੇ ਹਿੰਦੂ ਹੋਵੇ, ਇਸਾਈ ਹੋਵੇ, ਮੁਸਲਮਾਨ ਹੋਵੇ, ਕੋਈ ਵੀ ਹੋਵੇ, ਬੇਕਸੂਰ ਆਦਮੀ ਨੂੰ ਮਾਰਨ ਵਾਲੇ ਦੀ ਅਸੀਂ ਨਿੰਦਾ ਕਰਦੇ ਹਾਂ। ਸਾਡੇ ਬਹੁਤ ਸਾਰੇ ਅਜਿਹੇ ਲੋਕ ਜਿਹੜੇ ਬੇਕਸੂਰ ਸੀ ਜਿਨ੍ਹਾਂ ਵਿੱਚ ਕੁਝ ਕਰਨ ਦਾ ਜਜ਼ਬਾ ਸੀ ਕਿ ਸੂਬੇ ਵਾਸਤੇ ਕੁਝ ਕਰੀਏ, ਲੋਕਾਂ ਵਾਸਤੇ ਕੁਝ ਕਰੀਏ, ਕਾਂਗਰਸ ਪਾਰਟੀ ਨੇ ਉਨ੍ਹਾਂ ਨੂੰ ਮੌਕਾ ਦਿੱਤਾ ਕਿ ਜੋ ਮੇਨ ਸਟਰੀਮ ਵਿੱਚ ਸ਼ਾਮਲ ਹੋਣਾ ਚਾਹੁੰਦਾ ਹੈ ਉਹ ਆ ਸਕਦਾ ਹੈ, ਅਸੀਂ ਉਨ੍ਹਾਂ ਨੂੰ ਲਿਆਉਣ ਲਈ ਕਾਲ ਦਿੱਤੀ। ਕਮਿਊਨਿਸਟ ਪਾਰਟੀ, ਉਦੋਂ ਇਨ੍ਹਾਂ ਦੀ ਪਾਰਟੀ ਵੀ ਨਾਲ ਸੀ ਉਸ ਵੇਲੇ ਨਿੰਦਿਆ ਕਰਦੇ ਸੀ। ਜੇਕਰ ਇਕੱਠੇ ਹੋ ਕੇ ਅੱਜ ਵੀ ਸੋਚੀਏ ਅਤੇ ਅੱਤਵਾਦ ਦੀ ਨਿੰਦਾ ਕਰੀਏ ਤਾਂ ਅਸੀਂ ਅੱਤਵਾਦ ਨੂੰ ਤਾਂ ਸੁਲਝਾ ਲਵਾਂਗੇ, ਡਿਫਰੈਂਸਿਜ਼ ਜਿਹੜੇ ਹਨ ਇਹ ਹੁੰਦੇ ਰਹਿੰਦੇ ਹਨ। ਜੇਕਰ ਅੱਤਵਾਦ ਵਿੱਚੋਂ ਸਿਆਸੀ ਲਾਹਾ ਨਹੀਂ ਲੈਣਾ ਤਾਂ ਅਸੀਂ ਸਾਰੇ ਬਚ ਸਕਦੇ ਹਾਂ। ਅਸੀਂ ਮਰ ਕੇ ਪੰਜਾਬ ਨੂੰ ਇਸ ਦੌਰ ਵਿੱਚ ਲਿਆ ਕੇ ਖੜ੍ਹਾ ਕਰ ਦਿੱਤਾ ਹੈ ਜਿਸ ਦੌਰ ਵਿੱਚ ਇਹ ਕਦੇ ਹੋਇਆ ਕਰਦਾ ਸੀ। ਇਕ ਵਾਰੀ ਦਾ ਦੁਖਾਂਤ ਸਾਡੇ ਕੋਲੋਂ ਭੁਲਾ ਨਹੀਂ ਹੋਇਆ, ਉਹ ਉਸੇ ਤਰ੍ਹਾਂ ਹੀ ਚੱਲ ਰਿਹਾ ਹੈ। ਸੋ ਇਸ ਕਰਕੇ ਮੈਂ ਜਦੋਂ ਵੀ ਏਥੇ ਮੌਕਾ ਮਿਲਿਆ.......(ਵਿਘਨ)......ਇਹ ਤਾਂ ਖੌਰੂ ਪੱਟਣਾ ਜਾਣਦੇ ਹਨ ਅਸੀਂ ਇਨ੍ਹਾਂ ਨੂੰ ਰਾਜ ਦਿੱਤਾ......(ਵਿਘਨ)

**Mr. Speaker :** No interruption please.

**ਉਪ ਮੁੱਖ ਮੰਤਰੀ** : ਰਾਜੀਵ ਜੀ ਨੇ ਕਿਹਾ ਕਿ ਜਾਓ ਜਾ ਕੇ ਰਾਜ ਕਰੋ। ਇਹ ਫਿਰ ਲੜਣ ਲੱਗ ਪਏ। ਇਸ ਹਾਊਸ ਦੀ ਕੁਰਸੀ ਦੀ ਮਰਯਾਦਾ, ਉਹ ਵੀ ਵਕਤ ਆਇਆ ਜਦੋਂ ਸਰਦਾਰ ਸੁਰਜੀਤ ਸਿੰਘ ਮਿਨਹਾਸ ਦੀ ਪੱਗ ਲਾਹ ਕੇ ਉਹ ਮਾਰੀ। ਇਹੀ ਮਹਾਂਪੁਰਖ ਅਜਿਹੇ ਕੰਮ ਕਰ ਸਕਦੇ ਹਨ, ਹੋਰ ਕੋਈ ਨਹੀਂ ਕਰ ਸਕਦਾ।......(ਵਿਘਨ)

**Mr. Speaker :** No interruption please.

**ਉਪ ਮੁੱਖ ਮੰਤਰੀ** : ਦੁਖਾਂਤ ਵਾਲੀ ਗੱਲ ਯਾਦ ਰੱਖ ਕੇ ਸਿਆਸਤ ਵੱਲ ਗੱਲ ਨਾ ਕਰੀਏ। ਕਾਂਗਰਸ ਨੇ ਕੁਰਬਾਨੀਆਂ ਵੀ ਕੀਤੀਆਂ ਹਨ, ਰਾਜ ਵੀ ਛੱਡ ਕੇ ਦਿਖਾਏ ਹਨ। ਜਿਹੜੀ ਆਰਥਿਕਤਾ ਦੀ ਗੱਡੀ ਲਾਈਨ ਤੋਂ ਇਨ੍ਹਾਂ ਮੇਰੇ ਵੀਰਾਂ ਨੇ (ਵਿਰੋਧੀ ਧਿਰਾਂ ਵੱਲ ਇਸ਼ਾਰਾ) ਲਾਹ ਦਿੱਤੀ ਸੀ ਉਹ ਸਾਡੇ ਸਿੰਗਲਾ ਸਾਹਿਬ ਨੇ ਲਾਈਨ ਤੇ ਲਿਆ ਕੇ ਦਿਖਾਈ ਹੈ। ਅਸੀਂ ਲੋਕਾਂ ਨਾਲ ਜਿੰਨੇ ਵੀ ਵਾਅਦੇ ਚੋਣਾਂ ਵਿੱਚ ਕੀਤੇ ਹਨ ਉਹ ਪੂਰੇ ਕਰਾਂਗੇ ਔਰ ਪੰਜਾਬ ਵਿੱਚ ਅਮਨ ਨੂੰ ਕੋਈ ਖਤਰਾ ਨਹੀਂ ਹੋਣ ਦਿਆਂਗੇ। ਸਾਡੀ ਜ਼ਿੰਮੇਵਾਰੀ ਹੈ ਔਰ ਅਸੀਂ ਏਥੇ ਕਾਇਮ ਰੱਖਾਂਗੇ। ਮੈਂ ਇਨ੍ਹਾਂ ਲਫਜ਼ਾਂ ਨਾਲ ਕਿ ਅੱਜ ਅਸੀਂ ਇਸ ਤੋਂ ਕੁਝ ਸਿੱਖ ਕੇ ਜਾਈਏ, ਜੇਕਰ ਪਿਛਲੇ ਸਮੇਂ ਵਿੱਚ ਕੋਈ ਗਲਤੀਆਂ ਹੋ ਗਈਆਂ ਹਨ ਤਾਂ ਆਪਣੇ ਆਪ ਨੂੰ ਦਰੁਸਤ ਕਰੀਏ, ਇਨ੍ਹਾਂ ਲਫਜ਼ਾਂ ਨਾਲ ਮੈਂ ਆਪਣਾ ਸਥਾਨ ਲੈਂਦੀ ਹਾਂ।

Original with;
Punjab Vidhan Sabha
Digitized by;
Panjab Digital Library

(ਇਸ ਵਕਤ ਸਰਦਾਰ ਬਲਵਿੰਦਰ ਸਿੰਘ ਭੂੰਦੜ ਕੁਝ ਬੋਲਣ ਲਈ ਆਪਣੀ ਸੀਟ ਤੇ ਖੜ੍ਹੇ ਸਨ।)

**ਮਾਨਯੋਗ ਸਪੀਕਰ** : ਭੂੰਦੜ ਸਾਹਿਬ, ਕੀ ਤੁਸੀਂ ਬਾਦਲ ਸਾਹਿਬ ਤੋਂ ਬਾਅਦ ਵੀ ਕੁਝ ਬੋਲਣਾ ਚਾਹੁੰਦੇ ਹੋ ?

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਕਿਉਂਕਿ ਹੁਣ ਏਧਰੋਂ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਤਿੰਨ ਚਾਰ ਮੈਂਬਰ ਬੋਲ ਗਏ ਹਨ, ਇਸ ਲਈ ਸਾਨੂੰ ਵੀ ਥੋੜ੍ਹਾ ਜਿਹਾ ਟਾਈਮ ਦੇ ਦਿਓ।

**ਮਾਨਯੋਗ ਸਪੀਕਰ** : ਦੇਖ ਲਓ। ਵੈਸੇ ਪਾਰਟੀ ਦੇ ਲੀਡਰ ਤੋਂ ਬਾਅਦ ਫਿਰ ਬੋਲਣ ਦੀ ਲੋੜ ਤਾਂ ਨਹੀਂ ਰਹਿ ਜਾਂਦੀ। ਮਰਯਾਦਾ ਤਾਂ ਇਹੀ ਹੈ।

**ਵਿੱਤ ਤੇ ਯੋਜਨਾ ਅਤੇ ਸੰਸਥਾਈ ਵਿੱਤ ਅਤੇ ਬੈਂਕਿੰਗ ਮੰਤਰੀ** : ** ** **

**Mr. Speaker :** No Point of Order.

**ਸਰਦਾਰ ਬਲਵਿੰਦਰ ਸਿੰਘ ਭੂੰਦੜ (ਸਰਦੂਲਗੜ੍ਹ)** : ਸਪੀਕਰ ਸਾਹਿਬ, ਇਹ ਗੱਲ ਤਾਂ ਠੀਕ ਹੈ ਕਿ ਲੀਡਰ ਸਾਹਿਬ ਤੋਂ ਬਾਅਦ ਬੋਲਣਾ ਨਹੀਂ ਚਾਹੀਦਾ। ਅਸੀਂ ਸਮਝਦੇ ਵੀ ਹਾਂ। ਲੇਕਿਨ ਸਾਡੇ ਲੀਡਰ ਸਾਹਿਬ ਦੇ ਬੋਲਣ ਤੋਂ ਬਾਅਦ 3-4 ਬੁਲਾਰੇ ਸਰਕਾਰੀ ਬੈਂਚਾਂ ਵਲੋਂ ਬੋਲ ਗਏ ਹਨ। ਜੇਕਰ ਮੈਂ ਵੀ 15 ਕੁ ਮਿੰਟ ਬੋਲ ਲਵਾਂਗਾ ਤਾਂ ਕੋਈ ਹਰਜ਼ ਨਹੀਂ।

**ਮਾਨਯੋਗ ਸਪੀਕਰ** : ਅੱਛਾ, ਕਿੰਨਾ ਕੁ ਟਾਈਮ ਲਵੋਗੇ ?

**ਸਰਦਾਰ ਬਲਵਿੰਦਰ ਸਿੰਘ ਭੂੰਦੜ** : 30 ਕੁ ਮਿੰਟ ਤਾਂ ਲਗ ਹੀ ਜਾਣਗੇ।

**ਮਾਨਯੋਗ ਸਪੀਕਰ** : ਨਹੀਂ, 15 ਮਿੰਟ ਕਾਫੀ ਹਨ ਅਤੇ ਰੈਲੇਵੈਂਟ ਬੋਲਣਾ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਅੱਜ ਇਸ ਪੁਆਇੰਟ ਤੇ ਇਸ ਪਵਿੱਤਰ ਹਾਊਸ ਵਿਚ ਆਪਾਂ ਬਹਿਸ ਕਰ ਰਹੇ ਹਾਂ, ਇਹ ਸਾਡੇ ਪੰਜਾਬ ਵਾਸਤੇ ਵੀ ਬਹੁਤ ਅਹਿਮ ਹੈ ਅਤੇ ਦੇਸ਼ ਵਾਸਤੇ ਵੀ ਬਹੁਤ ਅਹਿਮ ਹੈ। ਕਿਉਂਜੋਂ ਪੰਜਾਬ ਇਕ ਐਸਾ ਸੂਬਾ ਹੈ, ਜਿਸ ਨੂੰ ਦੇਸ਼ ਦੀ ਖੜਗਭੁਜਾ ਮੰਨਿਆ ਗਿਆ ਹੈ। ਭਾਵੇਂ ਡਿਫੈਂਸ ਦੇ ਐਂਗਲ ਤੋਂ ਹੋਵੇ ਅਤੇ ਭਾਵੇਂ ਅਨਾਜ ਦੇ ਐਂਗਲ ਤੋਂ ਹੋਵੇ, ਹਰ ਐਂਗਲ ਤੋਂ ਪੰਜਾਬ ਇਕ ਨੰਬਰ ਤੇ ਆਉਂਦਾ ਹੈ। ਅਸੀਂ ਇਕ ਦੂਜੇ ਉਪਰ ਦੋਸ਼ ਤਾਂ ਲਗਾਉਂਦੇ ਹਾਂ ਪਰ ਇਹ ਅਫ਼ਸੋਸ ਹੈ ਕਿ ਸਮਝਣ ਦੀ ਬਜਾਏ ਇਹ ਯਤਨ ਹੁੰਦਾ ਹੈ ਕਿ ਘੱਟ ਗਿਣਤੀ ਦੀ ਗੱਲ ਨੂੰ ਕੱਟ ਦੇਈਏ ਅਤੇ ਆਪਣੀ ਗੱਲ ਨੂੰ ਰਿਕਾਰਡ ਕਰਵਾ ਦੇਈਏ। ਪੰਜਾਬ, ਪੰਜ ਆਬਾਂ ਦੀ ਧਰਤੀ ਹੈ। ਜਿਥੇ ਇਹ ਪੰਜ ਆਬਾਂ ਦੀ ਧਰਤੀ ਹੈ ਉਥੇ ਪੰਜਾਬ ਸਾਰਾ ਜਿਊਂਦਾ ਗੁਰਾਂ ਦੇ ਨਾਂ ਤੇ ਹੈ। ਜਿਥੇ ਇਥੇ ਪੰਜ-ਆਬਾਂ ਨੂੰ ਯਾਦ ਕੀਤਾ ਜਾਂਦਾ ਹੈ ਉਥੇ ਗੁਰੂਆਂ ਨੂੰ ਵੀ ਯਾਦ ਕੀਤਾ ਜਾਂਦਾ ਹੈ, ਰਿਸ਼ੀਆਂ-ਮੁਨੀਆਂ ਨੂੰ ਵੀ ਯਾਦ ਕੀਤਾ ਜਾਂਦਾ ਹੈ। ਜਿਸ ਧਰਤੀ ਉਤੇ ਗੁਰੂ ਨਾਨਕ ਦੇਵ

** Expunged as ordered by the Chair.

Original with;
Punjab Vidhan Sabha
Digitized by;
Panjab Digital Library

ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਵਰਗੇ ਪੈਦਾ ਹੋਏ ਹੋਣ, ਜਿਥੋਂ ਦੇ ਵਸਨੀਕ ਗੁਰੂਆਂ ਦੇ ਸਿਧਾਂਤ ਤੇ ਫਿਲਾਸਫੀ ਨੂੰ ਮੰਨਣ ਵਾਲੇ ਹੋਣ, ਉਥੇ ਇਹ ਕੋਈ ਸੋਚ ਵੀ ਕਿਵੇਂ ਸਕਦਾ ਹੈ ਕਿ ਕਿਸੇ ਗਰੀਬ ਨੂੰ, ਬੇਗੁਨਾਹ ਨੂੰ ਮਾਰਿਆ ਜਾਵੇ। ਇਸ ਬਾਰੇ ਤਾਂ ਸੋਚਿਆ ਵੀ ਨਹੀਂ ਜਾ ਸਕਦਾ। ਲੇਕਿਨ ਅਫ਼ਸੋਸ ਦੀ ਗੱਲ ਹੈ ਕਿ ਅੱਜ ਸ਼੍ਰੋਮਣੀ ਅਕਾਲੀ ਦਲ ਜੋ ਹਮੇਸ਼ਾ ਦੇਸ਼ ਦੇ ਹਿੱਤਾਂ ਲਈ ਕੁਰਬਾਨੀਆਂ ਕਰਦਾ ਆਇਆ ਹੈ, ਭਾਵੇਂ ਉਹ ਮੁਗਲਾਂ ਦਾ ਵੇਲਾ ਹੋਵੇ, ਭਾਵੇਂ ਅੰਗਰੇਜ਼ਾਂ ਦਾ ਵੇਲਾ ਹੋਵੇ ਅਤੇ ਭਾਵੇਂ ਅਜ਼ਾਦੀ ਤੋਂ ਬਾਅਦ ਦਾ ਸਮਾਂ ਹੋਵੇ........

**ਮਾਨਯੋਗ ਸਪੀਕਰ** : ਇਹ ਤਾਂ ਬਾਦਲ ਸਾਹਿਬ ਕਹਿ ਚੁੱਕੇ ਹਨ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੈਂ ਕੋਈ ਲੰਮੀ ਗੱਲ ਨਹੀਂ ਕਰਨੀ। ਬੜਾ ਹੀ ਸ਼ਾਰਟ ਵਿਚ ਬੋਲਾਂਗਾ। ਭਾਵੇਂ ਉਹ ਪਾਕਿਸਤਾਨ ਦੀਆਂ ਜੰਗਾਂ ਹੋਣ, ਭਾਵੇਂ ਐਮਰਜੰਸੀ ਦਾ ਮੋਰਚਾ ਹੋਵੇ ਭਾਵ ਜਦੋਂ ਵੀ ਕੁਰਬਾਨੀਆਂ ਦੇਣ ਦੀ ਲੋੜ ਪਈ ਤਾਂ ਦੇਸ਼ ਦੇ ਹੱਕਾਂ ਵਾਸਤੇ, ਪੰਜਾਬ ਦੇ ਹੱਕਾਂ ਵਾਸਤੇ ਹਰ ਮੋਰਚੇ ਉਤੇ, ਹਰ ਸਮੇਂ ਸ਼੍ਰੋਮਣੀ ਅਕਾਲੀ ਦਲ ਬੜੇ ਹੀ ਸ਼ਾਂਤਮਈ ਤਰੀਕੇ ਨਾਲ ਚਲਦਾ ਰਿਹਾ ਹੈ, ਕਦੇ ਵੀ ਨਹੀਂ ਭੜਕਿਆ। ਭਾਵੇਂ ਸਿੰਘਾਂ ਦੇ ਸਿਰਾਂ ਤੋਂ ਘੋੜਿਆਂ ਨੂੰ ਦੌੜਾਇਆ ਗਿਆ, ਭਾਵੇਂ ਕੇਸਾਂ ਤੋਂ ਫੜ੍ਹ ਕੇ ਘੜੀਸਿਆ ਗਿਆ, ਭਾਵ ਹਰ ਮੌਕੇ ਉਤੇ ਸ਼ਾਂਤਮਈ ਤਰੀਕੇ ਨਾਲ ਹੀ ਲੜਾਈ ਲੜੀ। ਲੇਕਿਨ ਅਫ਼ਸੋਸ ਹੈ ਕਿ ਇੰਨੀ ਵੱਡੀ ਬਹਾਦਰ ਅਤੇ ਸੂਰਮਿਆਂ ਦੀ ਕੌਮ ਬਾਰੇ ਅੱਜ ਤਰ੍ਹਾਂ-ਤਰ੍ਹਾਂ ਦੀਆ ਗੱਲਾਂ ਕੀਤੀਆਂ ਜਾ ਰਹੀਆਂ ਹਨ। ਪੰਜਾਬ ਦੇ ਵਿਚ ਜੋ ਅਸਲੀ ਵਜ੍ਹਾ ਹੈ, ਜੋ ਕੁਝ ਕਾਜ ਹੈ ਉਹ ਅਜ਼ਾਦੀ ਤੋਂ ਬਾਅਦ ਦਾ ਹੀ ਹੈ...........

**ਮਾਨਯੋਗ ਸਪੀਕਰ** : ਇਹ ਗੱਲ ਵੀ ਬਾਦਲ ਸਾਹਿਬ ਕਹਿ ਚੁੱਕੇ ਹਨ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੈਂ ਬਿਲਕੁਲ ਸੰਖੇਪ ਵਿੱਚ ਗੱਲ ਕਹਾਂਗਾ। ਕੇਵਲ ਇਕ-ਇਕ ਲਾਈਨ ਵਿਚ ਹੀ। ਜਦੋਂ ਦੇਸ਼ ਵਿਚ ਜ਼ਬਾਨ ਦੇ ਅਧਾਰ ਤੇ ਸੂਬੇ ਬਣਾਏ ਗਏ। ਉਥੇ ਹੀ ਪੰਜਾਬੀ ਜ਼ਬਾਨ ਲਈ ਵੀ ਪੰਜਾਬੀ ਸੂਬਾ ਬਣਾਇਆ ਗਿਆ। ਅਸਲੀ ਲੜਾਈ ਪੰਜਾਬੀ ਸੂਬਾ ਬਣਨ ਤੋਂ ਬਾਅਦ ਹੀ ਸ਼ੁਰੂ ਹੋਈ। ਪੰਜਾਬੀ ਸੂਬਾ ਤਾਂ ਬਣ ਗਿਆ ਲੇਕਿਨ ਜਿਸ ਤਰ੍ਹਾਂ ਬੀਬੀ ਭੱਠਲ ਜੀ ਨੇ ਵੀ ਕਿਹਾ ਹੈ, ਮੈਂ ਉਨ੍ਹਾਂ ਦੇ ਪੁਆਇੰਟ ਨਾਲ ਹੀ ਕਹਿਣਾ ਚਾਹਾਂਗਾ ਕਿ ਪੰਜਾਬੀ ਸੂਬਾ ਠੀਕ ਨਹੀਂ ਬਣਾਇਆ ਗਿਆ। ਅਸੀਂ ਵੀ ਇਹੋ ਹੀ ਕਹਿੰਦੇ ਹਾਂ ਕਿ ਪੰਜਾਬੀ ਸੂਬਾ ਠੀਕ ਨਹੀਂ ਬਣਾਇਆ ਗਿਆ। ਪੰਜਾਬੀ ਸੂਬਾ ਬਣਾਉਣ ਦੇ ਨਾਲ ਹੀ ਹੋਰ ਪੰਗੇ ਖੜ੍ਹੇ ਕਰ ਦਿੱਤੇ ਗਏ। ਚਾਹੇ ਉਹ ਰਾਜਧਾਨੀ ਦਾ ਮਸਲਾ ਸੀ, ਚਾਹੇ ਪਾਣੀਆਂ ਦਾ ਮਸਲਾ ਸੀ, ਚਾਹੇ ਪੰਜਾਬੀ ਬੋਲਦੇ ਇਲਾਕਿਆਂ ਦਾ ਮਸਲਾ ਸੀ....

**ਮਾਨਯੋਗ ਸਪੀਕਰ** : ਇਹ ਵੀ ਸਭ ਆ ਚੁੱਕਾ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੈਂ ਤਾਂ ਆਪ ਹੀ ਬਹੁਤ ਹੀ ਘੱਟ ਬੋਲਦਾ ਹਾਂ। ਮੈਨੂੰ ਗੱਲ ਤਾਂ ਕਹਿ ਲੈਣ ਦਿਓ। ਤੁਸੀਂ ਤਾਂ ਮੈਨੂੰ ਕੱਟੀ ਜਾਂਦੇ ਹੋ।

**ਮਾਨਯੋਗ ਸਪੀਕਰ** : ਨਹੀਂ ਕੱਟਦਾ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਜਦੋਂ ਮੈਂ ਇਰਰੈਲੇਵੈਂਟ ਹੋਵਾਂਗਾ ਤਾਂ ਤੁਸੀਂ ਮੈਨੂੰ ਰੋਕ ਦੇਣਾ। ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਐਮਰਜੰਸੀ ਦੀ ਲੜਾਈ ਲੜੀ। ਬਾਕੀ ਤਾਂ ਸਾਰਾ ਨੇਸ਼ਨ ਚੁੱਪ ਕਰਕੇ ਬੈਠ ਗਿਆ। ਕੇਵਲ ਸ਼੍ਰੋਮਣੀ ਅਕਾਲੀ ਦਲ ਨੇ ਬਕਾਇਦਾ ਇਸ ਦੇ ਖਿਲਾਫ਼ ਮੋਰਚਾ ਲਗਾਇਆ। 45000 ਵਰਕਰਾਂ ਨੇ ਗ੍ਰਿਫਤਾਰੀ ਦਿੱਤੀ ਅਤੇ ਜੇਲ੍ਹਾਂ ਭਰੀਆਂ। ਫਿਰ ਵੀ ਐਮਰਜੰਸੀ ਨਾ ਉਠਾਈ ਗਈ। ਅਕਾਲੀ ਦਲ ਲੜਦਾ ਰਿਹਾ ਜਿਸ ਕਾਰਨ ਦੇਸ਼ ਤੇ ਜੋ ਪਾਰਟੀ ਰਾਜ ਕਰਦੀ ਸੀ, ਕਾਂਗਰਸ ਪਾਰਟੀ, ਉਸਨੇ ਸੋਚਿਆ ਕਿ ਇਹ ਛੋਟੀ ਜਿਹੀ ਕੌਮ ਹੈ ਜਿਹੜੀ ਕਿ ਲੜਦੀ ਹੈ, ਇਸਦੀ ਰੜਕ ਕੱਢਣ ਵਾਸਤੇ ਇਹ ਫੈਸਲਾ ਹੋਇਆ ਅਤੇ ਅਨੰਦਪੁਰ ਸਾਹਿਬ ਦੇ ਮਤੇ ਦੇ ਨਾਮ ਤੇ ਕਾਂਗਰਸ ਪਾਰਟੀ ਵੱਲੋਂ ਅਕਾਲੀ ਦਲ ਨੂੰ ਬਦਨਾਮ ਕਰਨਾ ਚਾਹਿਆ। ਅਨੰਦਪੁਰ ਸਾਹਿਬ ਦਾ ਜਿਹੜਾ ਮਤਾ ਸੀ, ਉਸਦੇ ਬਾਰੇ ਤਾਂ ਮੈਂ ਬਾਅਦ ਵਿੱਚ ਗੱਲ ਕਰਾਂਗਾ। ਸਰ, ਮੈਂ to the point ਗੱਲ ਕਰਨੀ ਚਾਹੁੰਦਾ ਹਾਂ। ਸਪੀਕਰ ਸਾਹਿਬ, ਕਿਤਾਬਾਂ ਤਾਂ ਬਹੁਤ ਛਪੀਆਂ ਹਨ ਪਰ ਦੋ ਕਿਤਾਬਾਂ ਜਿਨ੍ਹਾਂ ਵਿੱਚ ਪੰਜਾਬੀ ਸੂਬੇ ਅਤੇ ਪੰਜਾਬੀ ਮੋਰਚੇ ਦਾ ਜ਼ਿਕਰ ਕੀਤਾ ਗਿਆ ਹੈ, ਮੈਂ ਉਨ੍ਹਾਂ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਉਨ੍ਹਾਂ ਵਿਚੋਂ ਇਕ ਸਰਦਾਰ ਤੇਜਾ ਸਿੰਘ ਨੇ ਲਿਖੀ ਹੈ ਜਿਸ ਨੇ ਅੰਗਰੇਜ਼ਾਂ ਦੇ ਜ਼ਮਾਨੇ ਦਾ ਜ਼ਿਕਰ ਕਰਕੇ ਲਿਖਿਆ ਹੈ ਅਤੇ ਅੱਜ ਵੀ ਉਹ ਅਥੈਂਟੀਕੇਟ ਮੰਨੀ ਜਾਂਦੀ ਹੈ। ਸ਼੍ਰੀ ਐਨ.ਕੇ. ਧਰ ਅਤੇ ਮਨਜਮਨ ਨੇ ਲਿਖਿਆ ਹੈ ਜੋ ਕਿ ਗੌਰਮਿੰਟ ਇੰਪਲਾਈ ਸਨ। ਐਨ.ਕੇ. ਧਰ ਦੀ ਲਿਖਤ ਬਾਰੇ ਮੈਂ ਪੁਆਇੰਟਵਾਈਜ਼ ਗੱਲ ਕਰਾਂਗਾ। Now about "Emergency and Akali Struggle".ਅਸੀਂ 45 ਹਜ਼ਾਰ ਬੰਦਾ ਅਰੈਸਟ ਕਰਵਾਇਆ from that day Indira Gandhi wanted to teach Akalis a lesson. Then "Constitution of Akali Dal".

**ਮਾਨਯੋਗ ਸਪੀਕਰ** : ਇਹ ਗੱਲ ਤਾਂ ਪਹਿਲਾਂ ਬਾਦਲ ਸਾਹਿਬ ਕਹਿ ਚੁੱਕੇ ਹਨ। ਤੁਸੀਂ ਰੈਪੀਟੀਸ਼ਨ ਨਾ ਕਰੋ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮੈਨੂੰ ਕਹਿਣ ਤਾਂ ਦਿਓ।

**ਮਾਨਯੋਗ ਸਪੀਕਰ** : ਡੀਬੇਟ ਦੇ ਵਿੱਚ ਰੈਪੀਟੀਸ਼ਨ ਨਾ ਕਰੋ, ਕੋਈ ਨਵੀਂ ਗੱਲ ਹੈ ਤਾਂ ਕਰੋ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮੈਂ ਤੁਹਾਨੂੰ ਡੀਟੇਲ ਵਿੱਚ ਦੱਸਦਾ ਹਾਂ ਕਿ 1978 ਵਿੱਚ ਦਲ ਖਾਲਸਾ ਦੀ ਸਥਾਪਨਾ ਹੋਈ, ਉਸਨੂੰ ਤਿਵਾੜੀ ਨੇ ਬਣਾਇਆ ਸੀ ਅਤੇ ਉਸਦੇ ਲੜਕੇ ਨੂੰ ਲੁਧਿਆਣੇ ਤੋਂ ਟਿਕਟ ਦਿੱਤੀ ਗਈ।

**ਮਾਨਯੋਗ ਸਪੀਕਰ** : ਇਹ ਗੱਲ ਤਾਂ ਪਹਿਲਾਂ ਆ ਗਈ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਚਲੋ ਜਿਹੜੀਆਂ ਗੱਲਾਂ ਬਾਦਲ ਸਾਹਿਬ ਨੇ ਨਹੀਂ ਕਹੀਆਂ ਉਹ ਕਹਿ ਦਿੰਦਾ ਹਾਂ। ਸਿੱਖ ਐਜੂਕੇਸ਼ਨ ਕਾਨਫਰੰਸ, 1981. This Conference was organised by organisation mostly opposed to Akali hardliners like Ganga Singh Dhillon, Dr. Sohan Singh, former Director, Health and father of S.S. Boperoi presently V.C. of Punjab University, Patiala propagated Khalistan in the Conference. No action was taken by the Darbara Singh Ministry. A demand for associated membership of the United Nations was raised but still not action was taken. ਫਿਰ ਸਿੱਖ ਐਜੂਕੇਸ਼ਨ ਕਾਨਫਰੰਸ ਦਿੱਲੀ ਵਿੱਚ

Original with;
Punjab Vidhan Sabha
Digitized by;
Panjab Digital Library

ਕਰਵਾਈ ਗਈ। ਫਿਰ ਨੈਸ਼ਨਲ ਕੌਂਸਲ ਆਫ ਖਾਲਿਸਤਾਨ was formed in 1982. Jagjit Singh Chauhan formed National Council of Khalistan and became its President and managed to leave India even after his Passport was cancelled. In U.S.A. and U.K. he started issuing Khalistan Passports, currency and postal stamp. Interesting fact is that Chauhan was the Finance Minister in the Congress supported Lachhman Singh Government Ministry. Most interesting thing is that he returned to Punjab since Congress Government came to power and lived a good life in Mohali for all his anti India and separatist activities. How he is allowed to go scot free. ਅੱਗੇ ਆ ਜਾਓ 1980 ਜਿਹੜੀ ਰਾਈਜ਼ ਆਫ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ, ਇਹ ਕਦੋਂ ਹੋਈ ਹੈ, ਮਾਰਚ, 1981 During SGPC elections, Congress supported the candidate. Then in 1980, during Lok Sabha Elections, he supported Congress candidates R.L. Bhatia, Gurdial Singh Dhillon and Mrs. Bhinder.

**ਮਾਨਯੋਗ ਸਪੀਕਰ** : ਪਿੱਛੇ ਨੂੰ ਜਾ ਰਹੇ ਹੋ ?

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਉਸ ਵੇਲੇ ਖੂਨ ਖਰਾਬਾ ਹੋਇਆ। ਇਹ ਦੇਣ ਜਵਾਬ। In September, 1981, at Chowk Mehta, he setup his own time for courting arrest in a murder case.

**ਮਾਨਯੋਗ ਸਪੀਕਰ** : ਇਹ ਤਾਂ ਸਾਰੀ ਗੱਲ ਆ ਚੁੱਕੀ ਹੈ। ਬਾਦਲ ਸਾਹਿਬ ਨੇ ਕਿਹਾ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : 19 ਅਗਸਤ, 1981 ਨੂੰ ਲਾਲਾ ਜਗਤ ਨਰਾਇਣ ਦਾ ਮਰਡਰ ਹੋਇਆ। ਆਪਣੇ ਆਪ ਇਨ੍ਹਾਂ ਨੇ ਟਾਈਮ ਸੈੱਟ ਕੀਤਾ। ਉਸ ਵੇਲੇ ਗਿਆਨੀ ਜ਼ੈਲ ਸਿੰਘ ਹੋਮ ਮਨਿਸਟਰ ਸਨ। ਉਹ ਪੈਰੀ ਹੱਥ ਲਗਾ ਰਹੇ ਹਨ। ਇਹ ਸਾਰਾ ਐਨ.ਕੇ. ਧਰ ਨੇ ਲਿਖਿਆ ਹੈ। (ਵਿਘਨ)

**ਖੁਰਾਕ ਤੇ ਸਪਲਾਈ ਮੰਤਰੀ (ਸ਼੍ਰੀ ਅਵਤਾਰ ਹੈਨਰੀ)** : ** ** **

**ਮਾਨਯੋਗ ਸਪੀਕਰ** : ਇਹ ਪੁਆਇੰਟ ਆਫ ਆਰਡਰ ਨਹੀਂ ਹੈ। (ਵਿਘਨ) ਹੈਨਰੀ ਜੀ ਬੈਠ ਜਾਓ। (ਵਿਘਨ) ਤੁਸੀਂ ਟਾਈਮ ਲੈ ਕੇ ਬੋਲ ਲੈਣਾ ਲੇਕਿਨ ਹੁਣ ਇਨ੍ਹਾਂ ਨੂੰ ਬੋਲਣ ਦਿਓ। ਤੁਸੀਂ ਇੰਟਰਪੱਟ ਨਾ ਕਰੋ। ਸੀ.ਐਮ. ਸਾਹਿਬ ਨੇ ਵੀ ਬੋਲਣਾ ਹੈ। ਬੈਠ ਜਾਓ । ਹਾਂ ਜੀ, ਭੂੰਦੜ ਸਾਹਿਬ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਜੋ ਬੀਬੀ ਜੀ ਨੇ ਕਿਹਾ ਹੈ, ਡੀ.ਆਈ.ਜੀ. ਅਟਵਾਲ ਦੇ ਮਰਡਰ ਬਾਰੇ। ਕੋਈ ਐਕਸ਼ਨ ਨਹੀਂ ਲਿਆ ਗਿਆ ਔਰ 30 ਅਪ੍ਰੈਲ, 1984 ਤੋਂ ਇੱਕ ਮਹੀਨੇ ਬਾਅਦ ਬਲਿਊ ਸਟਾਰ ਅਪਰੇਸ਼ਨ ਹੋਇਆ। Rajiv Gandhi as General Secretary of AICC replied to a question about 'Saint' that he is a religious person and has not joined any political front so far. Further N.k. Dhar's book writes Giani Zail Singh declares 'Bhindrawale' innocent.

** Expunged as ordered by the Chair.

Original with;
Punjab Vidhan Sabha
Digitized by;
Punjab Digital Library

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਉਸ ਤੋਂ ਅੱਗੇ ਆ ਜਾਓ। (ਸ਼ੇਮ ਸ਼ੇਮ ਦੀਆਂ ਅਵਾਜ਼ਾਂ) As per N.K. Dhar's book :

> "The Home Minister spurred the district authorities to issue arms licence to the followers of Jarnail Singh, which were later used in criminal activities.Zail Singh was not satisfied with the ministerial berth in Delhi. He incited the Bhindranwale extremists against the Indira, Congress Chief Minister Darbara Singh, who had gathered courage to arrest the errant priest from Chowk Mehta gurdwara on 20th September. Zail Singh had certified the innocence of Jarnail Singh on the floor of the Parliament when he was released from custody on 14th October, 1981."

ਉਸ ਤੋਂ ਬਾਅਦ ਰੋਡੇ ਆ ਗਿਆ। 337 ਪੈਰਾ ਪੜ੍ਹੋ। "More arms for Jasbir Singh Rode." Further "Still more arms" (Para 2 of Page 338)

ਫਿਰ ਰੋਡੇ ਲਈ ਐਮੂਨੀਸ਼ਨ ਭੇਜਿਆ ਗਿਆ। ਇਹ ਸਾਰੀ ਬੁੱਕ ਪੜ੍ਹ ਲਓ। ਫਿਰ ਕਲਿਆਣ ਸਿੰਘ ਰੁਦਰਾ, ਸੀ.ਬੀ.ਆਈ. ਦਾ ਡਾਇਰੈਕਟਰ, ਉਸ ਨੇ ਕਣਕ ਦੀਆਂ ਬੋਰੀਆਂ ਵਿੱਚ ਰਾਈਫਲਾਂ ਭੇਜੀਆਂ। ਇਹ ਹਾਲਾਤ ਰਹੇ। ਇਹ ਸਾਡੇ ਤੇ ਅਟੈਕ ਕਰ ਰਹੇ ਹਨ। (ਵਿਘਨ)

**ਮਾਨਯੋਗ ਸਪੀਕਰ** : ਤੁਸੀਂ ਹੁਣ ਕਨਕਲੂਡ ਕਰੋ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਫਿਰ ਪੇਜ਼ 324 ਤੇ ਲਿਖਿਆ ਹੈ, ਗਿਆਨੀ ਜ਼ੈਲ ਸਿੰਘ, ਬੂਟਾ ਸਿੰਘ ਨੂੰ ਅੱਗੇ ਲੈ ਕੇ ਆਏ। ਮੈਂ ਧਰ ਸਾਹਿਬ ਦੀ ਬੁੱਕ ਕੋਟ ਕਰ ਰਿਹਾ ਹਾਂ। ਪੇਜ਼ 324 ਵਿੱਚ ਕਿਹਾ ਹੈ ਕਿ ਇਹ ਸਮਝ ਨਹੀਂ ਸਕੇ ਕਿ ਪਾਕਿਸਤਾਨ ਵੀ ਖੇਡ ਖੇਡ ਰਿਹਾ ਹੈ ਔਰ ਇਸ ਤਰ੍ਹਾਂ ਦੀ ਖੇਡ ਇਹ ਖੇਡ ਰਹੇ ਹਨ। ਇਸ ਕਰਕੇ ਇਹੋ ਜਿਹੇ ਹਾਲਾਤ ਬਣੇ। ਉਸ ਨੇ ਅੱਗੇ ਲਿਖਿਆ ਹੈ ਕਿ ਇਹੋ ਜਿਹੇ ਕਾਰਨ ਮਦਦਗਾਰ ਸਾਬਤ ਹੋਏ ਔਰ ਸਰਕਾਰ ਦੀ ਪ੍ਰਮੁੱਖ ਅੱਤਵਾਦੀਆਂ ਨਾਲ ਮੀਟਿੰਗ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਚੌਂਕ ਮਹਿਤਾ ਵਿੱਚ ਮਿਤੀ 5 ਅਪ੍ਰੈਲ, 1986 ਨੂੰ ਹੋਈ ਜਿਸ ਦੀ ਪ੍ਰਧਾਨਗੀ ਬਾਬਾ ਠਾਕੁਰ ਸਿੰਘ ਨੇ ਕੀਤੀ। ਫਿਰ ਮਿਤੀ 29 ਅਪ੍ਰੈਲ, 1986 ਨੂੰ ਪੰਥਕ ਕਮੇਟੀ ਨੇ ਖਾਲਿਸਤਾਨ ਦਾ ਐਲਾਨ ਕੀਤਾ ਜਿਸ ਵਿਚ ਸਰਦਾਰ ਸੋਹਣ ਸਿੰਘ ਨੇ ਹਿੱਸਾ ਲਿਆ ਤਾਂ ਕਿ ਅਕਾਲੀ ਸਰਕਾਰ ਨੂੰ ਫੇਲ੍ਹ ਕੀਤਾ ਜਾ ਸਕੇ। ਹੁਣ ਐਨ.ਕੇ. ਧਰ ਦੀ ਬੁੱਕ ਦੇ ਪੇਜ਼ 322 ਪੰਨੇ ਤੇ ਆ ਜਾਓ.....

**ਮਾਨਯੋਗ ਸਪੀਕਰ** : ਤੁਸੀਂ ਕਿਤਾਬ ਹੀ ਹਾਊਸ ਦੀ ਟੇਬਲ ਤੇ ਰੱਖ ਦਿਓ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮੈਂ ਇਹ ਬੁੱਕ ਕੋਟ ਕਰ ਰਿਹਾ ਹਾਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਆਹ ਜੋ ਦੋ ਗੱਲਾਂ......(ਵਿਘਨ).......(ਸ਼ੋਰ).........

**Mr. Speaker** : Order please.

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮੇਰੀ ਗੱਲ ਧਿਆਨ ਨਾਲ ਸੁਣ ਲਓ। ਜੋ ਮੁੱਦੇ ਪਹਿਲਾਂ ਬਾਦਲ ਸਾਹਿਬ ਨੇ ਕਹੇ ਜਾਂ ਮੈਂ ਕਹਿ ਰਿਹਾ ਹਾਂ, ਇਹ ਮੈਂ ਆਪਣੇ ਕੋਲੋਂ ਨਹੀਂ ਕਹਿ ਰਿਹਾ। ਸਾਡੇ ਕੋਲੋਂ ਇਹ ਗੱਲਾਂ.............

(ਇਸ ਸਮੇਂ ਡਾਕਟਰ ਰਮੇਸ਼ ਦੱਤ ਸ਼ਰਮਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।) (ਹਾਸਾ)......(ਵਿਘਨ).......

**Mr. Speaker :** Please take your seat.

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਜੋ ਅੱਤਵਾਦ ਲਈ ਜ਼ਿੰਮੇਵਾਰ ਹਨ........

**ਮਾਨਯੋਗ ਸਪੀਕਰ** : ਰਮੇਸ਼ ਦੱਤ ਜੀ, ਤੁਹਾਡਾ ਕੋਈ ਪੁਆਇੰਟ ਆਫ ਆਰਡਰ ਹੈ ?

**ਡਾਕਟਰ ਰਮੇਸ਼ ਦੱਤ ਸ਼ਰਮਾ** : ** ** **

**Mr. Speaker :** No Point of Order. ਇਹ ਪੁੱਛਣ ਵਾਲੀ ਕੋਈ ਗੱਲ ਨਹੀਂ। ਤੁਸੀਂ ਬੈਠੋ। ਸੀ.ਐਮ. ਸਾਹਿਬ ਆਪੇ ਜਵਾਬ ਦੇਣਗੇ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਅਸੀਂ ਤੁਹਾਡੇ ਰਾਹੀਂ ਪੰਜਾਬ ਦੇ ਲੋਕਾਂ ਨੂੰ ਇਹ ਦੱਸਣਾ ਚਾਹੁੰਦੇ ਹਾਂ ਕਿ ਕਾਂਗਰਸ ਨੇ ਅੱਜ ਹੀ ਅੱਤਵਾਦ ਨਾਲ ਖੇਡ ਨਹੀਂ ਖੇਡੀ ਬਲਕਿ ਆਉਣ ਵਾਲੇ ਸਮੇਂ ਵਿੱਚ ਵੀ ਇਹੀ ਖਤਰਾ ਹੈ। ਜੋ ਸੀ.ਐਮ. ਸਾਹਿਬ ਅੱਜ ਵੀ ਡਿਕਸੀ (ਕੈਨੇਡਾ) ਜਾਂਦੇ ਹਨ, ਆਉਣ ਵਾਲੇ ਸਮੇਂ ਵਿੱਚ ਵੀ ਪੁਰਾਣੀ ਖੇਡ ਖੇਡੀ ਜਾਣੀ ਹੈ। ਮੈਂ ਤੁਹਾਡੇ ਰਾਹੀਂ ਪੰਜਾਬ ਦੇ ਲੋਕਾਂ ਨੂੰ ਚੌਕਨੇ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਬਰਬਾਦ ਹੋ ਰਿਹਾ ਹੈ, ਖੁਦਕੁਸ਼ੀਆਂ ਕਰਨ........

**Mr. Speaker :** Please take your seat.

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਪੰਜਾਬ ਦੇ ਦਰਿਆਵਾਂ ਦਾ ਪਾਣੀ ਚਲਿਆ ਗਿਆ, ਜਿਨਸਾਂ ਦੇ ਭਾਅ ਮਿਲ ਨਹੀਂ ਰਹੇ......(ਵਿਘਨ)........

**ਮਾਨਯੋਗ ਸਪੀਕਰ** : ਹੁਣ ਤੁਸੀਂ ਬੈਠੋ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਅਨ-ਇੰਪਲਾਇਮੈਂਟ ਹੋ ਗਈ ਹੈ। ਇਸੇ ਦੇ ਕਾਰਨ ਸਾਰਾ ਅੱਤਵਾਦ ਆਇਆ ਹੈ। ਜਿਸ ਤਰ੍ਹਾਂ ਪੰਜਾਬ ਬਰਬਾਦ ਹੋ ਗਿਆ ਹੈ, ਆਉਣ ਵਾਲੇ ਸਮੇਂ ਵਿੱਚ ਵੀ ਇਹੀ ਹਾਲਾਤ ਕਾਂਗਰਸ ਪੈਦਾ ਕਰਨਾ ਚਾਹੁੰਦੀ ਹੈ।...........

**Mr. Speaker :** Please take your seat. You have taken sufficient time. Now do not repeat.

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਕੋਈ ਰੈਪੀਟੀਸ਼ਨ ਨਹੀਂ। ਮੈਂ ਖਤਮ ਕਰਨ ਲੱਗਿਆ ਹਾਂ। ਪਲੀਜ਼, ਇਹ ਕੋਈ ਗੱਲ ਹੈ। ਇਹ ਤਾਂ ਪਾਰਲੀਮੈਂਟ ਵਿੱਚ ਵੀ ਨਹੀਂ ਦੇਖਿਆ।

**ਮਾਨਯੋਗ ਸਪੀਕਰ** : ਤੁਸੀਂ ਸਪੀਚ ਮੁਕਾਓ ਤਾਂ ਸਹੀ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਤੁਸੀਂ ਹੁਣੇ ਤਾਂ ਕਿਹਾ ਹੈ ਸਾਰੇ ਜਿੰਨੀ ਮਰਜ਼ੀ ਬਹਿਸ ਕਰ ਲਿਓ ਅਤੇ ਹੁਣ ਦੋ ਮਿੰਟ ਨਹੀਂ ਬੋਲਣ ਦਿੰਦੇ। ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਇਹ ਬਦਕਿਸਮਤੀ ਹੈ ਕਿ ਕਾਂਗਰਸ ਨੇ ਹਮੇਸ਼ਾ ਰਾਜ ਹਿਤ ਅੱਗੇ ਰੱਖਿਆ ਹੈ। ਜਦ ਕਿ ਅਕਾਲੀ ਦਲ ਨੇ ਲੋਕਾਂ ਦਾ ਅਤੇ ਦੇਸ਼ ਦਾ ਹਿਤ ਅੱਗੇ ਰੱਖਿਆ ਹੈ। ਅਸੀਂ ਕੁਰਬਾਨੀਆਂ ਕਰਨ ਵਾਲੇ ਹਾਂ। ਸਾਰਾ ਪੰਜਾਬ ਅਤੇ ਦੇਸ਼ ਕਾਂਗਰਸ ਕਰਕੇ ਬਰਬਾਦ ਹੋਇਆ ਹੈ। ਅੱਜ ਕਿਤੇ ਚੀਨ ਬੈਠਾ ਹੈ, ਕਿਤੇ ਪਾਕਿਸਤਾਨ ਬੈਠਾ ਹੈ, ਕਿਤੇ ਬੰਗਲਾ ਦੇਸ਼ ਬੈਠਾ ਹੈ, ਕਿਤੇ ਲੰਕਾ ਸਾਡਾ ਦੁਸ਼ਮਣ ਹੈ। ਇਹ ਇਸ ਕਾਰਨ ਹੈ ? ਇਨ੍ਹਾਂ ਦੀਆਂ ਪਾਲਿਸੀਆਂ ਕਾਰਨ ਹੈ........** ** ** **

**Mr. Speaker :** Please take your seat. Now you are speaking irrelevant. ਜੋ ਕੁਝ ਵੀ ਇਜਾਜ਼ਤ ਤੋਂ ਬਿਨਾਂ ਕਿਹਾ ਜਾ ਰਿਹਾ ਹੈ, ਇਹ ਰਿਕਾਰਡ ਨਾ ਕੀਤਾ ਜਾਵੇ। Take your seat. Yes, C.M. Sahib.

**ਮੁੱਖ ਸੰਸਦੀ ਸਕੱਤਰ, ਜੇਲ੍ਹਾਂ ਅਤੇ ਸੈਨਿਕ ਸੇਵਾਵਾਂ ਭਲਾਈ ਮੰਤਰੀ** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ** : ਹੁਣ ਸੀ.ਐਮ. ਸਾਹਿਬ ਖੜ੍ਹੇ ਹਨ। ਤੁਸੀਂ ਉਨ੍ਹਾਂ ਦਾ ਵੀ ਖਿਆਲ ਨਹੀਂ ਕਰਦੇ। ਹਾਂ ਜੀ, ਕੀ ਪੁਆਇੰਟ ਆਫ ਆਰਡਰ ਹੈ ?

**ਮੁੱਖ ਸੰਸਦੀ ਸਕੱਤਰ, ਜੇਲ੍ਹਾਂ ਅਤੇ ਸੈਨਿਕ ਸੇਵਾਵਾਂ ਭਲਾਈ ਮੰਤਰੀ** : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਕਾਫੀ ਸਮਾਂ ਜਿੰਨਾ ਕਿਸੇ ਨੇ ਚਾਹਿਆ ਤੁਸੀਂ ਭਾਸ਼ਣ ਦੇਣ ਦਿੱਤਾ। ਲੀਡਰ ਆਫ ਦੀ ਆਪੋਜ਼ੀਸ਼ਨ ਵੀ ਬੋਲੇ ਅਤੇ ਅਸੀਂ ਬੜੇ ਆਰਾਮ ਨਾਲ, ਪਿਆਰ ਨਾਲ ਉਨ੍ਹਾਂ ਨੂੰ ਸੁਣਿਆ। ਕਿਸੇ ਨੇ ਭੋਰਾ ਇੰਟਰਪਟ ਨਹੀਂ ਕੀਤਾ। ਹੁਣ ਲੀਡਰ ਆਫ ਦਿ ਹਾਊਸ, ਮੁੱਖ ਮੰਤਰੀ, ਪੰਜਾਬ ਨੇ ਬੋਲਣਾ ਹੈ। ਮੇਰੀ ਬੇਨਤੀ ਹੈ ਕਿ ਇਨ੍ਹਾਂ ਨੂੰ (ਆਪੋਜ਼ੀਸ਼ਨ ਵੱਲ ਇਸ਼ਾਰਾ) ਇੰਸਟ੍ਰਕਸ਼ਨਜ਼ ਦਿੱਤੀਆਂ ਜਾਣ ਕਿ ਜਿਸ ਤਰ੍ਹਾਂ ਅਸੀਂ ਪਿਆਰ ਨਾਲ ਸੁਣਿਆ ਹੈ, ਉਸੇ ਤਰ੍ਹਾਂ ਇਨ੍ਹਾਂ ਨੂੰ ਸੁਣਨਾ ਚਾਹੀਦਾ ਹੈ।

**ਮਾਨਯੋਗ ਸਪੀਕਰ** : ਮੈਨੂੰ ਨਸੀਹਤ ਕਰਨ ਦੀ ਲੋੜ ਨਹੀਂ। ਹਾਂ ਜੀ, ਸੀ.ਐਮ. ਸਾਹਿਬ।

**ਸਰਦਾਰ ਗਗਨਜੀਤ ਸਿੰਘ ਬਰਨਾਲਾ** : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

**Mr. Speaker :** Please no Point of Order.

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ)** : ਸਪੀਕਰ ਸਾਹਿਬ, ਜਦੋਂ ਇਹ ਡਿਬੇਟ ਸ਼ੁਰੂ ਹੋਈ ਹੈ ਔਰ ਲੀਡਰ ਆਫ ਦਿ ਆਪੋਜ਼ੀਸ਼ਨ ਬੋਲ ਰਹੇ ਸਨ, ਉਨ੍ਹਾਂ ਨੇ ਇਹ ਜਿਹੜੀ ਡਿਬੇਟ ਰੱਖੀ ਹੈ ਇਹ ਉਸ ਵੇਲੇ ਰੱਖੀ ਗਈ ਹੈ ਕਿ ਜਿਹੜੇ ਮੌਜੂਦਾ ਹਾਲਾਤ ਹਨ, ਆਰਥਿਕ ਹਾਲਾਤ ਹਨ, ਐਗਰੀਕਲਚਰਲ ਸਿਚੂਏਸ਼ਨ ਹੈ, ਫਾਈਨਾਂਸ਼ੀਅਲ ਸਿਚੂਏਸ਼ਨ ਹੈ ਉਸ ਨੂੰ ਕਵਰ ਅੱਪ ਕਰਨ ਲਈ ਮੈਂ ਕੋਈ ਲੁਕਾਅ ਨਹੀਂ ਰੱਖਣਾ ਚਾਹੁੰਦਾ ਕਿਉਂਕਿ ਸਾਰੇ ਹਾਲਾਤ ਇਨ੍ਹਾਂ ਦੇ ਹੀ ਮਾੜੇ ਕੀਤੇ ਹੋਏ ਹਨ। ਅਸੀਂ ਕੰਪੈਰੇਟਿਵ ਪਰਫਾਰਮੈਂਸ ਅਚੀਵਮੈਂਟ ਸਾਲ 1997-02 ਅਤੇ ਸਾਲ 2002-05 ਤੱਕ ਬਣਾਈ ਹੈ। ਮੈਂ ਹਾਊਸ ਨੂੰ ਬੇਨਤੀ ਕਰਾਂਗਾ ਕਿ ਇਕ ਵਾਰੀ ਬਜਟ ਸੈਸ਼ਨ ਤੋਂ ਪਹਿਲਾਂ ਹਾਊਸ ਕਨਵੀਨ ਕੀਤਾ ਜਾਵੇ ਅਤੇ ਜੋ ਵੀ ਡਿਸਕਸ਼ਨ ਇਨ੍ਹਾਂ ਨੇ ਕਰਨੀ ਹੈ ਉਹ ਚਾਹੇ ਕਿਸੇ ਵੀ ਮੁੱਦੇ ਦੇ ਉਤੇ ਕਰਨੀ ਹੋਵੇ, ਅਸੀਂ ਕਰਨ ਨੂੰ ਤਿਆਰ ਹਾਂ। ਅਸੀਂ ਇਨ੍ਹਾਂ ਦੀ ਤਿੰਨ ਸਾਲ ਦੀ ਪਰਫਾਰਮੈਂਸ ਅਤੇ ਆਪਣੇ ਤਿੰਨ ਸਾਲਾਂ ਦੀ ਪਰਫਾਰਮੈਂਸ ਇਕੱਠੀ ਕੀਤੀ ਹੈ, ਇਨ੍ਹਾਂ ਨਾਲੋਂ ਸਾਡੇ ਤਿੰਨ ਸਾਲਾਂ ਦੀ ਪਰਫਾਰਮੈਂਸ ਬਹੁਤ ਚੰਗੀ ਹੈ। ਸੋ, ਅਸੀਂ, ਇਸ ਚੀਜ਼ ਨੂੰ ਕਵਰ-ਅੱਪ ਨਹੀਂ ਕਰਨਾ ਚਾਹੁੰਦੇ, ਇਨ੍ਹਾਂ ਨੇ ਕਿਹਾ ਕਿ ਇਹ ਡਿਬੇਟ ਅਸੀਂ ਰੱਖੀ ਸੀ, ਇਨ੍ਹਾਂ ਨੇ ਕਿਹਾ ਕਿ ਅਸੀਂ ਨਹੀਂ ਕਰਨਾ ਚਾਹੁੰਦੇ ਕਿਉਂ ਜੋ ਇਸ ਦੇ ਨਾਲ ਲੋਕਾਂ ਦੀਆਂ ਫੀਲਿੰਗਜ਼ ਹਰਟ ਹੋਣਗੀਆਂ। ਮੈਂ ਤਾਂ ਇਨ੍ਹਾਂ ਨੂੰ 1998 ਤੋਂ ਕਹਿੰਦਾ ਰਿਹਾ ਹਾਂ ਕਿ ਕਦੇ ਵੀ ਬਹਿਸ ਕਰ ਲੈਣ। ਲੇਕਿਨ ਇਹ ਤਾਂ ਜੂਨੀਅਰ ਹਨ (ਸਰਦਾਰ ਪ੍ਰਕਾਸ਼ ਸਿੰਘ ਬਾਦਲ ਵੱਲ ਇਸ਼ਾਰਾ) ਇਨ੍ਹਾਂ ਨਾਲ ਮੈਂ ਬਹਿਸ ਨਹੀਂ ਕਰਨੀ ਚਾਹੁੰਦਾ, ਕੋਈ ਦਿੱਲੀ ਤੋਂ ਸੀਨੀਅਰ ਬੰਦਾ ਆਵੇ ਉਸ ਦੇ ਨਾਲ ਮੈਂ ਬਹਿਸ ਕਰਨ ਨੂੰ ਤਿਆਰ ਹਾਂ। ਪਰ ਇਹ ਅੱਜ ਮਸਾਂ ਫਸੇ ਹਨ। ਇਹ ਜਿਹੜੀਆਂ ਇਨ੍ਹਾਂ ਵਲੋਂ ਕੀਤੀਆਂ ਗਈਆਂ ਕਰਤੂਤਾਂ ਹਨ ਉਨ੍ਹਾਂ ਦੇ ਬਾਰੇ ਮੈਂ ਸਾਰੇ ਕਾਗਜ਼ਾਤ ਹਾਊਸ ਵਿੱਚ ਲਿਆਂਦੇ ਹੋਏ ਹਨ ਜਿਨ੍ਹਾਂ ਨੂੰ ਨੀਲੇ, ਪੀਲੇ ਫਲੈਗਜ਼ ਲੱਗੇ ਹੋਏ ਹਨ, ਇਨ੍ਹਾਂ ਦੇ ਰਾਹੀਂ ਤੁਹਾਨੂੰ ਸਾਰੀਆਂ ਗੱਲਾਂ ਦੇ ਬਾਰੇ ਦੱਸਾਂਗਾ। ਜੋ ਇਥੇ ਪੰਜਾਬ ਦੇ ਵਿਚ ਅੱਤਵਾਦ ਦੇ ਦਿਨਾਂ ਵਿੱਚ ਹਾਲਾਤ ਖਰਾਬ ਹੋਏ ਅਤੇ ਖੂਨ ਦੀਆਂ ਨਾਲੀਆਂ ਚਲੀਆਂ ਜਾਂ ਗੰਦੀਆਂ ਖੂਨ ਦੀਆਂ ਨਾਲੀਆਂ ਭਰੀਆਂ, ਹਿੰਦੂਆਂ ਨੂੰ ਬੱਸਾਂ ਦੇ ਵਿਚੋਂ ਉਤਾਰ ਕੇ ਮਾਰਿਆ ਗਿਆ ਜਾਂ ਮੰਡੀਆਂ ਦੇ ਵਿੱਚ ਕਤਲ ਕੀਤਾ ਗਿਆ। ਕਿੰਨਾ ਜਾਨੀ ਨੁਕਸਾਨ ਕੀਤਾ ਗਿਆ। ਇੱਥੇ ਸਰਦਾਰ ਬੀਰ ਦਵਿੰਦਰ ਸਿੰਘ ਕਹਿ ਰਹੇ ਸਨ ਕਿ 17 ਹਜ਼ਾਰ ਬੰਦੇ ਮਾਰੇ ਗਏ ਸਨ ਪਰ ਆਫੀਸ਼ੀਅਲ ਫਿਗਰਜ਼ ਮੁਤਾਬਿਕ 21,700 ਬੰਦੇ ਮਰੇ ਹਨ ਪਰ ਮੈਂ ਇਨ੍ਹਾਂ ਨੂੰ ਵੀ ਸਹੀ ਨਹੀਂ ਮੰਨਦਾ ਕਿਉਂਕਿ ਇਸ ਤੋਂ ਬਿਨਾਂ ਨਹਿਰਾਂ ਦੇ ਵਿਚ ਸਿਟਵਾ ਕੇ ਮਰਵਾ ਦਿੱਤਾ ਜਾਂਦਾ ਸੀ। ਦਰਬਾਰ ਸਾਹਿਬ ਦੇ ਵਿੱਚ ਤੁਹਾਨੂੰ ਪਤਾ ਹੈ ਕਿ ਉਥੇ ਕਿੰਨੀਆਂ ਲਾਸ਼ਾਂ ਨਿਕਲੀਆਂ, ਕਈ ਤਾਂ ਉਥੇ ਪਿੰਜਰ ਹੀ ਮਿਲੇ ਸਨ, ਉਥੇ ਇਕ ਬੀਬੀ ਦੀ ਲਾਸ਼ ਵੀ ਮਿਲੀ ਸੀ ਜਿਸ ਦੀ ਅੰਡਰਵੀਅਰ ਉਸ ਦੇ ਗਲੇ ਨਾਲ ਬੰਨ੍ਹੀ ਹੋਈ ਸੀ। (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਉਸ ਵੇਲੇ ਸ਼੍ਰੋਮਣੀ ਕਮੇਟੀ ਕਿਥੇ ਚਲੀ ਗਈ ਸੀ, ਉਸ ਦੀ ਕੀ ਜ਼ਿੰਮੇਵਾਰੀ ਸੀ ? ਸਪੀਕਰ ਸਾਹਿਬ, ਇਹ ਤਿੰਨ ਮਹਾਂਰਥੀ ਹੁੰਦੇ ਸਨ, ਇੱਕ ਸੰਤ ਹਰਚੰਦ ਸਿੰਘ ਲੌਂਗੋਵਾਲ, ਸਰਦਾਰ ਗੁਰਚਰਨ ਸਿੰਘ ਟੌਹੜਾ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ। ਸੰਤ ਹਰਚੰਦ ਸਿੰਘ ਲੌਂਗੋਵਾਲ ਸਾਊ ਸੁਭਾਅ ਦੇ ਬੰਦੇ ਸਨ ਔਰ ਉਨ੍ਹਾਂ ਦੇ ਨਾਲ ਮੇਰਾ ਵੀ ਪਿਆਰ ਸੀ। ਪਰ ਜਦੋਂ ਸਰਦਾਰ ਗੁਰਚਰਨ ਸਿੰਘ ਟੌਹੜਾ ਜਾਂ ਪ੍ਰਕਾਸ਼ ਸਿੰਘ ਬਾਦਲ ਇਕੱਠੇ ਹੋ ਜਾਂਦੇ ਸਨ ਤਾਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਲੌਂਗੋਵਾਲ ਨੂੰ ਵੀ 'ਹਾਂ' ਵਿਚ 'ਹਾਂ' ਮਿਲਾਉਣੀ ਪੈ ਜਾਂਦੀ ਸੀ। ਮੈਂ ਲੀਡਰ ਆਫ ਦਿ ਆਪੋਜ਼ੀਸ਼ਨ ਦੇ ਬਾਰੇ ਅਤੇ ਇਨ੍ਹਾਂ ਦੇ ਸੁਭਾਅ ਬਾਰੇ 1980 ਤੋਂ ਚੰਗੀ ਤਰ੍ਹਾਂ ਜਾਣਦਾ ਹਾਂ। ਇਹ ਬਹੁਤ ਬੁਜ਼ਦਿਲ ਅਤੇ ਡਰਪੋਕ ਸੁਭਾਅ ਦੇ ਹਨ.... 1980 ਵਿਚ ਸ਼੍ਰੀਮਤੀ ਇੰਦਰਾ ਗਾਂਧੀ ਨੇ ਮੇਰੀ ਡਿਊਟੀ ਲਾਈ ਮੈਂ ਉਸ ਵੇਲੇ ਮੈਂਬਰ ਪਾਰਲੀਮੈਂਟ ਸੀ। ਇਨ੍ਹਾਂ ਨਾਲ ਮੈਂ ਗੱਲ ਕਰਦਾ ਰਹਿੰਦਾ ਸੀ ਔਰ 28 ਵਾਰ ਇਨ੍ਹਾਂ ਨਾਲ ਮੀਟਿੰਗਾਂ ਹੋਈਆਂ ਜਿਸ ਦਾ ਇਹ ਜ਼ਿਕਰ ਕਰਦੇ ਹਨ। ਮੇਰੇ ਕੋਲ ਵਾਈਟ ਪੇਪਰ ਆਨ ਦਿ ਪੰਜਾਬ ਐਜੀਟੇਸ਼ਨ ਹੈ ਜਿਸ ਵਿਚ ਦੱਸਿਆ ਹੈ ਕਿ ਇਹ ਕੀ ਕਰਦੇ ਰਹੇ ਹਨ। ਹਰ ਵਾਰ ਜਦੋਂ ਗੱਲ ਕਰਦੇ ਸੀ ਇਨ੍ਹਾਂ ਨੇ ਕੋਈ ਨਾ ਕੋਈ ਮੰਗ ਰੱਖ ਦੇਣੀ। ਚਾਰ ਦਿਨ ਬਾਅਦ ਜਦੋਂ ਗੱਲ ਪੂਰੀ ਹੋ ਜਾਣੀ ਤਾਂ ਇਨ੍ਹਾਂ ਨੇ ਕਹਿਣਾ ਨਹੀਂ ਜੀ, ਨਹੀਂ ਜੀ। ਤੁਸੀਂ (ਸਰਦਾਰ ਪ੍ਰਕਾਸ਼ ਸਿੰਘ ਬਾਦਲ ਵੱਲ ਇਸ਼ਾਰਾ) ਆਪ ਯਾਦ ਕਰੋ ਆਪਣੀਆਂ ਗੱਲਾਂ ਨੂੰ। ਇਕ ਦਿਨ ਕਹਿੰਦੇ ਪਾਣੀ ਦਾ ਇਕ ਐਮ.ਏ.ਐਫ. ਮਿਲ ਜਾਵੇ ਤਾਂ ਕਮਾਲ ਹੋ ਜਾਵੇ। ਮੈਂ ਹਫ਼ਤਾ ਲੱਗਾ ਰਿਹਾ, ਸਿਰ ਮਾਰਦਾ ਰਿਹਾ ਜਦੋਂ ਉਹ ਮਿਲ ਗਿਆ ਤਾਂ ਕਹਿੰਦੇ ਜੀ ਇੰਨੇ ਨਾਲ ਤਾਂ ਗੱਲ ਸਿਰੇ ਨਹੀਂ ਚੜ੍ਹਨੀ ਫੇਰ ਕਹਿੰਦੇ ਕਿ ਜਿਹੜੀ ਫਰੰਟੀਅਰ ਮੇਲ ਹੈ ਉਸ ਦਾ ਨਾਂ ਦਰਬਾਰ ਸਾਹਿਬ ਐਕਸਪ੍ਰੈਸ ਰੱਖ ਦਿਓ, ਉਹ ਮੰਨ ਲਈ, ਕਹਿੰਦੇ ਨਹੀਂ, ਉਸ ਵਿਚ ਕਈ ਲੋਕ ਸਿਗਰੇਟ ਪੀਂਦੇ ਹਨ ਇਹ ਨਾਂ ਰੱਖ ਨਹੀਂ ਸਕਦੇ। ਮਤਲਬ ਇਨ੍ਹਾਂ ਨੇ ਕਦੇ ਵੀ ਕਿਸੇ ਗੱਲ ਨੂੰ ਸਿਰੇ ਨਹੀਂ ਚੜ੍ਹਨ ਦਿਤਾ ਬੁਜ਼ਦਿਲੀ ਦਿਖਾਈ। ਮੈਂ ਇਕ ਦਿਨ ਇਨ੍ਹਾਂ ਨੂੰ ਜਿਹੜੇ ਸਾਡੇ ਵੈਂਕਟਰਮਨ ਜੀ ਸਨ ਉਨ੍ਹਾਂ ਦੇ ਘਰ ਲੈ ਕੇ ਜਾਣਾ ਸੀ। ਉਸ ਵੇਲੇ ਅੱਜ ਵਾਂਗ ਪੁਲਿਸ ਚੌਂਕੀ ਜਾਂ ਪੁਲਿਸ ਗਾਰਡ ਨਹੀਂ ਸਨ ਮੁੰਡੂ ਰੱਖਿਆ ਹੁੰਦਾ ਸੀ ਉਹੀ ਚਾਹ ਪਾਣੀ ਬਣਾਉਂਦਾ ਸੀ। ਉਥੇ ਮੀਟਿੰਗ ਰੱਖ ਲਈ, ਸੰਡੇ ਮਾਰਨਿੰਗ ਸੀ। ਦਿੱਲੀ ਵਿਚ ਸੰਡੇ ਮਾਰਨਿੰਗ ਨੂੰ ਜ਼ਿਆਦਾ ਹਲਚਲ ਨਹੀਂ ਹੁੰਦੀ। ਨਾਲ ਟੌਹੜਾ ਸਾਹਿਬ ਸਨ ਜਦੋਂ ਮੀਟਿੰਗ ਵਾਸਤੇ ਚੱਲਣ ਲੱਗੇ ਤਾਂ ਮੈਨੂੰ ਇਨ੍ਹਾਂ ਨੇ ਪੁਛਿਆ ਕਿ ਮੀਟਿੰਗ ਕਿੱਥੇ ਹੈ। ਮੈਂ ਕਿਹਾ ਵੈਂਕਟਰਮਨ ਜੀ ਦੇ ਘਰ ਹੈ। ਇਹ ਕਹਿੰਦੇ ਗੱਡੀ ਰੋਕੋ ਮੈਂ ਇਕੱਲਾ ਚਲਾ ਰਿਹਾ ਸੀ, ਡਰਾਈਵਰ ਨਾਲ ਲੈ ਕੇ ਨਹੀਂ ਗਿਆ ਸੀ। ਮੈਂ ਕਿਹਾ ਸ਼ਾਇਦ ਦਰਵਾਜ਼ਾ ਖੁੱਲ੍ਹਾ ਰਹਿ ਗਿਆ, ਡਿੱਗਣ ਲੱਗੇ ਸੀ ਮੈਂ ਬ੍ਰੇਕ ਲਗਾਈ, ਬਾਹਰ ਬੱਚਿਆਂ ਵਾਂਗ ਸੜਕ ਤੇ ਖੜ੍ਹ ਗਏ ਤੇ ਕਹਿਣ ਲੱਗੇ ਗੱਡੀ ਮੋੜੋ। ਮੈਂ ਕਿਹਾ ਆਪਾਂ ਜਾਣਾ ਹੈ। ਕਹਿਣ ਲੱਗੇ ਮੈਂ ਕਿਸੀ ਦੇ ਘਰ ਨਹੀਂ ਜਾਂਦਾ। ਮੈਂ ਕਿਹਾ ਕਿ ਸਾਰੀ ਕੈਬਿਨਟ ਦੀ ਸਬ ਕਮੇਟੀ ਵੇਟ ਕਰ ਰਹੀ ਹੈ। ਇਹ ਕਹਿੰਦੇ ਮੈਂ ਉਥੇ ਨਹੀਂ ਜਾਣਾ। ਟੌਹੜਾ ਸਾਹਿਬ ਨੇ ਕਿਹਾ ਇਵੇਂ ਨਾ ਕਰੋ ਸਾਰੀ ਦੁਨੀਆਂ ਦੇਖ ਰਹੀ ਹੈ। ਇਹ ਕਹਿੰਦੇ ਮੈਂ ਨਹੀਂ ਜਾਂਦਾ। ਫੇਰ ਮੈਨੂੰ ਗੱਡੀ ਰੋਕਣੀ ਪਈ ਤੇ ਇਨ੍ਹਾਂ ਨੂੰ ਵਾਪਸ ਛੱਡ ਕੇ ਆਉਣਾ ਪਿਆ। ਇਹ ਮੈਂ ਇਕ ਮਿਸਾਲ ਦਿੱਤੀ ਹੈ। ਇਹੋ ਜਿਹੀ ਨੌਬਤ ਵੀ ਆਈ। ਲੇਕਿਨ ਗੱਲ ਕੀ ਸੀ ਕਿ ਕੋਈ ਵੀ ਮੇਰੇ ਤੇ ਚਿੱਕੜ ਨਾ ਉਛਾਲੇ, ਨਾ ਹੀ ਕੋਈ ਭਰਮ ਵਿਚ ਆ ਜਾਵੇ ਕਿ ਮੇਰੇ ਨਾਲ ਕੀ ਹੁੰਦਾ ਹੈ, ਲੋਕ ਮੈਨੂੰ ਸਵਾਲ ਕਰਨਗੇ ਕਿ ਮੈਂ ਮੀਟਿੰਗ ਵਿਚ ਗਿਆ ਸੀ। ਇਸ ਤਰ੍ਹਾਂ ਦੀ ਕਮਜ਼ੋਰੀ ਇਨ੍ਹਾਂ ਨੇ ਦਿਖਾਈ। ਇਨ੍ਹਾਂ ਸਾਰਿਆਂ ਦਾ ਸੁਭਾਅ ਇਹ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਗੱਲ ਨੂੰ ਲਟਕਾਉਂਦੇ ਰਹੋ। ਤਿੰਨ ਲੈਵਲ ਦੀਆ 28 ਮੀਟਿੰਗਾਂ ਹੋਈਆਂ। ਇਕ ਸਾਡੇ ਲੈਵਲ ਦੀ ਜਿਸ ਵਿਚ ਰਾਜੀਵ ਜੀ ਤੇ ਮੈਂ ਹੁੰਦੇ ਸੀ। ਉਸ ਤੋਂ ਬਾਅਦ ਦੂਜੇ ਲੈਵਲ ਦੀ ਜਿਸ ਵਿਚ ਬਰਨਾਲਾ ਸਾਹਿਬ, ਬਲਵੰਤ ਸਿੰਘ ਅਤੇ ਉਧਰੋਂ ਸਾਡੀ ਕੈਬਿਨਟ ਦੇ ਤਿੰਨ ਮੈਂਬਰ ਵੈਂਕਟਰਮਨ ਜੀ, ਨਰਸਿਮਹਾ ਰਾਓ ਅਤੇ ਪੀ.ਸੀ. ਸੇਠੀ ਹੁੰਦੇ ਸਨ ਤੇ ਉਪਰਲੇ ਲੈਵਲ ਦੀ ਕਮੇਟੀ ਜਿਸ ਵਿਚ ਸੰਤ ਲੌਂਗੋਵਾਲ, ਪ੍ਰਧਾਨ ਮੰਤਰੀ ਜੀ ਨੂੰ ਆਪ ਮਿਲਦੇ ਸੀ। ਕਹਿਣ ਦਾ

Original with;
Punjab Vidhan Sabha
Digitized by;
Panjab Digital Library

ਮਤਲਬ ਕਿ ਇਨ੍ਹਾਂ ਦਾ ਹਮੇਸ਼ਾ ਨੈਗੇਟਿਵ ਰੋਲ ਹੀ ਰਿਹਾ ਹੈ। ਇਸ ਤੋਂ ਪਹਿਲਾਂ ਦੀ ਗੱਲ ਲੈ ਲੈਂਦੇ ਹਾਂ। ਜਦੋਂ ਪੰਜਾਬੀ ਸੂਬੇ ਦੀ ਗੱਲ ਉਠੀ ਪੰਜਾਬੀ ਸੂਬੇ ਦੀ ਕਿਸ ਕਿਸਮ ਦੀ ਲੋੜ ਸੀ। ਇਹੀ ਲੋੜ ਸੀ ਕਿ ਇਹ ਜਿਹੜੇ ਲੋਕ ਹਨ 22% ਸਿੱਖ ਹੁੰਦੇ ਸੀ। ਜੇਕਰ ਪੰਜਾਬੀ ਸੂਬਾ ਬਣ ਜਾਵੇ ਤਾਂ ਅਸੀਂ ਮੈਜਾਰਿਟੀ ਵਿਚ ਆ ਜਾਈਏ ਤਾਂ ਕਿ ਅਸੀਂ ਕਦੇ ਨਾ ਕਦੇ ਇਲੈਕਸ਼ਨ ਜਿੱਤ ਜਾਈਏ। ਪੰਜਾਬ ਜਿਹੜਾ ਕਿ ਜਮਰੋਦ ਤੱਕ ਸੀ ਜਿਥੇ ਹਰੀ ਸਿੰਘ ਨਲੂਆ ਸ਼ਹੀਦ ਹੋਏ ਉਥੇ ਸ਼ਹਾਦਤ ਦਿਤੀ, ਦੂਜੇ ਪਾਸੇ ਟੋਹਾਣਾ, ਚਰਖੀ ਦਾਦਰੀ, ਮਹਿੰਦਰਗੜ੍ਹ, ਨਾਰਨੌਲ, ਜਮਰੋਦ ਤੋਂ ਲੈ ਕੇ ਮੁਲਤਾਨ ਤੱਕ ਉਹ ਪੰਜਾਬ 1947 ਵੇਲੇ ਸੀ ਜਿਹੜਾ ਚਲਾ ਗਿਆ। ਉਹ ਨਾ ਇਨ੍ਹਾਂ ਦੇ ਵੱਸ ਦੀ ਗੱਲ ਸੀ ਨਾ ਸਾਡੇ ਵੱਸ ਦੀ ਗੱਲ ਸੀ। ਜਿਹੜੀ ਵੱਸ ਦੀ ਗੱਲ ਸੀ ਉਸ ਦਾ ਹਰਿਆਣਾ ਬਣਾ ਦਿੱਤਾ। ਸਾਰਾ ਇੰਡਸਟ੍ਰੀਅਲ ਏਰੀਆ ਦੇ ਦਿਤਾ। ਇੱਧਰਲੇ ਪਾਸੇ ਕਾਂਗੜਾ, ਕੁੱਲੂ, ਲਾਹੌਲ ਸਪਿਤੀ ਜਿਹੜਾ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ, ਸਾਰਾ ਫੜਾ ਦਿਤਾ ਉਨ੍ਹਾਂ ਨੂੰ ਤਾਂਕਿ ਅਸੀਂ ਮੈਜਾਰਿਟੀ ਵਿਚ ਆ ਜਾਈਏ। ਅੱਜ ਬੀਬੀ ਜੀ ਡਿਪਟੀ ਚੀਫ ਮਨਿਸਟਰ ਸਾਹਿਬਾ ਬੋਲ ਰਹੇ ਸੀ ਕਿ ਲੋਕ ਤਾਂ ਆਪਣੇ ਘਰ ਨੂੰ ਬਚਾਉਂਦੇ ਹਨ ਕਿ ਆਪਾਂ ਹੋਰ ਘੇਰਾ ਪਾਈਏ, ਹੋਰ ਏਰੀਆ ਵਧਾਈਏ ਪਰ ਇਹ ਪਹਿਲੀ ਵਾਰ ਪੰਜਾਬ ਦੀ ਹਿਸਟਰੀ ਦੇ ਵਿਚ ਸੁਣਿਆ ਹੈ ਕਿ ਲੋਕ ਆਪਣੇ ਘਰ ਨੂੰ ਸਿਰਫ ਸੈਲਫਿਸ਼ ਮੋਟਿਵ ਵਾਸਤੇ ਤੋੜ ਰਹੇ ਹਨ। ਇਹ ਸੈਲਫਿਸ਼ ਮੋਟਿਵ ਜਿਹੜਾ ਸੀ ਸਿਰਫ਼ ਪੰਜਾਬੀ ਸੂਬਾ ਹੀ ਨਹੀਂ ਬਲਕਿ ਉਥੋਂ ਸ਼ੁਰੂ ਹੋ ਕੇ ਇਵੇਂ ਹੀ ਹੁੰਦਾ ਗਿਆ। ਇਨ੍ਹਾਂ ਦੀ ਗੱਲਬਾਤ ਹਰ ਵੇਲੇ ਉਨ੍ਹਾਂ ਜਥੇਬੰਦੀਆਂ ਦੇ ਨਾਲ ਹੁੰਦੀ ਗਈ। ਕੁਝ ਜਥੇਬੰਦੀਆਂ ਬਾਅਦ ਵਿਚ ਬਣੀਆਂ ਅਤੇ ਕੁਝ ਪਹਿਲਾਂ ਵੀ ਬਣੀਆਂ ਹੋਈਆਂ ਸਨ। ਮੈਨੂੰ ਯਾਦ ਹੈ, ਮੈਂ ਇੱਕ ਲੇਖ ਲਿਖਿਆ ਸੀ ਕਿ ਬੰਦ ਕਰੋ ਇਹ ਕੰਮ ਜੋ ਕੁਝ ਪੰਜਾਬ ਦੇ ਵਿਚ ਕਰ ਰਹੇ ਹੋ। ਸਾਡਾ ਪੰਜਾਬ ਦਾ ਸੂਬਾ ਤੁਸੀਂ ਤਬਾਹ ਕਰ ਦੇਵੋਗੇ ਔਰ ਪੰਥਕ ਕਮੇਟੀ ਨੂੰ ਵੀ ਮੈਂ ਇੱਕ ਚਿੱਠੀ ਲਿਖੀ ਸੀ । ਇਹ ਮੈਨੂੰ ਮਿਲੇ ਸਨ ਅਤੇ ਮੈਨੂੰ ਕਹਿੰਦੇ ਕਿ ਤੁਸੀਂ ਚਿੱਠੀ ਕਿਉਂ ਲਿਖ ਦਿੱਤੀ। ਮੈਂ ਕਿਹਾ ਕਿ ਮੈਂ ਲਿਖ ਦਿੱਤੀ। ਮੈਂ ਮਹਿਸੂਸ ਕਰਦਾ ਸੀ ਕਿ ਪੰਜਾਬ ਦੇ ਵਿਚ ਬਿਲਕੁਲ ਤਬਾਹੀ ਹੋ ਰਹੀ ਹੈ। ਮੈਂ ਕਿਹਾ ਕਿ ਤੁਸੀਂ ਵੀ ਇਸ ਦੇ ਵਿਚ ਸ਼ਾਮਲ ਹੋ। ਤੁਸੀਂ ਵੀ ਆਪਣੇ ਦਸਤਖਤ ਕਰੋ। ਇਹ ਕਹਿੰਦੇ ਕਿ ਮੈਂ ਨਹੀਂ ਕਰਦਾ। ਇਹ ਕਹਿੰਦੇ ਕਿ ਮੇਰਾ ਤਾਂ ਇਕੋ ਹੀ ਮੁੰਡਾ ਹੈ। ਜਿਹੜੀ ਆਪਣੇਪੰਨ ਵਾਲੀ ਗੱਲ ਵਿਚ ਆ ਜਾਂਦੀ ਹੈ, ਇਹ ਠੀਕ ਨਹੀਂ ਹੈ। ਹੁਣ ਤਾਂ ਤੁਸੀਂ ਜਿੰਨਾ ਮਰਜ਼ੀ ਹੱਸ ਲਓ। ਲੇਕਿਨ ਮੈਂ ਤਾਂ ਅਸਲੀਅਤ ਇਸ ਸਦਨ ਨੂੰ ਦੱਸ ਰਿਹਾ ਹਾਂ। ਤੁਸੀਂ ਸਦਨ ਦੇ ਵਿਚ ਝੂਠ ਨਹੀਂ ਬੋਲਣਾ। ਇੱਥੇ ਲੋਕਰਾਜ ਦਾ ਸਦਨ ਹੈ। ਇਥੇ ਹਰ ਗੱਲ ਦੇ ਵਿਚ ਸਚਾਈ ਹੋਣੀ ਚਾਹੀਦੀ ਹੈ। ਇੱਥੇ ਮੈਂ ਤੁਹਾਨੂੰ ਦੱਸ ਰਿਹਾ ਹਾਂ। These are the sorts of the situations, ਜਿਹੜੀ ਕਿ ਇਨ੍ਹਾਂ ਨੇ ਪੈਦਾ ਕੀਤੀ। ਅੱਜ ਇਹ ਪੁੱਛਦੇ ਹਨ ਕਿ ਕਿਉਂ ਤੁਸੀਂ ਡਿਬੇਟ ਕਰਦੇ ਹੋ ? ਫਿਰ ਇਹ ਡਿਬੇਟ ਕਦੋਂ ਕਰਾਂਗੇ ? ਇੱਕ ਨਵੀਂ ਪੀੜ੍ਹੀ ਆ ਗਈ ਹੈ। ਅਨੰਦਪੁਰ ਸਾਹਿਬ ਦੇ ਮਤੇ ਨੂੰ ਮੈਂ ਵੀ ਡਿਫੈਂਡ ਕੀਤਾ ਹੈ, ਔਰ ਕਿਉਂ ਕੀਤਾ ਹੈ ? ਇਸ ਲਈ ਕੀਤਾ ਹੈ ਕਿਉਂਕਿ ਹਰ ਸਿੱਖ ਨੂੰ ਹਿੰਦੁਸਤਾਨ ਦੇ ਵਿਚ ਜ਼ਲੀਲ ਕੀਤਾ ਜਾ ਰਿਹਾ ਸੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਤੁਸੀਂ ਆਪ ਹੀ ਕਿਹਾ ਹੈ ਕਿ ਸ਼੍ਰੀਮਤੀ ਇੰਦਰਾ ਗਾਂਧੀ ਜੀ ਨੇ ਆਪ ਕਿਹਾ ਹੈ ਕਿ ਇਸ ਦੇ ਵਿਚ ਕੋਈ ਵੱਖਵਾਦੀ ਦੀ ਗੱਲ ਨਹੀਂ ਹੈ। ਇਹੀ ਗੱਲਾਂ ਅਸੀਂ ਕੀਤੀਆਂ ਹਨ। ਮੈਂ ਛਾਪਿਆ ਸੀ ਕਿ ਕਿਉਂ ਤੁਸੀਂ ਸਾਰਿਆਂ ਨੂੰ ਇੱਥੇ ਡੱਕੀ ਜਾ ਰਹੇ ਹੋ ? ਇਹ ਪ੍ਰੈਸ ਵਾਲੇ ਸੀ,

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਚਾਹੇ ਕੇਰਲਾ ਦੇ ਵਿਚ ਕਰੋ, ਚਾਹੇ ਤਾਮਿਲਨਾਡੂ ਦੇ ਵਿਚ ਕਰੋ, ਜਿੱਥੇ ਵੀ ਕਰੋ ਤੁਸੀਂ ਅਨੰਦਪੁਰ ਸਾਹਿਬ ਦੇ ਮਤੇ ਨਾਲ ਸਾਰਿਆਂ ਨੂੰ ਕੁੱਟ ਰਹੇ ਸੀ। ਮੈਂ ਤਾਂ ਹੀ ਕਿਹਾ ਸੀ ਔਰ ਮੈਂ ਛਾਪਿਆ ਸੀ। ਜੇ ਤੁਸੀਂ ਦੁਬਾਰਾ ਦੇਖਣਾ ਚਾਹੁੰਦੇ ਹੋ ਤਾਂ ਮੈਂ ਤੁਹਾਨੂੰ ਇਸ ਦੀ ਕਾਪੀ ਵੀ ਫੜਾ ਦਿੰਦਾ ਹਾਂ। ਇਹ ਤੁਸੀਂ ਤਾਂ ਨਹੀਂ ਛਾਪਿਆ ? ਇਹ ਤਾਂ ਮੈਂ ਛਾਪਿਆ ਹੈ। ਆਹ ਲਓ ਕਾਪੀ ਅਤੇ ਦੇਖੋ। ਮੈਂ ਛਾਪਿਆ ਸੀ ਕਿਉਂਕਿ ਮੈਂ ਫੀਲ ਕਰਦਾ ਸੀ ਕਿ ਮੇਰੀ ਕੌਮ ਦੇ ਨਾਲ ਬੇਇਨਸਾਫੀ ਹੋ ਰਹੀ ਹੈ। ਦੂਜਾ, ਜੋ ਕੁਝ ਪੰਜਾਬ ਦੇ ਵਿਚ ਗੱਲਾਂ ਹੋਈਆਂ, ਇਨ੍ਹਾਂ ਸਾਰੀਆਂ ਗੱਲਾਂ ਵਿਚੋਂ ਇਕੱਲੀ-ਇੱਕਲੀ ਗੱਲ ਦੇ ਲਈ ਤੁਸੀਂ ਜ਼ਿੰਮੇਵਾਰ ਹੋ। ਤੁਸੀਂ ਜ਼ਿੰਮੇਵਾਰ ਕਿਉਂ ਹੋ ? ਕਿਉਂਕਿ ਜੇਕਰ ਤੁਸੀਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਜੀ ਨਾਲ ਕਰ ਰਹੇ ਸੀ ਤਾਂ ਤੁਸੀਂ ਇਹ ਸਮਝਦੇ ਸੀ ਕਿ ਉਨ੍ਹਾਂ ਨੇ ਇਹ ਕੀਤਾ ਪਰ ਉਨ੍ਹਾਂ ਨੂੰ ਦਰਬਾਰ ਸਾਹਿਬ ਦੇ ਅੰਦਰ ਕਿਨ੍ਹਾਂ ਨੇ ਲਿਆਂਦਾ। ਉਨ੍ਹਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਵਿਚ ਕਿਨ੍ਹਾਂ ਨੇ ਬਿਠਾਇਆ ? ਪਹਿਲਾਂ ਉਥੇ ਸ੍ਰੀ ਗੁਰੂ ਨਾਨਕ ਨਿਵਾਸ ਸੀ। ਮੈਂ ਵੀ ਉਥੇ ਜਾਇਆ ਕਰਦਾ ਸੀ। ਜਦੋਂ ਮੈਂ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੂੰ ਮਿਲਿਆ, ਮੈਂ ਉਨ੍ਹਾਂ ਨੂੰ ਵੀ ਮਿਲਿਆ ਕਰਦਾ ਸੀ। ਕਈ ਵਾਰ ਸਾਡੀਆਂ ਮੁਲਾਕਾਤਾਂ ਹੋਈਆਂ। ਸਾਡੀ ਕੋਸ਼ਿਸ਼ ਸੀ ਕਿ ਇਥੇ ਸ਼ਾਂਤੀ ਆਵੇ। ਜਿਹੜੀ ਮਾਰਕੁਟ ਪੰਜਾਬ ਦੇ ਵਿਚ ਹੋ ਰਹੀ ਹੈ, ਇਹ ਕੰਮ ਖਤਮ ਹੋ ਜਾਵੇ। ਮੈਂ ਗੌਰਮਿੰਟ ਆਫ ਇੰਡੀਆ ਵਲੋਂ ਆਇਆ ਸੀ। ਇੰਦਰਾ ਗਾਂਧੀ ਜੀ ਵਲੋਂ ਆਇਆ ਸੀ। ਉਹ ਸਾਡੇ ਪ੍ਰਾਈਮ ਮਨਿਸਟਰ ਸਨ। ਸਾਡੀ ਕੋਸ਼ਿਸ਼ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਇਸ ਚੀਜ਼ ਦਾ ਕੋਈ ਹਲ ਕੱਢੀਏ। ਪੰਜਾਬ ਦੇ ਵਿਚ ਇਹ ਕੰਮ ਖਤਮ ਹੋ ਜਾਵੇ। ਲੇਕਿਨ ਤੁਸੀਂ ਕੀ ਕੰਟਰੀਬਿਊਸ਼ਨ ਕੀਤੀ ? ਤੁਸੀਂ ਤਾਂ ਕੁਝ ਨਾ ਕੀਤਾ। ਸਪੀਕਰ ਸਾਹਿਬ, ਇੱਕ ਬੜਾ ਹੀ ਇੰਟਰੈਸਟਿੰਗ ਨੋਟ ਮੈਂ ਪੜ੍ਹਨਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਇਹ ਨੋਟ ਜਿਹੜਾ ਕਿ ਆਫਿਸ ਲੈਵਲ ਤੇ ਸਰਕੁਲੇਟ ਹੋਇਆ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ। ਇਹ ਗੌਰਮਿੰਟ ਆਫ ਇੰਡੀਆ ਦੇ ਆਫਿਸ ਲੈਵਲ ਤੇ ਸਰਕੁਲੇਟ ਹੋਇਆ। Role of Sardar Parkash Singh Badal in promoting militancy. In the department, this note is Sardar Parkash Singh Badal remained the C.M. of Punjab State for 8 years in three stints. From 17th February, 1969 to March, 1970. From 20th June, 1977 to February, 1980 and from February, 1997 to February. 2002. The role of Sardar Parkash Singh Badal during Naxalite Phase. he was the C.M. from 17th February, 1969 to March, 1970 when the problem of Naxalism was at its peak. He began the culture of fake encounters in which over 70 Naxalities were killed in these fake encounters during this period.

Sardar Parkash Singh Badal was the C.M. from 20th June, 1977 to February, 1980, when Nirankari episode of April, 1978 took place, with which started the disturbed conditions, which in the subsequent years engulfed many parts of the State. Endless violence and cult of terrorism. The gross mishandling of this case by Sardar Parkash Singh Badal during Janata Party Rule at the

Original with;
Punjab Vidhan Sabha
Digitized by;
Panjab Digital Library

centre was to protect his personal interest and to retain his Chief Ministership. This historical blunder by not taking either preventative action which his duty as a C.M. or effective action against the people responsible for the developments leading to the violent clash, created plethora of complications for the future.

Here it is ..........16 killed and 100 hurt in Amritsar clash.

ਇਹ ਸਾਰੀ ਹਿਸਟਰੀ ਇਨ੍ਹਾਂ ਨੂੰ ਵੀ ਪਤਾ ਹੈ। ਲੇਕਿਨ ਜਿਹੜੀ ਇੰਟਰੈਸਟਿੰਗ ਗੱਲ ਹੈ, ਤੁਸੀਂ ਵੀ ਕਈ ਵਾਰ ਚੀਫ ਮਨਿਸਟਰ ਰਹੇ ਹੋ ਅਤੇ ਮੈਂ ਵੀ ਚੀਫ ਮਨਿਸਟਰ ਹਾਂ। ਜੇ ਕਦੇ ਸਾਡੇ ਲਾਅ ਐਂਡ ਆਰਡਰ ਖਰਾਬ ਹੋ ਜਾਂਦਾ ਹੈ ਤਾਂ ਦਫ਼ਾ 144 ਲਗਾ ਦਿੱਤੀ ਜਾਂਦੀ ਹੈ। This is the Tribune......... Prohibitory Order u/S 144 were clamped on the City following the violent clash between..... Why not before ? ਤੁਸੀਂ ਤਾਂ ਕੁਝ ਕਰਾਉਣਾ ਚਾਹੁੰਦੇ ਸੀ। ਤੁਹਾਡਾ ਮਨਿਸਟਰ ਵੀ ਉਸ ਦੇ ਵਿਚ ਹੀ ਗੁਸਿਆ ਗਿਆ। ਮਨਿਸਟਰ ਵੀ ਉਸ ਜਲੂਸ ਦੇ ਵਿਚ ਖੜ੍ਹਾ ਸੀ। What was happing there ? ਫਿਰ ਤੁਸੀਂ ਪ੍ਰਾਈਮ ਮਨਿਸਟਰ ਕੋਲ ਚਲੇ ਗਏ। ਤੁਹਾਨੂੰ ਵੀ ਉਥੇ ਸੱਦਿਆ ਗਿਆ ਸੀ ਅਤੇ ਉਥੇ ਪੰਜਾਬ ਦੇ ਚੀਫ ਮਨਿਸਟਰ ਸਰਦਾਰ ਪ੍ਰਕਾਸ਼ ਸਿੰਘ ਬਾਦਲ in meeting with the Prime Minister Shri Morarji Desai, the Home Minister Shri Charan Singh and the Janta Party President Shri Chandra Shekhar is known to have explained. Why the State Government thinks that Judicial Inquiry into the Baisakhi Deaths at Amritsar would aggravate the law and order situtation in the State ? ਤੁਸੀਂ ਜੁਡੀਸ਼ੀਅਲ ਇਨਕੁਆਇਰੀ ਦੀ ਗੱਲ ਨਹੀਂ ਕੀਤੀ ਅਤੇ ਨਾ ਹੋਣ ਦਿੱਤੀ। ਮੇਰਾ ਪੁਆਇੰਟ ਇਹ ਹੈ ਕਿ ਜਿਹੜੀਆਂ ਗੱਲਾਂ ਨੂੰ ਇਹ ਚੀਫ ਮਨਿਸਟਰ ਦੇ ਤੌਰ ਤੇ ਸੰਭਾਲ ਸਕਦੇ ਸਨ, ਉਸ ਨੂੰ ਇਹ ਨਹੀਂ ਸੰਭਾਲ ਸਕੇ। ਲਾਅ ਐਂਡ ਆਰਡਰਜ਼ ਨੂੰ ਕਿਉਂ ਤੁਸੀਂ ਖਰਾਬ ਹੋਣ ਦਿੱਤਾ। ਤੁਸੀਂ ਉਥੇ 144 ਦਫ਼ਾ ਲਗਾ ਸਕਦੇ ਸੀ ਤਾਂ ਕਿ ਲੋਕ ਹਥਿਆਰ ਲੈ ਕੇ ਨਾ ਜਾਂਦੇ। ਇਹ ਇਨ੍ਹਾਂ ਨੇ ਜਾਣ ਕੇ ਕੀਤਾ ਜਾਂ ਨਹੀਂ ਜਾਣ ਕੇ ਕੀਤਾ ਇਹ ਇਨ੍ਹਾਂ ਦਾ ਦਿਲ ਹੀ ਜਾਣਦਾ ਹੈ ਪਰ ਉਸ ਕਲੈਸ਼ ਕਰਕੇ ਪੰਜਾਬ ਵਿਚ ਲਾਅ ਐਂਡ ਆਰਡਰ ਖਰਾਬ ਹੋਇਆ ਅਤੇ ਪੰਜਾਬ ਵਿਚ ਹਾਲਾਤ ਵਿਗੜ ਗਏ। ਫੇਰ ਤੁਸੀਂ ਅਨੰਦਪੁਰ ਸਾਹਿਬ ਦੇ ਮਤੇ ਦੀ ਗੱਲ ਕੀਤੀ, ਪੰਜਾਬੀ ਸੂਬੇ ਲਈ ਮੋਰਚਾ ਲਗਾਇਆ ਜੋ ਕੁਝ ਤੁਸੀਂ ਆਪਣੇ ਹੱਥੀ ਦਿੱਤਾ ਉਹ ਤੁਸੀਂ ਫੇਰ ਵਾਪਸ ਮੰਗਦੇ ਹੋ। ਇਨ੍ਹਾਂ ਨੇ ਜਿਹੜੀ ਡਿਮਾਂਡ 47 ਚੀਜ਼ਾਂ ਬਾਰੇ ਸੈਂਟਰ ਗੌਰਮਿੰਟ ਕੋਲ ਰੱਖੀ ਸੀ ਫੇਰ ਉਨ੍ਹਾਂ ਨੇ ਇਨ੍ਹਾਂ ਅਕਾਲੀਆਂ ਨੂੰ ਪੁੱਛਿਆ ਕਿ ਜੋ ਚਿੱਠਾ ਤੁਸੀਂ ਭੇਜਿਆ ਹੈ ਇਸ ਵਿਚ ਕੰਫਿਊਜ਼ਨ ਹੈ, ਇਸ ਕਰਕੇ ਇਸ ਨੂੰ ਕਲੀਅਰ ਕਰਕੇ ਲਿਖੋ ਕਿ ਤੁਸੀਂ ਕੀ ਚਾਹੁੰਦੇ ਹੋ। ਫੇਰ ਇਨ੍ਹਾਂ ਨੇ 15-15 ਇਸ਼ੂਜ਼ ਬਣਾ ਕੇ ਭੇਜਿਆ। ਇਨ੍ਹਾਂ ਨੇ ਕਿਹੜੀਆਂ ਚੀਜ਼ਾਂ ਦੀ ਡਿਮਾਂਡ ਰੱਖੀ, ਉਸ ਦੇ ਵਿਚ ਇਨ੍ਹਾਂ ਨੇ ਆਲ ਇੰਡੀਆ ਗੁਰਦੁਆਰਾ ਐਕਟ ਬਣਾਉਣ ਦੀ ਮੰਗ ਕੀਤੀ। ਜਦ ਮੈਂ ਇਨ੍ਹਾਂ ਨੂੰ ਕਿਹਾ ਕਿ ਸੈਂਟਰਲ ਗੌਰਮਿੰਟ ਦੀ ਪੱਕੀ ਸੋਚ ਬਣ ਗਈ ਹੈ ਆਲ ਇੰਡੀਆ ਗੁਰਦੁਆਰਾ ਐਕਟ ਬਨਾਉਣ ਬਾਰੇ। ਫਿਰ ਇਹ ਕਹਿਣ ਲਗੇ ਕਿ ਜੇਕਰ ਐਕਟ ਬਣ ਗਿਆ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਤਾਂ ਸੈਂਟਰ ਦੀ ਸਰਕਾਰ ਸਾਰੇ ਗੁਰਦੁਆਰਿਆਂ ਵਿਚ ਦਖਲ ਅੰਦਾਜ਼ੀ ਕਰੇਗੀ ਅਤੇ ਦਿੱਲੀ ਦੀ ਸਰਕਾਰ ਸਾਡੇ ਤੇ ਹਾਵੀ ਹੋ ਜਾਵੇਗੀ, ਫਿਰ ਇਹ ਇਸ ਡੀਮਾਂਡ ਤੋਂ ਮੁਕਰ ਗਏ। ਜਿਹੜੇ ਪੰਜਾਬੀ ਬੋਲਦੇ ਇਲਾਕੇ ਹਿਮਾਚਲ ਵਿਚ ਚਲੇ ਗਏ ਹਨ ਕਾਂਗੜਾ, ਕੁੱਲੂ, ਲਾਹੌਲ, ਕੰਡਾਘਾਟ ਇਹ ਸਾਰੇ ਪੰਜਾਬੀ ਲੋਕ ਸਨ ਅਤੇ ਪੰਜਾਬੀ ਪੜ੍ਹਦੇ ਸਨ ਪਰ ਇਨ੍ਹਾਂ ਨੇ ਪੰਜਾਬੀ ਬੋਲਦੇ ਇਲਾਕੇ ਹਿਮਾਚਲ ਨੂੰ ਦੇ ਦਿੱਤੇ ਅਤੇ ਸਾਰੇ ਟੂਰਿਜ਼ਮ ਦੀ ਇਨਕਮ ਗਵਾ ਲਈ। ਉਹ ਸੈਕਿੰਡ ਲੈਂਗੂਏਜ਼ ਹਿੰਦੀ ਪੜ੍ਹਦੇ ਸਨ ਪਰ ਹੁਣ ਇਹ ਕਹਿੰਦੇ ਹਨ ਕਿ ਉਹ ਪੰਜਾਬੀ ਬੋਲਦਾ ਇਲਾਕਾ ਵਾਪਸ ਕੀਤਾ ਜਾਵੇ। ਮੈਨੂੰ ਪਤਾ ਹੈ ਕਿ ਹਰਿਆਣੇ ਵਿਚ ਮੋਹਿੰਦਰਗੜ੍ਹ ਅਤੇ ਨਾਰਨੌਲ ਦਾ ਇਲਾਕਾ ਪਟਿਆਲਾ ਰਿਆਸਤ ਦਾ ਇਲਾਕਾ ਸੀ। ਉਥੇ ਗੁਰਦੁਆਰਾ ਸੀ। ਉਥੇ ਦੇ ਲੋਕ ਪੰਜਾਬੀ ਪੜ੍ਹਦੇ ਸਨ ਅਤੇ ਪੰਜਾਬੀ ਬੋਲਦੇ ਸਨ ਪਰ ਇਨ੍ਹਾਂ ਦੀਆਂ ਨੀਤੀਆਂ ਨੇ ਸਾਡੇ ਦੇਸ਼ ਦਾ ਫੈਡਰਲ ਢਾਂਚਾ ਹੀ ਖਰਾਬ ਕਰ ਦਿੱਤਾ ਹੈ। ਕਿੰਨਾ ਲੋਕਤੰਤਰ ਦਾ ਨੁਕਸਾਨ ਹੋਇਆ ਹੈ, ਇਸ ਦਾ ਇਨ੍ਹਾਂ ਨੂੰ ਕਦੇ ਅੰਦਾਜ਼ਾ ਹੈ। ਫੇਰ ਇਨ੍ਹਾਂ ਨੇ ਕਿਹਾ ਕਿ ਭਾਖੜਾ ਹੈਡਵਰਕਸ ਦਾ ਪ੍ਰਬੰਧ ਪੰਜਾਬ ਨੂੰ ਦਿੱਤਾ ਜਾਵੇ ਜਦ ਕਿ ਪੰਜਾਬੀ ਸੂਬੇ ਤੋਂ ਪਹਿਲੇ ਇਹ ਹੈਡਵਰਕਸ ਪੰਜਾਬ ਦੇ ਅੰਡਰ ਸਨ। ਜੇਕਰ ਤੁਸੀਂ ਪੰਜਾਬ ਵਿਚ ਆਪੋਜ਼ੀਸ਼ਨ ਵਿਚ ਰਹਿੰਦੇ ਅਤੇ ਪੰਜਾਬ ਦੇ ਲੋਕਾਂ ਦੀ ਸੇਵਾ ਕਰਦੇ ਰਹਿੰਦੇ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਆਨ ਏ ਪੁਆਇੰਟ ਆਫ ਆਰਡਰ ਸਰ। ਸਪੀਕਰ ਸਾਹਿਬ, ਮੈਂ ਕਹਿਣਾ ਨਹੀਂ ਚਾਹੁੰਦਾ ਸੀ ਪਰ ਇਹ ਇਥੇ ਸਾਰੀ ਗਲਤ ਬਿਆਨੀ ਕਰੀ ਜਾ ਰਹੇ ਹਨ। ਇਹ ਸਾਰੀਆਂ ਗੱਲਾਂ ਗਲਤ ਕਰੀ ਜਾ ਰਹੇ ਹਨ। ਕਾਂਗਰਸ ਪਾਰਟੀ ਨੇ ਪੰਜਾਬੀ ਬੋਲਦੇ ਇਲਾਕੇ ਹਰਿਆਣਾ ਅਤੇ ਹਿਮਾਚਲ ਨੂੰ ਦੇ ਦਿੱਤੇ। ਅਸੀਂ ਕਦੋਂ ਕਿਹਾ ਸੀ ਕਿ ਪੰਜਾਬੀ ਬੋਲਦੇ ਇਲਾਕੇ ਉਨ੍ਹਾਂ ਨੂੰ ਦੇ ਦਿਓ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਪੰਜਾਬੀ ਸੂਬੇ ਦਾ ਮੋਰਚਾ ਅਕਾਲੀਆਂ ਨੇ ਲਗਾਇਆ ਸੀ, ਇਹ ਪੰਜਾਬੀ ਸੂਬੇ ਦੇ ਮੋਰਚੇ ਨੂੰ ਕਿਸ ਨੇ ਲਗਾਇਆ ਸੀ ? ਪੰਜਾਬੀ ਬੋਲਦੇ ਇਲਾਕੇ ਇਨ੍ਹਾਂ ਨੇ ਦੇ ਦਿੱਤੇ, ਤੁਸੀਂ ਇਸ ਤਰ੍ਹਾਂ ਦੇ ਸਿਆਸੀ ਮੋਰਚੇ ਲਗਾ ਕੇ ਪੰਜਾਬ ਦੀ ਕਿੰਨੀ ਤਬਾਹੀ ਕੀਤੀ ਹੈ। ਕੰਟੈਂਪਰੇਰੀ ਹਿਸਟਰੀ ਜੋ ਮਰਜ਼ੀ ਕਹੇ ਪਰ ਜਿਹੜੇ ਹਿਸਟੋਰੀਅਨ ਪੰਜਾਬ ਬਾਰੇ ਲਿਖਣਗੇ ਤਾਂ ਉਂਗਲ ਤੁਹਾਡੇ ਵੱਲ ਹੀ ਆਵੇਗੀ, ਇਸ ਤੋਂ ਤੁਸੀਂ ਬੱਚ ਨਹੀਂ ਸਕਦੇ। 1925 ਦੇ ਵਿਚ ਜਿਹੜੀ ਗੁਰਦੁਆਰਾ ਲਹਿਰ ਚਲੀ ਸੀ ਉਸ ਵਕਤ ਦੇ ਲੋਕ ਕਿਸ ਤਰ੍ਹਾਂ ਦੇ ਬੰਦੇ ਸਨ ਉਨ੍ਹਾਂ ਦੇ ਵਿਚ ਸੇਵਾ ਕਰਨ ਦੀ ਭਾਵਨਾ ਹੁੰਦੀ ਸੀ, ਬਾਬੂ ਆਤਮਾ ਸਿੰਘ ਵਰਗੇ ਇਸ ਲਹਿਰ ਵਿਚ ਕੰਮ ਕਰਦੇ ਰਹੇ। ਨਨਕਾਣਾ ਸਾਹਿਬ, ਡੂੰਗੀਆਂ ਜੈਤੋਂ ਦਾ ਮੋਰਚਾ ਅਤੇ ਗੁਰੂ ਕਾ ਬਾਗ ਲਹਿਰ ਵਿਚ ਕਿਉਂ ਉਹ ਲੋਕ ਕਾਮਯਾਬ ਸਨ ਕਿਉਂਕਿ ਉਨ੍ਹਾਂ ਦੇ ਵਿਚ ਮਾਸਟਰ ਤਾਰਾ ਸਿੰਘ ਵਰਗੇ ਇਮਾਨਦਾਰ ਲੀਡਰ ਸਨ ਜਿਨ੍ਹਾਂ ਨੇ ਸਿੱਖ ਧਰਮ ਲਈ ਬਹੁਤ ਕੁਝ ਕੀਤਾ। ਸਾਰੇ ਜਾਣਦੇ ਹਨ। ਪਰ ਇਹ ਕੋਈ ਉਹੋ ਜਹੀ ਜਮਾਤ ਨਹੀਂ। ਇਹ ਤਾਂ ਬਾਹਰ ਤੋਂ ਆਈ ਕੋਈ ਹੋਰ ਟੋਲੀ ਹੈ। ਉਨ੍ਹਾਂ ਦੇ ਨਾਲ ਇਨ੍ਹਾਂ ਦਾ ਕੋਈ ਵੀ ਕੁਨੈਕਸ਼ਨ ਨਹੀਂ ਹੈ। ਇਨ੍ਹਾਂ ਨੇ ਆਪਣੀ ਕੋਈ ਟੋਲੀ ਜਿਹੀ ਬਣਾਈ ਹੋਈ ਹੈ। ਮੈਂ ਉਸ ਬੰਦੇ ਦਾ ਨਾਂ ਨਹੀਂ ਲੈਣਾ ਚਾਹੁੰਦਾ। ਇਕ ਬੰਦਾ ਸੀ, ਜਦੋਂ ਮੈਂ ਕੈਰੋਂਵਾਲ ਵਿਚ ਗਿਆ ਸੀ, ਛੋਟੇਪੁਰ ਹੋਰੀ ਜਾਣਦੇ ਹਨ। ਉਥੇ ਸੰਤਾਂ ਦਾ ਸਸਕਾਰ ਹੋ ਰਿਹਾ ਸੀ। ਇਨ੍ਹਾਂ ਦਾ ਬੰਦਾ ਉਥੇ ਕਹਿ ਰਿਹਾ ਸੀ, ਮੈਂ ਦੇਖਾਂਗਾ, ਬਾਦਲ ਨੇ ਅੱਜ ਸੰਤਾਂ ਦਾ ਕਤਲ ਕਰਾਇਆ ਹੈ। ਅੱਜ ਉਹ ਵੀ ਉਪਰ (ਵਿਰੋਧੀ ਧਿਰ ਵਿਚ

Original with;
Punjab Vidhan Sabha
Digitized by;
Panjab Digital Library

ਇਸ਼ਾਰਾ) ਰਲ ਗਏ ਹਨ। ਇਨ੍ਹਾਂ ਦਾ ਕੁਝ ਪਤਾ ਨਹੀਂ ਚਲਦਾ। ਇਨ੍ਹਾਂ ਨੂੰ ਇਸ ਗੱਲ ਦਾ ਵੀ ਪਤਾ ਨਹੀਂ ਕਿ ਇਨ੍ਹਾਂ ਨੇ ਕਿੰਨਾ ਡੈਮੇਜ ਪੰਜਾਬ ਨੂੰ ਕੀਤਾ ਹੈ। ਪਹਿਲਾਂ ਸਾਡਾ ਕੀ ਸਭਿਆਚਾਰ ਸੀ, ਕੀ ਇਤਿਹਾਸ ਸੀ ਜਿਸਨੂੰ ਇਨ੍ਹਾਂ ਨੇ ਬਿਲਕੁਲ ਖਤਮ ਕਰਕੇ ਰੱਖ ਦਿੱਤਾ ਹੈ। ਇਹ ਮਿਲੀਟੈਂਸੀ ਦੀ ਗੱਲ ਕਰਦੇ ਹਨ। ਸੰਤਾਂ ਦੀ ਮੈਂ ਗੱਲ ਕੀਤੀ ਹੈ, ਉਨ੍ਹਾਂ ਵਿਚਾਰਿਆਂ ਦਾ ਕਤਲ ਹੋ ਗਿਆ। ਮੈਂ ਇਹ ਵੀ ਇਕ ਗੱਲ ਪੁੱਛਾਂ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਕਤਲ ਹੋਇਆ, ਕੁਝ ਬੰਦਿਆਂ ਨੇ ਕੀਤਾ, ਉਹ ਕਿਹੜੇ ਬੰਦੇ ਸੀ ? One Harvinder Singh Leel, resident of Leel village and Gian Singh were honoured with gold medal in a function held in 1987 at Akal Takht while Harvinder Singh Leel was given the medal posthumously. Family members of Gian Singh were present on this occasion. Sardar Parkash Singh Badal had personally given medals in the presence of Shri Ram Jeth Malani at Damdami Taksal. ਕਿਸ ਨੂੰ ਮੈਡਲ ਦਿੱਤੇ ਤੁਸੀਂ ? (ਸ਼ੋਰ) ਮੈਂ ਪੁੱਛਦਾ ਹਾਂ ਕਿ ਮੈਡਲ ਕਿਸ ਨੂੰ ਦਿੱਤੇ ? (ਵਿਘਨ) ਹੁਣ ਤਾਂ ਸਭ ਕੁਝ ਮੁਕਰੀ ਜਾਉ ਤੁਸੀਂ, ਮੁਕਰਨ ਦੇ ਤਾਂ ਤੁਸੀਂ ਮਾਹਿਰ ਹੋ। ਮੈਂ ਦੱਸਣਾ ਚਾਹੁੰਦਾ ਹਾਂ ਕਿ ਹਿਸਟਰੀ ਦੇਖੋ ਤੁਸੀਂ, ਹਾਲਾਤ ਕਦੋਂ ਤੋਂ ਵਿਗੜੇ ? ਹਾਲਾਤ ਉਦੋਂ ਤੋਂ ਵਿਗੜੇ ਜਦੋਂ ਤੁਸੀਂ ਅਨੰਦਪੁਰ ਸਾਹਿਬ ਦਾ ਮਤਾ ਰਖਿਆ। ਪੰਜਾਬੀ ਸੂਬਾ 1966 ਵਿਚ ਬਣ ਗਿਆ, ਡਿਵੀਜ਼ਨ ਹੋ ਗਈ। ਫੇਰ ਇਹ ਡਿਮਾਂਡਾਂ ਕ੍ਰਿਸਟਲਾਈਜ਼ ਕਰਨ ਲਗੇ। ਉਦੋਂ ਡਿਮਾਂਡਾਂ ਲਈ 1973 ਵਿਚ ਇਕ ਕਮੇਟੀ ਘੜੀ ਗਈ ਜਿਸ ਨੇ ਅਨੰਦਪੁਰ ਸਾਹਿਬ ਵਿਚ ਮੀਟਿੰਗ ਕੀਤੀ। ਉਥੇ ਇਨ੍ਹਾਂ ਦੇ ਕਈ ਸੱਜਣ ਮੌਜੂਦ ਸਨ। ਉਥੇ ਇਕ ਡਰਾਫਟ ਐਗਰੀਮੈਂਟ ਬਣਾਇਆ ਗਿਆ ਕਿ ਕਿਸ ਤਰੀਕੇ ਨਾਲ ਸਾਨੂੰ ਚਲਣਾ ਚਾਹੀਦਾ ਹੈ, ਜਿਹੜਾ 1978 ਵਿਚ ਲੁਧਿਆਣਾ ਸੈਸ਼ਨ ਵਿਚ ਪਾਸ ਕੀਤਾ ਗਿਆ ਜਦੋਂ ਤਲਵੰਡੀ ਸਾਹਿਬ ਪ੍ਰਧਾਨ ਸਨ। ਉਸ ਤੋਂ ਬਾਅਦ ਕਿਸੇ ਨਾ ਕਿਸੇ ਤਰੀਕੇ ਨਾਲ ਐਜੀਟੇਸ਼ਨਾਂ ਸ਼ੁਰੂ ਕਰ ਦਿੱਤੀਆਂ ਜਦੋਂ ਕਪੂਰੀ ਤੋਂ ਨਹਿਰ ਦੇ ਪੁੱਟਣ ਦਾ ਕੰਮ ਕਾਂਗਰਸ ਨੇ ਸ਼ੁਰੂ ਕੀਤਾ। ਇਹ ਕੰਮ ਕਿਉਂ ਕੀਤਾ ਗਿਆ ਸੀ, ਕਿਉਂਕਿ ਇਨ੍ਹਾਂ ਨੇ ਦੋ ਕਰੋੜ ਰੁਪਏ ਪਿਛੇ ਹਰਿਆਣੇ ਨਾਲ ਅੰਡਰਸਟੈਂਡਿੰਗ ਕਰ ਲਈ ਸੀ ਕਿ ਅਸੀਂ ਪਾਣੀ ਦੇ ਦਿੰਦੇ ਹਾਂ.......

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ।

**ਮਾਨਯੋਗ ਸਪੀਕਰ** : ਹਾਂ ਜੀ, ਬਾਦਲ ਸਾਹਿਬ। ਦੱਸੋ ਤੁਹਾਡਾ ਕੀ ਪੁਆਇੰਟ ਆਫ ਆਰਡਰ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਇਹ ਬਿਲਕੁਲ ਗਲਤ ਬੋਲ ਰਹੇ ਹਨ। ਮੈਂ ਇਥੇ ਅਸੈਂਬਲੀ ਵਿਚ ਕਈ ਦਫਾ ਸਬੂਤ ਦਿੱਤਾ ਹੈ ਕਿ ਅਸਲ ਗੱਲ ਕੀ ਹੈ।

**ਮੁੱਖ ਮੰਤਰੀ** : ਮੇਰੇ ਕੋਲ ਅੱਗੇ ਆ ਰਿਹਾ ਹੈ, ਮੈਂ ਤੁਹਾਨੂੰ ਦੱਸ ਦਿੰਦਾ ਹਾਂ। ਫੇਰ 1978 ਦਾ ਜਿਹੜਾ ਮਤਾ ਸੀ, ਜਿਹੜਾ ਇਹ ਕਹਿੰਦੇ ਹਨ, ਪਹਿਲਾਂ 1973 ਵਿਚ, ਫੇਰ 1975 ਵਿਚ ਤੇ ਫੇਰ 1978 ਦਾ ਮਤਾ ਜੋ ਸੀ, ਗਿਆਨੀ ਅਜਮੇਰ ਸਿੰਘ ਦੇ ਦਸਤਖਤਾਂ ਦੇ ਨਾਲ, 1977 ਦਾ, ਸੌਰੀ, ਇਹ ਸਾਰੀ ਸ਼ੁਰੂਆਤ ਉਦੋਂ ਹੋਈ। ਹਾਲਾਤ ਵਿਗੜਦੇ ਗਏ। 6

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਅਗਸਤ, 1978 ਵਿਚ ਦਲ ਖਾਲਸਾ ਬਣਿਆ। ਇਕ ਮਹੀਨੇ ਬਾਅਦ 9 ਅਕਤੂਬਰ ਨੂੰ ਹਾਲਾਤ ਭਖਦੇ ਗਏ ਤੇ ਲਾਲਾ ਜਗਤ ਨਾਰਾਇਣ ਜੀ ਦਾ ਕਤਲ ਹੋਇਆ ਤੇ 21 ਅਕਤੂਬਰ, ਨੂੰ IA Plane was hijacked to Lahore. ਜਦੋਂ ਆਪਾਂ ਆਪਣੀ ਡਿਊਟੀ ਦੀ ਐਪਲੀਕੇਸ਼ਨ ਕਰਦੇ ਹਾਂ, ਉਦੋਂ ਜਦੋਂ ਹਾਲਾਤ ਵਿਗੜ ਰਹੇ ਸੀ, ਡੱਟ ਕੇ ਖੜ੍ਹਦੇ। ਲੀਡਰ ਉਹੀ ਹੁੰਦਾ ਹੈ। ਜਦੋਂ ਨਦੀ ਦਾ ਬਹਾਵ ਤੇਜ਼ ਹੁੰਦਾ ਹੈ, ਕਦੇ ਕਦੇ ਬਹਾਵ ਨਾਲ ਲੈ ਜਾਂਦਾ ਹੈ। Does not matter, ਹਿਸਟਰੀ ਵਿਚ ਤੁਸੀਂ ਜਾਣੇ ਜਾਉਗੇ। ਤੁਸੀਂ ਪਾਸ ਹੋ ਜਾਂਦੇ। ਪਰ ਤੁਸੀਂ ਕਿਹਾ, ਚੱਲਣ ਦਿਉ, ਚੱਲਣ ਦਿਉ। ਜਿਹੜਾ 'ਹਾਂ ਵਿਚ ਹਾਂ' ਮਿਲਾਈ ਜਾਂਦਾ ਹੈ, ਉਹ ਕੋਈ ਲੀਡਰ ਨਹੀਂ ਹੁੰਦਾ। ਪਰ ਤੁਸੀਂ 'ਹਾਂ ਵਿਚ ਹਾਂ' ਮਿਲਾਉਣ ਵਾਲੇ ਲੀਡਰ ਸੀ ਜਿਨ੍ਹਾਂ ਨੇ ਇਨ੍ਹਾਂ ਬੱਚਿਆਂ ਨੂੰ ਭੜਕਾਇਆ, ਯੰਗ ਲੜਕੇ ਸੀ, ਫਰਸਟ੍ਰੇਟਿਡ ਸੀ, ਜਿਨ੍ਹਾਂ ਨੂੰ ਨੌਕਰੀਆਂ ਨਹੀਂ ਮਿਲੀਆਂ ਉਨ੍ਹਾਂ ਵਿੱਚ ਫ੍ਰਸਟ੍ਰੇਸ਼ਨ ਬਿਲਡਅੱਪ ਹੋ ਗਈ ਔਰ ਤੁਸੀਂ ਇਨ੍ਹਾਂ ਨੂੰ ਸਹੀ ਰਸਤੇ ਤੇ ਨਹੀਂ ਪਾਇਆ। ਫਿਰ ਜਦੋਂ ਦੇਖਿਆ ਕਿ ਹੁਣ ਹਾਲਾਤ ਕਿੱਧਰ ਨੂੰ ਜਾ ਰਹੇ ਹਨ ਤਾਂ 4 ਅਗਸਤ, 1982 ਨੂੰ ਧਰਮ ਯੁੱਧ ਮੋਰਚਾ ਅਨਾਊਂਸ ਕਰ ਦਿੱਤਾ। ਉਸ ਤੋਂ 16 ਦਿਨ ਬਾਅਦ 20 ਅਗਸਤ ਨੂੰ ਪਹਿਲਾ ਹਮਲਾ ਸਰਦਾਰ ਦਰਬਾਰਾ ਸਿੰਘ, ਚੀਫ ਮਨਿਸਟਰ ਤੇ ਹੋਇਆ, ਉਨ੍ਹਾਂ ਉਤੇ ਗਰੇਨੇਡ ਸੁੱਟਿਆ ਗਿਆ। ਫਿਰ ਇਨ੍ਹਾਂ ਨੇ 12 ਮਾਰਚ, 1983 ਨੂੰ ਮਰਜੀਵੜਿਆਂ ਦੀ ਸਹੁੰ ਖਾਧੀ। ਇਹ ਸਾਰੇ ਆਪ ਅਕਾਲ ਤਖਤ ਸਾਹਿਬ ਤੇ ਗਏ। ਇਨ੍ਹਾਂ ਨੇ ਉਥੇ ਜਾ ਕੇ ਕਿਹਾ ਕਿ ਸਚੇ ਪਾਤਸ਼ਾਹ ਜੇਕਰ ਟੈਂਕ ਅੰਦਰ ਆਉਣਗੇ ਤਾਂ ਉਹ ਸਾਡੀਆਂ ਛਾਤੀਆਂ ਤੇ ਆਉਣਗੇ। ਮੈਂ ਇਨ੍ਹਾਂ ਨੂੰ ਪੁੱਛਦਾ ਹਾਂ ਕਿ ਕਿੱਧਰ ਗਈਆਂ ਤੁਹਾਡੀਆਂ ਛਾਤੀਆਂ। ਉਥੇ ਬੰਦੇ ਮਰਵਾ ਦਿੱਤੇ। ਇਕ ਲੱਖ ਬੰਦੇ ਨੂੰ ਮਰਜੀਵੜਿਆਂ ਦੀ ਅਰਦਾਸ ਕਰਾ ਦਿੱਤੀ। ਇਹ ਸਭ ਕੁਝ ਏਥੇ ਹੈ। (ਰਿਕਾਰਡ ਵੱਲ ਇਸ਼ਾਰਾ) In one of the meetings held on 12th March, 1983 Akalis chalked out a comprehensive strategy imbibed with violence and antinational elements under which the atmosphere of lawlessness and terror in the State was to be created. As part of the strategy they decided to raise about one lakh volunteers (members of a Do or Die Squad). They were called Marjiwaras. They took their oath at Akal Takht Sahib and were enrolled with the object of overt and covert confrontation to the extent of sacrificing their lives for the cause of the Sikh Panth. Many top Akalis including Shri Parkash Singh Badal had enrolled themselves as Marjiwaras. However, they betrayed their associates at the critical juncture which is now part of history. These marjiwaras were given training in the camps addressed by frustrated civil and army officers like General Jaswant Singh Bhullar at Anandpur Sahib and other places in which the minds of Marijiwaras were poisoned against the country. They were imparted training in the handing of traditional and modren weapons. All these negative developments led to further escalation of hostitolities. ਇਹ ਮੈਂ ਨਹੀਂ ਲਿਖਿਆ। ਤੁਸੀਂ ਵੀ ਕਿਤੋਂ ਤਾਂ ਪੜ੍ਹਿਆ ਹੈ। ਮੈਂ ਵੀ ਕਹਿੰਦਾ ਹਾਂ ਕਿ ਇਹ ਨੋਟ ਸਰਕੂਲੇਟ ਹੋਇਆ। ਸੋ, ਪੁਆਇੰਟ ਇਹ ਹੈ ਕਿ ਜਦੋਂ ਗਲਤੀ ਕੀਤੀ ਹੈ ਤਾਂ ਤੁਹਾਨੂੰ ਗਲਤੀ ਮੰਨ ਲੈਣੀ ਚਾਹੀਦੀ ਹੈ, ਫਿਰ ਲੜਕਿਆਂ ਨੂੰ ਕਿਉਂ ਬਲੇਮ ਕਰਦੇ ਹੋ,

Original with;
Punjab Vidhan Sabha
Digitized by;
Panjab Digital Library

ਬੰਦਾ ਉਹ ਹੁੰਦਾ ਹੈ ਜੋ ਗਲਤੀ ਕਰਕੇ ਮੰਨ ਲੈਂਦਾ ਹੈ, ਫਿਰ ਦੁਨੀਆਂ ਉਸ ਨੂੰ ਮੁਆਫ ਵੀ ਕਰ ਦਿੰਦੀ ਹੈ। ਮੈਂ ਸਮਝਦਾ ਹਾਂ ਕਿ ਉਨਾਂ ਹੀ ਦੋਸ਼ੀ ਬੰਦੂਕ ਚਲਾਉਣ ਵਾਲਾ ਹੁੰਦਾ ਹੈ ਜਿੰਨਾ ਕਿ ਉਸ ਨੂੰ ਰਸਤਾ ਦਿਖਾਉਣ ਵਾਲਾ ਜਾਂ ਜਿਹੜਾ ਉਸ ਨੂੰ ਸਹੀ ਰਸਤੇ ਬਾਰੇ ਨਹੀਂ ਦੱਸਦਾ। ਇਹੀ ਨਹੀਂ, ਤੁਸੀਂ ਸੰਵਿਧਾਨ ਨੂੰ ਵੀ ਬਲੇਮ ਕਰਦੇ ਹੋ। ਤੁਸੀਂ ਸੰਵਿਧਾਨ ਦੀ ਧਾਰਾ 25 ਸਾੜੀ, ਸੰਤ ਜੀ (ਸੰਤ ਹਰਚੰਦ ਸਿੰਘ ਲੌਂਗੋਵਾਲ) ਵਿਚਾਰੇ ਚਲੇ ਗਏ ਹਨ, ਆਹ ਹੁਣੇ ਕੁਝ ਦਿਨ ਪਹਿਲਾਂ ਹੀ ਤੁਸੀਂ ਨਥਾਣੇ ਤੋਂ ਕਹਿਦੇ ਹੋ ਕਿ President of Shiromani Akali Dal and former Chief Minister Parkash Singh Badal disclosed that he burnt copy of Article 25 of the Constitution at Delhi under pressure from the then President of Akali Dal led by Sant Harchand Singh Longowal. ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਅਸੀਂ ਕਿੱਦਾਂ ਪੁੱਛ ਸਕਦੇ ਹਾਂ। Do not now put this on the back of others, ਜਿਹੜੇ ਮਰ ਗਏ ਹਨ। ਤੁਸੀਂ ਜਾਣਦੇ ਹੋ, ਸਾਰਾ ਕੁਝ ਜਾਣਦੇ ਹੋ। ਨਾ ਤੁਸੀਂ ਅਤੇ ਨਾ ਕੋਈ ਹੋਰ ਤੁਹਾਡਾ ਆਦਮੀ ਕਿਸੇ ਸੰਤ ਨੂੰ ਪੁੱਛਦਾ ਸੀ ? ਜੋ ਤੁਸੀਂ ਕਰਨਾ ਚਾਹੁੰਦੇ ਸੀ, ਉਹੀ ਕਰਵਾਉਂਦੇ ਸੀ। ਜੋ ਇਨਸਾਨ ਮਰ ਗਿਆ ਹੈ ਉਸ ਤੇ ਦੋਸ਼ ਨਾ ਲਾਓ। ਬੰਦੇ ਬਣ ਕੇ ਕਹੋ ਕਿ ਮੈਂ ਕੀਤਾ, ਮੈਂ ਕਰਾਇਆ। ਦੁਨੀਆਂ ਉਸ ਨੂੰ ਮੰਨ ਜਾਂਦੀ ਹੈ। ਲੇਕਿਨ ਆਹ ਨਹੀਂ ਕਿ ਜੋ ਇਨਸਾਨ ਮਰ ਗਿਆ, ਜੋ ਜਵਾਬ ਨਹੀਂ ਦੇ ਸਕਦਾ ਉਸਤੇ ਹੀ ਤੁਸੀਂ ਸਾਰੇ ਦੋਸ਼ ਲਾਈ ਜਾਂਦੇ ਹੋ। These are things that are despicable in the leadership ਤੁਸੀਂ ਰਸਤੇ ਰੋਕੇ, ਰਸਤੇ ਵੀ ਰੋਕੋ ਅੰਦੋਲਨ ਵੀ ਕਰਵਾਏ। 4 ਮਈ ਨੂੰ ਤੇ 4 ਅਪ੍ਰੈਲ ਨੂੰ ਰਸਤੇ ਰੋਕੇ। ਥਰੂ ਆਊਟ ਸਟੇਟ ਤੁਸੀਂ ਫਾਇਰਿੰਗ ਕਰਵਾਈ। ਉਸ ਵਿੱਚ 21 ਬੰਦੇ ਮਰ ਗਏ। 61 ਆਦਮੀ ਜ਼ਖ਼ਮੀ ਹੋ ਗਏ। ਉਸ ਤੋਂ 20 ਦਿਨ ਬਾਅਦ ਸ਼੍ਰੀ ਅਟਵਾਲ, ਡੀ.ਆਈ.ਜੀ. ਸ਼੍ਰੀ ਦਰਬਾਰ ਸਾਹਿਬ ਮੱਥਾ ਟੇਕਣ ਗਏ ਤਾਂ ਜਿਵੇਂ ਡਿਪਟੀ ਚੀਫ ਮਨਿਸਟਰ ਸਾਹਿਬਾ ਨੇ ਦੱਸਿਆ ਹੈ ਕਿ ਉਨ੍ਹਾਂ ਦਾ ਉਥੇ ਹੀ ਗੁਰਦੁਆਰਾ ਸਾਹਿਬ ਦੇ ਅੰਦਰ ਕਤਲ ਕਰ ਦਿੱਤਾ ਗਿਆ। ਫਿਰ 6 ਅਕਤੂਬਰ, ਨੂੰ ਕਿਉਂਕਿ ਹਾਲਾਤ ਏਥੇ ਬਹੁਤ ਵਿਗੜ ਰਹੇ ਸੀ ਤਾਂ ਸਰਦਾਰ ਦਰਬਾਰਾ ਸਿੰਘ ਦੀ ਗੌਰਮਿੰਟ ਨੂੰ ਡਿਸਮਿਸ ਕੀਤਾ ਗਿਆ। ਸਟੇਟ ਗੌਰਮਿੰਟ ਨੇ, ਦੇਸ਼ ਦੀ ਸਰਕਾਰ ਨੇ ਕੀਤਾ। ਉਸ ਟਾਈਮ ਉਥੇ ਸਾਡੀ ਸਰਕਾਰ ਸੀ, ਉਨ੍ਹਾਂ ਨੇ ਕੀਤਾ। ਕਿਉਂ ਕੀਤਾ, ਕਿਉਂਕਿ ਏਥੇ ਹਾਲਾਤ ਬਹੁਤ ਵਿਗੜ ਗਏ ਸੀ ਔਰ ਉਸੇ ਦਿਨ ਹੀ ਢਿਲਵਾਂ ਵਿਖੇ ਮਸੈਕਰ ਹੋਇਆ, ਬੱਸ ਵਿੱਚੋਂ ਕੁਝ ਬੰਦੇ ਕੱਢ ਕੇ ਮਾਰ ਦਿੱਤੇ ਗਏ। ਫਿਰ 2 ਦਿਨ ਬਾਅਦ ਮਿਸਟਰ ਤਿਵਾੜੀ, ਐਮ.ਪੀ. ਦਾ ਕਤਲ ਹੋਇਆ। ਇਸ ਤੋਂ ਚਾਰ ਦਿਨਾਂ ਬਾਅਦ ਗਿਆਨੀ ਪ੍ਰਤਾਪ ਸਿੰਘ ਦਾ ਕਤਲ ਹੋਇਆ। ਮੈਂ ਸਾਰੇ ਸੀਕੁਐਂਸ ਦੱਸ ਸਕਦਾ ਹਾਂ ਪਰ ਮੈਨੂੰ ਇਸ ਤਰ੍ਹਾਂ ਦੱਸਦੇ ਦੱਸਦੇ ਇਕ ਹਫ਼ਤਾ ਲੱਗ ਜਾਵੇਗਾ। ਮੇਰੇ ਕੋਲ ਆਹ ਸਾਰੀਆਂ ਡੇਟਾਂ ਹਨ, ਜੇ ਕਹਿੰਦੇ ਹੋ ਤਾਂ ਤੁਹਾਨੂੰ ਭੇਜ ਦਿੰਦਾ ਹਾਂ (ਸ਼ੋਰ....ਵਿਘਨ) ਫਿਰ ਰਮੇਸ਼ ਚੰਦਰ ਜੀ ਦਾ 12/5 ਨੂੰ ਕਤਲ ਹੋਇਆ। ਮੈਂ ਕਰੈਡਿਟ ਦਿੰਦਾ ਹਾਂ ਵਿਜੈ ਜੀ ਨੂੰ, ਕਿਉਂ ਜੋ ਲਾਲਾ ਜਗਤ ਨਰਾਇਣ ਜੀ ਕਤਲ ਹੋਏ, ਰਮੇਸ਼ ਜੀ ਕਤਲ ਹੋਏ ਪਰ ਉਨ੍ਹਾਂ ਨੇ ਆਪਣੇ ਅਸੂਲ ਨਹੀਂ ਛੱਡੇ। ਤੁਸੀਂ ਤਾਂ ਟਪੂਸੀਆਂ ਮਾਰਦੇ ਰਹਿੰਦੇ ਹੋ, ਕਦੀ ਇਧਰ ਤੇ ਕਦੀ ਉਧਰ। 6 ਜੂਨ ਨੂੰ ਬਲਿਊ ਸਟਾਰ ਹੋਇਆ। ਕੀ ਤੁਹਾਨੂੰ ਪਤਾ ਸੀ ਕਿ ਬਲਿਊ ਸਟਾਰ ਹੋਣਾ ਹੈ। ਉਸ ਵੇਲੇ ਸਾਰੀ ਅਕਾਲੀ ਦਲ ਦੀ ਲੀਡਰਸ਼ਿਪ ਦਰਬਾਰ ਸਾਹਿਬ ਵਿਚ ਸੀ। ਪਰ ਤੁਸੀਂ ਨਹੀਂ ਸੀ। ਜਿਸ ਦਿਨ ਫੌਜ ਨੇ ਤਿੰਨ ਤਰੀਕ ਨੂੰ ਅਟੈਕ ਕੀਤਾ ਤਾਂ ਤੁਸੀਂ ਆਪਣੇ ਯੂ.ਪੀ. ਫਾਰਮ ਤੇ ਚਲੇ ਗਏ ਸੀ...

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ਬੈਠੇ-ਬੈਠੇ) ਸਪੀਕਰ ਸਾਹਿਬ, ਇਹ ਗਲਤ ਆਖੀ ਜਾ ਰਹੇ ਹਨ, ਇਸ ਦਾ ਕੋਈ ਇਲਾਜ ਨਹੀਂ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਇਹ ਸਾਰਾ ਰਿਕਾਰਡ ਤੁਹਾਨੂੰ ਹੈਂਡ-ਓਵਰ ਕਰ ਦਿੰਦਾ ਹਾਂ ਤੁਸੀਂ ਇਸ ਨੂੰ ਇਸਵੈਸਟੀਗੇਟ ਕਰਵਾ ਲਵੋ, ਕਿਸੇ ਵੀ ਏਜੰਸੀ ਕੋਲੋਂ ਕਰਵਾ ਲਵੋ। ਇਹ ਇਨ੍ਹਾਂ ਦਾ ਸੁਭਾਅ ਹੈ। ਮੇਰਾ ਇਸ ਤਰ੍ਹਾਂ ਦਾ ਸੁਭਾਅ ਨਹੀਂ। ਮੈਂ ਇਸ ਲੋਕਰਾਜ ਦੇ ਮੰਦਰ ਵਿਚ (ਹਾਊਸ ਵਿਚ) ਕੋਈ ਗਲਤ ਗੱਲ ਨਹੀਂ ਕਰਾਂਗਾ ਇਹ ਮੇਰਾ ਪ੍ਰੋਮਿਸ ਹੈ। ਉਥੇ ਯੂ.ਪੀ. ਵਿਚ ਜਾ ਕੇ ਇਹ ਡੈਮੋਕਰੇਟਿਕ ਲੀਡਰ ਕਹਿੰਦੇ ਹਨ ਕਿ ਸਾਰੀ ਸਿੱਖ ਫੌਜ ਬਗਾਵਤ ਕਰੋ, ਸਾਰੀ ਸਿੱਖ ਪੁਲਿਸ ਬਗਾਵਤ ਕਰੋ। ਜਦੋਂ ਗੱਲ ਭੜਕ ਉਠਦੀ ਹੈ ਤਾਂ ਫਿਰ ਇਹ ਜਾ ਕੇ ਗ੍ਰਿਫਤਾਰ ਹੋ ਜਾਂਦੇ ਹਨ। ਇਹ ਗੱਲ ਇਨ੍ਹਾਂ ਦੀ ਪਾਲੇਟੀਸ਼ੀਅਨ ਦੇ ਤੌਰ ਤਾਂ ਠੀਕ ਹੈ ਪਰ ਲੀਡਰ ਦੇ ਤੌਰ ਤੇ ਨਹੀਂ। ਇਨ੍ਹਾਂ ਦਾ ਸੁਭਾਅ ਕੀ ਹੈ ਅਤੇ ਇਹ ਕੀ ਕਰਦੇ ਹਨ, ਮੈਂ ਦਸਦਾ ਹਾਂ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਇਹ ਅੱਤਵਾਦ ਤੇ ਬਹਿਸ ਕਰ ਰਹੇ ਹਨ ਜਾਂ ਕਿ ਮੇਰੇ ਉਤੇ ਬਹਿਸ ਕਰ ਰਹੇ ਹਨ। (ਹਾਸਾ)

**Mr. Speaker** : Avoid personal remarks please.

**ਮੁੱਖ ਮੰਤਰੀ** : ਮੈਂ ਦੱਸਦਾ ਹਾਂ ਕਿ ਅੱਤਵਾਦ ਦੇ 10 ਸਾਲ ਦੇ ਸਮੇਂ ਵਿਚੋਂ ਇਹ 7 ਸਾਲ ਜੇਲ੍ਹ ਵਿਚ ਰਹੇ ਹਨ। ਇਹ ਫਿਰ ਕਹਿੰਦੇ ਹਨ, ਅਸੀਂ ਇਹ ਕਰਾਂਗੇ, ਫਲਾਣਾ ਕਰਾਂਗੇ, ਢਿਮਕਾ ਕਰਾਂਗੇ। ਇਹ ਤਾਂ ਆਪਣੀ ਗ੍ਰਿਫਤਾਰੀ ਦੇ ਕੇ ਜੇਲ੍ਹ ਵਿਚ ਚਲੇ ਜਾਂਦੇ ਹਨ। ਜਿਹੜੇ ਗਰੀਬ ਲੋਕ ਇਨ੍ਹਾਂ ਦੇ ਕਹੇ ਤੇ ਉਥੇ ਇਕੱਠੇ ਹੋ ਜਾਂਦੇ ਹਨ, ਉਨ੍ਹਾਂ ਦੇ ਡਾਂਗਾਂ ਪੈਂਦੀਆਂ ਹਨ, ਗੋਲੀਆਂ ਚਲਦੀਆਂ ਹਨ। ਇਹ ਬਾਰ ਬਾਰ ਇਹੋ ਗੱਲ ਕਹਿੰਦੇ ਹਨ ਅਤੇ ਬੜੇ ਮਾਣ ਨਾਲ ਕਹਿੰਦੇ ਹਨ ਕਿ ਮੈਂ ਤਾਂ ਕਈ ਵਾਰੀ ਜੇਲ੍ਹ ਵਿਚ ਜਾ ਚੁੱਕਿਆ ਹਾਂ। ਮੈਨੂੰ ਪਤਾ ਹੈ ਜਿਸ ਤਰ੍ਹਾਂ ਇਹ ਜੇਲ੍ਹ ਵਿਚ ਜਾਂਦੇ ਹਨ। ਅੱਤਵਾਦ ਦੇ 10 ਸਾਲ ਦੇ ਸਮੇਂ ਵਿਚੋਂ 7 ਸਾਲ ਇਹ ਜੇਲ੍ਹ ਵਿਚ ਰਹੇ ਹਨ। ਇਨ੍ਹਾਂ ਨੇ ਹਜ਼ਾਰਾਂ ਬੰਦੇ ਮਰਵਾ ਦਿੱਤੇ। ਇਨ੍ਹਾਂ ਦਾ ਸੁਭਾਅ ਇਸ ਤਰ੍ਹਾਂ ਦਾ ਹੈ। ਜਦੋਂ ਫਿਰ ਜੇਲ੍ਹ ਵਿਚੋਂ ਕਿਸੇ ਤਰ੍ਹਾਂ ਮਿਲ-ਮਿਲਾ ਕੇ ਬਾਹਰ ਆਉਂਦੇ ਹਨ ਤਾਂ ਫਿਰ ਇਹ ਜੇਲ੍ਹ ਵਿਚੋਂ ਹੀਰੋ ਬਣ ਕੇ ਬਾਹਰ ਆਉਂਦੇ ਹਨ, ਗਲਾਂ ਵਿਚ ਹਾਰ ਪੁਆਉਂਦੇ ਹਨ, ਦਰਬਾਰ ਸਾਹਿਬ ਜਾਂਦੇ ਹਨ, ਲੱਡੂ ਵੰਡਦੇ ਹਨ ਤੇ ਫਿਰ ਸੀ.ਐਮ. ਦੀ ਗੱਦੀ ਤੇ ਬੈਠਦੇ ਹਨ। ਇਸ ਤਰ੍ਹਾਂ ਦੀ ਇਨ੍ਹਾਂ ਦੀ ਬੈਕਗਰਾਉਂਡ ਹੈ।

**ਸਰਦਾਰ ਤੋਤਾ ਸਿੰਘ** : (ਬੈਠੇ ਬੈਠੇ) ਅੱਤਵਾਦ ਉਤੇ ਤਾਂ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ ਜਾ ਚੁੱਕੀਆਂ ਹਨ ਕਿ ਕਿਸ ਨੇ ਫੈਲਾਇਆ ਹੈ।

**ਮੁੱਖ ਮੰਤਰੀ** : ਇਨ੍ਹਾਂ ਦਾ ਨਾਂ ਤੋਤਾ ਸਿੰਘ ਹੈ ਪਰ ਇਹ ਇੰਨਾ ਬੁੜਕਦੇ ਪਤਾ ਨਹੀਂ ਕਿਉਂ ਹਨ, ਮੈਨੂੰ ਸਮਝ ਨਹੀਂ ਆਉਂਦੀ। ਵੈਸੇ ਇਹ ਮੇਰੇ ਪੁਰਾਣੇ ਦੋਸਤ ਹਨ। ਜਦੋਂ ਮੈਂ ਐਗਰੀਕਲਚਰ ਮਨਿਸਟਰ ਹੁੰਦਾ ਸੀ ਤਾਂ ਉਸ ਵੇਲੇ ਇਹ ਮੰਡੀ ਬੋਰਡ ਦੇ ਚੇਅਰਮੈਨ ਹੁੰਦੇ ਸਨ, (ਸਰਦਾਰ ਤੋਤਾ ਸਿੰਘ ਵੱਲ ਇਸ਼ਾਰਾ) ਜਰਾ ਸੁਣੋ। ਇੰਦਰਾ ਗਾਂਧੀ ਦਾ ਮਿਤੀ 31 ਅਕਤੂਬਰ, 1984 ਨੂੰ ਅਸੈਸੀਨੇਸ਼ਨ ਹੋਇਆ। ਮਿਤੀ 24 ਜੁਲਾਈ, 1984 ਨੂੰ ਪੰਜਾਬ

Original with;
Punjab Vidhan Sabha
Digitized by;
Panjab Digital Library

ਅਕਾਰਡ ਸਾਈਨ ਕੀਤਾ ਗਿਆ। ਪੰਜਾਬ ਅਕਾਰਡ ਤੋਂ ਬਾਅਦ ਇਹ ਕਹਿੰਦੇ ਹਨ ਕਿ ਸਾਡੇ ਬਲਵੰਤ ਸਿੰਘ ਜੀ ਦਾ ਕਤਲ ਹੋਇਆ, ਸਾਡੇ ਸੰਤ ਲੌਂਗੋਵਾਲ ਜੀ ਦਾ ਕਤਲ ਹੋਇਆ। ਮੈਂ ਕਹਿੰਦਾ ਹਾਂ ਕਿ ਅਕਾਰਡ ਕਿੰਨ੍ਹਾਂ ਨੇ ਰਿਜੈਕਟ ਕੀਤਾ, ਇਨ੍ਹਾਂ ਨੇ ਆਪ ਕੀਤਾ। ਅਕਾਰਡ ਤੋਂ ਇਕ ਮਹੀਨੇ ਬਾਅਦ ਹੀ ਸੰਤ ਜੀ ਦਾ ਕਤਲ ਹੋ ਗਿਆ। ਜੇਕਰ ਇਨ੍ਹਾਂ ਦੀ ਲੀਡਰਸ਼ਿਪ ਅਕਾਰਡ ਰਿਜੈਕਟ ਨਾ ਕਰਦੀ ਤਾਂ ਸ਼ਾਇਦ ਸੰਤ ਜੀ ਦਾ ਕਤਲ ਹੀ ਨਾ ਹੁੰਦਾ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ** ** **

**ਮਾਨਯੋਗ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਮੁੱਖ ਮੰਤਰੀ** : ਪਰ ਮੈਂ ਇਹੋ ਜਿਹੇ ਕੰਮਾਂ ਵਿਚ ਨਹੀਂ ਸੀ। ਇਹੋ ਜਿਹਾ ਮਾਹੌਲ ਬਣਾਉਣਾ ਸੀ ਉਸ ਅਕਾਰਡ ਵਾਸਤੇ ਕਿ ਉਸ ਨੂੰ ਫਰਦਰ ਡਿਸਕਸ ਕੀਤਾ ਜਾ ਸਕਦਾ ਸੀ, ਰਿਜੈਕਟ ਕਿਉਂ ਕੀਤਾ। ਵਿਚਾਰੇ ਸੰਤ ਜੀ ਮਰਵਾ ਦਿੱਤੇ, ਬਲਵੰਤ ਸਿੰਘ ਮਰਵਾ ਦਿੱਤਾ। ਪਤਾ ਨਹੀਂ ਹੋਰ ਕਿੰਨੇ ਕੁ ਮਰਵਾ ਦਿੱਤੇ। ਮੈਂ ਤੁਹਾਨੂੰ ਅੰਕੜੇ ਦੱਸਦਾ ਹਾਂ, ਮੇਰੇ ਕੋਲ ਅੰਕੜੇ ਹਨ ਜਿਹੜੇ ਬੰਦੇ ਇੱਥੇ ਕਤਲ ਹੋਏ ਹਨ। Do you know. ਲਾਲਾ ਜਗਤ ਨਰਾਇਣ ਜੀ ਦਾ ਕਤਲ ਹੋਇਆ, ਇਹ 57 ਬੰਦਿਆਂ ਦੀ ਲਿਸਟ ਮੇਰੇ ਕੋਲ ਹੈ, ਵੈਸੇ ਤਾਂ ਮੇਰੇ ਲਈ ਸਾਰਾ ਪੰਜਾਬ ਹੀ ਪ੍ਰਾਮੀਨੈਂਟ ਹੈ ਪਰ ਇਹ 57 ਬੰਦਿਆਂ ਦੀ ਲਿਸਟ ਹੈ ਜਿਹੜੇ ਪ੍ਰਾਮੀਨੈਂਟ ਪੁਲੀਟੀਕਲ ਬੰਦੇ ਹਨ। ਹਰਚੰਦ ਸਿੰਘ ਜੀ ਲੌਂਗੋਵਾਲ ਦਾ ਕਤਲ ਹੋਇਆ, ਜੋਗਿੰਦਰ ਪਾਲ ਜੀ ਪਾਂਡੇ, ਜਿਨ੍ਹਾਂ ਦੇ ਬੇਟੇ ਰਾਕੇਸ਼ ਪਾਂਡੇ ਜੀ ਇਥੇ ਬੈਠੇ ਹਨ, ਉਨ੍ਹਾਂ ਦਾ ਵੀ ਕਤਲ ਕੀਤਾ ਗਿਆ, ਸ਼੍ਰੀ ਦਰਸ਼ਨ ਸਿੰਘ ਜੀ ਕੇ.ਪੀ., ਜਿਨ੍ਹਾਂ ਦੇ ਬੇਟੇ ਮਹਿੰਦਰ ਸਿੰਘ ਜੀ ਕੇ.ਪੀ. ਇਥੇ ਬੈਠੇ ਹਨ, ਉਨ੍ਹਾਂ ਦਾ ਕਤਲ ਕੀਤਾ ਗਿਆ। ਚੌਧਰੀ ਬਲਵੀਰ ਸਿੰਘ ਜੀ ਹੁਸ਼ਿਆਰਪੁਰ ਦਾ ਕਤਲ ਹੋਇਆ, ਸ਼੍ਰੀ ਤਰਲੋਚਨ ਸਿੰਘ ਜੀ ਦੇ ਪਿਤਾ ਸ਼੍ਰੀ ਜਗਤ ਰਾਮ ਜੀ ਦਾ ਕਤਲ ਹੋਇਆ, ਸਰਦਾਰ ਸਤਨਾਮ ਸਿੰਘ ਜੀ ਬਾਜਵਾ ਜੀ ਦਾ ਕਤਲ ਕੀਤਾ ਗਿਆ, ਉਨ੍ਹਾਂ ਦੇ ਬੇਟੇ ਬੈਠੇ ਪ੍ਰਤਾਪ ਸਿੰਘ ਬਾਜਵਾ ਹੁਣੇ ਕਿਧਰੇ ਗਏ ਹਨ। ਸਰਦਾਰ ਸੰਤ ਸਿੰਘ ਜੀ ਲਿੱਧੜ ਦਾ ਕਤਲ ਹੋਇਆ, ਉਨ੍ਹਾਂ ਦੇ ਬੇਟੇ ਡਿੰਪਾ ਜੀ ਇਥੇ ਬੈਠੇ ਹਨ। ਹਿੱਤ ਅਭਿਲਾਸ਼ੀ ਜੀ ਦਾ ਕਤਲ ਹੋਇਆ, ਤੁਸੀਂ ਜਿਹੜਾ ਇਨ੍ਹਾਂ ਨੂੰ ਡਿਫੈਂਡ ਕਰ ਰਹੇ ਹੋ, ਸ਼੍ਰੀ ਵੀ ਐਨ. ਤਿਵਾੜੀ ਐਮ.ਪੀ. ਡਾ. ਹਰਬੰਸ ਲਾਲ ਜੀ, ਮਾਸਟਰ ਤਾਰਾ ਸਿੰਘ ਦੀ ਬੇਟੀ ਬੀਬੀ ਰਜਿੰਦਰ ਕੌਰ ਦਾ ਕਤਲ ਕੀਤਾ ਗਿਆ। ਇਨ੍ਹਾਂ ਨੇ ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਪ੍ਰਤਾਪ ਸਿੰਘ ਨੂੰ ਵੀ ਨਹੀਂ ਬਖਸ਼ਿਆ। ਰਾਗੀ ਬਖਸ਼ੀਸ਼ ਸਿੰਘ ਜੀ ਜਿਹੜੇ ਕਿ ਇੰਨਾ ਸੋਹਣਾ ਕੀਰਤਨ ਕਰਦੇ ਸੀ, ਉਨ੍ਹਾਂ ਨੂੰ ਵੀ ਨਹੀਂ ਛੱਡਿਆ। ਕਿਉਂ ਇਨ੍ਹਾਂ ਦੀ ਲੀਡਰਸ਼ਿਪ ਨਹੀਂ ਸੀ, ਕਿਉਂ ਇਹ ਉਨ੍ਹਾਂ ਨੂੰ ਸਮਝਾ ਨਹੀਂ ਸਕੇ ? ਫਿਰ ਇਹ ਕਹਿਣ ਲੱਗੇ ਕਿ ਹੁਣ ਤਾਂ ਸਰਕਾਰ ਨੂੰ ਉਨ੍ਹਾਂ ਮੋਟਰਸਾਈਕਲ ਵਾਲਿਆਂ ਮੁੰਡਿਆਂ ਨਾਲ ਹੀ ਗੱਲ ਕਰਨੀ ਪਵੇਗੀ ਅਤੇ ਉਨ੍ਹਾਂ ਨਾਲ ਹੀ ਸਮਝੌਤਾ ਕਰਨਾ ਪਵੇਗਾ। ਇਹ ਸਾਰੇ ਬਿਆਨ ਇਨ੍ਹਾਂ ਦੇ ਮੇਰੇ ਪਾਸ ਪਏ ਹਨ, ਪੜ੍ਹ ਕੇ ਸੁਣਾਵਾਂ। ਐਡੀਟੋਰੀਅਲ ਆਫ ਜਗਬਾਣੀ, ਸਰਦਾਰ ਖੁਸ਼ਵੰਤ ਸਿੰਘ ਦਾ ਲੇਖ, ਸੱਤਪਾਲ

** Expunged as ordered by the Chair.

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਡਾਂਗ ਦਾ ਲੇਖ, ਜਗਜੀਤ ਸਿੰਘ ਅਨੰਦ ਦਾ ਲੇਖ, ਡਾ. ਬਲਦੇਵ ਪ੍ਰਕਾਸ਼ ਦਾ ਵੀ ਲੇਖ ਅਤੇ ਬਰਜਿੰਦਰਾ ਸਿੰਘ ਨੇ ਵੀ ਲਿਖਿਆ ਕਿ ਬਾਦਲ ਜੀ ਹੁਣ ਛੁੱਟੀ ਕਰੋ ਅਤੇ ਸੁਸਮਾ ਸਵਰਾਜ ਬਾਰੇ ਤਾਂ ਇਹ ਪਹਿਲਾਂ ਦੱਸ ਚੁੱਕੇ ਹਨ। ਇਹ ਟੌਹੜਾ ਸਾਹਿਬ ਦਾ ਲੇਖ ਹੈ, ਕੱਲ੍ਹ, ਸਪੀਕਰ ਸਾਹਿਬ, ਜਦੋਂ ਮੈਂ ਕਿਹਾ ਕਿ ਇਹ ਭੁੱਕੀ ਵੇਚਦੇ ਸਨ ਤਾਂ ਇਨ੍ਹਾਂ ਨੂੰ ਬੜਾ ਔਖਾ ਲੱਗਿਆ ਸੀ। ਇਹ 11 ਮਈ, 1999 ਦਾ ਟੌਹੜਾ ਸਾਹਿਬ ਦਾ ਬਿਆਨ ਹੈ, ਉਨ੍ਹਾਂ ਨੇ ਲਿਖਿਆ ਹੈ ਕਿ ਵਿਧਾਇਕ ਭੁੱਕੀ ਵੇਚਦੇ ਹਨ, ਇਹ ਬਾਦਲ ਯੂਥ ਦਲ ਲੁਟੇਰਿਆਂ ਦਾ ਗਰੋਹ ਹੈ। ਇਹ ਗੁਰਚਰਨ ਸਿੰਘ ਟੌਹੜਾ ਨੇ ਲਿਖਿਆ, ਇਹ ਤੁਹਾਡੇ ਹੀ ਕਹਿੰਦੇ ਹਨ ਕਿ ਇਹ ਭੁੱਕੀ ਵੇਚਦੇ ਹਨ। ਮੈਂ ਨਹੀਂ ਕਹਿ ਰਿਹਾ। ਸਰਦਾਰ ਸੁਰਜੀਤ ਸਿੰਘ ਬਰਨਾਲਾ ਦਾ ਲੇਖ, ਇਹ ਤਿੰਨ ਲੇਖ ਸਨ ਜਿਨ੍ਹਾਂ ਵਿੱਚ ਲਿਖਿਆ ਹੈ ਕਿ ਤੁਸੀਂ ਅੱਤਵਾਦ ਨੂੰ ਸ਼ਹਿ ਦੇ ਰਹੇ ਹੋ ਅਤੇ ਸੂਬੇ ਨੂੰ ਤਬਾਹ ਕਰ ਰਹੇ ਹੋ ਅਤੇ ਤੁਹਾਡੇ ਤੇ ਕੋਈ ਅਸਰ ਨਹੀਂ। ਮੈਂ ਇਸ ਤੇ ਫਿਰ ਵਾਪਸ ਆਉਂਦਾ ਹਾਂ ਕਿ ਤੁਸੀਂ ਕੀ ਕਰਦੇ ਹੁੰਦੇ ਸੀ। Mr. Badal was the Organizer of Panthic Azad...... observed from 1984 to so and so..: anyway I won't go into this. I will go further. It was totally under the influence of terrorist quarters not to participate in the restoration of the democratic process. S.A.D. did not participate in the elections in 1992. ਮੈਂ ਤੁਹਾਨੂੰ ਇਨ੍ਹਾਂ ਦਾ ਇਹਦੇ ਬਾਰੇ ਚੁਟਕਲਾ ਸੁਣਾਵਾਂਗਾ। Interestingly while attacks were mounted on prominent Akali leaders like Jathedar G.S. Tohra and Talwandi, Badal remained untouched because he had bought peace with the terrorists elements. During the peak of terrorism while young-men and citizens were dying, Sukhbir Badal and Manpreet Badal were out in the UK and USA studying. Mr. Badal always adopted a policy of appeasement and surrender before terrorist forces. He visited the houses of many top terrorists such as Sukhdev Singh Shakhira, Sukhdev Singh Babbar, Harjinder Singh alias Zinda, Gurjant Singh Budhasingh Wala and also extended monetary help to them. His policy was one of appeasement towards terrorist elements after coming into power after February, 1997 as well. Amarjit Singh Chawla and Rajinder Singh Mehta were assigned job to open dialogue with militant outfits. This job was also assigned to Balwinder Singh Bhunder. As part of this package, many ex-terrorists elements and coordinators were accommodated on key positions.

**ਸਰਦਾਰ ਬਲਵਿੰਦਰ ਸਿੰਘ ਭੂੰਦੜ (ਬੈਠੇ ਬੈਠੇ) :** ਤੁਸੀਂ ਵੀ ਸਾਡੇ ਨਾਲ ਹੀ ਹੁੰਦੇ ਸੀ।

**ਮੁੱਖ ਮੰਤਰੀ :** ਇਸ ਕੰਮ ਵਿੱਚ ਨਹੀਂ ਸੀ। Virsa Singh Valtoha was taken into the Working Committee of the S.A.D. and made a Member of S.S.S. Board and Amarjit Singh Chawla was made a Member of PPSC.

Original with;
Punjab Vidhan Sabha
Digitized by;
Panjab Digital Library

Babbar Baldev Singh Akhand Kirtani, who was a employee in the PSEB was given favours in cash and kind. Brother of Baldev Singh was made a Director in one of State owned Corporations. Top terrorists and killers like Vassan Singh Zaffarwal, who was responsible for pushing large consignments of weapons into Punjab, returned during Mr. Badals regime from his foreign hide outs. A press release from the year 1992 shows a pro-terrorist leanings of Mr. Badal. This Press release was issued to counter the statement of the then Chief Minister, Sardar Beant Singh, not to allow the Bhog ceremony of Sukhdev Singh Sukha and Harjinder Singh Zinda at the Akal Takht. He highly appreciated the services of Sukha and Zinda and went to the extent of saying that they have sacrificed their lives on the altar of religious honour in accordance with the sikh traditions. Mr. Badal was a signatory to a Memorandum given by the SAD to Secretary General Butress Ghali. (ਹਾਸਾ)

ਤੁਹਾਨੂੰ ਅਗਰ ਥੋੜ੍ਹੀ ਬਹੁਤ ਵੀ ਸ਼ਰਮ ਹੈ ਤਾਂ ਹਸੋ ਨਾ। ਤੁਸੀਂ ਤਾਂ ਹੱਸ ਰਹੇ ਹੋ। ਸਾਰਾ ਪੰਜਾਬ ਦੇਖ ਰਿਹਾ ਹੈ। ਕਿੰਨੇ ਖਰਾਬ ਹਾਲਾਤ ਰਹੇ ਹਨ। ਤੁਸੀਂ ਰਿਸਪਾਂਸੀਬਿਲਟੀ own ਕਰੋ। A lot of bloodshed has taken place here becuase of the incompetence of the Akali Leadership. ਇਨ੍ਹਾਂ ਦੀ ਲੀਡਰਸ਼ਿਪ ਨੂੰ ਕੀ ਪਰਵਾਹ ਹੈ। ਤੁਸੀਂ ਤਾਂ ਸੌਦੇਬਾਜ਼ੀ ਕਰਦੇ ਸੀ। ਤੁਸੀਂ ਸਰਦਾਰ ਰਵੀਇੰਦਰ ਸਿੰਘ ਜੀ ਦੇ ਘਰ ਗਏ ਸੀ। ਤੁਹਾਨੂੰ ਯਾਦ ਹੋਵੇਗਾ ਔਰ ਤੁਸੀਂ ਕਿਹਾ ਸੀ ਕਿ ਮੈਂ ਤਾਂ ਸੌਦੇਬਾਜ਼ੀ ਕਰਕੇ ਪੋਲਟਰੀਫਾਰਮ ਬਚਾ ਲਿਆ ਹੈ, ਤੁਸੀਂ ਵੀ ਬਚਾ ਲਓ। ਰਵੀਇੰਦਰ ਸਿੰਘ ਦਾ ਫਾਰਮ ਸੜ ਗਿਆ ਔਰ ਇਨ੍ਹਾਂ ਨੇ ਸੌਦਾ ਕੀਤਾ ਔਰ ਇਨ੍ਹਾਂ ਦਾ ਫਾਰਮ ਬਚ ਗਿਆ। ਸੋ, ਰਾਜੀਵ-ਲੌਂਗੋਵਾਲ ਸਮਝੌਤਾ ਹੋਇਆ। ਲੌਂਗੋਵਾਲ ਜੀ ਦਾ ਕਤਲ ਹੋਇਆ ਬਰਨਾਲਾ ਸਾਹਿਬ ਦੀ ਸਰਕਾਰ ਬਣੀ। 26 ਜਨਵਰੀ, 1986 ਨੂੰ ਪਹਿਲੀ ਪੰਥਕ ਕਮੇਟੀ ਗੁਰਬਚਨ ਸਿੰਘ ਮਾਨੋਚਾਹਲ ਦੀ ਅਗਵਾਈ ਹੇਠ ਕਾਇਮ ਕੀਤੀ ਗਈ। ਫਿਰ ਇਨ੍ਹਾਂ ਨੇ ਕਾਨਫਰੰਸ ਕੀਤੀ ਔਰ ਮਿਤੀ 19 ਅਪ੍ਰੈਲ ਨੂੰ ਠੀਕ ਤਿੰਨ ਦਿਨਾਂ ਬਾਅਦ ਖਾਲਿਸਤਾਨ ਦਾ ਨਾਅਰਾ ਦਿੱਤਾ ਗਿਆ। ਇਹ ਸਭ ਕੁਝ ਕਰ ਰਹੀ ਸੀ ਸ਼੍ਰੋਮਣੀ ਕਮੇਟੀ। ਦਰਬਾਰ ਸਾਹਿਬ ਵਿਖੇ ਕਮਰੇ ਅਲਾਟ ਕੌਣ ਕਰਦਾ ਸੀ। ਉਥੇ ਲੋਕਾਂ ਨੂੰ ਟਾਰਚਰ ਕੀਤਾ ਜਾਂਦਾ ਸੀ। ਬੋਰੀਆਂ ਵਿੱਚ ਬੋਟੀਆਂ ਕਰਕੇ ਪਾਈਆਂ ਜਾਂਦੀਆਂ ਸਨ। ਇਹ ਸਭ ਕੁਝ ਤੁਸੀਂ ਜਾਣਦੇ ਹੋ। ਇਹ ਰਿਸਪਾਂਸੀਬਲ ਹਨ ਪਰ ਇਹ ਕਹਿੰਦੇ ਹਨ ਕਿ ਕਾਂਗਰਸ ਪਾਰਟੀ ਰਿਸਪਾਂਸੀਬਲ ਹੈ। ਇਹ ਕਹਿੰਦੇ ਹਨ ਕਿ ਸ਼੍ਰੋਮਣੀ ਕਮੇਟੀ ਸਾਡੀ ਹੈ ਪਰ ਸ਼੍ਰੋਮਣੀ ਕਮੇਟੀ ਕੀ ਕਰ ਰਹੀ ਸੀ ? ਪਰ ਸ਼੍ਰੋਮਣੀ ਕਮੇਟੀ ਦੀ ਹਿੰਮਤ ਨਹੀਂ ਸੀ। ਤੁਹਾਡੀ ਹਿੰਮਤ ਨਹੀਂ ਸੀ। ਤੁਸੀਂ ਡਰਦੇ ਸੀ। ਤੁਸੀਂ ਕੀ ਕਰ ਰਹੇ ਸੀ ? ਤੁਹਾਨੂੰ ਸੋਚਣਾ ਚਾਹੀਦਾ ਸੀ। ਫਿਰ ਬਲੈਕ ਥੰਡਰ ਹੋਇਆ।

Original with;
Punjab Vidhan Sabha
Digitized by;
Panjab Digital Library

**ਸਰਦਾਰ ਤੋਤਾ ਸਿੰਘ :** ** ** **

**ਮਾਨਯੋਗ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਮੁੱਖ ਮੰਤਰੀ :** ਤੁਸੀਂ ਤਾਂ ਕੁਰਸੀਆਂ ਤੇ ਜੰਮ ਕੇ ਬੈਠੇ ਰਹੇ। ਗੂੰਦ ਲਗਾ ਕੇ ਚਿਪਕ ਕੇ ਬੈਠੇ ਰਹੇ। ਅਸੀਂ ਛੱਡੀ ਕੁਰਸੀ। ਮੈਂ 1984 ਵਿੱਚ ਇੰਦਰਾ ਜੀ ਨੂੰ ਵੀ ਕਿਹਾ ਸੀ ਔਰ ਫਿਰ ਬਰਨਾਲਾ ਸਾਹਿਬ ਨੂੰ ਵੀ ਕਿਹਾ ਸੀ। ਤੁਸੀਂ ਤਾਂ ਕੁਰਸੀਆਂ ਨੂੰ ਬੰਨ੍ਹ ਕੇ ਬੈਠੇ ਸੀ। ਪੇਟੀਆਂ ਲਗਾ ਕੇ ਬੈਠੇ ਸੀ। ਕੁਰਸੀ ਨਹੀਂ ਛੱਡੀ। ਇਨ੍ਹਾਂ ਨੂੰ ਪਤਾ ਹੈ। ਇਹ ਕੈਬਨਿਟ ਵਿਚ ਨਹੀਂ ਸਨ। ਕੈਬਨਿਟ ਦੀ ਮੀਟਿੰਗ ਵਿੱਚ ਮੈਂ ਨੰਬਰ ਤਿੰਨ ਤੇ ਸਾਂ। ਮੈਨੂੰ ਨਹੀਂ ਪੁੱਛਿਆ ਪਰ ਇਹ ਰਿਬੈਰੋ ਨਾਲ ਜਿਹੜਾ ਕੁਝ ਕਰਨਾ ਸੀ, ਕਰ ਆਏ।

**ਸਰਦਾਰ ਗਗਨਦੀਪ ਸਿੰਘ ਬਰਨਾਲਾ :** ਸਪੀਕਰ ਸਾਹਿਬ, ਮੈਂ ਸੀ.ਐਮ. ਤੋਂ ਪੁੱਛਣਾ ਚਾਹੁੰਦਾ ਹਾਂ ਕਿਉਂਕਿ ਇਹ ਕਹਿ ਰਹੇ ਹਨ ਕਿ ਸਾਰਾ ਕੁਝ ਜਾਣ-ਬੁੱਝ ਕੇ ਹੋਇਆ। ਅਰਾਮ ਨਾਲ ਐਸ.ਜੀ.ਪੀ.ਸੀ. ਬੈਠੀ ਰਹੀ। ਉਸ ਵੇਲੇ ਦੀ ਲੀਡਰਸ਼ਿਪ ਬਰਨਾਲਾ ਸਾਹਿਬ ਕੀ ਕਰ ਰਹੇ ਸੀ। ਸਪੀਕਰ ਸਾਹਿਬ, ਮੇਰੇ ਤਿੰਨ ਵਾਰੀ ਗੋਲੀ ਲੱਗੀ। ਕਰਮ ਸਾਡੇ ਚੰਗੇ ਸਨ ਕਿ ਅੱਜ ਅਸੀਂ ਇੱਥੇ ਬੈਠੇ ਹਾਂ ਪਰ ਜੋ ਕੁਝ ਵੀ ਹੋਇਆ, ਹਾਲਾਤ ਮਾੜੇ ਸਨ। ਹਾਲਾਤ ਕੰਟਰੋਲ ਵਿਚ ਨਹੀਂ ਸਨ।

**ਮਾਨਯੋਗ ਸਪੀਕਰ :** ਇਹ ਗੱਲ ਆ ਗਈ ਹੈ। Please take your seat.

**ਮੁੱਖ ਮੰਤਰੀ :** ਸਪੀਕਰ ਸਾਹਿਬ, ਲੀਡਰਸ਼ਿਪ ਅਸੂਲਾਂ ਵਾਲਿਆਂ ਦੀ ਹੁੰਦੀ ਹੈ। ਅਗਰ ਇਨ੍ਹਾਂ ਦੀ ਰੀੜ ਦੀ ਹੱਡੀ ਹੁੰਦੀ ਤਾ ਹਾਲਾਤ ਬਦਲ ਜਾਂਦੇ ਪਰ ਇਹ ਸੌਦੇਬਾਜੀ ਕਰਦੇ ਸੀ। ਇਹ ਚਾਹੁੰਦੇ ਸੀ ਕਿ ਸਾਡੀ ਜਾਨ ਬਚ ਜਾਵੇ। ਸਾਡੇ ਪਰਿਵਾਰ ਬਚ ਜਾਣ, ਦੁਨੀਆਂ ਭਾਵੇਂ ਮਰ ਜਾਵੇ। ਇਨ੍ਹਾਂ ਨੂੰ ਤਾਂ ਇਹ ਸੀ ਕਿ ਇਹ ਪੰਜਾਬ ਦੇ ਬੱਚੇ ਨੇ, ਕਿਹੜਾ ਸਾਡੇ ਨੇ....

**Mr. Speaker :** Avoid personal attack.

**Chief Minister :** I am not saying against anyone. I am saying to the leader of the Akali Party. Leader of the Akali Party is responsible. If any thing happens in my Government then I am responsible not Mr. Singla or Mr. Sodhi. So the man heading the Government or the party is responsible.

**Mr. Speaker :** You mean Akali Party ?

**ਮੁੱਖ ਮੰਤਰੀ :** ਅਕਾਲੀ ਪਾਰਟੀ। ਮੁਖੀ ਤਾਂ ਇਹੀ ਨੇ। ਇਹ ਸਦਾ ਹੀ ਮੁਖੀ ਰਹੇ ਹਨ। ਫਿਰ ਇਨ੍ਹਾਂ ਨੇ 13 ਜੁਲਾਈ, 1986 ਨੂੰ ਕਹਿ ਦਿੱਤਾ ਕਿ ਤੁਸੀਂ ਇਨ੍ਹਾਂ ਮੋਟਰ ਸਾਈਕਲ ਵਾਲੇ ਮੁੰਡਿਆਂ ਨਾਲ ਗੱਲ ਕਰੋ। ਜੋ ਸਮਝੌਤਾ ਤੁਸੀਂ ਕਰੋਗੇ, ਅਸੀਂ ਉਸ ਨਾਲ

** Expunged as ordered by the Chair.

Original with;
Punjab Vidhan Sabha
Digitized by;
Panjab Digital Library

